GOVERNMENT OF INDIA
NATIONAL LIBRARY, CALCUTTA

Class No. P 891.443
Book No. D696

N. L. 38.

MGIPC—S1—19 LNL/62—27-3-63—100,000.

ਰਤਨਾਕਰ ਗ੍ਰੰਥ ਸੀਰੀਜ਼ ਨੰ. ੪

# ਡਾਕੂ ਮੇਕੇਧਰ ਤੇ ਜਾਸੂਸ ਰਾਮਪਾਲ ਸਿੰਘ

## ਇਕ ਭਾਰੀ ਜਾਸੂਸੀ ਨਾਵਲ

(ਬਾਬੂ ਪੰਚਕੌੜੀ ਦੇ ਕ੍ਰਿਤ "ਸ਼ੋਣਿਤ-ਤਰਪਣ" ਦਾ ਅਨੁਵਾਦ)

ਅਨੁਵਾਦਕ

ਸ੍ਰੀ ਕੇਸਰੀ ਸਿੰਘ ਮੁਲਤਾਨੀ

ਅਨੇਕ ਭਾਸ਼ਾਭਿਗ੍ਯ

ਪ੍ਰਕਾਸ਼ਕ

ਰਤਨਾਕਰ ਗ੍ਰੰਥ ਭੰਡਾਰ ਅੰਮ੍ਰਤਾਂ

ਜਨਵਰੀ ੧੯੨੨

ਮੁਲ

NATIONAL LIBRARY
2996
12.5.64
CALCUTTA
DBA0000002996PAN

# ਡਾਕੂ ਮੈਕੇਯਰ ਤੇ ਜਾਸੂਸ ਰਾਮ ਪਾਲ ਸਿੰਘ

## ਪਹਿਲਾ ਭਾਗ

### ਕਾਂਡ ੧

( ਬ੍ਰਿਗੇਡ ਸਰਜਨ ਸਟੀਵਨ ਦਾ ਬਿਆਨ )

ਸੰਨ ੧੮੫੭ ਈਸਵੀ ਵਿਚ ਮੈਂ ਕਾਨਪੁਰ ਦੇ ਬ੍ਰਿਗੇਡ ਸਰਜਨ ਦੇ ਓਹਦੇ ਉਤੇ ਕੰਮ ਕਰਦਾ ਸਾਂ। ਓਸ ਵੇਲੇ ਹਿੰਦੁ-ਸਤਾਨ ਦੇ ਅਸਮਾਨ ਵਿਚ "ਸਿਪਾਹੀ ਗਦਰ" ਦੀ ਵਰਖਾ ਹੋਣ ਦੀ ਸੂਚਨਾ ਦੇਣ ਵਾਲੇ ਬਦਲ ਛਾਏ ਹੋਏ ਸਨ। ਵਿਦਵਾਨ ਤੇ ਦੂਰੰਦੇਸ਼ ਲਾਰਡ ਕੈਨਿੰਗ ਨੂੰ ਇਸ ਭਯਾਨਕ ਬਲਵੇ ਦਾ ਭਾਸ ਜਾਣੋਂ ਪੈਹਲਾਂ ਤੋਂ ਹੀ ਮਲੂਮ ਹੋ ਗਿਆ ਸੀ ਅਤੇ ਓਹ ਇਸਨੂੰ ਦਬਾਉਣਾ ਚਾਹੁੰਦਾ ਸੀ। ਸੋ ਇਹ ਓਸਦੀ ਅਨੋਖੀ ਅਕਲ ਤੇ ਭਾਰੀ ਦੂਰੰਦੇਸ਼ੀ ਦਾ ਹੀ ਨਤੀਜਾ ਸੀ ਕਿ ਇਸ ਬਲਵੇ ਦਾ ਫਲ ਬਹੁਤਾ ਵੀਚਾਰ ਯੋਗ ਤੇ ਭਯਾਨਕ ਨਾ ਹੋਯਾ ਅਤੇ ਅੰਗਰੇਜੀ ਰਾਜ ਦੀ ਉਚੀ ਅਟਾਰੀ ਢੇਂਹਦੀ ਢੇਂਹਦੀ ੨ ਰੈਹ ਗਈ ਤੇ ਸਗੋਂ ਮਜਬੂਤ ਹੋਗਈ। ਓਹ ਹੋਰਨਾਂ ਗੋਰਿਆਂ ਦੀ ਚਾਲ ਢਾਲ ਵੇਖਕੇ ਸਮਝ ਗਏ ਸਨ ਕਿ ਕਾਨਪੁਰ ਹੀ ਬਲਵਾਈਆਂ ਦਾ ਵਡਾ ਅੱਡਾ ਹੋਵੇਗਾ। ਇਸੇ ਕਰਕੇ ਲਾਰਡ ਕੈਨਿੰਗ ਨੇ ਫੌਜ ਦੀ ਗਿਣਤੀ ਵਧਾਕੇ ਹੁਸ਼ਿਆਰ ਜਨਰਲ 'ਹੇ' ਨੂੰ ਓਥੇ ਭੇਜਿਆ ਅਤੇ ਮੈਨੂੰ ਵੀ ਫੌਜੀ ਡਾਕਟਰ ਬਣਾਕੇ ਓਸਦੇ ਨਾਲ ਤੋਰਿਆ।

ਜਿਸ ਵੇਲੇ ਮੈਂ ਕਾਨਪੁਰ ਪਹੁੰਚਿਆ ਓਸ ਵੇਲੇ ਮੇਰੇ ਪੈਹਲਾਂ ਦੇ ਜਾਣੂ ਮਿਤ੍ਰ ਮਿਸਟਰ 'ਗਾਰਡਨ' ਵੀ ਓਥੇ ਸਨ। ਅਸੀਂ ਦੋਵੇਂ ਇੰਗਲੈਂਡ ਦੇ ਇਕ ਕਾਲਜ ਵਿਚ ਇਕਠੇ ਪੜ੍ਹਦੇ ਰਹੇ ਸਾਂ ਅਤੇ ਓਦੋਂ ਤੋਂ ਹੀ ਸਾਡੀ ਗੂੜ੍ਹੀ ਦੋਸਤੀ ਹੋਗਈ ਸੀ। ਪਰ ਮੇਰੇ ਅਉਣ ਤੋਂ ਦੋ ਵਰ੍ਹੇ ਪੈਹਲਾਂ ਓਹ ਹਿੰਦੁਸਤਾਨ ਵਲੇ ਆਏ ਸਨ ਤੇ ਓਦੋਂ ਤੋਂ ਉਨਾਂ ਦੀ ਕੋਈ ਖਬਰ ਮੈਨੂੰ ਨਹੀਂ ਲਗੀ ਸੀ। ਕਾਨਪੁਰ ਜੇਹੇ ਓਪਰੇ ਸ਼ੈਹਰ ਵਿਚ ਓਨਾਂ ਨੂੰ ਮਿਲਕੇ ਮੈਨੂੰ ਬਹੁਤ ਖੁਸ਼ੀ ਹੋਈ। ਅਤੇ ਓਨਾਂ ਪਾਸੋਂ ਮੈਨੂੰ ਹਰੇਕ ਤਰਾਂ ਦੀ ਸਹਾਯਤਾ ਮਿਲਣ ਦੀ ਆਸ ਬਝ ਗਈ।

ਰਾਜ਼ੀ ਖੁਸ਼ੀ ਪੁਛਣ ਦੇ ਬਾਦ ਮੈਨੂੰ ਇਹ ਵੀ ਮਲੂਮ ਹੋਯਾ ਕਿ ਓਹ ਅਪਣੇ ਪਿਤਾ ਦੀ ਸਥਾਪਿਤ ਕੀਤੀ ਹੋਈ ਕੰਪਨੀ ਦੇ ਇਕ ਹਿੱਸੇ ਦਾਰ ਬਣਕੇ ਇਥੇ ਆਏ ਹਨ ਅਤੇ ਏਸ ਵਪਾਰ ਵਿਚ ਓਨਾਂ ਨੂੰ ਮੁਨਾਫਾ ਵੀ ਕਾਫੀ ਹੋਯਾ ਹੈ। ਬਸ ਅਜ ਤੋਂ ਮੇਰੀ ਫੇਰ ਗੂੜ੍ਹੀ ਦੋਸਤੀ ਹੋਗਈ। ਓਸੇ ਦਿਨ ਹੀ ਓਨਾਂ ਮੈਨੂੰ ਰੋਟੀ ਵਰਜੀ।

ਕੁਝ ਦਿਨ ਪਿਛੋਂ ਇਕ ਦਿਨ ਆਪਣਾ ਕੰਮ ਛੇਤੀ ੨ ਪੂਰਾ ਕਰਕੇ ਗਾਰਡਨ ਨੂੰ ਮਿਲਣ ਲਈ ਮੈਂ ਓਨਾਂ ਦੇ ਮਕਾਨ ਉਤੇ ਗਿਆ। ਦਰਵਾਜ਼ੇ ਉਤੇ ਹੀ ਗਾਰਡਨ ਦੀ ਮੇਮ ਮਿਲ ਗਈ ਅਤੇ ਓਹ ਮੈਨੂੰ ਵਡੇ ਆਦਰ ਨਾਲ ਅੰਦਰ ਲੈ ਗਈ। ਭਾਵੇਂ ਅਜ ਤੋਂ ਪੈਹਲਾਂ ਓਸਦੀ ਮੇਰੇ ਨਾਲ ਕੋਈ ਜਾਣ ਪਛਾਣ ਨਹੀਂ ਸੀ ਪਰ ਓਸਨੇ ਮੇਰੇ ਨਾਲ ਬਹੁਤ ਦਿਨਾਂ ਦੇ ਪਛਾਣੂ ਮਨੁਖਾਂ ਵਾਲਾ ਵਰਤਾਉ ਕੀਤਾ। ਮੈਂ ਤੇ ਓਸਦੀ ਪ੍ਰੇਮ ਅੰਦਰ ਪਹੁੰਚੇ ਹੀ ਸੇ ਕਿ ਮੇਰੇ ਮਿਤ੍ਰ ਗਾਰਡਨ ਵੀ ਆ ਗਏ। ਉਨ੍ਹਾਂ ਦਾ ਮਕਾਨ ਵਡਾ ਸਜਿਆ ਹੋਯਾ ਸੀ।

ਬੰਗਲੇ ਦੇ ਚਾਰੇ ਪਾਸੇ ਫੁਲਵਾੜੀ ਫੁਹਾਰੇ ਤੇ ਨਕਲੀ ਪਹਾ
ੜੀਆਂ ਸੋਭਾ ਦੇ ਰਹੀਆਂ ਸਨ।

ਗਾਰਡਨ ਨੇ ਮੈਨੂ ਬਿਠਾਕੇ 'ਰੋਜ਼' ਤੇ 'ਹੇਲਨਾ' ਨਾਮੇਂ ਦੋਹਾਂ ਧੀਆਂ ਨੂੰ ਸਦ ਭੇਜਿਆ ਅਤੇ ਓਨਾਂ ਨਾਲ ਮੇਰੀ ਜਾਣ ਪਛਾਣ ਕਰਾਈ। ਓਸ ਵੇਲੇ ਰੋਜ਼ ਦੀ ਉਮਰ ਕਰੀਬ ੨੨ ਵਰ੍ਹੇ ਤੇ ਹੇਲਨਾ ਦੀ ੧੯ ਵਰ੍ਹੇ ਦੀ ਸੀ। ਗਾਰਡਨ ਦਾ ਹੋਰ ਕੋਈ ਪੁਤ੍ਰ ਨਹੀ ਸੀ ਏਹ ਲੜਕੀਆਂ ਹੀ ਓਸਦੇ ਅਪਾਰ ਧਨ ਦੀਆਂ ਵਾਰਸਾ ਸਨ। ਰੋਜ਼ਦਾ ਸਰਲ ਤੇ ਸ਼ਰਮੀਲਾ ਭਾਵ ਮੈਨੂੰ ਬਹੁਤ ਪਜਾਰਾ ਲਗਾ। ਹੇਲਨਾ ਦੀ ਚੰਚਲ ਤੇ ਅਸਥਿਰ ਤਬੀਅਤ ਮੈਨੂੰ ਅਪਣੀ ਵਲ ਨਾ ਖਿਚ ਸਕੀ। ਮੈਂ। ਰੋਜ ਪਾਸੋਂ ਓਸਦੇ ਪੜ੍ਹਨ ਲਿਖਣ ਦੀ ਕੁਝ ਗਲਾਂ ਪੁਛੀਆਂ ਜਿਨਾਂ ਦੇ ਜਵਾਬ ਤੋਂ ਮਲੂਮ ਹੋਯਾ ਕਿ ਓਸਨੇ ਵਿਦਯਾ ਅਤੇ ਮਾਨਸਿਕ ਗਲਾਂ ਵਿਚ ਬਹੁਤ ਤਰੱਕੀ ਕੀਤੀ ਹੈ। ਹੇਲਨਾਂ ਪਾਸੋਂ ਵੀ ਮੈਂ ਕਈ ਗਲਾਂ ਪੁਛੀਆਂ ਪਰ ਓਸਦੇ ਬੇਪਰਵਾਹੀ ਦੇ ਜਵਾਬ ਸੁਣਕੇ ਮੈਂ ਓਸ ਪਾਸੋਂ ਹੋਰ ਕੁਝ ਨਾ ਪੁਛਿਆ। ਇਸਤਰਾਂ ਨਾਲ ਹਿੰਦੁਸਤਾਨ ਵਿਚ ਮੇਰਾ ਗਾਰਡਨ ਦੇ ਕੁਟੰਬ ਨਾਲ ਮਿਲਾਪ ਹੋਯਾ ਤੇ ਮੈਂ ਓਸ ਦਿਨ ਬਹੁਤ ਰਾਤ ਗਈ ਪਿਛੋਂ ਰੋਟੀ ਖਾਕੇ ਆਪਣੇ ਘਰ ਮੁੜਿਆ।

ਗਾਰਡਨ ਦੇ ਕੁਟੰਬ ਨਾਲ ਮੇਰੀ ਮੁਹਬਤ ਦਿਨੋਂ ਦਿਨ ਵਧਦੀ ਗਈ ਅਤੇ ਓਨਾਂ ਦੇ ਪਿਆਰ ਨੇ ਮੈਂਨੂੰ ਆਪਣੀ ਵਲ ਐਸਾ ਖਿਚਿਆ ਕਿ ਮੈਂ ਰੋਜ ਇਕ ਵਾਰ ਓਨਾਂ ਦੇ ਘਰ ਜਾਣ ਲਗ ਪਿਆ।ਖਾਸ ਕਰ ਰੋਜ਼ ਮੈਨੂੰ ਚੰਗੀ ਲਗਦੀ ਸੀ। ਭਾਵੇਂ ਹੇਲਨਾ ਮੈਨੂੰ ਬਹੁਤ ਮਿਲਦੀ ਜੁਲਦੀ ਨਹੀਂ ਸੀ ਪਰ ਓਹ ਵੀ ਪਯਾਰੀ ਲਗਦੀ ਸੀ।

ਗਾਰਡਨ ਦੇ ਪਰਵਾਰ ਨਾਲ ਇਸਤਰਾਂ ਜਾਣ ਪਛਾਣ ਹੋਣਦੇ ਠੀਕ ੩ ਮਹੀਨੇ ਪਿਛੋਂ ਐਤਵਾਰ ਵਾਲੇ ਦਿਨ ਰੋਜ਼ ਤੇ ਹੇਲਨਾ ਦੇ ਨਾਲ ਮੈਂ ਗਿਰਜੇ ਵਿਚ ਬੰਦਗੀ ਕਰਨ ਗਿਆ। ਰਾਹ ਵਿਚ ਰੋਜ਼ ਨੇ ਮੈਨੂੰ ਕਿਹਾ—"ਅਜ ਕਿਸੇ ਕਾਰਣ ਕਰਕੇ ਹੇਲਨਾ ਦਾ ਦਿਲ ਦੁਖੀ ਹੈ ਇਸ ਲਈ ਆਪ ਇਸਦੇ ਦਿਲ ਨੂੰ ਪਰਚਾਣ ਦਾ ਪ੍ਰਬੰਧ ਕੋਈ ਕਰੋ।"

ਸਚ ਮੁਚ ਹੇਲਨਾ ਦੇ ਸੁੰਦਰ ਮੂੰਹ ਉਤੇ ਅਜ ਉਦਾਸੀ ਜੇਹੀ ਨਜ਼ਰ ਪੈਂਦੀ ਸੀ। ਏਹ ਵੇਖਕੇ ਮੈਨੂੰ ਬਹੁਤ ਦੁਖ ਹੋਯਾ। ਓਸ ਨੂੰ ਕਿਸੇ ਨ ਕਿਸੇ ਤਰਾਂ ਖੁਸ਼ ਕਰਨ ਲਈ ਮੇਰਾ ਮਨ ਚੰਚਲ ਹੋ ਪਿਆ ਪਰ ਓਸ ਦੇ ਦਿਲ ਦਾ ਦੁਖ ਜਾਣਨ ਲਈ ਓਤਨਾ ਕਾਤਰ ਨਾ ਹੋਯਾ। ਓਸ ਵੇਲੇ ਮੈਂ ਇਹ ਨਾ ਵਿਚਾਰ ਸਕਿਆ ਕਿ ਇਸਦੇ ਛੋਟੇ ਤੇ ਸਰਲ ਦਿਲ ਵਿਚ ਕੋਈ ਭਯਾਨਕ ਕੀੜਾ ਬੈਠਾ ਹੋਯਾ ਹੈ। ਰਾਹ ਵਿਚ ਮੈਂ ਹੇਲਨਾ ਨੂੰ ਖੁਸ਼ ਕਰਨ ਦੇ ਕਈ ਉਪਾ ਕੀਤੇ ਪਰ ਮੇਰੀ ਸਾਰੀ ਕੋਸ਼ਸ਼ ਬਿਰਥਾ ਗਈ। ਕਿਉਂਕਿ ਮੈਂ ਜਿਤਨਾਂ ਓਸ ਨੂੰ ਖੁਸ਼ ਕਰਨ ਦਾ ਉਪਾ ਕਰਨ ਲਗਾ ਓਤਨਾਂ ਹੀ ਓਸਦਾ ਦੁਖ ਵਧਣ ਲਗਾ।

ਜਿਸ ਵੇਲੇ ਅਸੀਂ ਗਿਰਜੇ ਵਿਚ ਪਹੁੰਚੇ ਓਸ ਵੇਲੇ ਬੰਦਗੀ ਅਰੰਭ ਸੀ। ਗਿਰਜਾ ਮਨੁਖਾਂ ਨਾਲ ਭਰਪੂਰ ਸੀ। ਸਭ ਤੋਂ ਪਿਛੋਂ ਇਕ ਬੈਂਚ ਖਾਲੀ ਸੀ ਮੈਂ ਤੇ ਰੋਜ਼ ਓਸਤੇ ਬੈਠੇ ਤੇ ਹੇਲਨਾਂ ਸਾਡੇ ਅੱਗੇ ਵਾਲੇ ਬੈਂਚ ਦੇ ਇਕ ਕੋਣੇ ਉਤੇ ਬੈਠ ਗਈ। ਕਰੀਬ ਅਧੇ ਘੰਟੇ ਪਿਛੋਂ ਮੈਂ ਹੇਲਨਾ ਵਲ ਨਜ਼ਰ ਮਾਰੀ ਤਾਂ ਓਹ ਸਥਿਰ ਹੋਕੇ ਹਥ ਜੋੜੀ ਬੈਠੀ ਸੀ ਅਰ ਓਸਦੇ ਪਿਛੇ ਖੜਾ ਹੋਯਾ ਇਕ ਜਵਾਨ ਤੇਜ਼ ਨਜ਼ਰ ਨਾਲ ਓਸ ਵਲ ਤੱਕ ਰਿਹਾ ਸੀ।

ਓਸ ਦਾ ਚੇਹਰਾ ਕਾਲੀਆਂ ੨ ਮੁਛਾਂ ਨਾਲ ਤੇ ਨੀਲੀ ਐਨਕ ਨਾਲ ਅੱਖਾਂ ਢਕੀਆਂ ਹੋਈਆਂ ਹੋਣ ਕਰਕੇ ਮੈਂ ਚੰਗੀ ਤਰਾਂ ਨਾ ਵੇਖ ਸਕਿਆ। ਓਸਨੇ ਸਿਰ ਤੋਂ ਲੈ ਪੈਰ ਤੀਕ ਸੋਗ ਦੀ ਨਿਸ਼ਾਨੀ ਕਾਲੇ ਕਪੜੇ ਪਾਏ ਹੋਏ ਸਨ। ਓਹ ਹੇਲਨਾ ਵਲ ਏਸ ਤਰਾਂ ਕਿਉਂ ਤੱਕ ਰਿਹਾ ਹੈ ਇਹ ਜਾਣਨ ਲਈ ਮੇਰਾ ਦਿਲ ਘਾਬਰ ਗਿਆ। ਮੈਂ ਅਪਣੇ ਦਿਲ ਵਿਚ ਦ੍ਰਿੜ ਕਰ ਲਿਆ ਕਿ ਬੰਦਗੀ ਪੂਰੀ ਹੋਣ ਪਰ ਇਸ ਨਾਲ ਗੱਲਾਂ ਕਰਾਂਗਾ।

ਕੁਝ ਦੇਰ ਪਿਛੋਂ ਬੰਦਗੀ ਪੂਰੀ ਹੋਗਈ ਮੈਂ ਫੇਰ ਭੀ ਵੇਖਿਆ ਤਾਂ ਓਹ ਜਵਾਨ ਹੇਲਨਾ ਨੂੰ ਇਕ ਟਕ ਨਜਰ' ਲਾਕੇ ਵੇਖ ਰਿਹਾ ਹੈ। ਓਸੇ ਵੇਲੇ ਹੀ ਹੇਲਨਾ ਉਠ ਖੜੀ ਹੋਈ, ਪਰ ਜਿਓਂ ਹੀ ਓਸ ਦੀ ਨਜ਼ਰ ਓਸ ਜਵਾਨ ਉਤੇ ਪਈ ਤਿਓਂ ਹੀ ਓਹ ਚੀਕਮਾਰਕੇ ਇਕ ਦਮ ਬੈਂਚ ਉ ਫੇਰ ਬੈਠ ਗਈ ਅਤੇ ਦੋਹਾਂ ਹਥਾਂ ਨਾਲ ਓਸਨੇ ਅਪ ਣੀਆਂ ਸੁੰਦਰ ਅਖਾਂ ਢਕ ਲਈਆਂ। ਮੈਂ ਝਟ ਦੌੜਕੇ ਹੇਲਨਾ ਨੂੰ ਫੜ ਲਿਆ ਤੇ ਰੋਜ਼ ਵੀ ਅਪਣੇ ਰੁਮਾਲ ਨਾਲ ਓਸ ਨੂ ਹਵਾ ਕਰਨ ਲਗੀ ਇਸ ਵੇਲੇ ਕੋਈ ਬੋਲ ਪਿਆ "ਬਦਲਾ, ਬਦਲਾ" ਮੈਂ ਘਾਬਰਕੇ ਓਸ ਪਾਸੇ ਵੇਖਿਆ ਜਿਧਰ ਓਹ ਜਵਾਨ ਖੜਾ ਸੀ ਪਰ ਓਥੇ ਕੋਈ ਵੀ ਨਜ਼ਰ ਨਾ ਆਯਾ। ਕੁਝ ਦੇਰ ਪਿਛੋਂ ਹੇਲਨਾ ਜਦ ਅਪਣੇ ਹੋਸ਼ ਵਿਚ ਆਈ ਤਾਂ ਪਾਗਲਾਂ ਵਾਂਗ ਚਾਰੇ ਪਾਸੇ ਵੇਖਣ ਲਗੀ। ਇਸ ਵੇਲੇ ਮੈਂ ਓਸਨੂੰ ਧੀਰਜ ਦੇਂਦਿਆਂ ਹੋਯਾਂ ਕਿਹਾ "ਹੇਲਨਾ! ਤੂੰ ਜਿਸ ਨੂੰ ਵੇਖਕੇ ਇਤਨਾਂ ਡਰੀ ਹੈਂ ਓਹਚਲਿਆਗਿਆਹੈ।"

ਇਹ ਸੁਣਦੀ ਹੇਲਨਾ ਨੇ ਮੇਰੀ ਵਲ ਮੁੜਕੇ ਵੇਖਿਆ ਪਰ ਇਸ ਵੇਲੇ ਓਸ ਦਾ ਚੇਹਰਾ ਪੀਲਾ ਪੈਗਿਆ

ਸੀ। ਮਲੂਮ ਹੁੰਦਾ ਸੀ ਜਾਣੋਂ ਓਸਦੇ ਸਰੀਰ ਵਿਚ ਲਹੂ ਹੀ ਨਹੀਂ। ਓਸਦੀ ਇਹ ਦਸ਼ਾ ਵੇਖਕੇ ਮੇਰੇ ਮਨ ਵਿਚ ਭੀ ਕੁਝ ਭੈ ਪੈਦਾ ਹੋਯਾ ਅਤੇ ਮੈਨੂੰ ਇਹ ਖਿਆਲ ਹੋਗਿਆ ਕਿ ਜੇਕਰ ਕੁਝ ਦੇਰ ਤਕ ਇਸ ਦੀ ਇਜੇਹੀ ਦਸ਼ਾ ਰਹੀ ਤਾਂ ਇਸ ਨੂੰ ਕੋਈ ਖਤਰਨਾਕ ਰੋਗ ਲਗ ਜਾਵੇਗਾ।

ਅਸੀਂ ਗਿਰਜੇ ਤੋਂ ਤੁਰਨ ਲਈ ਤਿਆਰ ਹੋਏ। ਓਸ ਵੇਲੇ ਰਾਤ ਦੇ ੧੦ ਵਜੇ ਸਨ। ਗਿਰਜੇ ਵਿਚ ਕੋਈ ਆਦਮੀ ਨਹੀਂ ਸੀ। ਮੈਂ ਤੇ ਰੋਜ਼ ਦੋਵੇਂ ਹੇਲਨਾ ਨੂੰ ਫੜਕੇ ਘਰ ਨੂੰ ਚਲ ਪਏ। ਜਿਸ ਵੇਲੇ ਅਸੀਂ ਕਿਲੇ ਦੇ ਸਾਹਮਣੇ ਵਾਲੇ ਮਦਾਨ ਵਿਚ ਪਹੁੰਚੇ ਇਸ ਵੇਲੇ ਇਕ ਮੋਟਾ ਤਾਜ਼ਾ ਗੋਰਾ ਸਾਡੇ ਪਾਸ ਆਯਾ ਅਤੇ ਪੁਛਣ ਲਗਾ— "ਤੁਸੀਂ ਕਿਥੇ ਜਾਓਗੇ ? ਮੈਂ ਕਿਹਾ " ਗਾਰਡਨ ਦੇ ਮਕਾਨ ਉਤੇ ਓਨੇ ਕਿਹਾ "ਗਾਰਡਨ" ਮੇਰਾ ਵੀ ਮਿਤ੍ਰ ਹੈ। ਜੇਕਰ ਆਪਨੂੰ ਕਿਸੇ ਤਰਾਂ ਦੀ ਸਹੈਤਾ ਦੀ ਲੋੜ ਹੋਵੇ ਤਾਂ ਮੈਂ ਖੁਸ਼ੀ ਨਾਲ ਦਣ ਨੂੰ ਤਿਆਰ ਹਾਂ "

ਇਸ ਨਵੇਂ ਮਨੁਖ ਦੀਆਂ ਗਲਾਂ ਸੁਣਕੇ ਮੈਨੂੰ ਕੁਝ ਸ਼ਕ ਗੁਜ਼ਰਿਆ। ਮੈਂ ਇਹ ਸੋਚਣ ਲਗਾ ਕਿ ਹੇਲਨਾ ਦੇ ਦੁਖੀ ਹੋਣ ਦਾ ਹਾਲ ਇਸ ਨੂੰ ਕਿਸ ਤਰਾਂ ਮਲੂਮ ਹੋਯਾ ਫੇਰ ਇਸ ਤਰਾਂ ਸਾਨੂੰ ਰਾਹ ਵਿਚ ਰੋਕ ਕੇ ਸਹੈਤਾ ਪੁਚਾਣ ਦਾ ਹੀ ਕੀ ਮਤਲਬ ਹੈ ? ਕੁਝ ਹੋਵੇ ਪਰ ਮੈਨੂੰ ਇਨਾਂ ਗਲਾਂ ਦੇ ਪੁਛੱਣ ਦੀ ਕੋਈ ਵੇਹਲ ਨਹੀਂ ਸੀ। ਕਿਉਂਕਿ ਅਸੀਂ ਹੇਲਨਾ ਦੇ ਲਈ ਬਹੁਤ ਫਿਕਰ ਵਿਚ ਸੀ ਤੇ ਉਸ ਨੂੰ ਬਹੁਤ ਛੇਤੀ ਘਰ ਪੁਚਾ ਦੇਣਾ ਚਾਹੁੰਦੇ ਸਾਂ ਮੈਂ ਓਸਦਾ ਮਾਨ ਰੱਖਣ ਲਈ ਕੇਵਲ ਇਹ ਪੁਛਿਆ " ਆਪਦਾ ਮਕਾਨ ਕਿਥੇ ਹੈ ?"

ਓਸਨੇ ਕਿਹਾ ਮੈਂ ਇਥੋਂ ਦੇ ਇਕ ਦਫਤਰ ਵਿਚ ਕੰਮ ਕਰਦਾ ਹਾਂ, ਮਕਾਨ ਨੇੜੇ ਹੈ ਜੇਕਰ ਆਖੋ ਤਾਂ ਮੈਂ ਇਕ ਗੱਡੀ ਲੈ ਆਵਾਂ ?

ਮੈਂ ਓਸ ਨੂੰ ਧੰਨਵਾਦ ਦੇਕੇ ਕਿਹਾ – ਆਪਦੇ ਉਤਮ ਵਰਤਾਓ ਨੂੰ ਵੇਖ ਕੇ ਮੈਨੂੰ ਬਹੁਤ ਖੁਸ਼ੀ ਹੋਈ ਹੈ। ਸਾਡਾ ਮਕਾਨ ਵੀ ਨੇੜੇ ਹੈ ਇਸ ਲਈ ਗੱਡੀ ਦੀ ਕੋਈ ਲੋੜ ਨਹੀਂ।

ਓਹ ਸਾਨੂੰ ਸਲਾਮ ਕਰਕੇ ਚਲਿਆ ਗਿਆ। ਰੋਜ਼ ਨੂੰ ਪੁਛਣ ਪਰ ਓਸਨੇ ਕਿਹਾ ਕਿ ਇਸਨੂੰ ਮੈਂ ਕਦੇ ਨਹੀਂ ਵੇਖਿਆ। ਫੇਰ ਓਸਨੇ ਕਿਵੇਂ ਕਿਹਾ ਕਿ ਮੇਰੀ ਗਾਰਡਨ ਦੇ ਨਾਲ ਜਾਣ ਪਛਾਣ ਹੈ ? ਮੇਰੇ ਦਿਲ ਵਿਚ ਇਸ ਤਰਾਂ ਦੇ ਖਿਆਲ ਉਠਣ ਲਗੇ।

ਠੀਕ ੧੦॥ ਵਜੇ ਅਸੀਂ ਮਕਾਨ ਦੇ ਨੇੜੇ ਪਹੁੰਚ ਗਏ। ਮੇਰੀ ਨਜ਼ਰ ਓਸ ਵੇਲੇ ਸੜਕ ਉਤੇ ਲਗੀ ਹੋਈ ਲਾਲਟੈਨ ਵਲ ਗਈ। ਮੈਂ ਸਾਫ ਵੇਖਿਆ ਕਿ ਦੋ ਗੋਰੇ ਖੜੇ ਹੋਏ ਆਪਸ ਵਿਚ ਕੁਝ ਗਲਾਂ ਕਰ ਰਹੇ ਹਨ। ਓਨਾਂ ਵਿਚੋਂ ਇਕ ਸਾਡੀ ਵਲ ਇਸ਼ਾਰਾ ਕਰਕੇ ਕੁਝ ਆਖ ਰਿਹਾ ਹੈ। ਜੇਹੜਾ ਸਾਡੀ ਵਲ ਇਸ਼ਾਰਾ ਕਰਕੇ ਕੁਝ ਆਖ ਰਿਹਾ ਸੀ ਓਸਦੀਆਂ ਮੁਛਾਂ ਤੇ ਐਨਕ ਵੇਖਕੇ ਮੈਂ ਤਾੜ ਗਿਆ ਕਿ ਇਹੋ ਗੋਰਾ ਗਿਰਜੇ ਵਿਚ ਹੇਲਨਾ ਵਲ ਤੇਜ ਨਜ਼ਰ ਨਾਲ ਤਕਦਾ ਸੀ। ਫੇਰ ਤਾਂ ਮੇਰੇ ਦਿਲ ਵਿਚ ਕਈ ਸ਼ਕ ਗੁਜ਼ਰੇ ਅਤੇ ਮੇਰਾ ਚਿਤ ਬਹੁਤ ਡਾਵਾਂ ਡੋਲ ਹੋਗਿਆ।

ਮੈਂ ਰੋਜ਼ ਨੂੰ ਕਿਹਾ "ਰੋਜ਼ ਤੂੰ ਹੇਲਨਾ ਨੂੰ ਲੈਕੇ ਅੰਦਰ ਜਾਹ ਤੇ ਮੈਨੂੰ ਕੁਝ ਕੰਮ ਹੈ, ਮੈਂ ਹੁਣੇ ਮੁੜ ਆਉਂਦਾ ਹਾਂ"

ਰੋਜ਼ ਨੇ ਕਿਹਾ–ਨਾ ਨਾ, ਅਜ ਤੁਸੀਂ ਕਿਧਰੇ ਨਾ ਜਾਓ।

ਹੇਲਨਾ ਦੀ ਤਬੀਅਤ ਚੰਗੀ ਨਹੀਂ ਇਸ ਲਈ ਅੱਜ ਦੀ ਰਾਤ ਸਾਡੇ ਮਕਾਨ ਉਤੇ ਅਰਾਮ ਕਰੋ ॥

ਮੈਂ ਕਿਹਾ-ਰੋਜ਼, ਡਰ ਨਹੀਂ ਮੈਂ ਹੁਣੇ ਦਸ ਮਿੰਟ ਲਾਕੇ ਆਂਉਂਦਾ ਹਾਂ। ਇਹ ਆਖਕੇ ਮੈਂ ਉਸ ਲਾਲਟੇਨ ਵਲ ਗਿਆ ਜਿਥੇ ਖੜੇ ਓਹ ਦੋ ਗੋਰੇ ਗੱਲਾਂ ਕਰ ਰਹੇ ਸਨ। ਓਹ ਮੈਨੂੰ ਵੇਖਦੇ ਹੀ ਦੂਜੇ ਪਾਸੇ ਤੁਰ ਪਏ। ਮੈਂ ਵੀ ਓਸ ਮਨੁਖ ਦਾ ਪਿਛਾ ਲਿਆ ਜਿਸਨੂੰ ਗਿਰਜੇ ਵਿਚ ਵੇਖਿਆ ਸੀ। ਓਹ ਮੁੜ ੨ ਪਿਛੇ ਵੇਖਦਾ ਹੋਇਆ ਫੁਰਤੀ ਨਾਲ ਅਗੇ ਵਧਿਆ ਜਾਂਦਾ ਸੀ। ਮੈਂ ਇਸਤੋਂ ਸਮਝ ਗਿਆ ਕਿ ਓਹ ਮੈਨੂੰ ਮਿਲਨਾ ਨਹੀਂ ਚਾਹੁੰਦਾ ਅਤੇ ਮੈਂ ਉਸਦਾ ਪਿਛਾ ਕਰ ਰਿਹਾ ਹਾਂ ਇਹ ਗਲ ਓਹ ਜਾਣ ਗਿਆ ਹੈ । ਉਸਦੇ ਦਿਲ ਵਿਚੋਂ ਇਹ ਖਿਆਲ ਦੂਰ ਕਰਨ ਲਈ ਮੈਂ ਉਸਦਾ ਪਿਛਾ ਛਡਕੇ ਨਾਲ ਖੜੀ ਇਕ ਦੁਕਾਨ ਦੇ ਅੰਦਰ ਵੜ ਗਿਆ। ਮਲੂਮ ਹੁੰਦਾ ਹੈ ਮੈਨੂੰ ਉਸਨੇ ਦੁਕਾਨ ਵਿਚ ਵੜਦਿਆਂ ਨਹੀਂ ਵੇਖਿਆ।ਕਿਉਂਕਿ ਜਦ ਉਸਨੇ ਪਿਛੇ ਪਰਤਕੇ ਵੇਖਿਆ ਤੇ ਮੈਂ ਨਾ ਦਿਸਿਆ ਤਾਂ ਓਹ ਖੜੋ ਗਿਆ ਤੇ ਫੇਰ ਹੌਲੀ ੨ ਅਗੇ ਨੂੰ ਤੁਰਿਆ ਜਦ ਓਹ ਕੁਝ ਦੂਰ ਨਿਕਲ ਗਿਆ ਤਦ ਮੈਂ ਵੀ ਦੁਕਾਨ ਵਿਚੋਂ ਨਿਕਲ ਦਬੇ ਪੈਰ ਓਸਦੇ ਪਿਛੇ ਤੁਰ ਪਿਆ ਕਿ ਵੇਖਾਂ ਓਹ ਕਿਥੇ ਜਾਂਦਾ ਹੈ। ਥੋੜੀ ਦੂਰ ਜਾਕੇ ਓਹ ਸੜਕ ਛਡ ਕਿਲੇ ਦੇ ਮੈਦਾਨ ਵਿਚ ਹੋ ਪਿਆ ਤੇ ਕਿਲੇ ਦੇ ਫਾਟਕ ਉਤੇ ਪਹੁੰਚਕੇ ਓਸਨੇ ਸੀਟੀ ਦਿਤੀ। ਤੁਰਤ ਅੰਦਰੋਂ ਕਿਸੇਨੇ ਦਰਵਾਜਾ ਖੋਲ ਦਿਤਾ ਤੇ ਓਹ ਅੰਦਰ ਵੜ ਗਿਆ। ਮੈਂ ਕਿਲੇ ਦੀ ਬੰਗਾਲ ਪਲਟਨ ਦਾ ਸਰਜਨ ਸਾਂ । ਸਿਪਾਹੀਆਂ ਦੇ ਜੋ ਕਾਇਦੇ ਹਨ ਓਨਾਂ ਨੂੰ ਮੈਂ ਚੰਗੀਤਰਾਂ ਨਾਲ ਜਾਣਦਾ ਸਾਂ ਕਿ ਰਾਤ ਦੇ ੧੧ ਵਜੇ ਤੋਂ ਪਿਛੋਂ ਕਿਸੇ ਬਾਹਰਲੇ ਮਨੁਖ ਨੂੰ

ਅੰਦਰ ਵੜਨਾ ਕਾਨੂੰਨ ਦੇ ਬਰਖਿਲਾਫ਼ ਹੈ । ਇਹ ਵੀ ਮੈਂ ਜਾਣਦਾ ਸਾਂ ਕਿ ਪਲਟਨ ਦੇ ਕਿਸੇ ਆਦਮੀ ਦਾ ਇਤਨੀ ਰਾਤ ਗਈ ਤਕ ਬਾਹਰ ਰੈਹਣਾ ਵੀ ਕਾਨੂੰਨ ਵਿਰੁੱਧ ਹੈ। ਮੇਰੇ ਜੀ ਵਿਚ ਆਯਾ ਕਿ ਇਸੇ ਵੇਲੇ ਕਮਾਂਡਿੰਗ ਅਫ਼ਸਰ ਜਨਰਲ 'ਹੇ' ਨੂੰ ਖਬਰ ਦੇਵਾਂ। ਪਰ ਇਤਨੀ ਰਾਤ ਗਈ ਕਿਲੇ ਵਿਚ ਜਾਣਾ ਕੋਈ ਸੁਖੈਨ ਕੰਮ ਨਹੀਂ ਸੀ। ਸੋ ਇਸ ਖਿਆਲਨੂੰ ਛਡਕੇ ਮੈਂ ਪਿਛੇ ਮੁੜ ਪਿਆ ਤੇ ਛੇਤੀਨਾਲ ਗਾਰਡਨ ਦੇ ਮਕਾਨ ਤੇ ਪਹੁੰਚਾ। ਮਕਾਨ ਵਿਚ ਵੜਦਿਆਂ ਹੀ ਪਿਆਰੇ ਮਿਤ੍ਰ ਗਾਰਡਨ ਉਦਾਸ ਮਨ ਮੇਰੇ ਪਾਸ ਆਏ ਅ ਤੇ ਮੈਂ ਓਨਾਂ ਨੂੰ ਸੰਖੇਪ ਨਾਲ ਹੇਲਨਾ ਦੀ ਹਾਲਤ ਦੱਸੀ ਪਰ ਹੋਰ ੨ ਗਲਾਂ ਨਾ ਦਸੀਆਂ। ਓਹ ਵੀ ਮੈਨੂੰ ਓਸੇ ਵੇਲੇ ਹੇਲਨਾਂ ਦੇ ਪਾਸ ਲੈਗਏ। ਹੇਲਨਾ ਮੰਜੀ ਉਤੇ ਪਈ ਹੋਈ ਸੀ ਉਸਦੀ ਮਾਂ ਤੇ ਭੈਣ ਰੋਜ਼ ਓਸਦੇ ਕੋਲ ਬੈਠੀਆਂ ਸਨ। ਨਾੜੀ ਵੇਖਣ ਤੋਂ ਮਲੂਮ ਹੋਯਾ ਕਿ ਇਸ ਵੇਲੇ ਹੇਲਨਾਂ ਨੂੰ ਕੁਝ ਬੁਖਾਰ ਚੜਿਆ ਹੋਯਾ ਹੈ। ਮੈਂ ਓਸਨੂੰ ਚਾਹ ਪਿਲਾਣ ਲਈ ਦਸਕੇ ਵਿਦਾ ਹੋਯਾ। ਰੋਜ਼ ਮੈਨੂੰ ਕੁਝ ਦੂਰ ਤਕਛੱਡਣ ਆਈ ਅਤੇ ਸਵੇਰੇ "ਜ਼ਰੂਰ ਆਉਣਾ" ਆਖਕੇ ਮੁੜ ਗਈ ॥

ਮੈਂ ਜਿਸ ਵੇਲੇ ਅਪਣੇ ਮਕਾਨ ਉਤੇ ਪਹੁੰਚਾ ਓਸ ਵੇਲੇ ਰਾਤਦੇ ੧੨ ਬਜ ਚੁਕੇ ਸਨ। ਮੈਂ ਬਹੁਤ ਥਕ ਗਿਆ ਸਾਂ ਤੇ ਹਾਲ ਦੀਆਂ ਘਟਨਾ ਮੇਰੇ ਦਿਤ ਨੂੰ ਚੰਚਲ ਕਰ ਰਹੀਆਂ ਸਨ। ਕੁਝ ਖਾ ਪੀ ਕੇ ਮੈਂ ਸੌਣ ਲਈ ਗਿਆ ਪਰ ਮੈਨੂੰ ਨੀਂਦ ਨਾ ਆਈ। ਹੇਲਨਾ ਦਾ ਉਦਾਸ ਚੇਹਰਾ, ਓਸ ਅਨਜਾਣੇ ਮਨੁਖ ਦਾ ਕੰਮ। ਕਿਲੇ ਵਿਚ ਰਾਤ ਦੇ ਸਮੇਂ ਬਾਹਰਲੇ ਮਨੁਖ ਦਾ ਵੜਨਾ, ਆਦਿਕ ਕਿਨੀਆਂ ਹੀ ਗੱਲਾਂ ਮੇਰੇ ਚਿੱਤ ਨੂੰ ਚੰਚਲ ਕਰ ਰਖਿਆ ਸੀ। ਇਥੇ ਮੈਂ ਇਹ

ਦੱਸ ਦੇਣਾ ਜ਼ਰੂਰੀ ਸਮਝਦਾ ਹਾਂ ਕਿ ਮੈਂ ਬਚਪਨ ਤੋਂ ਹੀ ਦੁਖੀਆਂ ਤੇ ਗਰੀਬਾਂ ਦਾ ਹਿਮੈਤੀ ਹਾਂ। ਜਦ ਮੈਨੂੰ ਵੀ ਸਰਕਾਰੀ ਨੌਕਰੀ ਮਿਲੀ ਤਦ ਮੈਂ ਇਹ ਪ੍ਰਤਿਗਯਾ ਕਰ ਹੀ ਲਈ ਸੀ ਕਿ ਮੈਂ ਦੁਖੀਆਂ ਗਰੀਬਾਂ ਪਾਸੋਂ ਇਕ ਪੈਸਾ ਵੀ ਨਹੀਂ ਲਵਾਂਗਾ। ਇਸੇ ਲਈ ਮੈਂ ਅਪਣੇ ਨੌਕਰਾਂ ਨੂੰ ਆਖ ਦਿਤਾ ਹੋਯਾ ਸੀ ਕਿ ਜਿਸ ਵੇਲੇ ਵੀ ਕੋਈ ਮੇਰੇ ਪਾਸ ਆਵੇ ਉਸਨੂੰ ਆਉਣ ਦਿਓ ॥

ਉਸ ਰਾਤ ੧ ਵਜੇ ਤਕ ਮੈਨੂੰ ਨੀਂਦ ਨਾ ਆਈ ਪਰ ਫੇਰ ਮੇਰੀ ਅੱਖ ਲੱਗ ਗਈ। ਅਚਾਨਕ ਕੁਝ ਦੇਰ ਬਾਦ ਮੇਰੀ ਨੀਂਦ ਖੁਲ ਗਈ ਤੇ ਮੈਨੂੰ ਮਲੂਮ ਹੋਯਾ ਕਿ ਮੇਰੇ ਕਮਰੇ ਵਿਚ ਕੋਈ ਤੁਰਦਾ ਪਿਆ ਹੈ। ਮੈਂ ਉਠਕੇ ਲੈਂਪ ਜਗਾਯਾ ਵੇਖਿਆ ਤਾਂ ਮਿਤ੍ਰ ਗਾਰਡਨ ਮੇਰੀ ਮੰਜੀ ਦੇ ਪਾਸ ਖੜਾ ਹੈ। ਮੈਂ ਉਸਦਾ ਅਧਖੁਲਾ ਸਰੀਰ ਤੇ ਪਾਗਲਾਂ ਵਰਗੀ ਸ਼ਕਲ ਵੇਖਕੇ ਡਰਿਆ ਤੇ ਇਸਦਾ ਕਾਰਣ ਪੁਛਿਆ ਉਸਨੇ ਕਿਹਾ ਸਟੀਫਨ! ਇਕ ਵਾਰੀ ਮੇਰੇ ਘਰ ਚੱਲ। ਮਲੂਮ ਹੁੰਦਾ ਹੈ ਕਿ ਕੰਮ ਪੂਰਾ ਹੋਗਿਆ ਹੋਵੇਗਾ ॥

ਗਾਰਡਨ ਦੀ ਗਲ ਸੁਣਕੇ ਮੈਂ ਠਠੰਬਰ ਗਿਆ। ਉਸ ਦਿਨ ਦੀਆਂ ਸਾਰੀਆਂ ਘਟਨਾਵਾਂ ਇਕ ੨ ਕਰਕੇ ਮੇਰੀਆਂ ਅਖਾਂ ਅਗੇ ਨਚ ਗਈਆਂ। ਮੈਂ ਸਮਝਿਆ ਗਾਰਡਨ ਫ਼ੇਦ ਹੇਲਨਾ ਦੀ ਹਾਲਤ ਮੈਨੂੰ ਦੱਸਣ ਲਈ ਆਯਾ ਹੈ। ਮੈਂ ਝਟ ਉਠਕੇ ਉਸਨੂੰ ਕੁਰਸੀ ਦਿਤੀ ਤੇ ਕਿਹਾ ਮਿਤ੍ਰ ਜੀ, ਹੇਲਨਾ ਦੀ ਜੋ ਹਾਲਤ ਮੈਂ ਵੇਖ ਆਯਾ ਸਾਂ ਉਸਤੋਂ ਖਾਸ ਫਿਕਰ ਦਾ ਤਾਂ ਕੋਈ ਕਾਰਣ ਨਜ਼ਰ ਨਹੀਂ ਆਉਂਦਾ ਸੀ। ਤੁਸੀਂ ਜ਼ਰਾ ਬੈਠੋ ਮੈਂ ਕਪੜੇ ਪਾਕੇ ਹੁਣੇ ਚਲਦਾ ਹਾਂ ॥

ਮੇਰੀ ਗੱਲ ਅਜੇ ਪੂਰੀ ਹੋਈ ਸੀ ਕਿ ਗਾਰਡਨ ਮੇਰੀ ਮੰਜੀ ਉਤੇ ਲੇਟ ਗਿਆ ਤੇ ਬਚਿਆਂ ਦੀ ਤਰਾਂ ਡੁਸਕ ਕਰ ਕੇ ਰੋਣ ਲਗਾ। ਓਸਦੀ ਇਹ ਦਸ਼ਾ ਵੇਖਕੇ ਮੈਂ ਕੁਝ ਦੇਰ ਤਕ ਹਤਬੁੱਧੀ ਹੋਕੇ ਖੜਾ ਰਿਹਾ ਅਤੇ ਕੁਝ ਵੀ ਨਾਂ ਸਮਝ ਸਕਿਆ ਮੇਰੇ ਦਿਲ ਵਿਚ ਕਈ ਤਰਾਂ ਦੇ ਸ਼ਕ ਗੁਜ਼ਰਨ ਲਗੇ। ਕੀ ਹੇਲਨਾ ਮਰ ਗਈ ? ਯਾ ਕਿ ਰੋਜ਼ ਨੂੰ ਕੋਈ ਬਿਪਤਾ ਪਈ ? ਇਨਾਂ ਗਲਾਂ ਨੂੰ ਵਿਚਾਰਦੇ ਹੋਏ ਮੇਰਾ ਵੀ ਕਲੇਜਾ ਧੜਕਣ ਲਗਾ। ਮੈਂ ਹੁਣ ਖੜਾ ਨਾ ਰਹਿ ਸਕਿਆ। ਮੈਂ ਗਾਰਡਨ ਦਾ ਹੱਥ ਫੜਕੇ ਪੁਛਿਆ ਮਿਤ੍ਰ, ਦੱਸ ਤਾਂ ਸਹੀ ਕੀ ਹੋਯਾ ਹੈ ? ਤੇਰੀ ਇਹ ਦਸ਼ਾ ਵੇਖਕੇ ਮੈਨੂੰ ਬਹੁਤ ਤੜ-ਫਟੀ ਲਗ ਰਹੀ ਹੈ। ਵਾਹਿਗੁਰੂ ਕਰੇ ਤੇਰੇ ਮੂੰਹੋਂ ਕੋਈ ਭਯਾਨਕ ਗੱਲ ਨਾ ਸੁਣਾਂ। ਛੇਤੀ ਦੱਸ ਕੀ ਗੱਲ ਹੈ ?

ਗਾਰਡਨ ਨੇ ਕਿਹਾ—ਜੋ ਈਸ਼੍ਵਰ ਦੀ ਇਛਾ ਹੈ ਓਹ ਜ਼ਰੂਰ ਪੂਰੀ ਹੋਵੇਗੀ। ਕਿਸਦੀ ਤਾਕਤ ਹੈ ਜੋ ਓਸਨੂੰ ਰੋਕ ਸਕੇ ? ਸਟੀਫਨ, ਹੁਣ ਤੂੰ ਦੇਰ ਨਾ ਕਰ ਛੇਤੀ ਛੇਤੀ ਮੇਰੇ ਨਾਲ ਚਲ ਹਾਇ! ਕੀ ਮੇਰੇ ਭਾਗਾਂ ਵਿਚ ਇਹੋ ਲਿਖਆ ਸੀ? ਹਾਇ! ਅਜੇਹਾ ਦਿਲ ਚੀਰ ਦ੍ਰਿਸ਼ਯ ਵੇਖਣ ਤੋਂ ਪੇਹਲਾਂ ਹੀ ਮੈਂ ਕਿਉਂ ਨਾ ਮਰ ਗਿਆ!

ਇਹ ਆਖਕੇ ਤੇ ਮੇਰਾ ਹਥ ਫੜਕੇ ਗਾਰਡਨ ਮੈਨੂੰ ਹੇਠਾਂ ਲੈ ਗਿਆ। ਉਤੇ ਕੁਝ ਗੜਬੜ ਸੁਣਕੇ ਨੌਕਰ ਆਯਾ ਜਿਸਨੂੰ ਛੇਤੀ ਗਡੀ ਜੋੜਨ ਲਈ ਕਿਹਾ। ਓਸਦੇ ਲਈ ਸਾਨੂੰ ਬਹੁਤ ਦੇਰ ਤਕ ਨਾ ਉਡੀਕਣਾ ਪਿਆ। ਫਾਟਕ ਤਕ ਜਾਂਦਿਆਂ ਹੀ ਤਿਆਰ ਹੋਕੇ ਗਡੀ ਆਗਈ। ਅਸੀਂ ਦੋਵੇਂ ਚੜ੍ਹ ਗਏ ਤੇ ਕੋਚਵਾਨ ਨੂੰ ਛੇਤੀ ਲੈ ਚਲਣ ਦਾ ਹੁਕਮ ਦਿਤਾ। ਰਾਹ ਵਿਚ ਮੇਰੀ ਕੋਈ ਗਲ ਬਾਤ ਗਾਰਡਨ ਨਾਲ

ਨਾ ਹੋਈ ਕਿਉਂਕਿ ਓਹ ਬਿਲਕੁਲ ਬਾਲਕਾਂ ਵਾਂਗ ਰੋਈ ਜਾਂਦਾ ਸੀ।

ਜਿਸ ਵੇਲੇ ਮੈਂ ਗਾਰਡਨ ਦੇ ਮਕਾਨ ਤੇ ਪਹੁੰਚਾ ਓਸ ਵੇਲੇ ਰਾਤ ਦੇ ੪ ਵਜ ਚੁਕੇ ਸਨ। ਫਾਟਕ ਤੇ ਪਹੁੰਚਦਿਆਂ ਹੀ ਮੈਂ ਵੇਖਿਆ ਅਠ ਨੌਂ ਪੁਲਿਸ ਦੇ ਸਿਪਾਹੀ ਪੇਹਰਾ ਦੇ ਰਹੇ ਹਨ। ਮੈਨੂੰ ਗਡੀ ਤੋਂ ਉਤਰਦਾ ਵੇਖ ਅੰਦਰ ਜਾਣੋਂ ਮਨਾ ਕੀਤਾ। ਜਦ ਮੈਂ ਇਸਦਾ ਕਾਰਣ ਪੁਛਿਆ ਤਾਂ ਓਹ ਆਖਣ ਲਗੇ ਕਿ ਅਸੀਂ ਇਸਦਾ ਜਵਾਬ ਕੁਛ ਨਹੀਂ ਦੇ ਸਕਦੇ। ਕਮਿਸ਼ਨਰ ਪੁਲਿਸ ਸੁਪਰੰਡੈਂਟ ਤੇ ਇੰਸਪੈਕਟਰਾਂ ਦਾ ਇਹ ਹੁਕਮ ਹੈ !

ਮੈਂ ਓਨਾਂ ਨੂੰ ਪੁਛਿਆ—"ਓਹ ਕਿਥੇ ਹਨ ?" ਜਵਾਬ ਮਿਲਿਆ ਸਾਰੇ ਮਕਾਨ ਦੇ ਅੰਦਰ ਹਨ। ਮੈਂ ਹੈਰਾਨ ਹੋਕੇ ਇਸ ਦਾ ਕਾਰਣ ਗਾਰਡਨ ਪਾਸੋਂ ਪੁਛਿਆ ਪਰ ਓਸਨੇ ਕਿਹਾ ਸਟੀਫਨ,ਮੈਂ ਕੁਝ ਨਹੀਂ ਜਾਣਦਾ।ਅੱਜ ਮੇਰੇ ਮਕਾਨ ਵਿਚ ਜੋ ਦਿਲ ਚੀਰਕ ਤੇ ਭਯਾਨਕ ਘਟਨਾ ਹੋਈ ਹੈ ਓਸਦੀ ਖਬਰ ਪੁਲਿਸ ਵਿਚ ਭੇਜਣੀ ਯੋਗ ਹੋਣ ਪਰ ਭੀ ਮੈਂ ਪੇਹਲਾਂ ਪੁਲਿਸ ਵਿਚ ਇਤਿਲਾਹ ਨਾ ਦੇਕੇ ਤੇਰੇ ਪਾਸ ਗਿਆ। ਕਿਉਂਕਿ ਮੈਂ ਓਸ ਵੇਲੇ ਤੇਰੀ ਮਦਦ ਨੂੰ ਜਿਨਾਂ ਜਰੂਰੀ ਜਾਣਿਆ ਸੀ ਓਨਾਂ ਪੁਲਿਸ ਨੂੰ ਨਹੀਂ। ਅਛਾ ਜੋ ਵਾਹਿਗੁਰੂ ਦੀ ਮਰਜੀ ਸੀ ਹੋਗਈ ਤੇ ਅਗੇ ਨੂੰ ਹੋਵੇਗੀ। ਪਰ ਪੁਲਿਸ ਕਮਿਸ਼ਨਰ ਨਾਲ ਮੇਰੀ ਚੰਗੀ ਜਾਣ ਪਛਾਣ ਹੈ। ਮੈਂ ਹੁਣੇ ਓਸਦੇ ਪਾਸ ਆਪਣਾਂ ਨਾਮ ਲਿਖਕੇ ਭੇਜਦਾ ਹਾਂ।

ਇਹ ਆਖਕੇ ਓਨਾ ਨੇ ਮੇਰੀ ਪਾਕਟਬੁਕ ਲੈਕੇ ਪੈਨਸਲ ਨਾਲ ਓਸਤੇ ਅਪਣਾ ਨਾਮ ਲਿਖਿਆ ਅਤੇ ਅੰਦਰ ਪੁਲਿਸ ਕਮਿਸ਼ਨਰ ਦੇ ਪਾਸ ਭੇਜ ਦਿਤਾ। ਕੁਝ

ਸਮੇ ਵਿਚ ਹੀ ੨ ਜਣੇ ਬੂਹੇ ਉਤੇ ਆਏ। ਓਨਾਂ ਵਿਚੋਂ ਇਕ ਗਾਰਡਨ ਨੂੰ ਵੇਖਦੇ ਸਾਰ ਆਖਣ ਲਗਾ ਮੈਂ ਤੁਹਾਡੀ ਰਾਹ ਵੇਖ ਰਿਹਾ ਹਾਂ। ਤੁਹਾਡੀ ਚਿਠੀ ਪਾਕੇ ਮੈਂ ਪੁਲਿਸ ਸੁਪਰੰਟੈਂਡ ਤੇ ਇੰਸਪੈਕਟਰ ਸਣੇ ਇਥੇ ਆਯਾ ਹਾਂ। ਅਛਾ ਤੁਸੀਂ ਬਹੁਤ ਛੇਤੀ ਅੰਦਰ ਚਲੋ ਕਿਉਂਕਿ ਬਹੁਤ ਸਾਰੀਆਂ ਗੱਲਾਂ ਕਰਨੀ ਆਂ ਹਨ। ਇਹ ਸਾਹਿਬ ਪੁਲਸ ਕਮਿਸ਼ਨਰ ਸਨ।

ਗਾਰਡਨ ਨੇ ਕਿਹਾ—'ਚਾਰਲਸ ( ਪੁਃ ਕਃ ਨਾਮ ਦਾ ਮੈਂ ਤਾਂ ਤੁਹਾਨੂੰ ਕੋਈ ਚਿੱਠੀ ਨਹੀਂ ਭੇਜੀ। ਜੋ ਵਾਰਦਾਤ ਹੋਈ ਹੈ ਓਸਨੂੰ ਬਾਹਰਲਾ ਕੋਈ ਵੀ ਮਨੁਖ ਨਹੀਂ ਜਾਣਦਾ। ਅਚਰਜ ਦੀ ਗਲ ਹੈ ਕਿ ਇਹ ਖਬਰ ਤੁਹਾਨੂੰ ਕਿਸਤਰਾਂ ਮਿਲ ਗਈ! ਇਹ ਆਖਕੇ ਗਾਰਡਨ ਫਿਰ ਗਡੀ ਵਿਚ ਬੈਠ ਗਿਆ ਤੇ ਪੁਲਸ ਕਮਿਸ਼ਨਰ ਨੇ ਅਪਣੀ ਜੇਬ ਵਿਚੋਂ ਇਕ ਚਿਠੀ ਕੱਢਕੇ ਗਾਰਡਨ ਦੇ ਹੱਥ ਦਿਤੀ। ਗਾਰਡਨ ਓਹ ਚਿਠੀ ਪੜ੍ਹਕੇ ਕੰਬਿਆ ਤੇ ਮੇਰਾ ਹਥ ਫੜਕੇ ਗਡੀ ਤੋਂ ਉਤਰ ਪਿਆ। ਮੈਂ ਚੁਪ ਚਾਪ ਸਾਰੀਆਂ ਗਲਾਂ ਸੁਣ ਰਿਹਾ ਸਾਂ ਅਤੇ ਇਹ ਸਾਰੀਆਂ ਗੱਲਾਂ ਮੈਨੂੰ ਸੁਫਨੇ ਵਰਗੀਆਂ ਮਲੂਮ ਹੁੰਦੀ-ਆਂ ਸਨ। ਮੈਨੂੰ ਇਹ ਸ਼ਕ ਹੋ ਰਿਹਾ ਸੀ ਕਿ ਮੈਂ ਸੁਤਾ ਹਾਂ ਕਿ ਜਾਗਦਾ। ਮੈਂ ਅਜੇ ਤਕ ਇਹ ਨਾਂ ਸਮਝ ਸਕਿਆ ਕਿ ਕੀ ਵਾਰਦਾਤ ਹੋਈ ਹੈ। ਗਾਰਡਨ ਮੇਰਾ ਹੱਥ ਫੜਕੇ ਜਦ ਹੇਠਾਂ ਉਤਰਿਆ ਤਾਂ ਪੁਲਿਸ ਕਮਿਸ਼ਨਰ ਨੇ ਮੈਨੂੰ ਅੰਦਰ ਜਾਣੋਂ ਮਨਾਂ ਕੀਤਾ। ਗਾਰਡਨ ਇਸਦਾ ਕੁਝ ਉਤਰ ਦੇਣਾ ਚਾਹੁੰਦਾ ਸੀ। ਕਿ ਮੈਂ ਓਸਨੂੰ ਟੋਕ ਕੇ ਪੁਲਿਸ ਕਮਿਸ਼ਨਰ ਨੂੰ ਕਿਹਾ—

ਜਨਾਬ, ਮੈਂ ੧੯ ਪਲਟਨ ਬ੍ਰਿਗੇਡ ਸਰਜਨ ਹਾਂ, ਗਾਰਡਨ ਨਾਲ ਮੇਰੀ ਮਿਤ੍ਰਤਾ ਹੈ। ਓਨਾਂ ਦੀ ਲੜਕੀ ਕਲ ਤੋਂ ਬਹੁਤ

ਦੁਖੀ ਹੈ ਇਸੇ ਵਾਸਤੇ ਹੀ ਇਹ ਮੈਨੂੰ ਸਦ ਲਿਆਏ ਹਨ। ਤੁਸੀਂ ਕ੍ਰਿਪਾ ਕਰਕੇ ਮੈਨੂੰ ਅੰਦਰ ਜਾਣ ਦਿਓ ਕਿਉਂ ਜੋ ਦੇਰ ਪੈਣ ਨਾਲ ਬੀਮਾਰ ਦਾ ਬਹੁਤ ਨੁਕਸਾਨ ਹੋ ਸਕਦਾ ਹੈ। ਅਤੇ ਇਸ ਗੱਲ ਨੂੰ ਤੁਸੀਂ ਚੰਗੀਤਰਾਂ ਸਮਝ ਸਕਦੇ ਹੋ ॥

ਪੁਲਿਸ ਕਪਤਾਨ ਨੇ ਇਕ ਲੰਮਾਂ ਸਾਹ ਭਰਕੇ ਕਿਹਾ ਆਪ ਮਾਫ ਕਰੋ। ਪੁਲਿਸ ਦਾ ਕੰਮ ਹੀ ਕੁਝ ਸਖਤੀ ਦਾ ਹੁੰਦਾ ਹੈ। ਮੈਂ ਆਪਨੂੰ ਪਛਾਣਿਆਂ ਨਹੀਂ ਇਸੇ ਕਰਕੇ ਰੋਕਦਾ ਸਾਂ। ਖੈਰ ਆਪ ਵੀ ਸਰਕਾਰੀ ਆਦਮੀ ਹੋ ਇਸ ਲਈ ਆਪਦੀ ਵੀ ਗਵਾਹੀ ਦੀ ਅਤਿ. ਲੋੜ ਹੈ। ਆਓ ਅੰਦਰ ਆਓ ॥

ਅੰਦਰ ਜਾਂਦਿਆਂ ਹੀ ਮੈਂ ਵੇਖਿਆ ਕਿ ਪਹਰੇ ਲਗੇ ਹੋਏ ਹਨ। ਇਕ ਪੁਲਿਸ ਅਫਸਰ ਗਾਰਡਨ ਦੇ ਨੌਕਰਾਂ ਨੂੰ ਅਕਠਾ ਕਰਕੇ ਇਜ਼ਹਾਰ ਲੈ ਰਿਹਾ ਹੈ। ਮੈਂ ਓਨਾਂ ਦੇ ਇਜ਼-ਹਾਰ ਸੁਣਨ ਲਈ ਜਾਣਾਂ ਚਾਹੁੰਦਾ ਹੀ ਸਾਂ ਕਿ ਪੁਲਿਸ ਕਮਿਸ਼ਨਰ ਨੇ ਮੈਨੂੰ ਰੋਕਿਆ ਤੇ ਕਿਹਾ "ਆਪ ਇਧਰ ਆਓ ਮੈਂ ਲਾਚਾਰ ਹੋਕੇ ਓਸਦੇ ਨਾਲ ਤੁਰ ਪਿਆ ਤੇ ਅਸੀਂ ਦੋਵੇਂ ਉਪੱਰ ਗਏ।

ਮੈਂ ਇਨਾਂ ਗੱਲਾਂ ਨੂੰ ਵੇਖਕੇ ਇਕਤਰਾਂ ਨਾਲ ਸੁੰਨ ਹੋ ਗਿਆ ਸਾਂ। ਕੀ ਆਖਾਂ ? ਕੀ ਕਹਾਂ ? ਕੁਝ ਸਮਝ ਨਹੀਂ ਸੀ। ਓਧਰ ਗਾਰਡਨ ਦੀ ਵੀ ਦਸ਼ਾ ਭਯਾਨਕ ਸੀ। ਓਸਦੀ ਉਜੇਹੀ ਦਸ਼ਾ ਵੇਖਕੇ ਹੀ ਪੁਲਿਸ ਕਮਿਸ਼ਨਰ ਨੇ ਕਿਹਾ— "ਹੁਣ ਘਬਰਾਯਾਂ ਕੀ ਹੁੰਦਾ ਹੈ ? ਜੋ ਹੋਣਾ ਸੀ ਹੋਗਿਆ" ਗਾਰਡਨ ਦੀਆਂ ਅਖਾਂ ਵਿਚੋਂ ਅਥਰੂ ਆਗਏ ਤੇ ਓਸਨੇ ਕਿਹਾ—ਚਾਰਲਸ, ਕੀ ਸਚ ਮੁਚ ਹੀ ਕੰਮ ਪਾਰ ਹੋਗਿਆ? ਹੁਣ ਕੋਈ ਆਸ ਨਹੀਂ ? ਕੀ ਇਸ ਜਨਮ ਵਿਚ ਹੇਲਨ ।

ਰਤਨਾਕਰ ਗ੍ਰੰਥ ਸੀਰੀਜ਼ ਨੰ: ੨

# ਡਾਕੂ ਮੇਕੇਯਰ ਤੇ
# ਜਾਸੂਸ ਰਾਮਪਾਲ ਸਿੰਘ

## ਇਕ ਭਾਰੀ ਜਾਸੂਸੀ ਨਾਵਲ

(ਬਾਬੂ ਪੰਚਕੌੜੀ ਦੇ ਕ੍ਰਿਤ "ਸ਼ੋਣਿਤ-ਤਰਪਣ" ਦਾ ਅਨੁਵਾਦ)

ਅਨੁਵਾਦਕ

**ਸ੍ਰੀ ਕੇਸਰੀ ਸਿੰਘ ਮੁਲਤਾਨੀ**

ਅਨੇਕ ਭਾਸ਼ਾਭਿਗਜ

ਪ੍ਰਕਾਸ਼ਕ

**ਰਤਨਾਕਰ ਗ੍ਰੰਥ ਭੰਡਾਰ ਅੰਮ੍ਰਤਸਰ**

ਜਨਵਰੀ ੧੯੨੨

ਮੁਲ ੧।।)

NATIONAL LI[BRARY]
2996
12.5.64.
[CAL]CUTTA

# ਡਾਕੂ ਮੈਕੇਯਰ ਤੇ ਜਾਸੂਸ ਰਾਮ ਪਾਲ ਸਿੰਘ

## ਪਹਿਲਾ ਭਾਗ

### ਕਾਂਡ ੧

(ਬ੍ਰਿਗੇਡ ਸਰਜਨ ਸਟੀਵਨ ਦਾ ਬਿਆਨ)

ਸੰਨ ੧੮੫੭ ਈਸਵੀ ਵਿਚ ਮੈਂ ਕਾਨਪੁਰ ਦੇ ਬ੍ਰਿਗੇਡ ਸਰਜਨ ਦੇ ਓਹਦੇ ਉਤੇ ਕੰਮ ਕਰਦਾ ਸਾਂ। ਓਸ ਵੇਲੇ ਹਿੰਦੁ-ਸਤਾਨ ਦੇ ਅਸਮਾਨ ਵਿਚ "ਸਿਪਾਹੀ ਗਦਰ" ਦੀ ਵਰਖਾ ਹੋਣ ਦੀ ਸੂਚਨਾ ਦੇਣ ਵਾਲੇ ਬਦਲ ਛਾਏ ਹੋਏ ਸਨ। ਵਿਦਵਾਨ ਤੇ ਦੂਰੰਦੇਸ਼ ਲਾਰਡ ਕੈਨਿੰਗ ਨੂੰ ਇਸ ਭਯਾਨਕ ਬਲਵੇ ਦਾ ਭਾਸ ਜਾਣੋਂ ਪੈਹਲਾਂ ਤੋਂ ਹੀ ਮਲੂਮ ਹੋ ਗਿਆ ਸੀ ਅਤੇ ਓਹ ਇਸਨੂੰ ਦਬਾਉਣਾ ਚਾਹੁੰਦਾ ਸੀ। ਸੋ ਇਹ ਓਸਦੀ ਅਨੋਖੀ ਅਕਲ ਤੇ ਭਾਰੀ ਦੂਰੰਦੇਸ਼ੀ ਦਾ ਹੀ ਨਤੀਜਾ ਸੀ ਕਿ ਇਸ ਬਲਵੇ ਦਾ ਫਲ ਬਹੁਤਾ ਵੀਚਾਰ ਯੋਗ ਤੇ ਭਯਾਨਕ ਨਾ ਹੋਯਾ ਅਤੇ ਅੰਗਰੇਜੀ ਰਾਜ ਦੀ ਉਚੀ ਅਟਾਰੀ ਢੇਂਹਦੀ ਢੇਂਹਦੀ ੨ ਰੈਹ ਗਈ ਤੇ ਸਗੋਂ ਮਜਬੂਤ ਹੋਗਈ। ਓਹ ਹੋਰਨਾਂ ਗੋਰਿਆਂ ਦੀ ਚਾਲ ਢਾਲ ਵੇਖਕੇ ਸਮਝ ਗਏ ਸਨ ਕਿ ਕਾਨਪੁਰ ਹੀ ਬਲਵਾਈਆਂ ਦਾ ਵਡਾ ਅੱਡਾ ਹੋਵੇਗਾ। ਇਸੇ ਕਰਕੇ ਲਾਰਡ ਕੈਨਿੰਗ ਨੇ ਫੌਜ ਦੀ ਗਿਣਤੀ ਵਧਾਕੇ ਹੁਸ਼ਿਆਰ ਜਨਰਲ 'ਹੇ' ਨੂੰ ਓਥੇ ਭੇਜਿਆ ਅਤੇ ਮੈਨੂੰ ਵੀ ਫੌਜੀ ਡਾਕਟਰ ਬਣਾਕੇ ਓਸਦੇ ਨਾਲ ਤੋਰਿਆ।

ਜਿਸ ਵੇਲੇ ਮੈਂ ਕਾਨਪੁਰ ਪਹੁੰਚਿਆ ਓਸ ਵੇਲੇ ਮੇਰੇ ਪੈਹਲਾਂ ਦੇ ਜਾਣੂ ਮਿਤ੍ਰ ਮਿਸਟਰ 'ਗਾਰਡਨ' ਵੀ ਓਥੇ ਸਨ। ਅਸੀਂ ਦੋਵੇਂ ਇੰਗਲੈਂਡ ਦੇ ਇਕ ਕਾਲਜ ਵਿਚ ਇਕਠੇ ਪੜ੍ਹਦੇ ਰਹੇ ਸਾਂ ਅਤੇ ਓਦੋਂ ਤੋਂ ਹੀ ਸਾਡੀ ਗੂੜ੍ਹੀ ਦੋਸਤੀ ਹੋਗਈ ਸੀ। ਪਰ ਮੇਰੇ ਆਉਣ ਤੋਂ ਦੋ ਵਰ੍ਹੇ ਪੈਹਲਾਂ ਓਹ ਹਿੰਦੁਸਤਾਨ ਚਲੇ ਆਏ ਸਨ ਤੇ ਓਦੋਂ ਤੋਂ ਉਨਾਂ ਦੀ ਕੋਈ ਖਬਰ ਮੈਨੂੰ ਨਹੀਂ ਲਗੀ ਸੀ। ਕਾਨਪੁਰ ਜੇਹੇ ਓਪਰੇ ਸ਼ੈਹਰ ਵਿਚ ਓਨਾਂ ਨੂੰ ਮਿਲਕੇ ਮੈਨੂੰ ਬਹੁਤ ਖੁਸ਼ੀ ਹੋਈ। ਅਤੇ ਓਨਾਂ ਪਾਸੋਂ ਮੈਨੂੰ ਹਰੇਕ ਤਰਾਂ ਦੀ ਸਹਾਯਤਾ ਮਿਲਣ ਦੀ ਆਸ ਬਝ ਗਈ।

ਰਾਜ਼ੀ ਖੁਸ਼ੀ ਪੁਛਣ ਦੇ ਬਾਦ ਮੈਨੂੰ ਇਹ ਵੀ ਮਲੂਮ ਹੋਯਾ ਕਿ ਓਹ ਅਪਣੇ ਪਿਤਾ ਦੀ ਸਥਾਪਿਤ ਕੀਤੀ ਹੋਈ ਕੰਪਨੀ ਦੇ ਇਕ ਹਿੱਸੇ ਦਾਰ ਬਣਕੇ ਇਥੇ ਆਏ ਹਨ ਅਤੇ ਏਸ ਵਪਾਰ ਵਿਚ ਓਨਾਂ ਨੂੰ ਮੁਨਾਫਾ ਵੀ ਕਾਫੀ ਹੋਯਾ ਹੈ। ਬਸ ਅਜ ਤੋਂ ਮੇਰੀ ਫੇਰ ਗੂੜ੍ਹੀ ਦੋਸਤੀ ਹੋਗਈ। ਓਸੇ ਦਿਨ ਹੀ ਓਨਾਂ ਮੈਨੂੰ ਰੋਟੀ ਵਰਜੀ।

ਕੁਝ ਦਿਨ ਪਿਛੋਂ ਇਕ ਦਿਨ ਆਪਣਾ ਕੰਮ ਛੇਤੀ ੨ ਪੂਰਾ ਕਰਕੇ ਗਾਰਡਨ ਨੂੰ ਮਿਲਣ ਲਈ ਮੈਂ ਓਨਾਂ ਦੇ ਮਕਾਨ ਉਤੇ ਗਿਆ। ਦਰਵਾਜ਼ੇ ਉਤੇ ਹੀ ਗਾਰਡਨ ਦੀ ਮੇਮ ਮਿਲ ਗਈ ਅਤੇ ਓਹ ਮੈਨੂੰ ਵਡੇ ਆਦਰ ਨਾਲ ਅੰਦਰ ਲੈ ਗਈ। ਭਾਵੇਂ ਅਜ ਤੋਂ ਪੈਹਲਾਂ ਓਸਦੀ ਮੇਰੇ ਨਾਲ ਕੋਈ ਜਾਣ ਪਛਾਣ ਨਹੀਂ ਸੀ ਪਰ ਓਸਨੇ ਮੇਰੇ ਨਾਲ ਬਹੁਤ ਦਿਨਾਂ ਦੇ ਪਛਾਣੂ ਮਨੁਖਾਂ ਵਾਲਾ ਵਰਤਾਉ ਕੀਤਾ। ਮੈਂ ਤੇ ਓਸਦੀ ਮੇਮ ਅੰਦਰ ਪਹੁੰਚੇ ਹੀ ਸੇ ਕਿ ਮੇਰੇ ਮਿਤ੍ਰ ਗਾਰਡਨ ਵੀ ਆ ਗਏ। ਉਨ੍ਹਾਂ ਦਾ ਮਕਾਨ ਵਡਾ ਸਜਿਆ ਹੋਯਾ ਸੀ।

ਬੰਗਲੇ ਦੇ ਚਾਰੇ ਪਾਸੇ ਫੁਲਵਾੜੀ ਫੁਹਾਰੇ ਤੇ ਨਕਲੀ ਪਹਾੜੀਆਂ ਸੋਭਾ ਦੇ ਰਹੀਆਂ ਸਨ।

ਗਾਰਡਨ ਨੇ ਮੈਨੂੰ ਬਿਠਾਕੇ 'ਰੋਜ਼' ਤੇ 'ਹੇਲਨਾ' ਨਾਮੇਂ ਦੋਹਾਂ ਧੀਆਂ ਨੂੰ ਸਦ ਭੇਜਿਆ ਅਤੇ ਓਨਾਂ ਨਾਲ ਮੇਰੀ ਜਾਣ ਪਛਾਣ ਕਰਾਈ। ਓਸ ਵੇਲੇ ਰੋਜ਼ ਦੀ ਉਮਰ ਕਰੀਬ ੨੨ ਵਰ੍ਹੇ ਤੇ ਹੇਲਨਾ ਦੀ ੧੯ ਵਰ੍ਹੇ ਦੀ ਸੀ। ਗਾਰਡਨ ਦਾ ਹੋਰ ਕੋਈ ਪੁਤ੍ਰ ਨਹੀ ਸੀ ਏਹ ਲੜਕੀਆਂ ਹੀ ਓਸਦੇ ਅਪਾਰ ਧਨ ਦੀਆਂ ਵਾਰਸਾ ਸਨ। ਰੋਜ਼ਦਾ ਸਰਲ ਤੇ ਸ਼ਰਮੀਲਾ ਭਾਵ ਮੈਨੂੰ ਬਹੁਤ ਪਯਾਰਾ ਲਗਾ। ਹੇਲਨਾ ਦੀ ਚੰਚਲ ਤੇ ਅਸਥਿਰ ਤਬੀਅਤ ਮੈਨੂੰ ਅਪਨੀ ਵਲ ਨਾ ਖਿਚ ਸਕੀ। ਮੈਂ। ਰੋਜ ਪਾਸੋਂ ਓਸਦੇ ਪੜ੍ਹਨ ਲਿਖਣ ਦੀ ਕੁਝ ਗਲਾਂ ਪੁਛੀਆਂ ਜਿਨਾਂ ਦੇ ਜਵਾਬ ਤੋਂ ਮਲੂਮ ਹੋਯਾ ਕਿ ਓਸਨੇ ਵਿਦਯਾ ਅਤੇ ਮਾਨਸਿਕ ਗਲਾਂ ਵਿਚ ਬਹੁਤ ਤਰੱਕੀ ਕੀਤੀ ਹੈ। ਹੇਲਨਾਂ ਪਾਸੋਂ ਵੀ ਮੈਂ ਕਈ ਗਲਾਂ ਪੁਛੀਆਂ ਪਰ ਓਸਦੇ ਬੇਪਰਵਾਹੀ ਦੇ ਜਵਾਬ ਸੁਣਕੇ ਮੈਂ ਓਸ ਪਾਸੋਂ ਹੋਰ ਕੁਝ ਨਾ ਪੁਛਿਆ। ਇਸਤਰਾਂ ਨਾਲ ਹਿੰਦੁਸਤਾਨ ਵਿਚ ਮੇਰਾ ਗਾਰਡਨ ਦੇ ਕੁਟੰਬ ਨਾਲ ਮਿਲਾਪ ਹੋਯਾ ਤੇ ਮੈਂ ਓਸ ਦਿਨ ਬਹੁਤ ਰਾਤ ਗਈ ਪਿਛੋਂ ਰੋਟੀ ਖਾਕੇ ਆਪਣੇ ਘਰ ਮੁੜਿਆ।

ਗਾਰਡਨ ਦੇ ਕੁਟੰਬ ਨਾਲ ਮੇਰੀ ਮੁਹਬਤ ਦਿਨੋਂ ਦਿਨ ਵਧਦੀ ਗਈ ਅਤੇ ਓਨਾਂ ਦੇ ਪਿਆਰ ਨੇ ਮੈਨੂੰ ਆਪਣੀ ਵਲ ਐਸਾ ਖਿਚਿਆ ਕਿ ਮੈਂ ਰੋਜ ਇਕ ਵਾਰ ਓਨਾਂ ਦੇ ਘਰ ਜਾਣ ਲਗ ਪਿਆ। ਖਾਸ ਕਰ ਰੋਜ਼ ਮੈਨੂੰ ਚੰਗੀ ਲਗਦੀ ਸੀ। ਭਾਵੇਂ ਹੇਲਨਾ ਮੈਨੂੰ ਬਹੁਤ ਮਿਲਦੀ ਜੁਲਦੀ ਨਹੀਂ ਸੀ ਪਰ ਓਹ ਵੀ ਪਯਾਰੀ ਲਗਦੀ ਸੀ।

ਗਾਰਡਨ ਦੇ ਪਰਵਾਰ ਨਾਲ ਇਸਤਰਾਂ ਜਾਣ ਪਛਾਣ ਹੋਣਦੇ ਠੀਕ ੩ ਮਹੀਨੇ ਪਿਛੋਂ ਐਤਵਾਰ ਵਾਲੇ ਦਿਨ ਰੋਜ਼ ਤੇ ਹੇਲਨਾ ਦੇ ਨਾਲ ਮੈਂ ਗਿਰਜੇ ਵਿਚ ਬੰਦਗੀ ਕਰਨ ਗਿਆ। ਰਾਹ ਵਿਚ ਰੋਜ਼ ਨੇ ਮੈਨੂੰ ਕਿਹਾ—"ਅਜ ਕਿਸੇ ਕਾਰਣ ਕਰਕੇ ਹੇਲਨਾ ਦਾ ਦਿਲ ਦੁਖੀ ਹੈ ਇਸ ਲਈ ਆਪ ਇਸਦੇ ਦਿਲ ਨੂੰ ਪਰਚਾਣ ਦਾ ਪ੍ਰਬੰਧ ਕੋਈ ਕਰੋ।"

ਸਚ ਮੁਚ ਹੇਲਨਾ ਦੇ ਸੁੰਦਰ ਮੂੰਹ ਉਤੇ ਅਜ ਉਦਾਸੀ ਜੇਹੀ ਨਜ਼ਰ ਪੈਂਦੀ ਸੀ। ਏਹ ਵੇਖਕੇ ਮੈਨੂੰ ਬਹੁਤ ਦੁਖ ਹੋਯਾ। ਓਸ ਨੂੰ ਕਿਸੇ ਨ ਕਿਸੇ ਤਰਾਂ ਖੁਸ਼ ਕਰਨ ਲਈ ਮੇਰਾ ਮਨ ਚੰਚਲ ਹੋ ਪਿਆ ਪਰ ਓਸ ਦੇ ਦਿਲ ਦਾ ਦੁਖ ਜਾਣਨ ਲਈ ਓਤਨਾ ਕਾਤਰ ਨਾ ਹੋਯਾ। ਓਸ ਵੇਲੇ ਮੈਂ ਇਹ ਨਾ ਵਿਚਾਰ ਸਕਿਆ ਕਿ ਇਸਦੇ ਛੋਟੇ ਤੇ ਸਰਲ ਦਿਲ ਵਿਚ ਕੋਈ ਭਯਾਨਕ ਕੀੜਾ ਬੈਠਾ ਹੋਯਾ ਹੈ । ਰਾਹ ਵਿਚ ਮੈਂ ਹੇਲਨਾ ਨੂੰ ਖੁਸ਼ ਕਰਨ ਦੇ ਕਈ ਉਪਾ ਕੀਤੇ ਪਰ ਮੇਰੀ ਸਾਰੀ ਕੋਸ਼ਸ਼ ਬਿਰਥਾ ਗਈ। ਕਿਉਂਕਿ ਮੈਂ ਜਿਤਨਾਂ ਓਸ ਨੂੰ ਖੁਸ਼ ਕਰਨ ਦਾ ਉਪਾ ਕਰਨ ਲਗਾ ਓਤਨਾਂ ਹੀ ਓਸਦਾ ਦੁਖ ਵਧਣ ਲਗਾ।

ਜਿਸ ਵੇਲੇ ਅਸੀਂ ਗਿਰਜੇ ਵਿਚ ਪਹੁੰਚੇ ਓਸ ਵੇਲੇ ਬੰਦਗੀ ਅਰੰਭ ਸੀ। ਗਿਰਜਾ ਮਨੁਖਾਂ ਨਾਲ ਭਰਪੂਰ ਸੀ। ਸਭ ਤੋਂ ਪਿਛੋਂ ਇਕ ਬੈਂਚ ਖਾਲੀ ਸੀ ਮੈਂ ਤੇ ਰੋਜ਼ ਓਸਤੇ ਬੈਠੇ ਤੇ ਹੇਲਨਾਂ ਸਾਡੇ ਅੱਗੇ ਵਾਲੇ ਬੈਂਚ ਦੇ ਇਕ ਕੋਣੇ ਉਤੇ ਬੈਠ ਗਈ। ਕਰੀਬ ਅਧੇ ਘੰਟੇ ਪਿਛੋਂ ਮੈਂ ਹੇਲਨਾ ਵਲ ਨਜ਼ਰ ਮਾਰੀ ਤਾਂ ਓਹ ਸਥਿਰ ਹੋਕੇ ਹਥ ਜੋੜੀ ਬੈਠੀ ਸੀ ਅਰ ਓਸਦੇ ਪਿਛੇ ਖੜਾ ਹੋਯਾ ਇਕ ਜਵਾਨ ਤੇਜ਼ ਨਜ਼ਰ ਨਾਲ ਓਸ ਵਲ ਤੱਕ ਰਿਹਾ ਸੀ।

ਓਸ ਦਾ ਚੇਹਰਾ ਕਾਲੀਆਂ ੨ ਮੁਛਾਂ ਨਾਲ ਤੇ ਨੀਲੀ ਐਨਕ ਨਾਲ ਅੱਖਾਂ ਢਕੀਆਂ ਹੋਈਆਂ ਹੋਣ ਕਰਕੇ ਮੈਂ ਚੰਗੀ ਤਰਾਂ ਨਾ ਵੇਖ ਸਕਿਆ। ਓਸਨੇ ਸਿਰ ਤੋਂ ਲੈ ਪੈਰ ਤੀਕ ਸੋਗ ਦੀ ਨਿਸ਼ਾਨੀ ਕਾਲੇ ਕਪੜੇ ਪਾਏ ਹੋਏ ਸਨ। ਓਹ ਹੇਲਨਾ ਵਲ ਏਸ ਤਰਾਂ ਕਿਉਂ ਤੱਕ ਰਿਹਾ ਹੈ ਇਹ ਜਾਣਨ ਲਈ ਮੇਰਾ ਦਿਲ ਘਾਬਰ ਗਿਆ। ਮੈਂ ਅਪਣੇ ਦਿਲ ਵਿਚ ਦ੍ਰਿੜ ਕਰ ਲਿਆ ਕਿ ਬੰਦਗੀ ਪੂਰੀ ਹੋਣ ਪਰ ਇਸ ਨਾਲ ਗੱਲਾਂ ਕਰਾਂਗਾ।

ਕੁਝ ਦੇਰ ਪਿਛੋਂ ਬੰਦਗੀ ਪੂਰੀ ਹੋਗਈ ਮੈਂ ਫੇਰ ਭੀ ਵੇਖਿਆ ਤਾਂ ਓਹ ਜਵਾਨ ਹੇਲਨਾ ਨੂੰ ਇਕ ਟਕ ਨਜ਼ਰ' ਲਾਕੇ ਵੇਖ ਰਿਹਾ ਹੈ। ਓਸੇ ਵੇਲੇ ਹੀ ਹੇਲਨਾ ਉਠ ਖੜੀ ਹੋਈ। ਪਰ ਜਿਓਂ ਹੀ ਓਸ ਦੀ ਨਜ਼ਰ ਓਸ ਜਵਾਨ ਉਤੇ ਪਈ ਤਿਓਂ ਹੀ ਓਹ ਚੀਕਮਾਰਕੇ ਇਕ ਦਮ ਬੈਂਚ ਉ ਫੇਰ ਬੈਠ ਗਈ ਅਤੇ ਦੋਹਾਂ ਹਥਾਂ ਨਾਲ ਓਸਨੇ ਅਪ ਣੀਆਂ ਸੁੰਦਰ ਅਖਾਂ ਢਕ ਲਈਆਂ। ਮੈਂ ਝਟ ਦੌੜਕੇ ਹੇਲਨਾ ਨੂੰ ਫੜ ਲਿਆ ਤੇ ਰੋਜ਼ ਵੀ ਅਪਣੇ ਰੁਮਾਲ ਨਾਲ ਓਸ ਨੂ ਹਵਾ ਕਰਨ ਲਗੀ ਇਸ ਵੇਲੇ ਕੋਈ ਬੋਲ ਪਿਆ "ਬਦਲਾ, ਬਦਲਾ" ਮੈਂ ਘਾਬਰਕੇ ਓਸ ਪਾਸੇ ਵੇਖਿਆ ਜਿਧਰ ਓਹ ਜਵਾਨ ਖੜਾ ਸੀ ਪਰ ਓਥੇ ਕੋਈ ਵੀ ਨਜ਼ਰ ਨਾ ਆਯਾ। ਕੁਝ ਦੇਰ ਪਿਛੋਂ ਹੇਲਨਾ ਜਦ ਅਪਣੇ ਹੋਸ਼ ਵਿਚ ਆਈ ਤਾਂ ਪਾਗਲਾਂ ਵਾਂਗ ਚਾਰੇ ਪਾਸੇ ਵੇਖਣ ਲਗੀ। ਇਸ ਵੇਲੇ ਮੈਂ ਓਸਨੂੰ ਧੀਰਜ ਦੇਂਦਿਆਂ ਹੋਯਾਂ ਕਿਹਾ "ਹੇਲਨਾ! ਤੂੰ ਜਿਸ ਨੂੰ ਵੇਖਕੇ ਇਤਨਾਂ ਡਰੀ ਸੈਂ ਓਹਚਲਿਆਗਿਆਹੈ।'

ਇਹ ਸੁਣਦੀ ਹੇਲਨਾ ਨੇ ਮੇਰੀ ਵਲ ਮੁੜਕੇ ਵੇਖਿਆ ਪਰ ਇਸ ਵੇਲੇ ਓਸ ਦਾ ਚੇਹਰਾ ਪੀਲਾ ਪੈਗਿਆ

ਸੀ। ਮਲੂਮ ਹੁੰਦਾ ਸੀ ਜਾਣੋਂ ਉਸਦੇ ਸਰੀਰ ਵਿਚ ਲਹੂ ਹੀ ਨਹੀਂ। ਉਸਦੀ ਇਹ ਦਸ਼ਾ ਵੇਖਕੇ ਮੇਰੇ ਮਨ ਵਿਚ ਭੀ ਕੁਝ ਭੈ ਪੈਦਾ ਹੋਯਾ ਅਤੇ ਮੈਨੂੰ ਇਹ ਖਿਆਲ ਹੋਗਿਆ ਕਿ ਜੇਕਰ ਕੁਝ ਦੇਰ ਤਕ ਇਸ ਦੀ ਇਜੇਹੀ ਦਸ਼ਾ ਰਹੀ ਤਾਂ ਇਸ ਨੂੰ ਕੋਈ ਖਤਰਨਾਕ ਰੋਗ ਲਗ ਜਾਵੇਗਾ।

ਅਸੀਂ ਗਿਰਜੇ ਤੋਂ ਤੁਰਨ ਲਈ ਤਿਆਰ ਹੋਏ। ਉਸ ਵੇਲੇ ਰਾਤ ਦੇ ੧੦ ਵਜੇ ਸਨ। ਗਿਰਜੇ ਵਿਚ ਕੋਈ ਆਦਮੀ ਨਹੀਂ ਸੀ। ਮੈਂ ਤੇ ਰੋਜ਼ ਦੋਵੇਂ ਹੇਲਨਾ ਨੂੰ ਫੜਕੇ ਘਰ ਨੂੰ ਚਲ ਪਏ। ਜਿਸ ਵੇਲੇ ਅਸੀਂ ਕਿਲੇ ਦੇ ਸਾਹਮਣੇ ਵਾਲੇ ਮਦਾਨ ਵਿਚ ਪਹੁੰਚੇ ਇਸ ਵੇਲੇ ਇਕ ਮੋਟਾ ਤਾਜ਼ਾ ਗੋਰਾ ਸਾਡੇ ਪਾਸ ਆਯਾ ਅਤੇ ਪੁਛਣ ਲਗਾ—"ਤੁਸੀਂ ਕਿਥੇ ਜਾਓਗੇ?" ਮੈਂ ਕਿਹਾ "ਗਾਰਡਨ ਦੇ ਮਕਾਨ ਉਤੇ" ਉਨੇ ਕਿਹਾ "'ਗਾਰਡਨ' ਮੇਰਾ ਵੀ ਮਿਤ੍ਰ ਹੈ। ਜੇਕਰ ਆਪਨੂੰ ਕਿਸੇ ਤਰਾਂ ਦੀ ਸਹੈਤਾ ਦੀ ਲੋੜ ਹੋਵੇ ਤਾਂ ਮੈਂ ਖੁਸ਼ੀ ਨਾਲ ਦੇਣ ਨੂੰ ਤਿਆਰ ਹਾਂ"

ਇਸ ਨਵੇਂ ਮਨੁਖ ਦੀਆਂ ਗਲਾਂ ਸੁਣਕੇ ਮੈਨੂੰ ਕੁਝ ਸ਼ਕ ਗੁਜਰਿਆ। ਮੈਂ ਇਹ ਸੋਚਣ ਲਗਾ ਕਿ ਹੇਲਨਾ ਦੇ ਦੁਖੀ ਹੋਣ ਦਾ ਹਾਲ ਇਸ ਨੂੰ ਕਿਸ ਤਰਾਂ ਮਲੂਮ ਹੋਯਾ ਫੇਰ ਇਸ ਤਰਾਂ ਸਾਨੂੰ ਰਾਹ ਵਿਚ ਰੋਕ ਕੇ ਸਹੈਤਾ ਪੁਚਾਣ ਦਾ ਹੀ ਕੀ ਮਤਲਬ ਹੈ? ਕੁਝ ਹੋਵੇ ਪਰ ਮੈਨੂੰ ਇਨਾਂ ਗਲਾਂ ਦੇ ਪੁਛੱਣ ਦੀ ਕੋਈ ਵੇਹਲ ਨਹੀਂ ਸੀ। ਕਿਉਂਕਿ ਅਸੀਂ ਹੇਲਨਾ ਦੇ ਲਈ ਬਹੁਤ ਫਿਕਰ ਵਿਚ ਸੀ ਤੇ ਉਸ ਨੂੰ ਬਹੁਤ ਛੇਤੀ ਘਰ ਪੁਚਾ ਦੇਣਾ ਚਾਹੁੰਦੇ ਸਾਂ ਮੈਂ ਉਸਦਾ ਮਾਨ ਰੱਖਣ ਲਈ ਕੇਵਲ ਇਹ ਪੁਛਿਆ "ਆਪਦਾ ਮਕਾਨ ਕਿਥੇ ਹੈ?"

ਓਸਨੇ ਕਿਹਾ ਮੈਂ ਇਥੋਂ ਦੇ ਇਕ ਦਫਤਰ ਵਿਚ ਕੰਮ ਕਰਦਾ ਹਾਂ, ਮਕਾਨ ਨੇੜੇ ਹੈ ਜੇਕਰ ਆਖੋ ਤਾਂ ਮੈਂ ਇਕ ਗੱਡੀ ਲੈ ਆਵਾਂ ?

ਮੈਂ ਓਸ ਨੂੰ ਧੰਨਵਾਦ ਦੇਕੇ ਕਿਹਾ – ਆਪਦੇ ਉੱਤਮ ਵਰਤਾਓ ਨੂੰ ਵੇਖ ਕੇ ਮੈਨੂੰ ਬਹੁਤ ਖੁਸ਼ੀ ਹੋਈ ਹੈ। ਸਾਡਾ ਮਕਾਨ ਵੀ ਨੇੜੇ ਹੈ ਇਸ ਲਈ ਗੱਡੀ ਦੀ ਕੋਈ ਲੋੜ ਨਹੀਂ।

ਓਹ ਸਾਨੂੰ ਸਲਾਮ ਕਰਕੇ ਚਲਿਆ ਗਿਆ। ਰੋਜ਼ ਨੂੰ ਪੁਛਣ ਪਰ ਓਸਨੇ ਕਿਹਾ ਕਿ ਇਸਨੂੰ ਮੈਂ ਕਦੇ ਨਹੀਂ ਵੇਖਿਆ। ਫੇਰ ਓਸਨੇ ਕਿਵੇਂ ਕਿਹਾ ਕਿ ਮੇਰੀ ਗਾਰਡਨ ਦੇ ਨਾਲ ਜਾਣ ਪਛਾਣ ਹੈ ? ਮੇਰੇ ਦਿਲ ਵਿਚ ਇਸ ਤਰਾਂ ਦੇ ਖਿਆਲ ਉਠਣ ਲਗੇ।

ਠੀਕ ੧੦॥ ਵਜੇ ਅਸੀਂ ਮਕਾਨ ਦੇ ਨੇੜੇ ਪਹੁੰਚ ਗਏ। ਮੇਰੀ ਨਜ਼ਰ ਓਸ ਵੇਲੇ ਸੜਕ ਉਤੇ ਲਗੀ ਹੋਈ ਲਾਲਟੈਨ ਵਲ ਗਈ। ਮੈਂ ਸਾਫ ਵੇਖਿਆ ਕਿ ਦੋ ਗੋਰੇ ਖੜੇ ਹੋਏ ਆਪਸ ਵਿਚ ਕੁਝ ਗਲਾਂ ਕਰ ਰਹੇ ਹਨ। ਓਨਾਂ ਵਿਚੋਂ ਇਕ ਸਾਡੀ ਵਲ ਇਸ਼ਾਰਾ ਕਰਕੇ ਕੁਝ ਆਖ ਰਿਹਾ ਹੈ। ਜੇਹੜਾ ਸਾਡੀ ਵਲ ਇਸ਼ਾਰਾ ਕਰਕੇ ਕੁਝ ਆਖ ਰਿਹਾ ਸੀ ਓਸਦੀਆਂ ਮੁਛਾਂ ਤੇ ਐਨਕ ਵੇਖਕੇ ਮੈਂ ਤਾੜ ਗਿਆ ਕਿ ਇਹੋ ਗੋਰਾ ਗਿਰਜੇ ਵਿਚ ਹੇਲਨਾ ਵਲ ਤੇਜ ਨਜ਼ਰ ਨਾਲ ਤਕਦਾ ਸੀ। ਫੇਰ ਤਾਂ ਮੇਰੇ ਦਿਲ ਵਿਚ ਕਈ ਸ਼ਕ ਗੁਜ਼ਰੇ ਅਤੇ ਮੇਰਾ ਚਿਤ ਬਹੁਤ ਡਾਵਾਂ ਡੋਲ ਹੋਗਿਆ।

ਮੈਂ ਰੋਜ਼ ਨੂੰ ਕਿਹਾ "ਰੋਜ਼ ਤੂੰ ਹੇਲਨਾ ਨੂੰ ਲੈਕੇ ਅੰਦਰ ਜਾਹ ਤੇ ਮੈਨੂੰ ਕੁਝ ਕੰਮ ਹੈ, ਮੈਂ ਹੁਣੇ ਮੁੜ ਆਉਂਦਾ ਹਾਂ"

ਰੋਜ਼ ਨੇ ਕਿਹਾ—ਨਾ ਨਾ, ਅਜ ਤੁਸੀਂ ਕਿਧਰੇ ਨਾ ਜਾਓ।

ਹੈਲਨਾ ਦੀ ਤਬੀਅਤ ਚੰਗੀ ਨਹੀਂ ਇਸ ਲਈ ਅੱਜ ਦੀ ਰਾਤ ਸਾਡੇ ਮਕਾਨ ਉਤੇ ਅਰਾਮ ਕਰੋ ॥

ਮੈਂ ਕਿਹਾ-ਰੋਜ਼, ਡਰ ਨਹੀਂ ਮੈਂ ਹੁਣੇ ਦਸ ਮਿੰਟ ਲਾਕੇ ਆਉਂਦਾ ਹਾਂ। ਇਹ ਆਖਕੇ ਮੈਂ ਉਸ ਲਾਲਟੇਨ ਵਲ ਗਿਆ ਜਿਥੇ ਖੜੇ ਓਹ ਦੋ ਗੋਰੇ ਗੱਲਾਂ ਕਰ ਰਹੇ ਸਨ। ਓਹ ਮੈਨੂੰ ਵੇਖਦੇ ਹੀ ਦੂਜੇ ਪਾਸੇ ਤੁਰ ਪਏ। ਮੈਂ ਵੀ ਉਸ ਮਨੁਖ ਦਾ ਪਿਛਾ ਲਿਆ ਜਿਸਨੂੰ ਗਿਰਜੇ ਵਿਚ ਵੇਖਿਆ ਸੀ। ਓਹ ਮੁੜ ੨ ਪਿਛੇ ਵੇਖਦਾ ਹੋਯਾ ਫੁਰਤੀ ਨਾਲ ਅਗੇ ਵਧਿਆ ਜਾਂਦਾ ਸੀ। ਮੈਂ ਇਸਤੋਂ ਸਮਝ ਗਿਆ ਕਿ ਓਹ ਮੈਨੂੰ ਮਿਲਨਾ ਨਹੀਂ ਚਾਹੁੰਦਾ ਅਤੇ ਮੈਂ ਉਸਦਾ ਪਿਛਾ ਕਰ ਰਿਹਾ ਹਾਂ ਇਹ ਗਲ ਓਹ ਜਾਣ ਗਿਆ ਹੈ । ਉਸਦੇ ਦਿਲ ਵਿਚੋਂ ਇਹ ਖਿਆਲ ਦੂਰ ਕਰਨ ਲਈ ਮੈਂ ਉਸਦਾ ਪਿਛਾ ਛਡਕੇ ਨਾਲ ਖੜੀ ਇਕ ਦੁਕਾਨ ਦੇ ਅੰਦਰ ਵੜ ਗਿਆ। ਮਲੂਮ ਹੁੰਦਾ ਹੈ ਮੈਨੂੰ ਉਸਨੇ ਦੁਕਾਨ ਵਿਚ ਵੜਦਿਆਂ ਨਹੀਂ ਵੇਖਿਆ।ਕਿਉਂਕਿ ਜਦ ਉਸਨੇ ਪਿਛੇ ਪਰਤਕੇ ਵੇਖਿਆ ਤੇ ਮੈਂ ਨਾ ਦਿਸਿਆ ਤਾਂ ਓਹ ਖੜੋ ਗਿਆ ਤੇ ਫੇਰ ਹੌਲੀ ੨ ਅਗੇ ਨੂੰ ਤੁਰਿਆ ਜਦ ਓਹ ਕੁਝ ਦੂਰ ਨਿਕਲ ਗਿਆ ਤਦ ਮੈਂ ਵੀ ਦੁਕਾਨ ਵਿਚੋਂ ਨਿਕਲ ਦਬੇ ਪੈਰ ਉਸਦੇ ਪਿਛੇ ਤੁਰ ਪਿਆ ਕਿ ਵੇਖਾਂ ਓਹ ਕਿਥੇ ਜਾਂਦਾ ਹੈ। ਥੋੜੀ ਦੂਰ ਜਾਕੇ ਓਹ ਸੜਕ ਛਡ ਕਿਲੇ ਦੇ ਮੈਦਾਨ ਵਿਚ ਹੋ ਪਿਆ ਤੇ ਕਿਲੇ ਦੇ ਫਾਟਕ ਉਤੇ ਪਹੁੰਚਕੇ ਉਸਨੇ ਸੀਟੀ ਦਿਤੀ। ਤੁਰਤ ਅੰਦਰੋਂ ਕਿਸੇਨੇ ਦਰਵਾਜ਼ਾ ਖੋਲਦਿਤਾ ਤੇ ਓਹ ਅੰਦਰ ਵੜਗਿਆ। ਮੈਂ ਕਿਲੇ ਦੀ ਬੰਗਾਲ ਪਲਟਨ ਦਾ ਸਰਜਨ ਸਾਂ । ਸਿਪਾਹੀਆਂ ਦੇ ਜੋ ਕਾਇਦੇ ਹਨ ਓਨਾਂ ਨੂੰ ਮੈਂ ਚੰਗੀਤਰਾਂ ਨਾਲ ਜਾਣਦਾ ਸਾਂ ਕਿ ਰਾਤ ਦੇ ੧੧ ਵਜੇ ਤੋਂ ਪਿਛੋਂ ਕਿਸੇ ਬਾਹਰਲੇ ਮਨੁਖ ਨੂੰ

ਅੰਦਰ ਵੜਨਾ ਕਾਨੂੰਨ ਦੇ ਬਰਖਿਲਾਫ ਹੈ । ਇਹ ਵੀ ਮੈਂ ਜਾਣਦਾ ਸਾਂ ਕਿ ਪਲਟਨ ਦੇ ਕਿਸੇ ਆਦਮੀ ਦਾ ਇਤਨੀ ਰਾਤ ਗਈ ਤਕ ਬਾਹਰ ਰੈਹਣਾ ਵੀ ਕਾਨੂੰਨ ਵਿਰੁੱਧ ਹੈ । ਮੇਰੇ ਜੀ ਵਿਚ ਆਯਾ ਕਿ ਇਸੇ ਵੇਲੇ ਕਮਾਂਡਿੰਗ ਅਫ਼ਸਰ ਜਨਰਲ 'ਹੇ' ਨੂੰ ਖਬਰ ਦੇਵਾਂ । ਪਰ ਇਤਨੀ ਰਾਤ ਗਈ ਕਿਲੇ ਵਿਚ ਜਾਣਾ ਕੋਈ ਸੁਖੈਨ ਕੰਮ ਨਹੀਂ ਸੀ । ਸੋ ਇਸ ਖਿਆਲਨੂੰ ਛਡਕੇ ਮੈਂ ਪਿਛੇ ਮੁੜ ਪਿਆ ਤੇ ਛੇਤੀ ਨਾਲ ਗਾਰਡਨ ਦੇ ਮਕਾਨ ਤੇ ਪਹੁੰਚਾ । ਮਕਾਨ ਵਿਚ ਵੜਦਿਆਂ ਹੀ ਪਿਆਰੇ ਮਿਤ੍ਰ ਗਾਰਡਨ ਉਦਾਸ ਮਨ ਮੇਰੇ ਪਾਸ ਆਏ ਅਤੇ ਮੈਂ ਓਨਾਂ ਨੂੰ ਸੰਖੇਪ ਨਾਲ ਹੇਲਨਾ ਦੀ ਹਾਲਤ ਦੱਸੀ ਪਰ ਹੋਰ ੨ ਗਲਾਂ ਨਾ ਦਸੀਆਂ । ਓਹ ਵੀ ਮੈਨੂੰ ਓਸੇ ਵੇਲੇ ਹੇਲਨਾਂ ਦੇ ਪਾਸ ਲੈ ਗਏ । ਹੇਲਨਾ ਮੰਜੀ ਉਤੇ ਪਈ ਹੋਈ ਸੀ ਉਸਦੀ ਮਾਂ ਤੇ ਭੈਣ ਰੋਜ਼ ਓਸਦੇ ਕੋਲ ਬੈਠੀਆਂ ਸਨ । ਨਾੜੀ ਵੇਖਣ ਤੋਂ ਮਲੂਮ ਹੋਯਾ ਕਿ ਇਸ ਵੇਲੇ ਹੇਲਨਾਂ ਨੂੰ ਕੁਝ ਬੁਖਾਰ ਚੜ੍ਹਿਆ ਹੋਯਾ ਹੈ । ਮੈਂ ਓਸਨੂੰ ਚਾਹ ਪਿਲਾਣ ਲਈ ਦਸਕੇ ਵਿਦਾ ਹੋਯਾ । ਰੋਜ਼ ਮੈਨੂੰ ਕੁਝ ਦੂਰ ਤਕ ਛੱਡਣ ਆਈ ਅਤੇ ਸਵੇਰੇ "ਜ਼ਰੂਰ ਆਉਣਾ" ਆਖਕੇ ਮੁੜ ਗਈ ॥

ਮੈਂ ਜਿਸ ਵੇਲੇ ਅਪਣੇ ਮਕਾਨ ਉਤੇ ਪਹੁੰਚਾ ਓਸ ਵੇਲੇ ਰਾਤ ਦੇ ੧੨ ਬਜ ਚੁਕੇ ਸਨ । ਮੈਂ ਬਹੁਤ ਥਕ ਗਿਆ ਸਾਂ ਤੇ ਹਾਲ ਦੀਆਂ ਘਟਨਾ ਮੇਰੇ ਚਿਤ ਨੂੰ ਚੰਚਲ ਕਰ ਰਹੀਆਂ ਸਨ । ਕੁਝ ਖਾ ਪੀ ਕੇ ਮੈਂ ਸੌਣ ਲਈ ਗਿਆ ਪਰ ਮੈਨੂੰ ਨੀਂਦ ਨਾ ਆਈ । ਹੇਲਨਾ ਦਾ ਉਦਾਸ ਚੇਹਰਾ, ਓਸ ਅਨਜਾਣੇ ਮਨੁਖ ਦਾ ਕੰਮ । ਕਿਲੇ ਵਿਚ ਰਾਤ ਦੇ ਸਮੇਂ ਬਾਹਰਲੇ ਮਨੁਖ ਦਾ ਵੜਨਾ, ਆਦਿਕ ਕਿਨੀਆਂ ਹੀ ਗੱਲਾਂ ਮੇਰੇ ਚਿੱਤ ਨੂੰ ਚੰਚਲ ਕਰ ਰਖਿਆ ਸੀ । ਇਥੇ ਮੈਂ ਇਹ

ਦੱਸ ਦੇਣਾ ਜ਼ਰੂਰੀ ਸਮਝਦਾ ਹਾਂ ਕਿ ਮੈਂ ਬਚਪਨ ਤੋਂ ਹੀ ਦੁਖੀਆਂ ਤੇ ਗਰੀਬਾਂ ਦਾ ਹਿਮੈਤੀ ਹਾਂ । ਜਦ ਮੈਨੂੰ ਵੀ ਸਰਕਾਰੀ ਨੌਕਰੀ ਮਿਲੀ ਤਦ ਮੈਂ ਇਹ ਪ੍ਰਤਿਗਯਾ ਕਰ ਹੀ ਲਈ ਸੀ ਕਿ ਮੈਂ ਦੁਖੀਆਂ ਗਰੀਬਾਂ ਪਾਸੋਂ ਇਕ ਪੈਸਾ ਵੀ ਨਹੀਂ ਲਵਾਂਗਾ । ਇਸੇ ਲਈ ਮੈਂ ਅਪਣੇ ਨੌਕਰਾਂ ਨੂੰ ਆਖ ਦਿਤਾ ਹੋਯਾ ਸੀ ਕਿ ਜਿਸ ਵੇਲੇ ਵੀ ਕੋਈ ਮੇਰੇ ਪਾਸ ਆਵੇ ਓਸਨੂੰ ਆਉਣ ਦਿਓ ॥

ਓਸ ਰਾਤ ੧ ਵਜੇ ਤਕ ਮੈਨੂੰ ਨੀਂਦ ਨਾ ਆਈ ਪਰ ਫੇਰ ਮੇਰੀ ਅੱਖ ਲੱਗ ਗਈ । ਅਚਾਨਕ ਕੁਝ ਦੇਰ ਬਾਦ ਮੇਰੀ ਨੀਂਦ ਖੁਲ ਗਈ ਤੇ ਮੈਨੂੰ ਮਲੂਮ ਹੋਯਾ ਕਿ ਮੇਰੇ ਕਮਰੇ ਵਿਚ ਕੋਈ ਤੁਰਦਾ ਪਿਆ ਹੈ । ਮੈਂ ਉਠਕੇ ਲੈਂਪ ਜਗਾਯਾ ਵੇਖਿਆ ਤਾਂ ਮਿਤ੍ਰ ਗਾਰਡਨ ਮੇਰੀ ਮੰਜੀ ਦੇ ਪਾਸ ਖੜਾ ਹੈ। ਮੈਂ ਓਸਦਾ ਅਧਖੁਲਾ ਸਰੀਰ ਤੇ ਪਾਗਲਾਂ ਵਰਗੀ ਸ਼ਕਲ ਵੇਖਕੇ ਡਰਿਆ ਤੇ ਇਸਦਾ ਕਾਰਣ ਪੁਛਿਆ ਓਸਨੇ ਕਿਹਾ ਸਟੀਫਨ ! ਇਕ ਵਾਰੀ ਮੇਰੇ ਘਰ ਚੱਲ । ਮਲੂਮ ਹੁੰਦਾ ਹੈ ਕਿ ਕੰਮ ਪੂਰਾ ਹੋਗਿਆ ਹੋਵੇਗਾ ॥

ਗਾਰਡਨ ਦੀ ਗਲ ਸੁਣਕੇ ਮੈਂ ਠਠੰਬਰ ਗਿਆ । ਓਸ ਦਿਨ ਦੀਆਂ ਸਾਰੀਆਂ ਘਟਨਾਵਾਂ ਇਕ ੨ ਕਰਕੇ ਮੇਰੀਆਂ ਅਖਾਂ ਅਗੇ ਨਚ ਗਈਆਂ, ਮੈਂ ਸਮਝਿਆ ਗਾਰਡਨ ਸ਼ੈਦ ਹੇਲਨਾ ਦੀ ਹਾਲਤ ਮੈਨੂੰ ਦੱਸਣ ਲਈ ਆਯਾ ਹੈ । ਮੈਂ ਝਟ ਉਠਕੇ ਉਸਨੂੰ ਕੁਰਸੀ ਦਿਤੀ ਤੇ ਕਿਹਾ ਮਿਤ੍ਰ ਜੀ, ਹੇਲਨਾ ਦੀ ਜੋ ਹਾਲਤ ਮੈਂ ਵੇਖ ਆਯਾ ਸਾਂ ਓਸਤੋਂ ਖਾਸ ਫਿਕਰ ਦਾ ਤਾਂ ਕੋਈ ਕਾਰਣ ਨਜ਼ਰ ਨਹੀਂ ਆਉਂਦਾ ਸੀ । ਤੁਸੀਂ ਜ਼ਰਾ ਬਠੋ ਮੈਂ ਕਪੜੇ ਪਾਕੇ ਹੁਣੇ ਚਲਦਾ ਹਾਂ ॥

ਮੇਰੀ ਗੱਲ ਅਜੇ ਪੂਰੀ ਹੋਈ ਸੀ ਕਿ ਗਾਰਡਨ ਮੇਰੀ ਮੰਜੀ ਉਤੇ ਲੇਟ ਗਿਆ ਤੇ ਬਚਿਆਂ ਦੀ ਤਰਾਂ ਡੁਸਕ ੨ ਕੇ ਰੋਣ ਲਗਾ। ਉਸਦੀ ਇਹ ਦਸ਼ਾ ਵੇਖਕੇ ਮੈਂ ਕੁਝ ਦੇਰ ਤਕ ਹਤਬੁੱਧੀ ਹੋਕੇ ਖੜਾ ਰਿਹਾ ਅਤੇ ਕੁਝ ਵੀ ਨਾਂ ਸਮਝ ਸਕਿਆ ਮੇਰੇ ਦਿਲ ਵਿਚ ਕਈ ਤਰਾਂ ਦੇ ਸ਼ਕ ਗੁਜਰਨ ਲਗੇ। ਕੀ ਹੇਲਨਾ ਮਰ ਗਈ ? ਯਾ ਕਿ ਰੋਜ਼ ਨੂੰ ਕੋਈ ਬਿਪਤਾ ਪਈ ? ਇਨਾਂ ਗਲਾਂ ਨੂੰ ਵਿਚਾਰਦੇ ਹੋਏ ਮੇਰਾ ਵੀ ਕਲੇਜਾ ਧੜਕਣ ਲਗਾ। ਮੈਂ ਹੁਣ ਖੜਾ ਨਾ ਰਹਿ ਸਕਿਆ। ਮੈਂ ਗਾਰਡਨ ਦਾ ਹੱਥ ਫੜਕੇ ਪੁਛਿਆ ਮਿਤ੍ਰ, ਦੱਸ ਤਾਂ ਸਹੀ ਕੀ ਹੋਯਾ ਹੈ ? ਤੇਰੀ ਇਹ ਦਸ਼ਾ ਵੇਖਕੇ ਮੈਨੂੰ ਬਹੁਤ ਛਟ-ਪਟੀ ਲਗ ਰਹੀ ਹੈ। ਵਾਹਿਗੁਰੂ ਕਰੇ ਤੇਰੇ ਮੂੰਹੋਂ ਕੋਈ ਭਯਾਨਕ ਗੱਲ ਨਾ ਸੁਣਾਂ । ਛੇਤੀ ਦੱਸ ਕੀ ਗੱਲ ਹੈ ?

ਗਾਰਡਨ ਨੇ ਕਿਹਾ—ਜੋ ਈਸ਼੍ਵਰ ਦੀ ਇਛਾ ਹੈ ਓਹ ਜ਼ਰੂਰ ਪੂਰੀ ਹੋਵੇਗੀ। ਕਿਸਦੀ ਤਾਕਤ ਹੈ ਜੋ ਉਸਨੂੰ ਰੋਕ ਸਕੇ ? ਸਟੀਫਨ, ਹੁਣ ਤੂੰ ਦੇਰ ਨਾ ਕਰ ਛੇਤੀ ਛੇਤੀ ਮੇਰੇ ਨਾਲ ਚਲ ਹਾਇ! ਕੀ ਮੇਰੇ ਭਾਗਾਂ ਵਿਚ ਇਹੋ ਲਿਖਿਆ ਸੀ? ਹਾਇ! ਅਜੇਹਾ ਦਿਲ ਚੀਰ ਦ੍ਰਿਸ਼ਯ ਵੇਖਣ ਤੋਂ ਪੇਹਲਾਂ ਹੀ ਮੈਂ ਕਿਉਂ ਨਾ ਮਰ ਗਿਆ !

ਇਹ ਆਖਕੇ ਤੇ ਮੇਰਾ ਹਥ ਫੜਕੇ ਗਾਰਡਨ ਮੈਨੂੰ ਹੇਠਾਂ ਲੈ ਗਿਆ। ਉਤੇ ਕੁਝ ਗੜਬੜ ਸੁਣਕੇ ਨੌਕਰ ਆਯਾ ਜਿਸਨੂੰ ਛੇਤੀ ਗਡੀ ਜੋੜਣ ਲਈ ਕਿਹਾ। ਉਸਦੇ ਲਈ ਸਾਨੂੰ ਬਹੁਤ ਦੇਰ ਤਕ ਨਾ ਉਡੀਕਣਾ ਪਿਆ। ਫਾਟਕ ਤਕ ਜਾਂਦਿਆਂ ਹੀ ਤਿਆਰ ਹੋਕੇ ਗਡੀ ਆਗਈ। ਅਸੀਂ ਦੋਵੇਂ ਚੜ੍ਹ ਗਏ ਤੇ ਕੋਚਵਾਨ ਨੂੰ ਛੇਤੀ ਲੈ ਚਲਣ ਦਾ ਹੁਕਮ ਦਿਤਾ। ਰਾਹ ਵਿਚ ਮੇਰੀ ਕੋਈ ਗਲ ਬਾਤ ਗਾਰਡਨ ਨਾਲ

ਨਾ ਹੋਈ ਕਿਉਂਕਿ ਓਹ ਬਿਲਕੁਲ ਬਾਲਕਾਂ ਵਾਂਗ ਰੋਈ ਜਾਂਦਾ ਸੀ।

ਜਿਸ ਵੇਲੇ ਮੈਂ ਗਾਰਡਨ ਦੇ ਮਕਾਨ ਤੇ ਪਹੁੰਚਾ ਓਸ ਵੇਲੇ ਰਾਤ ਦੇ ੪ ਵਜ ਚੁਕੇ ਸਨ। ਫਾਟਕ ਤੇ ਪਹੁੰਚਦਿਆਂ ਹੀ ਮੈਂ ਵੇਖਿਆ ਅਠ ਨੌ ਪੁਲਿਸ ਦੇ ਸਿਪਾਹੀ ਪੇਹਰਾ ਦੇ ਰਹੇ ਹਨ। ਮੈਨੂੰ ਗਡੀ ਤੋਂ ਉਤਰਦਾ ਵੇਖ ਅੰਦਰ ਜਾਣੋਂ ਮਨਾ ਕੀਤਾ। ਜਦ ਮੈਂ ਇਸਦਾ ਕਾਰਣ ਪੁਛਿਆ ਤਾ ਓਹ ਆਖਣ ਲਗੇ ਕਿ ਅਸੀਂ ਇਸਦਾ ਜਵਾਬ ਕੁਛ ਨਹੀਂ ਦੇ ਸਕਦੇ। ਕਮਿਸ਼ਨਰ ਪੁਲਿਸ ਸੁਪਰੇਡੈਂਟ ਤੇ ਇੰਸਪੇਕਟਰਾਂ ਦਾ ਇਹ ਹੁਕਮ ਹੈ !

ਮੈਂ ਓਨਾਂ ਨੂੰ ਪੁਛਿਆ—"ਓਹ ਕਿਥੇ ਹਨ ?" ਜਵਾਬ ਮਿਲਿਆ ਸਾਰੇ ਮਕਾਨ ਦੇ ਅੰਦਰ ਹਨ। ਮੈਂ ਹੇਰਾਨ ਹੋਕੇ ਇਸ ਦਾ ਕਾਰਣ ਗਾਰਡਨ ਪਾਸੋਂ ਪੁਛਿਆ ਪਰ ਓਸਨੇ ਕਿਹਾ ਸਟੀਫਨ,ਮੈਂ ਕੁਝ ਨਹੀਂ ਜਾਣਦਾ।ਅੱਜ ਮੇਰੇ ਮਕਾਨ ਵਿਚ ਜੋ ਦਿਲ ਚੀਰਕ ਤੇ ਭਯਾਨਕ ਘਟਨਾ ਹੋਈ ਹੈ ਓਸਦੀ ਖਬਰ ਪੁਲਿਸ ਵਿਚ ਭੇਜਣੀ ਯੋਗ ਹੋਣ ਪਰ ਭੀ ਮੈਂ ਪੈਹਲਾਂ ਪੁਲਿਸ ਵਿਚ ਇਤਿਲਾਹ ਨਾ ਦੇਕੇ ਤੇਰੇ ਪਾਸ ਗਿਆ। ਕਿਉਂਕਿ ਮੈਂ ਓਸ ਵੇਲੇ ਤੇਰੀ ਮਦਦ ਨੂੰ ਜਿਨਾਂ ਜਰੂਰੀ ਜਾਣਿਆ ਸੀ ਓਨਾਂ ਪੁਲਿਸ ਨੂੰ ਨਹੀਂ। ਅਛਾ ਜੋ ਵਾਹਿਗੁਰੂ ਦੀ ਮਰਜੀ ਸੀ ਹੋਗਈ ਤੇ ਅਗੇ ਨੂੰ ਹੋਵੇਗੀ। ਪਰ ਪੁਲਿਸ ਕਮਿਸ਼ਨਰ ਨਾਲ ਮੇਰੀ ਚੰਗੀ ਜਾਣ ਪਛਾਣ ਹੈ। ਮੈਂ ਹੁਣੇ ਓਸਦੇ ਪਾਸ ਆਪਣਾਂ ਨਾਮ ਲਿਖਕੇ ਭੇਜਦਾ ਹਾਂ।

ਇਹ ਆਖਕੇ ਓਨਾ ਨੇ ਮੇਰੀ ਪਾਕਟਬੁਕ ਲੈਕੇ ਪੇਨਸਲ ਨਾਲ ਓਸਤੇ ਅਪਣਾ ਨਾਮ ਲਿਖਿਆ ਅਤੇ ਅੰਦਰ ਪੁਲਿਸ ਕਮਿਸ਼ਨਰ ਦੇ ਪਾਸ ਭੇਜ ਦਿਤਾ। ਕੁਝ

ਸਮੇ ਵਿਚ ਹੀ ੨ ਜਣੇ ਬੂਹੇ ਉਤੇ ਆਏ। ਓਨਾਂ ਵਿਚੋਂ ਇਕ ਗਾਰਡਨ ਨੂੰ ਵੇਖਦੇ ਸਾਰ ਆਖਣ ਲਗਾ ਮੈਂ ਤੁਹਾਡੀ ਰਾਹ ਵੇਖ ਰਿਹਾ ਹਾਂ। ਤੁਹਾਡੀ ਚਿਠੀ ਪਾਕੇ ਮੈਂ ਪੁਲਿਸ ਸੁਪਰੰਡੰਟ ਤੇ ਇੰਸਪੈਕਟਰ ਸਣੇ ਇਥੇ ਆਯਾ ਹਾਂ। ਅਛਾ ਤੁਸੀਂ ਬਹੁਤ ਛੇਤੀ ਅੰਦਰ ਚਲੋ ਕਿਉਂਕਿ ਬਹੁਤ ਸਾਰੀਆਂ ਗੱਲਾਂ ਕਰਨੀ ਆਂ ਹਨ। ਇਹ ਸਾਹਿਬ ਪੁਲਸ ਕਮਿਸ਼ਨਰ ਸਨ।

ਗਾਰਡਨ ਨੇ ਕਿਹਾ—'ਚਾਰਲਸ ( ਪੁ: ਕ: ਨਾਮ ਦਾ ਮੈਂ ਤਾਂ ਤੁਹਾਨੂੰ ਕੋਈ ਚਿੱਠੀ ਨਹੀਂ ਭੇਜੀ। ਜੋ ਵਾਰਦਾਤ ਹੋਈ ਹੈ ਓਸਨੂੰ ਬਾਹਰਲਾ ਕੋਈ ਵੀ ਮਨੁਖ ਨਹੀਂ ਜਾਣਦਾ। ਅਚਰਜ ਦੀ ਗਲ ਹੈ ਕਿ ਇਹ ਖਬਰ ਤੁਹਾਨੂੰ ਕਿਸਤਰਾਂ ਮਿਲ ਗਈ ! ਇਹ ਆਖਕੇ ਗਾਰਡਨ ਫਿਰ ਗਡੀ ਵਿਚ ਬੈਠ ਗਿਆ ਤੇ ਪੁਲਸ ਕਮਿਸ਼ਨਰ ਨੇ ਅਪਣੀ ਜੇਬ ਵਿਚੋਂ ਇਕ ਚਿਠੀ ਕੱਢਕੇ ਗਾਰਡਨ ਦੇ ਹੱਥ ਦਿਤੀ। ਗਾਰਡਨ ਓਹ ਚਿਠੀ ਪੜ੍ਹਕੇ ਕੰਬਿਆ ਤੇ ਮੇਰਾ ਹਥ ਫੜਕੇ ਗਡੀ ਤੋਂ ਉਤਰ ਪਿਆ। ਮੈਂ ਚੁਪ ਚਾਪ ਸਾਰੀਆਂ ਗਲਾਂ ਸੁਣ ਰਿਹਾ ਸਾਂ ਅਤੇ ਇਹ ਸਾਰੀਆਂ ਗੱਲਾਂ ਮੈਨੂੰ ਸੁਫਨੇ ਵਰਗੀਆਂ ਮਲੂਮ ਹੁੰਦੀ-ਆਂ ਸਨ। ਮੈਨੂੰ ਇਹ ਸ਼ਕ ਹੋ ਰਿਹਾ ਸੀ ਕਿ ਮੈਂ ਸੁਤਾ ਹਾਂ ਕਿ ਜਾਗਦਾ। ਮੈਂ ਅਜੇ ਤਕ ਇਹ ਨਾਂ ਸਮਝ ਸਕਿਆ ਕਿ ਕੀ ਵਾਰਦਾਤ ਹੋਈ ਹੈ। ਗਾਰਡਨ ਮੇਰਾ ਹੱਥ ਫੜਕੇ ਜਦ ਹੇਠਾਂ ਉਤਰਿਆ ਤਾਂ ਪੁਲਿਸ ਕਮਿਸ਼ਨਰ ਨੇ ਮੈਨੂੰ ਅੰਦਰ ਜਾਣੋਂ ਮਨਾਂ ਕੀਤਾ। ਗਾਰਡਨ ਇਸਦਾ ਕੁਝ ਉਤਰ ਦੇਣਾ ਚਾਹੁੰਦਾ ਸੀ। ਕਿ ਮੈਂ ਓਸਨੂੰ ਟੋਕ ਕੇ ਪੁਲਿਸ ਕਮਿਸ਼ਨਰ ਨੂੰ ਕਿਹਾ—

ਜਨਾਬ, ਮੈਂ ੧੯ਪਲਟਨ ਬ੍ਰਿਗੇਡ ਸਰਜਨ ਹਾਂ, ਗਾਰਡਨ ਨਾਲ ਮੇਰੀ ਮਿਤ੍ਰਤਾ ਹੇ। ਓਨ੍ਹਾਂ ਦੀ ਲੜਕੀ ਕਲ ਤੋਂ ਬਹੁਤ

ਦੁਖੀ ਹੈ ਇਸੇ ਵਾਸਤੇ ਹੀ ਇਹ ਮੈਨੂੰ ਸਦ ਲਿਆਏ ਹਨ। ਤੁਸੀਂ ਕ੍ਰਿਪਾ ਕਰਕੇ ਮੈਨੂੰ ਅੰਦਰ ਜਾਣ ਦਿਓ ਕਿਉਂ ਜੋ ਦੇਰ ਪੈਣ ਨਾਲ ਬੀਮਾਰ ਦਾ ਬਹੁਤ ਨੁਕਸਾਨ ਹੋ ਸਕਦਾ ਹੈ। ਅਤੇ ਇਸ ਗੱਲ ਨੂੰ ਤੁਸੀਂ ਚੰਗਤਰਾਂ ਸਮਝ ਸਕਦੇ ਹੋ ॥

ਪੁਲਿਸ ਕਪਤਾਨ ਨੇ ਇਕ ਲੰਮਾਂ ਸਾਹ ਭਰਕੇ ਕਿਹਾ ਆਪ ਮਾਫ ਕਰੋ। ਪੁਲਿਸ ਦਾ ਕੰਮ ਹੀ ਕੁਝ ਸਖਤੀ ਦਾ ਹੁੰਦਾ ਹੈ। ਮੈਂ ਆਪਨੂੰ ਪਛਾਣਿਆਂ ਨਹੀਂ ਇਸੇ ਕਰਕੇ ਰੋਕਦਾ ਸਾਂ। ਖੈਰ ਆਪ ਵੀ ਸਰਕਾਰੀ ਆਦਮੀ ਹੋ ਇਸ ਲਈ ਆਪਦੀ ਵੀ ਗਵਾਹੀ ਦੀ ਅਤਿ ਲੋੜ ਹੈ। ਆਓ ਅੰਦਰ ਆਓ ॥

ਅੰਦਰ ਜਾਂਦਿਆਂ ਹੀ ਮੈਂ ਵੇਖਿਆ ਕਿ ਪਹਰੇ ਲਗੇ ਹੋਏ ਹਨ। ਇਕ ਪੁਲਿਸ ਅਫਸਰ ਗਾਰਡਨ ਦੇ ਨੌਕਰਾਂ ਨੂੰ ਅਕਠਾ ਕਰਕੇ ਇਜ਼ਹਾਰ ਲੈ ਰਿਹਾ ਹੈ। ਮੈਂ ਉਨਾਂ ਦੇ ਇਜ਼-ਹਾਰ ਸੁਣਨ ਲਈ ਜਾਣਾਂ ਚਾਹੁੰਦਾ ਹੀ ਸਾਂ ਕਿ ਪੁਲਿਸ ਕਮਿਸ਼ਨਰ ਨੇ ਮੈਨੂੰ ਰੋਕਿਆ ਤੇ ਕਿਹਾ "ਆਪ ਇਧਰ ਆਓ ਮੈਂ ਲਾਚਾਰ ਹੋਕੇ ਓਸਦੇ ਨਾਲ ਤੁਰ ਪਿਆ ਤੇ ਅਸੀਂ ਦੋਵੇਂ ਉਪੱਰ ਗਏ।

ਮੈਂ ਇਨਾਂ ਗੱਲਾਂ ਨੂੰ ਵੇਖਕੇ ਇਕਤਰਾਂ ਨਾਲ ਸੁੰਨ ਹੋ ਗਿਆ ਸਾਂ। ਕੀ ਆਖਾਂ ? ਕੀ ਕਹਾਂ ? ਕੁਝ ਸਮਝ ਨਹੀਂ ਸੀ। ਓਧਰ ਗਾਰਡਨ ਦੀ ਵੀ ਦਸ਼ਾ ਭਯਾਨਕ ਸੀ। ਓਸਦੀ ਉਜੇਹੀ ਦਸ਼ਾ ਵੇਖਕੇ ਹੀ ਪੁਲਿਸ ਕਮਿਸ਼ਨਰ ਨੇ ਕਿਹਾ— "ਹੁਣ ਘਬਰਾਯਾਂ ਕੀ ਹੁੰਦਾ ਹੈ ? ਜੋ ਹੋਣਾ ਸੀ ਹੋਗਿਆ" ਗਾਰਡਨ ਦੀਆਂ ਅਖਾਂ ਵਿਚੋਂ ਅਥਰੂ ਆਗਏ ਤੇ ਓਸਨੇ ਕਿਹਾ—ਚਾਰਲਸ, ਕੀ ਸਚ ਮੁਚ ਹੀ ਕੰਮ ਪਾਰ ਹੋਗਿਆ? ਹੁਣ ਕੋਈ ਆਸ ਨਹੀਂ ? ਕੀ ਇਸ ਜਨਮ ਵਿਚ ਹੇਲਨਾਂ

ਦਾ ਮੇਲ ਇਸ ਅਭਾਗ ਬਾਪ ਨੂੰ ਨਹੀਂ ਹੋਵੇਗਾ ? ਇਹ ਆਖਦੇ ਹੀ ਗਾਰਡਨ ਬੇਹੋਸ਼ ਹੋਕੇ ਡਿਗ ਪਿਆ।

ਹੇਲਨਾ ਦਾ ਨਾਮ ਸੁਣਕੇ ਮੇਰਾ ਸਰੀਰ ਵੀ ਬਿਜਲੀ ਦੀ ਤਰਾਂ ਕੰਬ ਉਠਿਆ। ਦਿਲ ਦੀ ਧੜਕਣ ਬੰਦ ਹੋਗਈ॥ ਮੈਂ ਪੌੜੀਆਂ ਟਪਦਾ ਝਟ ਹੇਲਨਾ ਦੇ ਕਮਰੇ ਜਾ ਪਹੁੰਚਾ। ਉਸ ਕਮਰੇ ਦੇ ਅਗੇ ਕਈ ਸਿਪਾਹੀ ਪੈਹਰਾ ਦੇ ਰਹੇ ਸਨ। ਮੈਨੂੰ ਪਾਗਲਾਂ ਵਾਂਗ ਦੌੜਕੇ ਅੰਦਰ ਜਾਂਦਾ ਵੇਖ ਉਨਾਂ ਰੋਕਣਾ ਚਾਹਿਆ ਪਰ ਮੈਂ ਉਨਾਂ ਦੀ ਗੱਲਾਂ ਦਾ ਜਰਾ ਧਿਆਨ ਨਾਂ ਕੀਤਾ ਅਤੇ ਜਬਰਦਸਤੀ ਅੰਦਰ ਜਾ ਵੜਿਆ॥ ਅੰਦਰ ਜਾਂਦਿਆਂ ਹੀ ਮੈਂ ਜੋ ਭਯਾਨਕ ਨਜ਼ਾਰਾ ਵੇਖਿਆ ਉਹ ਅਜ ਤਕ ਨਹੀਂ ਭੁਲ ਸਕਿਆ ਤੇ ਨਾਂ ਇਸ ਜਨਮ ਵਿਚ ਕਦੇ ਭੁਲਾਂ-ਗਾ। ਮੈਂ ਵੇਖਿਆ ਓਸ ਕਮਰੇ ਵਿਚ ਲਹੂ ਦੀ ਨਦੀ ਵਗੀ ਹੋਈ ਹੈ। ਹੇਲਨਾ ਦੀ ਵਿਛਾਈ ਲਹੂ ਨਾਲ ਭਰੀ ਪਈ ਹੈ। ਇਹ ਦਸ਼ਾ ਵੇਖਕੇ ਮੈਂ ਕੰਮ ਨਾਂ ਰਿਹਾ। ਮੇਰੇ ਹਥ ਪੈਰ ਸੁੰਨ ਹੋਣ ਲਗੇ। ਮੈਂ ਪਾਗਲਾਂ ਵਾਂਗ ਝਪਟਕੇ ਹੇਲਨਾ ਦੇ ਸਰੀਰ ਤੋਂ ਕਪੜਾ ਲਾਹ ਦਿਤਾ। ਅਤੇ ਜੋ ਨਜ਼ਾਰਾ ਵੇਖਿਆ ਮੇਰਾ ਹਥ ਅਜ ਵੀ ਅਵਸ ਅਤੇ ਲਿਖਣ ਰੁਕਦੀ ਜਾਂਦੀ ਹੈ। ਇਨਾਂ ਗਲਾਂ ਨੂੰ ਬਹੁਤ ਦਿਨ ਬੀਤ ਗਏ ਪਰ ਇਹ ਭਯਾਨਕ ਘਟਨਾਵਾਂ ਅਜੇ ਤਕ ਮੇਰੇ ਦਿਲ ਵਿਚ ਤਾਜ਼ੀਆਂ ਹਨ।

ਹੇਲਨਾ ਦੇ ਮੂੰਹ ਤੋਂ ਮੈਂ ਚਾਦਰ ਚਕ ਕੇ ਜਦ ਵੇਖਿਆ ਤਾਂ ਮਲੂਮ ਹੋਯਾ ਕਿ ਉਸਦੀ ਨਰਮ੨ ਗਰਦਨ ਕਿਸੇ ਨੇ ਵੱਢ ਦਿਤੀ ਹੈ। ਓਹ ਛੁਰਾ ਅਜੇ ਵੀ ਓਸਦੀ ਗਿਚੀ ਨਾਲ ਲਗਾ ਹੋਯਾ ਸੀ ਤ ਹੇਲਨਾ ਦੇ ਖਬੇ ਹਥ ਨੇ ਓਸਨੂੰ ਫੜਿਆ ਹੋਯਾ ਸੀ। ਓਸ ਦੀ ਬਚਿਆਂ ਵਰਗੀ ਚੰਚਲਤਾ ਵਾਲਾ ਮੂੰਹ ਪੀਲਾ ਜ਼ਰਦ ਤੇ ਸਰੀਰ ਸੁੰਨ ਸੀ ਮੈਂ ਅਪਣੇ ਮਨ ਨਾਲ ਸੋਚਣ ਲਗਾ

ਕਿ ਕੀ ਹੇਲਨਾ ਨੇ ਆਪ ਆਤਮਘਾਤ ਕਰ ਲਿਆਂ ਹੈ ? ਕਿ ਦੂਜੇ ਹੀ ਕਿਸੇ ਮਨੁਖ ਨੇ ਇਸਦਾ ਖੂਨ ਕੀਤਾ ਹੈ ? ਹਾਇ ! ਹਾਇ !! ਕਿਸ ਨਿਰਦਈਨੇ ਇਸ ਸਿੱਧੀ ਸਾਦੀ ਤੇ ਪਵਿਤ੍ਰ ਚਿੱਤ ਲੜਕੀ ਦੇ ਗਲੇ ਉਤੇ ਛੁਰੀ ਫੇਰੀ ਹੈ। ਜਿਸ ਨੇ ਰਾਖਸ਼ਾਂ ਵਰਗਾ ਇਹ ਕੰਮ ਕੀਤਾ ਹੈ, ਕੀ ਉਸਨੂੰ ਈਸ਼੍ਵਰ ਡੰਡ ਨਹੀਂ ਦੇਵੇਗਾ ? ਜਿਸਨੇ ਅਜਿਹਾ ਭਯਾਨਕ ਕੰਮ ਕੀਤਾ ਹੈ ਉਸਦਾ ਦਿਲ ਮਾਲੂਮ ਹੁੰਦਾ ਹੈ ਪੱਥਰ ਨਾਲੋਂ ਵੀ ਸਖਤ ਹੈ। ਓਹ ਰਾਖਸ਼ਰਾਜ ਈਸ਼੍ਵਰਦੇ ਪ੍ਰੇਮ ਮਯ ਜਗਤਦਾ ਵੱਡਾ ਭਾਰੀ ਅਨਿਸ਼ਟ ਕਰ ਰਿਹਾ ਹੈ ॥

ਮੈਂ ਜਿਸ ਵੇਲੇ ਹੇਲਨਾਂਦੀ ਲਾਸ਼ਦੇ ਪਾਸ ਬੈਠਾ ਹੋਂਦਾ ਸਾਂ ਓਸੇ ਵੇਲੇ ਪੁਲਿਸ ਕਮਿਸ਼ਨਰ ਤੇ ਪੁਲਿਸ ਸੁਪਰੰਡੰਟ ਆਏ, ਕੁਝ ਦਰ ਪਿਛੋਂ ਕਮਿਸ਼ਨਰ ਤੇ ਸਰਜਨ ਵੀ ਅੰਦਰ ਵੜੇ। ਓਹ ਹੇਲਨਾਂਦੀ ਲਾਸ਼ਦਾ ਇਮਤਿਹਾਨ ਕਰਕੇ ਕਮਿਸ਼ਨਰ ਨੂ ਦਿਖਾਣ ਲਗੇ ਕਿ ਇਸਦੀ ਗਰਦਨ ਕਿਸਤਰਾਂ ਵੱਢੀ ਗਈ ਹੈ। ਉਨਹਾਂ ਨੇ ਮੈਨੂੰ ਵੀ ਇਸਦਾ ਇਮਤਿਹਾਨ ਕਰਨ ਲਈ ਕਿਹਾ, ਪਰ ਮੈਂ ਕਿਹਾ ਸਾਹਿਬਾਨ ! ਮੈਂ ਇਸਨੂ ਬਹੁਤ ਪਿਆਰ ਕਰਦਾ ਸਾਂ। ਇਸਦੀ ਇਹ ਦਸ਼ਾ ਵੇਖ ਕੇ ਮੇਰਾ ਕਲੇਜਾ ਫਟਦਾ ਜਾਂਦਾ ਹੈ। ਮੈਂ ਇਸਦਾ ਕੋਈ ਇਮਤਿਹਾਨ ਨਹੀਂ ਕਰ ਸਕਦਾ ॥

ਦਿਨ ਚੜ੍ਹਨ ਵਾਲਾ ਸੀ। ਮੈਂ ਇਸ ਵਾਰਦਾਤ ਦੇ ਸਮਝਣਦਾ ਯਤਨ ਪਿਆ ਕਰਦਾ ਸਾਂ, ਕਿ ਓਸੇ ਵੇਲੇ ਇਕ ਚਿੱਠੀ ਲੈਕੇ ਮੇਰਾ ਚਪਰਾਸੀ ਤੇ ਨਾਲ ਉਸਦੇ ਇਕ ਹੋਰ ਮਨੁਖ ਉਸ ਕਮਰੇ ਵਿਚ ਆਏ। ਮੈਂ ਉਸ ਵੇਲੇ ਓਸ ਸੋਗ ਵਿਚ ਇਤਨਾਂ ਗਲਤਾਨ ਸਾਂ ਕਿ ਜਦ ਤਕ ਮੇਰੇ ਹੱਥ ਵਿਚ ਦੇ ਚਪਰਾਸੀ ਨੇ ਜ਼ੋਰ ਨਾਲ ਚਿਠੀ ਨਾਂ ਫੜਾਈ ਓਦੋਂ ਤਕਸੇ

ਮੈਨੂੰ ਇਹ ਨਾਂ ਸੁਝਿਆ ਕਿ ਇਹ ਕਿਉਂ ਆਏ ਹਨ ? ਓਸ ਨੇ ਕਿਹਾ "ਜੱਜ ਸਾਹਿਬ ਦੀ ਗੱਡੀ ਖੜੀ ਹੈ ਉਨ੍ਹਾਂਨੇ ਆਪ ਨੂ ਛੇਤੀ ਸਦਿਆ ਹੈ। ਮੈਂ ਮਤਲਬ ਸਮਝਣ ਲਈ ਚਿੱਠੀ ਖੋਲ੍ਹਕੇ ਪੜ੍ਹੀ ਤਾਂ ਓਸ ਵਿਚ ਇਹ ਲਿਖਿਆ ਸੀ—

ਪਿਆਰੇ ਸਟੀਵਨ! ਹੇਨਰੀ ਨੇ ਜ਼ਹਰ ਖਾ ਲਈ ਹੈ ਆਪ ਜ਼ਹਰ ਕੱਢਣ ਦੇ ਔਜ਼ਾਰ ਆਦਿ ਲੈਕੇ ਛੇਤੀ ਆਓ॥

ਤੁਹਾਡਾ=ਹੈਮਿਲਟਨ

ਚਿੱਠੀ ਪੜ੍ਹਕੇ ਮੈਂ ਸੋਚਣ ਲਗਾ ਕਿ ਹਾਇ! ਹਾਇ!! ਇਕ ਘਰ ਵਿਚ ਇਸ ਤਰਾਂਦੀ ਭਯਾਨਕ ਘਟਨਾ ਹੋਈ ੨ ਹੈ ਓਧਟ ਦੂਜੇ ਘਰ ਇਕ ਹੋਰ ਹੀ ਨਜ਼ਾਰਾ ਦੇਖਣਾ ਪਵੇਗਾ? ਡਾਕਟਰਾਂਦੇ ਮਾਮੂਲੀ ਕੰਮਾਂ ਦੇ ਸਿਵਾ ਈਸ਼੍ਵਰਨੇ ਹੋਰ ਵੀ ਕੰਮਾਂ ਦੀ ਉਤਪਤੀ ਕੀਤੀ ਹੋਈ ਹੈ ਉਨਹਾਂਦੇ ਨਿਰਾਦਰ ਕਰਨ ਦਾ ਫਲ ਕੌਣ ਭੋਗੇਗਾ? ਦਿਲ ਕੀਤਾ ਕਿ ਇਕ ਵਾਰੀ ਰੋਜ਼ ਨੂੰ ਮਿਲਕੇ ਓਸਦੀ ਮਾਂ ਦਾ ਹਾਲ ਪੁਛ ਲਵਾਂ ਅਤੇ ਗਾਰਡਨ ਨੂੰ ਆਪਣੇ ਜਾਣਦੀ ਖਬਰ ਦੇ ਦੇਵਾਂ। ਪਰ ਇਸਤਰਾਂ ਕਰਨ ਦੀ ਓਸ ਵੇਲੇ ਹਿੰਮਤ ਨਾਂ ਪਈ, ਮੈਂ ਹੇਠਾਂ ਉਤਰ ਆਇਆ ਤੇ ਇਕ ਨੌਕਰ ਨੂੰ ਪੁਛਣ ਤੋਂ ਪਤਾ ਲਗਾ ਕਿ ਪੁਲਿਸ ਕਮਿਸ਼ਨਰ ਨੇ ਉਨਹਾਂ ਨੂੰ ਆਪਣੇ ਮਕਾਨ ਉੱਤੇ ਭੇਜ ਦਿਤਾ ਹੈ। ਮੈਂ ਇਹ ਸੁਣਕੇ ਫਾਟਕ ਉੱਤੇ ਆਇਆ। ਜੱਜ ਸਾਹਿਬ ਦੀ ਗੱਡੀ ਖੜੀ ਹੋਈ ਸੀ, ਮੈਂ ਜਿਸ ਵੇਲੇ ਗੱਡੀ ਉਤੇ ਚੜ੍ਹ ਬੈਠਾ, ਠੀਕ ਉਸੇ ਵੇਲੇ ਮਜਿਸਟ੍ਰੇਟ ਹਡਸਨ ਉਥੇ ਆਏ। ਮੇਰਾ ਉਨਹਾਂ ਨਾਲ ਵੀ ਬਹੁਤ ਮੇਲ ਜੋਲ ਸੀ। ਉਨਹਾਂਕਾਲੀ ਪੋਸ਼ਾਕ ਪਾਈ ਹੋਈ ਸੀ ਤੇ ਉਨਹਾਂਦਾ ਚੇਹਰਾ ਬਹੁਤ ਉਦਾਸ ਸੀ, ਮੈਥੋਂ ਉਨਾਂ ਹੇਲਨਾਦੀ ਖਬਰ ਪੁੱਛੀ ਮੈਂ ਕਿਹਾ ਕਿ ਓਹ ਹੁਣ ਪੂਰੀ ਹੋ ਗਈ, ਉਹ ਹੁਣ ਇਸ ਸੰਸਾਰ ਵਿਚ ਨਹੀਂ॥

ਹਡਸਨ ਨ ਬਹੁਤ ਦੁਖੀ ਹੋਕੇ ਕਿਹਾ–ਮੈਂ ਈਸ਼ਵਰ ਅੱਗੇ ਬੇਨਤੀ ਕਰਦਾ ਹਾਂ ਕਿ ਹੇਲਨਾ ਸੁਰਗ ਵਿਚ ਈਸ਼੍ਵਰਦੀ ਪਵਿਤ੍ਰ ਝੋਲੀ ਵਿਚ ਸ਼ਾਂਤੀ ਪਾਵੇ ਤੇ ਸੁਖੀ ਹੋਵੇ ॥

ਮੈਂ ਕਿਹਾ–ਇਸਦੇ ਸਿਵਾ ਅਜ ਜੱਜ ਹੈਮਿਲਟਨ ਦੇ ਘਰ ਵੀ ਵੱਡੀ ਬਿਪਤਾ ਆਈ ਹੈ ॥

ਹਡਸਨ (ਘਬਰਾਕੇ) ਉਸਦੇ ਘਰ ਕੀ ਹੋਯਾ ਹੈ ?

ਮੈਂ–ਉਸਦੇ ਲੜਕੇ ਹੇਨਰੀ ਨੇ ਜ਼ਹਰ ਖਾ ਲਈ ਹੈ। ਮਾਲੂਮ ਹੁੰਦਾ ਹੈ ਓਸਦਾ ਸਮਾਂ ਵੀ ਨੇੜੇ ਆ ਲਗਾ ਹੈ। ਮੈਂ ਹੁਣੇ ਓਥੇ ਜਾਂਦਾ ਹਾਂ ਜੇਕਰ ਉਸ ਦੀ ਜਾਨ ਬਚਾਣਦਾ ਕੋਈ ਹੀਲਾ ਹੋਇਆ ਤਾਂ ਕਸਰ ਨਹੀਂ ਰਖਾਂਗਾ ॥

ਹਡਸਨ–ਓਹ ! ਕਿਹਾ ਭਯਾਨਕ ਦਿਨ ਹੈ। ਚੰਗਾ ਆਪ ਛੇਤੀ ਜਾਓ ਮੈਂ ਵੀ ਗਾਰਡਨ ਨੂੰ ਮਿਲਕੇ ਹੁਣੇ ਆਉਂਦਾ ਹਾਂ। ਗਾਰਡਨ ਨੇ ਮੈਨੂੰ ਇਕ ਚਿਠੀ ਲਿਖਕੇ ਕਲ ਸਦਿਆ ਸੀ ॥

ਇਹ ਸੁਣਕੇ ਮੈਂ ਕਿਹਾ–ਕਲ ਰਾਤਦੇ ਮਿਸਟਰ ਗਾਰਡਨ ਬਹੁਤ ਉਦਾਸ ਹਨ। ਉਨਹਾਂਨੇ ਤਾਂ ਤੁਹਾਨੂੰ ਕੋਈ ਚਿਠੀ ਨਹੀਂ ਲਿਖੀ, ਕਿਉਂਕਿ ਹੁਣੇ ਹੀ ਉਨਹਾਂ ਨੇ ਪੁਲਿਸ ਕਮਿਸ਼ਨਰ ਨੂੰ ਕਿਹਾ ਸੀ ਕਿ ਬਾਹਰਦਾ ਕੋਈ ਮਨੁਖ ਇਸ ਗੱਲ ਨੂੰ ਨਹੀਂ ਜਾਣਦਾ। ਪਰ ਪੁਲਿਸ ਕਮਿਸ਼ਨਰ ਦਾ ਕਹਿਣਾ ਸੀ ਕਿ ਗਾਰਡਨਦੀ ਚਿਠੀ ਹੀ ਓਸਦੇ ਪਾਸ ਪਹੁੰਚੀ ਸੀ। ਪਰ ਗਾਰਡਨ ਇਸ ਤੋਂ ਇਨਕਾਰੀ ਹੈ। ਮੈਨੂ ਮਲੂਮ ਹੁੰਦਾ ਹੈ ਕਿ ਉਨਹਾਂ ਤੁਹਾਨੂੰ ਕੋਈ ਚਿਠੀ ਨਹੀਂ ਭੇਜੀ ॥

ਹਡਸਨ–(ਅਸਚਰਜ ਹੋਕੇ) ਇਹ ਤਾਂ ਵਡੀ ਅਨੋਖੀ ਗਲ ਹੈ। ਹੱਛਾ ਮੈਂ ਗਾਰਡਨ ਨੂ ਮਿਲਦਾ ਹਾਂ ਵੇਖਾਂ ਕੀ ਆਖਦਾ ਹੈ ॥

2996 Dt. 12·5·1964

ਮੈਂ ਪਹਿਲਾਂ ਆਪਣੇ ਮਕਾਨ ਤੇ ਪਹੁੰਚਾ ਤੇ ਓਥੋਂ ਜ਼ਰੂਰੀ ਦਵਾਈਆਂ ਤੇ ਔਜ਼ਾਰ ਲੈਕੇ ਜੱਜਦੇ ਮਕਾਨ ਤੇ ਗਿਆ ਉੱਥੇ ਜਾਕੇ ਵੇਖਿਆ ਤਾਂ ਅੱਗੇ ਦੋ ਈਂਗਾਲੀ ਐਸਿਸਟੰਟ ਸਰਜਨ ਬੈਠੇ ਹੋਏ ਸਨ। ਉਨਹਾਂਨੂੰ ਪੁਛਣ ਤੋਂ ਪਤਾ ਲਗਾ ਕਿ ਬਹੁਤ ਕੁਛ ਕੋਸ਼ਿਸ਼ ਕਰਨ ਪਰ ਭੀ ਬਚਣਦੀ ਆਸ ਨਹੀਂ। ਮੈਂ ਹੇਨਰੀਨੂੰ ਵੇਖਣ ਲਈ ਅੰਦਰ ਗਿਆ ਹਾਇ! ਕਿਹਾ ਭਯਾਨਕ ਨਜ਼ਾਰਾ ਸੀ। ਇਕ ਪਾਸੇ ਤਾਂ ਜਜ ਹੈਮਿਲਟਨ ਆਪਣੇ ਪਯਾਰੇ ਪੁਤ੍ਰ ਹੇਨਰੀ ਦਾ ਸਿਰ ਝੋਲੀ ਵਿਚ ਰਖਕੇ ਜ਼ੋਰ ਨਾਲ ਰੋਂਦਾ ਬੈਠਾ ਸੀ, ਤੇ ਦੂਜੇ ਪਾਸੇ ਹੇਨਰੀ ਦੀ ਮਾਂ ਬੇਹੋਸ਼ ਪਈ ਹੋਈ ਸੀ। ਹੋਰ ਲੜਕੇ ਲੜ-ਕੀਆਂ ਵੀ ਚਾਰੇ ਪਾਸੇ ਖੜੇ ਹੋਏ ਜ਼ੋਰ ਨਾਲ ਰੋ ਰਹੇ ਸਨ। ਜੱਜ ਨੇ ਮੇਰੇ ਜਾਂਦਿਆਂ ਹੀ ਮੈਨੂੰ ਆਪਣੇ ਪਾਸ ਸਦਿਆ। ਜਦ ਮੈਂ ਪਾਸ ਗਿਆ ਤਾਂ ਪਾਗਲਾਂ ਵਾਂਗ ਜ਼ੋਰ ਮੇਰਾ ਨਾਲ ਹਥ ਫੜਕੇ ਓਸਨੇ ਕਿਹਾ—ਮਿਤ੍ਰ ਸਟੀਵਨ ਹੇਨਰੀ ਮੇਰਾ ਸਰਬੰਸ ਹੈ। ਇਕਵਾਰੀ ਤੂੰ ਵੀ ਕੋਸ਼ਿਸ਼ ਕਰ। ਹੇਨਰੀ ਜੇਕਰ ਮਰ ਗਿਆ ਤਾਂ ਮੈਂ ਵੀ ਆਤਮ ਘਾਤ ਕਰ ਲਵਾਂਗਾ, ਇਸ ਲਈ ਤੂੰ ਕ੍ਰਿਪਾ ਕਰਕੇ ਇਸਨੂੰ ਬਚਾ ਲੈ॥

ਮੈਨੇ ਕਿਹਾ—ਭਾਈ, ਵਾਹਿਗੁਰੂ ਜੇਕਰ ਮੇਰੇ ਹਥ ਵਿਚ ਇਹ ਤਾਕਤ ਹੋਂਦਾ ਤਾਂ ਮੈਂ ਹੇਲਨਾ ਜਾਂ ਹੇਨਰੀ ਕਿਸੇ ਨੂੰ ਵੀ ਮਰਨ ਨਾ ਦੇਂਦਾ। ਈਸ਼੍ਵਰ ਨੇ ਇਹ ਤਾਕਤ ਮਨੁਖ ਦੇ ਹਥ ਵਿਚ ਦਿਤੀ ਹੀ ਨਹੀਂ।

ਮੇਰੇ ਮੂੰਹੋਂ ਹੇਲਨਾ ਦਾ ਨਾਮ ਸੁਣਕੇ ਹੇਨਰੀ ਨੇ ਅਖਾਂ ਖੋਲਕੇ ਅਚਰਜ ਨਾਲ ਮੇਰੀ ਵਲ ਵੇਖਿਆ। ਓਸਦਾ ਭਾਵ ਵੇਖਕੇ ਮੈਨੂੰ ਮਲੂਮ ਹੋਯਾ ਕਿ ਇਹ ਕੁਝ ਪੁਛਿਆ ਚਾਹੁੰਦਾ ਹੈ, ਪਰ ਮੂੰਹੋ ਬੋਲ ਨਹੀਂ ਸਕਦਾ।

ਹੇਲਨਾ ਦਾ ਨਾਮ ਸੁਣਕੇ ਜਜ ਹੇਮਿਲਟਨ ਵੀ ਬੜੇ ਅਚਰਜ ਨਾਲ ਮੇਰੀ ਵਲ ਵੇਖਣ ਲਗਾ ਤੇ ਕੁਝ ਦੇਰ ਪਿਛੋਂ ਬੋਲਿਆ—ਸਟੀਫਨ ਹੇਲਨਾ ਨੂੰ ਕੀ ਹੋਯਾ ਹੈ ? ਮੈਂ ਉਮੈਦ ਕਰਦਾ ਹਾਂ ਓਹ ਚੰਗੀ ਹੋਵੇਗੀ ।

ਮੈਂ—ਨਹੀਂ ਮਹਾਰਾਜ, ਮੈਂ ਵਡੇ ਅਫਸੋਸ ਨਾਲ ਤੁਹਾਨੂੰ ਦਸਦਾ ਹਾਂ ਕਿ ਕਲ ਰਾਤੀਂ ਕਿਸੇ ਰਾਖਸ਼ ਨੇ ਹੇਲਨਾ ਦਾ ਖੂਨ ਕਰ ਦਿਤਾ ਹੈ । ਪੁਲਿਸ ਤਾਂ ਆਖਦੀ ਹੈ ਕਿ ਓਸਨੇ ਆਤਮ ਘਾਤ ਕੀਤਾ ਹੈ ਪਰ ਮੈਨੂੰ ਨਿਸਚਾ ਹੈ ਕਿ ਓਸਨੂੰ ਕਿਸੇ ਹੋਰਨੇ ਹੀ ਮਾਰਿਆ ਹੈ ।

ਮੇਰੀ ਗਲ ਅਜੇ ਪੂਰੀ ਵੀ ਨ ਹੋਈ ਸੀ ਕਿ ਹੇਨਰੀ ਦੇ ਮੂੰਹੋ ਕੁਝ ਗੁਣ ਗੁਣ ਦੀ ਅਵਾਜ ਨਿਕਲੀ । ਹੋਰ ਤਾਂ ਕੋਈ ਸਮਝ ਨਾ ਸਕਿਆ ਕਿ ਓਸਨੇ ਹੇਲਨਾ ਦਾ ਨਾਮ ਲਿਆ ਹੈ ਪਰ ਮੈਂ ਸਮਝ ਗਿਆ ਅਤੇ ਨਾਲ ਹੀ ਓਸਦੇ ਪ੍ਰਾਣ ਵੀ ਨਿਕਲ ਗਏ । ਬੁਢਾ ਹੈਮਿਲਟਨ ਹੇਨਰੀ ਨੂੰ ਚਿੰਬੜ ਬਾਲਕਾਂ ਵਾਂਗ ਰੋਣ ਲਗਾ । ਦੂਜੇ ਪਾਸੇ ਹੇਨਰੀ ਦੀ ਮਾਂ ਤੇ ਹੋਰ ਛੋਟੇ ੨ ਬਚੇ੨ ਭੀ ਰੋਣ ਲਗ ਪਏ।ਮੈਂ ਜਿਤਨਾ ਓਨਾਂ ਨੂੰ ਸਮਝਾਂਦਾ ਸਾਂ ਓਤਨਾ ਹੀ ਓਨਾਂ ਦਾ ਰੋਣ ਵਧਦਾ ਜਾਂਦਾ ਸੀ ।

ਹੇਮਿਲਟਨ ਸਾਹਿਬ ਕਾਨਪੁਰ ਦੇ ਵਡੇ ਜਜ ਤੇ ਵਡੇ ਚੰਗੇ ਆਦਮੀ ਸਨ । ਹੇਨਰੀ ਦੇ ਮਰਨ ਦੀ ਖਬਰ ਸੁਣਕੇ ਓਨਾਂ ਦੇ ਭਰਾ ਭਾਈ ਸਾਰੇ ਆ ਕੱਠੇ ਹੋਏ । ਹੁਣ ਮੈਂ ਅਪਣਾ ਠੈਹਰਨਾ ਓਥੇ ਫਜੂਲ ਸਮਝ ਘਰ ਮੁੜਿਆ । ਓਸ ਵੇਲੇ ਮੇਰਾ ਸਰੀਰ ਸੁੰਨ ਹੋ ਰਿਹਾ ਸੀ ।ਅਜੇਹਾ ਭਯਾਨਕ ਦ੍ਰਿਸ਼ ਮੈਂ ਅਪਣੀ ਜਿੰਦਗੀ ਵਿਚ ਕਦੇ ਨਹੀਂ ਵੇਖਿਆ ਸੀ । ਹੇਨਰੀ ਦੇ ਮੂੰਹੋ ਹੇਲਨਾ ਦਾ ਨਾਮ ਸੁਣਕੇ ਮੇਰੇ ਦਿਲ

ਵਿਚ ਹੋਰ ਵੀ ਸ਼ਕ ਉਠ ਖੜਾ ਹੋਯਾ।ਤੇ ਬਹੁਤ ਕੋਸ਼ਸ਼ ਕਰਨ ਪਰਵੀ ਇਸ ਸ਼ਕ ਨੂੰ ਦਿਲੋਂ ਨਾ ਕਢ ਸਕਿਆ। ਮੇਰੇ ਜੀ ਵਿਚ ਰਹਿ ੨ ਕੇ ਇਹੋ ਆਂਵਦਾ ਸੀ ਕਿ ਇਨ੍ਹਾਂ ਗਲਾਂ ਵਿਚ ਜ਼ਰੂਰ ਕੋਈ ਭੇਤ ਹੈ। ਇਹ ਸਭ ਗਲਾਂ ਸੋਚਦਾ੨ਮੈਂ ਮਕਾਨ ਦੇ ਬੂਹੇ ਤੇ ਪਹੁੰਚਾ। ਓਥੇ ਜਜ ਸਾਹਿਬ ਦੀ ਗਡੀ ਮੈਨੂੰ ਘਰ ਛਡ ਔਣ ਲਈ ਤਿਆਰ ਹੀ ਖੜੀ ਸੀ। ਪਰ ਅਜੇ ਮੈਂ ਗਡੀ ਤੇ ਚੜ੍ਹਿਆ ਨਹੀਂ ਸਾਂ ਕਿ ਇਕ ਸਾਹਿਬ ਮੇਰੇ ਸਾਮਨੇ ਆ ਖੜਾ ਹੋਯਾ। ਉਸਨ ਸਲਾਮ ਕਰਕੇ ਮੈਨੂੰ ਪੁਛਿਆ—"ਕੀ ਤੁਸਾਂ ਮੈਨੂੰ ਪਛਾਣਿਆ ਹੈ?

ਬਹੁਤ ਸੋਚਣ ਪਰਯਾਦ ਆਇਆ ਕਿ ਹਾਂ ਕਲਸ਼ਾਮ ਨੂੰ ਇਹੋ ਮੈਨੂੰ ਗਿਰਜੇ ਤੋਂ ਮੁੜਨ ਵੇਲੇ ਰਾਹ ਵਿਚ ਮਿਲਿਆ ਸੀ ਅਤੇ ਸਹੈਤਾ ਲਈ ਕਿਹਾ ਸੀ। ਨਾਲੇ ਇਹ ਵੀ ਕਿਹਾ ਸੀ ਕਿ ਗਾਰਡਨ ਨਾਲ ਮੇਰੀ ਭਾਰੀ ਦੋਸਤੀ ਹੈ, ਪਰ ਰੋਜ਼ ਨੇ ਕਿਹਾ ਸੀ ਕਿ ਮੈਂ ਇਸਨੂੰ ਆਪਣੇ ਘਰ ਕਦੇ ਵੀ ਨਹੀਂ ਵੇਖਿਆ। ਸੋ ਉਸ ਵੇਲੇ ਤੋਂ ਮੇਰਾ ਇਸ ਮਨੁੱਖ ਤੇ ਸ਼ੱਕ ਵੱਧਦਾ ਹੀ ਗਿਆ ਸੀ। ਪਰ ਇਸ ਵੇਲੇ ਇਸ ਦੀ ਪਵਿਤਰ ਮੂਰਤੀ ਤੇ ਦਯਾਲੂ ਸੁਭਾਵ ਵੇਖਕੇ ਮੇਰੇ ਦਿਲ ਵਿਚੋਂ ਸ਼ੱਕ ਦੂਰ ਹੋ ਗਿਆ ਮੈਂ ਉਸਨੂੰ ਕਿਹਾ—"ਭਾਵੇਂ ਆਪ ਨਾਲ ਮੇਰੀ ਪਛਾਣ ਨਹੀਂ ਪਰ ਕਲ ਤੋਂ ਆਪ ਮੇਰੇ ਨਾਲ ਇਕ ਪਛਾਣੂ ਮਿਤ੍ਰ ਵਾਂਗ ਵਰਤਾਉ ਕਰ ਰਹੇ ਹੋ,ਇਸਦੇ ਲਈ ਮੈਂ ਆਪਦਾ ਧੰਨਵਾਦੀ ਹਾਂ॥

ਉਸਨੇ ਕਿਹਾ—ਜਨਾਬ! ਜੇਕਰ ਮੈਥੋਂ ਕੋਈ ਦੋਸ਼ ਹੋਇਆ ਹੋਵੇ ਤਾਂ ਮਾਫ ਕਰਨਾਂ। ਆਪਨੂੰ ਇਕ ਇੱਜ਼ਤਦਾਰ ਸਮਝਕੇ ਆਪ ਨਾਲ ਜਾਣ ਪਛਾਣ ਕਰਨਦੀ ਇਛਿਆ ਹੋਈਸੀ।ਖਾਸ ਕਰ ਰੋਜ਼ ਤੇ ਹੇਲਨਾ ਨਾਲ ਆਪਨੂੰ ਜਾਂਦਾ ਵੇਖ

ਹੋਰ ਵੀ ਜਾਣ ਬੁਝਕੇ ਮੈਂ ਆਪਨੂੰ ਮਿਲਿਆ ਸੀ ਕਿਉਂਕਿ ਉਨਾਂ ਲੜਕੀਆਂਦੇ ਪਿਤਾ ਨਾਲ ਮੇਰੀ ਭਾਰੀ ਦੋਸਤੀ ਸੀ ॥

ਮੈਂ ਕਿਹਾ– ਮੈਨੂੰ ਨਿਸਚਾ ਸੀ ਕਿ ਤੁਹਾਡੀ ਗਾਰਡਨ ਨਾਲ ਕੋਈ ਜਾਣ ਪਛਾਣ ਨਹੀਂ, ਤੇ ਦੋਸ਼ੇ ਮੂਹੋਂ ਵੀ ਇਹੋ ਸੁਣਿਆ ਸੀ ॥

ਉਸਨੇ ਹੱਸਕੇ ਕਿਹਾ–ਗਾਰਡਨ ਨਾਲ ਮੇਰੀ ਜਾਣ ਪਛਾਣ ਹੈ ਕਿ ਨਹੀਂ ਇਹ ਗੱਲ ਓਹ ਤੇ ਮੈਂ ਹੀ ਜਾਣਦੇ ਹਾਂ ਹੋਰ ਕੋਈ ਨਹੀਂ ਜਾਣਦਾ, ਪਰ ਦੱਸੋ ਅਜ ਇਸ ਮਕਾਨ ਵਿਚੋਂ ਰੋਣ ਪਿੱਟਣ ਦੀ ਅਵਾਜ ਕਿਉਂ ਆ ਰਹੀ ਹੈ ?

ਮੈਂ--ਜੱਜ ਸਾਹਿਬਦਾ ਵੱਡਾ ਲੜਕਾ ਜ਼ਹਰ ਖਾਕੇ ਅਜ ਮਰ ਗਿਆ ਹੈ ॥

ਓਹ--ਕੌਣ! ਹੈਨਰੀ? ਆਹ ! ਉਸ ਨੇ ਕਿਉਂ ਆਤਮਘਾਤ ਕੀਤਾ ? ਉਹ ਤਾਂ ਵਡਾ ਧਰਮੀ ਸੀ ॥

ਇਹ ਆਖਦਾ ਓਹ ਛੇਤੀ ਚਲ ਪਿਆ ਤੇ ਮੈਂ ਆਪਣੇ ਘਰ ਮੁੜ ਆਇਆ। ਗਾਰਡਨਦੇ ਮਕਾਨ ਦੀ ਖਬਰ ਲੈਣ ਲਈ ਮੈਂ ਇਕ ਆਦਮੀ ਭੇਜਿਆ ਓਸਨੇ ਮੁੜਕੇ ਕਿਹਾ ਕਿ ਗਾਰਡਨਦੀ ਇਸਤ੍ਰੀ ਤੇ ਲੜਕੀ ਦੋਵੇਂ ਇਸ ਵੇਲੇ ਕਮਿਸ਼ਨਰਦੇ ਬੰਗਲੇ ਤੇ ਹਨ ਤੇ ਉਨਹਾਂਦੇ ਮਕਾਨ ਤੋਂ ਇੰਨਸਪੈਕਟਰਦੇ ਬਿਨਾਂ ਹੋਰ ਸਾਰੇ ਚਲੇ ਗਏ ਹਨ, ਹੇਲਨਾ ਨੂੰ ਦਫਨਾਣਦੀ ਤਿਆਰੀ ਹੋ ਰਹੀ ਹੈ ॥

ਮੈਂ ਕੁਛ ਖਾ ਪੀ ਕੇ ਸੌਂ ਗਿਆ। ਕੋਈ ਦੋ ਬਜੇ ਜੱਜ ਸਾਹਿਬਦਾ ਇਕ ਨੋਕਰ ਚਿਠੀ ਲੈਕੇ ਮੇਰੇ ਪਾਸ ਆਇਆ, ਤੇ ਮੈਨੂ ਉਸਨੇ ਜਗਾਇਆ, ਉਸ ਚਿਟੀ ਵਿਚ ਜੱਜ ਸਾਹਿਬ ਨੇ ਮੈਨੂੰ ਸੱਦ ਭੇਜਿਆ ਸੀ। ਮੈਂ ਛੇਤੀ ਕਪੜੇ ਪਾਕੇ ਗੱਡੀ ਤੇ

ਦਰ ਉਨ੍ਹਾਂਦੇ ਮਕਾਨ ਤੇ ਗਿਆ। ਰਾਹ ਵਿਚ ਗਾਰਡਨ ਦੇ ਮਕਾਨ ਤੇ ਗੱਡੀ ਰੋਕ ਕੇ ਓਥੋਂ ਵੀ ਖਬਰ ਲੈਂਦਾ ਗਿਆ॥

ਜਿਸ ਵੇਲੇ ਮੈਂ ਹੈਮਲਿਟਣ ਦੇ ਮਕਾਨ ਉਤੇ ਪਹੁੰਚਾ ਓਸ ਵੇਲੇ ਚਾਰ ਵਜ ਚੁਕੇ ਸਨ। ਜਜ ਸਾਹਿਬ ਆਪਣੇ ਕਮਰੇ ਵਿਚ ਬੈਠੇ ਹੋਏ ਮੇਰਾ ਰਾਹ ਵੇਖ ਰਹੇ ਸਨ। ਮੈਨੂ ਵੇਖ ਦੇ ਸਾਰ ਉਨ੍ਹਾਂ ਵੱਡੇ ਪ੍ਰੇਮ ਨਾਲ ਆਪਣੇ ਪਾਸ ਬੁਲਾਇਆ ਤੇ ਵੱਡੀ ਤਕਲੀਫ ਨਾਲ ਹੌਲੀ੨ ਕਿਹਾ—

ਮਿਸ ਟਰ ਸਟੀਫਨ! ਮੈਂ ਸੁਣਦਾ ਹਾਂ ਕਿ ਤੁਹਾਡਾ ਗਾਰਡਨਦੇ ਕੁਟੰਬ ਨਾਲ ਵਡਾ ਪਿਆਰ ਹੈ ਸੋ ਅਜ ਹੀ ਤੁਸੀਂ ਗਾਰਡਨ ਨੂ ਹੇਨਰੀ ਦੇ ਮਰਨ ਦੀ ਖਬਰ ਦਿਓ ਤੇ ਇਹ ਆਖੋ ਕਿ ਹੈਲਨਾਂਦੇ ਮਰਨ ਨਾਲ ਮੇਰੇ ਦਿਲ ਨੂੰ ਭਯਾਨਕ ਸੱਟ ਵਜੀ ਹੈ। ਇਹ ਕੁਝ ਚਿਠੀਆਂ ਤੁਹਾਨੂੰ ਮੈਂ ਦੇਂਦਾ ਹਾਂ ਇਹ ਗਾਰਡਨ ਨੂੰ ਦੇ ਦੇਣੀਆਂ। ਪਰ ਇਹ ਵਡੀ ਖਬਰਦਾਰੀ ਨਾਲ ਦੇਣੀਆਂ ਹੋਰ ਕੋਈ ਨਾਂ ਵੇਖੇ॥

ਇਹ ਆਖਕੇ ਉਨਾਂ ਚਿਠੀਆਂਦਾ ਬੰਡਲ ਮੇਰੇ ਹਥ ਵਿਚ ਫੜਾਯਾ ਤੇ ਮੈਂ ਗੱਡੀ ਵਿਚ ਜਾ ਬੈਠਾ, ਗਡੀਦੇ ਧੱਕੇ ਨਾਲ ਕਈ ਚਿਠੀਆਂ ਡਿਗ ਪਈਆਂ।ਮੈਂ ਛੇਤੀ ਨਾਲ ਉਹ ਚਿਠੀਆਂ ਚੁਕਦਾ ਪਿਆ ਸਾਂ ਕਿ ਉਸੇ ਵੇਲੇ ਇਕ ਚਿਠੀ ਖੁਲ੍ਹ ਗਈ ਤੇ ਉਸ ਵਿਚ ਇਹ ਲਿਖਿਆ ਸੀ॥

ਪਿਆਰੇ ਹੇਨਰੀ! ਮਾਲੂਮ ਹੁੰਦਾ ਹੈ ਇਹ ਛੇਕੜਦੀ ਚਿਠੀ ਤੈਨੂੰ ਲਿਖ ਰਹੀ ਹਾਂ॥

ਤੇਰੀ ਹੇਲਨਾ

ਇਹ ਦੋ ਸਤਰਾਂ ਪੜ੍ਹਦੇ ਹੀ ਮੇਰਾ ਚਿਤ ਘਬਰਾ ਗਿਆ ਤੇ ਮੈਂ ਉਹ ਚਿਠੀਆਂ ਜੇਬ ਵਿਚ ਪਾ ਲਈਆਂ॥

# ਕਾਂਡ ੨

## (ਸਰਦਾਰ ਰਾਮਪਾਲ ਸਿੰਘ ਦਾ ਬਿਆਨ)

ਮੇਰਾ ਨਾਮ ਰਾਮਪਾਲ ਸਿੰਘ, ਜਨਮ ਅਸਥਾਨ ਲੁਧਿਆਨਾ, ਤੇ ਪਿਤਾਦਾ ਨਾਮ ਸਰਦਾਰ ਭਗਵਾਨ ਸਿੰਘ ਹੈ, ਲੁਧਿਆਣੇ ਵਿਚ ਮੇਰੀ ਵਡੀ ਜਾਗੀਰ ਹੈ, ਮੇਰੇ ਪਿਤਾ ਮਹਾਰਾਜ ਰਣਜੀਤ ਸਿੰਘ ਜੀ ਦੀ ਫੌਜਦੇ ਮੇਜਰ ਸਨ ਜਿਸ ਕਰਕੇ ਉਨਹਾਂਦਾ ਨਾਮ ਹੁਣ ਤਕ ਮਸ਼ਹੂਰ ਹੈ। ਮੇਰੇ ਪਿਤਾ ਮਹਾਰਾਜ ਰਣਜੀਤ ਸਿੰਘ ਜੀ ਦੇ ਸੱਜੇ ਹਥ ਹੋ ਗਏ ਸਨ। ਵਡੇ ਯੁੱਧ ਵਿਸ਼ਾਰਦ, ਕੂਟ ਨੀਤੀ ਜਾਣਨ ਵਾਲੇ ਸਨ। ਵਡੇ ਭਾਰੀ ਹੋਸ਼ਿਆਰ ਸਨ। ਮਹਾਰਾਜ ਨੇ ਉਨਹਾਂ ਨੂ ਜਾਸੂਸੀ ਮੇਹਕਮੇਂਦਾ ਵਡਾ ਔਹਦਾ ਦੇਕੇ ਕਈ ਜਾਗੀਰਾਂ ਵੀ ਦਿਤੀਆਂ ਸਨ। ਮੇਰੇ ਪਿਤਾਦੀ ਹੀ ਅਕਲਦਾ ਇਹ ਫਲ ਹੈ ਕਿ ਪੰਜਾਬਦੇ ਨਾਮੀ ਗ੍ਰਾਮੀ ਬਦਮਾਸ਼, ਚੋਰ, ਡਾਕੂ, ਰਾਜਦ੍ਰੋਹੀ ਤੇ ਜਾਲਸਾਜ਼ ਫੜ ੨ ਕੇ ਫਾਹੇ ਦਿਤੇ ਗਏ ਸਨ, ਸੋ ਵਾਹਿਗੁਰੂ ਦੀ ਕ੍ਰਿਪਾ ਨਾਲ ਅਪਣੇ ਪਿਤਾਦੇ ਮਾਨਸਿਕ ਗੁਣਾਂ ਦਾ ਅਧਿਕਾਰੀ ਮੈਂ ਵੀ ਹੋ ਪਿਆ। ਓਸੇ ਗੁਣਦੀ ਕਦਰ ਕਰਕੇ ਅੰਗ੍ਰੇਜ਼ੀ ਸਰਕਾਰ ਨੇ ਵੀ ਮੈਨੂੰ ਜਾਸੂਸੀ ਦੇ ਮੇਹਕਮੇਂ ਵਿਚ ਵਡਾ ਔਹਦਾ ਦਿਤਾ ਹੈ। ਕਿਉਂਕਿ ਮਹਾਰਾਜ ਰਣਜੀਤ ਸਿੰਘ ਜੀ ਦੇ ਚਲਾਣੇ ਪਿਛੋਂ ਮਹਾਰਾਜ ਖੜਗ ਸਿੰਘ ਆਚਰਣ ਤੋਂ ਅਤਯੰਤ ਦੁਖੀ ਹੋਕੇ ਮੈਂ ਆਪਣਾ ਕੰਮ ਛੱਡ ਤਾ ਸੀ। ਬਹੁਤ ਕੀ ਦਸਾਂ ਮੈਂ ਵੀ ਮਹਾਰਾਜ ਦੀ ਫੌਜ ਵਿਚ ਹੁਤ ਦਿਨ ਤਕ ਕੰਮ ਕੀਤਾ ਸੀ। ਪੰਜਾਬਦੇ ਦਰਬਾਰ ਨੂੰ ਟੁਣ ਪਰ ਭਾਵੇਂ ਮੈਨੂੰ ਅੰਗ੍ਰੇਜ਼ੀ ਦਰਬਾਰ ਵਿਚ ਕੰਮ ਮਲਿਆ ਸੀ ਪਰ ਮੇਰਾ ਮਨ ਪ੍ਰਸੰਨ ਨਾਂ ਹੋਇਆ। ਕਿਉਂਕਿ

DBA0000002996PAN

ਪੰਜਾਬੀ ਆਪਣੇ ਦੇਸ ਨੂੰ ਜਿਤਨਾ ਪਿਆਰ ਕਰਦਾ ਹੈ ਹਿੰਦੁਸਤਾਨ ਦੀ ਹੋਰ ਕੋਮ ਸ਼ਾਇਦ ਹੀ ਉਤਨਾ ਕਰਦੀ ਹੋਵੇ, ਇਸਦੇ ਬਹੁਤ ਸਾਰੇ ਸਬੂਤ ਅੰਗ੍ਰੇਜ਼ਾਂ ਤੇ ਸਿਖਾਂ ਦੀਆਂ ਲੜਾ-ਈਆਂ ਤਥਾ ਫੇਰੂ ਸ਼ਹਿਰ ਤੇ ਯੁਧ ਤੋਂ ਸਾਫ ਪਏ ਮਿਲਦੇ ਹਨ, ਜਿਸ ਵੇਲੇ ਸ੍ਵਾਧੀਨਤਾ ਲਈ ਸਿਖ ਮੈਦਾਨ ਵਿਚ ਆਏ ਓਸ ਵੇਲੇ ਹਰ ਇਕ ਸਿਖ ਨੇ ਪ੍ਰਤਿਗਜ਼ਾ ਕੀਤੀ ਸੀ ਕਿ ਪੰਜਾਬ ਦਰਬਾਰ ਦੇ ਵਿਰੁੱਧ ਕਦੇ ਕੋਈ ਕੰਮ ਨਹੀਂ ਕਰਾਂਗੇ। ਪਰ ਮੈਂ ਆਪਣੇ ਦੇਸ ਦੇ ਵਿਰੁਧ ਹਥੀਆਰ ਲੈਕੇ ਖੜਾ ਹੋਇਆ ਕਿਉਂਕਿ ਲਾਰਡ ਹਾਰਡਿੰਗ ਪੰਜਾਬ ਦੇ ਗਵਰਨਰ ਜਨਰਲ ਮੈਨੂੰ ਬਹੁਤ ਪਿਆਰ ਕਰਦੇ ਸਨ। ਓਹ ਮੇਰੇ ਗੁਣਾਂ ਦੇ ਬਹੁਤ ਕਦਰਦਾਨ ਸਨ। ਅੰਗ੍ਰੇਜ਼ਾਂ ਤੇ ਸਿਖਾਂ ਦੀ ਲੜਾਈ ਵਿਚ ਅੰਗ੍ਰੇਜ਼ਾਂ ਵਲੋਂ ਮੈਨੂੰ ਬਹੁਤ ਸਹੈਤਾ ਮਿਲੀ ਸੀ ਅਤੇ ਇਸ ਵਿਚ ਭੀ ਕੋਈ ਸ਼ੱਕ ਨਹੀਂ ਕਿ ਹਿੰਦੁਸਤਾਨ ਦੇ ਇਸ ਵਾਟਰਲੂ ਯੁੱਧ ਵਿਚ ਜੇਕਰ ਮੈਂ ਸਹੈਤਾ ਨਾਂ ਕਰਦਾ ਤਾਂ ਅੰਗ੍ਰੇਜ਼ ਬਿਸਤਰਾ ਬੋਰੀਆ ਬੰਨ੍ਹਕੇ ਇਹ ਦੇਸ ਛਡ ਜਾਂਦੇ। ਮੇਰੇ ਕਰਕੇ ਪੰਜਾਬ ਵਿਚ ਅੰਗ੍ਰੇਜ਼ਾਂ ਦਾ ਰਾਜ ਮਜ਼ਬੂਤ ਹੁੰਦਾ ਵੇਖ ਭਾਰਤ ਸਰਕਾਰ ਨੇ ਮੇਰੇ ਗੁਣਾਂ ਦੀ ਤਾਰੀਫ ਕਰਦੇ ਹੋਏ ਮੈਨੂ ਇਕ ਚਿਠੀ ਲਿਖੀ। ਹੋਰ ਤਾਂ ਹੋਰ ਮਹਾਰਾਣੀ ਵਿਕਟੋਰੀਆ ਨੇ ਆਪਣੇ ਹਥਾਂ ਦਾ ਸਾਰਟੀ ਫਿਕੇਟ ਮੈਨੂ ਭੇਜਿਆ ਸੀ, ਇਹ ਸਾਰਟੀ ਫਿਕੇਟ ਮੇਰੀ ਭਾਰੀ ਜਾਗੀਰ ਹੈ। ਮੇਰੀ ਬੰਸ ਦੇ ਲੋਕ ਇਸ ਨੂੰ ਬਹੁਤ ਦਿਨ ਤਕ ਇਕ ਵਡਾ ਰਤਨ ਸਮਝਣਗੇ ॥

ਸਿਖਾਂ ਅੰਗ੍ਰੇਜ਼ਾਂ ਦੀ ਭਾਰੀ ਲੜਾਈ (ਮੁਦਕੀ ਤੇ ਫੇਰੂ ਦੀ) ਪਿਛੋਂ ਮੈਂ ਪਿਨਸ਼ਨ ਲੈਕੇ ਮੈਂ ਸੁਖ ਨਾਲ ਆਪਣੇ ਦਿਨ ਕੱਟਣ ਲਗਾ। ਪਰ ਮਨੁੱਖ ਦੇ ਭਾਗਾਂ ਵਿਚ ਟਿਕਾਊ ਸੁਖ ਕਿਧਰੇ ਭੀ ਨਹੀਂ ਦਿਸਦਾ। ਸੰਨ ੧੮੫੬ ਈ: ਦੇ ਦਸੰਬਰ

ਮਹੀਨੇਦੀ ੨੫ ਤਾਰੀਖ ਨੂੰ ਲਾਰਡ ਕੈਨਿੰਗ ਦੀ ਇਕ ਚਿਠੀ ਮੈਨੂੰ ਮਿਲੀ ਜਿਸ ਵਿਚ ਇਹ ਲਿਖਿਆ ਸੀ–

"ਪਿਆਰੇ ਸਰਦਾਰ ਰਾਮਪਾਲ ਸਿੰਘ ਜੀ, ਤੁਸੀਂ ਇਕਵਾਰੀ ਕਲਕਤੇ ਆਕੇ ਮੈਨੂੰ ਛੇਤੀ ਮਿਲੋ। ਹੁਣ ਤੁਹਾਡੀ ਸਹੈਤਾ ਬਿਨਾਂ ਕੰਮ ਨਹੀਂ ਹੁੰਦਾ"॥

ਚਿਠੀ ਪੜ੍ਹਕੇ ਮੈਂ ਕੁਝ ਵੀ ਕੰਮ ਨਾ ਕਰ ਸਕਿਆ ਮੈਂ ਆਪਣੇ ਮਨ ਵਿਚ ਸੋਚਿਆ ਕਿ ਪੰਜਾਬ ਤਾਂ ਇਸ ਵੇਲੇ ਮਰ ਚੁਕਾ ਹੈ, ਹਿੰਦੁਸਤਾਨ ਦੇ ਹਿੰਦੂ ਵੀ ਹੁਣ ਨਿਰਜੀਵ ਹਨ।ਫਿਰ।ਅਜੇਹੇਸਮੇਂ ਅੰਗ੍ਰੇਜ਼ਾਂ ਦੇ ਵਿਰੁਧ ਕੌਣ ਹਥਿਆਰ ਚੁਕ ਸਕਦਾ ਹੈ? ਹਾਂ ਦੂਜੇ ਪਾਸਿਓਂ "ਰੂਸ" ਭਾਵੇਂ ਹਿੰਦੁਸਤਾਨ ਨੂੰ ਹੜਪ ਕਰਨ ਲਈ ਹੌਲੀ੨ ਵਧ ਰਿਹਾ ਹੈ। ਤਾਂ ਕੀ ਕੈਨਿੰਗ ਸਾਹਿਬ ਮੈਨੂੰ ਰੂਸ ਵਿਚ ਭੇਜਦੇ ਹਨ? ਯਾਂ ਇਕ ਦੋਂ ਥਾਵਾਂ ਤੋਂ ਹਿੰਦੂ ਫੌਜਾਂ ਦੇ ਬਾਗੀ ਹੋਣ ਦੀ ਜੋ ਖਬਰ ਆਈ ਹੈ ਓਸੇ ਨੂੰ ਦਬਾਣ ਲਈ ਮੇਰੀ ਲੋੜ ਪਈ ਹੈ? ਫੇਰ ਕੁਝ ਹੋਵੇ। ਛੇਕੜ ਮੈਂ ਅਪਣੇ ਘਰਦਿਆਂ ਬਾਲਾਂ ਬਚਿਆਂ, ਨੌਕਰਾਂ ਚਾਕਰਾਂ, ਤੇ ਸਰਦਾਰਨੀ ਨੂੰ ਆਖਦਿਤਾ ਕਿ ਮੈਂ ਅਜਹੀ ਕਲ-ਕਤੇ ਜਾਵਾਂਗਾ। ਓਹ ਕਿਧਰੇ ਬਹੁਤਾ ਫਿਕਰ ਨਾ ਕਰਨ ਇਸ ਲਈ ਜਾਣ ਦਾ ਮਤਲਬ ਕੁਝ ਨਾ ਦਸਿਆ। ਓਸੇ ਦਿਨ ਸ਼ਾਮ ਨੂੰ ਕੁਝ ਹੁਸ਼ਿਆਰ ਮਨੁਖਾਂ ਨੂੰ ਨਾਲ ਲੈਕੇ ਕਲਕਤੇ ਨੂੰ ਰਵਾਨਾ ਹੋਗਿਆ। ਓਸ ਵੇਲੇ ਰੇਲ ਤਾਂ ਬਣੀ ਹੀ ਨਹੀਂ ਸੀ। ਸੋ ਇਕ ਥਾਂ ਤੋਂ ਦੂਜੀ ਥਾਂ ਜਾਣ ਲਈ ਘੋੜ ਗਡੀ ਜਾਂ ਬੈਲ ਗਡੀ ਦੇ ਸਿਵਾ ਹੋਰ ਕੋਈ ਸਵਾਰੀ ਸੂਹੀ ਨਹੀ ਹੁੰਦੀ ਸੀ। ਜਿਸ ਕਰਕੇ ਮੁਸਾਫਰਾਂ ਨੂੰ ਬਹੁਤ ਕਠਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਪਰ ਕੈਨਿੰਗ ਸਾਹਿਬ ਦੀ ਕ੍ਰਿਪਾ ਨਾਲ ਮੈਨੂੰ ਕਿਸੇਤਰਾਂ ਦਾ ਕਸ਼ਟ ਨਾ ਹੋਯਾ। ਕਿਉਂਕਿ

ਲੁਧਯਾਨੇ ਦੇ ਅਫਸਰਾਂ ਨੂੰ ਸਖਤ ਹੁਕਮ ਹੋ ਚੁਕਾ ਸੀ ਤੇ ਮੇਰੀ ਰਵਾਨਗੀ ਦਾ ਓਨਾ ਖਾਸ ਇੰਤਜ਼ਾਮ ਕੀਤਾ ਸੀ ॥

ਛੇ ਦਿਨਾਂ ਪਿਛੋਂ ਅਸੀਂ ਦਿੱਲੀ ਜਾ ਪਹੁੰਚੇ ਓਥੋਂ ਦੇ ਵਡੇ ਅੰਗ੍ਰੇਜ ਅਫਸਰ ਨਾਲ ਮੈਂ ਮੁਲਾਕਾਤ ਕੀਤੀ। ਜਿਸਨੇ ਲਾਰਡ ਕੇਨਿੰਗ ਦੀ ਦੂਜੀ ਚਿਠੀ ਦਿਤੀ ਜਿਸ ਵਿਚ ਇਹ ਲਿਖਿਆ ਸੀ ॥

ਪਿਆਰੇ ਰਾਮਪਾਲ ਸਿੰਘ, ਕਲਕਤੇ ਪਹੁੰਚਣ ਵਿਚ ਤੁਹਾਨੂੰ ਬਹੁਤ ਦਿਨ ਲਗਣਗੇ ਅਤੇ ਇਸ ਨਾਲ ਸਾਡੇ ਕੰਮ ਦਾ ਬਹੁਤ ਹਰਜ ਹੋ ਸਕਦਾ ਹੈ, ਇਸ ਲਈ ਤੁਸੀਂ ਦਿੱਲੀਓਂ ਸਿਧੇ ਕਾਨ ਪੁਰ ਚਲੇ ਜਾਓ ਤੇ ਓਥੋਂ ਦੇ ਕਮਾਂਡਿੰਗ ਅਫ-ਸਰ ਜਨਰਲ 'ਹੇ' ਨਾਲ ਮੁਲਾਕਾਤ ਕਰੋ। ਓਹ ਮੇਰੇ ਪ੍ਰਤੀ-ਨਿਧ ਹਨ, ਮੈਂ ਓਨਾਂ ਨੂ ਚਿਠੀ ਲਿਖਕੇ ਸਭਕੁਝ ਸਮਝਾ ਦਿਤਾ ਹੈ। ਓਹ ਤੁਹਾਨੂੰ ਸਾਰੀਆਂ ਗਲਾਂ ਸਮਝਾ ਦੇਣਗੇ। ਮੈਨੂੰ ਭਰੋਸਾ ਹੈ ਕਿ ਪਿਛਲੀ ਪੰਜਾਬ ਦੀ ਲੜਾਈ ਸਮੇਂ ਜਿਸ ਦੂਰੰਦੇਸ਼ੀ, ਬੁਧਵਾਨੀ ਤੇ ਹਿੰਮਤ ਨਾਲ ਤੁਸਾਂ ਸਾਡੀ ਸਹਾਇਤਾ ਕੀਤੀ ਸੀ ਅਤੇ ਸਾਨੂੰ ਬਿਪਤਾ ਤੋਂ ਬਚਾਯਾ ਸੀ ਓਸੇਤਰਾਂ ਹੁਣ ਵੀ ਆਉਣ ਵਾਲੀ ਬਿਪਤਾ ਤੋਂ ਤੁਸੀਂ ਮੂੰਹ ਨਹੀਂ ਮੋੜੋਗੇ ਤੇ ਸਾਡੀ ਰਖਿਆ ਕਰੋਗੇ। ਇਹ ਕੇਵਲ ਮੇਰੀ ਹੀ ਰਾਇ ਨਹੀਂ ਬਲਕੇ ਵਿਲੈਤ ਦੀ ਵਜ਼ੀਰ ਸਭਾ ਨੇ ਵੀ ਮੇਰੇ ਰਾਹੀਂ ਤੁਹਾਨੂੰ ਇਹ ਸੰਦੇਸਾ ਭੇਜਿਆ ਹੈ ॥

ਤੁਹਾਡਾ ਸੁਭ ਚਿੰਤਕ—ਕੇਨਿੰਗ

ਓਸੇਦਿਨ ਮੈਂ ਦਿਲੀਓਂ ਕਾਨਪੁਰ ਨੂੰ ਤੁਰ ਪਿਆ।ਰਾਹ ਵਿਚ ਖਾਣ ਪੀਣ ਲਈ ਬਹੁਤ ਦੁਖ ਭੋਗਣਾ ਪਿਆ। ਕਿਉਂਕਿ ਛੂਆ ਛਾਹੀ ਦਾ ਖਿਆਲ ਬਹੁਤ ਹੈ ਤੇ ਧਰਮਸਾਲ ਇਸ ਦੇਸ਼ ਵਿਚ ਘਟ ਹਨ।ਭਾਵੇਂ ਮੈਂ ਆਪਣੇਕੰਮ ਵਿਚਇਨਾਂ

ਗੱਲਾਂ ਦੀ ਰਤਾ ਜਿੰਨੀ ਪਰਵਾਹ ਨਹੀਂ ਕਰਦਾ ਪਰ ਕੇਹਣਾਂ ਪੈਂਦਾ ਹੀ ਹੈ ॥

ਦਿੱਲੀਓਂ ਕਾਨਪੁਰ ਜਾਣ ਵੇਲੇ ਰਾਹ ਵਿਚ ਇਕ ਵਾਰਦਾਤ ਹੋਈ ਸੀ ਜਿਸਦਾ ਸੰਬੰਧ ਅਗਲੀਆਂ ਗਲਾਂ ਨਾਲ ਹੋਣ ਕਰਕੇ ਓਸਦਾ ਇਥੇ ਲਿਖਣਾ ਜ਼ਰੂਰੀ ਭਾਸਦਾ ਹੈ। ਓਹ ਇਹ ਕਿ ਇਕ ਦਿਨ ਰਾਹ ਵਿਚ ਗੰਗਾ ਉਤੇ ਇਸਨਾਨ ਕਰਕੇ ਮੈਂ ਜਪੁਜੀ ਦਾ ਪਾਠ ਕਰਦਾ ਸੀ ਅਤੇ ਮੇਰੇ ਸਾਥੀ ਕੁਝ ਦੂਰ ਬੈਠੇ ਹੋਏ ਅਰਾਮ ਕਰ ਰਹੇ ਸਨ। ਮੇਰੇ ਕੋਲ ਹੀ ਇਕ ਨਾਂਗਾ ਸਾਧੂ ਭਜਨ ਬੈਠਾ ਕਰਦਾ ਸੀ। ਓਸਦੇ ਸਿਰ ਉਤੇ ਜਟਾਵਾਂ, ਸਰੀਰ ਉਤੇ ਸੁਆਹ ਤੇ ਮਥੇ ਉਤੇ ਲਾਲ ਚੰਨਣ ਦਾ ਤਿਲਕ ਲਗਾ ਹੋਯਾ ਸੀ। ਮੈਂ ਬਿਨਾਂ ਕਿਸੇ ਸ਼ੱਕ ਦੇ ਅਪਣੇ ਪਾਠ ਵਿਚ ਮਗਨ ਸਾਂ॥

ਆਪਣਾ ਪਾਠ ਪੂਰਾ ਕਰਕੇ ਜਦ ਮੈਂ ਉਠਿਆ ਤੇ ਜਾਣ ਲਗਾ ਤਾਂ ਸਾਧੂ ਨੇ ਮੈਨੂੰ ਅਪਣੇ ਪਾਸ ਸਦਿਆ। ਮੈਂ ਵੀ ਪਾਸ ਜਾਕੇ ਵਡੀ ਅਧੀਨਗੀ ਨਾਲ ਮਥਾ ਟੇਕਿਆ। ਸੰਤ ਨੇ ਮੈਨੂੰ ਅਸੀਸ ਦੇਕੇ ਵੱਡੇ ਆਦਰ ਨਾਲ ਪੁਛਿਆ "ਬੱਚਾ ਤੁਸੀਂ ਕਿਥੇ ਜਾਓਗੇ?"

ਮੈਂ—"ਜੀ ਕਾਨਪੁਰ"

ਸੰਤ—(ਮਥੇ ਤੋਂ ਜਟਾਵਾਂ ਹਟਾਕੇ ਤੇਜ਼ ਨਜ਼ਰ ਨਾਲ ਵੇਖਦਾ ਹੋਯਾ) ਕਿਉਂ ਕਾਨਪੁਰ ਕਿਉਂ ਜਾਂਦੇ ਹੋ ?

ਮੈਂ—(ਬਿਨਾਂ ਕਿਸੇ ਸ਼ੱਕ ਦੇ) ਅੰਗ੍ਰੇਜ਼ਾਂ ਦੀ ਮਦਦਲਈ॥

ਇਸਵਾਰੀ ਓਹ ਫੇਰ ਤੇਜ਼ ਨਜ਼ਰ ਨਾਲ ਮੈਨੂੰ ਵੇਖਣ ਲਗਾ ਮਾਨੋ ਉਸਨੇ ਮੇਰਾ ਦਿਲ ਤਕ ਵੇਖ ਲਿਆ। ਮੈਂ ਕੁਝ ਸੰਭਲਿਆ ਤੇ ਮੇਰੇ ਦਿਲ ਵਿਚ ਕੁਝ ਸ਼ਕ ਗੁਜ਼ਰਿਆ। ਮੈਂ

ਅਪਣੀ ਪੈਹਲੀ ਗਲ ਨੂੰ ਸੰਭਾਲਣ ਦੇ ਇਰਾਦੇ ਨਾਲਕਿਹਾ ਅਜੇਹੀ ਕੋਈ ਖਾਸ ਗੱਲ ਨਹੀਂ ਜੋ ਆਪਨੂੰ ਦੱਸ ਨਾ ਸਕਾਂ।

ਸੇਠ–'ਜੇਕਰ ਕਿਸੇਤਰਾਂ ਦੀ ਰੋਕ ਨਹੀਂ ਤਾਂ ਕਹਦੇਵੋ'

ਮੈਂ–"ਮੈਂ ਇਕ ਪੰਜਾਬ ਦਾ ਰੈਹਣ ਵਾਲਾ ਵਪਾਰੀਹਾਂ। ਕਾਨਪੁਰ ਵਿਚ ਅੰਗ੍ਰੇਜ਼ੀ ਫੌਜ ਲਈ ਰਸਦ ਥੋੜੀ ਹੈ। ਸੋ ਉਸਦੇ ਪੂਰਾ ਕਰਨ ਲਈ ਉਥੇ ਜਾਂਦਾ ਹਾਂ"॥

ਪਾਠਕ ਜੀ, ਮਾਫ ਕਰਨਾ, ਅਸੀਂ ਵਪਾਰੀ ਆਦਮੀ ਹਾਂ, ਸਚੀਆਂ ਗੱਲਾਂ ਦੱਸ ਦੇਣ ਨਾਲ ਕਿਸੇ ੨ ਵੇਲੇ ਘਾਟਾ ਹੋ ਜਾਂਦਾ ਹੈ ਇਸ ਲਈ ਕਰੀਬ ੨ ਸਾਰੀਆਂ ਥਾਵਾਂ ਉਤੇ ਸਾਨੂੰ ਅਪਣਾ ਮਤਲਬ ਲੁਕਾਣਾ ਪੈਂਦਾ ਹੈ। ਸੋ ਓਸ ਸੰਤ ਨੂੰ ਠਗਣ ਲਈ ਮੈਂ ਅਪਣੀ ਅਸਲੀ ਗਲ ਤਾਂ ਜਰੂਰ ਲੁਕਾਈ ਤੇ ਓਸਨੂੰ ਠਗਣਾ ਵੀ ਚਾਹਿਆ ਪਰ ਓਸ ਸਾਧੂ ਦੇ ਜਬਾਬਤੋਂ ਮਲੂਮ ਹੋਯਾ ਕਿ ਮੈਂ ਹੀ ਠਗਿਆ ਗਿਆ॥

ਸਾਧੂ—ਮਲੂਮ ਹੁੰਦਾ ਹੈ ਤੁਸੀ ਝੂਠ ਬੋਲਦੇ ਹੋ। ਮੈਨੂੰ ਕਾਨਪੁਰੋਂ ਚਲਿਆਂ ਕੁਲ ਚਾਰ ਪੰਜ ਦਿਨ ਹੋਏ ਹਨ। ਉਥੋਂ ਦੀ ਫੌਜ ਦਾ ਸਾਰਾ ਹਾਲ ਮੈਨੂੰ ਚੰਗੀਤਰਾਂ ਮਲੂਮ ਹੈ। ਓਥੇ ਰਸਦ ਦਾ ਕੋਈ ਟੋਟਾ ਨਹੀਂ। ਤੁਸੀਂ ਜਰੂਰ ਸੱਚੀ ਗਲ ਲੁਕਾਈ ਹੈ। ਖੈਰ ਮੈਂ ਤਾਂ ਸਾਧੂ ਹਾਂ। ਮੈਨੂੰ ਇਨਾਂ ਗੱਲਾਂ ਦੇ ਜਾਨਣ ਦੀ ਕੀ ਲੋੜ ਹੈ, ਤੁਸੀ ਜਾਓ॥

ਮੈਂ ਵੇਖਿਆ ਇਹ ਸਾਧੂ ਕੋਈ ਮਮੂਲੀ ਮਨੁਖ ਨਹੀਂ ਅੰਗ੍ਰੇਜਾਂ ਦੀ ਫੌਜ ਤਕ ਦਾ ਹਾਲ ਇਸ ਕੋਲੋਂ ਗੁਝਾ ਨਹੀਂ ਤੇ ਇਸਨੇ ਮੇਰੀ ਅੰਦਰਲੀ ਗਲ ਤਕ ਬੁਝ ਲਈ ਹੈ। ਇਸ ਲਈ ਮੈਂ ਫੇਰ ਕਿਹਾ–ਦਿਲ ਕਰਦਾਹੈ ਕਿ ਮੈਂ ਆਪ ਤੋਂ ਇਕ ਦੋ ਗੱਲਾਂ ਪੁਛਾਂ। ਜੇਕਰ ਆਪਨੂੰ ਕਿਸੇਤਰਾਂ ਉਜਰ ਨਾ ਹੋਵੇ ਤਾਂ ਹੁਕਮ ਦਿਓ॥

ਸਾਧੂ—ਖੁਲੇ ਦਿਲ ਪੁਛ ਸਕਦੇ ਹੋ । ਮੈਂ ਤੁਹਾਡੇ ਵਾਂਗ ਣ ਝੂਠ ਨਹੀਂ ਬੋਲਾਂਗਾ ਤੇ ਨਾ ਕੁਝ ਲੁਕਾਵਾਂਗਾ ॥

ਮੈਂ—"ਆਪਨੂੰ ਇਸ ਮਤੇ ਵਿਚ ਆਯਾ ਕਿਤਨੇ ਦਿਨ ਹੋਏ ਹਨ ?।

ਸਾਧੂ–ਬਹੁਤ ਥੋੜੇ ਦਿਨ। ਮੈਂ ਵੀ ਸੰਸਾਰੀ ਹਾਂ । ਕਿਸੇ ਭਾਰੇ ਕੰਮ ਲਈ ਸਾਧੂ ਹੋਯਾ ਹਾਂ। ਅਪਣਾ ਫਰਜ਼ ਪੂਰਾ ਕਰਕੇ ਫੇਰ ਗ੍ਰਿਹਸਥੀ ਬਣ ਜਾਵਾਂਗਾ ॥

ਮੈਂ–ਆਪਦਾ ਨਿਵਾਸ ਸਥਾਨ ਕਿੱਥੇ ਹੈ?

ਸਾਧੂ--ਬਿਠੂਰ

ਮੈਂ--ਇਥੇ ਕਿਧਰੋਂ ਆਏ ਹੋ ?

ਸਾਧੂ--ਮੈਂ ਪਹਿਲਾਂ ਹੀ ਦਸ ਚੁਕਾ ਹਾਂ ਕਾਨਪੁਰੋਂ ॥

ਮੈਂ--ਆਪ ਤਾਂ ਸਾਧੂ ਹੋ,ਫੇਰ ਫੌਜਾਂਦੀਆਂ ਗਲ ਨਾਲ ਆਪਦਾ ਕੀ ਮਤਲਬ ਹੈ ? ਖਾਸ ਕਰਕੇ ਅਜ ਕਲਦੇ ਸਮੇਂ ਜਦ ਅੰਗ੍ਰੇਜ਼ ਸਰਕਾਰ ਦੇ ਬਰਖਿਲਾਫ਼ ਬਹੁਤ ਭਾਰੀ ਨਫਰਤ ਹੋ ਰਹੀ ਹੈ ਆਪ ਜਸੇ ਸਾਧੂਆਂ ਨੂੰ ਇਨਾਂ ਗਲਾਂ ਦੀ ਖਬਰਾਂ ਰਖਣੀਆਂ ਸਰਕਾਰਦੇ ਦਿਲ ਵਿਚ ਸ਼ਕ ਪੈਦਾ ਕਰ ਸਕਦਾਹੈ॥

ਮੇਰੀ ਗਲ ਅਜੇ ਪੂਰੀ ਵੀ ਨਹੀਂ ਸੀ ਹੋਈ ਕਿ ਸੰਤ ਜੀ ਕੁਝ ਉਦਾਸ ਹੋਕੇ ਉਠ ਖੜੇ ਹੋਏ ਅਤੇ ਮੈਨੂੰ ਸਿਰ ਤੋਂ ਲੈਕੇ ਪੈਰਾਂ ਤੀਕ ਵੇਖਕੇ ਆਖਣ ਲਗੇ, ਮਲੂਮ ਹੁੰਦਾ ਹੈ ਕਿ ਤੁਸੀਂ ਕੋਈ ਮਾਮੂਲੀ ਆਦਮੀ ਨਹੀਂ। ਜੋ ਗਲ ਅੰਗ੍ਰੇਜ਼ਾਂ ਦੇ ਨੌਕਰ ਨਹੀਂ ਸਮਝ ਸਕੇ ਉਸਨੂੰ ਤੁਸਾਂ ਜਾਂਣ ਲਿਆ ਹੈ ਸੋ ਮਾਲੂਮ ਹੁੰਦਾ ਹੈ ਤੁਸੀ ਜਾਸੂਸ ਹੋ। ਖੈਰ ਤੁਸੀਂ ਕੁਝ ਹੋਵੋ ਪਰ ਮੈਂ ਤੁਹਾਨੂੰ ਇਕ ਉਪਦੇਸ਼ ਦਿੰਦਾ ਹਾਂ । ਅੰਗ੍ਰੇਜ਼ਾਂ ਦੇ ਬਰਖਿਲਾਫ ਕਾਰ ਰਵਾਈ ਕਰਨੀ ਇਸ ਵੇਲੇ ਹਿੰਦੂਆਂ ਦੀ ਵਰਤਮਾਨ ਹਾਲਤ ਦਾ ਸੁਭਾਵਿਕ ਧਰਮ ਹੈ। ਪਰ ਤੁਸੀਂ

ਕੋਈ ਸੁਦੇਸ਼ਦੇ ਵਿਰੁਧ ਹੋਕੇ ਤੇ ਵਿਦੇਸ਼ੀ ਰਾਜੇਦੀ ਸਹਾਇਤਾ ਕਰਕੇ ਨਰਕ ਵਾਸੀ ਨਾਂ ਬਣਨਾ ॥

ਇਹ ਆਖਕੇ ਉਹ ਸਾਧੂ ਹੌਲੀ ੨ ਚਲ ਪਿਆ ਉਸਦਾ ਪ੍ਰਕਾਸ਼ਿਤ ਮੁਖੜਾ ਤੇ ਬੀਰਾਂ ਵਾਲੇ ਬਚਨ ਮੇਰੇ ਦਿਲ ਵਿਚ ਚੁੱਭ ਜੇਹੇ ਗਏ। ਜਦ ਤਕ ਓਹ ਨਜ਼ਰ ਆਉਂਦਾ ਰਿਹਾ ਮੈਂ ਵੇਖਦਾ ਰਿਹਾ। ਜਦ ਓਹ ਅੱਖਾਂਤੋਂ ਓਹਲੇ ਹੋਯਾ ਤਾਂ ਮੈਂ ਦਿਲ ਵਿਚ ਉਸਨੂੰ ਨਮਸਕਾਰ ਕਰਕੇ ਆਪਣੇ ਸਾਥੀਆਂ ਪਾਸ ਚਲਾ ਗਿਆ ॥

ਉਸ ਸਾਧੂਦੇ ਮਿਲਣ ਵੇਲੇ ਤੋਂ ਹੀ ਮੇਰੇ ਦਿਲ ਵਿਚ ਇਹ ਪ੍ਰਸ਼ਨ ਉਠਣ ਲਗਾ ਕਿ ਇਹ ਸਾਧੂ ਕੌਣ ਹੈ? ਜਰੂਰ ਹੀ ਇਹ ਕੋਈ ਵਡਾ ਆਦਮੀ ਹੈ। ਇਹ ਉਸਦੀਆਂ ਗਲਾਂ ਤੋਂ ਹੀ ਮਲੂਮ ਹੁੰਦਾ ਹੈ। ਇਹ ਵਾਰਦਾਤ ਆਗਰੇ ਤੋਂ ੫੦ ਮੀਲ ਦੂਰ ਅਸ਼੍ਵਮੇਧ ਘਾਟ ਤੇ ਹੋਈ ਸੀ। ਇਥੋਂ ਕਾਨਪੁਰ ਜਾਣਵਿਚ ੬ ਦਿਨ ਲਗੇ ਤੇ ਰਾਹ ਵਿਚ ਹੋਰ ਕੋਈ ਗਲ ਨਹੀਂ ਹੋਈ ॥

ਕਾਨਪੁਰ ਪਹੁੰਚਦਿਆਂ ਹੀ ਮੈਂ ਦੇਸੀ ਪੁਸ਼ਾਕ ਲਾਹਕੇ ਸਾਹਿਬੀ ਪੁਸ਼ਾਕ ਪਾ ਲਈ। ਇਥੇ ਪਾਠਕਾਂ ਨੂੰ ਇਹ ਦਸ ਦੇਣਾ ਜਰੂਰੀ ਹੈ ਕਿ ਜਾਸੂਸਾਂ ਨੂੰ ਸਮੇਂ੨ਲੋੜ ਅਨੁਸਾਰ ਕਈ ਤਰਾਂਦੀਆਂ ਪੁਸ਼ਾਕਾਂ ਪੈਹਰਨੀਆਂ ਪੈਂਦੀਆਂ ਹਨ। ਕਦੇ ਝੋਲੀ ਅੱਡਕੇ ਬੂਹੇ ੨ ਉਤੇ ਭਿਛਿਆ ਮੰਗਣੀ ਪੈਂਦੀ ਹੈ। ਕਦੀ ਰਾਜਿਆਂ ਵਾਂਗ ਕੀਮਤੀ ਕਪੜੇ ਪਾਕੇ ਆਪਣੇ ਆਪ ਨੂੰ ਸਜਾਣਾ ਪੈਂਦਾ ਹੈ। ਕਦੀ ਪਾਗਲਾਂ ਵਾਂਗ ਕਪੜੇ ਮਿੱਟੀ ਨਾਲ ਲਿਬੇੜਕੇ ਤੇ ਰੋਣਾ ਪਿਟਣਾ ਪੈਂਦਾ ਹੈ। ਪਰ ਮੈਨੂੰ ਬਹੁਤੀ ਥਾਈਂ ਸਾਹਿਬੀ ਪੁਸ਼ਾਕਦੀ ਹੀ ਲੋੜ ਪੈਂਦੀ ਸੀ ਤੇ ਏਸ ਨਾਲ ਮੈਂ ਬਹੁਤ ਸਾਰੇ ਅਨੋਖੇ੨ ਕੰਮ ਕੀਤੇ ਸਨ, ਸੋ ਮੈਂ

ਇਥੇਵੀ ਇਹੋ ਪੁਸ਼ਾਕ ਪਾਕੇ ਤੇ ਸਿਰ ਤੇ ਟੋਪ ਰਖਕੇ ਆਪਣਾਂ ਕੰਮ ਅਰੰਭਿਆ। ਜਿਸ ਵੇਲੇ ਮੈਂ ਇਸਤਰਾਂਦਾ ਭੇਖ ਬਦਲ ਲੈਂਦਾ ਸਾਂ, ਉਸ ਵੇਲੇ ਕੋਈ ਅੰਗ੍ਰੇਜ਼ ਮੈਨੂੰ ਇਹ ਨਹੀਂ ਸੀ ਆਖ ਸਕਦਾ ਕਿ ਇਹ "ਕਾਲਾ" ਆਦਮੀ ਹੈ। ਇਸਦੇ ਸਿਵਾ ਮੇਰੀ ਅੰਗ੍ਰੇਜ਼ੀ ਬੋਲੀ ਵੀ ਬਹੁਤ ਸਾਫ ਸੀ। ਮੇਰੇ ਮੂੰਹਦੀ ਨਿਕਲੀ ਹੋਈ ਅੰਗ੍ਰੇਜ਼ੀ ਤੇ ਖਾਸ ਵਲੈਤ ਤੋਂ ਆਏ ਅੰਗ੍ਰੇਜ਼ ਦੀ ਬੋਲੀ ਵਿਚ ਜਰਾ ਫਰਕ ਨਹੀਂ ਮਾਲੂਮ ਹੁੰਦਾ ਸੀ। ਜੇਕਰ, ਮੈਂ ਇਸਤਰਾਂ ਨਾਂ ਕਰਦਾ ਤਾਂ ਮੇਰਾ ਨਾਮ ਇਤਨਾ ਮਸ਼ਹੂਰ ਨਾਂ ਹੁੰਦਾ। ਅੰਗ੍ਰੇਜ਼ੀਦੇ ਸਿਵਾ ਮੈਂ ਜਰਮਨ, ਫ੍ਰੈਂਚ, ਅਰਬੀ, ਫਾਰਸੀ, ਮਰਹੱਟੀ, ਆਦਿ ਕਈ ਬੋਲੀਆਂ ਵੀ ਚੰਗੀਤਰਾਂ ਬੋਲ ਸਕਦਾ ਸਾਂ। ਕਿਉਂਕਿ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਬਹੁਤ ਸਾਰੇ ਫ੍ਰਾਂਸੀਸੀ ਨੌਕਰ ਸਨ, ਜਿਨਾਂ ਵਿਚੋਂ ਮੈਨਸਿਲ ਅਤੇ ਵੇਂਚੁਰਾ ਬੜੇ ਸਿਆਣੇ ਸਨ ਤੇ ਬਹੁਤ ਸਾਰੀਆਂ ਬੋਲੀਆਂਦੇ ਜਾਨਣ ਵਾਲੇ ਸਨ। ਉਨਹਾਂ ਦੋਹਾਂ ਫ੍ਰਾਂਸੀਸੀ ਮਨੁਖਾਂ ਨਾਲ ਬਚਪੁਣੇ ਵਿਚ ਬਹੁਤ ਦਿਨ ਰਹਿਣ ਕਰਕੇ ਮੈਂ ਉਨਹਾਂ ਕੋਲੋਂ ਅੰਗ੍ਰੇਜ਼ੀ ਤੇ ਫਰਾਂਸੀਸੀ ਚੰਗੀਤਰਾਂ ਸਿਖ ਲਈ ਸੀ॥

ਕਾਨਪੁਰ ਪਹੁੰਚਕੇ ਮੈਂ ਆਪਣੇ ਆਪ ਨੂੰ ਖੂਬ ਅੰਗ੍ਰੇਜ਼ ਬਨਾ ਲਿਆ ਤੇ ਮੈਨੂ ਕੋਈ ਪਛਾਣ ਨਾਂ ਸਕਿਆ। ਮੈਂ ਇਕ ਭਾਰੀ ਪਾਦਰੀ ਸਾਹਿਬ ਲਗਦਾ ਸਾਂ ਤੇ ਨਾਲਦੇ ਲੋਕਾਂ ਨੂੰ ਮੈਂ ਮੁਸਲਮਾਨੀ ਪੁਸ਼ਾਕ ਪਵਾਈ ਹੋਈ ਸੀ। ਕੋਈ ਬਬਰਚੀ ਕੋਈ ਖਾਨਸਾਮਾ, ਕੋਈ ਜਮਾਂਦਾਰ, ਤੇ ਕੋਈ ਸਰਦਾਰ ਬਣ ਮੇਰੇ ਨਾਲ ਤੁਰ ਪਏ ਅਤੇ ਅਸੀਂ ਇਸੇ ਵੇਸ ਵਿਚ ਹੀ ਓਸ ਦਿਨ ਕਾਨਪੁਰ ਸ਼ੈਹਰ ਪਹੁੰਚੇ॥

ਸਭਤੋਂ ਪਹਿਲਾਂ ਮੈਂ ਕਿਲੇ ਵਿਚ ਗਿਆ ਤੇ ਜਨਰਲ

"ਹੇ" ਪਾਸ ਆਪਣੇ ਨਾਮਦਾ ਕਾਰਡ ਲਿਖ ਭੇਜਿਆ। ਓਹ ਆਪ ਖੁਦ ਕਿਲੇਦੇ ਫਾਟਕ ਉਤੇ ਆਕੇ ਮੈਨੂੰ ਵਡੇ ਆਦਰ ਨਾਲ ਅੰਦਰ ਲੈ ਗਏ, ਇਸਦੇ ਪਿਛੋਂ ਮੈਨੂ ਉਨਹਾਂ ਲਾਰਡ ਕੈਨਿੰਗਦੀ ਚਿਠੀ ਵਿਖਾਈ ਜਿਸ ਵਿਚ ਇਹ ਲਿਖਿਆ ਸੀ॥

"ਸਰਦਾਰ ਰਾਮਪਾਲ ਸਿੰਘ, ਪਛਮੀ ਸੂਬੇ ਦੇ ਜਾਸੂਸੀ ਮੈਹਕਮੇਂ ਦੇ ਕਮਿਸ਼ਨਰ ਬਣਾਏ ਗਏ ਹਨ। ਭਾਵੇਂ ਓਹ ਇਸ ਵੇਲੇ ਪੈਨਸ਼ਨ ਲੈ ਚੁਕੇ ਸਨ ਪਰ ਊਨ੍ਹਾਂ ਨੂੰ ਹੀ ਬਹੁਤ ਹੁਸ਼ਿਆਰ ਤੇ ਤਜਰਬੇਕਾਰ ਸਮਝਕੇ ਇਸ ਵਿਪਦਾ ਦੇ ਸਮੇਂ ਉਨਾਂ ਪਾਸੋਂ ਫਿਰ ਮਦਦ ਲੈਣੀ ਚੰਗੀ ਸਮਝੀ ਹੈ। ਸੋ ਆਪਨੇ ਸਰਦਾਰ ਜੀ ਨੂੰ ਕਾਨਪੁਰ ਦੇ ਜਾਲਸਾਜਾਂ ਤੇ ਬਾਗੀ ਮਨੁਖਾਂ ਉਤੇ ਨਜਰ ਰਖਣ ਦੀ ਤਕੀਦ ਕਰ ਦੇਣੀ। ਹੋ ਸਕਦਾ ਹੈ ਕਿ ਬਿਠੂਰ ਦੇ "ਨਾਨਾ ਸਾਹਿਬ" ਸਾਡੇ ਵਿਰੁਧ ਹਥੀਆਰ ਉਠਾਣ ਇਸ ਲਈ ਓਨਾਂ ਤੇ ਕਰੜੀ ਨਜਰ ਰਖਣਾ ਚਾਹੀਦੀ ਹੈ। ਬਾਕੀ ਗਲਾਂ ਪਿਛੋਂ ਲਿਖੀਆਂ ਜਾਂਣਗੀਆਂ"॥

ਚਿਠੀ ਵਿਚ "ਬਿਠੂਰ" ਦਾ ਨਾਮ ਸੁਣਕੇ ਮੈਂ ਚਮਕਿਆ। ਦਿਲ ਵਿਚ ਆਯਾ ਕਿ ਓਹ ਸਾਧੂ ਜੋ ਅਸ਼ਵ ਮੇਧ ਘਾਟ ਉਤੇ ਮਿਲਿਆ ਸੀ ਓਸਦਾ ਮਕਾਨ ਵੀ ਬਿਠੂਰ ਵਿਚ ਹੈ। ਕਿਧਰੇ ਓਹ ਸਾਧੂ ਹੀ ਤਾਂ ਨਾਨਾ ਸਾਹਿਬ ਨਹੀਂ ਸੀ?

# ਕਾਂਡ ੩

## ਗਾਰਡਨ ਤੇ ਮੈਕੇਂਦਰ

( ਸਰਦਾਰ ਰਾਮਪਾਲ ਸਿੰਘ ਦਾ ਬਿਆਨ )

ਜਿਸ ਵੇਲੇ ਮੈਂ ਸ਼ਹਿਰ ਵਿਚ ਗਿਆ ਸ਼ਾਮ ਪੈ ਗਈ ਸੀ। ਮੈਂ ਏਧਰ ਓਧਰ ਦਾ ਕੁਝ ਧਿਆਨ ਨਾ ਦੇਕੇ ਦਿਲ

ਵਿਚ ਕੁਝ ਖਿਆਲ ਕਰਦਾ ਚਲਿਆ ਜਾਂਦਾ ਸਾਂ ਕਿ ਅਚਾ-ਨਕ ਦੋ ਗੋਰੇ ਆਪਸ ਵਿਚ ਗਲਾਂ ਕਰਦੇ ਤੇਜ਼ੀ ਨਾਲ ਮੇਰੇ ਕੋਲੋਂ ਦੀ ਨਿਕਲ ਗਏ। ਮੈਂ ਕੁਝ ਚਮਕਿਆ ਤੇ ਵਿਚਾਰਨ ਲਗਾ ਕਿ ਹੁਣ ਬਹੁਤ ਦੂਰ ਨਿਕਲ ਆਇਆ ਹਾਂ ਵਾਪਸ ਮੁੜ ਚਲਾਂ। ਪਰ ਜਾਸੂਸਾਂ ਦੇ ਦਿਲ ਵਿਚ ਹਮੇਸ਼ਾ ਸ਼ਕ ਭਰਿਆ ਰਹਿੰਦਾ ਹੈ, ਇਸ ਲਈ ਜੀ ਵਿਚ ਆਇਆ ਕਿ ਸੁਣਨਾਂ ਚਾਹੀਦਾ ਹੈ ਇਹ ਦੋ ਗੋਰੇ ਆਪਸ ਵਿਚ ਕੇਹੜੀਆਂ ਗਲਾਂ ਕਰਦੇ ਹਨ ?॥

ਇਸ ਖਿਆਲਦੇ ਉਠਦਿਆਂ ਹੀ ਮੈਂ ਉਹਨਾਂ ਦੇ ਪਿਛੇ ਲਗ ਪਿਆ। ਕੁਝ ਦੂਰ ਜਾਕੇ ਓਹ ਇਕ ਬਾਗ ਵਿਚ ਵੜ ਗਏ, ਮੈਂ ਵੀ ਉਹਨਾਂਦੇ ਪਿੱਛੇ ੨ ਜਾ ਵੜਿਆ। ਓਸ ਬਾਗਦੇ ਇਕਾਂਤ ਅਸਥਾਨ ਵਿਚ ਓਹ ਦੋਵੇਂ ਆਪਸ ਵਿਚ ਗਲਾਂ ਕਰਨ ਲਗੇ, ਮੌਕਾ ਤਾੜਕੇ ਮੈਂ ਵੀ ਉਹਨਾਂ ਦੀਆਂ ਗਲਾਂ ਸੁਣਨ ਲਗਾ। ਉਹਨਾਂਦੇ ਪਿੱਛੇ ਇਕ ਸੰਘਣੀ ਝਾੜੀ ਸੀ ਸੋ ਮੈਂ ਹੌਲੀ ੨ ਜਾਕੇ ਲੁੱਕ ਗਿਆ, ਨਾਲੇ ਮੈਂ ਓਸ ਵੇਲੇ ਕਾਲੇ ਕਪੜੇ ਪਾਏ ਹੋਏ ਸਨ, ਇਸ ਲਈ ਹਨੇਰੇ ਵਿਚ ਮੈਨੂੰ ਕੋਈ ਵੇਖ ਨਾਂ ਸਕਿਆ, ਮੇਰੇ ਪਹੁੰਚਣ ਤੋਂ ਪਹਿਲਾਂ ਓਹਨਾਂ ਵਿਚ ਕੀ ਗੱਲਾਂ ਹੋਈਆਂ ਇਹ ਮੈਂ ਨਹੀਂ ਜਾਣਦਾ ਪਰ ਮੇਰੇ ਪਹੁੰਚਣਤੇ ਇਕ ਨੇ ਕਿਹਾ—ਗਾਰਡਨ! ਫਜ਼ੂਲ ਗਲਾਂ ਛਡਦੇ, ਮੈਂ ਇਹਨਾਂ ਗਲਾਂ ਨੂੰ ਸੁਣਨਾ ਨਹੀਂ ਚਾਹੁੰਦਾ। ਇਹ ਦਸ ਕੀ ਤੂੰ ਮੇਰੀ ਗੱਲ ਮੰਨਣ ਨੂ ਤਿਆਰ ਹੈਂ ਕਿ ਨਹੀਂ ? ਜੇਕਰ ਤਿਆਰ ਹੈਂ ਤਾਂ ਚੰਗਾ, ਅਤੇ ਫੇਰ ਯਾਦ ਰਖ ਮੈਂ ਕਦੇ "ਪੇਰਿਸ ਵਾਲੀ ਗੱਲ" ਬਾਹਰ ਨਹੀਂ ਕੱਢਾਂਗਾ। ਜੇਕਰ ਤੂੰ ਨਹੀਂ ਮੰਨਦਾ ਤਾਂ ਸੈਂਟਮੇਰੀਦੀ ਸਹੁੰ ਮੈਂ ਸਰਕਾਰੇ ਸਾਰੀਆਂ ਗਲਾਂ ਜ਼ਾਹਰ ਕਰ ਦਿਆਂਗਾ। ਉਸ ਵੇਲੇ ਸਰਕਾਰ ਤੈਨੂੰ

ਜਰੂਰ ਫ੍ਰਾਂਸੀਸੀ ਸਰਕਾਰ ਪਾਸ ਭੇਜੇਗੀ ਫੇਰ ਭਾਵੇਂ ਬਰੇ ਕਿ ਨਾਂ ਬਰੇਂ ॥

ਇਸਦੇ ਪਿਛੋਂ ਕੁਝ ਦੇਰ ਤਕ ਦੋਵੇਂ ਚੁਪ ਰਹੇ, ਕਰੀਬਨ ੧੫ ਮਿੰਟਾਂ ਪਿਛੋਂ ਦੂਜਾ ਗੋਰਾ (ਗਾਰਡਨ) ਬੋਲਿਆ ਉਸਨੇ ਕਿਹਾ--ਮੈਕੇਧਰ ! ਹੇਲਨਾ ਮੈਨੂੰ ਜਾਨ ਨਾਲੋਂ ਵੀ ਪਯਾਰੀ ਹੈ ਓਸਨੂ ਮੈਂ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਨਾਲੋਂ ਵੱਧ ਸਮਝਦਾ ਹਾਂ। ਓਸਨੂੰ ਮੈਂ ਤੇਰੇ ਜੈਹੇ ਭਯਾਨਕ ਆਦਮੀ ਦੇ ਹਥ ਕਦੇ ਨਹੀਂ ਅਰਪਣ ਕਰ ਸਕਦਾ। ਬਜ਼ਕ ਤੇਰਾ ਜੋ ਜੀ ਚਾਹੇ ਸੋ ਕਰ, ਮੈਂ ਓਸਦੇ ਲਈ ਆਪਣਾ ਸਰੀਰ ਤਕ ਛਡ ਸਕਦਾ ਹਾਂ ਪਰ ਇਹ ਤੂੰ ਵੀ ਯਾਦ ਰੱਖ ਫੇਰ ਮੈਂ ਵੀ ਤੇਰਾ ਸਾਰਾ ਪੋਲ ਖੋਲ ਦਿਆਂਗਾ ॥

ਮੈਕੇਧਰ—"ਤੇਰੇ ਇਸਤਰਾਂ ਦੇ ਡਰਾਵਿਆਂ ਨਾਲ ਮੈਂ ਨਹੀਂ ਡਰਦਾ ! ਜਦ ਫਰਾਂਸਦੀ ਪੁਲਿਸ ਅਤੇ ਉਥੋਂ ਦੇ ਜਾਸੂਸ ਮੈਨੂੰ ਨਹੀਂ ਫੜ ਸਕੇ ਤਾਂ ਸੈਂਟਮੇਰੀਦੀ ਮਦਦ ਨਾਲ ਇਹ ਅੰਗ੍ਰੇਜ਼ ਵਿਚਾਰੇ ਮੇਰਾ ਕੀ ਕਰ ਸਕਦੇ ਹਨ? ਜੇ ਕਰ ਤੂੰ ਮੇਰੀਆਂ ਗਲਾਂ ਦਸ ਦੇਵੇਂ ਤਾਂ ਵੀ ਓਹ ਮੇਰਾ ਕੁਝ ਨਹੀਂ ਵਿਗਾੜ ਸਕਦੇ ॥

ਇਸਦੇ ਪਿਛੇ ਦੋਵੇਂ ਕੁਝ ਦੇਰ ਚੁਪ ਰਹੇ ਮੈਂ ਉਹਨਾਂ ਦਾ ਮੂੰਹ ਦੇਖਣ ਲਈ ਕੁਝ ਉੱਚਾ ਹੋਇਆ ਕਿ ਅਚਾਨਕ ਮੇਰਾ ਪੈਰ ਸੁੱਕੇ ਪੱਤਰ ਉੱਤੇ ਜਾ ਪੈਣ ਕਰਕੇ "ਚਰਰ" ਦੀ ਆਵਾਜ ਆਈ। ਮੈਕੇਧਰ ਫੁਰਤੀ ਨਾਲ ਉਠਿਆ ਤੇ ਗਾਰਡਨਨੂ ਓਸਨੇ ਕਿਹਾ--ਮਾਲੂਮ ਹੁੰਦਾ ਹੈ ਮੇਰੇ ਫੜਾਣ ਲਈ ਤੂੰ ਪੁਲਿਸ ਲਿਆਂਦੀ ਹੋਈ ਹੈ ? ਸਚ ਦਸ ਨਹੀਂ ਤਾਂ ਇਕੋ ਗੋਲੀ ਨਾਲ ਤੇਰਾ ਸਿਰ ਉਡਾ ਦਿਆਂਗਾ ॥

ਇਹ ਆਖਕੇ ਮੈਕੇਧਰ ਨੇ ਗਾਰਡਨਦੇ ਸਿਰ ਵਲ

ਪਿਸਤੌਲ ਦਾ ਨਿਸ਼ਾਨਾ ਕੀਤਾ। ਮੇਰੇ ਵੀ ਹੁਣ ਖਿਆਲ ਵਿਚ ਇਹ ਗਲ ਆਈ ਕਿ ਮੈਂ ਬਿਨਾਂ ਹਥਿਆਰਦੇ ਇਹਨਾਂ ਬਿਦੇਸੀਆਂਦਾ ਪਿੱਛਾ ਕਰਕੇ ਚੰਗਾ ਕੰਮ ਨਹੀਂ ਕੀਤਾ। ਮੈਕੇ ਯਰ ਜੇਕਰ ਮੈਨੂੰ ਇਥੇ ਆਕੇ ਵੇਖ ਲਵੇ ਤਾਂ ਮੇਰਾ ਜੀਵਨ ਇਕ ਹੀ ਗੋਲੀ ਨਾਲ ਪੂਰਾ ਹੋ ਜਾਵੇ। ਅੰਗ੍ਰੇਜ਼ਾਂ ਨੂੰ ਖੁਸ਼ ਕਰਨਦੀ ਤਜਵੀਜ਼ ਭੀ ਮਿੱਟੀ ਵਿਚ ਰਲ ਜਾਵੇਗੀ। ਇਹ ਸਾਰੀਆਂ ਗਲਾਂ ਸੋਚਕੇ ਮੈਂ ਉਸ ਵੇਲੇ ਘਬਰਾ ਗਿਆ॥

ਗਾਰਡਨ ਨੇ ਕਿਹਾ—ਮੈਕੇਯਰ ਤੂੰ ਪਾਗਲ ਤਾਂ ਨਹੀਂ? ਮੈਂ ਜੇਕਰ ਤੈਨੂੰ ਫੜਾ ਦਿਆਂ ਤਾਂ ਮੈਨੂੰ ਲਾਭ ਹੀ ਕੀ ਹੈ? ਹਾਂ ਨੁਕਸਾਨ ਜਰੂਰ ਹੈ॥

ਮੈਕੇਯਰ—ਚੰਗਾ ਤੂੰ ਇੱਥੇ ਠੈਹਰ, ਮੈਂ ਹੁਣੇ ਪਤਾ ਲੈਕੇ ਆਉਂਦਾ ਹਾਂ॥

ਇਹ ਆਖਕੇ ਓਹ ਮੇਰੀ ਵੱਲ ਆਉਣ ਲਗਾ ਤੇ ਮੈਂ ਆਪਣੇ ਜੀਉਣਦੀ ਆਸ ਛੱਡਕੇ ਉਥੇ ਹੀ ਲੇਟ ਗਿਆ। ਇਥੇ ਘਾਹ ਵੱਡਾ ਉੱਚਾ ਕਰੀਬ ੧॥ ਹਥ ਲੰਮਾ ਸੀ ਸੋ ਮੈਂ ਲੇਟਣ ਨਾਲ ਉਸਦੇ ਅੰਦਰ ਲੁਕ ਗਿਆ। ਮੇਰੀ ਕਾਲੀ ਪੁਸ਼ਾਕ ਨੇ ਵੀ ਮੇਰੇ ਲੁਕਣ ਵਿਚ ਸਹੈਤਾ ਕੀਤੀ। ਓਹ ਗੋਰਾ ਮੇਰੇ ਪਾਸ ਆਇਆ ਤੇ ਕੁਝ ਦੇਰ ਤਕ ਵੇਖਦਾ ਰਿਹਾ ਪਰ ਮੈਨੂੰ ਨਾਂ ਵੇਖ ਸਕਿਆ। ਉਸਦੇ ਚਲੇ ਜਾਣ ਪਰ ਮੈਂ ਉਠ ਬੈਠਾ ਤੇ ਵਾਹਿਗੁਰੂਦਾ ਧੰਨਵਾਦ ਕੀਤਾ। ਕਿਉਂਕਿ ਮੈਨੂੰ ਸ਼ੁਰੂ ਤੋਂ ਹੀ ਇਹਨਾਂ ਗਲਾਂ ਦਾ ਅਭਯਾਸ ਜੇਹਾ ਹੋ ਗਿਆ ਹੈ ਇਸ ਲਈ ਇਸ ਗਲ ਦਾ ਮੇਰੇ ਉਤੇ ਕੋਈ ਅਸਰ ਨਾਂ ਪਿਆ। ਮੈਂ ਜਿਹਾ ਸਮਾਂ ਵੇਖਦਾ ਤਿਹਾ ਕੰਮ ਕਰ ਲੈਂਦਾ ਸਾਂ। ਜਾਨ ਬਚ ਜਾਣ ਪਰ ਆਈ ਹੋਈ ਮੁਸੀਬਤ ਨੂੰ ਮੈਂ ਫੇਰ ਭੁਲਗਿਆ

ਅਤੇ ਉਸੇਤਰਾਂ ਨਾਲ ਕੁਝ ਉੱਚਾ ਜਿਹਾ ਹੋਕੇ ਉਹਨਾਂ ਦੀਆਂ ਗਲਾਂ ਸੁਣਨ ਲਗਾ ॥

ਕੁਝ ਦੇਰ ਪਿਛੋਂ ਗਾਰਡਨ ਨੇ ਕਿਹਾ--ਦੇਖ ਮੈਕੇਯਰ ਮੈਂ ਤੈਨੂੰ ਇਹ ਆਖਦਾ ਹਾਂ ਕਿ ਤੂੰ ਕੁਝ ਰੁਪਏ ਲੈਕੇ ਇਹ ਝਗੜਾ ਨਿਬੇੜ ਲੈ । ਮੈਂ ਤੈਨੂ ਇਸਤਰਾਂ ਮਿਲਨਾ ਵੀ ਨਹੀਂ ਚਾਹੁੰਦਾ ਤੇ ਨਾਂ ਇਸਨੂ ਪਸੰਦ ਕਰਦਾ ਹਾਂ ॥

ਮੈਕੇਯਰ—ਮੈਨੂੰ ਰੁਪਯੇ ਨਹੀਂ ਚਾਹੀਦੇ । ਮੇਰੀ ਵੱਡੀ ਇਛਾ ਇਹ ਹੈ ਕਿ ਪੁਰਾਣੀਆਂ ਗੱਲਾਂ ਨੂੰ ਭੁਲਾਕੇ ਹੁਣ ਮੈਂ ਗ੍ਰਿਹਸਤੀਆਂ ਵਾਂਗ ਸੁਖ ਨਾਲ ਦਿਨ ਕੱਟਾਂ । ਇਸੇ ਕਰਕੇ ਹੀ ਮੈਂ ਫਰਾਂਸ ਛਡਿਆ ਹੈ ਤੇ ਅੰਗਰੇਜ਼ਾਂ ਦੀ ਅਧੀਨਗੀ ਵਿਚ ਦਿਨ ਕਟਦਾ ਹਾਂ ॥

ਗਾਰਡਨ--(ਚੰਗੀਤੀਰਾਂ ਵਿਚਾਰਕੇ) ਵੇਖ ਤੈਂ ਜੋ ਕੁਝ ਸੰਕਲਪ ਕੀਤਾ ਹੈ ਓਸਦੇ ਲਈ ਰੁਪਯੇ ਦੀ ਲੋੜ ਹੈ। ਮੈਂ ਹੋਰ ਸਭਕੁਝ ਸਹ ਲਵਾਂਗਾ ਪਰ ਹੇਲਨਾ ਨੂੰ ਤੇਰੇ ਹੱਥ ਕਦੇ ਨਹੀਂ ਸੌਂਪ ਸਕਦਾ ॥

ਮੈਕੇਯਰ--ਮੈਂ ਤੇਰਾ ਸਾਫ ਜਵਾਬ ਸੁਣਕੇ ਬਹੁਤ ਖੁਸ਼ ਹਾਂ । ਪਰ ਯਾਦ ਰਖੀਂ ਮੈਂ ਫਰਾਂਸ ਦਾ ਪ੍ਰਸਿੱਧ ਬੀਰ "ਮੈਕੇਯਰ" ਹਾਂ ॥

ਇਹ ਆਖਕੇ ਮੈਕੇਯਰ ਗੁਸੇ ਨਾਲ ਉਠ ਖੜੋਤਾ ਤੇ ਗਾਰਡਨ ਨੇ ਡਰਕੇ ਕਿਹਾ--ਅਛਾ ਤੂੰ ੬੦ ਹਜ਼ਾਰ ਰੁਪਯੇ ਲੈ ਲੈ। ਮੈਂ ਹੁਣੇ ਦੇਣ ਲਈ ਤਿਆਰ ਹਾਂ। ਤੂੰ ਜ਼ਰਾਂ ਠੰਡੇ ਦਿਲ ਨਾਲ ਇਸ ਗੱਲ ਦਾ ਵਿਚਾਰ ਕਰ ਲੈ

ਮੈਕੇਯਰ—ਜਿਸ ਦਿਨ ਮੈਂ ਤੈਥੋਂ ੬੦ ਹਜ਼ਾਰ ਰੁਪਯੇ ਮੰਗੇ ਸਨ ਓਸੇ ਦਿਨ ਜੇਕਰ ਮਿਲ ਜਾਂਦੇ ਤਾਂ ਮੇਰਾ ਬਹੁਤ ਉਪਕਾਰ ਹੁੰਦਾ। ਕਿਉਂਕਿ ਤਾਂਤੀਆਟੋਪੀ ਅ.ਜ ਅਠ ਦਿਨ

ਹੋਏ ਕਾਨਪੁਰ ਛੱਡਕੇ ਚਲਿਆ ਗਿਆ ਹੈ । ਉਸ ਨਾਲ ਜਿਸਤਰਾਂ ਦੀ ਸਲਾਹ ਮੈਂ ਕਰ ਰਿਹਾ ਹਾਂ ਉਸ ਨਾਲ ਓਹ ਰਾਜ਼ੀ ਹ। ਕੁਝ ਦਿਨ ਤਕ ਓਹ ਮੇਰੇ ਪਾਸ ਨਾਨਾ ਸਾਹਿਬ ਦੀ ਚਿਠੀ ਲੈਕੇ ਆਵੇਗਾ। ਓਸ ਵੇਲੇ ਜਿਸਤਰਾਂ ਦਾ ਵਿਚਾਰ ਹੋਵੇਗਾ ਕੀਤਾਂ ਜਾਵੇਗਾ। ਅੱਛਾ ਤੂੰ ਮੇਰੀ ਪਹਲੀ ਮੰਨੇਂਗਾ?

ਗਾਰਡਨ–ਕਦੇ ਨਹੀਂ!ਜੀਉਂਦੇ ਜੀ ਕਦੀ ਨਹੀਂ ਮੰਨ ਸਕਦਾ। ਮੈਕੇਯਰ ਨੇ ਕੋਟ ਦਾ ਕਾਲਰ ਉਚਾ ਕਰਦਿਆਂ ਹੋਯਾ ਕਿਹਾ—"ਚੰਗੀ ਗਲ, ਹੁਣ ਮੈਂ ਜਾਂਦਾ ਹਾਂ। ਫੇਰ ਕਦੇ ਮਿਲਾਂਗਾ। ਅੱਛਾ ਇਕ ਗਲ ਹੋਰ ਪੁਛਦਾ ਹਾਂ ਕਿ ਜੇਕਰ ਝਾਂਤੀਆਟੋਪੀ ਤੇ ਨਾਨਾਜੀ ਮੇਰੀ ਗਲ ਨਾਲ ਮੁਤਫਿਕ ਹੋਗਏ ਤਾਂ ਫ਼ੇਰ ਤੂੰ ਮੇਰਾ ਸਾਥੀ ਬਣੇਗਾ ਕਿ ਨਹੀਂ?"

ਗਾਰਡਨ--"ਮੈਂ ਪਿਛੇ ੨ ਤੇਰੀ ਸਹੈਤਾ ਕਰ ਸਕਦਾ ਹਾਂ। ਪ੍ਰਗਟ ਹੋਕੇ ਕੁਝ ਨਹੀ ਕਰ ਸਕਦਾ"॥

ਮੈਕੇਯਰ--"ਮੈਂ ਇਹ ਸੁਣਕੇ ਖੁਸ਼ ਹਾ! ਅਛਾ ਹੁਣ ਰਾਤ ਬਹੁਤ ਚਲੀ ਗਈ ਹੈ। ਫੌਜੀ ਕਾਨੂੰਨ ਤੁਸੀਂ ਜਾਣਦੇ ਹੀ ਹੋ। ਨੌਂ ਵਜੇ ਤੋਂ ਪਹਿਲਾਂ ਕਿਲੇ ਵਿਚ ਜੇ ਨਾ ਪਹੁੰਚੀਏ ਤਾਂ ਅਫਸਰਾਂ ਦੀਆਂ ਝਾੜਾਂ ਖਾਣੀਆਂ ਪੈਂਦੀਆਂ ਹਨ।"

ਮੈਕੇਯਰ ਚਲਿਆ ਗਿਆ। ਕੁਝ ਚਿਰ ਪਿਛੋਂ ਗਾਰ-ਡਨ ਵੀ ਬਾਗ ਵਿਚੋਂ ਨਿਕਲਿਆ ਤੇ ਮੈਂ ਓਸਦੇ ਪਿਛੇ ਲਗ ਲਿਆ। ਬਾਗ ਵਿਚੋਂ ਨਿਕਲਕੇ ਉਹ ਸਿੱਧੀ ਸੜਕੇ ਤੁਰ ਪਿਆ ਮੈਂ ਘੜੀ ਕੱਢਕੇ ਵੇਖੀ ਤਾਂ ਓਸ ਵੇਲੇ ਸਾਢੇ ਅੱਠ ਵਜੇ ਸਨ। ਕੁਝ ਦੂਰ ਜਾਕੇ ਗਾਰਡਨ ਨੇ ਇਕ ਗੱਡੀ ਲਈ ਅਤੇ ਸਈਸ ਨੂੰ ਪਤਾ ਦੇਕੇ ਚੜ੍ਹ ਬੈਠਾ। ਪਰ ਪਤਾ ਮੈਂ ਸਾਫ ਨਾ ਸੁਣ ਸਕਿਆ ਇਸ ਲਈ ਲਾਚਾਰ ਹੋਕੇ ਮੈਂ ਵੀ ਇਕ ਗਡੀ ਕਿਰਾਏ ਤੇ ਲਈ ਅਤੇ ਚੜ੍ਹ ਪਿਆ। ਮੈਂ ਸਾਈਸ ਨੂੰ ਆਖਯਾ

ਕਿ ਜਿਥੇ ਸਾਹਬ ਦੀ ਗਡੀ ਖੜੀ ਹੋਵੇ ਉਸਤੋਂ ਕੁਝ ਉਰੇ ਅਪਣੀ ਗੱਡੀ ਖੜੀ ਕਰੀਂ ਮੈਂ ਤੈਨੂੰ ਕਾਫੀ ਇਨਾਮ ਦਿਆਂਗਾ ਓਹਮੇਰੀ ਗੱਲ ਮੰਨ ਗਿਆ ਤੇ ਓਸਨੇ ਛੇਤੀਨਾਲ ਗੱਡੀਤੋਰੀ।

ਅਧੇ ਘੰਟੇ ਦੇ ਬਾਦ ਗੱਡੀ ਇਕ ਜਗਾ ਖੜੀ ਹੋਗਈ। ਮੈਂ ਬਾਰੀ ਵਿਚੋਂ ਮੂੰਹ ਬਾਹਰ ਕਢਕੇ ਵੇਖਿਆ ਤਾਂ ਸਾਹਮਣੇ ਇਕ ਵੱਡਾ ਮਕਾਨ ਤੇ ਬਾਗ ਸੀ। ਗਾਰਡਨ ਦੀ ਗੱਡੀ ਉਸ ਮਕਾਨ ਦੇ ਬੂਹੇ ਤੇ ਪਹੁੰਚੀ ਤੇ ਉਹ ਉਤਰਕੇ ਅੰਦਰ ਚਲਿਆ ਗਿਆ। ਮੈਂ ਸਮਝ ਗਿਆ ਕਿ ਇਹ ਮਕਾਨ ਗਾਰਡਨ ਦਾ ਹੀ ਹੈ।।

ਮੇਰਾ ਦਿਲ ਕੀਤਾ ਕਿ ਮੈਂ ਇਸ ਵੇਲੇ ਹੀ ਗਾਰਡਨ ਨੂੰ ਮਿਲਾਂ ਤੇ ਮੈਕੇਯਰ ਦੀ ਜਾਲਸਾਜ਼ੀ ਦਾ ਹਾਲ ਪੁਛਾਂ, ਪਰ ਫੇਰ ਇਹ ਖਿਆਲ ਆਯਾ ਕਿ ਜੇਕਰ ਓਹ ਰਾਜ਼ੀ ਨਾ ਹੋਯਾ ਤਾਂ ਸਾਰੀ ਮੇਹਨਤ ਅਜਾਈ ਜਾਵੇਗੀ। ਕਿਉਂਕਿ ਮੈਕੇਯਰ ਦੀਆਂ ਗਲਾਂ ਨਾਲ ਗਾਰਡਨ ਦਾ ਦਿਲ ਚੰਚਲ ਹੋਣ ਪਰ ਭੀ ਓਹ ਓਸਦੇ ਵਿਰੁਧ ਨਹੀਂ ਜਾ ਸਕਿਆ। ਇਸ ਲਈ ਮੈਂ ਅਪਣੇ ਘਰਨੂੰ ਮੁੜਨਾ ਹੀ ਪਸੰਦ ਕੀਤਾ ਤੇ ਸਿਰਫ ਓਸੇ ਮਕਾਨ ਦਾ ਨੰਬਰ ਨੋਟ ਕਰ ਲਿਆ। ਪਰ ਕੁਝ ਦੇਰ ਗੱਡੀ ਖੜੀ ਕਰਕੇ ਮੈਂ ਗਾਰਡਨ ਦਾ ਮਕਾਨ ਵੇਖਣ ਲਗਾ। ਮਕਾਨ ਵਡੇ ਧਨਾਢਾਂ ਵਰਗਾ ਸਜਿਆ ਹੋਯਾ ਸੀ। ਸਾਮਣੇ ਫੁਹਾਰਾ ਚਲਦਾ ਸੀ। ਚਫੇਰੇ ਰੋਸ਼ਨੀ ਹੋ ਰਹੀ ਸੀ। ਮਕਾਨ ਦੇ ਅੰਦਰ ਵੀ ਚੰਗਾ ਚਾਨਣ ਸੀ। ਕੋਠੇ ਉਤੋਂ ਪਿਆਨੋ ਦੇ ਵਜਣ ਤੇ ਗਾਣ ਦੀ ਮਿਠੀ ਤਾਨ ਆ ਰਹੀ ਸੀ। ਮੈਂ ਅਪਣੇ ਮਨ ਵਿਚ ਨਿਸਚੇ ਕਰ ਲਿਆ ਗਾਰਡਨ ਵੱਡਾ ਧਨ ਪਾਤ੍ਰ ਹੈ। ਬਦਮਾਸ਼ ਮੈਕੇਯਰ ਅਪਣੇ ਖਾਸ ਕਿਸੇ ਗੰਦੇ ਮਤਲਬ ਨੂੰ ਪੂਰਾ ਕਰਨ ਲਈ ਗਾਰਡਨ ਦੀ ਕਿਸੇ ਪੜਦੇ ਵਾਲੀ ਗੱਲ

ਨੂੰ ਜ਼ਾਹਰ ਕਰਨ ਦਾ ਡਰ ਓਸਨੂੰ ਦੇਂਦਾ ਹੈ। ਮੈਂ ਹੋਰ ਕੁਝ ਨਾ ਕਰਕੇ ਸਿਧਾ ਅਪਣੇ ਮਕਾਨ ਨੂੰ ਓਸੇ ਗਡੀ ਵਿਚ ਮੁੜ ਗਿਆ ॥

ਮੈਂ ਜਿਸ ਵੇਲੇ ਆਪਣੇ ਮਕਾਨ ਉਤੇ ਪਹੁੰਚਿਆ ਓਸ ਵੇਲੇ ਰਾਤ ਦੇ ਨੌਂ ਵਜ ਚੁਕੇ ਸਨ। ਮੇਰੇ ਸਾਥੀ ਮੇਰਾ ਬਹੁਤ ਫਿਕਰ ਕਰ ਰਹੇ ਸਨ। ਓਹ ਸੋਚ ਰਹੇ ਸਨ ਕਿ ਮੈਂ ਜ਼ਰੂਰ ਕਿਸੇ ਵਿਪਤਾ ਵਿਚ ਫਸ ਗਿਆ ਹਾਂ ਕਿਉਂਕਿ ਮੈਂ ਕਾਨਪੁਰ ਪੈਹਲੀ ਵਾਰੀ ਹੀ ਆਯਾ ਸਾਂ। ਮੈਨੂੰ ਵੇਖਕੇ ਮੇਰੇ ਸਾਥੀਆਂ ਦੇ ਦਿਲ ਠੰਢ ਪਈ। ਮੈਂ ਅਪਣੇ ਸਾਥੀਆਂ ਨੂੰ ਸਾਰੀਆਂ ਗਲਾਂ ਸੁਣਾਈਆਂ ਤੇ ਕਿਹਾ ਕਲ ਬਿਠੂਰ ਜਾਕੇ ਤੁਸੀਂ ਨਾਨਾ ਸਾਹਿਬ ਦਾ ਪਤਾ ਕੱਢੋ। ਓਨਾਂ ਨੂੰ ਇਹ ਵੀ ਦਸ ਦਿਤਾ ਕਿ ਸਾਨੂੰ ਅਸ਼੍ਵਮੇਧ ਘਾਟ ਉਤੇ ਜੋ ਸਾਧੂ ਮਿਲਿਆ ਸੀ ਮਲੂਮ ਹੁੰਦਾ ਹੈ ਓਹ ਤਾਂਤੀਆਂ ਟੋਪੀ ਸੀ। ਓਹ ਜਰੂਰ ਹੀ ਨਾਨਾ ਸਾਹਿਬ ਦਾ ਮਦਦਗਾਰ ਤੇ ਬਲਵਾਈਆਂ ਦਾ ਸਰਦਾਰ ਹੈ। ਸਭ ਤੋਂ ਪੈਹਲਾਂ ਜੇਕਰ ਤਾਂਤੀਆਂ ਟੋਪੀ ਤੇ ਨਾਨਾ ਸਾਹਿਬ ਨੂੰ ਫੜ ਲਿਆ ਜਾਵੇ ਤਾਂ ਇਹ ਜ਼ਹਰ ਦਾ ਬੂਟਾ ਜੜ੍ਹੋਂ ਪੁਟਿਆ ਜਾ ਸਕਦਾ ਹੈ ਅਤੇ ਫੇਰ ਕਿਸੇ ਤਰਾਂ ਦੇ ਬਲਵੇ ਦਾ ਡਰ ਨਹੀਂ ਹੈ।

ਮੈਂ ਅਪਨੇ ਸਾਥੀਆਂ ਨੂੰ ਇਹ ਵੀ ਸਮਝਾ ਵੀ ਦਿਤਾ ਕਿ ਉਨਾਂ ਦੇ ਨਾਲ ਮਿਲਿਆ ਹੋਯਾ ਪੁਰਾਣਾ ਫ੍ਰਾਂਸੀਸੀ ਡਾਕੂ ਮੈਕੇਯਰ ਵੀ ਹੈ, ਜੋ ਬੜਾ ਚਾਲਾਕ ਤੇ ਵਡੇ ਹੌਸਲੇ ਵਾਲਾ ਠਗ ਹੈ।

ਭਾਵੇਂ ਮੇਰੇ ਸਿਵਾ ਮੈਕੇਯਰ ਨੂੰ ਪਛਾਣਨਾ ਔਖਾ ਸੀ ਕਿਉਂਕਿ ਮੇਰੇ ਸਿਵਾ ਹੋਰ ਕਿਸੇ ਨੇ ਅਜਤਕ ਓਸਨੂੰ ਵੇਖਿਆ ਨਹੀ ਸੀ। ਪਰ ਓਸਦੀ ਸ਼ਕਲ ਸੂਰਤ, ਓਸਦੀ ਗਲ ਕਰਨ

ਦਾ ਢੰਗ ਤੇ ਗਲ ੨ ਵਿਚ "ਸੈਂਟਮੇਰੀ" ਦਾ ਨਾਮ ਲੈਨਾ ਆਦਿ ਗਲਾਂ ਮੈਂ ਓਨਾਂ ਨੂੰ ਦਸ ਦਿਤੀਆਂ ਤੇ ਕਿਹਾ ਜੇਕਰ ਅਜੇਹਾ ਕੋਈ ਮਨੁਖ ਤੁਹਾਨੂੰ ਮਿਲ ਜਾਵੇ ਤਾਂ ਓਸਦੇ ਕੰਮ ਵਲ ਬਹੁਤ ਧਿਆਨ ਰਖਣਾਂ ਅਤੇ ਇਕ ਆਦਮੀ ਆਕੇ ਮੈਨੂੰ ਛੇਤੀ ਖਬਰ ਕਰੇ। ਇਹ ਆਖਕੇ ਮੈਂ ਖਾ ਪੀਕੇ ਸੌਣ ਵਾਲੇ ਕਮਰੇ ਵਿਚ ਗਿਆ।

ਮੈਂ ਪਹਲੇ ਦਿਨ ਹੀ ਵਾਹਿਗੁਰੂ ਦੀ ਕ੍ਰਿਪਾ ਨਾਲ ਇਤਨਾ ਕਾਮਯਾਬ ਹੋ ਜਾਵਾਂਗਾ ਇਸਦੀ ਆਸ਼ਾ ਮੈਨੂੰ ਸੁਫਨੇ ਵਿਚ ਵੀ ਨਹੀਂ ਸੀ। ਲਾਰਡ ਕੈਨਿੰਗ ਨੇ ਮੈਨੂੰ ਕੇਵਲ ਨਾਨਾ ਸਾਹਿਬ ਨੂੰ ਹੀ ਬਲਵਾਈ ਸਮਝਕੇ ਓਸਦੇ ਉਤੇ ਨਜਰ ਰੱਖਣ ਦਾ ਹੁਕਮ ਦਿਤਾ ਸੀ ਪਰ ਮਲੂਮ ਹੁੰਦਾ ਹੈ ਤਾਂਤੀਆ ਦਾ ਨਾਮ ਓਸਨੇ ਹੁਣ ਤਕ ਨਹੀਂ ਸੁਣਿਆ ਸੀ। ਅਜ ਤਕ ਇਹ ਗਲ ਕੋਈ ਨਹੀਂ ਜਾਣ ਸਕਿਆ ਸੀ ਕਿ ਤਾਂਤੀਆ ਵੀ ਇਕ ਵਡਾ ਬਲਵਾਈ ਹੈ। ਪਰ ਮੈਨੂੰ ਅਜ ਹੀ ਇਸ ਗਲ ਦਾ ਪਤਾ ਲਗ ਗਿਆ। ਸੋ ਸਰਕਾਰਨੂੰ ਇਸਦੀ ਖਬਰ ਦੇਣ ਨਾਲ ਜ਼ਰੂਰ ਮੇਰੀ ਵਡਿਆਈ ਹੋਵੇਗੀ ਇਸ ਵਿਚ ਕੋਈ ਸ਼ਕ ਨਹੀਂ। ਇਸਤਰਾਂ ਦੀ ਆਸਾਂ ਉਮੈਦਾਂ ਦੀ ਫੁਲਵਾੜੀ ਨੂੰ ਵੇਖਦਾ ਹੋਯਾ ਮੈਂ ਸੌਂ ਗਿਆ।

ਦੂਜੇ ਦਿਨ ਕਾਨਪੁਰ ਦੇ ਸੀ. ਆਈ. ਡੀ. ਮੇਹਕਮੇਂ ਵਿਚ ਜਿਤਨੇ ਕਾਰਿੰਦੇ ਸਨ ਓਹ ਸਾਰੇ ਮੈਨੂੰ ਮਿਲਣ ਆਏ। ਕਿਉਂਕਿ ਓਹ ਜਾਣ ਗਏ ਸਨ ਕਿ ਮੈਂ ਇਸ ਮੇਹ-ਕਮੇਂ ਦਾ ਕਮਿਸ਼ਨਰ ਬਣਕੇ ਆਯਾ ਹਾਂ। ਮੈਂ ਓਨਾਂ ਸਭਨਾਂ ਨਾਲ ਸਾਹਬੀ ਠਾਠ ਤੇ ਅੰਗਰੇਜੀ ਬੋਲੀ ਵਿਚ ਗਲਾਂ ਕੀਤੀਆਂ ਕੁਝ ਚਿਰ ਪਿਛੋਂ ਮੈਨੂੰ ਇਹ ਮਲੂਮ ਹੋਗਿਆ ਕਿ ਇਨਾਂ ਨੇ ਮੈਨੂੰ ਪਕਾ ਅੰਗਰੇਜ਼ ਸਮਝ ਲਿਆ ਹੈ। ਜਦ ਓਹ

ਸਾਰੇ ਚਲੇ ਗਏ ਤਾਂ ਮੈਂ ਕਿਲੇ ਦੇ ਕਮਾਡਿੰਗ ਅਫਸਰ ਜਨਰਲ 'ਹੇ' ਨੂੰ ਮਿਲਣ ਗਿਆ। ਗਾਰਡਨ ਦੀ ਗਲ ਛਡਕੇ ਮੈਂ ਸਾਰੀਆਂ ਗਲਾਂ ਉਸਨੂੰ ਦਸੀਆਂ। ਤਾਂਤੀਆਂ ਟੋਪੀ ਦਾ ਨਾਮ ਸੁਣਕੇ ਓਹਵੀ ਹੈਰਾਨ ਹੋਯਾ। ਓਸਨੇ ਕਿਹਾ ਮੈਂ ਅਜ ਤਕ ਇਸ ਨਾਮ ਦਾ ਮਨੁਖ ਕੋਈ ਨਹੀਂ ਸੁਣਿਆ। ਇਸਤਰਾਂ ਮਿਲਕੇ ਮੈਂ ਘਰ ਮੁੜਿਆ ਤੇ ਲਾਰਡ ਕੈਨਿੰਗ ਨੂੰ ਚਿਠੀ ਲਿਖੀ। ਓਸ ਵਿਚ ਵੀ ਗਾਰਡਨ ਦੀ ਕੋਈ ਗਲ ਨਾ ਲਿਖੀ॥

ਮੈਂ ਅਪਣੇ ਮਨ ਵਿਚ ਸਮਝ ਲਿਆ ਕਿ ਗਾਰਡਨ ਅਸਲੀ ਅਪਰਾਧੀ ਨਹੀਂ। ਕਿਉਂਕਿ ਓਹ ਮੈਕੇਯਰ ਦੀ ਜਿਦ ਕਰਕੇ ਓਸਨੂੰ ਸਹੈਤਾ ਦੇਣ ਲਈ ਤਿਆਰ ਹੋਯਾ ਹੈ। ਇਸਤੋਂ ਓਹ ਦੋਸ਼ੀ ਨਹੀਂ ਹੋ ਸਕਦਾ। ਪਰ ਉਸਨੂੰ ਹੁਸ਼ਿਆਰ ਕਰਕੇ ਜੇਕਰ ਮੈਕੇਯਰ ਦੇ ਵਿਰੁਧ ਖੜਾ ਕੀਤਾ ਜਾਵੇ ਤਾਂ ਬਹੁਤ ਕੁਝ ਕੰਮ ਨਿਕਲ ਸਕਦਾ ਹੈ। ਸੋ ਓਸਨੂੰ ਅਪਣੇ ਹਥ ਰਖਣ ਦਾ ਖਿਆਲ ਕਰਕੇ ਹੀ ਮੈਂ ਓਸਦੀ ਗਲ ਕਿਸੇ ਨੂੰ ਨਾ ਦਸੀ।

ਓਸੇ ਦਿਨ ਸ਼ਾਮਨੂੰ ਗਾਰਡਨ ਨੂੰ ਮਿਲਣ ਵਾਸਤੇ ਓਸਦੇ ਮਕਾਨ ਉਤੇ ਜਾਣ ਦੀ ਤਿਆਰੀ ਕਰਨ ਲਗਾ। ਮੈਂ ਓਸ ਵੇਲੇ ਸਾਹਬੀ ਪੁਸ਼ਾਕ ਛਡਕੇ ਪੰਜਾਬੀ ਕਪੜੇ ਪਾ ਲਏ ਚੇਹਰੇ ਉਤੇ ਵੀ ਕਾਲੇ ਪੌਡਰ ਨੂੰ ਮਲਕੇ ਗੋਰੇ ਰੰਗ ਨੂੰ ਜ਼ਰਾ ਕਾਲਾ ਕਰ ਲਿਆ। ਸਿਰਤੇ ਸਾਫਾ ਬੰਨ੍ਹ ਤੇ ਹਥ ਵਿਚ ਡਾਂਗ ਫੜਕੇ ਮੈਂ ਬਾਹਰ ਨਿਕਲਿਆ॥

ਗਾਰਡਨ ਦੇ ਮਕਾਨ ਉਤੇ ਪਹੁੰਚਣ ਵਿਚ ਮੈਨੂੰ ਅਧੇ ਘੰਟੇ ਤੋਂ ਜਿਆਦਾ ਵਕਤ ਨਹੀ ਲਗਾ। ਦਰਵਾਜੇ ਤੇ ਪਹੁੰਚਣ ਸਾਰ ਦਰਵਾਨ ਨੇ ਆਕੇ ਮੇਰਾ ਨਾਮ ਧਾਮ ਅਤੇ ਸਾਹਿਬ ਨੂੰ ਕਿਸ ਵਾਸਤੇ ਮਿਲਣਾ ਹੈ ਆਦਿ ਸਾਰੀਆਂ ਗਲਾਂ ਪੁਛੀਆਂ ਮੈਂ ਅਪਣਾ ਅਸਲੀ ਨਾਮ ਪਤਾ ਲੁਕਾਕੇ ਫਰਜ਼ੀ ਨਾਮ ਪਤਾ

ਤੇ ਝੂਠਾ ਮੂਠਾ ਬਹਾਨਾਂ ਬਣਾਕੇ ਉਸਨੂੰ ਗਾਰਡਨ ਪਾਸ ਭੇਜਿਆ ਕਿ ਮੈਂ ਇਕ ਜ਼ਰੂਰੀ ਕੰਮ ਲਈ ਆਇਆ ਹਾਂ। ਸਾਹਿਬ ਨੂੰ ਦਰਬਾਨ ਮੇਰਾ ਹਾਲ ਦੱਸਣ ਲਈ ਅੰਦਰ ਗਿਆ ਤੇ ਮੈਂ ਬਾਹਿਰ ਖੜਾ ਹੋਇਆ ਇਹ ਸੋਚਣ ਲਗਾ ਕਿ ਮੈਂ ਗਾਰਡਨ ਨਾਲ ਮੈਕੇਧਰਦੀ ਗਲ ਕਿਸਤਰਾਂ ਛੇੜਾਂ? ਮੈਂ ਇਹ ਦਿਲ ਵਿਚ ਧਾਰ ਲਿਆ ਕਿ ਜੇਕਰ ਅਜ ਕੰਮ ਨਾਂ ਬਣਿਆ ਤਾਂ ਕਲ ਕੋਈ ਹੋਰ ਉਪਾ ਬਣਾਵਾਂਗਾ॥

ਕੁਝ ਚਿਰ ਪਿਛੋਂ ਦਰਬਾਨ ਮੁੜਿਆ ਤੇ ਮੈਨੂੰ ਅੰਦਰ ਲੈ ਗਿਆ। ਮਕਾਨ ਨੂੰ ਬਾਹਰੋਂ ਦੇਖਣ ਪਰ ਹੀ ਗਾਰਡਨ ਇਕ ਧਨਵਾਨ ਮਾਲੂਮ ਹੁੰਦਾ ਸੀ, ਹੁਣ ਮਕਾਨ ਨੂੰ ਅੰਦਰੋਂ ਦੇਖਣ ਨਾਲ ਸਾਫ ਪਤਾ ਲਗ ਗਿਆ ਕਿ ਗਾਰਡਨ ਇਕ ਵੱਡਾ ਧਨਵਾਨ ਤੇ ਵੱਡਾ ਸ਼ੌਕੀਨ ਆਦਮੀ ਹੈ। ਕਈਤਰਾਂ ਦੇ ਕੀਮਤੀ ਪਦਾਰਥ, ਸੁੰਦਰ ੨ ਤਸਵੀਰਾਂ ਤੇ ਸੰਗ ਮਰ ਮਰ ਦੇ ਬਨੇ ਹੋਏ ਧੁਰਪਦੇ ਪ੍ਰਸਿੱਧ ਮਨੁਖਾਂਦੇ ਬੁੱਤ ਉਸਦੇ ਮਕਾਨ ਦੀ ਸ਼ੋਭਾਨੂੰ ਚੌਗੁਣਾ ਕਰ ਰਹੇ ਸਨ। ਦਰਬਾਨ ਮੈਨੂੰ ਜਿਸ ਕਮਰੇ ਵਿਚ ਲੈ ਗਿਆ ਉਸਦੇ ਅੰਦਰ ਸੰਗਮਰ ਮਰਦੀ ਇਕ ਵਡੀ ਮੇਜ਼ ਪਈ ਹੋਈ ਸੀ ਤੇ ਉਸਦੇ ਚੁਫੇਰੇ ਮਖਮਲ ਨਾਲ ਮੜ੍ਹੀਆਂ ਹੋਈਆਂ ਕੁਰਸੀਆਂ ਵਿਛੀਆਂ ਹੋਈਆਂ ਸਨ। ਇਕ ਕੁਰਸੀ ਉਤੇ ਇਕ ਗੋਰਾ ਬੈਠਾ ਹੋਇਆ ਸੀ ਮੈਂ ਸਮਝ ਗਿਆ ਇਹੋ ਗਾਰਡਨ ਹੈ॥

ਗਾਰਡਨਦੀ ਉਮਰ ਕਰੀਬ੫੦ਵਰ੍ਹੇ ਦੇ ਸੀ ਉਸਦਾਨਰਮ ਤੇ ਸਿੱਧਾ ਸਾਦਾ ਚੇਹਰਾ ਉਸਦੇ ਸਾਫ ਦਿਲ ਦੀ ਗਵਾਹੀ ਦੇ ਰਿਹਾ ਸੀ। ਓਹ ਮੈਨੂੰ ਵੇਖਕੇ ਉਠ ਖੜਾ ਹੋਇਆ ਅਤੇ ਇਕ ਕੁਰਸੀ ਵਿਖਾਕੇ ਮੈਨੂੰ ਬੈਠਣ ਲਈ ਕਿਹਾ। ਜਦ ਮੈਂ ਬੈਠ ਗਿਆ ਤਾਂ ਉਸਨੇ ਵੱਡੀ ਨਰਮਾਈ ਨਾਲ ਪੁਛਿਆ "ਆਪਦਾ

ਆਉਣਾ ਕਿਸਤਰਾਂ ਹੋਇਆ ਹੈ ?॥

ਮਂ—"ਆਪਨੇ ਮਾਫ ਕਰਨਾਂ, ਕੀ ਆਪ ਦਾ ਨਾਮ ਮਿਸਟਰ ਗਾਰਡਨ ਹੈ ?॥

ਗਾਰਡਨ—"ਹਾਂ"

ਮੈਂ—ਮੈਨੂ ਇਕ ਆਦਮੀ ਨੇ ਆਪਦੇ ਪਾਸ ਭੇਜਿਆ ਹੈ ਪਰ ਗਲ ਬਹੁਤ ਗੁੱਝੀ ਹੈ। ਆਪ ਇਕ ਆਦਮੀ ਨੂੰ ਬਾਹਰ ਖੜਾ ਕਰ ਦਿਓ ਤਾਕਿ ਕੋਈ ਅੰਦਰ ਨਾਂ ਆਵੇ। ਮੈਂ ਸਾਰੀਆਂ ਗਲਾਂ ਆਪਨੂ ਦਸਦਾ ਹਾਂ॥

ਗਾਰਡਨ ਨੇ ਇਸੇਤਰਾਂ ਹੀ ਕੀਤਾ ਤੇ ਮੈਂ ਉਸਦੀ ਮਰਜੀ ਲਕੇ ਦਰਵਾਜਾ ਬੰਦ ਕਰ ਦਿਤਾ ਤੇ ਬੈਠਕੇ ਇਸਤਰਾਂ ਗਲ ਛੇੜੀ॥

ਮਂ—ਫਰਾਂਸਦੇ ਰਹਿਣ ਵਾਲੇ ਮਹਾਤਮਾਂ ਮੈਕੇਯਰ ਦਾ ਨਾਮ ਤੁਸਾਂ ਸੁਣਿਆ ਹੋਵੇਗਾ? ਮੈਂਉਸਦਾ ਪੁਰਾਣਾ ਅਤੇਭਰੋਸੇ ਵਾਲਾ ਆਦਮੀ ਹਾਂ। ਉਹਨਾਂ ਨੇ ਆਪ ਪਾਸੋਂ ਕੁਝ ਗਲਾਂ ਪੁਛਣ ਲਈ ਤੁਹਾਡੇ ਪਾਸ ਭੇਜਿਆ ਹੈ। ਓਹਨਾਂ ਜਿਸ ਭਾਰੇ ਕੰਮ ਵਿਚ ਹਥ ਪਾਇਆ ਹੈ, ਓਸ ਵਿਚ ਹੋਰ ਵੀ ਕਈਆਂ ਭਰੋਸੇ ਵਾਲੇ ਮਨੁਖਾਂਦੀ ਲੋੜ ਹੈ। ਸੁਣਿਆ ਹੈ ਤੁਸਾਂ ਓਸਨੂ ਸਹੈਤਾ ਦੇਣਦਾ ਵਚਨ ਦਿਤਾ ਹੈ ਅਤੇ ਮੈਂ ਵੀ ਪ੍ਰਤਿਗਯਾ ਕੀਤੀ ਹੈ ਕਿ ਓਹਨਾਂਦੀ ਸਾਰੀ ਉਮਰ ਓਹਨਾਂਦੀ ਹੀ ਸੇਵਾ ਕਰਾਂਗਾ। ਉਸੇ ਵਾਸਤੇ ਤੁਹਾਡੇ ਨਾਲ ਵੀ ਕੁਝ ਸਲਾਹ ਕਰਨ ਆਇਆ ਹਾਂ॥

ਗਾਰਡਨ—ਇਹ ਜਾਣਕੇ ਮੈਨੂੰ ਬਹੁਤ ਖੁਸ਼ੀ ਹੋਈ ਹੈ ਕਿ ਤੁਸੀਂ ਮੈਕੇਯਰ ਦੇ ਵੱਡੇ ਸੱਜਨ ਹੋ ਤੇ ਉਸਦੀ ਸਹੈਤਾ ਕਰਨੀ ਚਾਹੁੰਦੇ ਹੋ, ਪਰ ਤੁਸੀਂ ਓਸਦੇ ਭੇਜੇ ਮੇਰੇ ਪਾਸ ਆਏ ਹੋ ਏਸ ਗੱਲ ਦਾ ਕੀ ਸਬੂਤ ਹੈ ?

ਇਹ ਸੁਣਕੇ ਮੈਂ ਵਡੀ ਮੁਸ਼ਕਿਲ ਵਿਚ ਪਿਆ ਅਤੇ ਸੋਚਣ ਲਗਾ ਕਿ ਇਸਦਾ ਕੀ ਜਵਾਬ ਦੇਵਾਂ ਤਾਂ ਕਿ ਓਸਦਾ ਮੇਰੇ ਤੇ ਇਤਬਾਰ ਹੋਜਾਵੇ। ਅਚਾਨਕ ਮੈਨੂੰ ਯਾਦ ਆਯਾ ਜੋ ਮੈਕੇਯਰ ਗੱਲਾਂ ਕਰਨ ਵੇਲੇ ਅਕਸਰ "ਸੈਂਟਮੇਰੀ"ਦਾ ਨਾਮ ਲਿਆ ਕਰਦਾ ਹੈ। ਹੋ ਸਕਦਾ ਹੈ ਕਿ ਇਹੋ ਹੀ ਓਸਦਾ ਇਸ਼ਾਰਾ ਹੋਵੇ। ਇਹ ਸੋਚਕੇਮੈਂ ਗਾਰਡਨ ਨੂੰ ਕਿਹਾ–ਆਪਨੇ ਠੀਕ ਕਿਹਾ ਹੈ। ਮੈਂ ਭੁਲ ਹੀ ਗਿਆ ਸਾਂ। ਮੈਕੇਯਰ ਨੇ ਵੀ ਮੈਨੂੰ ਸਮਝਾ ਦਿਤਾ ਸੀ ਕਿ ਸ਼ਾਇਦ ਆਪ ਸ਼ਕ ਕਰੋ ਇਸ ਲਈ ਓਸਨੇ ਆਪਣੇ ਇਸ਼ਾਰੇ ਵਾਲੀ ਗੱਲ ਸਮਝਾ ਦਿਤੀ ਸੀ, ਜਿਸਨੂੰ ਮੈ ਭੁਲ ਗਿਆ ਸਾਂ ਓਹ ਹੈ "ਸੈਂਟਮੇਰੀ"॥

ਸੈਂਟ ਮੇਰੀ ਦਾ ਨਾਮ ਸੁਣਕੇ ਗਾਰਡਨ ਮੇਰੇ ਮੂੰਹ ਵਲ ਵੇਖਣ ਲਗਾ ਤੇ ਕੁਰਸੀ ਖਿਸਕਾਕੇ ਮੇਰੇ ਕੋਲ ਆਯਾ॥

ਮੈਂ–ਮਲੂਮ ਹੁੰਦਾ ਹੈ ਹੁਣ ਤੁਸੀਂ ਮੇਰੇ ਉਤੇ ਕਿਸੇਤਰਾਂ ਦਾ ਸ਼ਕ ਨਹੀਂ ਕਰੋਗੇ। ਇਸਦੇ ਲਈ ਮੈਕੇਯਰ ਮੈਨੂੰ ਅਪਣੀ ਚਿਠੀ ਵੀ ਦੇਣੀ ਚਾਹੁੰਦਾ ਸੀ ਪਰ ਮੈਂ ਕਿਹਾ ਕਿ ਅਜੇਹੀਆਂ ਚਿਠੀਆਂ ਜਦ ਗੁਮ ਜਾਂਦੀਆਂ ਹਨ ਤਾਂ ਬਹੁਤ ਨੁਕਸਾਨ ਹੁੰਦਾ ਹੈ॥

ਗਾਰਡਨ–ਮਾਫ ਕਰਨਾ, ਤੁਹਾਡੇ ਉਤੇ ਸ਼ਕ ਕਰਕੇ ਮੈਂ ਜ਼ਰੂਰ ਦੋਸ਼ੀ ਹਾਂ ਪਰ ਅਛਾ ਹੁਣ ਆਪ ਆਪਣਾ ਮਤਲਬ ਦਸੋ।

ਠੀਕ ਇਸੇ ਵੇਲੇ ਬਾਹਰੋਂ ਕਿਸੇ ਨੇ ਗਾਰਡਨ ਦਾ ਨਾਮ ਲੈਕੇ ਸਦਿਆ। ਅਵਾਜ਼ ਕੁਛ ਪਛਾਣੀ ਜੇਹੀ ਮਲੂਮ ਹੁੰਦੀ ਸੀ ਪਰ ਇਹ ਕਿਸਦੀ ਹੈ ? ਨਿਸਚੇ ਨਾ ਕਰ ਸਕਿਆ। ਗਾਰਡਨ ਬਾਹਰ ਚਲਿਆ ਗਿਆ ਤੇ ਮੈਂ ਅੰਦਰ ਬੈਠਾ ਰ ਸੋਚਣ ਲਗਾ।

ਬਹੁਤ ਦੇਰ ਹੋਗਈ ਪਰ ਗਾਰਡਨ ਨਾ ਮੁੜਿਆ ਮੇਰੇ ਮਨ ਵਿਚ ਕਈਤਰਾਂ ਦੇ ਸ਼ਕ ਉਠਣ ਲਗੇ। ਮੈਂ ਅਪਣੇ ਮਨ ਵਿਚ ਸੋਚਣ ਲਗਾ ਕਿ ਗਾਰਡਨ ਨੂੰ ਮੇਰੀਆਂ ਗਲਾਂ ਤੋਂ ਕੁਝ ਸ਼ਕ ਹੋਯਾ ਹੈ ? ਪਰ ਸ਼ਕ ਦੇ ਕੋਈ ਨਿਸ਼ਾਨ ਤਾ ਨਜ਼ਰ ਨਹੀਂ ਆਏ। ਤਦ ਕੀ ਮੈਕੇਯਰ ਦੇ ਪਾਸ ਪੁਛਣ ਲਈ ਉਸਨੇ ਕੋਈ ਆਦਮੀ ਭੇਜਿਆ ਹੈ ? ਅਤੇ ਉਸੇ ਦਾ ਰਾਹ ਦੇਖਦਾ ਹੈ ? ਕੁਝ ਵੀ ਹੋਵੇ ਮੈਂ ਕੋਈ ਗਲ ਨਾ ਸਮਝ ਸਕਿਆ। ਜਿਉਂ ੨ ਦੇਰ ਹੁੰਦੀ ਗਈ ਤਿਉਂ ੨ ਮੇਰਾ ਚਿਤ ਵੀ ਅਸਥਿਰ ਹੁੰਦਾ ਗਿਆ। ਮੈਂ ਆਪਣੇ ਜੀ ਵਿਚ ਕਿਹਾ ਹੁਣ ਪੰਜ ਮਿੰਟ ਉਡੀਕਾਂਗਾ ਜੇਕਰ ਗਾਰਡਨ ਨਾ ਆਯਾ ਤਾਂ ਮੈਂ ਐਵੇ ਸਮਾਂ ਨਾ ਗੁਆ ਘਰ ਚਲਿਆਜਾਵਾਂਗਾ।

ਪੰਜ ਮਿੰਟ ਬੀਤ ਗਏ ਪਰ ਕੋਈ ਵੀ ਨਾਂ ਆਇਆ ਛੇਕੜ ਮੈਂ ਦਰਵਾਜਾ ਖੋਲ੍ਹਕੇ ਬਾਹਰ ਨਿਕਲਿਆ। ਅਜੇ ਮੈਂ ਇਕ ਕਦਮ ਹੀ ਅੱਗੇ ਗਿਆ ਹੋਵਾਂਗਾ ਕਿ ਨਾਲਦੇ ਮਕਾਨ ਵਿਚੋਂ ਇਕ ਚਪਰਾਸੀ ਨਿਕਲਿਆ ਤੇ ਮੇਰੇ ਹਥ ਇਕ ਰੁੱਕਾ ਦੇਕੇ ਉਸਨੇ ਕਿਹਾ—ਸਾਹਿਬ ਇਸ ਬਾਗਦੇ ਓਸ ਮਕਾਨ ਵਿਚ ਤੁਹਾਨੂੰ ਉਡੀਕਦੇ ਬੈਠੇ ਹਨ, ਕ੍ਰਿਪਾ ਕਰਕੇ ਤੁਸੀਂ ਓਥੇ ਚਲੋ ਇਹ ਰੁੱਕਾ ਉਹਨਾਂ ਨੇ ਦਿਤਾ ਹੈ॥

ਮੈਂ-ਛੇਤੀ ਨਾਲ ਅੰਦਰ ਗਿਆ ਤੇ ਚਾਨਣ ਵਿਚ ਓਸ ਰੁਕੇ ਨੂੰ ਪੜ੍ਹਿਆ ਓਸ ਵਿਚ ਇਹ ਲਿਖਿਆ ਸੀ॥

ਪਿਆਰੇ ਸਾਹਿਬ !

ਜਿਸਦੀ ਬਾਬਤ ਆਪ ਮੇਰੇ ਨਾਲ ਸਲਾਹ ਕਰਨ ਲਈ ਆਏ ਹੋ ਓਹ ਇਕ ਵਡਾ ਗੁੱਝਾ ਮਾਮਲਾ ਹ ਇਸ ਲਈ ਆਪ ਜਾਣਦੇ ਹੋ ਜਿਸ ਕਮਰੇ ਵਿਚ ਅਸੀਂ ਗਲਾਂ ਕਰਦੇ ਸੀ ਓਹ ਇਤਨਾਂ ਯੋਗ ਨਹੀਂ ਸੀ। ਮੇਰੇ ਇਸ

ਬਾਗ ਵਿਚ ਇਕ ਇਕਾਂਤ ਜਗਾ ਹੈ ਓਥੇ ਮੈਂ ਆਪਨੂ ਉਡੀਕਦਾ ਬੈਠਾ ਹਾਂ ਆਪ ਛੇਤੀ ਇਸ ਮਨੁਖ ਨਾਲ ਆਓ ॥

ਤੁਹਾਡਾ ਵਿਸ਼੍ਵਾਸੀ—ਗਾਰਡਨ

ਰੁੱਕਾ ਪੜ੍ਹਕੇ ਮੈਨੂ ਕੁਝ ਸ਼ੱਕ ਗੁਜਰਿਆ ਅਤੇ ਮੈਂ ਦਿਲ ਵਿਚ ਸੋਚਿਆ ਕਿ ਜੇਕਰ ਇਹ ਕਮਰਾ ਇਨ੍ਹਾਂ ਗਲਾਂਦੇ ਯੋਗ ਨਹੀਂ ਸੀ ਤਾਂ ਜਿਸ ਵੇਲੇ ਮੈਂ ਇਹ ਗਲਾਂ ਛੇੜੀਆਂ ਸਨ ਓਸੇ ਵੇਲੇ ਹੀ ਓਹ ਮੈਨੂ ਹੋਰ ਕਿਸੇ ਥਾਂ ਉਤੇ ਕਿਉਂ ਨਾਂ ਲੈ ਗਿਆ? ਪਰ ਕੁਝ ਦੇਰ ਤਕ ਗਲਾਂ ਕਰਨ ਪਿਛੋਂ ਸਦ ਇਕ ਆਦਮੀ ਨੇ ਓਸਨੂੰ ਬਾਹਰ ਸੱਦਿਆ ਤਦ ਅਚਾਨਕ ਇਸ ਖਿਆਲਦਾ ਪੈਦਾ ਹੋਣਾ ਇਨ੍ਹਾਂ ਦਾ ਕੀ ਮਤਲਬ ਹੈ ? ਇਹ ਗਲਾਂ ਮੈਨੂ ਸ਼ੱਕ ਵਾਲੀਆਂ ਮਲੂਮ ਹੋਣ ਲਗੀਆਂ, ਤੇ ਮੈਂ ਨਿਸਚਾ ਕੀਤਾ ਕਿ ਇਸ ਵੇਲੇ ਇਸਨੂੰ ਨਹੀਂ ਮਿਲਾਂਗਾ ਹੋ ਸਕਦਾ ਹੈ ਕਿ ਮੈਂ ਕਿਸੇ ਬਿਪਤਾ ਵਿਚ ਪੈ ਜਾਵਾਂ। ਪਰ ਨਾਲ ਹੀ ਇਹ ਖਿਆਲ ਆਇਆ ਕਿ ਅਪਣੇ ਫਰਜ਼ ਨੂੰ ਪੂਰਾ ਨਾਂ ਕਰਨਾ ਵੀ ਕੇਰਾਂਦਾ ਕੰਮ ਹੈ। ਖਾਸ ਕਰਕੇ ਅਨੇਕ ਥਾਈਂ ਅਜੇਹੇ ਬਿਪਤਾ ਵਾਲੇ ਕੰਮਾਂ ਵਿਚ ਕੇਵਲ ਵਾਹਿਗੁਰੂ ਉੱਤੇ ਭਰੋਸਾ ਕਰਕੇ ਮੈਂ ਹਥ ਪਾਇਆ ਤੇ ਸਫਲ ਭੀ ਹੋਇਆ, ਹੋ ਸਕਦਾ ਹੈ ਕਿ ਅਜ ਹੀ ਮੈਂ ਬਹੁਤ ਕੁਛ ਕਾਮਯਾਬ ਹੋਵਾਂ। ਜਿਸ ਕੰਮਨੂ ਅੱਗੇ ਚਲਕੇ ਕਰਨ ਵਿਚ ਸ਼ਾਇਦ ਬਹੁਤ ਸਮਾਂ ਲਗੇ। ਇਹ ਵਿਚਾਰਕੇ ਮੈਂ ਗਾਰਡਨ ਦੇ ਪਾਸ ਗਿਆ ॥

ਅਪਰਾਧੀ ਮੈਨੂ ਬਾਗ ਵਿਚ ਲੈ ਗਿਆ, ਅਤੇ ਓਸਨੇ ਇਕ ਆਦਮੀ ਨੂੰ ਸੱਦਕੇ ਕੁਝ ਸਮਝਾਇਆ ਪਰ ਮੈਂ ਕੁਝ ਧਿਆਨ ਨਾਂ ਦਿਤਾ, ਪੰਦਰਾਂ ਮਿੰਟਾਂ ਪਿਛੋਂ ਮੈਨੂੰ ਓਹ ਦੋਵੇਂ ਇਕ ਹੋਰ ਕਮਰੇ ਵਿਚ ਲੈ ਗਏ, ਬੂਹੇ ਤੇ ਪਹੁੰਚਕੇ ਪਹਿਲੇ

ਚਪਰਾਸੀ ਨੇ ਕਿਹਾ—'ਇਸ ਕਮਰੇ ਵਿਚ ਗਾਰਡਨ ਸਾਹਿਬ ਤੁਹਾਡਾ ਰਾਹ ਵੇਖ ਰਹੇ ਹਨ ਜਾਓ। ਮੈਂ ਕੋਈ ਜਵਾਬ ਨਾਂ ਦੇ ਓਸ ਕਮਰੇਦੇ ਅੰਦਰ ਚਲਿਆ ਗਿਆ। ਓਸ ਕਮਰੇ ਵਿਚ ਇਕ ਮੇਜ਼ ਤੇ ਇਕ ਕੁਰਸੀ ਰਖੀ ਹੋਈ ਸੀ ਤੇ ਗਾਰਡਨ ਦਾ ਕੋਈ ਨਾਮ ਨਿਸ਼ਾਨ ਵੀ ਨਹੀਂ ਸੀ। ਕਈ ਵਾਰੀ ਓਸਦਾ ਨਾਮ ਲਕੇ ਵੀ ਸਦਿਆ ਪਰ ਕੋਈ ਜਵਾਬ ਨਾਂ ਆਇਆ। ਮੇਰੇ ਦਿਲ ਵਿਚ ਸ਼ੱਕ ਆਇਆ ਤੇ ਬਾਹਰ ਨਿਕਲਣ ਲਈ ਬੂਹੇ ਪਾਸ ਗਿਆ ਤਾਂ ਓਹ ਬਾਹਰੋਂ ਬੰਦ। "ਚਪਰਾਸੀ! ਚਪਰਾਸੀ!! ਕਰਕੇ ਕਈ ਵਾਰੀ ਸਦਿਆ ਪਰ ਕੋਈ ਜਵਾਬ ਨਾਂ ਮਿਲਿਆ ਤੁਦ ਅਕਲ ਆਈ ਕਿ ਗਾਰਡਨ ਉਤੇ ਭਰੋਸਾ ਕਰਕੇ ਇਥੇ ਆਉਣਾ ਠੀਕ ਨਹੀਂ ਹੋਇਆ ਇਹ ਵਡੀ ਮੂਰਖਤਾ ਵਾਲਾ ਕੰਮ ਕੀਤਾ ਹੈ। ਹੁਣ ਕਿਸਤਰਾਂ ਛੁਟਕਾਰਾ ਹੋ ਸਕਦਾ ਹੈ। ਇਹ ਮੈਂ ਕਿਸੇਤਰਾਂ ਨਿਸਚਿਤ ਨਾਂ ਕਰ ਸਕਿਆ॥

ਬੂਹਾ ਤੋੜਨਦੀ ਵੀ ਕੋਸ਼ਿਸ਼ ਕੀਤੀ ਅਤੇ ਇਕ ਦੋ ਪੈਰ ਵੀ ਮਾਰੇ ਪਰ ਕਿਸੇਤਰਾਂ ਦਰਵਾਜਾ ਨਾਂ ਖੁਲਾ। ਹੁਣ ਨੱਠਣ ਦਾ ਹੋਰ ਕੋਈ ਰਾਹ ਵੇਖਣ ਲਗਾ। ਕੰਧਾਂ ਬਹੁਤ ਪੁਰਾਨੀਆਂ ਸਨ ਤੇ ਕੁਝ ਜਗ੍ਹਾ ਤੋਂ ਇੱਟਾਂ ਵੀ ਖਿਸਕੀਆਂ ਹੋਈਆਂ ਸਨ। ਮੈਂ ਜੇਬ ਵਿਚੋਂ ਚਾਕੂ ਕੱਢਕੇ ਇੱਟਾਂ ਕੱਢਣ ਲਗਾ ਤੇ ਕੁਝ ਕਾਮਯਾਬ ਵੀ ਹੋਇਆ। ਚਾਰ ਇੱਟਾਂ ਕੱਢ ਵੀ ਸੁਟੀਆਂ ਤੇ ਦਿਲਨੂੰ ਆਸ ਬਝ ਗਈ ਪਰ ਉਸੇ ਵਕਤ ਹੀ ਕਮਰੇ ਵਿਚੋਂ ਇਕ ਤਰਾਂ ਦੀ ਬਦਬੂ ਆਉਣ ਲਗੀ ਤੇ ਜੋ ਬਹੁਤ ਤਿੱਖੀ ਸੀ। ਓਸ ਬਦਬੂ ਨਾਲ ਮੇਰਾ ਸਾਰਾ ਸ਼ਰੀਰ ਢਿੱਲਾ ਪੈ ਗਿਆ ਤੇ ਸਿਰ ਚਕਰਾਣ ਲਗਾ॥

ਮੈਂ ਰੁਮਾਲ ਨਾਲ ਨੱਕ ਬੰਦ ਕਰਕੇ ਦਰਵਾਜੇ ਵੱਲ ਨੱਠਾ ਤੇ ਗਾਰਡਨਦਾ ਨਾਮ ਲੈਕੇ ਕਈ ਹਾਕਾਂ ਮਾਰੀਆਂ ਪਰ

ਕੋਈ ਜਵਾਬ ਨਾਂ ਆਇਆ। ਮੇਰਾ ਸਿਰ ਚਕਰਾ ਗਿਆਤੇ ਮੈਂ ਕੁਰਸੀ ਤੇ ਬੈਠ ਗਿਆ। ਮੈਨੂੰ ਨਜ਼ਰ ਆਇਆ ਕਿ ਮੇਜ਼ ਦੇ ਹੇਠਾਂ ਕੁਝ ਸੜ 'ਰਹਾ ਹੈ ਜਿਸਦੀ ਬਦਬੂ ਕਮਰੇ ਵਿਚ ਫੈਲ ਰਹੀ ਹੈ। ਮੈਂ ਚਾਹਿਆ ਭੀ ਕਿ ਜੁੱਤੀ ਨਾਲ ਬੁਝਾ ਦੇਵਾਂ ਪਰ ਹੱਥ ਪੈਰ ਨਾਂ ਉਠੇ ਤੇ ਕੁਝ ਦੇਰ ਪਿਛੋਂ ਮੈਂ ਬੇਹੋਸ਼ ਹੋਗਿਆ॥

ਮੈਂ ਓਥੇ ਕਿਤਨੀ ਦੇਰ ਤਕ ਬੇਹੋਸ਼ ਪਿਆ ਰਿਹਾ ਨਹੀਂ ਆਖ ਸਕਦਾ। ਪਰ ਜਿਸ ਵੇਲੇ ਮੈਂ ਹੋਸ਼ ਵਿਚ ਆਇਆ ਓਸ ਵੇਲੇ ਦਿਨ ਨਿਕਲ ਚੁਕਾ ਸੀ। ਮਕਾਨ ਨੂੰ ਵੇਖਣੇ ਤੋਂ ਪਤਾ ਲਗਾ ਕਿ ਜਿਸ ਮਕਾਨ ਵਿਚ ਮੈਂ ਕਲ ਕੈਦ ਕੀਤਾ ਗਿਆ ਸਾਂ ਇਹ ਓਹ ਨਹੀਂ। ਇਸ ਕੋਠੜੀ ਦੇ ਚਫੇਰੇ ਇਕ ਵੀ ਬਾਰੀਨਹੀਂ ਸੀ। ਇਕ ਦਰਵਾਜ਼ਾ ਸੀ ਜਿਸਦੇ ਛੇਕਾਂ ਵਿਚੋਂ ਚਾਨਣ ਆਉਂਦਾ ਸੀ। ਮੈਂ ਆਪਣੇ ਦਿਲ ਵਿਚ ਆਖਣ ਲਗਾ ਕਿ ਗਾਰਡਨ ਨੇ ਮੈਨੂੰ ਧੋਖਾ ਦਿਤਾ ਹੈ। ਪਰ ਮੈਂ ਸੋਚਿਆ ਕਿ ਜੇਕਰ ਗਾਰਡਨ ਨੂੰ ਹੀ ਮੇਰੇ ਉਤੇ ਸ਼ੱਕ ਹੁੰਦਾ ਤਾਂ ਓਹਜ਼ਰੂਰ ਪੈਹਲਾਂ ਤੋਂ ਹੀ ਮੇਰੇ ਨਾਲਸਾਵਧਾਨ ਹੋਕੇ ਗਲਾਂ ਕਰਦਾ, ਅਥਵਾ ਓਹ ਮੈਨੂੰ ਓਥੋਂ ਕੱਢ ਦੇਂਦਾ ਜਾਂ ਫਸਾਣਦਾ ਜਤਨ ਕਰਦਾ।ਫਰ ਗਾਰਡਨ ਨੇਮੇਰੇ ਨਾਲ ਸਿੱਧੀ ਤਰਾਂ ਗਲਾਂ ਕੀਤੀਆਂ, ਮਾਲੂਮ ਹੁੰਦਾ ਹੈ ਕਿ ਓਹ ਕਿਸੇ ਹੋਰ ਦੀ ਖੋਟੀ ਸਲਾਹ ਵਿਚ ਪੈ ਗਿਆ ਅਤੇ ਇਸੇ ਕਰਕੇ ਓਸਨੇ ਧੋਖਾ ਦੇਕੇ ਮੈਨੂੰ ਫੜਿਆ ਹੈ। ਸ਼ਾਇਦ ਬਾਹਰ ਸੱਦਣ ਵਾਲਾ ਮੇਕੇਯਰ ਹੀ ਹੋਵੇ ਤੇ ਓਸਨੇ ਹੀ ਮੈਨੂ ਫਸਾਇਆ ਹੋਵੇ। ਇਸ ਵੇਲੇ ਮੈਨੂ ਇਹ ਵੀ ਗਲ ਯਾਦ ਆਈ ਕਿ ਜਿਸਨੇ ਗਾਰਡਨ ਨੂੰ ਸਦਿਆ ਸੀ ਓਸਦੀ ਆਵਾਜ਼ ਮੈਕੇਯਰ ਨਾਲ ਮਿਲਦੀ ਸੀ। ਅਛਾ ਜੋ ਲਿਖਿਆ ਹੈ ਭੋਗਣਾ ਹੀ ਪਵੇਗਾ॥

ਇਸਤਰਾਂ ਸੋਚਦਿਆਂ ੨ ਕੁਝ ਦੇਰ ਹੋ ਗਈ। ਮੇਰੇ ਸਿਰਦੀ ਦਸ਼ਾ ਅਜੇ ਵੀ ਠੀਕ ਨਹੀਂ ਸੀ, ਨੱਸਣਦਾ ਵੀ ਕੋਈ ਰਾਹ ਨਹੀਂ ਸੀ, ਵਕਤ ਦੇਖਣ ਵਾਸਤੇ ਜੇਬ ਵਿਚੋਂ ਘੜੀ ਕੱਢਣ ਲਗਾ ਪਰ ਨਾਂ ਜੇਬ ਘੜੀ ਹੀ ਸੀ ਤੇ ਨਾਂ ਓਸਦੀ ਕੀਮਤੀ ਚੇਨ! ਹੁਣ ਮੈਨੂੰ ਯਕੀਨ ਹੋ ਗਿਆ ਕਿ ਡਾਕੂ ਮੈਕੇਯਰਦੇ ਹੀ ਇਹ ਸਾਰੇ ਕੰਮ ਹਨ, ਕਿਉਂਕਿ ਗਾਰਡਨ ਇਕ ਅਮੀਰ ਆਦਮੀ ਹੈ। ਓਹ ਮੈਨੂੰ ਧੋਖਾ ਦੇਕੇ ਕੈਦ ਕਰ ਸਕਦਾ ਹੈ, ਪਰ ਚੋਰ ਡਾਕੂਆਂ ਵਾਂਗ ਨਿੱਕੀਆਂ ੨ ਚੀਜਾਂ ਜੇਬ ਦੀ ਘੜੀ ਤਕ ਨਹੀਂ ਚੁਰਾ ਸਕਦਾ। ਹੱਥੋਂ ਛੁਟਣਦੀ ਆਸ ਤਾਂ ਬਹੁਤ ਘੱਟ ਹੈ। ਬਲਕੇ ਅਪਣੇ ਰਾਹਦਾ ਕੰਡਾ ਸਮਝਕੇ ਮੈਕੇਯਰ ਮੈਨੂੰ ਮਾਰ ਵੀ ਸਕਦਾ ਹੈ। ਇਹਨਾਂ ਸਾਰੀਆਂ ਗਲਾਂ ਨੂੰ ਸੋਚਕੇ ਹੀ ਮੇਰਾ ਚਿੱਤ ਨਿਰਾਸ ਤੇ ਡੋਲ ਗਿਆ। ਜਿੰਦਗੀ ਦੀ ਐਸੀ ਦਸ਼ਾ ਵਿਚ ਪਿਆ ਹੋਯਾ ਮਨੁਖ ਈਸ਼੍ਵਰ ਉੱਤੇ ਭਰੋਸਾ ਕੀਤੇ ਬਿਨਾਂ ਕਾਇਮ ਨਹੀਂ ਰਹਿ ਸਕਦਾ। ਮੈਂ ਭੀ ਇਹੋ ਕੀਤਾ, ਓਸ ਕੋਠੜੀ ਵਿਚ ਇਕ ਕੰਬਲ ਪਿਆ ਹੋਯਾ ਸੀ ਜਿਸ ਉਤੇ ਨਿਰਾਸ ਭਾਵ ਨਾਲ ਮੈਂ ਸੌਂ ਗਿਆ। ਕਰੀਬਨ ਤਿੰਨਾਂ ਘੰਟਿਆਂ ਪਿਛੋਂ ਓਸ ਕੋਠੜੀਦੇ ਦਰਵਾਜੇ ਉਤੇ ਕਿਸੇ ਮਨੁਖਦੇ ਪੈਰਾਂਦੀ ਆਵਾਜ ਆਈ ਅਤੇ ਮੈਂ ਹੌਲੀ ੨ ਉਠਕੇ ਓਸਦੇ ਪਾਸ ਗਿਆ। ਮਾਲੂਮ ਹੋਇਆ ਕਿ ਨੇੜੇ ਹੀ ਕੁਝ ਆਦਮੀ ਗਲਾਂ ਕਰ ਰਹੇ ਹਨ॥

ਇਕ ਮਨੁਖਨੇ ਹਿੰਦੁਸਤਾਨੀ ਬੋਲੀ ਵਿਚ ਕਿਹਾ– "ਆਪਕੇ ਕਹਿਨੇ ਮੂਜਬ ਕਾਮ ਨਹੀਂ ਹੋ ਸਕਤਾ। ਇਸਕੋ ਹੁਸੈਨਾਬਾਦ ਮੇਂ ਲੇ ਜਾਨਾ ਹੋਗਾ, ਵਹਾਂ ਸ਼ਹਿਰ ਸੇ ਕੁਝ ਦੂਰ ਜੰਗਲ ਮੇਂ ਮੇਰੇ ਏਕ ਸਾਬੀਕਾ ਮਕਾਨ ਹੈ ਵਹਾਂ ਅਗਰ ਇਸ ਕੋ ਮਾਰ ਡਾਲਾ ਜਾਵੇ ਤੋ ਪੋਲੀਸ ਯਾ ਔਰ ਕਿਸੀ ਆਦਮੀ ਕੋ

ਇਸਕਾ ਪਤਾ ਤਕ ਨਹੀਂ ਲਗ ਸਕੇਗਾ ॥"

ਦੂਜਾ--ਨਹੀਂ ਇਹ ਠੀਕ ਨਹੀਂ! ਯੇਹ ਆਦਮੀ ਬਹੁਤ ਚਾਲਾਕ ਹੈ। ਇਸਕੇ ਜੈਸਾ ਚਲਾਕ ਜਾਸੂਸ ਔਰ ਕੋਈ ਨਹੀਂ ਹੈ। ਇਸਕੋ ਤੁਮ ਕੋਠੜੀ ਸੇ ਬਾਹਰ ਨਿਕਾਲੋ, ਔਰ ਇਸੀ ਜਗਹ ਮਾਰ ਦੇਨਾਂ ਠੀਕ ਹੈ। ਅਗਰ ਤੁਮ ਯੇਹ ਕਾਮ ਕਰ ਦੋਗੇ ਤੋ ਤੁਮਕੋ ਬਹੁਤ ਬਖਸ਼ੀਸ਼ ਮਿਲੇਗਾ। ਅਗਰ ਤੁਮ ਨਹੀਂ ਕਰ ਸਕਤਾ ਤੋ ਤੁਮ ਸਾਫ ੨ ਬੋਲੋ ਹਮ ਕਿਸੀ ਦੂਸਰੇ ਆਦਮੀ ਕੋ ਕਹੇਂ ॥

ਪਹਿਲਾ--ਆਪਕੇ ਹੁਕਮ ਕੇ ਬਰ ਖਿਲਾਫ ਮੈਂ ਕੋਈ ਕਾਮ ਨਹੀਂ ਕਰੂੰਗਾ ਔਰ ਨਾਂ ਆਜ ਤੀਕ ਕੀਆ ਹੈ। ਮਗਰ ਸਚ ਯੇਹ ਹੈ ਕਿ ਕਿਸੀ ਆਦਮੀ ਕੋ ਮਾਰ ਡਾਲਨਾਂ ਤੋ ਸੈਹਲ ਹੈ ਉਸਕੋ ਛਿਪਾ ਕਰ ਰਖਨਾਂ ਉਤਨ ਸਹਿਜ ਨਹੀਂ ਹੈ, ਮੈਂ ਤੋ ਯਹੀ ਕਾਮ ਕਰਤੇ ੨ ਬੁੱਢਾ ਹੋ ਗਯਾ ਹੂੰ ॥

ਦੂਜਾ--ਮੇਰੀ ਮਰਜ਼ੀ ਹੈ ਕਿ ਜਿਤਨਾ ਜਲਦੀ ਹੋ ਸਕੇ ਇਸਕਾ ਕਾਮ ਤਮਾਮ ਕਰ ਦਿਯਾ ਜਾਵੇ। ਕਿਉਂ ਕਿ ਦੇਰੀ ਹੋਨੇ ਸੇ ਇਸਕਾ ਭਾਗ ਜਾਨਾਂ ਸਹਿਜ ਹੈ। ਯਿਹ ਇਕ ਸਰਕਾਰੀ ਜਾਸੂਸ ਹੈ ਔਰ ਇਹ ਅਕੇਲਾ ਭੀ ਨਹੀਂ ਇਸਕੇ ਔਰ ਭੀ ਸਾਥੀ ਹੈਂ, ਦੇਰੀ ਹੋਨੇ ਪਰ ਵੋਹ ਇਸਕਾ ਪਤਾ ਨਿਕਾਲ ਲੇਂਗੇ ਉਸ ਵਕਤ ਏਕ ਬਲਾ ਕੋ ਦੂਰ ਕਰਤੇ ੨ ਦੂਸਰੀ ਬਲਾ ਆ ਪੜੇਗੀ। ਇਸ ਲੀਏ ਆਜ ਹੀ ਇਸ ਕੰਟਕ ਕੋ ਦੂਰ ਕਰੋ। ਏਕ ਬਾਤ ਔਰ ਭੀ ਹ, ਗਾਰਡਨ ਦੋਪਹਿਰਕੇ ਬਾਦ ਯਹਾਂ ਆਵੇਗਾ ਉਸਕੋ ਅਗਰ ਵੋਹ ਮਾਲੂਮ ਹੋ ਗਿਆ ਕਿ ਮੈਂ ਇਸੇ ਮਾਰਦੇਨਾਂ ਚਾਹਤਾ ਹੂੰ ਤੋ ਵੋਹ ਜ਼ਰੂਰ ਹੀ ਇਸਮੇਂ ਰੁਕਾਵਟ ਡਾਲੇਗਾ ॥

ਪਹਿਲਾ—ਯੇਹ ਮੈਂ ਜਾਨਤਾ ਹੂੰ ਕਿ ਗਾਰਡਨ ਇਸਮੇਂ ਰਾਜ਼ੀਨਹੀਂ ਹੋਗਾਮਗਰਆਪਅਗਰ ਉਸਕੀ ਪੈਰਿਸ ਕੀ ਬਾਤੇਂ ਨਾਂ ਜਾਨਤੇ ਹੋਵੋ ਤੋ ਵੋਹ ਇਸ ਕਾਮਮੇਂ ਹਾਥ ਭੀ ਨਾਂ ਡਾਲਤਾ ਵੋਹ ਕਭੀ ਇਸਕੋ ਮਾਰਨੇ ਕਾ ਹੁਕਮ ਨਹੀਂ ਦੇਗਾ, ਮਗਰ ਇਤਨੇ ਬੜੇ ਕਾਮ ਮੇਂ ਜਲਦੀ ਨਹੀਂ ਕਰਨੀ ਚਾਹੀਏ ਅਪਨੇ ਆਪਕੋ ਬਚਾ ਕਰ ਹੀ ਯੇਹ ਕਾਮ ਕਰਨਾ ਠੀਕ ਹੈ ॥

ਦੂਜਾ--ਇਸਕੋ ਜਲਦੀ ਖਤਮ ਕਰਨੇ ਕਾ ਮਤਲਬ ਯੇਹ ਹੈ ਕਿ ਮੈਂ ਗਾਰਡਨ ਕੋ ਅਪਨੇ ਹਾਥ ਮੇਂ ਰਖਨਾ ਚਾਹਤਾ ਹੂੰ । ਗਾਰਡਨ ਕੋ ਅਗਰ ਯੇਹ ਮੱਦਦ ਦੇਨੇ ਲਗ ਪੜਾ ਤੋ ਵੋਹ ਜਰੂਰ ਹੀ ਮੇਰੇ ਬਰਖਿਲਾਫ ਖੜਾ ਹੋ ਜਾਵੇਗਾ, ਗਾਰਡਨ ਕੀ ਯੇਹ ਮਰਜ਼ੀ ਹੈ ਕਿ ਮੈਂ ਇਸੇ ਜਾਨ ਸੇ ਨਾਂ ਮਾਰੂੰ ਸਿਰਫ ਕੈਦ ਕਰ ਰਖੂੰ । ਮਗਰ ਗਾਰਡਨ ਪਰ ਮੁਝੇ ਇਸ ਵਕਤ ਬਹੁਤ ਸ਼ੱਕ ਗੁਜ਼ਰਤੇ ਹੈਂ । ਕਲ ਸੈਂਟਮੇਰੀ ਕੀ ਮੇਹਰਬਾਨੀ ਸੇ ਮੈਂ ਯਹਾਂ ਆ ਪਹੁੰਚਾ ਨਹੀਂ ਤੋ ਬਹੁਤ ਬੁਰਾ ਹੋਤਾ । ਯੇਹ ਭੀ ਹੋ ਸਕਤਾ ਥਾ ਕਿ ਆਜ ਮੈਂ ਫਾਂਸੀ ਪਰ ਲਟਕ ਜਾਤਾ । ਇਸ ਲੀਏ ਜੈਸੇ ਕੈਸੇ ਆਜ ਹੀ ਇਸ ਕਾਮ ਕੋ ਖਤਮ ਕਰਦੋ, ਮਾਲੂਮ ਹੋਤਾ ਹੈ ਕਿ ਕਲੋਰੋਫਾਰਮ ਕੇ ਨਸ਼ੇ ਸੇ ਵੋਹ ਅਭੀਤਕ ਬੇਹੋਸ਼ ਪੜਾ ਹੈ । ਸੋ ਇਸੀ ਵਕਤ ਉਸਕੋ ਦੋਜ਼ਕ ਮੇਂ ਭੇਜ ਦੇਨਾਂ ਠੀਕ ਹੈ ॥

ਇਸਦੇ ਪਿਛੋਂ ਚੁਪ ਵਰਤ ਗਈ, ਮੈਂ ਇਹ ਗਲਾਂ ਸੁਣਕੇ ਚੰਗੀਤਰਾਂ ਸਮਝ ਲਿਆ ਕਿ ਮੇਕੇਯਰ ਮੈਨੂੰ ਮਾਰ ਸਿੱਟਣਦੇ ਜਤਨ ਕਰ ਰਿਹਾ ਹੈ। ਇਸ ਵੇਲੇ ਮੈਂ ਜਿਸ ਬਿਪਤਾ ਵਿਚ ਹਾਂ ਇਸਤੋਂ ਛੇਤੀ ਛੁਟ ਜਾਣਾ ਕੋਈ ਸੌਖਾ ਕੰਮ ਨਹੀਂ । ਕਲ ਗਾਰਡਨ ਨੂੰ ਜਿਸਨੇ ਸਦਿਆ ਸੀ ਓਹ ਮੇਕੇਯਰ ਹੀ ਸੀ ਇਸ ਵਿਚ ਕੋਈ ਸ਼ੱਕ ਨਹੀਂ ਰਿਹਾ, ਪਰ

ਹੁਣ ਮੇਰੀ ਜਾਨ ਜਾਂਦੀ ਹੈ ਬਚਣਦਾ ਰਾਹ ਕੀ ਹੈ ? ਜੇਕਰ ਗਾਰਡਨ ਇਸ ਵੇਲੇ ਇਥੇ ਆ ਜਾਵੇ ਤਾਂ ਚੰਗਾ ਹੈ, ਨਹੀਂ ਤਾਂ ਬਚਣਦੀ ਕੋਈ ਆਸ ਨਹੀਂ ।ਇਸੇ ਵੇਲੇ ਜੰਦਰਾ ਖੁਲ੍ਹਣ ਦੀ ਆਵਾਜ਼ ਆਈ, ਮੈਂ ਹੌਲੀ ੨ ਜਾਕੇ ਕੰਬਲ ਉਤੇ ਲੇਟ ਗਿਆ ਬੂਹਾ ਖੋਲ੍ਹਕੇ ਦੋ ਆਦਮੀ ਅੰਦਰ ਆਏ,ਮੈਕੇਯਰ ਨੇ ਕਿਹਾ—"ਅਬਦੁਲ ! ਜਰਾ ਦੇਖੋ ਤੋ ਉਸਕੀ ਕੈਸੀ ਹਾਲਤ ਹੈ ?॥

ਇਹ ਸੁਣਕੇ ਅਬਦੁਲ ਮੇਰੇ ਪਾਸ ਆਇਆ ਅਤੇ ਮੇਰੇ ਨੱਕਦੇ ਅੱਗੇ ਹੱਥ ਰੱਖਕੇ ਵੇਖਣ ਲਗਾ ਕਿ ਸਾਹ ਚਲਦਾ ਹੈ ਕਿ ਨਹੀਂ ? ਫੇਰ ਉਸਨੇ ਕਲੇਜੇ ਉਤੇ ਹੱਥ ਰੱਖ ਕੇ ਵੇਖਿਆ ਕਿ ਕਲੇਜਾ ਧੜਕਦਾ ਹੈਕਿ ਨਹੀਂ ? । ਇਸਤਰਾਂ ਕੁਝ ਦੇਰ ਤਕ ਪਰੀਖਯਾ ਕਰਕੇ ਉਸਨੇ ਮੈਕੇਯਰਨੂੰ ਕਿਹਾ—"ਯੇਹ ਜਲਦੀ ਹੀ ਹੋਸ਼ ਮੇਂ ਆਨੇ ਵਾਲਾ ਹੈ ਮੇਰੀ ਰਾਇ ਮੇਂ ਇਸੇ ਫੇਰ ਬੇਹੋਸ਼ ਕਰ ਦੇਨਾਂ ਚਾਹੀਏ। ਅਗਰ ਗਾਰਡਨ ਅਭੀ ਆਵੇ ਤੋ ਉਸੇ ਕਹਿ ਦੇਨਾਂ ਕਿ ਉਸਕੋ ਹਮਨੇ ਸਵੇਰੇ ਹੀ ਮਾਰ ਦੀਆ ਥਾ ਫਿਰ ਗਾਰਡਨ ਕੁਛ ਨਹੀਂ ਬੋਲੇਗਾ ॥

ਮੈਕੇਯਰ--ਅੱਛਾ ਐਸਾ ਹੀ ਕਰੋ ॥

ਮੈਂ ਸੋਚਿਆ ਇਹ ਕਲੋਰੋ ਫਾਰਮ ਨਾਲ ਮੈਨੂੰ ਫਿਰ ਬੇਹੋਸ਼ ਕਰਨਾਂ ਚਾਹੁੰਦੇ ਹਨ। ਹੁਣ ਵਾਹਿਗੁਰੂ ਹੀ ਰਾਖਾ ਹੈ, ਓਸਦੀ ਕ੍ਰਿਪਾ ਬਿਨਾਂ ਹੋਰ ਕੋਈ ਉਪਾ ਨਹੀਂ। ਇਸਤਰਾਂ ਮੈਂ ਆਪਣੇ ਜੀ ਵਿਚ ਈਸ਼੍ਵਰ ਦੀ ਯਾਦ ਕਰਨ ਲਗਾ ਤੇ ਓਧਰ ਅਬਦੁਲ ਨੇ ਕਲੋਰੋ ਫਾਰਮਦੀ ਸ਼ੀਸ਼ੀ ਮੇਰੇ ਨੱਕ ਨਾਲ ਲਾ ਦਿਤੀ। ਪਰ ਮੈਂ ਸਾਹ ਘੁੱਟਕੇ ਚੁਪ ਪਿਆ ਰਿਹਾ। ਸ਼ੀਸ਼ੀ ਦੀ ਜੋ ਪਹਿਲੀ ਹਵਾੜ ਗਈ ਓਸ ਨਾਲ ਮੇਰਾ ਸਿਰ ਚਕਰਾਯਾ ਹੁਣ ਮੈਨੂ ਮਾਲੂਮ ਹੋਇਆ ਕਿ ਇਹ ਨਿਰਾ ਕਲੋਰੋ ਫਾਰਮ

ਹੀ ਨਹੀਂ ਇਸਦੇ ਨਾਲ ਕੁਝ ਹੋਰ ਵੀ ਮਿਲਿਆ ਹੋਇਆ ਹੈ ਕਿਉਂਕਿ ਕਲੋਰੋ ਫਾਰਮਦੀ ਤਾਕਤ ਤੇ ਕੰਮ ਮੇਰੇ ਕੋਲੋਂ ਗੁਝੇ ਨਹੀਂ ਸਨ। ਮੈਂ ਕਰੀਬਨ ੧੦ ਮਿੰਟ ਤਕ ਸਾਹ ਘੁਟਕੇ ਪਿਆ ਰਿਹਾ ਫੇਰ ਅਬਦੁਲ ਵੀ ਰਲਿਆ ਗਿਆ। ਜਾਣ ਵੇਲੇ ਓਸਨੇ ਨੱਕ ਉੱਤੇ ਹਥ ਰੱਖਕੇ ਵੇਖ ਲਿਆ ਕਿ ਸਾਹ ਚਲਦਾ ਹੈ ਕਿ ਨਹੀਂ। ਫੇਰ ਓਸਨੇ ਮੈਕੇਯਰ ਨੂੰ ਜਾਕੇ ਕਿਹਾ- ਮਾਲੂਮ ਹੋਤਾ ਹੈ ਅਬ ਆਪਕੋ ਕੁਝ ਨਹੀਂ ਕਰਨਾ ਪੜੇਗਾ, ਇਤਨੇ ਸੇ ਹੀ ਇਸਕਾ ਕਾਮ ਤਮਾਮ ਹੋ ਜਾਇਗਾ। ਖੁਦਾ ਨੇ ਆਪਕੋ ਇਸ ਬਲਾ ਸੇ ਬਚਾ ਲੀਆ ਇਸ ਲੀਏ ਉਸਕਾ ਬਹੁਤ ਸ਼ੁਕਰ ਹੈ॥

ਇਹ ਆਖਦੇ ਹੀ ਦੋਨੋਂ ਬਾਹਿਰ ਨਿਕਲ ਗਏ ਤੇ ਦਰਵਾਜ਼ੇ ਨੂੰ ਫੇਰ ਜੰਦਰਾ ਵੱਜ ਗਿਆ। ਵਾਹਿਗੁਰੂ ਦੀ ਕ੍ਰਿਪਾ ਨਾਲ ਮੈਂ ਸਾਫ ਬਚ ਗਿਆ ਭਾਵੇਂ ਸਾਰਾ ਦਿਨ ਭੁਖ ਤੇ ਚਿੰਤਾ ਵਿਚ ਬੀਤਿਆ ਸੀ ਪਰ ਕੁਝ ਦੇਰ ਪਿਛੋਂ ਮੈਨੂੰ ਨੀਂਦ ਆ ਗਈ॥

## ਕਾਂਡ ੪

### (ਸਰਦਾਰ ਰਾਮਪਾਲ ਸਿੰਘ ਦਾ ਬਿਆਨ)

ਬਹੁਤ ਰਾਤ ਗਈ ਜਦ ਬੂਹਾ ਖੁਲਿਆ ਤਾਂ ਓਸਦੇ ਨਾਲ ਹੀ ਮੇਰੀ ਵੀ ਨੀਂਦ ਖੁਲ ਗਈ। ਮੈਂ ਸਮਝਿਆ ਕਿ ਅਬਦੁਲ ਤੇ ਮੈਕੇਯਰ ਮੈਨੂੰ ਹੋਰ ਕਿਧਰੇ ਲਿਜਾਣ ਲਈ ਆਏ ਹਨ। ਪਰ ਮੈਂ ਜਦ ਦਰਵਾਜ਼ੇ ਵਲ ਮੂੰਹ ਕੀਤਾ ਤਾਂ ਅਬਦੁਲ ਤੇ ਮੈਕੇਯਰ ਦੋਹਾਂ ਵਿਚੋਂ ਕੋਈ ਵੀ ਨਜ਼ਰ ਨਾ ਆਯਾ। ਓਹਨਾਂ ਦੀ ਥਾਂ ਇਕੋ ਬਹੁਤ ਸੁੰਦਰ ਅੰਗ੍ਰੇਜ਼ ਲੜਕੀ ਲੈਂਪ ਹਥ ਵਿਚ ਲਈ ਅੰਦਰ ਆਈ। ਜ਼ਿੰਦਗੀ ਦੇ ਅੰਤ ਸਮ

ਓਸ ਦੇਵੀ ਵਰਗੀ ਮੂਰਤ ਨੂੰ ਵੇਖਕੇ ਮੇਰੇ ਦਿਲ ਵਿਚ ਕਈ ਤਰਾਂ ਦੀਆਂ ਤਰੰਗਾਂ ਉਠਣ ਲਗੀਆਂ ॥

ਓਹ ਲੜਕੀ ਫੁਰਤੀ ਨਾਲ ਮੇਰੇ ਪਾਸ ਆਈ ਅਰ ਮੈਨੂੰ ਫੜਕੇ ਹਲਾਣ ਲਗੀ। ਜਦ ਓਸਨੇ ਮੈਨੂੰ ਸਾਵਧਾਨ ਵੇਖਿਆ ਤਾਂ ਇਸ਼ਾਰੇ ਨਾਲ ਬਾਹਰ ਚਲਣ ਲਈ ਕਿਹਾ। ਮੈਂ ਲੇਟੇ ਹੋਏਹੀ ਓਸਨੂੰ ਕਿਹਾ ਤੂੰ ਕੋਈ ਸੁਰਗਦੀ ਦੇਵੀ ਹੈ? ਮੈਨੂੰ ਬਚਾਣ ਵਾਸਤੇ ਹੀ ਤੈਂ ਇਸ ਪਾਪੀ ਧਰਤੀ ਉਤੇ ਚਰਨ ਪਾਏ ਹਨ?

ਓਸ ਲੜਕੀ ਨੇ ਮੂੰਹ ਤੇ ਉਂਗਲ ਰਖਕੇ ਚੁਪ ਰਹਿਣ ਲਈ ਮੈਨੂੰ ਕਿਹਾ। ਮੈਂ ਫੇਰ ਕੁਝ ਨਾ ਆਖ ਓਸਦੇ ਨਾਲ ਹੀ ਕੋਠੜੀ ਤੋਂ ਬਾਹਰ ਹੋਗਿਆ। ਬਾਹਰ ਨਿਕਲਦੇ ਹੀ ਓਸਨੇ ਲੈਂਪ ਬੁਝਾ ਦਿਤਾ ਤੇ ਮੇਰਾ ਹੱਥ ਫੜਕੇ ਇਕ ਪਾਸੇ ਲੈ ਵੜੀ ਮੈਨੂੰ ਓਸ ਵੇਲੇ ਇਕ ਪੌੜੀ ਦੇ ਰਾਹ ਹੇਠਾਂ ਉਤਰਨਾ ਪਿਆ। ਫੇਰ ਮੈਂ ਓਸ ਲੜਕੀ ਦੇ ਨਾਲ ਇਕ ਵੱਡੇ ਕਮਰੇ ਵਿਚ ਗਿਆ ਓਸ ਵਿਚ ਭਾਵੇਂ ਹਨੇਰਾ ਸੀ ਪਰ ਨਾਲਦੇ ਕਮਰੇ ਵਿਚ ਦੀਵਾ ਜਗਦਾ ਸੀ ਅਤੇ ਕਈ ਮਨੁਖ ਬੈਠੇ ਗਲਾਂ ਕਰ ਰਹੇ ਸਨ। ਓਨਾਂ ਵਿਚੋਂ ਇਕ ਮਨੁਖ ਕੁਝ ਉਚੀ ੨ ਬੋਲ ਰਿਹਾ ਸੀ। ਓਸਦੀ ਅਵਾਜ਼ ਤੋਂ ਮੈਨੂੰ ਮਲੂਮ ਹੋਯਾ ਕਿ ਓਹ ਗਾਰਡਨ ਹੈ। ਕੁਝ ਹੋਵੇ ਓਹ ਵੇਲਾ ਗੱਲਾਂ ਸੁਣਨ ਦਾ ਨਹੀਂ ਸੀ। ਇਕ ਹੋਰ ਪੌੜੀਆਂ ਪਾਰ ਕਰਕੇ ਅਸੀਂ ਬਾਗ ਵਿਚ ਆਏ। ਓਥੇ ਪਹੁੰਚਕੇ ਓਹ ਲੜਕੀ ਖੜੀ ਹੋਗਈ ਤੇ ਓਸਨੇ ਹੌਲੀ ਜੇਹੀ ਮੈਨੂੰ ਕਿਹਾ—ਓਹ ਦਰਵਾਜਾ ਹੈ।ਛੇਤੀ ਤੁਸੀਂ ਨਠ ਜਾਵੋ ਇਸ ਵੇਲੇ ਤੁਹਾਡੀ ਜਾਨ ਭਾਰੇ ਖਤਰੇ ਵਿਚ ਹੈ ॥

ਮੈਂ ਕਿਹਾ—ਜਦ ਤਕ ਤੁਸੀਂ ਅਪਣਾ ਨਾਮ ਪਤਾ ਨਾ ਦਸੋਗੇ ਓਦੋਂ ਤਕ ਮੈਂ ਇਥੋਂ ਨਹੀਂ ਜਾਵਾਂਗਾ ॥

ਲੜਕੀ ਨੇ ਕਿਹਾ—ਬਾਬੂ, ਮੈਂ ਗਾਰਭਨ ਸਾਹਬ ਦੀ ਲੜਕੀ ਹਾਂ ਤੇ ਮੇਰਾ ਨਾਮ ਹੇਲਨਾ ਹੈ ॥

ਇਹ ਸੁਣਕੇ ਮੈਂ ਓਸਦਾ ਧੰਨਵਾਦ ਕੀਤਾ ਤੇ ਝਟ ਸੜਕ ਉਤੇ ਜਾ ਰਿਹਾ। ਖੁਲੀ ਪੌਣ ਨਾਲ ਮੇਰਾ ਸਰੀਰ ਕੁਝ ਹਲਕਾ ਹੋਗਿਆ ਅਤੇ ਦਿਲ ਵਿਚ ਫੁਰਤੀ ਆਈ। ਕਲ ਰਾਤ ਦਾ ਕੁਝ ਵੀ ਨਹੀਂ ਖਾਧਾ ਸੀ ਇਸ ਲਈ ਸਰੀਰ ਕਮ-ਜ਼ੋਰ ਸੀ, ਫੇਰ ਤੇਜ਼ ਕਲੋਰੋਫਾਰਮ ਦਾ ਅਸਰ ਵੀ ਅਜੇ ਤਕ ਚੰਗੀ ਤਰਾਂ ਦੂਰ ਨਹੀਂ ਹੋਯਾ ਸੀ। ਕੁਝ ਹੋਵੇ ਭੁਖ ਤੇਹ ਨੂੰ ਮਾਰਕੇ ਵੀ ਮੈਂ ਓਥੇ ਖੜਾ ਹੋਗਿਆ ਕਿਉਂਕਿ ਮੈਕੇਯਰ ਇਸੇ ਮਕਾਨ ਵਿਚ ਹੈ। ਜਦ ਗਾਰਭਨ ਤੇ ਮੇਕੇਯਰ ਦੋਵੇਂ ਹੀ ਇਥੇ ਅਕਠੇ ਬੈਠੇ ਹਨ ਤਦ ਜ਼ਰੂਰ ਹੀ ਕੁਝ ਨ ਕੁਝ ਕੌਤਕ ਵਰਤੇ ਗਾਓਨਾਂ ਦੀ ਗਲ ਸੁਣਕੇ ਮੈਕੇਯਰ ਨੂੰ ਪਕੜਨਾ ਠੀਕ ਹੈ ॥

ਇਹ ਵੇਖਕੇ ਪਾਠਕ ਅਦਰਜ ਹੋਣਗੇ ਕਿ ਜੋ ਮਨੁਖ ਕੁਝ ਦੇਰ ਪੈਹਲਾਂ ਕਾਲ ਦੇ ਜਾਲ ਵਿਚ ਫਸਿਆ ਪਿਆ ਸੀ ਜਿਸਨੇ ਆਪਣੇ ਜੀਉਂਣ ਦੀ ਆਸ ਦਿਲ ਚੁਲ ਛੱਡ ਰਖੀ ਸੀ, ਜੋ ਸਭ ਤਰਾਂ ਨਾਲ ਜੀਉਂਣ ਤੋਂ ਨਿਰਾਸ ਹੋਕੇ ਵਾਹਿਗੁਰੂ ਪਾਸੋਂ ਛੁਟਕਾਰੇ ਦੀ ਪ੍ਰਾਰਥਨਾ ਕਰ ਰਿਹਾ ਸੀ ਓਹ ਮਨੁਖ ਫੇਰ ਓਸੇਤਰਾਂ ਵਿਪਤਾ ਨੂੰ ਜਾਫੀ ਪਾਣ ਲਈ ਤਿਆਰ ਹੈ। ਸਚ ਹੈ ਸੀ. ਆਈ. ਡੀ. ਵਾਲਿਆਂ ਨੂੰ ਕਿਸੇ ਵੀ ਦਸ਼ਾ ਵਿਚ ਚੈਨ ਨਹੀਂ ਆਉਂਦਾ। ਓਨਾਂ ਦੀ ਇਛਾ ਕੌਤਕ ਵੇਖਣ ਲਈ ਬਹੁਤ ਬਲਵਾਨ ਹੁੰਦੀ ਹੈ ਇਸੇ ਕਰਕੇ ਉਹ ਆਪਣੇ ਆਪਨੂੰ ਵਿਪਤਾ ਵਿਚ ਪਾ ਦੇਂਦੇ ਹਨ। । ਸੋਈ ਬਾਹਰ ਨਿਕਲਦਿਆਂ ਹੀ ਮੇਰੀ ਦਸ਼ਾ ਫਿਰਗਈ। ਮੈਂ ਦਿਲ ਵਿਚ ਸੋਚਿਆ ਕਿ ਮੈਕੇਯਰ ਨੂੰ ਆਪਣੇ ਹਥ ਔਦਾ ਵੇਖਕੇ ਛਡ ਦੇਣਾ ਕਦੇ ਠੀਕ ਨਹੀਂ। ਓਸਨੂੰ ਜ਼ਰੂਰ ਹੀ ਫੜਨਾ ਚਾਹੀਦਾ ਹੈ, ਪ੍ਰਾਣ ਜਾਣ

ਤਾਂ ਜਾਣ । ਪਰ ਗਾਰਡਨ ਦੀ ਗੱਲ ਮੈਨੂੰ ਯਾਦ ਆਈ। ਕਿਉਂਕਿ ਓਸੇਦੀ ਲੜਕੀ ਨੇਹੀ ਮੇਰੀ ਜਾਨ ਬਚਾਈ ਹੈ। ਪਰ ਅਜ ਜੇਕਰ ਮੈਂ ਮੈਕੇਯਰ ਨੂੰ ਫੜ ਲਵਾਂ ਅਤੇ ਗਾਰਡਨ ਓਸਦੇ ਬਰਖਿਲਾਫ ਕਿਸੇਤਰਾਂ ਦੀ ਗਵਾਹੀ ਨਾ ਦੇਵੇ ਤਾਂ ਓਸਦਾ ਸਹਾਯਕ ਹੋਣ ਦੇ ਕਾਰਣ ਗਾਰਡਨ ਨੂੰ ਵੀ ਸਜ਼ਾ ਭੋਗਣੀ ਪਵੇਗੀ ਤੇ ਹੇਲਨਾਂ ਨੂੰ ਬਹੁਤ ਦੁਖ ਹੋਵੇਗਾ ਕਿਉਂਕਿ ਜੇਕਰ ਅਜ ਮੈਨੂੰ ਹੇਲਨਾ ਆਕੇ ਨਾ ਬਚਾਉਂਦੀ ਤਾਂ ਪਾਪੀ ਮੈਕੇਯਰ ਨੇ ਅਜ ਮੇਰੇ ਜੀਵਨ ਦਾ ਦੀਵਾ ਬੁਝਾ ਦਿਤਾ ਸੀ। ਸੋ ਕੀ ਮੈਂ ਓਸ ਦੇਵੀ ਦੇ ਦੁਖ ਦਾ ਕਾਰਣ ਬਣਾ? ਇਹ ਠੀਕ ਨਹੀਂ। ਮਨੁਖਾਂ ਦੇ ਸਾਹਮਣੇ ਨਹੀਂ ਪਰ ਵਾਹਿਗੁਰੂ ਦੇ ਸਾਹ-ਮਣੇ ਜ਼ਰੂਰ ਦੇਣਦਾਰ ਹੋਵਾਂਗਾ ॥

ਸਾਰੀਆਂ ਗੱਲਾਂ ਵਿਚਾਰਕੇ ਛੇਕੜ ਮੈਂ ਇਹ ਨਿਸਚਾ ਕੀਤਾ ਕਿ ਗਾਰਡਨ ਤੇ ਹੇਲਨਾਂ ਦੇ ਇਸ ਮਕਾਨ ਵਿਚੋਂ ਨਿਕਲ ਜਾਣ ਪਰ ਮੈਂ ਮੈਕੇਯਰ ਨੂੰ ਫੜਾਂਗਾ । ਮੈਂ ਜਿਸ ਜਗ੍ਹਾ ਖੜਾ ਹੋਕੇ ਇਹ ਗੱਲਾਂ ਵਿਚਾਰ ਰਿਹਾ ਸਾਂ ਓਸਦੇ ਪਾਸ ਹੀ ਇਕ ਬਾਣੀਏ ਦੀ ਦੁਕਾਨ ਸੀ। ਮੈਂ ਓਸਦੇ ਅੰਦਰ ਕੁਝ ਖਾਣ ਲਈ ਜਾ ਵੜਿਆ। ਓਸਦੇ ਅੰਦਰ ਸਿਵਾ ਸੱਤੂ ਤੇ ਛੋਲਿਆਂ ਦੇ ਜੋ ਕਿ ਗਰੀਬ ਪੂਰਬੀ ਹਿੰਦੁਸਤਾਨੀਆਂ ਦਾ ਖਾਜ ਹੈ, ਹੋਰ ਕੁਝ ਨਹੀਂ ਸੀ। ਭੁਖ ਜ਼ੋਰ ਦੀ ਲਗੀ ਹੋਈ ਤੇ ਤੇਹ ਨਾਲ ਸੰਘ ਸੁਕ ਰਿਹਾ ਸੀ ਇਸ ਲਈ ਭੁੰਨੇ ਛੋਲੇ ਅਰ ਸੱਤੂ ਖਾਕੇ ਮੈਂ ਪਾਣੀ ਪੀਤਾ ਜਿਸ ਨਾਲ ਸਰੀਰ ਵਿਚ ਕੁਝ ਤਾਕਤ ਆਈ। ਦੁਕਾਨਦਾਰ ਨੂੰ ਪੁਛਣ ਤੋਂ ਪਤਾ ਲਗਾ ਕਿ ਇਕ ਨੇੜੇ ਪੁਲਿਸ ਚੌਂਕੀ ਹੈ, ਜਿਸ ਵਿਚ ਇਕ ਥਾਣੇ-ਦਾਰ ਤੇ ੧੦ ਸਿਪਾਹੀ ਰੈਂਹਦੇ ਹਨ। ਮੈਕੇਯਰ ਦੇ ਮਕਾਨ ਦੀ ਬਾਬਤ ਪੁਛਣ ਤੋਂ ਮਲੂਮ ਹੋਯਾ ਕਿ ਇਸ ਮਕਾਨ ਵਿਚ

ਰਾਤਨੂੰ ਇਕ ਗੋਰਾ ਆਪਣੇ ਯਾਰਾਂ ਦੋਸਤਾਂ ਸਣੇ ਆਕੇ ਜਲਸੇ ਖੁਸ਼ੀਆਂ ਕਰਦਾ ਹੈ। ਮੈਂ ਉਸ ਪਾਸੋਂ ਓਸਦਾ ਨਾਮ ਪੁਛਿਆ ਪਰ ਓਹ ਕੁਝ ਨ ਦਸ ਸਕਿਆ। ਮੈਂ ਓਸਨੂੰ ਕਿਹਾ ਕਿ "ਮੇਰੇ ਮਾਲਿਕ ਇਸ ਮਕਾਨ ਵਿਚ ਆਏ ਹੋਏ ਹਨ ਤੇ ਓਨਾਂ ਦੇ ਔਣ ਪਿਛੋਂ ਘਰ ਚੋਰੀ ਹੋਗਈ ਹੈ। ਮੈਂ ਓਨਾਂ ਨੂ ਸੱਦਣ ਆਯਾ ਹਾਂ। ਤੂੰ ਜਰਾ ਇਸ ਮਕਾਨ ਦੇ ਬੂਹੇ ਉਤੇ ਨਜ਼ਰ ਰਖ ਮੈਂ ਤੈਨੂੰ ਇਨਾਮ ਭੀ ਦਿਆਂਗਾ। ਮੈਂ ਪੈਹਲਾਂ ਪੁਲੀਸ ਵਿਚ ਖਬਰ ਦੇਣ ਲਈ ਜਾਂਦਾ ਹਾਂ। ਜੇਕਰ ਇਸ ਮਕਾਨ ਵਿਚੋਂ ਕੋਈ ਆਦਮੀ ਨਿਕਲੇ ਤਾਂ ਓਸਦੀ ਮੈਨੂੰ ਖਬਰ ਦੇਵੀਂ, ਮੈਂ ਹੁਣੇ ਆਉਂਦਾ ਹਾਂ" ॥

ਪੁਲਿਸ ਦਾ ਨਾਮ ਸੁਣਕੇ ਪੈਹਲਾਂ ਤਾਂ ਓਹ ਕੁਝ ਡਰਿਆ ਪਰ ਫੇਰ ਇਨਾਮ ਦਾ ਨਾਮ ਸੁਣਕੇ ਸੰਭਲ ਗਿਆ। ਮੈਂ ਪੁਲਿਸ ਚੌਂਕੀ ਦਾ ਪਤਾ ਓਸਤੋਂ ਪੁਛਕੇ ਓਧਰ ਗਿਆ ॥

ਚੌਂਕੀ ਓਸ ਦੁਕਾਨ ਦੇ ਬਿਲ ਕੁਲ ਨੜੇ ਸੀ। ਚੰਗਿਆਂ ਭਾਗਾਂ ਨੂੰ ਇਕ ਥਾਣੇਦਾਰ ਤੇ ਅਠ ਸਿਪਾਹੀ ਭੀ ਓਸ ਵੇਲੇ ਮੌਜੂਦ ਸਨ। ਮੈਂ ਆਪਣੀ ਪਛਾਣ ਦੱਸਕੇ ਓਸਤੋਂ ਮਦਦ ਮੰਗੀ ਪਰ ਜਵਾਬ ਵਿਚ ਓਸਨੇ ਮੈਥੋਂ ਸਬੂਤ ਮੰਗਿਆ।

ਮੈਂ ਕਿਹਾ—"ਮੈਂ ਜਾਸੂਸੀ ਮੈਹਕਮੇਂ ਦਾ ਵੱਡਾ ਅਫਸਰ ਹਾਂ। ਤੁਸੀਂ ਮੇਰੀ ਸਹੈਤਾ ਕਰਨ ਲਈ ਮਜਬੂਰ ਹੋ। ਸੋ ਦਸੋ ਤੁਸੀਂ ਮੇਰੇ ਕਹੇ ਮੂਜਬ ਕੰਮ ਕਰੋਗੇ ਕਿ ਨਹੀਂ ?"

ਥਾਣੇਦਾਰ ਨੇ ਫੇਰ ਕੁਝ ਨਾ ਕਿਹਾ ! ਮੈਂ ਉਨਾਂ ਨੂੰ ਨਾਲ ਲੇ ਓਸੇ ਬਾਣੀਏ ਦੀ ਹਟੀ ਤੇ ਪਹੁੰਚਾ ਜਿਸ ਵੇਲੇ ਅਸੀਂ ਓਥੇ ਪਹੁੰਚੇ ਸਾਂ ਕਿ ਓਸੇ ਵੇਲੇ ਗਿਰਜੇ ਵਾਲੀ ਘੜੀ ਵਿਚ ਅਠ ਵਜੇ। ਬਾਣੀਏ ਨੂੰ ਪੁੱਛਣ ਤੋਂ ਮਲੂਮ ਹੋਯਾ ਕਿ ਅਜੇ ਤਕ ਇਸ ਮਕਾਨ ਦੇ ਅੰਦਰੋਂ ਕੋਈ ਬਾਹਰ ਨਹੀਂ

ਨਿਕਲਿਆ। ਮੈਂ ਚਾਰ ਸਿਪਾਹੀਆਂ ਨੂੰ ਸਾਦੀ ਪੁਸ਼ਾਕ ਪਵਾਕੇ ਆਪਨੇ ਨਾਲ ਲਿਆ। ਥਾਣੇਦਾਰ ਤੇ ਦੋ ਸਿਪਾਹੀਆਂ ਨੂੰ ਓਸ ਮਕਾਨ ਦੇ ਅੰਦਰ ਲੁਕਾ ਦਿਤਾ ਤੇ ਬਾਕੀ ਦੇ ਦੋ ਸਿਪਾ-ਹੀਆਂ ਨੂੰ ਬਾਹਰ ਪੈਹਰੇ ਉਤੇ ਲਾਕੇ ਮੈਂ ਕਿਹਾ ਕਿ ਜੇਕਰ ਕੋਈ ਇਸ ਮਕਾਨ ਤੋਂ ਬਾਹਰ ਨਿਕਲੇ ਤਾਂ ਓਸਨੂੰ ਫੜ ਲੈਣਾ ਜੇਕਰ ਸਹੈਤਾ ਦੀ ਲੋੜ ਹੋਵੇ ਤਾਂ ਥਾਣ ਦੇ ਸਿਪਾਹੀਆਂ ਤੇ ਥਾਣੇਦਾਰ ਨੂੰ ਸਦਣਾ।

ਮੇਰੇ ਪਾਸ ਪੈਹਲਾਂ ਜੋ ਕੁਝ ਸਮਾਨ ਸੀ ੳਹ ਸਾਰਾ ਮੈਕੇਯਰ ਨੇ ਖੋਹ ਲਿਆ ਸੀ ਤੇ ਸੀਟੀ ਵੀ ਘੜੀ ਦੇ ਨਾਲ ਹੀ ਚਲੀ ਗਈ ਸੀ। ਇਸਲਈ ਮੈਂ ਉਸ ਬਾਣੀਏ ਪਾਸੋਂ ਦੇਸੀ ਕੁੰਜੀਆਂ ਮੰਗੀਆਂ। ਓਨਾਂ ਵਿਚੋਂ ਇਕ ਕੁੰਜੀ ਮੈਂ ਚੁਣੀ ਜਿਸਨੂੰ ਫੂਕ ਦੇਣ ਨਾਲ ਅਵਾਜ ਸਾਫ ਨਿਕਲਦੀ ਸੀ। ਇਹ ਸਭ ਕੁਝ ਕਰਕੇ ਮੈਂ ਥਾਣੇਦਾਰ ਨੂੰ ਕਿਹਾ:—

"ਮੈਂ ਚਾਰ ਸਿਪਾਹੀ ਲੈਕੇ ਉਪਰ ਮੈਕੇਯਰ ਨੂੰ ਪਕੜਨ ਜਾਂਦਾ ਹਾਂ, ਜੇਕਰ ਲੋੜ ਪਈ ਤੇ ਵਿਪਦਾ ਸਮਝੀ ਤਾਂ ਇਸੇ ਕੁੰਜੀ ਨਾਲ ਤੁਹਾਨੂੰ ਸੀਟੀ ਦੇਆਂਗਾ। ਤੁਸੀਂ ਓਸੇ ਵੇਲੇ ਦੋਹਾਂ ਸਾਥੀਆਂ ਸਣੇ ਉਪਰ ਚਲੇ ਆਉਣਾ।

ਪੌੜੀ ਕਿਸ ਪਾਸੇ ਹੈ, ਉਪਰ ਕਿਸਤਰਾਂ ਜਾਈਦਾ ਹੈ ਮੈਂ ਕਿਸਤਰਾਂ ਓਨਾਂ ਨੂੰ ਮਿਲਾਂਗਾ ਇਹ ਸਾਰੀਆਂ ਗਲਾਂ ਸਮਝਾਕੇ ਮੈਂ ਓਸ ਮਕਾਨ ਵਲ ਤੁਰਿਆ। ੧੫-੧੬ ਹਥਦੂਰ ਸਿਪਾਹੀਆਂ ਨੂੰ ਰਖਕੇ ਮੈਂ ਦਰਵਾਜੇ ਤੇ ਜਾ ਖੜਾ ਹੋਯਾ। ਇਸ ਵੇਲੇ ਇਕ ਮਜਬੂਤ ਪੈਹਰੇਦਾਰ ਓਥੇ ਟਹਲ ਰਿਹਾ ਸੀ ਜਿਸ ਪਰ ਮੈਨੂੰ ਅਚਰਜ ਹੋਯਾ। ਕਿਉਂਕਿ ਜਦ ਹੇਲਨਾ ਨੇ ਮੈਨੂੰ ਬਾਹਰ ਕਢਿਆ ਸੀ ਓਸ ਵੇਲੇ ਓਥੇ ਕੋਈ ਵੀ ਨਹੀਂ ਸੀ। ਮਲੂਮ ਹੁੰਦਾ ਹੈ ਹੇਲਨਾ ਨੇ ਹੀ ਓਸਨੂੰ ਕਿਧਰੇ ਏਧਰ ਓਧਰ

ਟਾਲ ਦਿਤਾ ਹੋਣਾ ਹੈ। ਵਾਹ ਹੇਲਨਾ! ਤੂੰ ਧੰਨ ਹੈ! ਹੁਣ ਮੈਂ ਇਹ ਸੋਚਣ ਲਗਾ ਕਿ ਇਸਨੂੰ ਕਿਸਤਰਾਂ ਕਾਬੂ ਕਰਾਂ?

ਮੈਂ ਨਿਸਚੇ ਕਰ ਲਿਆ ਕਿ ਇਸਨੂੰ ਕਿਸੇ ਨਾਂ ਕਿਸੇ ਤਰਾਂ ਟਾਲਣਾ ਹੀ ਚਾਹੀਦਾ ਹੈ। ਬਿਨਾਂ ਇਸਦੇ ਹਟਾਏ ਕੰਮ ਨਹੀਂ ਚਲ ਸਕਦਾ। ਪਰ ਇਸਨੂੰ ਹਟਾਵਾਂ ਕਿਸਤਰਾਂ ? ਹਾਂ ਜੇਕਰ ਇਸਦਾ ਅਚਾਨਕ ਮੂੰਹ ਬੰਦ ਕਰਕੇ ਹੋਰ ਥਾਂ ਭੇਜ ਦੇਵਾਂ ਤਾਂ ਕੰਮ ਚਲ ਸਕਦਾ ਹੈ। ਬਹੁਤ ਕੁਝ ਸੋਚਣ ਪਰ ਭੀ ਮੈਨੂੰ ਹੋਰ ਕੋਈ ਉਪਾ ਨਾ ਸੁਝਿਆ। ਮੈਂ ਥਾਣੇਦਾਰ ਨਾਲ ਸਲਾਹ ਕਰਕੇ ਤੇ ਇਕ ਵੱਡਾ ਸਾਰਾ ਕਪੜਾ ਲੈਕੇ ਅਗੇ ਗਿਆ। ਦੂਜੇ ਮਨੁਖ ਵੀ ਪਿਛੇ ੨ ਹੌਲੀ ੨ ਆ ਰਹੇ ਸਨ। ਪੈਹਰੇਦਾਰ ਦੇ ਕੋਲ ਜਾ ਕੇ ਮੈਂ ਉਸਤੋਂ ਪੁਛਿਆ "ਕਿਉਂ ਦਰਵਾਨ ਜੀ, ਯਿਹ ਕਿਸ ਸਾਹਿਬ ਕੀ ਕੋਠੀ ਹੈ? ਉਸਨੇ ਮੇਰੇ ਕੋਲ ਆਕੇ ਰੁਖਾਈ ਨਾਲ ਕਿਹਾ—"ਯਹ ਮੈਕੇਯਰ ਸਾਹਿਬ ਕਾ ਮਕਾਨ ਹੈ, ਕਿਉਂ ਕਿਆ ਕਾਮ ਹੈ? ॥

ਪਰ ਫੇਰ ਉਸਦੇ ਮੂੰਹੋਂ ਅਵਾਜ਼ ਨਾ ਨਿਕਲੀ ਕਿਉਂਕਿ ਮੈਂ ਇਕ ਦਮ ਉਸਦੀ ਗਰਦਨ ਵਿਚ ਕਪੜਾ ਪਾਕੇ ਇਸ ਤਰਾਂ ਕਸਿਆ ਕਿ ਓਹ ਬੁੜ ਬੁੜ ਕਰਦਾ ਡਿਗ ਪਿਆ। ਮੇਰੇ ਸਾਥੀਆਂ ਨੇ ਆਕੇ ਉਸਦੇ ਹਥ ਪੈਰ ਬੰਨ੍ਹ ਦਿਤੇ ਤੇ ਉਸਦੇ ਮੂੰਹ ਵਿਚ ਕਪੜਾ ਠੋਸ ਉਸਨੂੰ ਚੁਕ ਕੇ ਲੈ ਗਏ ਪਰ ਮਲੂਮ ਹੁੰਦਾ ਹੈ ਉਸਦੇ ਬੁੜ ੨ ਕਰਨ ਦੀ ਅਵਾਜ਼ ਉਪਰ ਪਹੁੰਚ ਗਈ ਤੇ ਓਸੇ ਵੇਲੇ ਕਿਸੇ ਨੇ ਪੁਛਿਆ ਭਗਵਾਨ ਸਿੰਘ, ਕੀ ਗੱਲ ਹੈ ?

ਮੈਂ ਪਛਾਣ ਲਿਆ ਇਹ ਅਬਦੁਲ ਹੈ। ਮੈਂ ਝਟ ਸੁਰ ਬਦਲ ਕੇ ਓਸਨੂੰ ਕਿਹਾ—"ਖੁਦਾਵੰਦ, ਹਮ ਅੰਧਾ ਹੈ, ਔਰ ਰਾਤ ਕਾਟਨਾ ਚਾਹਤਾ ਹੈ।

ਓਸਨੇ ਗੁਸੇ ਨਾਲ ਕਿਹਾ—"ਨਿਕਲ ਜਾਓ"।

ਮੈਂ 'ਜੋ ਹੁਕਮ' ਆਖਕੇ ਓਥੋਂ ਹਟ ਆਯਾ ਅਤੇ ਇਕ ਤਰਫ ਲੁਕ ਗਿਆ। ਜੇਹੜੇ ਦੋ ਸਿਪਾਹੀ ਬਾਹਰ ਖੜੇ ਸਨ ਓਨਾਂ ਦੇ ਰਾਹੀਂ ਓਸ ਪੇਹਰੇਦਾਰ ਨੂੰ ਥਾਣੀਏ ਦੀ ਦੁਕਾਨ ਵਿਚ ਭੇਜ ਦਿਤਾ ਅਤੇ ਸਮਝਾਯਾ ਕਿ ਜਦ ਤਕ ਸਾਡਾ ਕੰਮ ਨਾ ਹੋ ਜਾਵੇ ਓਦੋਂ ਤਕ ਇਹ ਇਸੇਤਰਾਂ ਪਿਆ ਰਹੇ ਅਤੇ ਇਸਦੇ ਵਿਚ ਕੋਈ ਫਰਕ ਪਿਆ ਤਾਂ ਸਜ਼ਾ ਦਿਤੀ ਜਾਵੇਗੀ ਤੇ ਓਹ ਬਰਖਾਸਤ ਕੀਤਾ ਜਾਵੇਗਾ।

ਇਸਦੇ ਪਿਛੋਂ ਅਸੀਂ ਬੜੀ ਹੁਸ਼ਿਆਰੀ ਨਾਲ ਮਕਾਨ ਦੇ ਅੰਦਰ ਵੜੇ। ਦੋ ਸਿਪਾਹੀਆਂਨੂੰ ਲੈਕੇ ਥਾਣੇਦਾਰ ਬਾਗ ਵਿਚ ਲੁਕ ਗਿਆ ਅਤੇ ਮੈਂ ਚਾਰ ਸਿਪਾਹੀ ਲੈਕੇ ਉਪਰ ਨੂੰ ਚਲਿਆ। ਫੇਰ ਦੋ ਮਨੁਖਾਂ ਨੂੰ ਪੌੜੀ ਦੇ ਹੇਠਾਂ ਖੜਾ ਕਰਕੇ ਬਾਕੀ ਦੋ ਨੂੰ ਨਾਲ ਲੇ ਓਪਰ ਗਿਆ। ਓਨਾਂ ਨੂੰ ਵੀ ਮੈਂ ਇਕ ਪਾਸੇ ਛਿਪਾ ਦਿਤਾ। ਫੇਰ ਓਸ ਕਮਰੇ ਨੂੰ ਲੰਘਕੇ ਜਿਸ ਕਮਰੇ ਵਿਚ ਮੈਕੇਯਰ ਤੇ ਗਾਰਡਨ ਗਲਾਂ ਕਰ ਰਹੇ ਸਨ ਓਸਦੇ ਨਾਲ ਵਾਲੇ ਕਮਰੇ ਵਿਚ ਚੁਪ ਚਾਪ ਖੜਾ ਹੋਗਿਆ। ਭਾਵੇਂ ਓਸ ਕਮਰੇ ਦਾ ਦਰਵਾਜ਼ਾ ਅੰਦਰੋਂ ਬੰਦ ਸੀ ਪਰ ਓਨਾਂ ਦੀਆਂ ਗਲਾਂ ਸਾਫ ਸੁਣੀਦੀਆਂ ਸਨ। ਪੇਹਲਾਂ ਮੈਂ ਹੇਲਨਾ ਦੀਆਂ ਗਲਾਂ ਸੁਣੀਆਂ। ਓਸਨੇ ਕਿਹਾ ਮੈਕੇਯਰ, ਜਰਾ ਹੋਸ਼ ਨਾਲ ਬੋਲ, ਮੇਰਾ ਪਿਤਾ ਤੇਰੀ ਗਲ ਰਖਣ ਲਈ ਮਜਬੂਰਹੈ ਪਰ ਮੈਂ ਤੇਰੇ ਸਾਮਣੇ ਕਿਸੇਤਰਾਂ ਦੀ ਪ੍ਰਤਿਗਜਾ ਨਹੀਂ ਕੀਤੀ। ਪਰ ਅਜ ਮੈਂ ਪ੍ਰਤਿਗਜਾ ਕਰਕੇ ਆਖਦੀ ਹਾਂ ਕਿ ਜੇਕਰ ਸੂਰਜ ਪੂਰਬ ਵਲੋਂ ਨਾ ਚੜ੍ਹਕੇ ਲੈਂਹਦੇ ਵਲੋਂ ਚੜ੍ਹੇ ਤਾਂ ਵੀ ਮੈਂ ਤੇਰੇ ਜੇਹੇ ਨਰਕੀ ਜੀਵ ਨੂੰ ਕਦੇ ਪਤੀ ਨਹੀਂ ਬਣਾਂਵਾਂਗੀ ਤੂੰ ਇਸਦੇ ਲਈ ਮੇਰੇ ਪਿਤਾ ਨੂੰ ਨਾ ਪੁਛ।

ਹੇਲਨਾਦੀ ਗਲ ਸੁਣਕੇ ਮੇਕੇਯਰਨੇ ਬਹੁਤ ਗੁੱਸੇ ਹੋਕੇ ਕਿਹਾ—"ਹੇਲਨਾ ਬਸ ਬਹੁਤ ਹੋ ਗਈ। ਇਸ ਸੰਸਾਰ ਵਿਚ ਮੈਨੂੰ ਅਜ ਤਕ ਕੋਈ ਵੀ ਇੰਨਾ ਬੇਇੱਜ਼ਤ ਨਹੀਂ ਕਰ ਸਕਿਆ ਸੀ। ਪਰ ਇਸਦਾ ਬਦਲਾ ਤੈਨੂੰ ਹਥੋ ਹਥ ਮਿਲ ਜਾਇਗਾ। ਮੈਂ ਮੋਂਟਮੇਰੀ ਦੀ ਕਸਮ ਖਾਕੇ ਆਖਦਾ ਹਾਂ ਕਿ ਮੈਂ ਤੇਰੇ ਕਲੇਜੇ ਦੇ ਲਹੂ ਨਾਲ ਇਸਦਾ ਬਦਲਾ ਲਵਾਂਗਾ। ਯਾਦ ਰੱਖ! ਮੈਂ ਬਦਲਾ ਲੈਣ ਵਿਚ ਸਾਰੀ ਫਰਾਂਸੀਸੀ ਕੌਮ ਵਿਚ ਪ੍ਰਸਿੱਧ ਹਾਂ। ਅਜ ਤੋਂ..............."

ਇਸੇ ਵੇਲੇ ਗਾਰਡਨ ਨੇ ਟੋਕ ਕੇ ਕਿਹਾ—ਮੈਕੇਯਰ! ਖਬਰਦਾਰ! ਤੇਰੇ ਅਗੇ ਪ੍ਰਤਿਗਯਾ ਕਰਨ ਪਰ ਭੀ ਮੈਂ ਇਕ ਬ੍ਰਿਟਿਸ਼ ਹਾਂ। ਮੈਂ ਅਪਣੇ ਸਾਮ੍ਹਣੇ ਇਕ ਇਸਤ੍ਰੀਦੀ ਨਿਰਾਦਰੀ ਨਹੀਂ ਸਹਿ ਸਕਦਾ। ਤੈਂ ਪ੍ਰਤਿਗਯਾ ਕੀਤੀ ਸੀ ਕਿ ਮੈਂ ਹੇਲਨਾ ਨਾਲ ਦੋ ਗਲਾਂ ਕਰਾਂਗਾ। ਸੋ ਓਸ ਵਚਨ ਨੂੰ ਤੋੜਕੇ ਤੂੰ ਮੇਰੇ ਸਾਮ੍ਹਣੇ ਹੀ ਓਸਦਾ ਨਿਰਾਦਰ ਕਰਦਾ ਹੈਂ ਓਸਨੂੰ ਡਰਾਂਵਦਾ ਹੈਂ? ਤੂੰ ਯਾਦ ਰਖ ਮੈਂ ਇਸੇ ਪਸਤੌਲ ਨਾਲ ਇਸ ਨਿਰਾਦਰ ਦਾ ਬਦਲਾ ਲੈ ਸਕਦਾ ਹਾਂ। ਮੈਂ ਤੈਨੂੰ ਬਾਰ ਬਾਰ ਆਖ ਚੁਕਾ ਹਾਂ ਤੇ ਅੱਜ ਵੀ ਆਖਦਾ ਹਾਂ ਕਿ ਹੇਲਨਾ ਨੂੰ ਤੇਰੇ ਵਰਗੇ ਬਦਮਾਸ਼ਦੇ ਹਥ ਕਦੇ ਨਹੀਂ ਸੌਂਪਾਂਗਾ। ਫਿਰ ਓਹ ਖੁਦ ਵੀ ਤੇਰੇ ਨਾਲ ਵਿਆਹ ਕਰਾਉਣਨੂੰ ਰਾਜ਼ੀ ਨਹੀਂ ਇਹ ਤੂੰ ਓਸਦੇ ਮੂੰਹੋਂ ਸੁਣ ਚੁਕਾ ਹੈਂ। ਇਸ ਲਈ ਮੈਂ ਤੈਨੂੰ ਸਾਵਧਾਨ ਕਰ ਦੇਂਦਾ ਹਾਂ ਕਿ ਇਹ ਗਲ ਅੱਗੇ ਨੂੰ ਕਦੇ ਜੀਭ ਉਤੇ ਵੀ ਨਾਂ ਲਿਆਵੀਂ। ਯਾਦ ਰਖ ਜੋ ਛੁਰੀ ਪੇਰਿਸ ਦੇ ਪ੍ਰਸਿੱਧ "ਕੌਂਟ ਲਾਲੀ" ਦੀ ਛਾਤੀ ਵਿਚ ਖੋਬੀ ਗਈ ਸੀ ਓਹੋ ਛੁਰੀ ਮਿਸ ਗਾਰਡਨਦਾ ਬਦਲਾ ਲੈਣ ਲਈ ਤੇਰੇ ਕਲੇਜੇ ਦੇ ਲਹੂ ਨਾਲਵੀ ਰੰਗੀ ਜਾਵੇਗੀ। ਅੱਜ ਮੈਂ ਈਸ਼੍ਵਰਦਾ ਨਾਮ ਲੈਕੇ

ਇਹ ਸਹੁੰ ਖਾਦਾ ਹਾਂ" ਇਹ ਆਖਕੇ ਗਾਰਡਨ ਚੁਪ ਹੋ ਗਿਆ॥

ਗਾਰਡਨ ਦੇ ਮੂੰਹੋਂ "ਪੈਰਿਸ ਵਾਲੀ ਗਲ" ਗੁਪਤ ਗਲਦਾ ਅੱਜ ਪਤਾ ਲਗ ਗਿਆ। ਹਾ! ਹਾ!! ਗਾਰਡਨ ਜੈਹੇ ਵੀ ਸਿੱਧੇ ਸਾਧੂ "ਖ਼ੂਨ" ਜੈਸੇ ਭਯਾਨਕ ਕਰਮ ਨੂੰ ਕਰ ਗੁਜਰੇ ਹਨ। ਮਾਲੂਮ ਹੁੰਦਾ ਹੈ ਕਿ ਮੈਕੇਯਰ ਇਸ ਗਲ ਨੂੰ ਜਾਣਦਾ ਹੈ ਅਤੇ ਓਸਦੇ ਜ਼ਾਹਰ ਕਰਨ ਦਾ ਡਰ ਦੇਕੇ ਅਪਣਾ ਮੰਦਾ ਮਤਲਬ ਸਿੱਧ ਕੀਤਾ ਚਾਹੁੰਦਾ ਹੈ। ਇਹ ਸਚ ਹੈ ਕਿ ਗਾਰਡਨ ਭਾਵੇਂ ਖ਼ੂਨੀ ਹੈ ਯਾ ਹੋਰ ਕੁਝ ਪਰ ਓਹ ਪਾਪੀ ਮੈਕੇਯਰ ਦਾ ਸਹਾਇਕ ਨਹੀਂ। ਮੈਕੇਯਰ ਓਸਨੂੰ ਕਈਤਰਾਂ ਦੇ ਡਰਾਵੇ ਦੇਕੇ ਆਪਣਾ ਸਹਾਇਕ ਕੀਤਾ ਚਾਹੁੰਦਾ ਹੈ ਸੋ ਓਸਨੂੰ ਮੈਕੇਯਰ ਵਰਗਾ ਪਾਪੀ ਠਹਰਾਉਣਾ ਠੀਕ ਨਹੀਂ। ਮੈਂ ਅਪਣੇ ਮਨ ਵਿਚ ਵਿਚਾਰ ਹੀ ਕਰਦਾ ਸਾਂ ਕਿ ਇਸੇ ਵੇਲੇ ਅਬਦੁਲ ਬੋਲਿਆ-"ਹਜ਼ੂਰ ਮੇਰੀ ਭੀ ਏਕ ਅਰਜ਼ ਹੈ। ਹਮਾਰੇ ਮਤਲਬ ਕੋ ਪੂਰਾ ਕਰਨੇ ਮੇਂ ਹੇਲਨਾ ਕਾ ਝਗੜਾ ਖਾਹ ਮਖਾਹ ਉਠਾਇਆ ਗਯਾ ਹੈ। ਆਜ ਤਕ ਜੋ ਸੋਚਿਆ ਗਯਾ ਔਰ ਤੇ ਪਾਇਆ ਥਾ ਵੋਹ ਸਬ ਖਾਕ ਮੇਂ ਮਿਲ ਗਯਾ ਮੇਰੇ ਖਿਆਲ ਮੇਂ ਤੋ ਇਸ ਵਕਤ ਸਬ ਬਾਤੋਂ ਕੋ ਭੂਲ ਕਰ ਹਮ ਸਬਕੋ ਏਕ ਹੋਰ ਕਾਮ ਕਰਨਾ ਚਾਹੀਏ, ਕਿਉਂਕਿ ਨਾਨਾ ਸਾਹਿਬ ਕਾ ਦੂਤ ਤਾਂਤੀਆ ਟੋਪੀ ਕਲ ਹੀ ਹਮਾਰੀ ਰਾਇ ਜਾਨਨੇ ਕੇ ਲੀਏ ਯਹਾਂ ਆਵੇਗਾ, ਸੂਬੇਦਾਰ ਧਨ ਰਾਜ ਸਿੰਘ ਕੋ ਬਲਵਾਈਓਂ ਕਾ ਸਰਦਾਰ ਬਨਾਨੇ ਕੇ ਲੀਏ ਮੈਂਨੇ ਦਿੱਲੀ ਕੇ ਬਾਦਸ਼ਾਹ ਸੇ ਸੱਨਦ ਲਾ ਦੇਨੇ ਕਾ ਜੋ ਇਕਰਾਰ ਕੀਯਾ ਹੈ ਕੁਛ ਦਿਨ ਤਕ ਤਾਂਤੀਆ ਵੋਹ ਭੀ ਲੇ ਆਵੇਗਾ। ਅਬ ਇਸ ਵਕਤ ਅਗਰ ਹਮ ਅਪਨੀ ਰਾਇ ਕਾਇਮ ਨ,

ਕਰ ਸਕੇ ਤਾਂ ਸੁਬਾ ਉਸਕੋ ਕਿਆ ਜਵਾਬ ਦੇਂਗੇ ? ਅਗਰ ਧਨਰਾਜ ਸਿੰਘ ਕੋ ਸਨਦ ਨਾਂ ਮਿਲੀ ਤੋ ਹਮਾਰੀ ਬਾਤ ਪਰ ਕੋਈ ਭੀ ਏਤਬਾਰ ਨਹੀਂ ਕਰੇਗਾ ਔਰ ਨਾਂ ਹਮਕੋ ਮਦਦ ਮਿਲੇਗੀ ਸੋ ਕਾਮ ਕੇ ਵਕਤ ਆਪਸ ਕਾ ਝਗੜਾ ਠੀਕਨਹੀਂ।

ਗਾਰਡਨ ਨੇ ਕਹਾ—ਅਬਦੁਲਾ ਤੈਂ ਠੀਕ ਕਿਹਾ ਹੈ। ਮੈਂ ਆਪਣੀ ਪ੍ਰਤਿਗਯਾ ਅਨੁਸਾਰ ਤੁਹਾਡੀ ਸਹੈਤਾ ਕਰਨ ਲਈ ਤਿਆਰ ਹਾਂ। ਪਰ ਤੁਹਾਨੂੰ ਵੀ ਅਪਣੀ ਪ੍ਰਤਿਗਯਾ ਕਰਨੀ ਚਾਹੀਦੀ ਹੈ। ਰੁਪਯਾ ਲੈਕੇ ਨਾ ਤੁਸਾਂ ਮੈਨੂੰ ਤੰਗ ਹੀ ਕਰਨਾ ਤੇ ਨਾ ਮੇਰੇ ਨਾਲ ਕੋਈ ਤਅਲਕ ਰਖਣਾ। ਇਥੋਂ ਤਕ ਕਿ ਤੁਸੀਂ ਮੈਨੂੰ ਮਿਲਣ ਵੀ ਨਹੀਂ ਆਉਣਾ। ਜੇਕਰ ਇਨਾਂ ਗਲਾਂ ਉਤੇ ਰਾਜ਼ੀ ਹੋ—ਜੇਕਰ ਇਸਤਰਾਂ ਦਾ ਇਕਰਾਰ ਕਰੋ ਤਾਂ ਇਸੇ ਵੇਲੇ ੬੦ ਹਜ਼ਾਰ ਦਾ ਚਿਕ ਲਿਖ ਦੇਂਦਾ ਹਾਂ। ਆਗਰਾ ਬੈਂਕ ਵਿਚੋਂ ਤੁਹਾਨੂੰ ਇਸੇ ਵੇਲੇ ਰੁਪਯਾ ਮਿਲ ਜਾਵੇਗਾ ॥

ਅਬਦੁਲੇ ਨੇ ਕਿਹਾ—ਮੈਂ ਤਯਾਰ ਹੂੰ।ਆਪ ਜਿਸਤਰਹ ਕੀ ਸਹਾਇਤਾ ਦੇਨਾ ਚਾਹੇਂ ਮੈਂ ਉਸੇ ਛੋੜ ਨਹੀਂ ਸਕਤਾ। ਖਾਸਕਰ ਇਸ ਹਾਲਤ ਮੇਂ। ਰੁਪਯੇ ਕੀ ਬਾਤ ਤੋ ਦੂਰ ਰਹੀ ਮਾਮੂਲੀ ਸੇ ਮਾਮੂਲੀ ਮਦਦ ਕੋ ਭੀ ਬੇਪਰਵਾਈ ਦੀ ਨਜ਼ਰ ਸੇ ਦੇਖਨਾ ਹਮਾਰੇ ਲੀਏ ਠੀਕ ਨਹੀਂ। ਅਪਨੀ ਮਾਮੂਲੀ ਤਾਕਤ ਪਰ ਭਰੋਸਾ ਕਰਕੇ ਆਦਮੀ ਦੁਨੀਆਂ ਮੇਂ ਬੜੇ ਸੇ ਬੜਾ ਕਾਮ ਕਰਨੇ ਕੇ ਲੀਏ ਤਯਾਰ ਹੋ ਜਾਤੇ ਹੈ। ਇਸਲੀਏ ਜਿਸਸੇ ਜਿਤਨੀ ਮਦਦ ਮਿਲ ਸਕੇ ਲੇ ਲੈਨੀ ਚਾਹੀਏ। ਕਿਉਂਕਿ ਸਬ ਆਦਮੀ ਏਕ ਦਿਲ ਹੋਕਰ ਹੀ ਬੜੇ ਸੇ ਬੜਾ ਕਾਮ ਕਰਨੇ ਮੇਂ ਸਫਲ ਹੋ ਸਕਤੇ ਹੈਂ। ਯਹ ਮੈਂ ਮਾਨਤਾ ਹੂੰ

ਕਿ ਹਮਾਰੀ ਤਾਕਤ ਬਹੁਤ ਮਾਮੂਲੀ ਹੈ ਔਰ ਆਪ ਜੋ ਸਾਠ ਹਜ਼ਾਰ ਰੁਪਯੇ ਦੇਤੇ ਹੈਂ ਵੋ ਘਾਸਕੇ ਏਕ ਪੂਲੇ ਕੀ ਤਰਾਂ ਥੋੜਹੈ।ਮਗਰ ਇਸ ਥੋੜੇ ਸੇ ਰੁਪਏ ਸੇ ਹੀ ਅਗਰ ਹਮ ਕਾਮ ਕਰੇਂ ਤੋ ਯੇ ) ਛੋਟੀ ਸੀ ਰਕਮ ਆਗ ਪੈਦਾ ਕਰ ਸਕਤੀ ਹੈ। ਕੌਨ ਕਹਿ ਸਕਤਾ ਹੈ ਕਿ ਇਸਸੇ ਅੰਗਰੇਜ਼ੋਂ ਕਾ ਰਾਜ ਨਸ਼ਟ ਹੋਕਰ ਹਿੰਦਸਤਾਨ ਮੇਂ ਫ੍ਰੈਂਚ ਰਾਜ ਕਾਇਮ ਨਹੀਂ ਹੋ ਜਾਵੇਗਾ ? ਇਸ ਲੀਏ ਮੈਂ ਕਹਿਤਾ ਹੂੰ ਕਿ ਆਪਕੀ ਰਕਮ ਮਾਮੂਲੀ ਹੋਨੇ ਪਰ ਭੀ ਮੇਰੇ ਮਾਲਕ ਮੈਕੇਯਰ ਕੋ ਵੁਹ ਮਨਜ਼ੂਰ ਫਰਮਾਨੀ ਚਾਹੀਏ।

ਅਬਦੁਲੇ ਦੀਆਂ ਗਲਾਂ ਤੋਂ ਮਾਲੂਮ ਹੋਇਆ ਕਿ ਇਹ ਇਕ ਦੂਰੰਦੇਸ਼ ਆਦਮੀ ਹੈ, ਇਹ ਮਨੁਖਾਂਦੇ ਆਚਰਣ ਨੂੰ ਚੰਗੀਤਰੀ ਜਾਣਦਾ ਹੈ। ਓਸਨੇ ਜਦ ਵੇਖਿਆ ਕਿ ਮੈਕੇ ਯਰ ਤੇ ਗਾਰਡਨ ਦੀ ਲੜਾਈ ਹੋ ਚਲੀ ਹੈ ਤੇ ਅਪਣੇ ਮਤਲਬ ਦੇ ਸਿੱਧ ਹੋਣਦੀ ਰਾਹ ਬੰਦ ਹੋਣ ਲਗੀਹੈ ਤਾਂਓਸਨੇ ਗਾਰਡਨਦੀ ਕੁਛ ਉਪਮਾਂ ਤੇ ਮੈਕੇਯਰ ਦੀ ਹੀਨਤਾ ਦੱਸਕੇ ਕੰਮ ਨਿਕਾਲਣਾ ਚਾਹਿਆ। ਨਾਲ ਹੀ ਮੈਂ ਇਹ ਵੀ ਸਮਝ ਗਿਆ ਇਸ ਮਨੁਖ [ ਅਬਦੁਲੇ ] ਦਾ ਸਮਾਂ ਨਿਰਾ ਪਾਪਾਂ ਵਿਚ ਹੀ ਨਹੀਂ ਗਿਆ ਸਗੋਂ ਇਸਨੇ ਚੰਗੇ ਕੰਮਾਂ ਵਿਚ ਭੀ ਕੁਝ ਸਮਾਂ ਗੁਜ਼ਾਰਿਆ ਹੈ। ਪਰ ਹੁਣ ਮੈਂ ਇਹ ਚੰਗੀਤਰਾਂ ਸਮਝ ਗਿਆ ਕਿ ਬਲਵਾਈਆਂ ਤੇ ਜਾਲਸਾਜ਼ਾਂ ਦਾ ਇਹ ਵੀ ਵੱਡਾ ਸਰਦਾਰ ਹੈ॥

ਇਹ ਮੈਂ ਪਹਿਲਾਂ ਹੀ ਕਾਇਮ ਕਰ ਚੁਕਾ ਸਾਂ ਕਿ ਨਾਲ ਹੀ ਅਬਦੁਲੇ ਨੂੰ ਵੀ ਗਿਰਫਤਾਰ ਕਰਾਂਗਾ। ਪਰ ਹੁਣ ਤਕ ਮੈਂ ਇਸਨੂੰ ਮੈਕੇਯਰਦਾ ਹੀ ਸਾਥੀ ਸਮਝਦਾ ਸਾਂ। ਇਹ ਨਹੀਂ ਜਾਣਦਾ ਸਾਂ ਕਿ ਬਲਵਾਈਆਂ ਵਿਚ ਇਸਨੇ ਵੀ

ਅਪਣਾ ਨਾਮ ਰੋਸ਼ਨ ਕਰ ਰਖਿਆ ਹੈ । ਸੋ ਹੁਣ ਮੇਕੇਯਰਨੂ ਗ੍ਰਿਫਤਾਰ ਕਰਨਾ ਜਿਤਨਾ ਜਰੂਰੀ ਮਲੂਮ ਹੁੰਦਾ ਹੈ ਓਤਨਾ ਹੀ ਅਬਦੁਲੇ ਨੂੰ ਵੀ। ਕਿਉਂਕਿ ਜੇਕਰ ਅਬਦੁਲਾਂ ਨਾਂ ਫੜਿਆ ਤਾਂ ਅੰਗ੍ਰੇਜਾਂ ਦਾ ਇਕ ਭਾਰਾ ਵੈਰੀ ਬਾਹਰ ਰੇਹ ਜਾਵੇਗਾ। ਇਸ ਲਈ ਮੈਂ ਅਪਨੇ ਦਿਲ ਵਿਚ ਸਥਿਰ ਕਰ ਲਿਆ ਕਿ ਜਿਸ ਕਿਸਤਰਾਂ ਅਜ ਹੀ ਦੋਹਾਂਨੂੰ ਗ੍ਰਿਫਤਾਰ ਕਰਾਂਗਾ। ਜੇਕਰ ਗਾਰਡਨ ਤੇ ਹੇਲਨਾ ਇਥੋਂ ਚਲੇ ਜਾਣ ਤਾਂ ਠੀਗਾ, ਨਹੀਂ ਤਾਂ ਉਹਨਾਂਦੇ ਸਾਮ੍ਹਣੇ ਹੀ ਇਹ ਕੰਮ ਪੂਰਾ ਕਰਾਂਗਾ ॥

ਪਰ ਅਸੀਂ ਤਿੰਨ ਆਦਮੀ ਹਾਂ ਜੇਕਰ ਅਸੀਂ ਤਿੰਨੇ ਮਿਲਕੇ ਮੇਕੇਯਰ ਤੇ ਅਬਦੁਲੇ ਨੂੰ ਫੜਾਂਗੇ ਤਾਂ ਓਹ ਅਪਣੇ ਪ੍ਰਾਣ ਬਚਾਣ ਲਈ ਜਰੂਰ ਕਿਸੇ ਨਾਂ ਕਿਸੇ ਸ਼ਸਤ੍ਰ ਤੋਂ ਕੰਮ ਲੈਣਗੇ ਤੇ ਇਸ ਵਿਚ ਕੋਈ ਸ਼ਕ ਨਹੀਂ ਕਿ ਸਾਨੂੰ ਆਪਣੀ ਜ਼ਿੰਦਗੀ ਤੋਂ ਹੱਥ ਧੋਨੇ ਪੈਣਗੇ। ਇਹ ਗਲ ਮੈਨੂੰ ਪਹਿਲਾਂ ਤੋਂ ਹੀ ਮਾਲੂਮ ਸੀ ਕਿ ਅਜੇਹੇ ਮਨੁਖ ਹਰ ਵੇਲੇ ਕੋਈ ਨਾਂ ਕੋਈ ਹਥੀਆਰ ਪਾਸ ਰਖਦੇ ਹਨ। ਅਤੇ ਕੌਣ ਆਖ ਸਕਦਾ ਹੈ ਕਿ ਇਹਨਾਂ, ਕੋਲ ਗੋਲੀਆਂ ਨਾਲ ਭਰੇ ਹੋਏ ਤਮੰਚੇ ਨਹੀਂ ਹੋਣਗੇ। ਇਹ ਸੋਚਦਿਆਂ ੨ ਮੈਨੂੰ ਇਕ ਉਪਾ ਸੁਝਿਆ। ਜੇਕਰ ਅਬਦੁਲਾ ਕਿਸੇਤਰਾ ਇਸ ਕਮਰੇ ਤੋਂ ਬਾਹਰ ਨਿਕਲ ਜਾਵੇ ਤੇ ਅਸੀਂ ਤਿੰਨੇ ਅਕੱਠੇ ਕਮਰੇ ਅੰਦਰ ਵੜ ਮੇਕੇਯਰ ਨੂੰ ਗਿਰਫਤਾਰ ਕਰ ਲਈਏ ਤਾਂ ਫੇਰ ਦੂਜੇ ਸਿਪਾਹੀਆਂ ਦੀ ਮੱਦਦ ਨਾਲ ਅਬਦੁਲੇ ਨੂੰ ਫੜਨਾ ਕੋਈ ਔਖਾ ਨਹੀਂ ਹੋਵੇਗਾ ਇਸਤਰਾਂ ਸਥਿਰ ਕਰਕੇ ਮੈਂ ਦਿਸਦਾ ਦਾਉ ਤੱਕਣ ਲਗਾ ॥

# ਕਾਂਡ ੫

## ਭਯਾਨਕ ਖੂਨ

### (ਸਰਦਾਰ ਰਾਮਪਾਲ ਸਿੰਘ ਦਾ ਬਿਆਨ)

ਅਬਦੁਲੇ ਦਾ ਲੈਕਚਰ ਖਤਮ ਹੋਣ ਪਰ ਕੋਈ ੧੦ ਮੰਟ ਤਕ ਓਸ ਕਮਰੇ ਵਿਚ ਚੁਪ ਵਰਤ ਗਈ। ਕਿਸੇ ਦੇ ਮੂੰਹੋਂ ਕੋਈ ਗਲ ਨਾ ਨਿਕਲੀ। ਇਹ ਮਲੂਮ ਹੁੰਦਾ ਸੀ ਕਿ ਮੈਕੇਯਰ ਤੇ ਅਬਦੁਲੇ ਦੀਆਂ ਗੱਲਾਂ ਨੇ ਕੁਝ ਅਸਰ ਕੀਤਾ ਹ। ਪਰ ਫੇਰ ਮੈਕੇਯਰ ਬੋਲ ਉਠਿਆ। ਉਸਨੇ ਕਿਹਾ— ਗਾਰਡਨ! ਤੇਰੀਆਂ ਗੱਲਾਂ ਦਾ ਢੰਗ ਤੇ ਜਿਸਤਰਾਂ ਤੂੰ ਨਿਰਾਦਰੀ ਕਰਕੇ ਮੇਰੇ ਨਾਲ ਪੇਸ਼ ਆ ਰਿਹਾ ਹੈਂ ਓਸਤੋਂ ਮੈਨੂੰ ਤੇਰੇ ਉਤੇ ਬਹੁਤ ਸ਼ਕ ਹੈ। ਇਸਤੋਂ ਮੈਨੂੰ ਮਲੂਮ ਹੁੰਦਾ ਹੈ ਕਿ ਕਲ ਮੈਂ ਜਿਸ ਜਾਸੂਸ ਨੂੰ ਫੜਿਆ ਹੈ ਓਹ ਤੇਰਾ ਹੀ ਕੋਈ ਪਿਛੇ ਲਾਯਾ ਆਦਮੀ ਹੈ। ਖੈਰ ਕੁਝ ਹੋਵੇ, ਜੇਕਰ ਤੂੰ ਰੁਪਯਾ ਮੈਨੂੰ ਦੇ ਦੇਵੇਂ ਤਾਂ ਮੈਂ ਤੇਰੇ ਨਾਲ ਫੇਰ ਕੋਈ ਸੰਬੰਧ ਰਖਣਾ ਨਹੀਂ ਚਾਂਹਦਾ। ਤੂੰ ੬੦ ਹਜ਼ਾਰ ਰੁਪਯੇ ਦਾ ਚਿਕ ਲਿਖਦੇਹ॥

ਓਸਦੀ ਗਲ ਸੁਨਕੇ ਹੇਲਨਾ ਨੇ ਕਿਹਾ:—

"ਪਿਤਾ ਜੀ, ਆਪ ਇਹ ੬੦ ਹਜ਼ਾਰ ਰੁਪਯਾ ਪਾਣੀ ਵਿਚ ਰੋੜ ਰਹੇ ਹੋ। ਪਰ ਅਛਾ ਅਗੋਂ ਲਈ ਮੇਰੇ ਸਾਹਮਣੇ ਵਾਹਿਗੁਰੂ ਨੂੰ ਅਪਣਾ ਗੁਵਾਹ ਬਣਾਕੇ ਇਹ ਸਹੁੰ ਖਾਓ ਕਿ ਮੈਂ ਇਸ ਸ਼ੈਤਾਨ ਨਾਲ ਕੋਈ ਸੰਬੰਧ ਨਹੀਂ ਰਖਾਂਗਾ। ਆਪ ਇਹ ਸਹੁੰ ਖਾਕੇ ਰੁਪਯੇ ਦਿਓ ਤਾਂ ਮੈਨੂੰ ਕਿਸੇਤਰਾਂ ਦਾ ਉਜਰ ਨਹੀਂ। ਹਾਂ ਇਹ ਗਲ ਹੈ ਕਿ ਇਸ ਵੇਲੇ ਆਪ ਇਸਨੂੰ ੩੦ ਹਜ਼ਾਰ ਦਾ ਚਿਕ ਦਿਓ, ਬਾਕੀ ਜੋ ਆਦਮੀ ਕਲ ਇਸਨੇ

ਫੜਿਆ ਹੈ ਉਸਦੇ ਬਦਲੇ ੩੦ ਹਜ਼ਾਰ ਰੁਪਯੇ ਤੁਹਾਡੇ ਕੋਲ ਰੈਹਣ। ਜਿਸ ਦਿਨ ਇਹ ਉਸਨੂੰ ਛਡ ਦੇਵੇ ਉਸੇ ਦਿਨ ਇਸਨੂੰ ੩੦ ਹਜ਼ਾਰ ਦੇ ਦੇਣੇ। ਜੇਕਰ ਇਹ ਗੱਲ ਮੈਕੇਯਰ ਮੰਨ ਲਵੇ ਤਾਂ ਚੰਗਾ ਨਹੀਂ ਤਾਂ ਇਸਦਾ ਜੋ ਜੀ ਆਵੇ ਕਰੇ॥

ਹੇਲਨਾਂ ਦੀਆਂ ਗੱਲਾਂ ਸੁਣਕੇ ਅਬਦੁਲੇ ਨੇ ਕਿਹਾ, "ਅਛਾ ਮਿਸ ਬਾਬਾ ਐਸਾ ਹੀ ਸਹੀ। ਪਰੰਤੂ ੩੦ ਹਜ਼ਾਰ ਨਹੀਂ ਆਪ ੧੦ ਹਜਾਰ ਰੱਖ ਲੈ,ਉਸ ਪਾਜ਼ੀਕੋ ਮਾਰ ਨਹੀਂ ਦੇਨਾ ਚਾਹਤੇ। ਮਗਰ ਜਬ ਤਕ ਹਮ ਲੋਗੋਂਕਾ ਕਾਮ ਨ ਹੋ ਜਾਵੇ ਤਬ ਤਕ ਹਮ ਉਸਕੋ ਛੋੜ ਭੀ ਨਹੀਂ ਸਕਤੇ। ਔਰ ਇਸਮੇਂ ਅਗਰ ਆਪਕੋ ਕੋਈ ਉਜ਼ਰ ਹੈ ਤੋ ਹਮ ਉਸ ਕੋ ਮਾਨ ਭੀ ਨਹੀਂ ਸਕਤੇ॥

ਹੇਲਨਾ—ਨਹੀਂ! ਨਹੀਂ!! ਤੁਮਕੋ ਇਸ ਵਕਤ ੩੦ ਹਜ਼ਾਰ ਸੇ ਜਿਆਦਾ ਨਹੀਂ ਮਿਲ ਸਕਤਾ। ਤੁਮ ਉਸ ਆਦਮੀ ਕੋ ਜਹਾਂ ਦਿਲ ਕਰੇ ਰੱਖੋ ਮਗਰ ਉਸੇ ਮਾਰਨਾ ਮਤ॥

ਮੈਕੇਯਰ—ਅੱਛਾ! ਅੱਛਾ!! ਤੁਮ ੩੦ ਹਜ਼ਾਰ ਕਾ ਚੈਕ ਲਿਖ ਦਿਓ॥

ਮੈਕੇਯਰ ਦੀ ਇਹ ਗਲ ਸੁਣਕੇ ਮੈਂ ਤਾੜ ਗਯਾ ਕਿ ਇਹ ਗਾਰਡਨ ਨੂ ਧੋਖਾ ਦੇਣਾ ਚਾਹੁੰਦਾ ਹੈ। ਇਸਦਾ ਮਤਲਬ ਇਹ ਹੈ ਕਿ ਮੇਨੂ (ਰਾਮਪਾਲ ਸਿੰਘ) ਵੀ ਮਾਰ ਸੁੱਟੇ ਤੇ ੩੦ ਹਜ਼ਾਰ ਰੁਪਯੇਵੀ ਹੜਪ ਲਵੇ॥

ਹੇਲਨਾ—ਅੱਛਾ ਮੈਕੇਯਰ! ਤੁਮ ਬਾਈਬਲ ਲੇ ਕਰ ਸਹੁੰ ਖਾਓ ਕਿ ਮੈਂ ਰੁਪਯਾ ਲੈਕੇ ਤੇਰੇ ਪਿਤਾ ਨੂ ਕਦੇ ਨਹੀਂ ਮਿਲਾਂਗਾ। ਅਤੇ ਨਾਂ ਫਿਰ ਕਿਸੇ ਕੰਮ ਲਈ ਤੰਗ ਹੀ ਕਰਾਂਗਾ। ਜੇਕਰ ਤੂੰ ਸਾਡੇ ਕਹੇ ਮੂਜਬ ਕੰਮ ਕਰੇਂਗਾ

ਤੇ ਬਾਕੀ ਦੇ ੩੦ ਹਜ਼ਾਰ ਰੁਪਯੇ ਵੀ ਤੈਨੂੰ ਛੇਤੀ ਮਿਲ ਜਾਣ ਗੇ। ਜੇਕਰ ਤੈਨੂ ਇਤਬਾਰ ਨਾਂ ਹੋਵੇ ਤਾਂ ਅਸੀਂ ਭੀ ਬੈਬਲ ਲੈਕੇ ਸਹੁੰ ਖਾਂਦੇ ਹਾਂ॥

ਇਸਦੇ ਪਿਛੋਂ ਕੁਝ ਅਵਾਜ ਆਈ ਮਲੂਮ ਹੁੰਦਾ ਹੈ ਹੇਲਨਾ ਨੇ ਮੇਜ਼ ਉਤੇ ਬੈਬਲ ਰਖੀ ਹੈ। ਇਸਦੇ ਨਾਲ ਹੀ ਇਕ ਮਨੁਖ ਉਠਿਆ ਮਲੂਮ ਹੁੰਦਾ ਹੈ ਓਹ ਮੈਕੇਯਰ ਸੀ, ਕਿਉਂਕਿ ਓਹ ਝਟ ਹੀ ਬੋਲ ਉਠਿਆ–ਮੇਰਾ ਨਾਮ ਮੈਕੇਯਰ ਹ, ਮੈਂ ਇਸ ਬੈਬਲ ਨੂੰ ਛੋਹਕੇ ਤੇ ਸੈਂਟਮੇਰੀ ਦੇ ਨਾਮਦੀ ਕਸਮ ਖਾਕੇ ਆਖਦਾ ਹਾਂ ਕਿ ਮੈਂ ਐਂਡਰੂ ਗਾਰਡਨ ਪਾਸੋਂ ੩੦ ਹਜਾਰ ਰੁਪਯੇ ਦਾ ਚਿੱਕ ਲੈਕੇ ਫੇਰ ਕਦੇ ਓਸਨੂ ਕਿਸੇ ਕੰਮ ਲਈ ਜ਼ਿੱਚ ਨਹੀਂ ਕਰਾਂਗਾ,ਅਤੇ ਨਾਂ ਕਦੇ ਜਾਕੇ ਓਸਨੂੰ ਮਿਲਾਂਗਾ ਨਾਲੇ ਜਿਸ ਆਦਮੀ ਨੂ ਅਸਾਂ ਕਲ ਫੜਿਆ ਹੈ ਓਸਦਾ ਕਿਸੇਤਰਾਂਦਾ ਬੁਰਾ ਨਹੀਂ ਕਰਾਂਗਾ॥

ਇਹ ਆਖਕੇ ਮੈਕੇਯਰ ਬੈਠ ਗਿਆ ਤੇ ਫੇਰ ਗਾਰਡਨ ਉਠਕੇ ਬੋਲਿਆ–ਮੈਂ ਐਂਡਰੂ ਗਾਰਡਨ ਇਸ ਪਵਿਤ੍ਰ ਬੈਬਲ ਨੂੰ ਛੋਹਕੇ ਸਹੁੰ ਖਾਂਦਾ ਹਾਂ ਕਿ ਪੈਰਿਸ ਵਿਚ ੨੦ ਨਵੰਬਰ ਬੁਧਵਾਰ ਦੀ ਰਾਤ ਨੂੰ ਜਾਰਡਨ ਦਾ ਪਾਣੀ ਛੋਹਕੇ ਇਹ ਇਕਰਾਰ ਕੀਤਾ ਸੀ ਕਿ ਮੈਂ ਰਾਬਰਟ ਮੈਕੇਯਰ ਦਾ ਵੱਸ ਲਗਦੇ ਭਲਾ ਕਰਾਂਗਾ ਤਾਂ ਅਜ ਜਿਸ ਵੇਲੇ ਮੈਂ ੩੦ ਹਜਾਰ ਰੁਪਯੇਦਾ ਚਿੱਕ ਜਦ ਦੇ ਦੇਵਾਂਗਾ ਤਾਂ ਓਸਦੀ ਮਿਆਦ ਖਤਮ ਹੋ ਜਾਵੇਗੀ ਇਸਦੇ ਪਿਛੋਂ ਮੈਂ ਇਸ ਨਾਲ ਕਿਸੇਤਰਾਂ ਦੀ ਪ੍ਰਤਿਗਯਾ ਵਿਚ ਨਹੀਂ ਬੰਨ੍ਹਿਆ ਹੋਵਾਂਗਾ। ਜਿਸ ਦਿਨ ਮੈਕੇਯਰ ਫੜੇ ਹੋਏ ਮਨੁਖ ਨੂੰ ਮੇਰੇ ਕੋਲ ਲਿਆਕੇ ਖੜਾ ਕਰ ਦੇਵੇਗਾ ਤਾਂ ਓਸ ਵੇਲੇ ਤੀਸ ਹਜ਼ਾਰ ਰੁਪਯੇ ਬਾਕੀਦੇ ਵੀ ਦੇ ਦੇਵਾਂਗਾ। ਇਸ ਵੇਲੇ ਇਹ ਰੁਪਯੇ ਮੈਕੇਯਰਨੂ ਬਤੌਰ

ਹਰਜਾਨ ਦ ਦਿੰਦ ਹਾਂ। ਜੇਕਰ ਓਹ ਨਾਂ ਲਵੇ ਤਾਂ ਭੀ ਮੇਰਾ ਓਸ ਨਾਲ ਕੋਈ ਲੈਣ ਦੇਣ ਨਹੀਂ ਰਹੇਗਾ॥

ਕਸਮ ਖਾਕੇ ਗਾਰਡਨ ਨੇ ਅਪਣੀ ਜੇਬ ਵਿਚੋਂ ਚਿੱਕ ਬੁਕ ਕੱਢੀ ਤੇ ਇਕ ਚਿੱਕ ਲਿਖਕੇ ਮੈਕੇਯਰ ਨੂ ਦੇ ਦਿਤਾ। ਮਕੇਯਰ ਨੇ ਓਹ ਅਬਦੁਲੇ ਨੂੰ ਦੇ ਦਿਤਾ ਕਿ ਲੈ ਆਗਰਾ ਬੈਂਕ ਵਿਚ ਜਾਕੇ ਭਨਵਾ ਲਿਆਉਣਾ। ਅੱਛਾ ਇਕ ਵਾਰੀ ਹੁਣ ਤੂੰ ਉਪਰ ਜਾਕੇ ਵੇਖ ਆ ਓਹ ਮਨੁਖ ਕਿਸਤਰਾਂ ਹੈ। ਮੈ ਓਸਨੂੰ ਹੁਣੇ ਇਥੋਂ ਲੈ ਜਾਵਾਂਗਾ॥

ਇਹ ਸੁਣਕੇ ਮੈਂ ਓਥੋਂ ਹਟਕੇ ਹਨੇਰੇ ਵਿਚ ਲੁਕ ਗਿਆ, ਮੈਂ ਅਪਣੇ ਦਿਲ ਵਿਚ ਦ੍ਰਿੜ ਕਰ ਲਿਆ ਕਿ ਅਬਦੁਲੇਦੇ ਉਪਰ ਜਾਂਦਿਆਂ ਸਾਰ ਹੀ ਮੈਕੇਯਰਨੂੰ ਗ੍ਰਿਫਤਾਰ ਕਰ ਲਵਾਂਗਾ ਮੈਂ ਨਾਲ ਦੇ ਦੋ ਸਿਪਾਹੀਆਂ ਨੂੰ ਭੀ ਤਿਆਰ ਰਹਿਣਾ ਇਸ਼ਾਰਾ ਕੀਤਾ। ਕੁਝ ਮਿੰਟਾਂਦੇ ਪਿਛੋਂ ਹੀ ਕਮਰੇਦਾ ਦਰਵਾਜਾ ਖੁਲਿਆ ਤੇ ਅਬਦੁਲਾ ਲੈਂਪ ਲੈਕੇ ਉਪਰ ਗਯਾ ਇਹ ਮੌਕਾ ਤਾੜਕੇ ਮੈਂ ਜੋਰਦੀ ਸੀਟੀ ਬਜਾਈ ਤੇ ਤੇਜ਼ੀ ਨਾਲ ਮੈਕੇਯਰ ਦੇ ਕਮਰੇ ਵਿਚ ਜਾ ਵੜਿਆ, ਮੈਕੇਯਰ ਮੈਂਨੂ ਵੇਖਕੇ ਕੁਰਸੀ ਤੋਂ ਉਠਣਾ ਚਾਹੁੰਦਾ ਹੀ ਸੀ ਕਿ ਮੈਂ ਝਪਟਕੇ ਓਸਨੂ ਹੇਠਾਂ ਦੱਬ ਲਿਆ ਤੇ ਓਸਦੀ ਛਾਤੀ ਤੇ ਚੜ੍ਹ ਬੈਠਾ ਮੈਨੂ ਜੀਉਂਦਾ ਵੇਖ ਓਹ ਬਿਲ ਕੁਲ ਸੁੰਨ ਹੋ ਗਿਆ। ਝਟ ਹੀ ਮੇਰੇ ਸਾਥੀ ਵੀ ਓਥੇ ਆ ਪਹੁੰਚ ਤੇ ਓਨ੍ਹਾਂ ਦੋਹਾਂ ਮੈਕੇਯਰ ਨੂੰ ਬੰਨ੍ਹ ਲਿਆ। ਮੈਕੇਯਰ ਨੇ ਨੱਠਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਓਹ ਕਾਮਯਾਬ ਨਾਂ ਹੋਇਆ।

ਸੀਟੀਦੀ ਆਵਾਜ ਸੁਣਕੇ ਥਾਣੇਦਾਰ ਤੇ ਸਿਪਾਹੀ ਝਟ ਉਪਰ ਆਏ। ਮੈਂ ਥਾਣੇਦਾਰਨੂ ਕਿਹਾ ਇਕ ਅਸਾਮੀ ਉਪਰ ਗਈ ਹੈ ਇਸ ਪੌੜੀਆਂ ਥਾਣੀ ਜਾਕੇ ਓਸਨੂ ਫੜੋ॥

ਥਾਣੇਦਾਰ ਸਿਪਾਹੀਆਂ ਨੂੰ ਲੈਕੇ ਅਜੇ ਉਪਰ ਚਲਿਆ ਹੀ ਸੀ ਮੈਕੇਯਰ ਨੇ ਉਚੀ ਅਵਾਜ ਨਾਲ ਕਿਹਾ-ਅਬਦੁਲਾ ਏਰੇਨਮ ! ਏਰੇਨਮ !! ਏਰੇਨਮ !!!

ਅਬਦੁਲੇ ਨੂੰ ਸਾਵਧਾਨ ਕਰਨ ਲਈ ਹੀ ਮੈਕੇਯਰ ਨੇ ਇਹ ਇਸ਼ਾਰਾ ਕੀਤਾ। ਮੈਂ ਮੈਕੇਯਰ ਨੂੰ ਦੋਹਾਂ ਸਿਪਾਹੀਆਂ ਦੇ ਹਵਾਲੇ ਕਰਕੇ ਗਾਰਡਨ ਤੇ ਹੇਲਨਾ ਨੂੰ ਅਪਣੇ ਨਾਲ ਬਾਹਰ ਚਲਣ ਲਈ ਕਿਹਾ। ਕਿਉਂਕਿ ਓਹ ਇਸਤਰਾਂ ਦੀ ਅਚਾਨਕੀ ਵਾਰਦਾਤ ਵੇਖਕੇ ਬਹੁਤ ਘਬਰਾ ਗਏ ਸਨ। ਮੈਂ ਜਦ ਓਨਾਂ ਨੂੰ ਬਾਹਰ ਔਣ ਲਈ ਕਿਹਾ ਤਾਂ ਓਹ ਬਹੁਤ ਹੌਲੇ ੨ ਬਾਹਰ ਨਿਕਲੇ। ਮੈਂ ਮਿਸਟਰ ਗਾਰਡਨ ਨੂ ਕਿਹਾ ਆਪ ਡਰੋ ਨਹੀਂ। ਇਸ ਵਿਚ ਤੁਹਾਡਾ ਕੋਈ ਕਸੂਰ ਨਹੀਂ ਕਲ ਮੈਂ ਜਿਸ ਮਤਲਬ ਲਈ ਆਪਨੂੰ ਧੋਖਾ ਦਿਤਾ ਸੀ ਅਜ ਓਹ ਮਤਲਬ ਮੇਰਾ ਪੂਰਾ ਹੋਗਿਆ ਹੈ, ਇਸ ਲਈ ਆਪਨੇ ਮਾਫ ਕਰਨਾ। ਆਪਨੇ ਮੈਨੂੰ ਕੈਦ ਕੀਤਾ ਸੀ ਓਸਦੇ ਲਈ ਮੈਂ ਆਪ ਉਤੇ ਇਕ ਤਿਲ ਵੀ ਨਰਾਜ ਨਹੀਂ। ਕਿਉਂਕਿ ਆਪਦੀ ਇਸ ਦਯਾਵਾਨ ਕਨਯਾ ਦੇ ਉਪਕਾਰ ਨਾਲ ਹੀ ਮੈਂ ਨਵਾਂ ਜਨਮ ਪਾਯਾ ਹੈ। ਜੇਕਰ ਹੇਲਨਾ ਮੈਨੂੰ ਨਾ ਛਡਦੀ ਤਾਂ ਮੈਂ ਇਤਨਾ ਕਾਮਯਾਬ ਕਦੇ ਵੀ ਨਾ ਹੁੰਦਾ। ਈਸ਼੍ਵਰ ਦੀ ਕ੍ਰਿਪਾ ਨਾਲ ਅਜ ਤੁਹਾਡਾ ਤੇ ਹੇਲਨਾ ਦਾ ਵੈਰੀ ਮੈਕੇਯਰ ਗ੍ਰਿਫ਼-ਤਾਰ ਕੀਤਾ ਗਿਆ ਹੈ। ਤੁਸੀਂ ਵੀ ਇਸ ਬਦਮਾਸ਼ ਦੇ ਜਾਲ ਵਿਚੋਂ ਛੁਟਗਏ ਇਸਲਈ ਮੈਂ ਈਸ਼੍ਵਰਨੂੰ ਧੰਨਵਾਦ ਦੇਂਦਾਹਾਂ।

ਮੈਂ ਇਸ ਜੀਵਨ ਵਿਚ ਹੇਲਨਾ ਦਾ ਉਪਕਾਰ ਕਦੇ ਨਹੀਂ ਭੁਲ ਸਕਦਾ। ਅਜ ਤੋਂ ਹੀ ਮੈਂ ਇਸਨੂੰ ਕਨਯਾ ਵਾਂਗ ਵੇਖਾਂਗਾ ਤੇ ਸਦਾ ਇਸਦੀ ਭਲਾਈ ਦਾ ਜਤਨ ਕਰਾਂਗਾ। ਮਲੂਮ ਹੁੰਦਾ ਹੈ ਮੈਂ ਮੈਕੇਯਰ ਨੂੰ ਫੜਕੇ ਅਜ ਹੇਲਨਾ ਦੇ

ਸਿਰ ਤੋਂ ਬਲਾ ਟਾਲ ਸਕਿਆ ਹਾਂ । ਕਿਉਂਕਿ ਮੈਕੇਯਰ ਹੇਲਨਾ ਦੇ ਖੂਨ ਦਾ ਪਿਆਸਾ ਹੈ । ਅਤੇ ਉਸਨੇ ਮਾਰ ਦੇਣ ਦੀ ਕਸਮ ਖਾਧੀ ਹੈ ॥

ਹੇਲਨਾ ਨੇ ਕਿਹਾ–ਬਾਬੂ ! ਮੈਂ ਤੁਹਾਡੇ ਲਈ ਕੀ ਕੀਤਾ ਹੈ ? ਇਕ ਮਨੁਖ ਦਾ ਜੋ ਫਰਜ਼ ਹੈ ਓਹ ਮੈਂ ਪੂਰਾ ਕੀਤਾ ਹੈ, ਓਸ ਨਾਲੋਂ ਵਧ ਹੋਰ ਕੁਝ ਨਹੀਂ ਕੀਤਾ। ਤੁਹਾਡੇ ਉਤੇ ਮੈਂ ਜੇ ਕੁਝ ਉਪਕਾਰ ਕੀਤਾ ਹੈ ਆਪ ਜੇਕਰ ਉਸਦਾ ਬਦਲਾ ਦੇਣਾ ਚਾਹੁੰਦੇ ਹੋ ਤਾਂ ਮੈਂ ਕਦੇ ਪ੍ਰਸੰਨ ਨਹੀਂ ਹੋਵਾਂਗੀ। ਸਾਡੇ ਮਕਾਨ ਉਤੇ ਮੈਕੇਯਰ ਮਿਤ੍ਰ ਭਾਵ ਨਾਲ ਆਇਆ ਸੀ ਓਹ ਭਾਵੇਂ ਸਾਡਾ ਜਾਨੀ ਦੁਸ਼ਮਨ ਹੈ ਪਰ ਓਹ ਸਾਡੇ ਉਤੇ ਇਤਬਾਰ ਕਰਕੇ ਹੀ ਇਥੇ ਆਯਾ ਸੀ, ਪਰ ਤੁਸਾਂ ਓਹਨੂ ਗਿਰਫਤਾਰ ਕਰਕੇ ਸਾਡੇ ਅਤਿਥੀ ਧਰਮ ਉਤੇ ਸੱਟ ਮਾਰੀ ਹੈ । ਓਹ ਜ਼ਰੂਰ ਆਪਣੇ ਦਿਲ ਵਿਚ ਸਮਝੇਗਾ ਕਿ ਇਹ ਸਾਰਾ ਜਾਲ ਸਾਡਾ ਹੀ ਹੈ ਤੇ ਸਾਨੂ ਹੀ ਓਹ ਇਸਦਾ ਕਸੂਰ ਵਾਰ ਬਣਾਵੇਗਾ । ਤੁਸੀਂ ਓਸਤੋਂ ਜਿਤਨਾ ਡਰਦੇ ਹੋ ਓਤਨਾ ਮੈਂ ਨਹੀਂ ਡਰਦੀ, ਕਿਉਂਕਿ ਓਹ ਸਾਡਾ ਬੁਰਾ ਕਰੇ ਯਾ ਨਾਂ ਕਰੇ ਪਰ ਈਸ਼੍ਵਰ ਸਾਡਾ ਬੁਰਾ ਨਹੀਂ ਕਰੇਗਾ । ਇਸ ਕਰਕੇ ਅਸੀਂ ਓਸਨੂ ਕਸੂਰਵੰਦ ਜਾਣਕੇ ਵੀ ਉਸਤੋਂ ਬਦਲਾ ਲੈਣ ਦਾ ਖਿਆਲ ਛੱਡਕੇ ਓਸਨੂੰ ਮਾਫ ਕਰਨ ਵਿਚ ਹੀ ਆਪਣਾ ਭਲਾ ਸਮਝਦੇ ਹਾਂ ॥

ਇਹ ਆਖਕੇ ਹੇਲਨਾ ਚੁਪ ਕਰ ਗਈ, ਭਾਵੇਂ ਕਈ ਤਰਾਂਦੇ ਭਯਾਨਕ ਕੰਮਾਂ ਵਿਚ ਲਗੇ ਰੈਹਿਣ ਦੇ ਕਾਰਨ ਮੇਰਾ ਦਿਲ ਪੱਥਰ ਵਾਂਗ ਸਖਤ ਹੋ ਗਿਆ ਸੀ ਪਰ ਹੇਲਨਾ ਦੇ ਸਾਫ ਦਿਲ ਵਿਚੋਂ ਨਿਕਲੀ ਹੋਈ ਬਾਣੀ ਮੇਰੇ ਪੱਥਰ ਦਿਲ ਵਿਚ ਖੁਭ ਗਈ ਮੈਂ ਓਸਨੂ ਸੁਰਗਦੀ ਦੇਵੀ ਜਾਣਕੇ ਅਪਣੇ

ਮਨ ਵਿਚਹੀ ਨਮਸਕਾਰ ਕੀਤੀ,ਪਰ ਓਸਦੇ ਕਹੇ ਅਨੁਸਾਰ ਜੇਕਰ ਮੈਕੇਯਰ ਨੂੰ ਮੈਂ ਛੱਡ ਦੇਂਦ ਤਾਂ ਮੇਰਾ,ਸਰਕਾਰਦਾ, ਤੇ ਹੇਲਨਾਂ ਦਾ ਸਭਨਾਂ ਦਾ,ਬੁਰਾ ਹੋਵੇਗਾ। ਇਸ ਲਈ ਮੈਂ ਮੈਕੇਯਰ ਨੂ ਕਦੇ ਨਹੀਂ ਛੱਡ ਸਕਦਾ ਜੇਕਰ ਹੇਲਨਾ ਇਸ ਤੋਂ ਨਰਾਜ਼ ਹੋਵੇ ਤਾਂ ਬੇਸ਼ੱਕ ਪਈ ਹੋਵੇ ਇਹ ਸੋਚਕੇ ਹੀ ਮੈਂ ਹਲਨਾ ਨੂ ਕਿਹਾ—

"ਪਿਆਰੀ ਹੇਲਨਾ! ਮੈਕੇਯਰ ਨੂੰ ਗਿਰਫਤਾਰ ਕਰਨਾ ਭਾਵੇਂ ਇਸਵੇਲੇਠੀਕਨਹੀਂ ਮਲੂਮਹੁੰਦਾ ਪਰਅੰਗ੍ਰੇਜ਼ੀ ਸਰਕਾਰ ਅਰ ਤੇਰੇ ਪਿਤਾਦੀ ਭਲਿਆਈਦਾ ਵਿਚਾਰ ਕਰਨ ਤੋਂਇਸਦਾ ਫੜਨਾ ਚੰਗਾ ਹੀ ਮਾਲੂਮ ਹੁੰਦਾ ਹੈ ਅਤ ਮੈਂ ਵੀ ਅਪਣਾ ਫਰਜ਼ ਹੀ ਪੂਰਾ ਕੀਤਾ ਹੈ। ਇਸ ਲਈ ਮੇਰੀ ਰਾਇ ਵਿਚ ਇਹ ਕੋਈ ਜ਼ੁਲਮ ਨਹੀਂ, ਪਰ ਖੈਰ ਹਾਲ ਮੈਂ ਇਸਨੂ ਅਪਣੇ ਮਕਾਨ ਉਤੇ ਲੈ ਜਾਦਾਂ ਹਾਂ। ਫੇਰ ਤੁਹਾਡੇ ਨਾਲ ਸਲਾਹ ਕਰਕੇ ਜੋ ਠੀਕ ਹੋਵੇਗਾ ਕੀਤਾ ਜਾਵੇਗਾ॥

ਹੇਲਨਾ ਨਾਲ ਗਲਾਂ ਕਰਨ ਵੇਲੇ ਗਾਰਡਨ ਨੇ ਕੁਝ ਭੀ ਮੂੰਹੋਂ ਨਾਂ ਕਿਹਾ। ਅਤੇ ਇਸਦਾ ਕੁਛ ਭੀ ਕਾਰਣ ਮੇਰੀ ਸਮਝ ਵਿਚ ਨਾਂ ਆਇਆ। ਮੇਰੀ ਗਲ ਪੂਰੀ ਹੋਣ ਤੇ ਹੇਲਨਾ ਨੇ ਅਪਨੇ ਪਿਤਾਨੂੰ ਅੰਦਰ ਜਾਣ ਲਈ ਕਿਹਾ ਪਰ ਗਾਰਡਨ ਨੇ ਉਸਦੀ ਗਲਦਾ ਕੁਝ ਖਿਆਲ ਨਾਂ ਕਰਕੇ ਇਕ ਵਾਰ ਮੇਰੀ ਵਲ। ਵੇਖਿਆ ਉਸਦਾ ਚਹਰਾ ਵੇਖਣ ਤੋਂ ਪਤਾ ਲਗਦਾ ਸੀ ਕਿ ਓਹ ਬਹੁਤ ਡਰ ਗਿਆ ਹੈ ਅਤੇ ਕੁਝ ਪੁਛਣਾ ਚਾਹੁੰਦਾ ਹੈ। ਸੋ ਮੈਂ ਉਸਨੂ ਕਿਹਾ— ਮਿਸਟਰ ਗਾਰਡਨ! ਆਪ ਕੁਝ ਪੁਛਣਾ ਚਾਹੁੰਦੇ ਹੋ ਤਾਂ ਪੁਛੋ ਮੈਂ ਸਰ ੨ ਦੱਸਾਂਗਾ॥

ਗਾਰਡਨ--(ਡਰਦੇ ੨, ਕੀ ਤੁਸੀਂ ਮੈਨੂੰ ਆਪਣੀ ਪਛਾਣ ਕਰਾ ਸਕਦੇ ਹੋ ਯਾ ਇਸ ਵਿਚ ਕੁਝ ਉਜ਼ਰ ਹੈ ॥

ਮੈਂ--ਨਹੀਂ ਮੈਨੂੰ ਕੋਈ ਉਜਰ ਨਹੀਂ, ਮੇਰਾ ਨਾਮ ਰਾਮਪਾਲ ਸਿੰਘ ਹੈ, ਮੇਰਾ ਵਤਨ ਲੁਧਿਆਣਾ ਹੈ, ਅਤੇ ਮੈਂ ਸਰਕਾਰੀ ਜਾਸੂਸੀ ਮੈਹਕਮੇਂ ਦਾ ਕਮਿਸ਼ਨਰ ਹਾਂ ॥

ਇਸ ਵੇਲੇ ਗਾਰਡਨ ਦੇ ਚੇਹਰੇ ਉਤੇ ਕਮਰੇ ਵਲੇ ਦੀਵੇ ਦੀਆਂ ਕਿਰਣਾਂ ਪੈ ਰਹੀਆਂ ਸਨ। ਮੈਂ ਸਾਫ ਵੇਖਿਆ ਕਿ "ਜਾਸੂਸ" ਇਹ ਸੁਣਦਿਆਂ ਹੀ ਓਸਦੇ ਚੇਹਰੇ ਦਾ ਰੰਗ ਬਦਲ ਗਿਆ। ਓਸਦੀ ਇਹ ਦਸ਼ਾ ਦੇਖਕੇ ਮੇਰੇ ਦਿਲ ਵਿਚ ਇਕਤਰਾਂਦੀ ਘਬਰਾਹਟ ਪੈਦਾ ਹੋਈ ਤੇ ਹਲਨਾ ਵੀ ਅਪਣੇ ਪਿਤਾਦਾ ਇਹ ਭਾਵ ਵੇਖ ਲਿਆ। ਓਹ ਝੱਟ ਅਪਨੇ ਪਿਤਾ ਦੇ ਗਲ ਨਾਲ ਲਗ ਬੋਲੀ--ਪਿਤਾ ਜੀ! ਆਪ ਡਰੋ ਨਹੀਂ ਸਰਦਾਰ ਰਾਮਪਾਲ ਸਿੰਘ ਸਾਡੇ ਵਡੇ ਹਿਤਕਾਰੀ ਹਨ। ਓਹ ਸਾਡਾ ਕਦੇ ਅਨਿਸ਼ਟ ਨਹੀਂ ਕਰਨਗੇ ॥

ਇਹ ਆਖਕੇ ਓਹ ਆਪਣੇ ਪਿਤਾ ਦਾ ਹੱਥ ਫੜਕੇ ਹੇਠਾਂ ਲੈ ਚਲੀ। ਮੈਂ ਗਾਰਡਨ ਤੇ ਹੇਲਨਾਂ ਨੂੰ ਸਲਾਮ ਕਰ-ਕੇ ਜਿਸ ਕਮਰੇ ਵਿਚ ਮੈਕਯਰ ਕੈਦ ਸੀ ਉਸ ਵਿਚ ਗਿਆ।

ਗਾਰਡਨ ਤੇ ਹੇਲਨਾ ਨਾਲ ਗੱਲਾਂ ਕਰਨ ਵਿਚ ਕਰੀਬ ੧੫ ਮਿੰਟ ਲਗੇ ਹੋਣਗੇ ਪਰ ਅਜੇ ਤਕ ਅਬਦੁਲਾ ਫੜਿਆ ਹੋਯਾ ਹੇਠਾਂ ਨਾ ਆਯਾ। ਮੇਰੇ ਦਿਲ ਵਿਚ ਕਈਤਰਾਂ ਦੇ ਸ਼ਕ ਗੁਜ਼ਰਨ ਲਗੇ। ਮੈਂ ਮੈਕੇਯਰ ਨੂੰ ਇਕ ਸਿਪਾਹੀ ਦੀ ਪਗੜੀ ਲੈਕੇ ਮੇਜ਼ ਨਾਲ ਚੰਗੀਤਰਾਂ ਜਕੜ ਦਿਤਾ ਅਤੇ ਦੋਹਾਂਨੂੰ ਪੈਹਰੇ ਉਤੇ ਛੱਡ ਅਕਲਾ ਉਪਰ ਚਲਿਆ। ਓਸਵੇਲੇ ਹਨੇਰਾ ਇਤਨਾ ਸੀ ਕਿ ਥਾਣੇਦਾਰ ਤੇ ਉਸਦੇ ਸਾਥੀਆਂ ਦਾ ਕੁਝ ਪਤਾ ਨਾ ਲਗਾ। ਸੋ ਉਸ ਹਨੇਰੇ ਵਿਚ ਮੈਂ ਵੈਰੀ ਦਾ

ਪਿਛਾ ਕਰਨਾ ਠੀਕ ਨਾ ਸਮਝਿਆ। ਹੋ ਸਕਦਾ ਹੈ ਕਿ ਅਬਦੁਲਾ ਫੜਿਆ ਨਾ ਗਿਆ ਹੋਵੇ ਤੇ ਕਿਧਰੇ ਲੁਕਿਆ ਹੋਯਾ ਹੋਵੇ ਤਾਂ ਓਹ ਮੈਨੂੰ ਹੀ ਮਾਰ ਸਕਦਾ ਹੈ। ਸੋ ਮੈਂ ਕੁੰਜੀ ਮੂੰਹ ਵਿਚ ਪਾਕੇ ਜ਼ੋਰ ਦੀ ਸੀਟੀ ਦਿਤੀ। ਇਕਵਾਰੀ, ਦੋਵਾਰੀ, ਇਸਤਰਾਂ ਕਈ ਵਾਰੀ ਸੀਟੀ ਦਿਤੀ ਪਰ ਕੋਈ ਜਵਾਬ ਨਾ ਆਯਾ। ਮੈਂ ਦਿਲ ਵਿਚ ਸੋਚਣ ਲਗਾ ਕਿ ਕੀ ਗਲਹੈ? ਉਹ ਕਿਧਰ ਗਿਏ।ਛੇਕੜ ਮੈਂ ਮੈਕੇਯਰ ਵਾਲੀ ਕੋਠੜੀ ਖੋਹਲਕੇ ਅੰਦਰੋਂ ਲੈਂਪਕਢਿਆ,ਫੇਰ ਬਾਹਰੋਂਕੁੰਡਾ ਮਾਰਕੇਤੇ ਸਿਪਾਹੀਆਂ ਨੂੰ ਹੁਸ਼ਿਆਰ ਕਰਕੇ ਰੋਸ਼ਨੀ ਲੈਕੇ ਉਪਰ ਚਲਿਆ। ਮੈਂ ਤੇਜ਼ੀ ਨਾਲ ਉਪਰ ਜਾ ਰਿਹਾ ਸਾਂ ਕਿ ਅਚਾਨਕ ਮੇਰਾ ਪੈਰ ਤਿਲ-ਕਿਆ ਤਾਂ ਮੈਂ ਡਿਗਦਾ ੨ ਰੈਹ ਗਿਆ। ਮੈਂ ਪੈਰ ਤਿਲਕਣ ਦਾ ਕਾਰਣ ਜਾਣਨ ਲਈ ਹੇਠਾਂ ਰੋਸ਼ਨੀ ਕਰਕੇ ਵੇਖਿਆ ਤਾਂ ਓਹੋ! ਕੇਹਾ ਭਯਾਨਕ ਨਜ਼ਾਰਾ! ਉਪਰੋਂ ਲਹੂ ਦੀ ਧਾਰ ਵਗਦੀ ਚਲੀ ਆਂਉਦੀ ਸੀ। ਡਰ ਨਾਲ ਮੇਰਾ ਸਰੀਰ ਕੰਬ ਗਿਆ।ਉਪਰ ਜਾਣ ਲਈ ਫੇਰਮੇਰਾ ਕਦਮ ਨਾ ਉਠਿਆ ਅਤੇ ਮੈਂ ਹੇਠ ਉਤਰ ਆਯਾ। ਇਕ ਸਿਪਾਹੀ ਨੂੰ ਮੈਂ ਸੜਕ ਉਤੋਂ ਅਠ ਦਸ ਆਦਮੀ ਯਾ ਕਿਸੇ ਚੌਰਾਹੇ ਉਤੋਂ ਪੁਲਸ ਦੇ ਸਿਪਾਹੀ ਲਿਆਉਣ ਲਈ ਬਾਹਰ ਭੇਜਿਆ।

ਇਸੇ ਵੇਲੇ ਗਿਰਜੇ ਦੀ ਘੜੀ ਵਿਚ ਦਸ ਖੜਕੇ। ਇਹ ਪਹਰਾ ਬਦਲਣ ਦਾ ਸਮਾ ਸੀ। ਇਸ ਸਿਪਾਹੀ ਨੂੰ ਜੇ ਕਰ ਪੁਲਿਸ ਮਿਲ ਜਾਵੇ ਤਾਂ ਬਹੁਤ ਠੀਕ ਹੋ ਸਕਦਾ ਹੈ ਨਹੀਂ ਤਾਂ ਹੋਰ ਕਿਸੇ ਪਾਸੋਂ ਸਹੈਤਾ ਮਿਲਨੀ ਔਖੀ ਹੈ। ਮੈਂ ਆਪਣੇ ਮਨ ਵਿਚ ਖੜਾ ੨ ਇਹ ਵਿਚਾਰ ਵੀ ਕਰ ਰਿਹਾ ਤੇ ਡਰ ਰਿਹਾ ਸਾਂ। ਥਾਣੇਦਾਰ ਤੇ ਉਸਦੇ ਸਾਥੀ ਕੋਈ ਵੀ ਵਾਪਸ ਨਾ ਆਯਾ। ਤਦ ਕੀ ਅਬਦੁਲੇ ਨੇ ਸਭਨਾਂ ਦਾ ਹੀ ਖੂਨ ਕਰ

ਮੁੜਿਆ ? ਪਰ ਇਹ ਗਲ ਬਿਲਕੁਲ ਅਸੰਭਵ ਹੈ । ਓਹ ਅਕਲਾ ਇਕ ਦੋ ਮਨੁਖਾਂ ਨੂੰ ਮਾਰ ਸਕਦਾ ਹੈ ਇਕਦਮ ੩-੩ ਆਦਮੀ ਨਹੀਂ ! ਪਰ ਉਹ ਤੀਜਾ ਵੀ ਨਾ ਮੁੜਿਆ ਫੇਰ ਕੀ ਹੋਯਾ ?

ਮੇਰਾ ਚਿਤ ਇਸ ਵੇਲੇ ਬਹੁਤ ਚੰਚਲ ਸੀ ਕਿ ਹੇਠੋਂ ਕਿਸੇ ਦੇ ਔਣ ਦੀ ਅਵਾਜ਼ ਆਈ । ਮੈਂ ਬਹੁਤ ਉਤਸੁਕ ਹੋਕੇ ਪੌੜੀਆਂ ਵਲ ਵੇਖਣਲਗਾ । ਅਚਾਨਕ ਦੋ ਯੂਰਪੀਨ ਪੁਲਸ ਅਫਸਰ ਉਪਰ ਆਏ ਤੇ ਉਨਾਂ ਪੁਛਿਆ—ਤੁਮ ਕੌਨ ਹੋ ?

ਮੈਂ–ਏਕ ਜਾਸੂਸ ਹਾਂ, ਮੈਂਨੇ ਏਕ ਖ਼ੂਨੀ ਆਦਮੀ ਕੋ ਇਸ ਕਮਰੇ ਮੇਂ ਕੈਦ ਕਰ ਰੱਖਾ ਹੈ । ਔਰ ਏਕ ਊਪਰ ਭਾਗ ਗਯਾ ਹੈ, ਉਸਕੋ ਪਕੜਨੇ ਕੇ ਲੀਏ ਏਕ ਥਾਨੇਦਾਰ ਔਰ ਦੋ ਸਿਪਾਹੀਓਂ ਕੋ ਊਪਰ ਮੈਂਨੇ ਭੇਜਾ ਥਾ ਕਰੀਬ ਆਧਾ ਘੰਟਾ ਹੋਗਿਆ ਮਗਰ ਅਭੀ ਤਕ ਉਨਮੇਂ ਸੇ ਕੋਈ ਭੀ ਵਾਪਸ ਨਹੀਂ ਆਇਆ, ਮੈਂ ਉਨਕਾ ਪਤਾ ਲੇਨੇ ਕੇ ਲੀਏ ਊਪਰ ਜਾਨੇ ਲਗਾ ਤੋ ਪੌੜੀਓਂ ਮੇਂ ਲਹੂ ਕੀ ਧਾਰ ਨਜ਼ਰ ਆਈ, ਯੇਹ ਦੇਖਕਰ ਮੇਰੇ ਮਨ ਮੇਂ ਸ਼ਕ ਪੈਦਾ ਹੂਆ ਔਰ ਏਕ ਸਪਾਹੀ ਕੋ ਪੁਲੀਸ ਕੀ ਮਦਦ ਲੇਨੇ ਕੇ ਲੀਏ ਮੈਨੇ ਭੇਜਾ ਹੈ । ਸ਼ਾਇਦ ਆਪ ਉਸਕੇ ਕੇਹਨੇ ਪਰ ਹੀ ਆਏ ਹੈਂ ॥

ਓਨ੍ਹਾਂ ਮੈਨੂੰ ਅੰਗ੍ਰੇਜ਼ੀ ਵਿਚ ਕਿਹਾ--ਸਾਨੂੰ ਤੇਰਾ ਆਦਮੀ ਕੋਈ ਨਹੀਂ ਮਿਲਿਆ, ਅਸੀ ਇਕ ਸਿਪਾਹੀ ਦਾ ਇਸ ਮਕਾਨਦੇ ਦਰਵਾਜ਼ੇ ਉਤੇ ਖ਼ੂਨ ਹੁੰਦਾ ਵੇਖ ਅੰਦਰ ਚਲ ਆਏ ਹਾਂ । ਜਿਸਨੇ ਖ਼ੂਨ ਕੀਤਾ ਸੀ ਓਹ ਸਾਨੂੰ ਵੇਖਕੇ ਨਠ ਗਿਆ ਅਤੇ ਓਸਦੇ ਹਥ ਵਿਚ ਇਕ ਛੁਰਾ ਸੀ । ਅੱਛਾ ਇਸ ਮਕਾਨ ਦੇ ਅੰਦਰ ਜੋ ਆਸਾਮੀ ਹੈ ਓਸਨੂੰ ਵੀ ਅਸੀਂ ਵੇਖਣਾ ਚਾਹੁੰਦੇ ਹਾਂ ॥

ਉਨ੍ਹਾਂ ਦੇ ਮੂੰਹੋਂ ਓਸ ਸਿਪਾਹੀ ਦੇ ਮਰਨ ਦੀ ਖਬਰ ਸੁਣਕੇ ਮੈਂ ਕੰਬ ਗਿਆ। ਜੇਕਰ ਮੈਂ ਜਾਣਦਾ ਮੈਕੇਯਰਨੂੰ ਫੜਨ ਦਾ ਇਹ ਨਤੀਜਾ ਹੋਵੇਗਾ ਤਾਂ ਮੈਂ ਕਦੇ ਇਸ ਕੰਮ ਵਿਚ ਹਥ ਨਾਂ ਪਾਉਂਦਾ, ਹੁਣ ਮੈਂ ਚੰਗੀਤਰਾਂ ਸਮਝ ਗਿਆ ਕਿ ਇਹ ਕੰਮ ਸਾਰੇ ਓਸ ਬਦਮਾਸ਼ ਅਬਦੁਲੇ ਦੇ ਹਨ। ਓਸਨੇ ਚਾਲਾਕੀ ਨਾਲ ਸਭਨਾਂ ਨੂੰ ਹੀ ਮਾਰ ਮੁਕਾਯਾ ਹੈ। ਇਸ ਵੇਲੇ ਜੇਕਰ ਇਹ ਦੋ ਯੂਰਪੀਨ ਉਪਰ ਨਾਂ ਆਉਂਦੇ ਤਾਂ ਓਹ ਸਾਨੂ ਭੀ ਸਾਫ ਕਰ ਜਾਂਦਾ। ਮਲੂਮ ਹੁੰਦਾ ਹੈ ਕਿ ਮੈਕੇਯਰ ਨੂ ਫੜਿਆ ਗਯਾ ਵੇਖ ਉਸਨੇ ਇਹਇਰਾਦਾ ਕੀਤਾ ਹੋਣਾ ਹੈ ਕਿ ਇਨ੍ਹਾਂ ਸਭਨਾਂਨੂ ਮਾਰਕੇ ਓਸਨੂ ਛੁੜਾ ਲਵਾਂਗਾ॥

ਮੈਂ ਯੂਰਪੀਨਾਂ ਨੂੰ ਕਿਹਾ ਕਿ ਹੁਣ ਸਾਨੂ ਇਸ ਗਲਦਾ ਪਤਾ ਛੇਤੀ ਕਰਨਾ ਚਾਹੀਦਾ ਹੈ ਕਿ ਉਪਰ ਕੀ ਭਾਣਾ ਵਰਤਿਆ ਹੈ। ਉਨ੍ਹਾਂ ਤੋਂ ਪੁਛਣ ਪਰ ਪਤਾ ਲਗ ਗਿਆ ਕਿ ਇਕ ਪੁਲਿਸ ਇੰਨਸਪੈਕਟਰ ਤੇ ਦੂਜਾ ਸਾਰਜੰਟ ਹੈ। ਮੈਂ ਉਪਰ ਜਾਣ ਲਈ ਅਗੇ ਹੋਯਾ ਤਾਂ ਕੀ ਵੇਖਦਾ ਹਾਂ ਪੌੜੀਆਂ ਲਹੂ ਨਾਲ ਭਰੀਆਂ ਪਈਆਂ ਹਨ। ਓਹ ਕਿਹਾ! ਭਯਾਨਕ ਦ੍ਰਿਸ਼ਯ ਹੈ? ਅਸੀਂ ਛੇਤੀ ਨਾਲ ਉਪਰ ਚਲੇ ਗਏ ਸਭ ਤੋਂ ਉੱਪਰ ਵਾਲੀ ਪੌੜੀ ਵਿਚ ਇਕ ਸਿਪਾਹੀ ਦੀ ਲੋਥ ਮੂਧੀ ਪਈ ਹੋਈ ਸੀ ਵੇਖਣ ਤੋਂ ਮਲੂਮ ਹੋਇਆ ਕਿ ਓਸਦੀ ਛਾਤੀ, ਪਿੱਠ ਤੇ ਹਥਾਂ ਵਿਚ ਛੁਰਾ ਮਾਰਿਆ ਹੋਇਆ ਹੈ। ਓਸਦੇ ਸਰੀਰ ਤੋਂ ਹੀ ਲਹੂ ਖਰਲ ੨ ਕਰਕੇ ਨਿਕਲ ਰਿਹਾ ਹੈ। ਓਸਦੀ ਦੇਹ ਵਿਚ ਹੁਣ ਜਾਨ ਨਹੀਂ ਸੀ। ਓਸਨੂ ਉਸੇਤਰਾਂ ਛੱਡ ਅਸੀਂ ਬਾਕੀ ਦੋ ਸਿਪਾਹੀਆਂ ਦਾ ਪਤਾ ਕਰਨ ਲਗੇ। ਕੁਝ ਦੂਰ ਜਾਣ ਪਰ ਥਾਣੇਦਾਰ ਹੁਰੀ ਪਏ ਹੋਏ ਨਜ਼ਰ ਆਏ, ਓਸਦਾ ਸਾਰਾ ਸ਼ਰੀਰ ਭੀ ਲਹੂ ਨਾਲ ਤਰ ਸੀ, ਨੇੜੇ ਪਹੁੰਚਣ

ਪਰ ਉਸਨੇ ਆਪਣੇ ਕੋਲ ਸਦਿਆ ਤੇ ਵੱਡੀ ਮੁਸ਼ਕਲ ਨਾਲ ਪਾਣੀ ਮੰਗਿਆ ਥਾਨੇਦਾਰ ਨੂ ਵੀ ਛੁਰਾ ਮਾਰਿਆ ਗਿਆ ਸੀ । ਪਰ ਪਾਣੀ ਇਥੇ ਕਿਥੋਂ ? ਅਸਾਂ ਦੋਹਾਂਨੇ ਉਸਨੂੰ ਚੱਕ ਕੇ ਦੂਜੀ ਥਾਂ ਲਿਟਾਯਾ। ਅਤੇ ਕਪੜਾ ਪਾੜਕੇ ਉਸਦੇ ਜ਼ਖਮ ਬੰਨ੍ਹੇ ਜਿਸਤੋਂ ਖੂਨਦਾ ਵਗਣਾ ਬੰਦ ਹੋ ਗਿਆ ਤੀਜੇ ਆਦਮੀ ਨੂ ਬਹੁਤ ਢੂੰਡਿਆ ਪਰ ਓਸਦਾ ਕੁਝ ਪਤਾ ਨਾਂ ਲਗਾਂ । ਥਾਨੇਦਾਰ ਨੂ ਚੱਕਕੇ ਜਿਵੇਂ ਕਿਵੇਂ ਹੇਠਾਂ ਲੈ ਗਏ ਕਿਉਂਕਿ ਓਹ ਬਾਰੰਬਾਰ ਪਾਣੀ ਮੰਗ ਰਿਹਾ ਸੀ ਇਸ ਲਈ ਇਕ ਜਮਾਂਦਾਰ ਨੂੰ ਪਾਣੀ ਲਿਆਉਣ ਲਈ ਭੇਜਿਆ ਜਿਸਨੇ ਦਰਬਾਨ ਦੀ ਕੋਠੜੀ ਵਿਚੋਂ ਜਲ ਲਿਆਕੇ ਪਿਲਾਇਆ। ਮੈਂ ਥਾਨੇਦਾਰ ਪਾਸ ਬਹੁਤਸਾਰੇ ਸਵਾਲ ਕੀਤੇ ।ਜਿਸਤੋਂ ਇਹ ਪਤਾ ਲਗਾ ਕਿ ਅਬਦੁਲੇ ਨੂ ਫੜਨ ਵੇਲੇ ਹੀ ਓਸਦੀ ਇਹ ਦੁਰਦਸ਼ਾ ਹੋਈ ਹੈ ।!

ਮੈਂ ਥਾਨੇਦਾਰ ਪਾਸੋਂ ਹੋਰ ਕੁਝ ਨਾਂ ਪੁਛਿਆ ਮੈਕੇਯਰ ਨੂੰ ਲੈ ਜਾਣਾ ਯੋਗ ਸਮਝਿਆ। ਮੈਂ ਤੇ ਇੰਨਸਪੈਕਟਰ ਸਾਹਬ ਨੇ ਮਿਲਕੇ ਮੈਕੇਯਰ ਨੂ ਅੰਦਰੋਂ ਕੱਢਿਆ। ਇਹ ਇਕ ਅਚਰਜਦੀ ਗਲ ਹੈ ਕਿ ਓਸਨੇ ਸਾਡੇ ਕੰਮ ਵਿਚ ਕੁਝ ਰੋਕ ਨਾਂ ਪਾਈ। ਉਸਦੀ ਜੇਬ ਤਲਾਸ਼ੀ ਲੈਣ ਪਰ ਇਕ ਛੇ ਨਾਲੀ ਵਾਲਾ ਤਮੰਚਾ, ਇਕ ਸ਼ੀਸ਼ੀ ਕਲੋਰੋ ਫਾਰਮ ਤੇ ਕਈ ਚਿਠੀਆਂ ਨਿਕਲੀਆਂ। ਓਹ ਸਾਰੀਆਂ ਚੀਜ਼ਾਂ ਮੈਂ ਦੰਗੀਤਰਾਂ ਅਪਣੇ ਪਾਸ ਰੱਖ ਲਈਆਂ। ਮੈਕੇਯਰ ਦੇ ਹੱਥ ਪੈਰ ਤੇ ਹਿਠ ਦੰਗੀਤਰਾਂ ਦੰਨੂ ਵਿਤੀ ਗਈ। ਫੇਰ ਅਸੀ ਓਸ ਬਾਹਰ ਵਾਲੇ ਸਿਪਾਹੀ ਨੂ ਵੇਖਣ ਗਏ। ਓਸਦੇ ਵੀ ਮੂੰਹ ਵਿਚ ਛੁਰਾ ਲਗਾ ਸੀ ਤੇ ਲਹੂ ਬਹੁਤ ਨਿਕਲ ਜਾਣ ਕਰਕੇ ਓਹ ਬੇਹੋਸ਼ ਪਿਆ ਸੀ ਓਸਨੂੰ ਤੇ ਥਾਨੇਦਾਰ ਨੂ ਹਸਪਤਾਲ ਪੁਚਾਣ

ਲਈ ਇੰਨਸਪੇਕਟਰ ਦੇ ਜ਼ਿਮੇ ਲਾਕੇ ਤੇ ਮੈਕੇਯਰ ਨੂੰ ਆਪਣੇ ਨਾਲ ਲੈਕੇ ਮਕਾਨ ਨੂੰ ਗਿਆ ॥

# ਕਾਂਡ ੬

## ਮੈਕੇਯਰ ਦਾ ਨੱਠ ਜਾਣਾ

[ਸਰਦਾਰ ਰਾਮਪਾਲ ਸਿੰਘ ਦਾ ਬਿਆਨ]

ਕੋਈ ਇਕ ਘੰਟੇ ਵਿਚ ਅਸੀਂ ਆਪਣੇ ਮਕਾਨ ਉਤੇ ਪਹੁੰਚ ਗਏ। ਇੰਨਸਪੈਕਟਰ ਤੇ ਸਾਰਜੰਟ ਦੀ ਮੱਦਦ ਨਾਲ ਮੈਂ ਮੈਕੇਯਰ ਨੂੰ ਫੜਕੇ ਅੰਦਰ ਲੈ ਗਿਆ। ਮੇਰੇ ਸੌਣ ਵਾਲੇ ਕਮਰੇ ਦੇ ਪਾਸ ਹੀ ਇਕ ਗੁਦਾਮ ਸੀ ਅਤੇ ਓਸਨੂੰ ਹੋਰ ਕੋਈ ਬਾਰੀ ਵਾਰੀ ਨਹੀਂ ਸੀ। ਮੈਂ ਉਸਦੇ ਅੰਦਰ ਮੈਕੇਯਰ ਨੂੰ ਕੈਦ ਕਰਕੇ ਬਾਹਰ ਚਾਰ ਪੇਹਰੇਦਾਰ ਲਾ ਦਿਤੇ। ਇੰਨਸ-ਪੇਕਟਰ ਦਾ ਨਾਮ ਪੁਛਣ ਤੋਂ ਮਾਲੂਮ ਹੋਇਆ ਕਿ ਉਸਦਾ ਨਾਮ "ਡੇਵਿਸ"ਹੈ ਤੇ ਓਹ ਸਿਰਾਜ ਗੰਜਦਾ ਇੰਨਸਪੇਕਟਰ ਹੈ,ਮੈਂ ਵੀ ਉਸਨੂੰ ਅਪਣਾ ਸਾਰਾ ਹਾਲ ਦੱਸਿਆ। ਮੇਰਾ ਹਾਲ ਸੁਣਕੇ ਓਨ੍ਹਾਂ ਮੇਰੇ ਪਾਸੋਂ ਮਾਫੀ ਮੰਗੀ ਤੇ ਕਲ ਆਉਣ ਦਾ ਵਾਇਦਾ ਕਰਕੇ ਅਪਣੇ ਥਾਣੇ ਮੁੜ ਗਏ। ਮੈਂ ਜਾਣ ਵੇਲੇ ਤਾਕੀਦ ਕੀਤੀ ਕਿ ਕਲ ਆਪ ਓਸ ਸਿਪਾਹੀ ਦਾ ਪਤਾ ਕਰੋ ਜੋ ਸਾਨੂੰ ਕੋਠੇ ਉਤੋਂ ਨਹੀਂ ਸੀ ਲੱਭਾ ॥

ਰੋਟੀ ਪਾਣੀ ਛਕਕੇ ਮੈਂ ਨਿਸਚਿੰਤ ਹੋ ਸੌਂ ਗਿਆ, ਕਿਉਂਕਿ ਸਾਰਾਂ ਦਿਨ ਬਹੁਤ ਚਿੰਤਾ ਵਿਚ ਰੈਹਣ ਕਰਕੇ ਜੀ ਥੱਕ ਗਿਆ ਸੀ ਇਸ ਲਈ ਮੈਨੂੰ ਛੇਤੀ ਨੀਂਦ ਆ ਗਈ। ਅਚਾਨਕ ਇਕ ਭਯਾਨਕ ਆਵਾਜ ਦੇ ਨਾਲ ਮੇਰੀ ਨੀਂਦ ਖੁਲ੍ਹ ਗਈ, ਬਹੁਤ ਕੁਝ ਸੋਚਣ ਪਰ ਵੀ ਪਤਾ ਨਾਂ ਲਗ ਸਕਿਆ ਕਿ ਇਹ ਆਵਾਜ਼ ਕਿਥੋਂ ਆ ਰਹੀ ਹੈ। ਸਾਰਾ

ਕਮਰਾ ਵੇਖ ਲਿਆ ਪਰ ਕਿਧਰੇ ਕੁਝ ਵੀ ਨਹੀਂ। ਮੈਕੇਯਰ ਜਿਸ ਕਮਰੇ ਵਿਚ ਬੰਦ ਸੀ ਓਹ ਕੋਠੜੀ ਵੀ ਤੇ ਪੈਹਰਾ ਵੀ ਠੀਕ ਸੀ। ਕੋਠੜੀ ਦੀਆਂ ਕੰਧਾਂ ਵੀ ਠੀਕ ਸਨ, ਪੈਹਰੇਦਾਰ ਨੂੰ ਪੁਛਣ ਤੋਂ ਪਤਾ ਲਗਾ ਕਿ ਸੜਕ ਪਰ ਕਿਸੇ ਨੇ ਬੰਦੂਕ ਛਡੀ ਹੈ ਪਰ ਕਿਸਨੇ ਛੱਡੀ ਹੈ, ਇਸਦਾ ਕੁਝ ਪਤਾ ਨਹੀਂ। ਮੈਂ ਇਕ ਬਲਵਾਨ ਆਦਮੀ ਨੂੰ ਬਾਹਰ ਭੇਜਿਆ ਕਿ ਜਾਕੇ ਵੇਖ ਕੋਈ ਆਦਮੀ ਤਾਂ ਲੁਕਿਆ ਹੋਇਆ ਨਹੀਂ ? ਪਰ ਓਸ ਨੇ ਮੁੜਕੇ ਆਕੇ ਕਿਹਾ ਕਿ ਬਾਹਰ ਕੋਈ ਵੀ ਕਿਧਰੇ ਨਹੀਂ, ਸੜਕ ਉੱਤੇ ਵੀ ਚੁਪ ਹੈ, ਲਾਚਾਰ ਫੇਰ ਮੈਂ ਆਪਣੇ ਕਮਰੇ ਵਿਚ ਜਾਕੇ ਸੌਂ ਗਿਆ। ਕਿਤਨੀ ਦੇਰ ਤਕ ਸੁਤਾ ਇਹ ਕੁਝ ਯਾਦ ਨਹੀਂ। ਪਰ ਕਰੀਬਨ ੩ ਬਜੇ ਮੇਰੀ ਨੀਂਦ ਅਚਾਨਕ ਖੁਲ੍ਹ ਗਈ। ਓਸ ਵੇਲੇ ਹੀ ਬਾਹਰੋਂ ਕਿਸੇ ਨੇ ਜ਼ੋਰ ਨਾਲ ਬੂਹੇ ਨੂੰ ਧੱਕਾ ਦਿਤਾ ਤੇ ਮੈਂ ਘਬਰਾ ਕੇ ਪੁਛਿਆ—ਕੌਣ ਹੈ?।

ਜਵਾਬ ਵਿਚ ਇਕ ਆਦਮੀ ਨੇ ਜ਼ੋਰ ਨਾਲ ਕਿਹਾ—ਛੇਤੀ ਬਾਹਰ ਆਓ ! ਅਸਾਮੀ ਨੱਠ ਗਿਆ ॥

ਓਸਦੀ ਆਵਾਜ਼ ਤੋਂ ਮਾਲੂਮ ਹੋਇਆ ਕਿ ਆਪਣਾ ਨੌਕਰ ਲਛਮਣ ਹੈ। ਮੈਂ ਛੇਤੀ ਨਾਲ ਬਾਹਰ ਨਿਕਲਿਆ ਠੀਕ ਇਸੇ ਵਲੇ ਸੜਕ ਉਤੇ ਕਈ ਆਦਮੀ "ਅਸਾਮੀ" ਨੱਠ ਗਿਆ ! ਆਖਕੇ ਰੌਲਾ ਪਾਣ ਲਗੇ ਤੇ ਏਧਰ ਓਧਰ ਦੌੜਨ ਲਗੇ। ਮੈਂ ਮੈਕੇਯਰ ਵਾਲੀ ਕੋਠੜੀ ਦੇ ਬੂਹੇ ਉਤੇ ਜਾਕੇ ਵੇਖਿਆ ਤਾਂ ਪੈਹਰਾ ਠੀਕ ਸੀ। ਫਿਰ ਅਸਾਮੀ ਕਿਸ ਤਰਾਂ ਨੱਠ ਗਈ ? ਓਸ ਵੇਲੇ ਸੜਕ ਉਤੋਂ ਲਛਮਣ ਦਾਸ ਨੇ ਮੈਨੂੰ ਜ਼ੋਰ ਨਾਲ ਕਿਹਾ—ਹਜ਼ੂਰ ਬੂਹਾ ਖੋਲ੍ਹਕੇ ਵੇਖੋ ਅਸਾਮੀ ਹੈ ਕਿ ਨਹੀਂ ? ॥

ਮੈਂ ਝਟ ਬੂਹਾ ਖੋਲ੍ਹਕੇ ਵੇਖਿਆ ਤਾਂ ਮੈਕੇਖਰ ਕੋਠੜੀ ਵਿਚ ਕੋਈ ਨਹੀਂ ! ਬੇਸ਼ੱਕ ਹੀ ਨੱਠ ਗਿਆ । ਇਸ ਵੇਲੇ ਫੇਰ ਲਛਮਨ ਦਾਸ ਨੇ ਮੈਨੂ ਫੇਰ ਆਵਾਜ਼ ਦਿਤੀ "ਹਜ਼ੂਰ" ਇਧਰ ਆਓ ਅਸਾਮੀ ਫੜਿਆ ਗਿਆ ? ॥

ਮੈਂ ਆਪਣੇ ਮਨੁਖਾਂ ਨੂ ਨਾਲ ਲੈਕੇ ਝਟ ਸੜਕ ਉਤੇ ਗਿਆ ਪਰ ਓਥੇ ਕੋਈ ਵੀ ਨਹੀਂ। ਮੈਂ ਲਛਮਨ ! ਲਛਮਨ !! ਆਖਕੇ ਕਈ ਵਾਰੀ ਸਦਿਆ ਪਰ ਜਵਾਬ ਵਿਚ ਕਿਸੇ ਨੇ ਕਿਹਾ—ਅਰੇ ਬੇਵਕੂਫ ! ਤੇਰਾ ਲਛਮਨ ਕਹਾਂ ਹੈ ? ॥

ਪਹਿਲਾਂ ਤਾਂ ਇਹ ਸਾਰੀ ਗਲ ਮੈਨੂ ਭੂਤਾਂ ਦਾ ਖੇਲ ਮਾਂਲੂਮ ਹੋਈ ਪਰ ਅਬਦੁਲੇ ਦੀ ਆਵਾਜ ਸੁਣਕੇ ਮੇਰੀ ਭਰਮਦੀ ਨੀਂਦ ਟੁੱਟ ਗਈ। ਮੈਂ ਸਮਝ ਗਿਆ ਕਿ ਬਦਸਾਬ਼ ਅਬਦੁਲੇ ਨੇ ਮੈਨੂੰ ਭਾਰੀ ਧੋਖਾ ਦਿਤਾ ਹੈ। ਇਹ ਵੇਖ ਮੈਂ ਸੋਚਣ ਲਗਾ ਕਿ ਮੈਕੇਖਰ ਤਾਂ ਨੱਠ ਗਿਆ ਹੁਣ ਮੈਨੂ ਕੀ ਕਰਨਾ ਚਾਹੀਦਾ ਹੈ ? ਮੈਂ ਲਛਮਨ ਦਾਸ ਨੂ ਸਦਿਆ। ਓਹ ਸੁਤਾ ਪਿਆ ਸੀ। ਅੱਖਾਂ ਮਲਦਾ ਮੇਰੇ ਅੱਗੇ ਆ ਖਲੋਤਾ। ਮੈਂ ਪੁਛਿਆ ਲਛਮਣ ! ਤੂੰ ਹੁਣ ਤਕ ਕਿਥੇ ਸੀ ? ਕੈਦੀ ਨੱਠ ਗਿਆ ਤੂੰ ਓਸਦੀ ਬਾਬਤ ਕੁਝ ਜਾਣਦਾ ਹੈਂ ?।

ਲਛਮਨ [ਅਸਚਰਜ ਹੋਕੇ] ਨਹੀਂ ਜੀ ਮੈਨੂ ਤਾਂ ਪਤਾ ਕੋਈ ਨਹੀਂ। ਮੈਂ ਹੁਣੇ ਆਪਦੀ ਅਵਾਜ ਸੁਣਕੇ ਹੀ ਉਠਿਆ ਹਾਂ। ਅਧ ਨੀਂਦ ਵਿਚ ਮੈਨੂ ਮਾਲੂਮ ਹੋਇਆ ਸੀ ਕਿ ਹੇਠਾਂ ਕੁਝ ਰੌਲਾ ਪਿਆ ਹੈ।ਪਰ ਮੈਂ ਉਠ ਨਹੀਂ ਸਕਿਆ॥

ਲਛਮਨ ਦਾ ਜਵਾਬ ਸੁਣਕੇ ਮੈਂ ਅਚਰਜ ਹੀ ਰਹਿ ਗਿਆ।ਕਿ ਅਬਦੁਲੇ ਨੇ ਹੀ ਲਛਮਣ ਦੇ ਅਵਾਜ ਦੀ ਨਕਲ ਕਰਕੇ ਇਨਾਂ ਕੁਝ ਕੀਤਾ ਹੈ। ਹਦ ਤਾਂ ਜਿਸ ਵੇਲੇ ਮੈਂ ਮੈਕੇ-

ਘਰਦੀ ਕੋਠੜੀ ਦਾ ਬੂਹਾ ਖੋਲਿਆ ਸੀ ਓਸ ਵੇਲੇ- ਓਹ ਓਥੇ ਹੀ ਸੀ। ਪਰ ਅੰਦਰ ਖਾਲੀ ਕਿਉਂ ਸੀ ? ਸ਼ਾਇਦ ਬੂਹੇ ਦੀ ਓਟ ਵਿਚ ਜਾ ਖੜਾ ਹੋਇਆ ਹੋਵੇਗਾ। ਓਧਰ ਓਸ ਅਬਦੁਲੇ ਨੇ ਲਛਮਣਦੀ ਆਵਾਜ ਦੀ ਨਕਲ ਕਰਕੇ ਮੈਨੂੰ ਕਿਹਾ ਅਸਾਮੀ ਫੜ ਲਿਆ ਹ ਮੈਂ ਓਧਰ ਗਿਆ ਤੇ ਮੈਕੇਯਰ ਨੱਠ ਗਿਆ। ਖੂਬ! ਜਾਲ ਵਿਚ ਫਸਿਆ ਪੰਖੀ ਇਸਤਰਾਂ ਉਡ ਗਿਆ, ਹੁਣ ਓਸਦਾ ਫੜਨਾ ਬਹੁਤ ਔਖਾ ਹੈ। ਮੈਂ ਸੋਚਣ ਲਗਾ ਕਿ ਹੁਣ ਕੀ ਕੀਤਾ ਜਾਵੇ॥

ਦੂਜੇ ਦਿਨ ਸਵੇਰੇ ਮੈਂ ਕਾਨਪੁਰ ਦੇ ਕਿਲੇ ਵਿਚ ਜਾਕੇ ਜਰਨਲ "ਹੇ" ਨੂ ਮਿਲਿਆ। ਓਹਨਾਂ ਮੈਨੂ ਦੋ ਦਿਨ ਤਕ ਨਾਂ ਮਿਲਣ ਦਾ ਕਾਰਨ ਪੁਛਿਆ, ਮੈਂ ਉਨ੍ਹਾਂ ਨੂ ਸਾਰੇ ਹਾਲ ਸੁਨਾਏ ਫੇਰ ਮੈਂ ਉਨਾਂ ਪਾਸੋਂ ਪੁਛਿਆ ਕਿ "ਤੁਹਾਡੀ ਪਲਟਨ ਵਿਚ ਕੋਈ ਮੈਕੇਯਰ ਸਿਪਾਹੀ ਭੀ ਹੈ ?"॥

ਜਰਨਲ--ਨਹੀਂ! ਮੈਕੇਯਰ ਨਾਮਦਾ ਤਾਂ ਕੋਈ ਨਹੀਂ ਪਰ ਰਾਬਰਟ ਕਪਤਾਨ ਕਲ ਸ਼ਾਮ ਦਾ ਗੁਮ ਹੈ॥

ਇਹ ਸੁਣਕੇ ਮੈਂ ਓਨਾਂ ਪਾਸੋਂ ਫੌਜ ਦਾ ਐਲਬਮ ਮੰਗਵਾਯਾ। ਓਸ ਵਿਚ ਫੌਜ ਦੇ ਅਫਸਰਾਂ ਤੇ ਸਿਪਾਹੀਆਂ ਸਭਨਾਂ ਦੀਆਂ ਤਸਵੀਰਾਂ ਸਨ। ਇਕ ਤਸਵੀਰ ਨੂੰ ਵੇਖਕੇ ਮੈਂ ਕਿਹਾ--ਲਓ! ਇਹੋ ਤਾਂ ਮੈਕੇਯਰ ਹੈ ?॥

ਜਰਨਲ 'ਹੇ" ਨੇ ਮੇਰੀ ਗਲ ਸੁਣਕੇ ਆਖਿਆ--ਹੈਂ! ਇਹ ਕਿਸਤਰਾਂ ? ਇਹੋ ਕਪਤਾਨ ਤਾਂ ਮੇਰੀ ਫੌਜ ਦਾ ਬਹੁਤ ਭਰੋਸੇ ਵਾਲਾ ਤੇ ਬਲਵਾਨ ਆਦਮੀ ਹੈ। ਇਸ ਨੇ ਸਰਕਾਰ ਪਾਸੋਂ ਸਾਰਟੀਫਿਕੇਟ ਲਏ ਹੋਏ ਨੇ ? ਕਲ ਸ਼ਾਮ ਨੂੰ ਓਸਦੇ ਨਾਂ ਮੁੜਨ ਪਰ ਦਸ ਘੁੜਸਵਾਰ ਢੂੰਡਣ ਲਈ ਮੈਂ ਭਜੇ ਸਨ॥

ਮੈਂ ਕਿਹਾ– ਜਨਾਬ ! ਓਹ ਫਰਾਂਸ ਦਾ ਪ੍ਰਸਿੱਧ ਡਾਕੂ ਹੈ । ਕਿਤਨੇ ਹੀ ਖ਼ੂਨ, ਚੋਰੀਆ, ਤੇ ਡਕੈਤੀਆਂ ਕਰਕੇ ਓਹ ਓਥੋਂ ਨੱਠ ਆਇਆ ਹੈ । ਅਤੇ ਇਥੇ ਵੀ ਸਰਕਾਰੀ ਨੌਕਰੀ ਵਿਚ ਰਹਿਕੇ ਅੰਗਰੇਜ਼ੀ ਰਾਜਦੇ ਬਰਖਿਲਾਫ ਬਹੁਤ ਜਾਲ ਸਾਜ਼ੀਆਂ ਕਰ ਰਿਹਾ ਹੈ । ਮੈਂ ਕਲ ਰਾਤੀਂ ਇਸਨੂੰ ਗਰਿਫ ਤਾਰ ਕੀਤਾ ਸੀ ਇਸਨੂ ਗਰਿਫਤਾਰ ਕਰਨ ਵੇਲੇ ਅਬਦੁਲਾ ਨਾਮੇਂ ਇਸਦੇ ਇਕਸਾਥੀ ਨੇ ਪੁਲਿਸ ਦੇ ਦੋਮਨੁਖਾਂ ਨੂ ਭਾਰੀ ਜ਼ਖਮੀ ਕੀਤਾ ਤੇ ਇਕਨੂ ਮੂਲੋਂ ਹੀ ਮਾਰ ਸੁਟਿਆ ਹੈ । ਹੁਣ ਕੀ ਕਰਨਾ ਚਾਹੀਦਾ ਹੈ ਇਸਦੀ ਬਾਬਤ ਸਲਾਹ ਕਰਨ ਲਈ ਹੀ ਮੈਂ ਆਪ ਪਾਸ ਆਇਆ ਹਾਂ ॥

ਇਹ ਸੁਣਕੇ ਜਰਨਲ ਨੇ ਕਿਹਾ–"ਰਾਬਰਟ" ਇਕ ਖ਼ੂਨੀ ਆਦਮੀਹੈਇਹ ਮੈਂ ਪਹਿਲਾਂ ਨਹੀਂ ਜਾਣਦਾਸਾਂਕਿਉਂਕੇ ਓਹ ਸਭਨਾਂ ਨਾਲ ਬਹੁਤ ਚੰਗਾ ਵਰਤਾਓ ਕਰਦਾ ਸੀ, ਇਸ ਕਰਕੇ ਓਸਦੇ ਚਾਲ ਚਲਨ ਉਤੇ ਮੈਨੂ ਕੋਈ ਵੀ ਸ਼ੱਕ ਨਹੀਂ ਸੀ । ਹੁਣ ਆਪ ਦੀਆਂ ਗਲਾ ਤੋਂ ਮਾਲੂਮ ਹੁੰਦਾ ਹੈ ਕਿ ਓਹ ਇਕ ਵੱਡਾ ਭਯਾਨਕ ਆਦਮੀ ਹੈ ਇਸ ਲਈ ਜਿਥੋਂ ਤਕ ਹੋ ਸਕੇ ਓਸਨੂ ਛੇਤੀ ਗ੍ਰਿਫਤਾਰ ਕਰਨਾਂ ਚਾਹੀਦਾ ਹੈ ਪਰ ਕਿਸਤਰਾਂ ਓਹ ਫੜਿਆ ਜਾਵੇ ਇਸਦੇ ਲਈ ਮੈਥੋਂ ਵੱਧਕੇ ਆਪ ਹੀ ਸੋਚ ਸਕਦੇ ਹੋ । ਇਸ ਲਈ ਓਸਦੇ ਫੜਨ ਦਾ ਬੰਦੋਬਸਤ ਆਪ ਹੀ ਕਰੋ ॥

ਜਨਰਲ 'ਹੇ' ਪਾਸੋਂ ਹੋਰ ਕੁਝ ਪੁਛਣਾ ਬਿਰਥਾ ਸਮਝ ਮੈਂ ਓਥੋਂ ਚਲ ਪਿਆ ਤੇ ਮੈਕੇਯਰ ਦਾ ਫੋਟੋ ਲੈਂਦਾ ਆਯਾ । ਮਕਾਨ ਉਤੇ ਪਹੁੰਚਕੇ ਵੇਖਿਆ ਤਾਂ ਇੰਸਪੈਕਟਰ ਡੇਵਿਸ ਬੈਠਾ ਹੋਯਾ ਹੈ । ਓਹ ਮੈਨੂੰ ਵੇਖਕੇ ਖੜਾ ਹੋਗਿਆ ਮੈਂ ਓਸਨੂੰ ਆਦਰ ਨਾਲ ਬਿਠਾਕੇ ਮੈਕੇਯਰ ਦੇ ਰਾਤੀ ਨਠ

ਜਾਣ ਦੀ ਗਲ ਓਸਨੂੰ ਦੱਸੀ। ਓਸਨੇ ਕੁਝ ਦੇਰ ਤਕ ਸੋਚਕੇ ਕਿਹਾ —ਮੇਰੇ ਖਿਆਲ ਵਿਚ ਇਹ ਆਂਵਦਾ ਹੈ ਕਿ ਪੇਹਲਾਂ ਮਕੇਯਰ ਨੂੰ ਨਾ ਫੜਕੇ ਅਬਦੁਲੇ ਨੂੰ ਫੜਨਾਂ ਚਾਹੀਦਾ ਹੈ॥ ਕਿਉਂਕਿ ਇਸ ਵੇਲੇ ਓਹੋ ਵੱਡਾ ਖੂਨੀ ਹੈ। ਓਸਦੇ ਵਿਰੁਧ ਗਵਾਹੀਆਂ ਦੇਣ ਲਈ ਵੀ ਇਸ ਵੇਲੇ ਬਹੁਤ ਸਾਰੇ ਆਦਮੀ ਹਨ। ਪਰ ਮੈਕੇਯਰ ਇਕ ਅਪਰਾਧੀ ਹੋਣ ਪਰ ਵੀ ਓਸਦੇ ਵਿਰੁਧ ਇਸ ਵੇਲੇ ਕੋਈ ਗਵਾਹ ਨਹੀਂ। ਸੋ ਮੈਕੇਯਰ ਨੂੰ ਫੜਕੇ ਸਜ਼ਾ ਦੇਣੀ ਔਖੀ ਹੈ। ਅਬਦੁਲਾ ਓਸਦਾ ਵੱਡਾ ਸਾਥੀ ਹੈ, ਓਸਨੂੰ ਫੜਨ ਪੁਰ ਮੈਕੇਯਰ ਨੂੰ ਫੜਨਾਂ ਵੀ ਸੌਖਾ ਹੋਜਾ-ਵੇਗਾ। ਕਲ ਤੁਸੀਂ ਜੇਕਰ ਮੈਕਯਰ ਨੂੰ ਨਾਂ ਫੜ ਅਬਦੁਲੇ ਨੂੰ ਫੜਦੇ ਤਾਂ ਸਬ ਕੰਮ ਠੀਕ ਹੋਜਾਂਦਾ। ਹੁਣ ਆਪ ਅਬਦੁਲੇ ਬਦਮਾਸ਼ ਨੂੰ ਹੀ ਫੜਨ ਲਈ ਖੂਬ ਕੋਸ਼ਿਸ਼ ਕਰੋ।

ਇੰਸਪੇਕਟਰ ਡੇਵਿਸ ਦੀ ਗਲ ਮੇਰੇ ਦਿਲ ਵਿਚ ਬੈਠ ਗਈ। ਓਸਦੀਆਂ ਗਲਾਂ ਤੋਂ ਮੈਨੂੰ ਮਲੂਮ ਹੋਗਿਆ ਕਿ ਇੰਸਪੇਕਟਰ ਇਕ ਬੁਧਵਾਨ ਤੇ ਦੂਰਦੇਸ਼ ਮਨੁਖ ਹੈ। ਇਸਤਰਾਂ ਦੀਆਂ ਬਹੁਤ ਸਾਰੀਆਂ ਗਲਾਂ ਕਰਕੇ ਡੇਵਿਸ ਚਲ ਪਿਆ। ਜਾਣ ਵੇਲੇ ਮੈਂ ਓਸਤੋਂ ਪੁਛਿਆ "ਕੀ ਆਪਨੇ ਓਸ ਸਿਪਾਹੀ ਦਾ ਪਤਾ ਕੀਤਾ ਜੋ ਗੁਮ ਸੀ"?

ਓਸਨੇ ਵਡੇ ਅਫਸੋਸ ਨਾਲ ਜਵਾਬ ਦਿਤਾ—ਓਸਦੀ ਵੀ ਬਹੁਤ ਦੁਰਦਸ਼ਾ ਹੋਈ ਹੋਈ ਹੈ। ਦੋ ਛਤੇ ਮਕਾਨ ਤੋਂ ਡਿਗਣ ਦੇ ਕਾਰਣ ਓਸਦੀ ਇਕ ਲਤ ਤੇ ਇਕ ਹਥ ਟੁਟ ਗਿਆ ਹੈ। ਮੈਂ ਓਸਤੋਂ ਜਦ ਓਸਦੇ ਡਿਗਣ ਦਾ ਕਾਰਣ ਪੁਛਿਆਂ ਤਾਂ ਓਸਨੇ ਕਿਹਾ ਮੈਨੂੰ ਅਬਦੁੱਲੇ ਨੇ ਧੱਕਾ ਦਿਤਾ ਹੈ। ਪਰ ਮੈਨੂੰ ਮਲੂਮ ਹੁੰਦਾ ਹੈ ਕਿ ਨਠਣ ਵੇਲੇ ਓਹ ਆਪ ਹੀ ਡਿਗ ਪਿਆ ਹੈ। ਖੈਰ ਓਸਦੀ ਜਾਨ ਬਚ ਗਈ ਹੈ॥

ਇਹ ਕੈਂਹਦਾ ਇੰਸਪੈਕਟਰ ਡੇਵਿਸ ਚਲਿਆ ਗਿਆ ।

ਮੈਂ ਕੁਝ ਦੇਰ ਅਰਾਮ ਕਰਕੇ ਤਾਰ ਘਰ ਗਿਆ । ਓਨੀ ਦਿਨੀ ਕਾਨਪੁਰ ਵਿਚ ਤਾਰ ਘਰ ਅਜੇ ਨਵਾਂ ਹੀ ਖੁਲਿਆ ਸੀ । ਓਸ ਵੇਲੇ ਆਮ ਲੋਕਾਂ ਦੀਆਂ ਤਾਰਾਂ ਨਹੀਂ ਜਾਂਦੀਆਂ ਸਨ । ਸਿਰਫ ਸਰਕਾਰੀ ਖਬਰਾਂ ਜਾਂਦੀਆਂ ਸਨ । ਮੈਂ ਤਾਰ ਘਰ ਦੇ ਅਫਸਰ ਨੂੰ ਜਾਕੇ ਅਪਣੀ ਪਛਾਣ ਕਰਾਈ ਤੇ ਕਿਹਾ ਮੈਂ ਲਾਰਡ ਕਨਿੰਗ ਨੂੰ ਇਕ ਜਰੂਰੀ ਖਬਰ ਭੇਜਨੀ ਹੈ । ਪੈਹਲਾਂ ਤਾਂ ਓਹ ਮੈਨੂੰ ਚੰਗੀਤਰਾਂ ਨਾ ਪਛਾਣ ਸਕਣ ਦੇ ਕਾਰਣ ਰਾਜੀ ਨ ਹੋਯਾ ਪਰ ਫੇਰ ਮੈਂ ਓਸਨੂੰ ਕਿਹਾ ਕਿ ਤੁਸੀ ਜਨਰਲ 'ਹੇ' ਨੂੰ ਚਿਠੀ ਲਿਖਕੇ ਮੇਰੀ ਬਾਬਤ ਪੁਛ ਲਓ । ਓਸਨੇ ਇਸਤਰਾਂ ਕੀਤਾ ਕਰੀਬ ੧੫ ਮਿੰਟਾਂ ਪਿਛੋਂ ਓਸਦਾ ਜਵਾਬ ਭੀ ਆ ਗਿਆ । ਹੁਣ ਓਹ ਤਾਰ ਭੇਜਣ ਲਈ ਰਾਜੀ ਹੋਯਾ । ਮੈਂ ਲਾਰਡ ਕੈਨਿੰਗ ਨੂੰ ਹੇਠ ਲਿਖੀ ਖਬਰ ਭੇਜੀਃ—

ਰਾਬਰਟ ਮੈਕੇਯਰ ਨਾਮੇ ਇਕ ਫਰਾਂਸੀਸੀ ਡਾਕੂ ਅਪ-ਣਾ ਨਾਮ ਬਦਲਾਕੇ ਅੰਗ੍ਰੇਜ਼ੀ ਫੌਜ ਵਿਚ ਕਪਤਾਨੀ ਦੇ ਓਹਦੇ ਉਤੇ ਕੰਮ ਕਰਦਾ ਸੀ । ਓਹ ਵੱਡਾ ਬਦਮਾਸ਼ ਹੈ ਹਿੰਦੁਸਤਾਨ ਵਿਚ ਫਰਾਂਸੀਸੀ ਰਾਜ ਕਾਇਮ ਕਰਨ ਲਈ ਕਈਤਰਾਂ ਦੀਆਂ ਜਾਲਸਾਜੀਆਂ ਕਰ ਰਿਹਾ ਹੈ । ਬਿਠੂਰ ਦੇ ਨਾਨਾ ਸਾਹਿਬ ਤੇ ਤਾਂਤੀਆ ਟੋਪੀ ਉਸਦੇ ਵਡੇ ਸਹਾਯਕ ਹਨ । ਕਲ ਰਾਤੀਂ ਮੈਂ ਓਸਨੂੰ ਗ੍ਰਿਫਤਾਰ ਕੀਤਾ ਸੀ । ਪਰ ਅਬਦੁਲਾ ਨਾਮੇ ਇਕ ਸਾਥੀ ਦੀ ਮਦਦ ਨਾਲ ਓਹ ਫੇਰ ਨਠ ਗਿਆਹ । ਸਾਨੂੰ ਗ੍ਰਿਫਤਾਰ ਕਰਨ ਵੇਲੇ ਅਬਦੁਲੇ ਨੇ ਪੁਲਿਸ ਦੇ ਦੋ ਆਦਮੀ ਜ਼ਖਮੀ ਕੀਤੇ ਤੇ ਇਕ ਨੂੰ ਮਾਰ ਦਿਤਾ ਜਾ । ਆਪ

ਦੇਦੂ ਨਗਰ ਦੀ ਫਰਾਂਸੀਸੀ ਸਰਕਾਰਪਾਸੋਂਓਸਦੀ ਗ੍ਰਿਫਤਾਰੀ ਦਾ ਪਰਵਾਨਾ ਲਕੇ ਛੇਤੀ ਮੇਰੇ ਪਾਸ ਭੇਜ ਦਿਓ ਤੇ ਇਹ ਵੀ ਲਿਖੋ ਕਿ ਫਰਾਂਸ ਵਿਚ ਮੈਕੇਯਰ ਨਾਉਂ ਦਾ ਕੋਈ ਡਾਕੂ ਸੀ ਕਿ ਨਹੀਂ ॥

ਤਾਰ ਭੇਜਕੇ ਮੈਂ ਜੇਮਸ ਵਿਲਸਨ ਨਾਮੇਂ ਇਕ ਅੰਗਰੇਜ਼ ਫੋਟੋਗ੍ਰਾਫਰ ਦੀ ਦੁਕਾਨ ਉਤੇ ਗਿਆ । ਮੈਂ ਓਸਨੂੰ ਮੈਕੇਯਰ ਦੀ ਤਸਵੀਰ ਦੀਆਂ ਦੋ ਦਰਜਨ ਕਾਪੀਆਂ ਬਨਾ ਦੇਣ ਲਈ ਕਿਹਾ । ਅਤੇ ਇਹ ਵੀ ਕਿਹਾ ਕਿ ਜੇਕਰ ਆਪ ਬਹੁਤ ਜਲਦੀ ਬਣਾਕੇ ਦੇਓ ਤਾਂ ਨਿਯਤ ਰਕਮ ਨਾਲੋਂ ਦਸ ਰੁਪਯੇ ਆਪ ਨੂੰ ਵੱਧ ਦਿਤੇ ਜਾਣਗੇ । ਓਸਨੇ ਦੂਜੇ ਦਿਨ ਦੇਣ ਦਾ ਵਾਇਦਾ ਕੀਤਾ ਤੇ ਮੇਰਾ ਪਤਾ ਲਿਖ ਲਿਆ । ਫੇਰ ਮੈਂ ਅਪਣੇ ਮਕਾਨ ਉਤੇ ਮੁੜ ਆਯਾ ਤੇ ਹੇਲਨਾ ਨੂੰ ਖਬਰਦਾਰ ਰੇਹਣ ਲਈ ਹੇਠਲੀ ਚਿਠੀ ਲਿਖੀ ।

"ਹੇਲਨਾ ! ਮੈਕੇਯਰ ਨਠ ਗਿਆ ਹੇ । ਕਲ ਰਾਤੀ ਅਬਦੁਲੇ ਨੇ ਪੁਲਸ ਦੇ ੩ ਮਨੁਖਾਂ ਨੂੰ ਜ਼ਖਮੀ ਕੀਤਾ ਤੇ ਇਕ ਨੂੰ ਮਾਰ ਦਿਤਾ ਹੈ । ਤੂੰ ਅਪਣੇ ਪਿਤਾ ਨੂੰ ਆਖ ਦੇਹ ਕਿ ਓਹ ਹੁਣ ਓਸ ਨਾਲ ਬਿਲ ਕੁਲ ਸੰਬੰਧ ਨਾ ਰੱਖਣ, ਕਿਉਂਕਿ ਹੁਣ ਓਹ ਦੋਵੇਂ ਖ਼ੂਨੀ ਬੰਦੇ ਹਨ । ਤੂੰ ਵੀ ਖੂਬ ਸਾਵਧਾਨ ਰਹੀ ਕਿਉਂਕਿ ਮੈਕੇਯਰ ਤੇਰੇ ਉਤੇ ਬਹੁਤ ਗੁਸੇ ਹੈ । ਮੈਂ ਦੋਹਾਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਵਿਚ ਹਾਂ ।

ਕਰੀਬ ੧ ਘੰਟੇ ਪਿਛੋਂ ਚਿਠੀ ਦੇ ਜਵਾਬ ਵਿਚ ਹੇਲਨਾ ਨੇ ਇਹ ਲਿਖਿਆ —

"ਸਰਦਾਰ ਜੀ । ਕ੍ਰਿਪਾ ਕਰਕੇ ਆਪ ਤੀਜੇ ਪੇਹਰ ਮੈਨੂੰ ਜ਼ਰੂਰ ਆਕੇ ਮਿਲੋ ।— ਹੇਲਨਾ ॥

ਮੈਂ ਚਾਰ ਵਜੇ ਸ਼ਾਮ ਦੇ ਗਾਰਡਨ ਦੇ ਮਕਾਨ ਉਤੇ ਗਿਆ ਬਾਹਰ ਵਾਲੇ ਕਮਰੇ ਵਿਚ ਹੀ ਹੇਲਨਾ ਮੇਰਾ ਰਾਹ ਵੇਖ ਰਹੀ ਸੀ। ਓਹ ਮੈਨੂੰ ਦੂਰੋਂ ਵੇਖਕੇ ਹੀ ਮੇਰੇ ਪਾਸ ਦੌੜੀ ਆਈ। ਹਥ ਫੜਕੇ ਹੰਝੂ ਕੇਰਦੀ ਹੋਈ ਬੋਲੀ– "ਸਰਦਾਰ ਜੀ, ਮੇਰੇ ਪਿਤਾ ਨੂੰ ਬਚਾਓ। ਜੇਕਰ ਮੈਂ ਤੁਹਾਡੇ ਨਾਲ ਕਦੇ ਭਲਾਈ ਕੀਤੀ ਹੈ। ਤਾਂ ਓਸਦੇ ਬਦਲੇ ਆਪ ਮੇਰੇ ਪਿਤਾ ਨੂੰ ਜੀਵਨ ਦਿਓ।

ਇਕ ਛੋਟੀ ਉਮਰ ਦੀ ਲੜਕੀ ਮੈਥੋਂ ਅਪਣੇ ਪਿਤਾ ਦੇ ਜੀਵਨ ਦਾਨ ਦੀ ਭਿਛਿਆ ਮੰਗ ਰਹੀ ਹੈ। ਇਹ ਪਵਿਤ੍ਰ ਦ੍ਰਿਸ਼ਯ ਵੇਖਕੇ ਮੈਂ ਵੀ ਸਥਿਰ ਨਾ ਰਿਹਾ। ਮੇਰੀਆਂ ਅਖਾਂ ਵ੍ਰਿਚੋਂ ਵੀ ਹੰਝੂ ਕਿਰ ਪਏ। ਮੈਂ ਵਡੀ ਕਠਨਾਈ ਨਾਲ ਅਪਣੇ ਆਪ ਨੂੰ ਸੰਭਾਲਿਆ ਤੇ ਲੜਕੀ ਨੂੰ ਦਿਲਾਸਾ ਦੇਂਦਿਆਂ ਕਿਹਾ–"ਪਿਆਰੀ ਹੇਲਨਾ ਰੋ ਨਹੀਂ, ਮੈਂ ਤੇਰੇ ਨਾਲ ਇਹ ਇਕਰਾਰ ਕਰਦਾ ਹਾਂ ਕਿ ਮੈਂ ਤੇਰੇ ਪਿਤ ਦਾ ਗੁਪਤ ਭੇਤ ਪ੍ਰਗਟ ਕਰਕੇ ਕਦੇ ਵੀ ਬੁਰਾ ਨਹੀਂ ਕਰਾਂਗਾ। ਭਾਵੇਂ ਓਨਾਂ ਦੀ ਗੱਲ ਮੈਨੂੰ ਮਲੂਮ ਹੋਗਈ ਹੈ ਪਰ ਓਹ ਮੇਰੇ ਦਿਲ ਵਿਚ ਹੀ ਰਹੇਗੀ। ਕਿਉਂਕਿ ਤੈਂ ਵੀ ਮੈਨੂੰ ਜੀਵਨ ਦਿਤਾ ਹੈ ਤੇ ਜਾਨ ਬਚਾਈ ਹੈ ਇਸ ਲਈ ਤੇਰਾ ਮੂੰਹ ਵੇਖਕ ਹੀ ਮੈਂ ਓਨਾਂ ਗੱਲਾਂ ਨੂੰ ਭੁਲ ਗਿਆ ਹਾਂ ਤੇ ਯਾਦ ਰਖ ਮੈਂ ਕਦੇ ਮੂੰਹੋ ਨਹੀਂ ਕਢਾਂਗਾ। ਤੂੰ ਵਿਸ਼ਵਾਸ ਰਖ ਮੇਰੇ ਰਾਹੀਂ ਤੇਰੇ ਪਰਵਾਰ ਦੀ ਭਲਾਈ ਹੀ ਹੋਵੇਗੀ ਬੁਰਾਈ ਕਦੇ ਨਹੀਂ।"

ਹੇਲਨਾ ਮੇਰੀ ਗਲ ਸੁਣਕੇ ਸ਼ਾਂਤ ਹੋਗਈ। ਓਸਨੇ ਕੁਰਸੀ ਖਿੱਚਕੇ ਮੈਨੂੰ ਬੈਠਣ ਲਈ ਕਿਹਾ। ਜਦ ਮੈਂ ਬੈਠ ਗਿਆ ਤਾਂ ਓਸਨੇ ਫੇਰ ਕਿਹਾ–"ਮੈਨੂੰ ਭਰੋਸਾ ਹੈ ਆਪ ਮੇਰੇ ਪਿਤਾ ਦੀ ਕਦੇ ਬੁਰਾਈ ਨਹੀਂ ਕਰੋਗੇ। ਪਰ ਇਕ ਬੇਨਤੀ ਹੋਰ ਭੀ ਹੈ। ਓਹ ਇਹ ਕਿ ਮੇਕੇਯਰ ਯਾ ਅਬਦੁਲੇ ਨੂੰ

ਗ੍ਰਿਫਤਾਰ ਕਰਨ ਪਰ ਓਨਾਂ ਦਾ ਕਸੂਰ ਸਾਬਿਤ ਕਰਨ ਲਈ ਆਪ ਮੈਨੂੰ ਯਾ ਮੇਰੇ ਪਿਤਾ ਨੂੰ ਕਦੇ ਨਹੀਂ ਸਦੋਗੇ!"

ਇਹ ਸੁਣਕੇ ਮੈਂ ਕਿਹਾ—"ਹੇਲਨਾ, ਭਾਵੇਂ ਤੁਹਾਡੀ ਗਵਾਹੀ ਨਾਲ ਓਨਾਂ ਦਾ ਕਸੂਰ ਬਹੁਤਛੇਤੀਸਾਬਿਤ ਹੋਜਾਂਦਾ, ਪਰ ਤੇਰੇ ਕੇਹਣੇ ਪਰ ਮੈਂ ਇਹ ਵੀ ਇਕਰਾਰ ਕਰਦਾ ਹਾਂ ਕਿ ਤੁਸਾਂਨੂੰ ਮੈਂ ਨਹੀਂ ਸਦਾਂਗਾ।

ਹੇਲਨਾ—(ਇਕ ਠੰਡਾ ਹਾਹੁਕਾ ਭਰਕੇ) ਕਲ ਤੋਂ ਮੇਰੇ ਪਿਤਾ ਨੂੰ ਬੁਖਾਰ ਆ ਗਿਆ ਹੈ,ਇਸ ਵੇਲੇ ਓਹ ਬਹਤ ਹੀ ਘਾਬਰੇ ਹੋਏ ਹਨ। ਹੁਣ ਤਕ ਮੈਂ ਓਨਾਂ ਨੂੰ ਮੈਕੇਯਰ ਦੇ ਨੱਠ ਜਾਣ ਦੀ ਖਬਰ ਨਹੀਂ ਸੁਣਾਈ। ਤੁਹਾਡੇ ਜਾਸੂਸ ਹੋਣ ਦੀ ਖਬਰ ਮਲੂਮ ਕਰਕ ਹੀ ਓਹ ਐਤਨੇ ਡਰ ਗਏ ਹਨ ਕਿ ਪ੍ਰਾਣ ਨਿਕਲ ਜਾਣ ਦੀ ਨੌਬਤ ਆ ਪਹੁੰਚੀ ਹੈ। ਇਸ ਵਾਸਤੇ ਹੀ ਮੈਂ ਆਪਨੂੰ ਇਥੇ ਸਦਿਆ ਸੀ ਤੇ ਆਪ ਤਕਲੀਫ ਕਰਕੇ ਆਏ ਭੀ ਹੋ। ਇਸਦੇ ਲਈ ਆਪ ਦਾ ਬਹੁਤ ਧੰਨਵਾਦ ਹੈ ਤੇ ਆਸ਼ਾ ਹੈ ਆਪ ਖਿਮਾਂ ਕਰੋਗੇ।

ਮੇਰੀ ਮਰਜ਼ੀ ਸੀ ਇਕ ਵਾਰੀ ਮੈਂ ਗਾਰਡਨ ਨੂੰ ਜਾਕੇ ਮਿਲਾਂ।ਪਰ ਹੇਲਨਾ ਪਾਸੋਂ ਓਸਦੀ ਐਸੀ ਹਾਲਤ ਸੁਣਕੇ ਓਸਦੇ ਪਾਸ ਜਾਕੇ ਕੁਛ ਪੁਛਨਾ ਮੈਂ ਯੋਗ ਨ ਸਮਝਿਆ। ਇਸ ਲਈ ਮੈਂ ਫੇਰ ਮਿਲਨਦਾ ਵਾਇਦਾ ਕਰਕੇ ਓਥੋਂ ਵਿਦਾ ਹੋਯਾ. ਇਸੇ ਦਿਨ ਰਾਤ ਨੂੰ ਨੌਂ ਬਜੇ ਇਹ ਤਾਰ ਲਾਰਡ ਕੇਨਿੰਗ ਨੇ ਭੇਜੀ—"ਮੈਕੇਯਰ, ਫਰਾਂਸ ਦਾ ਇਕ ਪ੍ਰਸਿੱਧ ਡਾਕੂ ਹੈ। ਓਸਨੂੰ ਫਾਂਸੀ ਦਾ ਹੁਕਮ ਹੋਯਾ ਸੀ। ਪਰ ਸਨ ੧੮੫੦ ਵਿਚਦੂਨੇ ਜੇਲ ਵਿਚੋਂ ਓਹ ਨੱਠ ਗਿਆ ਤੇ ਫੇਰ ਪਤਾ ਨਹੀਂ ਲਗਾ। ਫ੍ਰਾਂਸ ਸਰਕਾਰ ਨੇ ਓਸਦੇ ਵਾਰੰਟ ਕੱਢੇ ਹੋਏ ਹਨ। ਜਿਸ ਦੇਸ ਵਿਚ ਹੀ ਓਸਨੂੰ ਕੋਈ ਮਨੁਖਫੜੇਗਾ,ਓਸਨੂੰ

੧੦ ਹਜ਼ਾਰ ਰੁਪਯੇ ਇਨਾਮ ਮਿਲੇਗਾ। ਆਪ ਜਿਨੀ ਛੇਤੀ ਹੋਸਕੇ ਓਸਨੂੰ ਫੜੋ। ਕਿਉਂਕਿ ਓਸਦੇ ਜਾਲਾਂ ਨਾਲ ਸਾਡਾ ਬਹੁਤ ਨੁਕਸਾਨ ਹੋਸਕਦਾ ਹੈ।

—ਕੈਨਿੰਗ"

ਦੂਜੇ ਦਿਨ ਹੀ ਫੋਟੋਗ੍ਰਾਫਰ ਵਿਲਸਨ ਨੇ ਤਸਵੀਰਾਂ ਭੇਜ ਦਿਤੀਆਂ। ਮੈਂ ਓਹ ਅਪਣੇ ਮਨੁਖਾਂ ਨੂੰ ਵੰਡ ਦਿਤੀਆਂ ੧੦ ਹਜ਼ਾਰ ਰੁਪਯੇ ਦਾ ਇਨਾਮਵੀ ਦੱਸ ਦਿਤਾ। ਇਸਦੇਸਿਵਾ ੫ ਸਾਥੀ ਲੈਕੇ ਮੈਂ ਵੀ ਓਸਦੀ ਖੋਜ ਲਈ ਬਾਹਰ ਨਿਕਲਿਆ ਪਾਠਕਾਂ ਨੂੰ ਯਾਦ ਹੋਵੇਗਾ ਓਸਦਿਨ ਰਾਤ ਨੂੰ ਗਾਰਡਨ ਨੇ ੩੦ ਹਜ਼ਾਰ ਦਾ ਇਕ ਚਿਕ ਮੈਕੇਯਰ ਨੂੰ ਦਿਤਾ ਸੀ ਤੇ ਮੈਕੇਯਰ ਨੇ ਓਹ ਅਬਦੁਲੇ ਨੂੰ ਦੇ ਦਿਤਾ ਸੀ। ਮੈਂ ਸੋਚਿਆਕਿਅਬਦੁਲਾ ਜ਼ਰੂਰ ਆਗਰਾ ਬੈਂਕ ਵਿਚ ਤੁੜਾਨ ਲਈ ਜਾਵੇਗਾ।ਸੋ ਮੈਂ ਵੀ ਓਸਨੂੰ ਫੜਨ ਲਈ ਆਗਰਾ ਬੈਂਕ ਨੂੰ ਚਲਿਆ।

## ਕਾਂਡ ੭

## ਕਬਰਸਤਾਨ

[ਬ੍ਰਿਗੇਡ ਸਰਜਨ ਸਟੀਫਨ ਦਾ ਬਿਆਨ]

ਜੱਜ ਹੈਮਲਿਟਨ ਨੇ ਮਕਾਨ ਤੋਂ ਮੁੜਦਿਆਂ ਤਕਪੰਜ ਵਜ ਗਏ, ਸੋ ਮੈਂ ਆਪਣੇ ਮਕਾਨ ਉਤੇ ਨਾਂ ਜਾਕੇ ਸਿੱਧਾ ਗਾਰਡਨ ਦੇ ਮਕਾਨ ਉੱਤੇ ਗਿਆ। ਓਥੇ ਗਾਰਡਨ ਦੇ ਭਰਾ ਭਾਈ ਬਹੁਤ ਸਾਰੇ ਇਕੱਠੇ ਹੋਏ੨ ਸਨ। ਕਫ਼ਨ ਤਿਆਰ ਹੋਗਿਆ ਸੀ ਪਰ ਮੁਰਦਾ ਅਜੇ ਹੇਠਾਂ ਨਹੀਂ ਲਿਆਂਦਾ ਗਯਾ ਸੀ। ਕਿਉਂਕਿ ਪਾਦਰੀ ਵਿਲਸਨ ਅਜੇ ਤਕ ਨਹੀਂ ਆਇਆ ਸੀ॥

ਗਾਰਡਨ ਦੀ ਦਸ਼ਾ ਇਸ ਵੇਲੇ ਸੋਗ ਤੇ ਦੁੱਖ ਦੇ ਕਾਰਣ ਬਹੁਤ ਅਨੋਖੀ ਹੋ ਰਹੀ ਸੀ। ਮੈਂ ਉਸਨੂੰ ਮਿਲਨ ਲਈ ਉੱਪਰ ਗਿਆ, ਹੇਲਨਾ ਦੇ ਕਮਰੇ ਦੇ ਸਾਮ੍ਹਣੇ ਖੁਦ ਪੁਲਿਸ ਇਨਸਪੈਕਟਰ ਤੇ ੨ ਸਾਰਜੰਟ ਪੈਹਰਾ ਦੇ ਰਹੇ ਸਨ, ਓਨ੍ਹਾ ਤੋਂ ਪੁਛਣ ਤੋਂ ਮਾਲੂਮ ਹੋਇਆ ਕਿ ਗਾਰਡਨ ਨਾਲ ਦੇ ਕਮਰੇ ਵਿਚ ਹੈ। ਉਸਦਾ ਬੂਹਾ ਬੰਦ ਸੀ, ਮੈਂ ਹੌਲੀ ੨ ਕਈ ਵਾਰੀ ਉਸਨੂ ਧੱਕਾ ਦਿਤਾ ਪੈਹਲਾਂ ਤਾਂ ਕੋਈ ਜਵਾਬ ਨਹੀਂ ਸੀ। ਪਰ ਫੇਰ ਕਿਸੇ ਨੇ ਹੌਲੀ ਜਹੀ ਪੁਛਿਆ ਕੌਣ ?

ਮੈਂ—"ਸਟੀਫਨ" ਇਕ ਜਰੂਰੀ ਕੰਮ ਲਈ ਆਯਾ ਹਾਂ। ਗਾਰਡਨ ਨੇ ਬੂਹਾ ਖੋਲ੍ਹ ਦਿਤਾ ਪਰ ਓਹ! ਓਸਦਾ ਚੇਹਰਾ ਕਿਤਨਾ ਹੀ ਬਦਲ ਗਿਆ ਸੀ। ਗਾਰਡਨ ਭੀ ਇਸ ਵੇਲੇ ਰੋ ਰਿਹਾ ਸੀ। ਮੈਂ ਹਮਲਿਟਨ ਦਾ ਚਿਠੀਆਂ ਵਾਲਾ ਬੰਡਲ ਉਸਦੇ ਹਥ ਫੜਾਕੇ ਕਿਹਾ—ਕਲ ਜੱਜ ਹੈਮਲਿਟਨ ਦੇ ਘਰ ਭੀ ਭਯਾਨਕ ਵਾਰਦਾਤ ਹੋ ਗਈ ਹੈ। ਇਸ ਕਰਕੇ ਓਹ ਨਹੀਂ ਆ ਸਕੇ ਤੇ ਇਹ ਚਿਠੀਆਂ ਤੁਹਾਡੇ ਪਾਸ ਭੇਜੀਆਂ ਹਨ ॥

ਗਾਰਡਨ--(ਘਬਰਾਕੇ) ਕੀ ਵਾਰਦਾਤ ਹੋਈ ਹੈ ॥

ਮੈਂ--(ਹੇਨਰੀ ਦੇ ਮਰਨ ਦੀ ਖਬਰ ਵੱਸਣੀ ਠੀਕ ਨਾਂ ਜਾਣ) ਕੋਈ ਨਹੀ ! ਕੁਝ ਨਹੀਂ !! ਆਪ ਸੁਣਕੇ ਕੀ ਕਰੋਗੇ?

ਗਾਰਡਨ--ਹੇਲਨਾ ਦੇ ਮਰਨ ਦੀ ਖਬਰ ਹੈ, ਮਿਲਟਨ ਯਾ ਹੇਨਰੀ ਨੇ ਸੁਣੀ ਹੈ ?

ਮੈਂ—ਹਾਂ ਹੈਮਿਲਟਨ ਨੇ ਸੁਣੀ ਹੈ ਤੇ ਓਹ ਬਹੁਤ ਦੁਖੀ ਹੋਏ ਹਨ ॥

ਗਾਰਡਨ--(ਕੁਝ ਦੇਰ ਚੁਪ ਰਹਿਕੇ ਤੇ ਚਿਠੀਆਂ ਵੇਖਕੇ) ਹੈਮਿਲਟਨ ਨੇ ਇਹ ਚਿਠੀਆਂ ਮੈਨੂ ਕਿਉਂ ਭੇਜੀਆਂ ਹਨ ?

ਇਕ ਚਿਠੀ ਪੜ੍ਹਕੇ ਫੇਰ ਗਾਰਡਨ ਰੋਣ ਲਗ ਪਿਆ ਤੇ ਓਸਨੇ ਰੋਂਦਿਆਂ ੨ ਕਿਹਾ–ਸਟੀਵਨ! ਸਟੀਵਨ !! ਮੈਂ ਵਡਾ ਨਿਰਦਈ ਹਾਂ। ਮੈਂ ਹੇਲਨਾ ਵਰਗੀ ਸੁਰਗਾਂ ਦੀ ਦੇਵੀ ਦਾ ਪਿਤਾ ਹੋਣਦੇ ਲਾਇਕ ਨਹੀਂ ਹਾਂ। ਮੈਂਨੇ ਹੀ ਉਸਨੂ ਸੁਖੀ ਨਾਂ ਹੋਣ ਦਿਤਾ। ਮੇਰੇ ਹੀ ਕਾਰਣ ਇਕ ਸੁੰਦਰ ਤੇ ਪਵਿਤ੍ਰ ਕਲੀ ਖਿੜ ਨਾਂ ਸਕੀ ਤੇ ਵਿਚਕਾਰੇ ਹੀ ਮੁਰਝਾ ਗਈ, ਓਹ! ਅਜ ਮੇਰੇ ਦਿਲ ਵਿਚ ਭਯਾਨਕ ਕੰਡਾ ਚੁਭ ਰਿਹਾ ਹੈ ॥

ਇਸ ਵੇਲੇ ਪੁਲਿਸ ਕਮਿਸ਼ਨਰ ਨੇ ਮੈਨੂ ਸੱਦਿਆ। ਮੈਂ ਛੇਤੀ ਨਾਲ ਬਾਹਰ ਨਿਕਲ ਆਇਆ। ਪਾਦਰੀ ਵਿਲਸਨ ਤੇ ਪੁਲਿਸ ਦੇ ਹੋਰ ਆਦਮੀ ਖਫ਼ਨ ਲੈਕੇ ਖੜੇ ਸਨ। ਮੈਨੂ ਵੇਖਦ ਸਾਰ ਪੁਲਿਸ ਕਮਿਸ਼ਨਰ ਨੇ ਕਿਹਾ ਕਿ "ਗਾਰਡਨ ਨੂ ਪੁਛੋ ਕਿ ਹੇਲਨਾ ਦੀ ਲੋਥ ਹੁਣ ਦੱਬਣ ਲਈ ਲੈ ਜਾਈਏ ਕਿ ਨਾਂ ?"

ਮੈਂ ਝਟ ਜਾਕੇ ਗਾਰਡਨ ਕੋਲੋਂ ਪੁਛਿਆ ਓਹ ਕੋਈ ਜਵਾਬ ਨਾਂ ਦੇਕੇ ਬਾਹਿਰ ਆਇਆ। ਹੁਣ ਓਹ ਰੋਂਦਾ ਨਹੀਂ ਸੀ ਚੁਪ ਚਾਪ ਸੀ ॥

ਗਾਰਡਨ ਬਾਹਰ ਆਕੇ ਸਿੱਧਾ ਹੇਲਨਾ ਦੇ ਕਮਰੇ ਵਿਚ ਗਿਆ। ਮੈਂ ਭੀ ਉਸਦੇ ਨਾਲ ਹੀ ਕਮਰੇ ਵਿਚ ਗਿਆ। ਉਸਨੇ ਹੇਲਨਾ ਦੇ ਮੂੰਹ ਤੋਂ ਕਪੜਾ ਲਾਹਕੇ ਬਹੁਤ ਦੇਰ ਤਕ ਓਸ ਅਨੂਪਮ ਤੇ ਸਰਲ ਸੁੰਦਰ ਚੇਹਰੇ ਨੂੰ ਵੇਖਿਆ। ਪਰ ਮੈਂ ਬਹੁਤ ਦੇਰ ਤਕ ਨਾਂ ਵੇਖ ਸਕਿਆ। ਓਸਦਾ ਮੁਖੜਾ ਵੇਖਣ ਤੋਂ ਮਾਲੂਮ ਹੁੰਦਾ ਸੀ ਕਿ ਓਹ ਸੁਤੀ ਹੋਈ ਹੈ ਪਰ ਓਸਦੀ ਹੁਣ ਅਚਲ ਨੀਂਦ ਸੀ। ਇਸ ਨੀਂਦ ਵਿਚ ਸੁਤਾ ਹੋਇਆ ਮਨੁਖ ਫੇਰ ਇਸ ਦੁਨੀਆਂ ਵਿਚ ਅੱਖ ਨਹੀਂ ਖੋਲਦਾ। ਓਸ ਸੁੰਦਰ ਅਚਲ ਚੇਹਰੇ ਨੂ ਵੇਖਕੇ ਗਾਰਡਨ ਨੇ

ਮੈਨੂੰ ਕਿਹਾ–ਸਟੀਫਨ ! ਮੇਰੇ ਕਮਰੇ ਵਿਚ ਜਾਕੇ ਜ਼ਰਾ ਕੈਂਚੀ ਲੈ ਆ ॥

ਮੈਂ ਕੈਂਚੀ ਲਿਆ ਦਿਤੀ। ਕੈਂਚੀ ਲੈ ਕੇ ਗਾਰਡਨ ਨੇ ਹੇਲਨਾਦੇ ਵਾਲਾਂਦੀ ਇਕ ਜ਼ੁਲਫ ਕੱਟ ਲਈ, ਅਤੇ ਇਕ ਵਾਰੀ ਉਸ ਸੁੰਦਰ ਤੇ ਅਚਲ ਚੇਹਰੇ ਨੂ ਵੇਖਿਆ ਫੇਰ ਉਸਨੇ ਰੋਂਦਿਆਂ ਹੋਇਆਂ ਮੇਰੀ ਵਲ ਮੁੜਕੇ ਆਖਿਆ–ਸਟੀਫਨ ! ਹੇਲਨਾ ਨੂੰ ਸਦਾ ਲਈ ਮੈਂ ਅਜ ਛੇਕੜ ਦੀ ਵਾਰੀ ਦੇਖ ਲਿਆ ਹੈ ॥

ਇਹ ਆਖਕੇ ਗਾਰਡਨ ਹੇਲਨਾ ਦੇ ਕਮਰੇ ਵਿਚੋਂ ਨਿਕਲ ਦੂਸਰੇ ਕਮਰੇ ਵਿਚ ਚਲਿਆ ਗਿਆ ਤੇ ਉਸਨੇ ਅੰਦਰੋਂ ਬੂਹਾ ਬੰਦ ਕਰ ਲਿਆ। ਪਾਦਰੀ ਵਿਲਸਨ ਨੇ ਹੇਲਨਾਂ ਦੀ ਲਾਸ਼ ਪਾਸਜਾਕੇ ਉਸਦੀ ਆਤਮਾਦੀ ਸ਼ਾਂਤੀ ਲਈ ਵਾਹਿਗੁਰੂ ਅਗੇ ਪ੍ਰਾਰਥਨਾਂ ਕੀਤੀ। ਇਸਦੇ ਪਿਛੋਂ ਪੁਲਿਸ ਕਮਿਸ਼ਨਰ ਤੇ ਹੋਰ ਆਦਮੀ ਉਸਦੀ ਲਾਸ਼ ਨੂੰ ਚੁਕਕੇ ਬਾਹਰ ਲਿਆਏ। ਉਸ ਮਕਾਨ ਵਿਚ ਇਕ ਇੰਸਪੈਕਟਰ ਤੇ ਦੋ ਚਾਰ ਆਦਮੀ ਰਹ ਗਏ। ਬਾਕੀ ਸਾਰੇ ਜਣੇ ਹੇਲਨਾ ਦੀ ਲਾਸ਼ ਕਬਰਸਤਾਨ ਨੂੰ ਲੈ ਚਲੇ। ਮੈਂ ਵੀ ਉਨਾਂ ਦੇ ਨਾਲ ਗਿਆ। ਕੋਈ ਇਕ ਘੰਟੇ ਪਿਛੋਂ ਅਸੀਂ ਓਥੇ ਪਹੁੰਚੇ। ਓਥੇ ਪਹੁੰਚਣ ਪਰ ਇਕ ਹੋਰ ਕਾਰੁਣਿਕ ਦ੍ਰਿਸ਼ਯ ਵੇਖਿਆ। ਹੈਮਿ-ਲਟਨ ਹਡ ਸਨ ਤੇ ਬਹੁਤ ਸਾਰੇ ਸਾਹਿਬ ਹੇਨਰੀ ਦੀ ਲਾਸ਼ ਦਬਣ ਲਈ ਲਿਆ ਚੁਕੇ ਸਨ। ਮੈਨੂੰ ਵੇਖਕੇ ਹੈਮਿਲਟਨ ਸਾਹਿਬ ਮੇਰੇ ਪਾਸ ਆਏ ਤੇ ਬੜੇ ਦੁਖ ਨਾਲ ਉਨਾਂ ਕਿਹਾ:–

"ਮੈਂ ਬਹੁਤ ਦੇਰ ਤੋਂ ਤੁਹਾਡਾ ਰਾਹ ਦੇਖ ਰਿਹਾ ਸਾਂ। ਮੇਰੀ ਮਰਜ਼ੀ ਹੈ ਕਿ ਹੇਨਰੀ ਦੇ ਪਾਸ ਹੀ ਹੇਲਨਾ ਦੀ ਲਾਸ਼ ਦਫਨਾਈ ਜਾਵੇ। ਕਿਉਂਕਿ ਜੀਉਂਦੇ ਸਮੇਂ ਜਿਸਤਰਾਂ ਓਹ

ਇਕ ਦੂਜੇ ਨੂੰ ਪਿਆਰ ਕਰਦੇ ਸਨ ਅਤੇ ਸਦਾ ਅਕਠੇ ਰੈਹਣਾ ਚੰਗਾ ਸਮਝਦੇ ਸਨ ਹੁਣ ਮਰਨ ਪਰ ਭੀ ਓਨਾਂ ਦਾ ਸਰੀਰ ਅਕਠਾ ਰਹੇ ਤਾ ਚੰਗਾ ਹੋਵੇ। ਮੈਨੂੰ ਉਮੈਦ ਹੈ ਕਿ ਗਾਰਡਨ ਨੂੰ ਇਸ ਵਿਚ ਕੋਈ ਉਜਰ ਨਹੀਂ ਹੋਵੇਗਾ॥

ਮੈਂ ਕਿਹਾ–"ਇਸ ਵਿਚ ਉਜਰ ਦੀ ਕੀ ਗਲ ਹੈ" ?

ਸੋ ਹੇਲਨਾ ਤੇ ਹੇਨਰੀ ਦੀ ਲਾਸ਼ ਪਾਸ ਪਾਸ ਗਡੀ ਗਈ। ਸਾਰੇ ਜਣੇ ਹੰਝੂ ਕੇਰਦੇ ਆਪੋ ਆਪਣੇ ਘਰ ਨੂੰ ਮੁੜੇ।

ਮੈਂ ਵੀ ਜਿਸ ਵੇਲੇ ਅਪਣੇ ਮਕਾਨ ਉਤੇ ਪਹੁੰਚਾ ਓਸ ਵੇਲੇ ਰਾਤ ਦੇ ਸਾਢੇ ਅੱਠ ਵਜੇ ਸਨ। ਮੇਰਾ ਚਿਤ ਸਵੇਰ ਤੋਂ ਹੀ ਚੰਚਲ ਤੇ ਸਰੀਰ ਢਿਲਾ ਸੀ ਇਸ ਲਈ ਛੇਤੀ ੨ ਖਾ ਪੀਕੇ ਸੌਂ ਗਿਆ। ਪਰ ਨੀਂਦ ਛੇਤੀ ਨਾ ਆਈ। ਇਹੋ ਸੋਚਦਾ ਰਿਹਾ ਕਿ ਹੇਲਨਾ ਨੂੰ ਕਿਸ ਨੇ ਮਾਰਿਆ ? ਜਿਸਨੂੰ ਵੇਖਕੇ ਹੇਲਨਾ ਗਿਰਜੇ ਵਿਚ ਡਰੀ ਸੀ ਓਸਨੇ ਹੇਲਨਾ ਦਾ ਖੂਨ ਕੀਤਾ ? ਯਾ ਜੇਹੜੇ ਦੋ ਆਦਮੀ ਸੜਕ ਉਤੇ ਸਲਾਹ ਕਰਦੇ ਜਾਂਦੇ ਸਨ ਓਨਾਂ ਨੇ ਇਸ ਦੇਵੀ ਦੇ ਖੂਨ ਨਾਲ ਅਪਣੇ ਹਥ ਰੰਗੇ? ਫੇਰ ਸੜਕ ਉਤੇ ਜੋ ਮਨੁਖ ਸਹੈਤਾ ਦੇਣ ਲਈ ਸਾਡੇ ਪਾਸ ਆਯਾ ਸੀ ਓਹ ਵੀ ਕੌਣ ਹੈ ? ਇਨਾਂ ਗੱਲਾਂ ਨੂੰ ਸੋਚਦੇ ੨ ਰਾਤ ਦੇ ੧੧ ਵਜ ਗਏ। ਇਸ ਵੇਲੇ ਮੇਰੇ ਇਕ ਚਪੜਾਸੀ ਨੇ ਆਕੇ ਮੈਨੂੰ ਸਦਿਆ ਮੈਂ ਬੂਹਾ ਖੋਲ ਦਿਤਾ! ਚਪੜਾਸੀ ਨੇ ਮੇਰੇ ਹਥ ਵਿਚ ਚਿਠੀ ਦਿਤੀ ਜਿਸ ਵਿਚ ਇਹ ਲਿਖਿਆ ਸੀ–

"ਜਨਾਬ' ਮੇਰ ਪਿਤਾ ਨੂੰ ਕਲ ਰਾਤ ਤੋਂ ਬੁਖਾਰ ਆ ਰਿਹਾ ਹੈ ਤੇ ਇਸ ਵੇਲੇ ਓਨਾਂ ਦੀ ਹਾਲਤ ਬਹੁਤ ਖਰਾਬ ਹ। ਤੁਸੀਂ ਜੇਕਰ ਇਕ ਵਾਰੀ ਮੇਰੇ ਪਿਤਾ ਨੂੰ ਆਕੇ ਵੇਖ ਜਾਓ

ਤਾਂ ਮੈਂ ਬਹੁਤ ਧੰਨਵਾਦੀ ਹੋਵਾਂਗਾ। ਐਣਲਈ ਗਡੀ ਭੇਜਦਾ ਹਾਂ॥

ਆਪ ਦਾ— ਜੋਰਫਸ ਫ੍ਰੈਂਕਲਿਨ।

ਜੋਸੇਫ ਫ੍ਰੈਂਕਲਿਨ ਇਥੋਂ ਦੇ ਇਕ ਇਜਨੀਅਰ ਦੇ ਪੁਤ੍ਰ ਦਾ ਨਾਮ ਹੈ। ਉਸਦੇ ਪਿਤਾ ਨਾਲ ਮੇਰੀ ਚੰਗੀ ਜਾਣ ਪਛਾਣ ਸੀ। ਚਿਠੀ ਪੜ ਛੇਤੀ ਨਾਲ ਕਪੜ ਪਾ ਜਾਣ ਲਈ ਮੈਂ ਤਿਆਰ ਹੋਗਿਆ। ਨਾਲ ਵੀ ਹੋਰ ਕਿਸੇ ਨੂੰ ਨਾ ਲਿਆ। ਇਸਦੇ ਪੈਹਲਾਂ ਰਾਤਦੇ ਸਮੇਂ ਜਦ ਮੈਂ ਕਿਧਰੇ ਕਿਸੇ ਰੋਗੀ ਨੂੰ ਵੇਖਣ ਜਾਂਦਾ ਸਾਂ ਤਾਂ ਚਪੜਾਸੀ ਜਾਂ ਕੰਪੌਂਡਰ ਦੋਹਾਂ ਵਿਚੋਂ ਇਕ ਨੂੰ ਜ਼ਰੂਰ ਨਾਲ ਲਜਾਂਦਾ ਸਾਂ। ਪਰ ਅਜ ਖੋਟਿਆਂ ਭਾਗਾਂ ਨੂੰ ਕਿਸੇ ਨੂੰ ਨਾਲ ਨਾ ਖੜਿਆ। ਮੈਂ ਅਪਣੇ ਮਨ ਵਿਚ ਸੋਚਿਆ ਕਿ ਫ੍ਰੈਂਕਲਿਨ ਸਾਹਿਬ ਮੇਰੇ ਵਡੇ ਮਿਤ੍ਰ ਹਨ ਓਨਾਂਦੇ ਮਕਾਨ ਉਤੇ ਜਾਣ ਲਈ ਨਾਲ ਕਿਸੇ ਹੋਰ ਮਨੁਖਦੀ ਕੀ ਲੋੜ ਹੈ? ਇਹ ਸੋਚਕੇ ਮੈਂ ਆਈ ਗਡੀ ਉਤੇ ਚੜ੍ਹਗਆ॥

ਕਰੀਬ ੧ ਘੰਟੇ ਬਾਦ ਗਡੀ ਇਕ ਸੁੰਨ ਸਾਨ ਸਥਾਨ ਉਤੇ ਜਾ ਪਹੁੰਚੀ। ਉਸ ਵੇਲੇ ਮੇਰੇ ਦਿਲ ਵਿਚ ਕੁਝ ਸ਼ਕ ਜੇਹਾ ਪਿਆ। ਮੈਂ ਕੋਚ ਵਾਨ ਨੂੰ ਪੁਛਿਆ ਕਿ ਫ੍ਰੈਂਕਲਿਨ ਸਾਹਿਬਦਾ ਮਕਾਨ ਅਜੇ ਕਿਨੀ ਦੂਰ ਹੈ? ਪਰ ਓਸਨੇ ਕੋਈ ਜਵਾਬ ਨ ਦੇਕੇ ਸਗੋਂ ਘੋੜੇ ਨੂੰ ਚਾਬਕ ਮਾਰੀ ਗਡੀ ਤੇਜ਼ ਜਾਣ ਲਗੀ। ਹੁਣ ਮੇਰੇ ਦਿਲ ਵਿਚ ਭਾਰੀ ਸ਼ਕ ਪਿਆ ਤੇ ਗਡੀ ਵਿਚੋਂ ਛਾਲ ਮਾਰ ਜਾਣ ਦਾ ਇਰਾਦਾ ਕਰ ਲਿਆ। ਪਰ ਗਡੀ ਦੇ ਅੰਦਰ ਹੀ ਕਿਸੇ ਆਦਮੀ ਨੇ ਕਿਸੀ ਐਸੀ ਤੇਜ਼ ਬੂ ਵਾਲੀ ਚੀਜ਼ ਮੇਰੇ ਨਕ ਦੇ ਕੋਲ ਕੀਤੀ ਕਿ ਮੈਂ ਝਟ ਬੇਹੋਸ਼ ਹੋਕੇ ਗਡੀ ਦੇ ਅੰਦਰ ਡਿਗ ਪਿਆ॥

---

ਓਅੰਕਾਰ ਪ੍ਰੈਸ ਅੰਮ੍ਰਿਤਸਰ ਵਿਚ ਸ੍ਰ: ਚੰਚਲ ਸਿੰਘ ਪ੍ਰਿੰਟਰ ਦੇ ਯਤਨ ਨਾਲ ਛਪਿਆ॥

# ਕਾਂਡ ੮

## ਇਹ ਕੌਣ ਅਬਦੁੱਲਾ ?

### (ਮਿਸ ਰੋਜ਼ ਦਾ ਬਿਆਨ)

ਹੇਲਨਾ ਦੇ ਮਰ ਜਾਣ ਦੇ ਬਾਦ ਕਰੀਬ ੧੫ ਦਿਨ ਤੱਕ ਮੈਂ ਰੋਂਦੀ ਰਹੀ। ਮੇਰੀ ਮਾਂ ਵੀ ਰੋਂਦੀ ੨ ਅੰਧੀ ਹੋ ਗਈ। ਅਸੀਂ ਸਾਰੇ ਉਸ ਨੂੰ ਬਹੁਤ ਸਮਝਾਂਦੇ ਸਾਂ ਪਰ ਪਾਗਲਾਂ ਵਾਂਗ ਓਸ ਪਰ ਕੁਝ ਅਸਰ ਨਹੀਂ ਹੁੰਦਾ ਸੀ। ਓਹ ਕਿਸੇ ਦੀ ਕੁਝ ਨਹੀਂ ਸੁਣਦੀ ਸੀ। ਰੋਣਾ ਹੀ ਦਿਨ ਰਾਤ ਓਸ ਦਾ ਕੰਮ ਸੀ। ਕੁਝ ਦਿਨ ਤੱਕ ਅਸਾਂ ਓਹ ਮਕਾਨ ਛੱਡ ਦਿੱਤਾ ਤੇ ਇੱਕ ਹੋਰ ਮਕਾਨ ਵਿੱਚ ਜਾ ਕੇ ਰੇਹਣ ਲੱਗ ਪਈਆਂ।

ਬਹੁਤ ਦਿਨਾਂ ਤੋਂ ਡਾਕਟਰ ਸਟੀਫਨ ਜਦ ਸਾਡੇ ਘਰ ਨਾ ਆਏ ਤਾਂ ਮੈਂ ਉਨ੍ਹਾਂ ਦੀ ਬਹੁਤ ਚਿੰਤਾ ਕਰਨ ਲੱਗੀ। ਪਹਿਲੇ ਮੈਂ ਸਮਝੀ ਸ਼ਾਇਦ ਓਹ ਬੀਮਾਰ ਹੋਗਏ ਹੋਣਗੇ। ਪਰ ਜਿਉਂ ੨ ਦਿਨ ਬੀਤਦੇ ਗਏ ਤਿਉਂ ੨ ਮੇਰੀ ਘਬਰਾਹਟ ਵਧਦੀ ਗਈ। ਛੇਕੜ ਮੈਂ ਆਪਣੇ ਮਨ ਵਿੱਚ ਇਹ ਧਾਰ ਲਿਆ ਕਿ ਉਨ੍ਹਾਂ ਦੇ ਮਕਾਨ ਉੱਤੇ ਜਾ ਕੇ ਪਤਾ ਕਰਾਂਗੀ। ਇੱਕ ਦਿਨ ਤੀਜੇ ਪੇਹਰ ਮੈਂ ਇਸੇ ਮਤਲਬ ਲਈ ਘਰੋਂ ਬਾਹਰ ਨਿਕਲੀ। ਇਸ ਤੋਂ ਪਹਿਲਾਂ ਵੀ ਮੈਂ ਓਨ੍ਹਾਂ ਦੇ ਮਕਾਨ ਉੱਤੇ ਹੇਲਨਾ ਦੇ ਨਾਲ ਕਈ ਵਾਰੀ ਜਾ ਚੁੱਕੀ ਸੀ। ਇਸੇ ਕਰਕੇ ਮੈਂ ਓਨ੍ਹਾਂ ਦਾ ਮਕਾਨ ਜਾਣਦੀ ਸਾਂ। ਮੈਂ ਸਟੀਫਨ ਦੀ ਬਾਬਤ ਵਿਚਾਰਦੀ ੨ ਸੜਕ ਦੇ ਕਿਨਾਰੇ ੨ ਜਾ ਰਹੀ ਸਾਂ ਕਿ ਅਚਾਨਕ ਇੱਕ ਕਾਲੇ ਰੰਗ ਦਾ ਮੋਟਾ ਤਾਜ਼ਾ ਮੁਸਲਮਾਨ ਮੈਨੂੰ ਧੱਕਾ ਮਾਰਕੇ ਚਲਿਆ ਗਿਆ।

ਓਸ ਨੂੰ ਵੇਖਕੇ ਮੈਂ ਡਰ ਗਈ । ਪਹਿਲਾਂ ਮੈਂ ਸੋਚਿਆ ਕਿ ਸ਼ਾਇਦ ਓਸ ਤੋਂ ਅਨਜਾਣ ਪੁਣੇ ਵਿੱਚ ਧੱਕਾ ਲੱਗ ਗਿਆ ਹੋਵੇਗਾ। ਪਰ ਮੇਰਾ ਇਹ ਖਿਆਲ ਬਹੁਤ ਛੇਤੀ ਦੂਰ ਹੋ ਗਿਆ। ਕਿਉਂਕਿ ਕੁਝ ਦੂਰ ਜਾਕੇ ਓਸ ਨੇ ਮੇਰੀ ਵੱਲ ਵੇਖਿਆ ਅਤੇ ਨਾਲ ਹੀ ਇਕ ਗਲੀ ਵਿੱਚ ਵੜ ਗਿਆ। ਮੈਂ ਓਸ ਗਲੀ ਦੇ ਨੇੜੇ ਪਹੁੰਚਕੇ ਵੇਖਿਆ ਤਾਂ ਮਲੂਮ ਹੋਇਆ ਕਿ ਓਹ ਅਜੇ ਤੱਕ ਗਿਆ ਨਹੀਂ, ਸਗੋਂ ਵੱਡੇ ਧਿਆਨ ਨਾਲ ਮੇਰੀ ਵੱਲ ਤੱਕ ਰਿਹਾ ਹੈ। ਪਰ ਮੈਂ ਓਸ ਦੀ ਵੱਲ ਕੁਝ ਖਿਆਲ ਨਾ ਕਰਕੇ ਅੱਗੇ ਚਲੀ ਗਈ। ਥੋੜੀ ਦੂਰ ਜਾਕੇ ਜਦ ਮੈਂ ਮੁੜਕੇ ਵੇਖਿਆ ਤਾਂ ਓਹ ਵੀ ਮੇਰੇ ਪਿੱਛੇ ੨ ਆ ਰਿਹਾ ਸੀ, ਮੈਨੂੰ ਇਸ ਤੋਂ ਡਰ ਲੱਗਾ ਤੇ ਮੈਂ ਸਟੀਵਨ ਦੇ ਮਕਾਨ ਉੱਪਰ ਜਾਣ ਦਾ ਖਿਆਲ ਛੱਡ ਦਿੱਤਾ। ਪਾਸ ਹੀ "ਕਾਨ ਪੁਰ ਟਾਇੰਸ" ਨਾਮੇਂ ਅਖਬਾਰ ਦੇ ਐਡੀਟਰ ਦਾ ਘਰ ਸੀ, ਸੋ ਮੈਂ ਓਸ ਦੇ ਘਰ ਜਾ ਵੜੀ। ਓਸ ਦੇ ਨਾਲ ਮੇਰੀ ਜਾਣ ਪਛਾਣ ਵੀ ਸੀ। ਓਸ ਵੇਲੇ ਐਡੀਟਰ 'ਮਾਰਲੀ' ਆਪਣੇ ਮਕਾਨ ਵਿੱਚ ਹੀ ਸਨ। ਮੈਂ ਉਨ੍ਹਾਂ ਨੂੰ ਸਾਰੀ ਗੱਲ ਦੱਸੀ ਤੇ ਓਹ ਮੈਨੂੰ ਆਪਣੇ ਨਾਲ ਗੱਡੀ ਤੇ ਬੈਠਾਕੇ ਮੇਰੇ ਘਰ ਮੈਨੂੰ ਛੱਡ ਆਏ । ਦੂਜੇ ਦਿਨ ਹੀ ਓਸ ਅਖਬਾਰ ਵਿੱਚ ਇਹ ਨੋਟ ਨਿਕਲਿਆ:-

ਕਾਨ ਪੁਰ ਕਿਲੇ ਦੇ ਬ੍ਰਿਗੇਡ ਸਰਜਨ ਮਿਸਟਰ ਸਟੀਫਨ ਕਰੀਬ ੧੫ ਦਿਨ ਤੋਂ ਬਦਮਾਸ਼ਾਂ ਦੇ ਜਾਲ ਵਿੱਚ ਫਸੇ ਹੋਏ ਹਨ। ਓਹ ੧੦ ਤਾਰੀਖ ਸੋਮਵਾਰ ਦੀ ਰਾਤ ਤੱਕ ਆਪਣ ਮਕਾਨ ਵਿੱਚ ਸਨ । ਪਰ ਰਾਤ ਨੂੰ ੨ ਆਦਮੀ ਗੱਡੀ ਤੇ ਫ੍ਰੈਂਕਲਿਨ ਨਾਮੇਂ ਕਿਸੇ ਸਾਹਿਬ ਦਾ ਚਿੱਠੀ ਲੈਕੇ ਆਏ ਤੇ ਰੋਗੀ ਨੂੰ ਵੇਖਣ ਦੇ ਬਹਾਨੇ ਲੈ ਗਏ। ਇਸ ਦੇ

ਪਿੱਛੋਂ ਫੇਰ ਉਨ੍ਹਾਂ ਦੀ ਕੋਈ ਖਬਰ ਨਹੀਂ ਮਿਲੀ। ਇਸੇ ਰਾਤ ਨੂੰ ਕਿਲੇ ਦੇ ਮੈਦਾਨ ਵਿੱਚ ਗਡੀ ਜਾਂਦੀ ਵੇਖਕੇ ਪੈਹਰੇਦਾਰ ਨੇ ਰੋਕਿਆ ਵੀ ਸੀ, ਪਰ ਗੱਡੀ ਵਿੱਚ ਬੈਠੇ ਹੋਏ ਮਨੁੱਖਾਂ ਨੇ ਕਿਹਾ ਕਿ ਅਸੀਂ ਫ੍ਰੈਂਕਲਿਨ ਸਾਹਿਬ ਦੇ ਆਦਮੀ ਹਾਂ। ਉਨ੍ਹਾਂ ਦੇ ਇੱਕ ਆਦਮੀ ਨੂੰ ਸ਼ਹਿਰ ਛੱਡਣ ਲਈ ਗਏ ਸਾਂ ਤੇ ਹੁਣ ਵਾਪਸ ਜਾ ਰਹੇ ਹਾਂ। ਪੈਹਰੇ ਵਾਲੇ ਨੇ ਇਹ ਜਵਾਬ ਸੁਣਕੇ ਉਨ੍ਹਾਂ ਨੂੰ ਛੱਡ ਦਿੱਤਾ। ਫ੍ਰੈਂਕਲਿਨ ਨਾਮੇਂ ਇੱਕ ਵਪਾਰੀ ਜੋ ਇਸੇ ਸ਼ੈਹਰ ਵਿੱਚ ਰਹਿੰਦਾ ਹੈ ਉਸ ਨੂੰ ਚਿੱਠੀ ਪਾ ਕੇ ਪੁੱਛਣ ਤੋਂ ਪਤਾ ਲੱਗਾ ਹੈ ਕਿ ਉਸ ਨੇ ਉਸ ਰਾਤ ਆਪਣੀ ਗੱਡੀ ਕਿਧਰੇ ਨਹੀਂ ਭੇਜੀ। ਆਮ ਲੋਕਾਂ ਦਾ ਇਹ ਖਿਆਲ ਹੈ ਕਿ ਮਿਸਟਰ ਗਾਰਡਨ ਦੀ ਲੜਕੀ ਹੇਲਨਾ ਦਾ ਜਿਸ ਨੇ ਖੂਨ ਕੀਤਾ ਹੈ ਵਿਚਾਰਾ ਸਟੀਫਨ ਵੀ ਉਨ੍ਹਾਂ ਦੇ ਹੀ ਪਾਲੇ ਪਿਆ ਹੈ। ਕਿਉਂਕਿ ਸਟੀਫਨ ਹੇਲਨਾ ਦੇ ਬਹੁਤ ਪਿਆਰ ਸੰਬੰਧੀ ਸਨ।

ਇਹ ਖਬਰ ਪੜ੍ਹਕੇ ਮੈਨੂੰ ਵਡਾ ਸ਼ੋਕ ਹੋਇਆ ਤੇ ਮੇਰਾ ਸਾਰਾ ਸਰੀਰ ਡਰ ਨਾਲ ਕੰਬਣ ਲੱਗ ਪਿਆ। ਕੱਲ ਜਿਸ ਕਾਲੇ ਮੁਸਲਮਾਨ ਨੇ ਮੇਰਾ ਪਿੱਛਾ ਕੀਤਾ ਸੀ ਉਹ ਵੀ ਮੈਨੂੰ ਯਾਦ ਆਇਆ। ਮੈਂ ਸਮਝ ਗਈ ਕਿ ਇਹ ਵੀ ਉਸੇ ਟੋਲੇ ਦਾ ਹੀ ਆਦਮੀ ਸੀ।

ਮੈਂ ਪਿਤਾ ਜੀ ਦੇ ਪਾਸ ਇਹ ਖਬਰ ਲੈਕੇ ਗਈ। ਉਹ ਵੀ ਵੱਡੇ ਫ਼ਿਕਰ ਵਿੱਚ ਪੈ ਗਏ ਤੇ ਮੈਨੂੰ ਸਮਝਾਂਦੇ ਹੋਏ ਬੋਲੇ-"ਮੈਂ ਨਿਸਚੇ ਨਾਲ ਆਖ ਸੱਕਦਾ ਹਾਂ ਕਿ ਸਟੀਫਨ ਅਜੇ ਤੱਕ ਮੋਇਆ ਨਹੀਂ। ਖੈਰ ਜੋ ਹੋਵੇ, ਮੈਂ ਉਸ ਦਾ ਪਤਾ ਕੱਢਣ ਲਈ ਇੱਕ ਖਾਸ ਆਦਮੀ ਨੂੰ ਮੁਕਰਰ ਕਰਾਂਗਾ ਤੇ ਉਹ ਜ਼ਰੂਰ ਉਸ ਦਾ ਪਤਾ ਕੱਢੇਗਾ।"

ਇਹ ਆਖਕੇ ਬਾਹਰ ਜਾਣ ਲਈ ਮੇਰੇ ਪਿਤਾ ਕੱਪੜੇ ਪਾਣ ਲੱਗ ਤੇ ਮੈਨੂੰ ਉੱਪਰ ਜਾਣ ਦਾ ਹੁਕਮ ਦੇਕੇ ਓਹ ਬਾਹਰ ਨਿਕਲ ਗਏ। ਕਰੀਬਨ ਦੋ ਘੰਟੇ ਪਿੱਛੋਂ ਓਹ ਮੁੜੇ ਤੇ ਓਹਨਾਂ ਮੈਨੂੰ ਸੱਦਕੇ ਕਿਹਾ—"ਕੱਲ ਤੀਜੇ ਪਹਿਰ ਤੂੰ ਮੇਰੇ ਨਾਲ ਇਕ ਪ੍ਰਸਿੱਧ ਜਾਸੂਸ ਦੇ ਪਾਸ ਚੱਲੀਂ, ਓਹ ਸਟੀਫਨ ਦੀ ਬਾਬਤ ਤੇਥੋਂ ਕੁਛ ਪੁਛੇਗਾ।"

ਦੂਜੇ ਦਿਨ ਤੀਜੇ ਪਹਰ ਅਸੀਂ ਗੱਡੀ ਤੇ ਚੜ੍ਹਕੇ ਓਸ ਜਾਸੂਸ ਦੇ ਘਰ ਗਏ। ਇਕ ਰਾਜ ਮੋਹਲਾਂ ਵਰਗੇ ਮਕਾਨ ਦੇ ਸਾਹਮਣੇ ਜਾਕੇ ਸਾਡੀ ਗੱਡੀ ਖਲੋ ਗਈ। ਓਸ ਮਕਾਨ ਦੇ ਫਾਟਕ ਉੱਪਰ ਲੱਗ ਸੰਗ ਮਰਮਰ ਦੇ ਪੱਥਰ ਉੱਪਰ ਸੁਨੈਹਰੀ ਅੱਖਰਾਂ ਵਿੱਚ ਲਿਖਿਆ ਹੋਇਆ ਸੀ—

"ਸਰਦਾਰ ਰਾਮਪਾਲ ਸਿੰਘ"।

ਦਰਵਾਨ ਦੇ ਰਾਹੀਂ ਅਸਾਂ ਅੰਦਰ ਖਬਰ ਭੇਜੀ ਤੇ ਕੁਝ ਹੀ ਦੇਰ ਪਿੱਛੋਂ ਓਹ ਸਾਨੂੰ ਅੰਦਰ ਲੈ ਗਿਆ। ਓਸ ਮਕਾਨ ਦੀ ਦੂਜੀ ਛੱਤ ਉੱਪਰ ਗੋਰੀ ਸ਼ਕਲ ਦਾ ਇਕ ਸਿੱਖ ਅਖਬਾਰ ਪੜ੍ਹਦਾ ਬੈਠਾ ਸੀ, ਜੋ ਸਾਨੂੰ ਆਉਂਦਾ ਵੇਖ ਉੱਠ ਖੜਾ ਹੋਯਾ ਤੇ ਓਸਨੇ ਵੱਡੇ ਆਦਰ ਨਾਲ ਸਾਨੂੰ ਬਿਠਾਯਾ। ਪਿਤਾ ਜੀ ਨੇ ਅਸਾਂ ਦੋਹਾਂ ਦੀ ਪਛਾਣ ਕਰਾਈ, ਸਰਦਾਰ ਰਾਮਪਾਲ ਸਿੰਘ ਦਾ ਚੇਹਰਾ ਵੇਖਣ ਤੋਂ ਹੀ ਓਹਨਾਂ ਦੇ ਉੱਚੇ ਦਿਲ ਵਾਲੇ ਹੋਣ ਦਾ ਪਤਾ ਲੱਗਦਾ ਸੀ। ਓਹਨਾਂ ਦੀਆਂ ਮੋਟੀਆਂ ਦੋ ਅੱਖਾਂ ਵੱਡੀਆਂ ਤੇਜ਼ ਤੇ ਦਿਲ ਵੇਧਕ ਸਨ। ਓਹ ਵੇਖਣ ਤੋਂ ਹੀ ਇੱਕ ਪ੍ਰਤਾਪੀ ਤੇ ਬੁੱਧਵਾਨ ਮਲੂਮ ਹੁੰਦੇ ਸਨ। ਓਹਨਾਂ ਨੇ ਪੇਹਲਾਂ ਮੈਥੋਂ ਪੁੱਛਿਆ—"ਕਿਉਂ ਮਿਸ ਦੇਵ! ਮੈਨੂੰ ਪਛਾਣਦੀ ਹੈਂ?"

ਮੈਂ ਨਿੰਮ੍ਰਤਾ ਨਾਲ ਕਿਹਾ–"ਮਲੂਮ ਹੁੰਦਾ ਹੈ ਕਿ ਮੈਂ ਕਿਧਰੇ ਆਪਨੂੰ ਵੇਖਿਆ ਹੈ।"

ਸੱਚ ਮੁੱਚ ਓਹਨਾਂ ਨੂੰ ਵੇਖਣ ਤੋਂ ਹੀ ਮੈਨੂੰ ਮਲੂਮ ਹੋਇਆ ਕਿ ਜਾਣੋ ਮੈਂ ਓਹਨਾਂ ਨੂੰ ਕਿਧਰ ਵੇਖ ਚੁੱਕੀ ਹਾਂ। ਓਹਨਾਂ ਨੇ ਫਿਰ ਕਿਹਾ:–

"ਮਿਸਰੋਜ਼! ਤੁਹਾਨੂੰ ਯਾਦ ਹੋਵੇਗਾ ਕਿ ਐਤਵਾਰ ਤੁਸੀਂ ਦੋਵੇਂ ਭੈਣਾ ਤੇ ਮਿਸਟਰ ਸਟੀਫਨ ਘਰ ਨੂੰ ਵਾਪਸ ਜਾ ਰਹੇ ਸਾਓ ਤੇ ਹੇਲਨਾ ਦੀ ਤਬੀਅਤ ਕੁਝ ਖਰਾਬ ਸੀ, ਓਸ ਵੇਲੇ ਮੈਂ ਕਿਹਾ ਸੀ ਗੱਡੀ ਲੈ ਆਵਾਂ, ਪਰ ਸਟੀਫਨ ਨੇ ਕੁਝ ਸ਼ੱਕ ਕਰਕੇ ਮੇਰੀ ਗੱਲ ਨਾ ਮੰਨੀ।"

ਹੁਣ ਮੈਨੂੰ ਓਸ ਦਿਨ ਦੀ ਗੱਲ ਯਾਦ ਆਈ। ਮੈਂ ਵੀ ਓਸ ਦਿਨ ਇਨ੍ਹਾਂ ਉਤੇ ਸ਼ੱਕ ਕੀਤਾ ਸੀ। ਮੈਂ ਸ਼ਰਮਾਕੇ ਹੋਕੇ ਕਿਹਾ–"ਮਹਾਰਾਜ! ਮਾਫ ਕਰਨਾ, ਹੁਣ ਮੈਨੂੰ ਚੰਗੀ ਤਰਾਂ ਯਾਦ ਆ ਗਿਆ ਹੈ ਕਿ ਮੈਂ ਓਥ ਆਪਨੂੰ ਵੇਖਿਆ ਸੀ, ਪਰ ਤੁਸੀਂ ਕ੍ਰਿਪਾ ਕਰਕੇ ਇਹ ਤਾਂ ਦੱਸੋ ਕਿ ਤੁਸੀਂ ਮੈਨੂੰ ਪੇਹਲਾਂ ਤੋਂ ਹੀ ਕਿਸਤਰਾਂ ਜਾਣਦੇ ਹੋ?"

ਓਹਨਾਂ ਨੇ ਵੱਡੇ ਪਿਆਰ ਨਾਲ ਕਿਹਾ–"ਮਿਸਰੋਜ਼! ਤੂੰ ਭਾਵੇਂ ਨਹੀਂ ਜਾਣਦੀ ਪਰ ਤੇਰੇ ਪਿਤਾ ਤੇ ਹੇਲਨਾ ਨੇ ਮੇਰੀ ਜਾਨ ਬਚਾਈ। ਇਸੇ ਕਰਕੇ ਮੈਂ ਓਸਨੂੰ ਧੀਆਂ ਵਾਂਗ ਪਿਆਰ ਕਰਦਾ ਸਾਂ ਅਤੇ ਹਮੇਸ਼ਾਂ ਛਾਯਾ ਵਾਂਗ ਓਸ ਦੇ ਪਿੱਛੇ ਰਹਿਕੇ ਰਾਖੀ ਕਰਦਾ ਸਾਂ, ਪਰ ਪਰਮੇਸ਼ਰ ਦੀ ਲਿਖੀ ਨੂੰ ਕੌਣ ਮੇਟ ਸਕਦਾ ਹੈ? ਇਹ ਕੁਝ ਕਰਕੇ ਵੀ ਮੈਂ ਓਸਨੂੰ ਨਾ ਬਚਾ ਸਕਿਆ। ਮੈਂ ਹੁਣ ਪ੍ਰਤਿੱਗਯਾ ਕੀਤੀ ਹੈ ਕਿ ਵੈਰੀਆਂ ਪਾਸੋਂ ਓਸਦਾ ਬਦਲਾ ਜ਼ਰੂਰ ਲਵਾਂਗਾ ਤੇ ਜ਼ਰੂਰ ਲਵਾਂਗਾ!"

ਇਸੇ ਵੇਲੇ ਮੈਂ ਵੇਖਿਆ ਕਿ ਅਖਬਾਰ ਉੱਪਰ ਓਹਨਾਂ ਦੀਆਂ ਅੱਖਾਂ ਵਿਚੋਂ ਪੰਜ ਚਾਰ ਹੰਝੂ ਵੀ ਡਿਗੀਆਂ। ਮੈਂ ਵੱਡੇ ਅਚਰਜ ਨਾਲ ਹੁਣ ਤੱਕ ਓਹਨਾਂ ਦੀਆ ਗੱਲਾਂ ਸੁਣ ਰਹੀ ਸਾਂ। ਸਭ ਨਾਲੋਂ ਵੱਡੇ ਅਚਰਜ ਦੀ ਗੱਲ ਇਹ ਹੈ ਕਿ ਇਨ੍ਹਾਂ ਗੱਲਾਂ ਦੀ ਖਬਰ ਮੈਨੂੰ ਜ਼ਰਾ ਵੀ ਨਹੀਂ ਸੀ। ਮਲੂਮ ਹੁੰਦਾ ਹੈ ਕਿ ਪਿਤਾ ਤੇ ਹੇਲਨਾ ਨੇ ਇਹ ਗੱਲਾਂ ਜਾਣ ਬੁੱਝਕੇ ਮੈਥੋਂ ਲੁਕਾਈਆਂ ਸਨ। ਇਸਦੇ ਬਾਦ ਓਹਨਾਂ ਸਟੀਫਨ ਦੀ ਬਾਬਤ ਦੋ ਚਾਰ ਗੱਲਾਂ ਪੁੱਛੀਆਂ ਤੇ ਮੈਂ ਓਨ੍ਹਾਂ ਦੇ ਜਵਾਬ ਦਿੱਤੇ। ਨਾਲੇ ਕੱਲ ਵਾਲੇ ਮੁਸਲਮਾਨ ਦੇ ਪਿਛੇ ਲੱਗਣ ਦੀ ਵੀ ਗੱਲ ਮੈਂ ਓਹਨਾਂ ਨੂੰ ਦੱਸੀ। ਮੈਥੋਂ ਉਸਦਾ ਰੰਗ ਰੂਪ ਪੁੱਛਕੇ ਓਹਨਾਂ ਮੇਰੇ ਪਿਤਾ ਨੂੰ ਕਿਹਾ-"ਰੋਜ਼ ਦੀਆਂ ਗੱਲਾਂ ਤੋਂ ਮਲੂਮ ਹੁੰਦਾ ਹੈ ਕਿ ਓਹ ਅਬਦੁੱਲਾ ਹੀ ਸੀ,ਇਸ ਲਈ ਆਪ ਖੂਬ ਸਾਵਧਾਨ ਰਹੋ।"

ਕੁਝ ਦੇਰ ਪਿਛੋਂ ਵਿਦਾ ਹੋਕੇ ਅਸੀਂ ਘਰ ਆਏ ਤੇ ਮੈਂ ਇਹ ਸੋਚਦੀ ਰਹੀ ਕਿ ਅਬਦੁੱਲਾ ਕੌਣ ਹੈ ?

ਨਿੱਤ ਜਿਸ ਵੇਲੇ ਮੈਂ ਸੌਂਦੀ ਸਾਂ,ਅੱਜ ਵੀ ਓਸੇ ਵੇਲੇ ਮੈਂ ਜਾਕੇ ਸੌਂ ਰਹੀ। ਜਿਸ ਘਰ ਵਿਚ ਮੈਂ ਸੌਂਦੀ ਸਾਂ ਓਸ ਘਰ ਵਿੱਚ ਮੇਰਾ ਪਿਆਰਾ ਕੁੱਤਾ ਵੀ ਰੈਂਹਦਾ ਸੀ। ਅਚਾ-ਨਕ ਅੱਧੀ ਰਾਤ ਦੇ ਵੇਲੇ ਓਹਦੇ ਜ਼ੋਰ ੨ ਨਾਲ ਭੌਂਕਣ ਪਰ ਮੇਰੀ ਨੀਂਦ ਖੁਲ੍ਹ ਗਈ। ਮੈਂ ਵੇਖਿਆ ਮੇਰੇ ਸਿਰ੍ਹਾਨੇ ਵਾਲੀ ਬਾਰੀ ਖੁਲ੍ਹੀ ਹੋਈ ਹੈ ਤੇ ਕਮਰੇ ਵਿੱਚ ਇਕ ਭਯਾਨਕ ਆਦਮੀ ਖੜਾ ਹੈ। ਡਰ ਨਾਲ ਮੇਰੀਆਂ ਚੀਕਾਂ ਨਿਕਲ ਗਈਆਂ। ਅਰ ਓਹ ਮਨੁੱਖ ਵੀ ਓਸੇ ਵੇਲੇ ਹੀ ਬਾਰੀ ਵਿੱਚੋਂ ਟੱਪਕੇ ਗੁੰਮ ਹੋ ਗਿਆ।

---

# ਕਾਂਡ ੯

## ਜੇਲਖਾਨੇ ਵਿੱਚ ਮੈਂ ਤੇ ਸਟੀਫਨ

(ਮਿਸ ਰੋਜ਼ ਦਾ ਬਿਆਨ)

ਜਿਸ ਦਿਨ ਤੋਂ ਮੇਰੇ ਕਮਰੇ ਵਿੱਚ ਓਹ ਆਦਮੀ ਵੜਿਆ ਸੀ ਓਸ ਦਿਨ ਤੋਂ ਮੈਂ ਵੱਡੀ ਖਬਰਦਾਰੀ ਨਾਲ ਸੌਂਦੀ ਸਾਂ। ਮੇਰੇ ਕਮਰੇ ਦੇ ਚਾਰੇ ਪਾਸੇ ਚਾਰ ਹਥਿਆਰ ਬੰਦ ਸਿਪਾਹੀ ਪੈਹਰਾ ਦਿਆ ਕਰਦੇ ਸਨ। ਮੈਂ ਕਦੇ ਕਿਸੇ ਮਨੁੱਖ ਨੂੰ ਨਾਲ ਲਏ ਬਿਨਾਂ ਘਰੋਂ ਬਾਹਰ ਨਹੀਂ ਨਿਕਲਦੀ ਸਾਂ। ਕਿਉਂਕਿ ਸਰਦਾਰ ਰਾਮਪਾਲ ਸਿੰਘ ਨੇ ਮੈਨੂੰ ਬਹੁਤ ਖਬਰ ਦਾਰ ਕਰ ਦਿਤਾ ਸੀ।

ਇਸ ਤਰਾਂ ਇਕ ਸਾਤਾ ਗੁਜਰ ਜਾਣ ਪਰ ਮੈਂ ਲੇਡੀ ਰਾਜਰਸ ਨਾਮੇਂ ਇਕ ਤੀਵੀਂ ਨਾਲ ਇਕ ਐਤਵਾਰ ਨੂੰ ਬੰਦਗੀ ਕਰਨ ਲਈ ਗਿਰਜੇ ਵਿਚ ਗਈ। ਲੇਡੀ ਰਾਜ-ਰਸ ਨਾਲ ਮੇਰੀ ਜਾਣ ਪਛਾਣ ਹੋਯਾਂ ਇਕ ਮਹੀਨੇ ਤੋਂ ਉਪਰ ਹੋ ਗਿਆ ਸੀ। ਪਰ ਉਸਦੇ ਜੀਵਨ ਦੀ ਖਬਰ ਹੁਣ ਤੱਕ ਕਿਸੇ ਨੂੰ ਮਾਲੂਮ ਨਹੀਂ ਸੀ, ਜਦ ਓਸਤੋਂ ਕੋਈ ਗੱਲ ਪੁੱਛੀਦੀ ਸੀ ਯਾ ਤਾਂ ਓਹ ਜਵਾਬ ਹੀ ਨਹੀਂ ਦੇਂਦੀ ਸੀ ਯਾ ਓਸ ਗੱਲ ਨੂੰ ਹੀ ਉਡਾ ਦੇਂਦੀ ਸੀ, ਹਾਂ ਇਤਨਾ ਸਾਨੂੰ ਮਾਲੂਮ ਸੀ ਕਿ ਰਿਆਸਤ ਜੇਪੁਰ ਦੇ ਲੇਟ ਏਜੰਟ ਰਾਜ-ਰਸ ਸਾਹਿਬ ਦੀ ਇਹ ਵਿਧਵਾ ਹੈ। ਇਸਦੀ ਉਮਰ ਕਰੀਬ ੨੯ ਵਰ੍ਹੇ ਦੇ ਹੋਵੇਗੀ।

ਕੋਈ ਡੇਢ ਮਹੀਨੇ ਦੀ ਜਾਣ ਪਛਾਣ ਵਿਚ ਹੀ ਓਹ ਮੈਨੂੰ ਵੱਡੀ ਧਰਮਾਤਮਾ ਤੇ ਸਿੱਧੀ ਸਾਦੀ ਤੀਵੀਂ ਮਲੂਮ ਹੋਈ। ਓਹ ਸਾਡੇ ਮਕਾਨ ਦੇ ਨੇੜੇ ਹੀ ਰੈਂਹਦੀ ਸੀ, ਮੈਂ ਓਸ

ਦਿਨ ਦੇ ਸਿਪਾਹੀਆਂ ਤੇ ਲੇਡੀ ਰਾਜਰਸ ਨਾਲ ਗਿਰਜੇ ਵਿਚ ਗਈ। ਜਿੱਥੇ ਮੈਂ ਬੈਠੀ ਓਸੇ ਥਾਂ ਓਹ ਵੀ ਬੈਠਕੇ ਬੰਦਗੀ ਕਰਨ ਲੱਗੀ। ਕੁਝ ਦੇਰ ਪਿੱਛੋਂ ਇਕ ਆਦਮੀ ਸਾਡੇ ਸਾਮਣੇ ਵਾਲੇ ਬੈਂਚ ਉਤੇ ਬੈਠ ਗਿਆ। ਓਸਨੇ ਉਥੇ ਬੈਠਕੇ ਲੇਡੀ ਰਾਜਰਸ ਵੱਲ ਚਾਰ ਪੰਜ ਵਾਰੀ ਵੇਖਿਆ ਤੇ ਫੇਰ ਉੱਠਕੇ ਚਲਿਆ ਗਿਆ।

ਮੈਂ ਇਸ ਦਾ ਕੋਈ ਮਤਲਬ ਨਾ ਸਮਝ ਸੱਕੀ। ਕੁਝ ਦੇਰ ਪਿੱਛੋਂ ਲੇਡੀ ਰਾਜਰਸ ਵੀ ਮੈਨੂੰ ਬਿਨਾ ਕੁਝ ਆਖੇ ਦੇ ਬਾਹਰ ਚਲੀ ਗਈ। ਮੇਰੇ ਦਿਲ ਵਿੱਚ ਸ਼ੱਕ ਜਾਣ ਦੇ ਕਾਰਣ ਮੈਂ ਵੀ ਓਸ ਦੇ ਨਾਲ ਹੀ ਬਾਹਰ ਨਿਕਲੀ। ਮੈਂ ਬਾਹਰ ਆਕੇ ਵੇਖਿਆ ਤਾਂ ਲੇਡੀ ਰਾਜਰਸ ਥੰਮ ਦੇ ਓਹਲੇ ਖੜੀ ਹੋਕੇ ਓਸ ਗੋਰੇ ਨਾਲ ਗੱਲਾਂ ਕਰ ਰਹੀ ਸੀ। ਇਹ ਵੇਖਕੇ ਮੈਨੂੰ ਹੋਰ ਵੀ ਸ਼ੱਕ ਗੁਜ਼ਰਿਆ। ਓਨ੍ਹਾਂ ਦੀਆਂ ਗੱਲਾਂ ਸੁਣਨ ਵੱਲ ਧਿਆਨ ਨਾ ਦੇਕੇ ਮੈਂ ਛੇਤੀ ਹੀ ਆਪਣੇ ਘਰ ਮੁੜਨ ਦਾ ਉੱਦਮ ਕਰਨ ਲੱਗੀ ਤੇ ਚਪਰਾਸੀ ਜੋ ਮੇਰੇ ਪਾਸ ਹੀ ਬੈਠੇ ਸਨ ਓਨ੍ਹਾਂ ਨੂੰ ਮੈਂ ਗੱਡੀ ਲਿਆਉਣ ਲਈ ਕਿਹਾ। ਓਹ ਦੋਵੇਂ ਚਪਰਾਸੀ ਮੇਰੇ ਵੱਡੇ ਪੁਰਾਣੇ ਨੌਕਰ ਸਨ। ਮੇਰੇ ਲਈ ਆਪਣੀ ਜਾਨ ਤੱਕ ਦੇਣ ਵਿੱਚ ਵੀ ਉਹ ਫਰਕ ਨਹੀਂ ਕਰਦੇ ਸਨ। ਉਹ ਵੱਡੇ ਬਲਵਾਨ, ਉੱਦਮੀ ਤੇ ਫਰਜ਼ ਸ਼ਨਾਸ਼ ਸਨ। ਉਨ੍ਹਾਂ ਦੇ ਕੋਲ ਅੱਠਾਂ ਨਾਲੀਆਂ ਵਾਲਾ ਤਮੰਚਾ ਹਰ ਵੇਲੇ ਭਰਿਆ ਰਹਿੰਦਾ ਸੀ।

ਇਸ ਦੇ ਵਿਚਕਾਰ ਹੀ ਲੇਡੀ ਰਾਜਰਸ ਪਾਸੋਂ ਮੈਂ ਪੁੱਛਿਆ ਸੀ ਕਿ ਤੁਸੀਂ ਇਸ ਆਦਮੀ ਨੂੰ ਜਾਣਦੇ ਹੋ? ਪਰ ਓਸ ਨੇ ਭੌਚਕ ਹੋਕੇ ਕਿਹਾ—"ਨਹੀਂ" ਇਨ੍ਹਾਂ ਸਾਰੀਆਂ ਗੱਲਾਂ ਨੂੰ ਵੇਖਕੇ ਮੇਰਾ ਸ਼ੱਕ ਵਧਦਾ ਹੀ ਗਿਆ। ਖੈਰ!

ਕੁਝ ਮਿੰਟਾਂ ਵਿੱਚ ਹੀ ਮੇਰੀ ਗੱਡੀ ਆ ਗਈ। ਓਸੇ ਵੇਲੇ ਹੀ ਲੇਡੀ ਰਾਜਰਸ ਹੱਸਦੀ ਹੋਈ ਮੇਰੇ ਪਾਸ ਆਈ ਤੇ ਆਖਣ ਲਗੀ-"ਬਾਹਰ ਇੱਕ ਸਿਆਣੂ ਲੇਡੀ ਦੇ ਮਿਲ ਜਾਣ ਕਰਕੇ ਮੈਨੂੰ ਅੰਦਰ ਆਉਣ ਵਿੱਚ ਦੇਰ ਹੋ ਗਈ ਪਰ ਅਜੇ ਬੰਦਗੀ ਪੂਰੀ ਤਾਂ ਹੋਈ ਨਹੀਂ, ਇੰਨੀ ਛੇਤੀ ਕਿਉਂ ਤੁਸੀਂ ਚੱਲ ਪਏ, ਇਹ ਕੋਈ ਚੰਗੀ ਗੱਲ ਹੈ ?"

ਮੈਂ ਸਾਦਗੀ ਨਾਲ ਕਿਹਾ-"ਨਹੀਂ ਮੈਂ ਤੁਹਾਨੂੰ ਛੱਡਕੇ ਤਾਂ ਨਹੀਂ ਸੀ ਜਾਣਾ, ਜ਼ਰੂਰ ਤੁਹਾਨੂੰ ਬੁਲਾਕੇ ਹੀ ਲੈ ਜਾਂਦੀ। ਪਰ ਅੱਜ ਛੇਤੀ ਘਰ ਜਾਣ ਦਾ ਇੱਕ ਕਾਰਣ ਹੈ, ਮੈਂ ਫੇਰ ਦੱਸਾਂ ਗੀ।"

ਇਹ ਆਖਕੇ ਮੈਂ ਲੇਡੀ ਰਾਜਰਸ ਦਾ ਹੱਥ ਫੜਕੇ ਗੱਡੀ ਤੇ ਚੜ੍ਹੀ ਤੇ ਉਸ ਨੇ ਮੈਨੂੰ ਹੋਰ ਕੁਝ ਨਾ ਆਖ ਜੇਬ ਵਿੱਚੋਂ ਇੱਕ ਸੀਟੀ ਕੱਢਕੇ ਵਜਾਈ। ਓਸੇ ਵੇਲੇ ਹੀ ਇੱਕ ਗੋਰਾ ਵੀ ਓਸੇ ਗਿਰਜੇ ਤੋਂ ਨਿਕਲਿਆ ਤੇ ਸੀਟੀ ਦੇਂਦਾ ਹੋਇਆ ਹੋਰ ਪਾਸੇ ਚਲਿਆ ਗਿਆ। ਭਾਵੇਂ ਉਸ ਦਾ ਅੱਧਾ ਮੂੰਹ ਟੋਪੀ ਨਾਲ ਢੱਕਿਆ ਹੋਇਆ ਸੀ ਪਰ ਮੈਂ ਪਛਾਣ ਗਈ ਕਿ ਇਹ ਓਹੀ ਹੈ ਜੋ ਗਿਰਜੇ ਵਿੱਚ ਮੇਰੇ ਸਾਹਮਣੇ ਵਾਲੇ ਬੈਂਚ ਤੇ ਬੈਠਾ ਸੀ ਤੇ ਫੇਰ ਬਾਹਰ ਖੜਾ ਹੋਕੇ ਲੇਡੀ ਰਾਜਰਸ ਨਾਲ ਗੱਲਾਂ ਕਰਦਾ ਸੀ। ਹੁਣ ਲੇਡੀ ਰਾਜਰਸ ਉੱਤੇ ਮੈਨੂੰ ਕਈ ਤਰਾਂ ਦੇ ਸ਼ੱਕ ਗੁਜ਼ਰਨ ਲੱਗੇ ਇਸ ਲਈ ਮੈਂ ਚਪਰਾਸੀਆਂ ਨੂੰ ਖਬਰਦਾਰ ਕੀਤਾ ਤੇ ਕੋਚਵਾਨ ਨੂੰ ਗੱਡੀ ਤੇਜ਼ ਤੋਰਨ ਲਈ ਕਿਹਾ।

ਗਿਰਜੇ ਤੋਂ ਸਾਡਾ ਮਕਾਨ ਕਰੀਬ ਚਾਰ ਮੀਲ ਸੀ, ਤੇ ਸੜਕ ਇੱਕ ਸੁੰਞੀ ਜਹੀ ਸੀ। ਅਸੀਂ ਅਜੇ ਅੱਧ ਵਿੱਚ ਭੀ ਨਹੀਂ ਪਹੁੰਚੇ ਸਾਂ ਕਿ ਅਚਾਨਕ ਪਿਸਤੌਲ ਦੇ ਛੁੱਟਣ ਦੀ

ਆਵਾਜ਼ ਆਈ ਤੇ ਗੱਡੀ ਦਾ ਸਾਈਸ ਹੇਠਾਂ ਡਿੱਗ ਪਿਆ, ਗੱਡੀ ਖੜ ਗਈ ਤੇ ਮੇਰੇ ਦੋਵੇਂ ਚਪਰਾਸੀ ਗੱਡੀ ਦੇ ਬੂਹੇ ਉੱਤੇ ਆ ਖੜੇ ਹੋਏ। ਝੱਟ ਪਿੱਛੋਂ ਫੇਰ ਬੰਦੂਕ ਦੇ ਛੁੱਟਣ ਦੀ ਆਵਾਜ਼ ਆਈ ਤੇ ਮੇਰਾ ਇੱਕ ਚਪਰਾਸੀ ਵੀ ਡਿੱਗ ਪਿਆ। ਕੋਈ ਇਕ ਮਿੰਟਵਿੱਚ ਹੀ ਦਸਾਂ ਬਾਰਾਂ ਮਨੁੱਖਾਂ ਨੇ ਮੇਰੀ ਗੱਡੀ ਆਕੇ ਘੇਰ ਲਈ ਤੇ ਦੂਜੇ ਚਪਰਾਸੀ ਤੇ ਵੀ ਹੱਲਾ ਕੀਤਾ। ਉਸਨੇ ਵੀ ਬਾਰ ਫੇਰ ਕੀਤੇ ਪਰ ਉਸਦੀ ਗੋਲੀ ਨਾਲ ਕੋਈ ਮੋਯਾ ਕਿ ਨਹੀਂ ਇਹ ਮੈਂ ਨਹੀਂ ਜਾਣਦੀ। ਕਿਉਂਕਿ ਮੈਂ ਉਸ ਵੇਲੇ ਡਰ ਦੇ ਨਾਲ ਕੰਬ ਰਹੀ ਸਾਂ। ਜਿਸ ਵੇਲੇ ਉਨ੍ਹਾਂ ਚਪਰਾਸੀਆਂ ਤੇ ਹਮਲਾ ਕੀਤਾ ਉਸ ਵੇਲੇ ਮੈਂ ਚੀਕਾਂ ਮਾਰਕੇ ਰੋਣ ਲੱਗੀ। ਇਹ ਵੇਖ ਲੇਡੀ ਰਾਜਰਸ ਨੇ ਮੇਰਾ ਗਲ ਘੁੱਟਿਆ ਤੇ ਮੂੰਹ ਵਿਚ ਕਪੜਾ ਤੁੰਨ ਦਿੱਤਾ। ਮੈਂ ਬੇਹੋਸ਼ ਹੋਕੇ ਡਿੱਗ ਪਈ।

ਫੇਰ ਮੈਨੂੰ ਕਈ ਆਦਮੀ ਫੜਕੇ ਲੈ ਤੁਰੇ। ਮੇਰੇ ਮੂੰਹ ਵਿਚ ਕਪੜਾ ਤੁੰਨਿਆ ਹੋਯਾ ਸੀ ਤੇ ਮੈਂ ਬਰਾ ਨਹੀਂ ਬੋਲ ਸਕਦੀ ਸਾਂ। ਇਸਤਰਾਂ ਇਕ ਘੰਟਾ ਮੈਨੂੰ ਤੋਰਕੇ ਓਹ ਲੈ ਗਏ। ਓਹ ਇਕ ਵੱਡੇ ਮਕਾਨ ਅੰਦਰ ਮੈਨੂੰ ਲੈ ਗਏ ਤੇ ਇੱਕ ਹਨੇਰੀ ਕੋਠੜੀ ਵਿੱਚ ਉਨ੍ਹਾਂ ਮੈਨੂੰ ਬੰਦ ਕਰ ਦਿੱਤਾ। ਡਰ ਤੇ ਚਿੰਤਾ ਨਾਲ ਮੇਰਾ ਸਰੀਰ ਅਬਸੰਨ ਸੀ। ਉਸ ਕਮਰੇ ਵਿਚ ਮੈਂ ਆਪਣੀ ਸ਼ਾਲ ਵਿਛਾਕੇ ਸੌਂ ਗਈ। ਮੈਂ ਸੁਫਨੇ ਵਿਚ ਵੇਖਿਆ ਕਿ ਸਟੀਫਨ ਮੇਰਾ ਨਾਮ ਲੈਕੇ ਮੈਨੂੰ ਸੱਦ ਰਿਹਾ ਹੈ। ਮੇਰੀ ਨੀਂਦ ਖੁਲ ਗਈ ਤੇ ਮੈਂ ਅੱਖਾਂ ਖੋਲਕੇ ਜਦ ਵੇਖਿਆ ਤਾਂ ਸਚਮੁਚ ਹੀ ਸਟੀਫਨ ਹੱਥ ਵਿਚ ਲੈਂਪ ਫੜੀ ਮੇਰੇ ਸਾਮਨ ਖੜਾ ਹੈ,

# ਕਾਂਡ ੧੦

## ਫਕੀਰ ਦਾ ਮਤਲਬ

(ਸਰਦਾਰ ਰਾਮਪਾਲ ਸਿੰਘ ਦਾ ਬਿਆਨ)

ਜਿਸ ਦਿਨ ਰੋਜ਼ ਮੈਨੂੰ ਮਿਲਣ ਆਈ ਉਸਦੇ ਦੂਜੇ ਹੀ ਦਿਨ ਸਵੇਰੇ ਗਾਰਡਨ ਨੇ ਮੈਨੂੰ ਸੱਦ ਭੇਜਿਆ। ਉਥੇ ਜਾਕੇ ਮੈਂ ਰੋਜ਼ ਦੇ ਮੂੰਹੋਂ ਰਾਤ ਦੀਆਂ ਸਾਰੀਆਂ ਗੱਲਾਂ ਸੁਣੀਆਂ। ਰੋਜ਼ ਨੇ ਮੇਰੇ ਹਥ ਵੱਡਾ ਸਾਰਾ ਛੁਰਾ ਦੇਕੇ ਕਿਹਾ ਕਿ ਇਹ ਕਲ੍ਹ ਰਾਤ ਮੇਰੇ ਅੰਦਰੋਂ ਲੱਭਾ ਹੈ। ਉਸ ਛੁਰੇ ਨੂੰ ਤੇ ਨਾਲੇ ਉਸ ਕਮਰੇ ਨੂੰ ਚੰਗੀ ਤਰਾਂ ਵੇਖਿਆ ਜਿਸ ਵਿਚ ਰੋਜ਼ ਸੌਂਦੀ ਸੀ। ਜਿਸ ਬਾਰੀ ਵਿਚੋਂ ਉਹ ਆਦਮੀ ਨਿਕਲਕੇ ਗੁੰਮ ਹੋਗਿਆ ਉਸਨੂੰ ਵੀ ਮੈਂ ਵੇਖਿਆ। ਦੋ ਛੱਤੇ ਮਕਾਨ ਤੋਂ ਛਾਲ ਮਾਰਨ ਦਾ ਕੋਈ ਉਪਾ ਨਹੀਂ ਸੀ। ਮੈਨੂੰ ਵੱਡੀ ਹੈਰਾਨੀ ਹੋਈ। ਮੈਂ ਰੋਜ਼ ਤੋਂ ਕਈ ਗੱਲਾਂ ਪੁੱਛੀਆਂ। ਪਰ ਉਸਨੇ ਇਹੋ ਕਿਹਾ ਕਿ ਬਾਰੀ ਵਿਚੋਂ ਮੈਂ ਇੱਕ ਮਨੁਖ ਨੂੰ ਬਾਹਰ ਜਾਂਦੇ ਵੇਖਿਆ, ਇਸਦੇ ਸਿਵਾ ਮੈਂ ਹੋਰ ਕੁਝ ਨਹੀਂ ਜਾਣਦੀ।

ਇਸਤਰਾਂ ਮਿਸ ਰੋਜ਼ ਤੇ ਉਸਦੇ ਨੌਕਰਾਂ ਚਾਕਰਾਂ ਪਾਸੋਂ ਮੈਂ ਕੋਈ ਤਸੱਲੀ ਵਾਲੀ ਗਲ ਪ੍ਰਾਪਤ ਨਾ ਕਰ ਸਕਿਆ ਤੇ ਆਪਣੇ ਮਕਾਨ ਨੂੰ ਮੁੜਨ ਲਈ ਤਿਆਰ ਹੋਯਾ। ਉਸ ਵੇਲੇ ਗਾਰਡਨ ਨੂੰ ਸਿਰਫ ਮੈਂ ਇਹੋ ਕਿਹਾ ਕਿ ਰੋਜ਼ ਦੇ ਕਮਰੇ ਦੇ ਚੁਫੇਰੇ ਸਖਤ ਪੈਹਰਾ ਲਾਯਾ ਜਾਵੇ।

ਜਿਸ ਵੇਲੇ ਮੈਂ ਗਾਰਡਨ ਦੇ ਮਕਾਨ ਦੇ ਅੰਦਰੋਂ ਨਿਕਲਿਆ ਤਾਂ ਮੇਰੀ ਨਜ਼ਰ ਇਕ ਗੋਰੇ ਉਤੇ ਪਈ ਜੋ ਗਾਰਡਨ ਦੇ ਮਕਾਨ ਨੂੰ ਦੇਖ ਰਿਹਾ ਸੀ। ਮਨ ਵਿਚ ਸ਼ੱਕ

ਘੇਣ ਦੇ ਕਾਰਣ ਮੈਂ ਘਰ ਨਾ ਜਾਕੇ ਹੋਰ ਪਾਸੇ ਤੁਰ ਪਿਆ। ਕਰੀਬ ੧੫ ਮਿੰਟਾਂ ਪਿਛੋਂ ਮੈਂ ਮੁੜਕੇ ਵੇਖਿਆ ਤਾਂ ਓਹ ਵੀ ਮੇਰੇ ਪਿਛੇ ੨ ਆ ਰਿਹਾ ਸੀ। ਮੈਂ ਨਾਲ ਦੇ ਇੱਕ ਖਾਲੀ ਮਕਾਨ ਵਿੱਚ ਵੜ ਗਿਆ ਤੇ ਬਾਰੀ ਥਾਣੀ ਉਸ ਗੋਰੇ ਨੂੰ ਵੇਖਣ ਲੱਗਾ। ਇਸ ਵੇਲੇ ਓਹ ਇਕ ਬ੍ਰਿਛ ਹੇਠਾਂ ਖੜਾ ਹੋਕੇ ਚੁਰਟ ਪੀ ਰਿਹਾ ਸੀ ਤੇ ਓਸੇ ਗਲੀ ਵਲ ਵੇਖ ਰਿਹਾ ਸੀ।

ਮੇਰੇ ਪਾਸ ਭੇਸ ਬਦਲਨ ਦਾ ਸਾਮਾਨ ਸੀ ਹੀ। ਮੈਂ ਝਟ ਇੱਕ ਬੁੱਢੇ ਮੁਸਲਮਾਨ ਫਕੀਰ ਦਾ ਵੇਸ ਧਾਰਿਆ ਤੇ ਕਪੜਿਆਂ ਦੀ ਪੋਟਲੀ ਬੰਨ੍ਹ ਪਿੱਛੇ ਸੁਟ ਬਾਹਰ ਨਿਕਲਿਆ। ਅਜੇ ਵੀ ਓਹ ਗੋਰਾ ਓਥੇ ਹੀ ਖੜਾ ਹੋਯਾ ਚੁਰਟ ਪੀਂਦਾ ਸੀ।

ਨੇੜੇ ਹੀ ਦੁਕਾਨਾਂ ਸਨ। ਮੈਂ ਇਕ ਹੱਟੀ ਤੇ ਜਾਕੇ ਇੱਕ ਕੱਚ ਦੀ ਮਾਲਾ ਖਰੀਦੀ। ਹੁਣ ਮੈਂ ਓਸ ਗੋਰੇ ਵੱਲ ਤੁਰਿਆ ਜਿਧਰ ਓਹ ਖਲੋਤਾ ਸੀ। ਪਰ ਓਹ ਮੈਨੂੰ ਪਛਾਣ ਨਾ ਸਕਿਆ ਤੇ ਮੈਂ ਇੱਕ ਦੁਕਾਨ ਦੇ ਅੱਗੇ ਭਿੱਛਿਆ ਮੰਗਣ ਦੇ ਬਹਾਨੇ ਖੜੋ ਗਿਆ। ਫੇਰ ਓਹ ਗਲੀ ਦੇ ਸਿਰੇ ਤੇ ਜਾਕੇ ਝੁਕਕੇ ਮੈਨੂੰ ਵੇਖਣ ਲੱਗਾ। ਪਰ ਉਥੇ ਮੈਨੂੰ ਨਾ ਵੇਖ ਉਹ ਮੁੜ ਪਿਆ ਤੇ ਮੈਂ ਵੀ ਓਸਦੇ ਪਿੱਛੇ ਲੱਗਾ।

ਓਹ ਵੱਡੀ ਤੇਜ਼ੀ ਨਾਲ ਚਲਿਆ ਜਾਂਦਾ ਸੀ ਤੇ ਮੈਂ ਵੀ ਫ਼ਕੀਰਾਂ ਵਾਂਗ ਖੁਦਾ ਦਾ ਨਾਉਂ ਲੈਂਦਾ ੨ ਓਸਦੇ ਪਿਛੇ ੨ ਜਾ ਰਿਹਾ ਸਾਂ। ਕਰੀਬ ੧ ਮੀਲ ਜਾਣ ਪਰ ਓਹ ਇੱਕ ਮਕਾਨ ਦੇ ਬੂਹੇ ਅੱਗੇ ਜਾ ਖੜੋਤਾ ਤੇ ਓਸਨੇ ਬੂਹੇ ਨੂੰ ਧੱਕਾ ਦਿੱਤਾ, ਅੰਦਰੋਂ ਕਿਸੇ ਨੇ ਆਕੇ ਬੂਹਾ ਖੋਲਿਆ ਓਹ ਗੋਰਾ ਅੰਦਰ ਵੜਿਆ ਕਿ ਦਰਵਾਜ਼ਾ ਬੰਦ ਹੋ ਗਿਆ।

ਮੈਂ ਪਹਿਲਾਂ ਇਸ ਮਕਾਨ ਦਾ ਨੰਬਰ ਨੋਟ ਕਰ

ਲਿਆ ਤੇ ਫੇਰ ਬੂਹੇ ਨੂੰ ਧੱਕਾ ਦਿੱਤਾ। ਇੱਕ ਖਾਨਸਾਮੇ ਨੇ ਆਕੇ ਬੂਹਾ ਖੋਲ੍ਹਿਆ ਤੇ ਮੈਨੂੰ ਵੇਖ ਓਸਨੇ ਗੁੱਸੇ ਨਾਲ ਕਿਹਾ "ਜਾਓ ੨ ਯਹਾਂ ਕੁਛ ਨਹੀਂ ਮਿਲੇਗਾ।"

ਮੈਂ ਉਸਨੂੰ ਵੱਡੀ ਨਰਮੀ ਨਾਲ ਕਿਹਾ—"ਭਾਈ! ਮੈਂ ਏਕ ਬੁੱਢਾ ਫ਼ਕੀਰ ਹੂੰ, ਔਰ ਮੱਕੇ ਸੇ ਆ ਰਹਾ ਹੂੰ, ਤੁਮ ਮੁਸਲਮਾਨ ਹੋਕਰ ਮੇਰੇ ਸੇ ਐਸਾ ਸਲੂਕ ਕਰਤੇ ਹੋ ?"

ਮੇਰੀ ਗੱਲ ਸੁਣਕੇ ਓਹ ਨਰਮ ਪੈ ਗਿਆ ਤੇ ਓਸਨੇ ਕਿਹਾ—"ਅੱਛਾ, ਖੜੇ ਹੋਵੋ, ਮੈਂ ਤੁਮੇਂ ਕੁਛ ਪੈਸੇ ਲਾ ਦੂੰ।"

ਇਹ ਆਖਕੇ ਓਹ ਅੰਦਰ ਚਲਿਆ ਗਿਆ ਤੇ ਬੂਹਾ ਖੁਲ੍ਹਾ ਛੱਡ ਗਿਆ। ਮੈਂ ਬੂਹੇ ਦੀਆਂ ਝੀਤਾਂ ਵਿੱਚੋਂ ਮਕਾਨ ਦੇ ਅੰਦਰ ਦਾ ਹਾਲ ਵੇਖਣ ਲੱਗਾ। ਮੈਂ ਵੇਖਿਆ ਕਿ ਦੋ ਗੋਰੇ ਤੇ ਇਕ ਮੇਮ ਬਰਾਂਡੇ ਵਿੱਚ ਖੜੇ ੨ ਕੁਝ ਗੱਲਾਂ ਕਰ ਰਹੇ ਹਨ, ਜਿਸ ਗੋਰੇ ਦੇ ਪਿੱਛੇ ੨ ਮੈਂ ਆਯਾ ਸਾਂ ਇਕ ਉਹ ਸੀ ਤੇ ਦੂਜਾ ਕੋਈ ਹੋਰ ਸੀ। ਉਨ੍ਹਾਂ ਦੀਆਂ ਗੱਲਾਂ ਸੁਣਨ ਲਈ ਮੇਰਾ ਦਿਲ ਕੀਤਾ ਤੇ ਮੈਂ ਇਸਦਾ ਉਪਾ ਸੋਚਣ ਲੱਗਾ, ਇਤਨੇ ਵਿੱਚ ਉਹ ਖਾਨਸਾਮਾ ਮੁੜਕੇ ਆਯਾ ਤੇ ਮੇਰੇ ਹੱਥ ਦੋ ਆਨੇ ਦੇ ਕੇ ਛੇਤੀ ਚਲੇ ਜਾਣ ਲਈ ਕਿਹਾ, ਮੈਂ ਓਸਨੂੰ ਕਿਹਾ—"ਮੈਂ ਤੇਰੇ ਪਰ ਬਹੁਤ ਖੁਸ਼ ਹੂੰ, ਮੈਂ ਪੁਰਾਨਾ ਹਕੀਮ ਹੂੰ, ਅਗਰ ਤੁਮੇਂ ਕਿਸੀ ਦਵਾ ਕੀ ਜ਼ਰੂਰਤ ਹੋ ਤੋ ਮੈਂ ਤੁਮੇਂ ਬਿਲਾ ਕੀਮਤ ਦੇ ਸਕਤਾ ਹੂੰ।"

ਮੇਰੀ ਗੱਲ ਸੁਣਕੇ ਉਹ ਓਸੇ ਥਾਂ ਬੈਠ ਗਿਆ, ਮੈਂ ਜਾਣਿਆਂ ਹੁਣ ਕੰਮ ਬਣਿਆਂ। ਮੈਂ ਉਸਨੂੰ ਕਿਹਾ—"ਮੈਂ ਕੁਛ ਤੰਤ੍ਰ ਮੰਤ੍ਰ ਬੀ ਜਾਣਦਾ ਹਾਂ।"

ਹੁਣ ਤਾਂ ਉਹ ਵੱਡੇ ਅਦਬ ਨਾਲ ਬੋਲਿਆ—"ਫ਼ਕੀਰ ਜੀ! ਮੇਰੀ ਔਰਤ ਬਹੁਤ ਬੀਮਾਰ ਹੈ, ਬਹੁਤ ਸੇ

ਹਕੀਮੋਂ ਕਾ ਇਲਾਜ ਕੀਆ ਮਗਰ ਕੋਈ ਭੀ ਉਸੇ ਰਾਜ਼ੀ ਨਹੀਂ ਕਰ ਸਕਾ, ਅਗਰ ਆਪ ਕੁਛ ਦਵਾ ਜਾਨਤੇ ਹੋ ਤੋ ਵੋਹ ਦੋ, ਯਾ ਕਿਸੀ ਤੰਤ੍ਰ ਮੰਤ੍ਰ ਕੇ ਸਾਥ ਹੀ ਉਸਕੋ ਚੰਗਾ ਕਰਦੋ ਆਪ ਕੀ ਬੜੀ ਮੇਹਰਬਾਨੀ ਹੋਗੀ।"

ਮੈਂ ਵਡੀ ਗੰਭੀਰਤਾ ਨਾਲ ਉਸਨੂੰ ਕਿਹਾ-"ਕੋਈ ਫਿਕਰ ਨਹੀਂ ਮੈਂ ਤੁਮਾਰੀ ਬੀਵੀ ਕੋ ਏਕ ਤਾਵੀਜ਼ ਦੂੰਗਾ ਜਿਸ ਸੇ ਵੋਹ ਬਹੁਤ ਜਲਦ ਭਲੀ ਚੰਗੀ ਹੋ ਜਾਵੇਗੀ, ਮਗਰ ਤੁਮ ਮੁਝੇ ਅਪਨੇ ਮਕਾਨ ਕੇ ਕਿਸੀ ਕੋਨੇ ਮੇਂ ਲੇ ਚਲੋ ਜਹਾਂ ਮੁਝ ਕੋਈ ਦੇਖ ਨਾ ਸਕੇ, ਅਗਰ ਦੂਸਰਾ ਕੋਈ ਦੇਖ ਲੇਗਾ ਤੋ ਫਿਰ ਤਾਵੀਜ਼ ਖਰਾਬ ਹੋ ਜਾਵੇਗਾ।"

ਇਹ ਸੁਣਕੇ ਉਹ ਮੁਸਲਮਾਨ ਵਡੀ ਨਿਮ੍ਰਤਾ ਨਾਲ ਉਸ ਮਕਾਨ ਦੇ ਪਿਛਲ ਬੂਹੇ ਥਾਣੀ ਮੈਨੂੰ ਅੰਦਰ ਲੈ ਗਿਆ। ਜਿੱਥੇ ਓਸਨ ਮੈਨੂੰ ਲਿਜਾਕੇ ਬਿਠਾਯਾ ਓਥ ਉਨ੍ਹਾਂ ਗੋਰਿਆਂ ਤੇ ਮੇਮ ਦੀਆਂ ਗੱਲਾਂ ਨਹੀਂ ਸਣੀਦੀਆਂ ਸਨ,ਲਾਚਾਰ ਹੋਕੇ ਜਿੱਥ ਬਰਾਂਡੇ ਵਿੱਚ ਉਹ ਗੱਲਾਂ ਕਰ ਰਹੇ ਸਨ ਓਸਦੇ ਪਾਸ ਵਾਲੀ ਇਕ ਛੋਟੀ ਕੋਠੜੀ ਵਿੱਚ ਮੈਂ ਵੜ ਗਿਆ। ਖਾਨਸਾਮਾ ਵੀ ਮੈਨੂੰ ਕੁਝ ਨਾ ਆਖ ਮੇਰੇ ਨਾਲ ਹੀ ਓਸ ਕੋਠੜੀ ਵਿੱਚ ਚਲਿਆ ਆ ਯਾ, ਓਸਦਾ ਖਿਆਲ ਤਾਵੀਜ਼ ਵੱਲ ਸੀ, ਸੋ ਮੈਂ ਇਸ ਕੋਠੜੀ ਵਿੱਚ ਕਿਉਂ ਵੜ ਆਯਾ? ਇਸ ਗਲ ਦਾ ਓਸ ਕੁਝ ਖਿਆਲ ਨਾ ਕੀਤਾ। ਓਸ ਕੋਠੜੀ ਵਿੱਚ ਜਾਕੇ ਮੈਂ ਓਸਨੂੰ ਕਾਗਜ਼ ਦਾ ਟੁਕੜਾ ਤ ਕਲਮ ਦਵਾਤ ਲਿਔਣ ਲਈ ਕਿਹਾ। ਜਦ ਉਹ ਲੈਣ ਲਈ ਬਾਹਰ ਗਿਆ ਤਾਂ ਮੈਂ ਬੂਹਾ ਖੋਲ੍ਹਕੇ ਉਨ੍ਹਾਂ ਗੋਰਿਆਂ ਦੀਆਂ ਗੱਲਾਂ ਸੁਣਨਲੱਗਾ।

ਇਕ ਗੋਰੇ ਨੇ ਕਿਹਾ-ਨਹੀਂ ਨਹੀਂ, ਅਜਹਾ ਕਰਨ ਨਾਲ ਪਕੜੇ ਜਾਣ ਦਾ ਡਰ ਹੈ! ਰਾਮ ਪਾਲ ਸਿੰਘ ਵਡਾ

ਚਤਰ ਹੈ । ਓਸ ਦੀਆਂ ਅੱਖਾਂ ਵਿਚ ਖਾਕ ਪਾਣੀ ਕੋਈ ਸੌਖੀ ਗੱਲ ਨਹੀਂ । ਮੇਰੇ ਖਿਆਲ ਤਾਂ ਅਜੇ ਦੋ ਚਾਰ ਦਿਨ ਚੁਪ ਰੈਹਣਾ ਹੀ ਠੀਕ ਹੈ । ਕਿਸੇ ਨ ਕਿਸੇ ਤਰਾਂ ਓਹ ਫੜੀ ਹੀ ਜਾਵੇਗੀ । ਇਕ ਇਸਤ੍ਰੀ ਨੂੰ ਫੜਨ ਵਿਚ ਕੀ ਦੇਰ ਲੱਗੇਗੀ ॥

ਦੂਜੇ ਨੇ ਕਿਹਾ—ਮੈਂ ਭੀ ਇਹੋ ਆਖਦਾ ਹਾਂ ਕਿ ਅਜੇ ਓਸਨੂੰ ਨਾ ਫੜੋ । ਜੇਕਰ ਰਾਮਪਾਲ ਸਿੰਘ ਪਿਛੇ ਪਿਆ ਹੈ ਤਾਂ ਪੈਣ ਦਿਓ । ਮੈਂ ਓਸ ਵਰਗੇ ਬਥੇਰੇ ਮੂਰਖ ਜਾਸੂਸ ਵੇਖੇ ਹਨ । ਜੇਕਰ ਅੱਜ ਓਹ ਨੱਠ ਨਾ ਜਾਂਦਾ ਤਾਂ ਓਸਦੀ ਸਾਰੀ ਅਕਲਵੰਦੀ ਮਿੱਟੀ ਵਿਚ ਮਿਲ ਜਾਂਦੀ । ਹਾਂ ਅੱਜ ਰਾਤ ਮੈਂ ਸੁਫੇਦ ਪਾਰਕ ਜਾਣਾ ਹੈ ਓਥੇ ਓਸਨੂੰ ਮਿਲਣ ਦੀ ਗੱਲ ਹੈ ।

ਇਹ ਸੁਣਕੇ ਦੂਜੇ ਨੇ ਕੁਝ ਕਿਹਾ ਪਰ ਮੇਰੀ ਸਮਝ ਵਿਚ ਨਾ ਆਯਾ । ਇਸੇ ਵੇਲੇ ਖਾਨਸਾਮਾਂ ਕਾਗਜ ਕਲਮ ਲੈਕੇ ਆਯਾ । ਮੈਂ ਵੱਡੇ ਅਡੰਬਰ ਨਾਲ ਇਕ ਤਾਵੀਜ਼ ਲਿਖਕੇ ਓਸਨੂੰ ਦਿਤਾ ਤੇ ਬਹਾਨਾ ਕਰਕੇ ਬਾਹਰ ਹੋਯਾ । ਕਿਉਂਕਿ ਮੈਂ ਬਾਗ ਵਿਚ ਜਾਣਾ ਸੀ ।

---

# ਕਾਂਡ ੧੧

## ਦੁਸ਼ਮਨਾਂ ਦੀ ਸਲਾਹ

( ਸਰਦਾਰ ਰਾਮਪਾਲ ਸਿੰਘ ਦਾ ਬਿਆਨ )

ਇਸੇ ਦਿਨ ਸ਼ਾਮ ਨੂੰ ਮੈਂ ਤੇ ਲਛਮਣ ਅਸੀਂ ਦੋਵੇਂ ਮੁਸਲਮਾਨ ਮੌਲਵੀ ਵਾਲਾ ਭੇਸ ਧਾਰਕ ਬਾਹਰ ਨਿਕਲੇ । ਭੇਸ ਬਦਲਣ ਵਿਚ ਮੈਂ ਬਹੁਤ ਚਤਰ ਸਾਂ । ਮੈਨੂੰ ਕਿਸੇ ਤਰਾਂ

ਦੀ ਅੜਚਨ ਨਹੀਂ ਪੈਂਦੀ ਸੀ। ਮੇਰਾ ਹੱਥ ਇਥੋਂ ਤੱਕ ਸਫ ਸੀ ਕਿ ਆਪਣਾ ਆਦਮੀ ਵੀ ਉਸ ਵੇਲੇ ਮੈਨੂੰ ਨਹੀਂ ਪਛਾਣ ਸਕਦਾ ਸੀ।

ਅਸੀਂ ਦੋਵੇਂ ਜਣੇ ਅਰਬੀ ਬੋਲੀ ਵਿਚ ਗੱਲਾਂ ਕਰਦੇ ਹੋਏ ਫਿਰਨ ਚੱਲੇ। ਇਥੋਂ ਤੱਕ ਕਿ ਅਸੀਂ ਕੁਰਾਨ ਦੀਆਂ ਆਇਤਾਂ ਦੀ ਬਾਬਤ ਵਿਚਾਰ ਕਰਨ ਲੱਗ ਪਏ। ਰਾਹ ਵਿਚ ਇਕ ਮੁਸਲਮਾਨ ਪਾਸੋਂ ਅਸਾਂ 'ਸੁਵੇਜ਼ ਪਾਰਕ' ਦਾ ਪਤਾ ਵੀ ਪੁਛ ਲਿਆ ਸੀ। ਕੁਝ ਦੇਰ ਵਿਚ ਹੀ ਅਸੀਂ ਨਿਯਤ ਥਾਂ ਉਤੇ ਜਾ ਪਹੁੰਚੇ। ਲੱਛਮਣ ਦਾਸ ਨੂੰ ਇਕ ਪਾਸੇ ਲੁਕ ਰਹਿਣ ਦਾ ਹੁਕਮ ਦੇਕੇ ਮੈਂ ਪਰਕ ਵਿਚ ਜਾ ਵੜਿਆ। ਸਾਡੇ ਪਾਸ ਅੱਠ ਨਾਲੀਆ ਵਾਲੇ ਪਿਸਤੌਲ ਤੇ ਹੋਰ ਵੀ ਕਈ ਅਸਤ੍ਰ ਸ਼ਸਤ੍ਰ ਸਨ। ਇਨਾਂ ਦੇ ਸਿਵਾ ਇੱਕ ਬਿਜਲੀ ਦਾ ਲੈਂਪ ਤੇ ਇਕ ਸ਼ੀਸ਼ੀ ਕਲੋਰੋ ਫਾਰਮ ਵੀ ਸੀ।

ਮੈਂ ਜਿਸ ਵੇਲੇ ਪਾਰਕ ਵਿਚ ਵੜਿਆ ਉਸ ਵੇਲੇ ਰਾਤ ਦੇ ਅੱਠ ਵਜ ਸਨ। ਪਾਰਕ ਵਿਚ ਲੋਕਾਂ ਦੀ ਆਵਾਜਾਈ ਲਗੀ ਹੋਈ ਸੀ। ਮੈਂ ਇਹ ਚੰਗੀਤਰਾਂ ਜਾਣਦਾ ਸਾਂ ਕਿ ਚੁਪਚਾਪ ਹੋਏ ਬਿਨਾਂ ਓਹ ਲੋਕ ਕਦੇ ਇਥੇ ਨਹੀਂ ਔਣਗੇ। ਪਰ ਇਸ ਵੇਲੇ ਮੇਰਾਇਹ ਫਰਜ਼ ਹੈ ਕਿ ਮੈਂ ਓਹ ਥਾਂ ਲੱਭ ਰਖਾਂ ਜਿੱਥੇ ਬੈਠਕੇ ਉਹ ਗੱਲਾਂ ਕਰਨਗੇ। ਇਹ ਸੋਚਕੇ ਮੈਂ ਪਾਰਕ ਦਾ ਚੱਕਰ ਲਾਣ ਲੱਗਾ। ਇਸ ਪਰਕ ਵਿਚ ਇਕ ਵੱਡਾ ਸਾਰਾ ਤਲਾ ਵੀ ਸੀ। ਇਹ ਜਗਾ ਇਕ ਇਕਾਂਤ ਤੇ ਉਸਦੇ ਚੁਫੇਰੇ ਛੋਟੇ੨ ਬ੍ਰਿਛ ਲੱਗੇ ਹੋਏ ਸਨ। ਜਦ ਮੈਂ ਘੁਮਦਾ ਫਿਰਦਾ ਉਸਦੇ ਦਖਣੀ ਕਿਨਾਰੇ ਵਲ ਪਹੁੰਚਾ ਤਾਂ ਉਥੇ ਇੱਕ ਬੈਂਚ ਉੱਤੇ

ਮੈਂ ਇਕ ਗੋਰੇ ਨੂੰ ਬੈਠੇ ਵੇਖਿਆ। ਉਸਨੂੰ ਅਕਲਾ ਬੈਠਾ ਵੇਖ ਮੈਨੂੰ ਸ਼ੱਕ ਹੋਯਾ ਕਿ ਜ਼ਰੂਰ ਇਹ ਉਸੇ ਟੋਲੀ ਦਾ ਹੈ। ਇਸ ਲਈ ਮੈਂ ਬਹੁਤਾ ਉਧਰ ਖਿਆਲ ਨਾ ਦੇਕੇ ਚਲਿਆ ਆਯਾ।

ਉਥੋਂ ਮੁੜਕੇ ਮੈਂ ਬਾਗ ਦੇ ਮਾਲੀ ਕੋਲ ਗਿਆ। ਦੋਵੇਂ ਮਾਲੀ ਅਕੱਠੇ ਬੈਠੇ ਹੋਏ ਸਨ। ਉਨਾਂ ਨੂੰ ਪੁੱਛਣ ਤੋਂ ਇਹ ਮਲੂਮ ਹੋਯਾ ਕਿ ਨੌਂ ਬਜੇ ਰਾਤ ਦੇ ਪਿਛੋਂ ਉਥੇ ਕਿਸੇ ਨੂੰ ਰੇਹਣ ਦਾ ਹੁਕਮ ਨਹੀਂ। ਮੈਂ ਘੜੀ ਕੱਢਕੇ ਵੇਖਿਆ ਤਾਂ ਉਸ ਵੇਲੇ ਰਾਤ ਦੇ ਨੌਂ ਬਜਕੇ ੧੦ ਮਿੰਟ ਹੋਏ ਸਨ। ਮੈਂ ਮਾਲੀ ਕੋਲੋਂ ਪੁੱਛਿਆ ਕਿ ਉਸ ਬੈਂਚ ਉਤੇ ਜੋ ਗੋਰਾ ਬੈਠਾ ਹੋਯਾ ਹੈ ਉਸਨੂੰ ਬਾਹਰ ਕਿਉਂ ਨਹੀਂ ਕੱਢਿਆ ਗਿਆ? ਇਸ ਪਰ ਮਾਲੀ ਨੇ ਕਿਹਾ ਕਿ ਅਜ ਇੱਕ ਗੋਰਾ ਦਿਨੇ ਹੀ ਆਖ ਗਿਆ ਹੋਯਾ ਹੈ ਕਿ ਅਸੀਂ ਰਾਤ ਨੂੰ ਇਥੇ ਕਈ ਯਾਰਾਂ ਦੋਸਤਾਂ ਸਣੇ ਆਵਾਂਗੇ।

ਮਾਲੀ ਪਾਸੋਂ ਇਹ ਸਣਕੇ ਮੈਂ ਸਭ ਕੁਝ ਸਮਝ ਗਿਆ ਤੇ ਮੈਂ ਕਿਹਾ—"ਅਜ ਜੇਹੜੇ ਆਦਮੀ ਇਥੇ ਔਣਗੇ ਓਹ ਸਾਰੇ ਬਦਮਾਸ਼ ਹਨ। ਮੈਂ ਪੁਲਿਸ ਦਾ ਹੀ ਆਦਮੀ ਹਾਂ ਤੇ ਓਨਾਂ ਨੂੰ ਫੜਨ ਵਾਸਤੇ ਆਯਾ ਹਾਂ।"

ਮਾਲੀ ਨੇ ਡਰਕੇ ਮੈਨੂੰ ਸਲਾਮ ਕੀਤੀ ਤੇ ਮੈਂ ਉਸਨੂੰ ਬਹੁਤ ਸਾਰੇ ਇਨਾਮ ਦਾ ਲੋਭ ਦੇਕੇ ਕਿਹਾ:—

"ਮੇਰੇ ਕਪੜੇ ਆਪਣੇ ਪਾਸ ਰਖ ਲੈ ਤੇ ਆਪਣੇ ਕਪੜੇ ਮੈਨੂੰ ਦੇ ਦੇਹ ਮੈਂ ਪਾ ਲਵਾਂ।"

ਮਾਲੀ ਨੇ ਮੇਰੀ ਗੱਲ ਮੰਨਕੇ ਕਪੜੇ ਲਾਹ ਦਿੱਤੇ ਤੇ ਮੈਂ ਓਹ ਪਾ ਲਏ। ਇਕ ਕੰਬਲ ਨਾਲ ਮੈਂ ਆਪਣਾ ਸਾਰਾ ਸਰੀਰ ਢਾ ਢਕ ਲਿਆ ਅਤੇ ਉਸ ਗੋਰੇ ਕੋਲ ਗਿਆ ਜੇਹੜਾ ਬੈਂਚ ਉਤੇ ਬੈਠਾ ਹੋਯਾ ਸੀ। ਜਾਣ ਸਾਰ

ਓਸਨੂੰ ਸਲਾਮ ਕਰਕੇ ਮੈਂ ਕਿਹਾ—"ਹਜ਼ੂਰ, ਮੈਂ ਇਸ ਬਾਗ ਕਾ ਮਾਲੀ ਹੂੰ। ਸਰਕਾਰ ਕਾ ਯਹ ਸਖਤ ਹੁਕਮ ਹੈ ਕਿ ਰਾਤ ਕੋ ਨੌਂ ਬਜੇ ਕੇ ਬਾਦ ਯਹਾਂ ਕੋਈ ਰੇਹਨੇ ਨਾ ਪਾਵੇ। ਇਸ ਲੀਏ ਆਪ ਯਹਾਂ ਸੇ ਮਿਹਰਬਾਨੀ ਕਰਕੇ ਚਲੇ ਜਾਵੇਂ ਤੋ ਮੈਂ ਦਰਵਾਜ਼ਾ ਲਗਾਊਂ।"

ਓਸ ਗੋਰੇ ਨੇ ਕੁਝ ਗੁੱਸੇ ਨਾਲ ਕਿਹਾ—"ਤੁਮਕੋ ਭੀ ਇਨਾਮ ਮਿਲੇਗਾ ਔਰ ਤੁਮਾਰੇ ਸਾਥੀ ਕੋ ਭੀ। ਹਮ ਔਰ ਹਮਾਰੇ ਦੋਸਤ ਰਾਤ ਕੇ ਬਾਰਾਂ ਬਜੇ ਤਕ ਯਹਾਂ ਰਹੇਂਗੇ। ਹੁਸ਼ਿਆਰ ਰੇਹਨਾ, ਜੋ ਆਦਮੀ ਜੇਂਨਕਿਨ ਸਾਹਿਬ ਕਾ ਨਾਮ ਲੇਵੇ ਉਸੀ ਕੋ ਭੀਤਰ ਮੇਂ ਆਨੇ ਦੇਨਾ ਔਰ ਕੋ ਨਹੀਂ।"

"ਜੋ ਹੁਕਮ ਹਜ਼ੂਰ!" ਆਖਕੇ ਮੈਂ ਉਥੋਂ ਚਲਿਆ ਆਯਾ। ਮਾਲੀ ਕੋਲ ਆਕੇ ਓਸਨੂੰ ਮੈਂ ਕਪੜੇ ਲਾਹ ਦਿੱਤੇ। ਇੱਕ ਆਦਮੀ ਫਾਟਕ ਉਤੇ ਖੜਾ ਕਰਕੇ ਮੈਂ ਓਥੇ ਬੈਠ ਗਿਆ। ਨਾਲੇ ਇਹ ਵੀ ਕਿਹਾ ਕਿ ਕੋਈ ਆਵੇ ਤਾਂ ਮੈਨੂੰ ਖਬਰ ਦੇਣੀ।

ਰਾਤ ਦੇ ਬਾਰਾਂ ਬਜੇ ਓਸ ਮਾਲੀ ਨੇ ਆਕੇ ਖਬਰ ਦਿੱਤੀ ਕਿ ਚਾਰ ਗੋਰੇ ਹੁਣੇ ਆਏ ਹਨ ਤੇ ਬਾਗ ਦੇ ਦਖਣੀ ਪਾਸੇ ਚਲ ਗਏ ਹਨ। ਮੈਂ ਵੀ ਝਟ ਪਟ ਕੰਬਲ ਨਾਲ ਸਾਰਾ ਸਰੀਰ ਢੱਕਕੇ ਓਸੇ ਪਾਸੇ ਗਿਆ। ਮੈਂ ਬਹੁਤ ਹੌਲੇ ੨ ਉਨ੍ਹਾਂ ਦੇ ਪਾਸ ਪਹੁੰਚਾ ਤੇ ਇਕ ਬ੍ਰਿਛ ਦੇ ਓਹਲੇ ਲੁਕ ਰਿਹਾ। ਓਸੇ ਵੇਲੇ ਓਨਾਂ ਵਿਚੋਂ ਇਕ ਨੇ ਕਿਹਾ :—

"ਹੁਣ ਹੋਰ ਗੱਲਾਂ ਛੱਡਕੇ ਕੰਮ ਦੀਆਂ ਗੱਲਾਂ ਕਰੋ, ਮੈਂ ਏਧਰ ਓਧਰ ਵੇਖ ਆਉਂਦਾ ਹਾਂ।"

ਓਹ ਲਾਲਟੈਨ ਹਥ ਵਿਚ ਲੇਕੇ ਜਦ ਏਧਰ ਓਧਰ ਵੇਖਣ ਲੱਗਾ ਤਾਂ ਮੈਂ ਡਰਿਆ ਕਿ ਹੁਣ ਕੀ ਕਰਾਂ?

ਲਾਚਾਰ ਮੈਂ ਬ੍ਰਿਛ ਉਤੇ ਚੜ੍ਹ ਗਿਆ ਤੇ ਕੰਬਲ ਨਾਲ ਆਪਣਾ ਸਾਰਾ ਸਰੀਰ ਢੱਕ ਲਿਆ। ਜਿਥੇ ਮੈਂ ਬੈਠਾ ਸਾਂ ਓਥੋਂ ਹੇਠ ਪਈਆਂ ਚੀਜ਼ਾਂ ਨਹੀਂ ਦਿਸਦੀਆਂ ਸਨ। ਕੁਝ ਦੇਰ ਬਾਦ ਓਨਾਂ ਦੀਆਂ ਗੱਲਾਂ ਅਰੰਭ ਹੋਈਆਂ ਤੇ ਓਨਾਂ ਵਿਚੋਂ ਇੱਕ ਨੇ ਕਿਹਾ—"ਤੁਸਾਂ ਮੈਨੂੰ ਜੋ ਕੰਮ ਸੌਂਪਿਆ ਹੈ ਓਹ ਮੈਂ ਥੋੜੇ ਹੀ ਦਿਨਾਂ ਵਿਚ ਪੂਰਾ ਕਰਾਂਗਾ। ਸਭ ਤੋਂ ਪੇਹਲਾਂ ਤਾਂ ਰੁਪਏ ਦੀ ਸਖਤ ਲੋੜ ਹੈ। ਜੇਕਰ ਰੁਪਯਾ ਨਾਂ ਮਿਲਿਆ ਤਾਂ ਸਾਰਾ ਕੰਮ ਚੌੜ ਹੋ ਜਾਵੇਗਾ। ਰੋਜ਼ ਦੇ ਪਾਸ ੫੦ ਹਜ਼ਾਰ ਦੇ ਨੋਟ ਸਨ ਪਰ ਓਹ ਵੀ ਨਹੀਂ ਮਿਲੇ। ਹੁਣ ਕੀ ਕੀਤਾ ਜਾਵੇ ?"

ਦੂਜੇ ਨੇ ਕੁਝ ਸੋਚਕੇ ਕਿਹਾ—"ਅਜ ਸਵੇਰੇ ਹੀ ਅਬਦੁੱਲਾ ਮੈਨੂੰ ਮਿਲਿਆ ਸੀ। ਉਸਨੇ ਕਿਹਾ ਸੀ ਕਿ ਰੁਪਯਾਂ ਦਾ ਪ੍ਰਬੰਧ ਛੇਤੀ ਹੋ ਜਾਵੇਗਾ। ਸਟੀਫਨ ਤੋਂ ਵੀ ਉਸਨੇ ੪੦ ਹਜ਼ਾਰ ਰੁਪਯਾ ਲੈਣ ਦਾ ਵਾਇਦਾ ਕਰਾ ਲਿਆ ਹੈ। ਸਟੀਫਨ ਨੇ ਗਾਰਡਨ ਦੇ ਨਾਮ ਇਕ ਚਿਠੀ ਲਿਖ ਭੇਜੀ ਹੈ ਕਿ ਜਦ ਤਕ ਰਪਯੇ ਨਾਂ ਦਿੱਤੇ ਜਾਣ ਤਦ ਤਕ ਮੇਰਾ ਛੁਟਕਾਰਾ ਨਹੀਂ ਹੋਵੇਗਾ।"

ਤੀਜੇ ਨੇ ਕਿਹਾ—"ਵਾਹ ! ਅਬਦੁੱਲਾ ਵੀ ਵੱਡਾ ਚੰਧਕ ਹੈ। ਵੱਡੇ ੨ ਮਾਲਦਾਰਾਂ ਨੂੰ ਕੈਦ ਕਰਕੇ ਰੁਪਯਾ ਵਸੂਲ ਕਰਨ ਦਾ ਇੱਕ ਚੰਗਾ ਢੰਗ ਹੈ !"

ਚੌਥੇ ਨੇ ਕਿਹਾ—"ਇਨ੍ਹਾਂ ਗੱਲਾਂ ਦਾ ਕੀ ਮਤਲਬ ਹੈ। ਸਾਨੂੰ ਤਾਂ ਰੁਪਯੇ ਦੀ ਲੋੜ ਹੈ। ਜੇਕਰ ਰੁਪਯਾ ਨ ਮਿਲੇ ਤਾਂ ਅਸੀਂ ਕੁਝ ਨਹੀਂ ਕਰ ਸਕਦੇ।"

੪—"ਇਹ ਤਾਂ ਸੱਚ ਹੈ। ਪਰ ਰੁਪਯੇ ਕਿਥੋਂ ਔਣ ? ਇੰਨਾ ਕੰਮ ਕਰਨ ਪਰ ਭੀ ਮੈਕੇਂਬਰ ਨੇ ਕੁਲ

੫੦੦ ਰੁਪਯੇ ਦਿਤੇ ਹਨ। ਤੁਸੀ ਤਾਂ ਰੁਪਯੇ ਮੰਗਦੇ ਹੋ ਪਰ ਮੈਂ ਲਿਆਵਾਂ ਕਿਥੋਂ ?"

ਓਨਾਂ ਦੇ ਮੂੰਹੋਂ ਮੈਕੇਯਰ ਦਾ ਨਾਮ ਸੁਣਕੇ ਮੈਨੂੰ ਹੈਰਾਨੀ ਹੋਈ। ਅਬਦੁਲੇ ਨੂੰ ਵੀ ਇਹ ਚੰਗੀ ਤਰਾਂ ਜਾਣਦੇ ਹਨ ਤੇ ਸਟੀਫਨ ਕਿਥੇ ਕੈਦ ਹੈ ਇਹ ਵੀ ਇਨਾਂ ਕੋਲੋਂ ਗੁੱਝਾ ਨਹੀਂ। ਇਸ ਲਈ ਜੇਕਰ ਇਨਾਂ ਨੂੰ ਫੜ ਲਿਆ ਜਾਵੇ ਤਾਂ ਸਾਰਾ ਕੰਮ ਸੁਖੈਨ ਹੀ ਹੋ ਸਕਦਾ ਹੈ। ਪਰ ਮੈਂ ਫੇਰ ਸੋਚਿਆ ਕਿ ਜੇਕਰ ਇਨ੍ਹਾਂ ਨਾ ਮੰਨਿਆ ਤਾਂ ਸਾਰੀ ਗਲ ਬਣੀ ਬਣਾਈ ਵਿਗੜ ਜਾਵੇਗੀ। ਮੈਕੇਯਰ ਤੇ ਅਬਦੁੱਲਾ ਨਠ ਜਾਣਗੇ ਤੇ ਸਟੀਫਨ ਕੈਦ ਵਿਚ ਹੀ ਪਿਆ ਮਰ ਜਾਵੇਗਾ। ਸੋ ਇਹ ਸੋਚਕੇ ਮੈਂ ਇਨਾਂ ਦਾ ਪਿਛਾ ਕਰਨਾ ਹੀ ਠੀਕ ਸਮਝਿਆ ਤੇ ਬ੍ਰਿਛ ਤੋਂ ਹੇਠ ਆਯਾ। ਮਾਲੀ ਦੀਝੌਂਪੜੀ ਵਿਚ ਜਾਕੇ ਮੈਂ ਬੁਢੇ ਫਕੀਰਦਾ ਵੇਸ ਧਾਰਨ ਕੀਤਾ ਤੇ ਬਾਗ ਤੋਂ ਬਾਹਰਹੋਣਲਈ ਚਲਪਿਆ ਪਰ ਮਾਲੀ ਨੂੰ ਖਬਰਦਾਰ ਕਰਦਾ ਗਿਆ ਕਿ ਮੇਰੀ ਬਾਬਤ ਗੋਰਿਆਂ ਨੂੰ ਕੁਝ ਪਤਾ ਨਾ ਲਗੇ। ਸੜਕ ਉੱਤੇ ਪਹੁੰਚਕੇ ਮੈਂ ਇਕ ਇਸ਼ਾਰਾ ਕ ਤਾ ਜਿਸਦੇ ਨਾਲ ਹੀ ਲਛਮਣ ਦਾਸ ਵੀ ਆ ਪਹੁੰਚਾ। ਮੈਂ ਓਸਨੂੰ ਓਥੇ ਹੀ ਲੁਕੇ ਰੈਹਣ ਤੇ ਗੋਰਿਆਂ ਦਾ ਪਿਛਾ ਕਣ ਲਈ ਆਖ ਕੁਝ ਦੂਰ ਜਾਕੇ ਇਕ ਬ੍ਰਿਛ ਹੇਠਾਂ ਖੜਾ ਹੋ ਗਿਆ। ਮੇਰੀ ਨਜ਼ਰ ਬਾਗ ਦੇ ਫਾਟਕ ਉਤੇ ਸੀ, ਕਰੀਬ ਅਧੇ ਘੈਂਟੇ ਪਿਛੋਂ ਦੋ ਗੋਰੇ ਬਾਗੋਂ ਨਿਕਲਕੇ ਮੇਰੀ ਵਲ ਔਣ ਲਗੇ। ਮੈਂ ਫਕੀਰਾਂ ਵਾਂਗੂੰ ਬੋਲਦਾ ਹੋਯਾ ਅਗੇ ੨ ਤੁਰ ਪਿਆ। ਜਦ ਦੋਵੇਂ ਗੋਰੇ ਪਾਸ ਆ ਪਹੁੰਚ ਤਾਂ ਮੈਂ ਇਕ ਲੰਮੀ ਜੇਹੀ ਸਲਾਮ ਕਰਕੇ ਓਨਾਂ ਕੋਲੋਂ ਭੀਖ ਮੰਗੀ। ਪਰ ਇਕ ਨੇ ਕਿਹਾ :-

"ਤੁਮ ਫਿਕ ਮਤ ਕਰੋ, ਇਤਨੀ ਰਾਤ ਕੋ ਕੌਨ ਭੀਖ ਦੇਗਾ ?"

ਮੈਂ ਫੇਰ ਕੁਝ ਨਾ ਆਖਕੇ ਓਨਾਂ ਦੇ ਪਿਛੇ ਤੁਰ ਪਿਆ। ਇਕ ਨੇ ਅੰਗਰੇਜ਼ੀ ਵਿਚ ਕਿਹਾ—"ਕਿਧਰੇ ਇਹੋ ਹੀ ਜਾਸੂਸ ਰਾਮਪਾਲ ਸਿੰਘ ਨਾ ਹੋਵੇ ?"

ਦੂਜੇ ਨੇ ਮੇਰੀ ਵਲ ਵੇਖਕੇ ਕਿਹਾ—"ਕੀ ਤੂੰ ਪਾਗਲ ਹੈਂ ? ਓਹ ਐਸਾ ਬੇਵਕੂਫ ਜਾਸੂਸ ਹੈ ਜੋ ਇੰਨੀ ਰਾਤ ਗਈ ਏਧਰ ਓਧਰ ਭਟਕਦਾ ਫਿਰੇਗਾ ? ਓਹ ਤਾਂ ਇਸ ਵੇਲੇ ਆਪਣੇ ਮਕਾਨ ਵਿਚ ਸੁਤਾ ਹੋਯਾ ਕਈ ਤਰਾਂ ਦੇ ਸੁਪਨੇ ਵੇਖ ਰਿਹਾ ਹੋਵੇਗਾ।"

ਕਰੀਬ ੧੫ ਮਿੰਟਾਂ ਪਿਛੋਂ ਓਹ ਸ਼ੈਹਰ ਵਿਚ ਵੜੇ ਤੇ ਇਕ ਤੰਗ ਗਲੀ ਵਿਚ ਜਾਣ ਲਗੇ। ਇਸ ਵੇਲੇ ਮੈਂ ਵੱਡੀ ਨਿਮ੍ਰਤਾ ਨਾਲ ਤੇ ਦੁਖ ਭਰੀ ਅਵਾਜ਼ ਵਿਚ ਓਨਾਂ ਨੂੰ ਕਿਹਾ ਜੇਕਰ ਤੁਸੀ ਮੈਨੂੰ ਰਾਤ ਕਟਣ ਲਈ ਥਾਂ ਦੇ ਦੇਵੋ ਤਾਂ ਮੇਰੀ ਜਾਨ ਬਚ ਜਾਵੇ। ਨਹੀਂ ਤਾਂ ਠੰਡ ਨਾਲ ਰਾਤ ੨ ਹੀ ਮਰ ਜਾਵਾਂਗਾ। ਇਸਦੇ ਜਵਾਬ ਵਿਚ ਇਕ ਨੇ ਕਿਹਾ "ਭਾਗੋ ਜਾਓ ਨੁਅਰ, ਯਹਾਂ ਜਗਾ ਨਹੀਂ ਹੈ।"

ਪਰ ਦੂਜੇ ਨੇ ਕਿਹਾ—"ਅੱਛਾ, ਆਓ ਆਓ! ਠੇਹਰੋ।"

ਮੈਂ ਓਨਾਂ ਦੇ ਨਾਲ ੨ ਚਲਿਆ ਗਿਆ। ਓਸ ਤੰਗ ਗਲੀ ਦੇ ਇਕ ਦੋ ਛਤੇ ਮਕਾਨ ਵਿਚ ਓਹ ਜਾ ਵੜੇ। ਮੈਨੂੰ ਦਰਵਾਜ਼ੇ ਦੇ ਨਾਲ ਵਾਲੀ ਕੋਠੜੀ ਵਿਚ ਵਾੜਕੇ ਓਹ ਬੂਹੇ ਨੂੰ ਜੰਦਰਾ ਮਾਰ ਉੱਪਰ ਚਲੇ ਗਏ। ਓਨਾਂ ਦੇ ਚਲੇ ਜਾਣ ਪਰ ਮੈਂ ਬਿਜਲੀ ਦਾ ਲੰਪ ਬਾਲਕੇ ਓਸ ਕੋਠੜੀ ਨੂੰ ਚੰਗੀ ਤਰਾਂ ਵੇਖਿਆ। ਓਸ ਵੇਲੇ ਇਕ ਬਜੇ ਦਾ ਵੇਲਾ ਸੀ। ਮੈਂ ਓਸ ਕੋਠੜੀ ਵਿਚ ਚੁਪ ਚਾਪ ਬੈਠ ਗਿਆ। ਕੁਝ

ਫੇਰ ਪਿਛੋਂ ਬਾਹਰ ਕਿਸੇ ਦੇ ਔਣ ਦੀ ਆਵਾਜ਼ ਆਈ ਤੇ ਓਸਨੇ ਸੀਟੀ ਦਿਤੀ। ਜਿਸਤੋਂ ਮੈਂ ਸਮਝ ਗਿਆ ਕਿ ਲਛਮਨ ਦਾਸ ਹੈ। ਮੈਂ ਬਾਰੀ ਖੋਲਕੇ ਹੌਲੇ ੨ ਓਸਨੂੰ ਪਾਸ ਸੱਦਿਆ ਤੇ ਛੁਰੇ ਨਾਲ ਲੱਕੜਾਂ ਦੀਆਂ ਸਰੀਆਂ ਜੋ ਬਾਰੀ ਨੂੰ ਲੱਗੀਆਂ ਹੋਈਆਂ ਸਨ ਵੱਢਕੇ ਅੰਦਰ ਵਾੜ ਲਿਆ। ਕਿਉਂਕਿ ਮੇਰਾ ਮਤਲਬ ਇਹ ਸੀ ਕਿ ਕਿਸੇ ਤਰਾਂ ਸਟ ਫਨ ਦਾ ਪਤਾ ਲਗ ਜਾਵੇ।

ਕਰੀਬ ੨ ਬਜੇ ਰਾਤ ਦੇ ਮੈਂ ਲਛਮਨ ਦਾਸ ਨੂੰ ਨਾਲ ਲੈ ਚੋਰਾਂ ਵਾਂਗ ਦੂਜੀ ਛਤ ਉੱਤੇ ਗਿਆ। ਪੇਹਲਾਂ ਕੰਨ ਲਾਕੇ ਵੇਖਿਆ। ਪਰ ਕਿਸੇ ਦੀ ਅਵਾਜ਼ ਨਾ ਆਈ। ਫੇਰ ਮੈਂ ਆਪਣੀ ਬਿਜਲੀ ਬਤੀ ਨਾਲ ਵੇਖਿਆ ਤਾਂ ਮਲੂਮ ਹੋਯਾ ਕਿ ਇਹ ਰਸੋਈ ਖਾਨਾ ਹੈ। ਇਸ ਵਿਚ ਸਿਵਾ ਇਕ ਮੇਜ਼ ਤੇ ਕੁਰਸੀ ਦੇ ਹੋਰ ਕੁਝ ਨਹੀਂ ਸੀ। ਇਥੇ ਲਛਮਣਦਾਸ ਨੂੰ ਪੇਹਰੇ ਤੇ ਰਖਕੇ ਮੈਂ ਅਕੱਲਾ ਦੂਜੇ ਕਮਰੇ ਵਿਚ ਗਿਆ। ਪਰ ਉਸ ਵਿਚ ਵੀ ਕੁਝ ਨਹੀਂ ਸੀ। ਇਸ ਤਰਾਂ ਤਿੰਨ ਚਾਰ ਕਮਰੇ ਵੇਖਣ ਪਿੱਛੋਂ ਇਕ ਕਮਰੇ ਵਿਚ ਦੋਵੇਂ ਗੋਰੇ ਸੁੱਤੇ ਪਏ ਨਜ਼ਰ ਆਏ। ਓਹ ਦੋਵੇਂ ਘੂਕ ਸੁਤੇ ਪਏ ਸਨ। ਮੈਂ ਜੇਬ ਵਿਚੋਂ ਕਲੋਰੋ ਫਾਰਮ ਦੀ ਸ਼ੀਸ਼ੀ ਕੱਢ ਓਨਾਂ ਦੇ ਨੱਕ ਅੱਗੇ ਰਖਕੇ ਓਨਾਂ ਨੂੰ ਹੋਰ ਵੀ ਬੇਹੋਸ਼ ਕਰ ਦਿਤਾ। ਇਸਦੇ ਪਿਛੋਂ ਓਨਾਂ ਦਾ ਬਕਸ ਖੋਲਕੇ ਤਲਾਸ਼ੀ ਲਈ। ਜਿਸ ਵਿਚੋਂ ਮੈਕੇਯਰ ਦੇ ਹੱਥਾਂ ਦੀਆਂ ਛੇ ਚਿੱਠੀਆਂ ਮਿਲੀਆਂ। ਜਿਨਾਂ ਵਿਚੋਂ ਇਕ ਵਿਚ ਇਹ ਲਿਖਿਆ ਹੋਯਾ ਸੀ:-

"ਹੇਲਨਾ ਦਾ ਖੂਨ ਕਰਕੇ ਹੀ ਬਦਲਾ ਨਿਬੜ ਗਿਆ? ਕਦੇ ਨਹੀਂ। ਮੈਂ ਜਦ ਤਕ ਗਾਰਡਨ ਦੀ ਬੰਸ ਦਾ ਸਮੂਰਾ ਬੂਟਾ ਨਹੀਂ ਪੁੱਟ ਸੁੱਟਦਾ ਤਦ ਤਕ ਮੈਨੂੰ ਚੈਨ

ਨਹੀਂ । ਜੇਕਰ ਤੁਸੀ ਇਹ ਕੰਮ ਕਰ ਸਕੋ ਤਾਂ ਮੈਂ ਤੁਹਾਨੂੰ ਭਾਰੀ ਇਨਾਮ ਦੇਵਾਂਗਾ ।"

ਚਿੱਠੀ ਪੜ੍ਹਕੇ ਮੈਂ ਘਬਰਾ ਗਿਆ । ਓਹ ! ਮੈਕੇਯਰ ਕੈਸਾ ਭਯਾਨਕ ਆਦਮੀ ਹੈ ! ਦੂਜੀ ਵਿਚ ਇਹ ਸੀ:-

"ਰੋਜ਼ ਨੂੰ ਫੜਨ ਦਾ ਤੁਸੀਂ ਕੀ ਢੰਗ ਕਰ ਰਹੇ ਹੋ ? ਛੇਤੀ ਲਿਖੋ। ਸਵੀਡ ਪਾਰਕ ਵਿਚ ਅਜ ਮੁਲਾਕਾਤ ਕਰਨੀ ।"

ਤਰੀਖ ਵੇਖਣ ਤੋਂ ਮਲੂਮ ਹੋਯਾ ਕਿ ਓਹ ਦਿਨ ਬੀਤ ਚੁਕਾ ਹੈ । ਤੀਜੀ ਚਿਠੀ ਵਿਚ ਇਹ ਸੀ:—

"ਤੁਸੀਂ ਛੇਤੀ ੨ ਕੰਮ ਪੂਰਾ ਕਰੋ । ਬਲਵਾ ਹੋਣ ਵਾਲਾ ਹੈ । ਨਾਨਾ ਸਾਹਿਬ ਦੀਆਂ ਕਈ ਚਿਠੀਆਂ ਮੇਰੇ ਪਾਸ ਆਈਆਂ ਹਨ ॥"

ਮੈਂ ਹੋਰ ਚਿਠੀਆਂ ਪੜ੍ਹਨੀਆਂ ਛੱਡਕੇ ਓਨਾਂ ਨੂੰ ਅਪਣੀ ਜੇਬ ਵਿਚ ਰਖ ਲਿਆ । ਦੋਹਾਂ ਗੋਰਿਆਂ ਨੂੰ ਕਲੋਰੋ ਫਾਰਮ ਫੇਰ ਵੀ ਸੁੰਘਾਕੇ ਕਮਰੇ ਤੋਂ ਬਾਹਰ ਆਯਾ । ਉੱਪਰ ਵਾਲੇ ਸਾਰੇ ਕਮਰੇ ਢੂੰਡ ਮਾਰੇ ਪਰ ਕੋਈ ਨਜ਼ਰ ਨ ਪਿਆ । ਫੇਰ ਅਸੀਂ ਦੋਵੇਂ ਹੇਠਾਂ ਆਏ । ਵੇਖਣ ਤੋਂ ਮਲੂਮ ਹੋਯਾ ਕਿ ਇਕ ਕਮਰੇ ਵਿਚ ਮੁਸਲਮਾਨ ਨੌਕਰ ਸੁਤੇ ਹੋਏ ਹਨ । ਓਨਾਂ ਵਿਚੋਂ ਮੈਂ ਇਕ ਨੂੰ ਪਛਾਣਿਆ ਵੀ । ਇਹ ਓਹ ਸੀ ਜਿਸ ਨੂੰ ਮੈਂ ਜੇਤ੍ਰ ਲਿਖਕੇ ਦਿਤਾ ਸੀ । ਪਰ ਇਹ ਇਥੇ ਕਿਸ ਤਰਾਂ ਆ ਗਿਆ ? ਕੁਝ ਹੋਵੇ ਅਸੀਂ ਇਸ ਤਰਾਂ ਢੂੰਡ ਵੇਖਕੇ ਬਾਰੀ ਦੇ ਰਾਹ ਬਾਹਰ ਨਿਕਲ ਆਏ ।

# ਕਾਂਡ ੧੨

## ਕੀ ਇਹ ਭੂਤਾਂ ਦੀ ਜੰਦ ਹੈ ?

### (ਸਰਦਾਰ ਰਾਮਪਾਲ ਸਿੰਘ ਦਾ ਬਿਆਨ)

ਜਿਸ ਵੇਲੇ ਅਸੀਂ ਮਕਾਨ ਤੋਂ ਬਾਹਰ ਨਿਕਲੇ ਓਸੇ ਵੇਲੇ ਦੋ ਆਦਮੀ ਮਕਾਨ ਦੇ ਦਰਵਾਜ਼ੇ ਤੋਂ ਹੈਰਾਨ ਹੋਕੇ ਚਲੇ ਗਏ। ਹਨੇਰੇ ਵਿਚ ਇਹ ਪਤਾ ਨਾ ਲਗਾ ਕਿ ਓਹ ਕਾਲੇ ਸਨ ਜਾਂ ਗੋਰੇ । ਪਰ ਇਹ ਸਾਫ ਮਲੂਮ ਹੋ ਗਿਆ ਕਿ ਇਹ ਪੈਹਲਾਂ ਤੋਂ ਹੀ ਬੂਹੇ ਉੱਤੇ ਖੜੇ ਸਨ। ਅਸੀਂ ਓਧਰ ਬਹੁਤ ਖਿਆਲ ਨ ਕਰਕੇ ਆਪਣੇ ਘਰ ਨੂੰ ਮੁੜੇ, ਕੁਝ ਦੇਰ ਪਿਛੋਂ ਮਲੂਮ ਹੋਯਾ ਕਿ ਕੋਈ ਸਾਡਾ ਪਿਛਾ ਪਿਆ ਕਰਦਾ ਹੈ । ਇਸ ਵੇਲੇ ਵੀ ਹਨੇਰਾ ਕਾਫੀ ਸੀ, ਇਸ ਲਈ ਅਸੀ ਸੜਕ ਦੀ ਲਾਲਟੈਨ ਹੇਠਾਂ ਖੜ ਗਏ। ਪਿੱਛੇ ਮੁੜਕੇ ਵੇਖਿਆ ਤਾਂ ਕੋਈ ਵੀ ਨਹੀਂ ਸੀ । ਅਸੀਂ ਫੇਰ ਹੌਲੀ ੨ ਅਗੇ ਵਧੇ, ਮੇਰੀ ਮਰਜ਼ੀ ਸੀ ਕਿ ਰਾਤ ਸਾਰੀ ਬਾਹਰ ਗੁਜ਼ਾਰਕੇ ਦਿਨ ਚੜ੍ਹੇ ਘਰ ਜਾਈਏ, ਜਿਸਤੋਂ ਕੋਈ ਸਾਨੂੰ ਪਛਾਣ ਨਾ ਸਕੇ। ਲਛਮਣ ਦਾਸ ਵੀ ਹੱਥ ਵਿੱਚ ਪਿਸਤੌਲ ਫੜੀ ਬੜੀ ਖ਼ਬਰਦਾਰੀ ਨਾਲ ਮੇਰੇ ਪਿਛੇ ੨ ਆ ਰਿਹਾ ਸੀ, ਅੱਧਾ ਸ਼ਹਿਰ ਗਾਹਕੇ ਅਸੀਂ ਇਕ ਚੌਰਾਹੇ ਉੱਤੇ ਜਾ ਪਹੁੰਚੇ। ਇਸ ਵੇਲੇ ਅਚਾਨਕ ਦੋ ਪਿਸਤੌਲਾਂ ਦੇ ਛੁੱਟਣ ਦੀ ਆਵਾਜ਼ ਆਈ ਤੇ ਇਕ ਗੋਲੀ ਮੇਰੇ ਕੰਨ ਦੇ ਕੋਲੋਂ ਦੀ ਲੰਘਗਈ, ਦੂਜੀ ਗੋਲੀ ਲਛਮਨ ਦੇ ਪੈਰਾਂ ਵਿਚ ਲੱਗੀ ਤੇ ਓਹ ਤਾਂ ਉਥੇ ਹੀ ਬੈਠ ਗਿਆ। ਮੈਂ ਓਸਨੂੰ ਲੇਟ ਜਾਣ ਦਾ ਅਸ਼ਾਰਾ ਕਰਕੇ ਆਪ ਵੀ ਜ਼ਖਮੀ ਵਾਂਗ ਓਥੇ ਲੇਟ ਗਿਆ। ਮੈਂ ਸੋਚਿਆ ਕਿ ਜੋ ਮਨੁੱਖ ਇਸ ਤਰਾਂ ਲੁਕਕੇ

ਗੋਲੀਆਂ ਮਾਰ ਰਿਹਾ ਹੈ ਓਹ ਸਾਡੇ ਭਿਗਣ ਪਰ ਜ਼ਰੂਰ ਸਾਡੇ ਪਾਸ ਆਵਗਾ, ਅਤੇ ਮੇਰੀ ਇਹ ਦਲੀਲ ਸੱਚੀ ਨਿਕਲੀ ਵੀ,ਕੁਝ ਦੇਰ ਪਿਛੋਂ ਹੀ ਦੋ ਮਨੁੱਖ ਕਾਲੇ ਕਪੜੇ ਨਾਲ ਲੁਕੇ ਹੋਏ ਸਾਡੇ ਪਾਸ ਵੱਡੀ ਤੇਜ਼ੀ ਨਾਲ ਆਏ। ਮੈਂ ਲਛਮਨ ਦਾਸ ਨੂੰ ਗੋਲੀ ਮਾਰਨ ਦਾ ਇਸ਼ਾਰਾ ਦੇਕੇ ਆਪ ਵੀ ਪਏ੨ ਨਿਸ਼ਾਨਾ ਸਾਧਿਆ। ਜਦ ਓਹ ਸਾਡੇ ਪਾਸ ਆਏ ਤਾਂ ਅਸਾਂ ਦੋਹਾਂ ਨੇ ਗੋਲੀਆਂ ਚਲਾਈਆਂ। ਮੈਂ ਵੀ ਗੋਲੀ ਮਾਰਕੇ ਝਟ ਉਠ ਖੜਾ ਹੋਯਾ। ਪਰ ਹੈਰਾਨੀ ਦੀ ਗਲ ਹੈ ਕਿ ਪਿਸਤੌਲ ਦਾ ਧੂੰਆਂ ਸਾਫ਼ ਹੋਣ ਪਰ ਉਥੇ ਕੋਈ ਵੀ ਨਜ਼ਰ ਨਾ ਪਿਆ। ਕੁਝ ਚਿਰ ਪਿੱਛੋਂ ਪ੍ਰਭਾਤ ਹੋ ਗਈ ਤੇ ਅਸੀ ਦੋਵੇਂ ਘਰ ਮੁੜ ਆਏ। ਲਛਮਣਦਾਸ ਨੂੰ ਵੀ ਕੋਈ ਭਾਰੀ ਜ਼ਖ਼ਮ ਨਹੀਂ ਲਗਾ ਸੀ। ਗੋਲੀ ਦੀ ਰਗੜ ਨਾਲ ਕੁਝ ਚਮੜਾ ਛਿਲਿਆ ਗਿਆ ਸੀ।

ਮਕਾਨ ਉੱਤੇ ਪਹੁੰਚਣ ਸਾਰ ਮੈਂ ਰੋਜ਼ ਨੂੰ ਇਕ ਚਿੱਠੀ ਲਿਖਕੇ ਖਬਰਦਾਰ ਰਹਿਣ ਲਈ ਕਿਹਾ। ਗਾਰਡਨ ਨੂੰ ਵੀ ਆਖ ਭੇਜਿਆ ਕਿ ਤੁਹਾਡੇ ਵੈਰੀ ਅਜੇ ਚੁਪ ਨਹੀਂ ਹਨ। ਓਹ ਤੁਹਾਡਾ ਸਰਬੰਸ ਨਾਸ ਕਰਨ ਨੂੰ ਫਿਰਦੇ ਹਨ ਇਸਦੇ ਸਿਵਾ ਦੋ ਤਕੜੇ ਜਾਸੂਸ ਵੀ ਮੈਂ ਓਸਦੇ ਮਕਾਨ ਉੱਤੇ ਪੈਹਰਾ ਦੇਣ ਲਈ ਰੱਖ ਦਿੱਤੇ। ਰੋਟੀ ਪਾਣੀ ਖਾਕੇ ਮੈਂ ਬੰਗਾਲੀ ਬਾਬੂਆਂ ਵਰਗਾ ਆਪਣਾ ਵੇਸ ਬਣਾਯਾ, ਤੇ ਜਿਸ ਮਕਾਨ ਵਿਚ ਰਾਤੀਂ ਅਸੀਂ ਗਏ ਸਾਂ ਓਸ ਵਲ ਗਿਆ। ਜਦ ਉਥੇ ਪਹੁੰਚਾ ਤਾਂ ਵੇਖਿਆ ਮਕਾਨ ਵਿਚ ਕੋਈ ਵੀ ਨਹੀਂ। ਸਗੋਂ ਦਰਵਾਜ਼ੇ ਉਤੇ ਇਹ ਲਿਖਿਆ ਹੋਯਾ ਸੀ "ਮਕਾਨ ਕਿਰਾਏ ਲਈ ਖਾਲੀ ਹੈ।" ਨਾਲ ਲਗਦਾ ਇਕ ਮਕਾਨ ਕਿਸੇ ਗੋਰੇ ਦਾ ਸੀ।

ਮੈਂ ਜਦ ਓਸ ਦੇ ਅੰਦਰ ਵੜਿਆ ਤਾਂ ਨੌਕਰ ਨੇ ਆਕੇ ਮੇਰਾ ਨਾਮ ਪੁਛਿਆਮੈਂ ਓਸ ਨੂੰ ਅਪਣਾ ਬਣਾਵਟੀ ਨਾਮ ਦੱਸਕੇ ਕਿਹਾ-"ਮੈਂ ਨਾਲ ਦਾ ਮਕਾਨ ਕਿਰਾਏ ਤੇ ਲੈਣਾ ਚਾਹੁੰਦਾ ਹਾਂ। " ਨੌਕਰ ਨੇ ਉਪਰ ਜਾਕੇ ਖਬਰ ਦਿਤੀ ਤੇ ਥੋੜੀ ਦੇਰ ਪਿਛੋਂ ਹੀ ਇਕ ਮੇਮ ਮੇਰੇ ਪਾਸ ਆਈ ਤੇ ਓਸਨੇ ਕਿਹਾ- "ਬਾਬੂ, ਕੀ ਤੁਸੀਂ ਓਹ ਮਕਾਨ ਕਿਰਾਏ ਤੇ ਲੈਂਦੇ ਹੋ?

ਮੈਂ-"ਹਾਂ, ਮੈਂ ਲੈਣਾ ਚਾਹੁੰਦਾ ਹਾਂ, ਓਹ ਕਦ ਤੋਂ ਖਾਲੀ ਹੈ ? "

ਮੇਮ-"ਕਰੀਬ ਦੋ ਮਹੀਨੇ ਹੋਗਏ ! "

ਮੈਂ ਸਮਝ ਗਿਆ ਕਿ ਇਹ ਕੋਰਾ ਝੂਠ ਬੋਲਦੀ ਹੈ। ਕੱਲ ਹੀ ਅਸੀਂ ਇਸ ਵਿਚ ਰਾਤ ਕੱਟਕੇ ਗਏ ਹਾਂ। ਇਹ ਆਖਦੀ ਹੈ ਅੱਜ ਦੋ ਮਹੀਨੇ ਤੋਂ ਖਾਲੀ ਹੈ। ਮੈਂ ਓਸ ਨੂੰ ਫੇਰ ਪੁਛਿਆ-"ਕੀ ਕਿਰਾਯਾ ਹੈ ? "

ਮੇਮ-"ਥੋੜੇ ਦਿਨਾਂ ਵਾਸਤੇ ਲਓ ਤਾਂ ੫੦) ਰੁਪਯੇ ਮਹੀਨਾ, ਜੇ ਬਹੁਤੇ ਦਿਨਾਂ ਲਈ ਲਓ ਤਾਂ ਹੋਰ ਘਟ ਜਾਵੇਗਾ ।"

ਮੈਂ-"ਮੈਂ ਕਿਰਾਯੇ ਤੇ ਲੈਣ ਨੂੰ ਤਿਆਰ ਹਾਂ, ਪਰ ਅਸੀ ਬੰਗਾਲੀ ਹਾਂ, ਤੇ ਭੂਤਾਂ ਕੋਲੋਂ ਬਹੁਤ ਡਰਦੇ ਹਾਂ। ਜੋ ਮਕਾਨ ਬਹੁਤ ਦਿਨ ਤਕ ਖਾਲੀ ਰਹੇ ਓਸ ਵਿਚ ਜ਼ਰੂਰ ਭੂਤ ਹੁੰਦੇ ਹਨ। ਇਹ ਇਕ ਔਕੜ ਹੈ । ਨਹੀਂ ਤਾਂ ਮੈਂ ਜ਼ਰੂਰ ਕਿਰਾਏ ਤੇ ਲੈ ਲੈਂਦਾ।

ਮੇਮ-"ਨਹੀਂ ਨਹੀਂ, ਇਸ ਮਕਾਨ ਵਿਚ ਕੋਈ ਭੂਤ ਊਤ ਨਹੀਂ। ਮੇਰੇ ਕਈ ਸੰਬੰਧੀ ਇਸ ਮਕਾਨ ਵਿਚ ਰੇਹ ਚੁਕੇ ਹਨ। ਓਨਾਂ ਨੇ ਕਦੇ ਕੁਝ ਨਹੀਂ ਵੇਖਿਆ। "

ਮੈਂ-"ਫੇਰ ਓਹ ਚਲੇ ਕਿਉਂ ਗਏ ? ਮੈਨੂੰ ਮਲੂਮ

ਹੁੰਦਾ ਹੈ ਕਿ ਓਨਾਂ ਨੇ ਕੁਝ ਵੇਖਿਆ ਤੇ ਓਹ ਡਰ ਗਏ।"

ਮੇਮ—"ਮੈਂ ਜਾਣਦੀ ਹਾਂ ਕਿ ਬੰਗਾਲੀ ਭੂਤਾਂ ਪ੍ਰੇਤਾਂ ਕੋਲੋਂ ਬਹੁਤ ਡਰਦੇ ਹਨ, ਪਰ ਇਸ ਮਕਾਨ ਵਿਚ ਕੋਈ ਭੂਤ ਪ੍ਰੇਤ ਨਹੀਂ ਮੈਂ ਇਹ ਲਿਖਕੇ ਦੇ ਸਕਦੀ ਹਾਂ। ਜੇਕਰ ਤੁਹਾਨੂੰ ਕੋਈ ਭੂਤ ਨਜ਼ਰ ਆਵੇ ਤਾਂ ਮੈਂ ਭਾੜਾ ਹੀ ਨਹੀਂ ਲਵਾਂਗੀ।"

ਮੈਂ ਆਪਣੇ ਮਨ ਵਿਚ ਹਸਿਆ ਤੇ ਫੇਰ ਪੁਛਿਆ "ਮੇਮ ਸਾਹਬ, ਮੈਂ ਕਿਰਾਏ ਤੇ ਲੈਣ ਲਈ ਤਿਆਰ ਹਾਂ ਪਰ ਇਹ ਦੱਸੋ ਤੁਹਾਡੇ ਓਹ ਸਬੰਧੀ ਕਿਉਂ ਚਲੇ ਗਏ?"

ਮੇਮ ਕੁਝ ਅਟਕ ੨ ਕੇ ਬੋਲੀ—"ਓਹ ਆਪਣੇ ਕਿਸੇ ਸਬੰਧੀ ਦੇ ਮਰਨ ਕਰਕੇ ਚਲੇ ਗਏ।"

ਮੈਂ—ਅੱਛਾ ਜੇਹੜੇ ਰੇਂਹਦੇ ਸਨ ਓਨਾਂ ਦਾ ਕੀ ਨਾਮ ਸੀ? ਮੇਮ ਕੁਝ ਗੁਸੇ ਨਾਲ ਬੋਲੀ—ਤੁਸੀਂ ਉਨਾਂ ਦਾ ਨਾਮ ਪੁਛਕੇ ਕੀ ਕਰੋਗੇ। ਮੈਂ ਨਹੀਂ ਸਮਝਦੀ ਓਨਾਂ ਦਾ ਮਕਾਨ ਨਾਲ ਕੀ ਸਬੰਧ ਹੈ?

ਮੈਂ ਸਮਝ ਲਿਆ ਕਿ ਇਹ ਓਨਾਂ ਦਾ ਨਾਮ ਕਿਸੇ ਤਰਾਂ ਨਹੀਂ ਦਸ ਸਕਦੀ। ਮੈਂ ਓਸ ਨੂੰ ਕਿਹਾ—ਤੁਸੀਂ ਮੈਨੂੰ ਗੁੱਸੇ ਕਿਉਂ ਹੁੰਦੇ ਹੋ, ਜੇਕਰ ਇਸ ਮਕਾਨ ਵਿਚ ਭੂਤ ਨਹੀਂ ਸਨ ਤਾਂ ਓਨਾਂ ਦਾ ਸੰਬੰਧੀ ਜੋ ਮਰ ਗਿਆ ਹੈ ਓਹ ਜ਼ਰੂਰ ਹੀ ਭੂਤ ਹੋ ਗਿਆ ਹੋਵੇਗਾ ਤੇ ਇਸ ਘਰ ਵਿਚ ਰੇਹਣ ਵਾਲੇ ਨੂੰ ਸਤਾਵੇਗਾ। ਮੈਂ ਤਾਂ ਇਹ ਮਕਾਨ ਨਹੀਂ ਲੈਂਦਾ।

ਇਹ ਆਖਕੇ ਮੈਂ ਬਾਹਰ ਚਲਿਆ ਆਯਾ। ਬਾਹਰ ਆਕੇ ਇਕ ਦੁਕਾਨਦਾਰ ਪਾਸੋਂ ਓਸ ਮਕਾਨ ਦੀ ਬਾਬਤ ਕੁਝ ਪੁਛਦਾ ਸਾਂ ਕਿ ਓਹ ਖਾਨ ਸਾਮਾ ਜਿਸ ਨੂੰ ਮੈਂ ਸੈਤੂ ਲਿਖਕੇ ਦਿਤਾ ਸੀ ਹਥ ਵਿਚ ਇਕ ਚਿਠੀ ਲਈ ਓਸ ਮੇਮ

ਦੇ ਮਕਾਨ ਵਿਚ ਗਿਆ। ਮੈਂ ਓਥੇ ਖੜਾ ਹੋਕੇ ਓਸਦੇ ਮੁੜਨ ਦੀ ਰਾਹ ਵੇਖਣ ਲਗਾ। ਦੁਕਾਨਦਾਰ ਓਸ ਮਕਾਨ ਦੀ ਬਾਬਤ ਕੁਝ ਨਾ ਦਸ ਸਕਿਆ, ਕਰੀਬ ਅੱਧੇ ਘੰਟੇ ਪਿੱਛੋਂ ਓਹ ਖਾਨਸਾਮਾ ਹੱਥ ਵਿਚ ਚਿੱਠੀ ਲਈ ਬਾਹਰ ਆਯਾ ਤੇ ਮੈਂ ਵੀ ਓਸ ਦੇ ਪਿਛੇ ਲਗ ਪਿਆ।

ਮੈਂ ਚਾਹੁੰਦਾ ਸਾਂ ਕਿ ਇਹ ਚਿੱਠੀ ਜੋ ਲਈ ਜਾਂਦਾ ਹੈ ਕਿਸੇਤਰਾਂ ਮੈਨੂੰ ਮਿਲ ਜਾਵੇ। ਇਸ ਲਈ ਮੈਂ ਫੁਰਤੀ ਨਾਲ ਓਸ ਤੋਂ ਕੁਝ ਅੱਗੇ ਵਧ ਗਿਆ। ਤੇ ਅਨਜਾਣਾਂ ਵਾਂਗ ਰਾਹ ਪੁੱਛਣ ਲਗਾ। ਇਸਤਰਾਂ ਕਰਨ ਨਾਲ ਚਾਰ ਪੰਜ ਆਦਮੀ ਮੇਰੇ ਪਾਸ ਖੜੋ ਗਏ ਤੇ ਓਹ ਖਾਨ ਸਾਮਾ ਵੀ ਆ ਪਹੁੰਚਾ। ਓਸ ਵੇਲੇ ਮੈਂ ਇਕ ਆਦਮੀ ਨੂੰ ਕਿਹਾ:—"ਮੈਂ ਪਰਦੇਸੀ ਹਾਂ, ਇਥੋਂ ਦੀ ਬਾਬਤ ਕੁਝ ਨਹੀਂ ਜਾਣਦਾ। ਇਥੋਂ ਤਕ ਕਿ ਜਿਸ ਮਕਾਨ ਵਿਚ ਮੈਂ ਉਤਰਿਆ ਹਾਂ ਉਸ ਦਾ ਪਤਾ ਵੀ ਭੁੱਲ ਗਿਆ ਹਾਂ। ਜੇਕਰ ਤੁਹਾਡੇ ਵਿਚੋਂ ਮੈਨੂੰ ਕੋਈ ਚੰਗੀ ਦੁਕਾਨ ਵਿਖਾ ਦੇਵੇ ਤਾਂ ਮੈਂ ਓਸ ਨੂੰ ਕਾਫੀ ਇਨਾਮ ਦਿਆਂ ਗਾ।"

ਇਹ ਸੁਣਦਿਆਂ ਹੀ ਓਹ ਖਾਨ ਸਾਮਾ ਮੇਰੇ ਕੋਲ ਆਯਾ ਤੇ ਓਸ ਨੇ ਕਿਹਾ "ਅਜੀ ਬਾਬੂ ਜੀ, ਯਹ ਲੋਗ ਕਿਆ ਜਾਨੇਂ, ਆਪ ਮੇਰੇ ਸਾਥ ਆਓ। ਮੈਂ ਸਾਹਬ ਲੋਗੋਂ ਕੀ ਨੌਕਰੀ ਕਰਤਾ ਹੂੰ, ਭਲੇ ਆਦਮੀ ਕੀ ਰੇਹਨ ਸੇਹਨ ਅੱਛੀਤਰਾਂ ਜਾਨਤਾ ਹੂੰ। ਆਪ ਮੇਰੇ ਸਾਥ ਚਲੀਏ ਮੈਂ ਆਪ ਕੋ ਬਹੁਤ ਅੱਛੀ ਦੁਕਾਨ ਦਿਖਲਾਊਂ।"

ਮੈਂ ਹੋਰ ਕੁਝ ਨਾ ਆਖ ਉਸ ਦੇ ਨਾਲ ਹੋ ਪਿਆ। ਰਾਹ ਵਿਚ ਮੈਂ ਓਸ ਨੂੰ ਪੰਜ ਰੁਪਯੇ ਦੇਕੇ ਕਿਹਾ:—ਤੁਮ ਨੇ ਮੇਰੀ ਮਦਦ ਕੀ ਹੈ। ਯਹ ਲੋ ਤੁਮਾਰਾ ਇਨਾਮ।

ਓਸਨੇ ਮੈਨੂੰ ਸਲਾਮ ਕਰਕੇ ਕਿਹਾ—"ਹਜ਼ੂਰ ਗਰੀਬੋਂ ਕੇ ਮਾਈ ਬਾਪ ਹੈਂ, ਮੁਝੇ ਜੋ ਹੁਕਮ ਕਰੇਂ ਮੈਂ ਬਜਾ ਲਾਊਂ,

ਮੈਂ ਉਸਦੇ ਨਾਲ ਕਾਨਪੁਰ ਦੀਆਂ ਗੱਲਾਂ ਅਰੰਭ ਦਿੱਤੀਆਂ ਤੇ ਓਹ ਵੀ ਕੁਝ ੨ ਜਵਾਬ ਦੇਈ ਗਿਆ। ਫੇਰ ਓਹ ਮੈਨੂੰ ਇੱਕ ਵੱਡੀ ਦੁਕਾਨ ਵਿੱਚ ਲੈ ਗਿਆ, ਓਹ ਖੁਦ ਦੁਕਾਨਦਾਰ ਦੀ ਕੋਠੜੀ ਵਿੱਚੋਂ ਇੱਕ ਚੰਗੀ ਜੇਹੀ ਕੁਰਸੀ ਚੁੱਕਕੇ ਮੇਰੇ ਬੈਠਣ ਲਈ ਲੈ ਆਯਾ ਤੇ ਮੈਂ ਬੈਠ ਗਿਆ। ਦੁਕਾਨ ਵਿੱਚ ਸਾਰੀਆਂ ਚੀਜ਼ਾਂ ਸਨ। ਮਾਮੂਲੀ ਖਿਡੌਣੇ ਤੋਂ ਲੈ ਕੇ ਕੀਮਤੀ ਸ਼ਾਲ ਦੁਸ਼ਾਲੇ ਤਕ ਮਜੂਦ ਸਨ। ਉਨ੍ਹਾਂ ਦਿਨਾਂ ਵਿੱਚ ਠੰਡ ਬਹੁਤ ਸੀ, ਇਸ ਲਈ ਮੈਂ ਇੱਕ ਸ਼ਾਲ ਦੀ ਕੀਮਤ ਦਾ ਫੈਸਲਾ ਕਰਨ ਲੱਗਾ।

ਉਸ ਖਾਨਸਾਮੇ ਨੇ ਦੁਕਾਨਦਾਰ ਨੂੰ ਧਮਕਾਕੇ ਕਿਹਾ:—"ਤੁਮ ਜਾਨਤੇ ਹੋ ਮੈਂ ਪਲਟਨ ਕੇ ਸਾਹਿਬ ਕਾ ਨੌਕਰ ਹੂੰ। ਮੇਰੇ ਸਾਥ ਅਗਰ ਤੁਮ ਚਾਲਾਕੀ ਕਰੋਗੇ ਤੋ ਮੈਂ ਪੁਲਸ ਮੇਂ ਦੇਦੂੰਗਾ। ਬਾਬੂ ਜੀ ਸੇ ਠੀਕ ੨ ਦਾਮ ਲੈਨਾ ਯੇਹ ਮੇਰੇ ਅਪਨੇ ਆਦਮੀ ਹੈਂ।"

ਇਸ ਗੱਲ ਤੋਂ ਵੀ ਮੈਨੂੰ ਪਤਾ ਲੱਗ ਗਿਆ ਕਿ ਇਹ ਪਲਟਨੀਏਂ ਸਾਹਬ ਦਾ ਨੌਕਰ ਹੈ। ਇਸਦੇ ਸਾਹਿਬ ਨੂੰ ਮੈਂ ਪਹਿਲਾਂ ਭੀ ਵੇਖ ਚੁੱਕਾ ਸਾਂ ਤੇ ਜਾਣ ਚੁੱਕਾ ਸਾਂ ਕਿ ਓਹ ਪਲਟਨ ਦਾ ਅਫਸਰ ਹੈ। ਸੋ ਹੁਣ ਕਿਲੇ ਵਿੱਚ ਜਾਕੇ ਓਸਦਾ ਪਤਾ ਕਰਾਂਗਾ। ਸ਼ਾਲ ਦੀ ਕੀਮਤ ੫੦) ਰੁਪਯਾ ਦੁਕਾਨਦਾਰ ਨੇ ਮੰਗੀ ਸੀ ਮੈਂ ੧੦੦) ਦਾ ਨੋਟ ਕੱਢਕੇ ਓਸਦੇ ਹਵਾਲੇ ਕੀਤਾ। ਪਰ ਉਸਦੇ ਪਾਸ ਬਾਕੀ ਦੇ ੫੦) ਰੁਪਏ ਨਹੀਂ ਸਨ, ਇਸ ਲਈ ਓਸਨੇ ਨੋਟ ਮੋੜ ਦਿਤਾ। ਲਾਚਾਰ ਮੈਂ ਓਹ ਨੋਟ ਖਾਨਸਾਮੇਂ ਨੂੰ ਭੁਨਾਉਣ ਲਈ

ਦਿਤਾ। ਖਾਨਸਾਮਾ ਨੋਟ ਲੈਕੇ ਚਲਿਆ ਹੀ ਸੀ ਕਿ ਮੈਂ ਓਸਨੂੰ ਫੇਰ ਸਦਿਆ। ਮੈ ਕਿਹ—"ਮੈਂ ਪਰਦੇਸੀ ਆਦਮੀ ਤੁਹਾਨੂੰ ਜਾਣਦਾ ਨਹੀਂ। ਇਸ ਲਈ ੧੦੦) ਦਾ ਨੋਟਦੇਣ ਵਿੱਚ ਮੇਰਾ ਦਿਲ ਕੁਝ ਡਰਦਾ ਹੈ। ਮੈਂ ਤੇਰੇ ਉਤੇ ਕਿਸਤਰਾਂ ਭਰੋਸਾ ਕਰਾਂ ?"

ਖਾਨਸਾਮਾ—"ਹਜ਼ੂਰ ਕਾ ਕੈਹਨਾ ਠੀਕ ਹੈ। ਮੇਰੇ ਪਾਸ ਯੇਹ ਚਿੱਠੀ ਹੈ। ਅਗਰ ਕੋਈ ਏਕ ਹਜ਼ਾਰ ਰੁਪੱਯਾ ਦੇ ਤੋ ਭੀ ਮੈਂ ਕਿਸੀ ਕੋ ਯੇਹ ਨਹੀਂ ਦੇ ਸਕਤਾ ਕਿਉਂਕਿ ਯੇਹ ਬਹੁਤ ਜ਼ਰੂਰੀ ਹੈ। ਅਗਰ ਯੇਹ ਚਿੱਠੀ ਖੋ ਜਾਏ ਤੋ ਮੇਰੀ ਜਾਨ ਨਹੀਂ ਬਚੇਗੀ, ਕਜਾ ਆਪਕੋ ਯੇਹ ਚਿੱਠੀ ਸੌਂਪ ਜਾਊਂ ?"

ਮੈਂ—"ਬੱਸ ਇਹ ਗੱਲ ਠੀਕ ਹੈ!"

ਖਾਨਸਾਮਾ ਮੇਰੇ ਉਤੇ ਕੁਝ ਸ਼ੱਕ ਨ ਕਰਕੇ ਤੇ ਮੇਰੇ ਹੱਥ ਚਿੱਠੀ ਦੇਕੇ ਚਲਿਆ ਗਿਆ। ਮੈ ਓਸਨੂੰ ਜਾਂਦਾ ਦੇਖਕੇ ਦੁਕਾਨ ਦੇ ਬਾਹਰ ਖੜਾ ਹੋਗਿਆ। ਇਸ ਵੇਲੇ ਦੁਕਾਨਵਿੱਚ ਕਈ ਖਰੀਦਾਰ ਵੀ ਪਹੁੰਚ ਗਏ। ਮੈਂ ਇਹ ਚੰਗਾ ਮੌਕਾ ਜਾਣਕੇ ਚਿੱਠੀ ਪਾੜੀ ਤੇ ਪੜ੍ਹਨ ਲੱਗਾ। ਓਸਦੇ ਉਤੇ ਕਿਸ ਦਾ ਨਾਂ ਪਤਾ ?ਹੀਂ ਸੀ। ਲਿਖਾਈ ਭੀ ਅਸਬਤਰਾਂ ਦੀ ਸੀ ਜਿਸਨੂੰ ਮੈਂ ਉਸ ਵਲੋਂ ਕਿਸੇਤਰਾਂ ਵੀ ਨਾਂ ਪੜ੍ਹ ਸਕਿਆ ਲਾਚਾਰ ਹੋਕੇ ਮੈ ਆਪਣੀ ਨੋਟਬੁਕ ਵਿਚ ਉਸ ਚਿਠੀ ਦੀ ਕਾਪੀ ਕਰ ਲਈ ਤੇ ਫੇਰ ਉਸੇਤਰਾਂ ਦਾ ਇਕ ਲਿਫਾਫ਼ਾ ਕੱਢਕੇ ਓਸ ਵਿਚ ਬੰਦ ਕਰ ਦਿਤੀ। ਦੁਕਾਨਵਿਚੋਂ ਮੈਂ ਇਕ ਦੋ ਹੋਰ ਚੀਜਾਂ ਲਈਆਂ। ਕੁਝ ਦੇਰ ਪਿਛੋਂ ਓਹ ਖਾਨਸਾਮਾ ਨੋਟ ਤੁੜਾਕੇ ਮੁੜ ਆਯਾ ਤੇ ਦੁਕਾਨਦਾਰ ਨੂੰ ਰੁਪਯੇ ਦੇਕੇ ਅਸੀ ਤੁਰ ਪਏ। ਰਾਹ ਵਿਚ ਉਸਤੋਂ ਮੈਂ ਉਸ

ਮਾਲਕ ਦੀ ਬਾਬਤ ਪੁਛਿਆ,ਉਸਦੇ ਜਵਾਬ ਤੋਂ ਮਲੂਮ ਹੋਯਾ ਕਿ ਉਸਦਾ ਮਾਲਕ ਇਕ ਪਲਟਨ ਦਾ ਕਰਨਲ ਹੈ। ਜਨਰਲ 'ਹੇ' ਦੇ ਹੇਠ ਕਿਲੇ ਵਿਚ ਹੀ ਓਹ ਵੀ ਕੰਮ ਕਰਦਾ ਹੈ। ਚਿਠੀ ਦੀ ਬਾਬਤ ਮੈਂ ਉਸਤੋਂ ਕੁਝ ਨਾਂ ਪੁਛਿਆ, ਸ਼ਾਇਦ ਉਸਦੇ ਦਿਲ ਵਿਚ ਸ਼ਕ ਨਾਂ ਪਵੇ। ਇਤਨੇ ਵਿੱਚ ਹੀ ਅਸੀ ਇਕ ਮਕਾਨ ਤੇ ਪਹੁਚੇ।ਖਾਨਸਾਮੇ ਨੇ ਕਿਹਾ— "ਹਜ਼ੂਰ,ਯੇਹੀਮੇਰੇ ਮਾਲਕਕਾ ਮਕਾਨ ਹੈ,ਆਪ ਜ਼ਰਾ ਠੇਹਰੇ ਤੋ ਮੈਂ ਯੇਹ ਚਿਠੀ ਭੀਤਰ ਦੇ ਆਊਂ ਔਰ ਫੇਰ ਆਪਕੋ ਅਪਨੇ ਮਕਾਨ ਪਰ ਪਹੁੰਚਾਊਂ। ਮੈਂ ਕਹਾ ਨਹੀਂ ਹੁਣ ਤੁਹਾਨੂੰ ਕੋਈ ਖੇਚਲ ਕਰਨ ਦੀ ਲੋੜ ਨਹੀਂ। ਮੈਂ ਆਪੇ ਪੁਛਦਾ੨ ਪਹੁੰਚ ਜਾਵਾਂਗਾ।" ਇਹ ਆਖਕੇ ਮੈਂ ਇਕ ਰੁਪਯਾ ਫੇਰ ਉਸਨੂੰ ਦਿਤਾ ਤੇ ਓਹ ਅੰਦਰ ਚਲਾ ਗਿਆ। ਮੈਂ ਓਸ ਮਕਾਨ ਦਾ ਨੰਬਰ ਨੋਟ ਕਰ ਲਿਆ। ਪਰ ਇਹ ਮਕਾਨ ਓਹ ਨਹੀਂ ਸੀ ਜਿਥੇ ਓਹ ਮੈਨੂੰ ਪੇਹਲਾਂ ਮਿਲਜਾਸੀ।

## ਕਾਂਡ ੧੩

## ਰਾਮਪਾਲ ਸਿੰਘ ਕੈਦ ਵਿਚ

(ਸਰਦਾਰ ਰਾਮਪਾਲ ਸਿੰਘ ਦਾ ਬਿਆਨ)

ਦਿਨ ਦੇ ੧੧ ਵਜੇ ਮੈਂ ਆਪਣੇ ਮਕਾਨ ਤੇ ਜਾਪਹੁੰਚਾ ਰੋਟੀ ਪਾਣੀਆ ਪੀ ਕੇ ਓਸ ਚਿਠੀ ਦੀ ਨਕਲ ਪੜ੍ਹਨ ਲੱਗਾ ਕਿਸੇ ਗੁੱਝੀ ਗੱਲ ਨੂੰ ਲਿਖਣ ਵੇਲ ਪਛਮੀ ਲੋਕ ਅਖਰਾਂ ਵਿਚ ਐਸਾ ਫ਼ਰਕ ਪਾ ਦੇਂਦੇ ਹਨ ਕਿ ਸਿਵਾ ਉਸ ਮਨੁੱਖ ਦੇ ਹੋਰ ਕੋਈ ਨਹੀਂ ਸਮਝ ਸਕਦਾ ਜਿਸਨੂੰ ਕਿ ਓਹ ਮਾਲੂਮ ਹੋ। ਇਹ ਚਿਠੀ ਵੀ ਠੀਕ ਓਸੇ ਢੰਗ ਨਾਲ ਲਿਖੀ ਹੋਈਸੀ ਇਸ ਤੋਂ ਪਹਿਲਾਂ ਵੀ ਕਈ ਐਸੀਆਂ ਚਿਠੀਆਂ ਮੇਰੇ ਹਥ

ਲਗੀਆਂ ਸਨ। ਇਸ ਲਈ ਇਸ ਭੇਦ ਦੀ ਮੈਨੂੰ ਬਹੁਤ ਕੁਝ ਵਾਕਫੀਅਤ ਸੀ। ੧੨ ਵਜੇ ਤੋਂ ਲੈਕੇ ਸ਼ਾਮ ਦੇ ਚਾਰ ਵਜੇ ਤਕ ਚਾਰ ਘੰਟੇ ਲਗਾ ਤਾਰ ਮੇਹਨਤ ਕਰਨ ਪਿਛੋਂ ਮੈਂ ਓਸ ਚਿਠੀ ਦਾ ਭੇਦ ਕੱਢਿਆ। ਜਦ ਮੇਰਾ ਯਤਨ ਸਫਲ ਹੋਗਿਆ ਤਾਂ ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਪਰ ਜਦ ਸਾਰੀ ਚਿੱਠੀ ਮੈਂ ਪੜ੍ਹੀ ਤਾਂ ਮੇਰਾਚਿਤ ਕੰਬ ਗਿਆ। ਓਸ ਵਿੱਚ ਏਹ ਲਿਖਿਆ ਸੀ:-

"ਪਿਆਰੇ ਮੈਕੇਯਰ! ਮੈਂ ਤੁਹਾਡੇ ਹੁਕਮ ਮੂਜਬ ਕੰਮ ਕਰ ਰਿਹਾ ਹਾਂ। 'ਰੋਜ਼' ਦੇ ਨਾਲ ਇੰਨੀ ਮਿੱਤ੍ਰਾਚਾਰੀ ਹੋ ਗਈ ਹੈ ਕਿ ਮਲੂਮ ਹੁੰਦਾ ਹੈ ਅੱਜ ਕਲ ਹੀ ਕੰਮ ਬਣ ਜਾਵੇਗਾ। ਜੇਕਰ ਓਹ ਜਾਲ ਵਿੱਚ ਫਸ ਗਈ ਤਾਂ ਫੇਰ ਮੈਂ ਤੁਹਾਡੇ ਨਾਲ ਵਿਆਹ ਕਰਨ ਦੀ ਗੱਲ ਓਸਦੇ ਪਾਸ ਚਲਾਵਾਂਗਾ। ਜੇਕਰ ਓਹ ਸਿੱਧੀ ਤਰਾਂ ਰਾਜ਼ੀ ਨ ਹੋਈ ਤਾਂ ਡਰ ਦੇਵਾਂਗਾ। ਜੇਕਰ ਫੇਰ ਭੀ ਰਾਜ਼ੀ ਨਾ ਹੋਈ ਤਾਂ ਓਸਨੂੰ ਭੀ ਹੇਲਨਾ ਦੇ ਪਾਸ ਪਹੁੰਚਾਣਦਾ ਜਤਨ ਕਰਾਂਗਾ। ਸਟੀਫਨ ਨਾਲ ਰੁਪਯੇ ਦੀ ਗੱਲ ਬਾਤ ਹੋਈ ਸੀ ਪਰ ਉਹ ਰੁਪਯੇ ਨਹੀਂ ਦੇਂਦਾ। ਇਹ ਗੱਲ ਕੱਲ ਅਬਦੁੱਲੇ ਨੇ ਮੈਨੂੰ ਆਖੀ ਸੀ। ਹੁਣ ਇਹ ਸੋਚਣਾ ਹੈ ਕਿ ਸਟੀਫਨ ਦਾ ਕੀ ਕੀਤਾ ਜਾਵੇ? ਮੇਰੇ ਖਿਆਲ ਵਿੱਚ ਜੋ ਸਲਾਹ ਤੁਸਾਂ ਕੀਤੀ ਹੈ ਓਹੋ ਠੀਕ ਹੈ। ਰੋਜ਼ ਦੇ ਸਾਮ੍ਹਣੇ ਹੀ ਓਸਨੂੰ ਮਾਰ ਦਿੱਤਾ ਜਾਵੇ। ਇਸ ਨਾਲ ਓਸਦੇ ਦਿਲ ਤੇ ਭਾਰੀ ਅਸਰ ਪਵੇਗਾ ਅਤੇ ਓਹ ਤੁਹਾਡੀ ਗੱਲ ਮੰਨ ਲਵੇਗੀ! ਪਰ ਸਾਰਾ ਕੰਮ ਬਲਵਾ ਹੋਣ ਤੋਂ ਪੇਹਲਾਂ ਹੀ ਹੋ ਜਾਣਾ ਚਾਹੀਦਾ ਹੈ। ਗਾਰਡਨ ਦਾ ਭਾਰ ਮੈਨੂੰ ਸੌਂਪ ਦਿਓ ਤਾਂ ਮੈਂ ਓਸਨੂੰ ਛੇਤੀ ਹੀ ਬਹਿਸ਼ਤ ਵਿੱਚ ਪੁਚਾ ਦੇਵਾਂ। ਅਬਦੁੱਲਾ ਇਸ ਕੰਮ ਵਿੱਚ ਕਾਮਯਾਬ

ਨਹੀਂ ਹੋ ਸੱਕਗਾ ਕਿਉਂਕਿ ਓਹ ਅੱਗੇ ਦੋ ਵਾਰੀ ਕੋਸ਼ਿਸ਼ ਕਰ ਚੁੱਕਾ ਹੈ ਪਰ ਕਾਮਯਾਬ ਨਹੀਂ ਹੋਇਆ। ਦੋਵੇਂ ਦਫੇ ਓਹ ਭੁੱਲਕੇ ਰੋਸ਼ ਦੇ ਕਮਰੇ ਵਿੱਚ ਹੀ ਵੜਦਾ ਰਿਹਾ। ਇਸੇ ਕਰਕੇ ਗਾਰਡਨ ਹੁਣ ਬਹੁਤ ਸਾਵਧਾਨ ਹੈ। ਪਰਸੋਂ ਮੈਂ ਓਸਦੇ ਮਕਾਨ ਉੱਤੇ ਗਿਆ ਸਾਂ ਤੇ ਓਸ ਨਾਲ ਬਹੁਤ ਸਾਰੀਆਂ ਗੱਲਾਂ ਕੀਤੀਆਂ ਸਨ ਜਿਨ੍ਹਾਂ ਤੋਂ ਇਹ ਮਾਲੂਮ ਹੁੰਦਾ ਸੀ ਕਿ ਅੱਜ ਕੱਲ ਓਹ ਵੱਡੀ ਖਬਰਦਾਰੀ ਨਾਲ ਕੰਮ ਕਰ ਰਿਹਾ ਹੈ। ਕੁਝ ਹੋਵੇ ਪਰ ਓਹ ਸਾਡੇ ਫੰਧੇ ਵਿੱਚੋਂ ਨਿਕਲ ਨਹੀਂ ਸਕਦਾ। ਪਰ ਜੇਕਰ ਤੁਸੀਂ ਮੈਨੂੰ ਮਿਲੋ ਤਾਂ ਬਹੁਤ ਕੁਝ ਕੰਮ ਹੋ ਸਕਦਾ ਹੈ। ਰਾਤੀਂ ੧੨ ਵਜੇ ਤੋਂ ਪਿੱਛੋਂ ੨੦੪ ਨੰਬਰ ਮਕਾਨ ਵਿੱਚ ਮੈਨੂੰ ਮਿਲੋ। ਸਟੀਵਨ ਇਸ ਵੇਲੇ ਓਸੇ ਮਕਾਨ ਵਿੱਚ ਹੈ, ਹੁਣ ਕੁਝ ਨਾ ਕੁਝ ਕਰ ਸੁੱਟਣਾ ਚਾਹੀਦਾ ਹੈ, ਦੇਰ ਕਰਨੀ ਚੰਗੀ ਨਹੀਂ ਰਾਮਪਾਲ ਸਿੰਘ ਦੀਆਂ ਚਾਲਾਂ ਦਾ ਖਿਆਲ ਰੱਖਣਾ।

ਕੱਲ ਇੱਕ ਹੋਰ ਵਾਰਦਾਤ ਹੋਈ ਸੀ। ਰਾਮਪਾਲ ਸਿੰਘ ਇੱਕ ਫਕੀਰ ਦਾ ਭੇਸ ਧਾਰਕੇ ਰਾਬਿਨ ਤੇ ਜੋਨਸ ਦੇ ਪਿੱਛੇ ਲੱਗਾ ਸੀ। ਓਹ ਇੰਨੇ ਮੂਰਖ ਨਿਕਲੇ ਕਿ ਅਪਣੇ ਮਕਾਨ ਵਿੱਚ ਹੀ ਓਸਨੂੰ ਉਤਾਰ ਦਿੱਤਾ ਜਿਸਤੋਂ ਕਈ ਕਾਗਜ਼ ਪੱਤਰ ਚੁਰਾਕੇ ਓਹ ਲੈ ਗਿਆ ਹੈ। ਮੇਰੇ ਮਨੁੱਖਾਂ ਨੇ ਓਸਦਾ ਪਿੱਛਾ ਕੀਤਾ ਸੀ ਪਰ ਓਹ ਪਕੜ ਨਾ ਸੱਕੇ। ਅੱਜ ਇੱਕ ਬੰਗਾਲੀ ਬਾਬੂ ਓਸੇ ਮਕਾਨ ਨੂੰ ਕਿਰਾਏ ਤੇ ਲੈਣ ਆਇਆ ਸੀ, ਜਿਸ ਵਿੱਚ ਰਾਬਿਨ ਤੇ ਜੋਨਸ ਰਹਿੰਦੇ ਸਨ। ਓਸ ਬਾਬੂ ਉੱਤੇ ਭੀ ਮੈਨੂੰ ਸ਼ੱਕ ਹੈ। ਓਸਦੇ ਪਿੱਛੇ ਇੱਕ ਆਦਮੀ ਛੱਡਿਆ ਹੋਇਆ ਹੈ।

ਹੋਰ ਸਭ ਠੀਕ ਹੈ, ਪਰ ਰੁਪਯੇ ਦੀ ਸਖਤ ਲੋੜ ਹੈ।

ਪੰਜ ਸੌ ਨਾਲ ਬੀ ਕੰਮ ਰੱਲ ਜਾਵੇਗਾ। ਤਾਂਤੀਆ ਦੀ ਕੁਝ ਖਬਰ ਮੈਨੂੰ ਮਿਲੀ ਹੈ।ਨਾਨਾ ਸਾਹਿਬ ਤੁਹਾਨੂੰ ਛੇਤੀ ਹੀ ਮਿਲ-ਣਗੇ। ਮੈਂ ਆਪਣੇ ਆਪ ਨੂੰ ਪ੍ਰਸਿੱਧ ਰੇਜ਼ੀਡੈਂਟ ਰਾਜਰਸ ਦੀ ਇਸਤ੍ਰੀ ਤੌਂ ਪਛਾਣ ਦਿੱਤੀ ਹੋਈ ਹੈ ਅਤੇ ਮਿਸ ਰੋਜ਼ ਨਾਲ ਖੂਬ ਮਿਤ੍ਰਤਾ ਕਰ ਲਈ ਹੈ। ਮੇਰਾ ਵੇਸ ਐਸਾ ਹੈ ਕਿ ਇਹ ਕੋਈ ਨਹੀਂ ਸਮਝ ਸਕਦਾ ਕਿ ਇਹ ਮਰਦ ਹੈ!

ਤੁਹਾਡਾ ਵਿਸ੍ਵਾਸੀ ਟੀ ਪੀਟਰਸ"

ਚਿੱਠੀ ਪੜ੍ਹਕੇ ਮੈਂ ਸਤੰਭਿਤ ਹੋ ਗਿਆ। ਓਸ ਵੇਲੇ ਸ਼ਾਮ ਹੋ ਗਈ ਸੀ। ਮੈਂ ਹੁਣ ਕੀ ਕਰਾਂ, ਕੁਝ ਵੀ ਕੰਮ ਨਾ ਕਰ ਸਕਿਆ। ਚਿੰਤਾ ਨਾਲ ਚਿੱਤ ਘਾਬਰ ਗਿਆ। ਮੇਰੇ ਦਿਲ ਵਿਚ ਇਹ ਗੱਲ ਆਈ ਕਿ ਅਜ ਰੋਜ਼ ਨੂੰ ਬਚਾਣਾ ਚਾਹੀਦਾ ਹੈ। ਜੇਕਰ ਓਸਨੂੰ ਨਾ ਬਚਾ ਸਕਿਆ ਤਾਂ ਰੋਜ਼ ਤੇ ਸਟੀਫਨ ਦੋਹਾਂ ਦੇ ਹੀ ਪ੍ਰਾਣ ਚਲੇ ਜਾਣਗੇ। ਮੇਰੇ ਮਕਾਨ ਤੋਂ ਗਾਰਡਨ ਦਾ ਮਕਾਨ ਕਰੀਬ ੨ ਕੋਹ ਸੀ, ਉਥੇ ਜਾਣ ਵਿੱਚ ਘੱਟੋ ਘੱਟ ਇੱਕ ਘੰਟਾ ਲੱਗਦਾ ਹੈ ਪਰ ਕੀ ਮੈਂ ਰੋਜ਼ ਨੂੰ ਨਹੀਂ ਬਚਾ ਸਕਾਂਗਾ? ਛੇਕੜ ਮੈਂ ਜ਼ਰਾ ਵੀ ਦੇਰ ਨਾ ਕਰ ਤੇ ਜ਼ਰੂਰੀ ਚੀਜ਼ਾਂ ਲੈਕੇ ਤੇ ਸਾਹਬੀ ਠਾਠ ਬਾਠ ਬਣਾਕੇ ਗਾਰਡਨ ਦੇ ਮਕਾਨ ਉੱਤੇ ਜਾ ਹੀ ਪਹੁੰਚਾ। ਇਸ ਵੇਲੇ ਸ਼ਾਮ ਦੇ ਸਤ ਬਜੇ ਸਨ। ਗਾਰਡਨ ਤੋਂ ਮਲੂਮ ਹੋਯਾ ਕਿ ਰੋਜ਼ ਮਿਸਿਜ਼ ਰਾਜਰਸ ਨਾਲ ਗਿਰਜੇ ਵਿੱਚ ਗਈ ਹੈ। ਮੈਂ ਓਥੇ ਜ਼ਰਾ ਨਾ ਠੇਹਰਕੇ ਗਿਰਜੇ ਨੂੰ ਦੌੜਿਆ। ਓਸਨੇ ਮੈਨੂੰ ਰੋਕਿਆ ਭੀ ਧਰ ਮੈਂ ਓਸਦਾ ਕੁਝ ਖਿਆਲ ਨਾ ਕੀਤਾ।

ਜਿਸ ਵੇਲੇ ਮੈਂ ਗਾਰਡਨ ਦੇ ਬੰਗਲਿਓਂ ਨਿਕਲਕੇ ਬਾਹਰ ਆਯਾ ਠੀਕ 'ਉਸੇ' ਵੇਲੇ ਇਕ ਮੁਸਲਮਾਨ

ਚਪਰਾਸੀ ਨੇ ਮੈਨੂੰ ਆਕੇ ਪੁੱਛਿਆ–"ਹਜ਼ੂਰ, ਗਾਰਡਨ ਸਾਹਿਬ ਕਾ ਮਕਾਨ ਕੌਨਸਾ ਹੈ ?"

ਮੈਂ–"ਕਿਉਂ ?"

ਚਪਰਾਸੀ–"ਮੈਂ ਗਿਰਜੇ ਕੇ ਪਾਦਰੀ ਸਾਹਿਬ ਕਾ ਨੌਕਰ ਹੂੰ ! ਗਾਰਡਨ ਸਾਹਿਬ ਕੀ ਲੜਕੀ ਆਜ ਬੜੀ ਬਿਪਦ ਮੇਂ ਫੰਸੀ ਹੈ । ਮੈਂ ਯਹ ਖਬਰ ਦੇਨੇ ਆਯਾ ਹੂੰ ।"

ਮੈਂ–(ਉਦਾਸ ਹੋਕੇ) "ਗਾਰਡਨ ਸਾਹਿਬ ਨੂੰ ਆਖਣ ਦੀ ਕੋਈ ਲੋੜ ਨਹੀਂ, ਮੈਂ ਸਬ ਹਾਲ ਜਾਣਦਾ ਹਾਂ ਤੇ ਹੁਣ ਓਥੇ ਹੀ ਜਾ ਰਿਹਾ ਹਾਂ । ਤੂੰ ਮੇਰੇ ਨਾਲ ਚਲ ।"

ਇਹ ਸੁਣਕੇ ਓਹ ਮੇਰੇ ਨਾਲ ਹੋ ਗਿਆ । ਮੈਂ ਬਹੁਤ ਤੇਜ਼ੀ ਨਾਲ ਤੁਰਿਆ । ਓਸਨੇ ਕਿਹਾ–"ਹਜ਼ੂਰ ਅਬ ਗਿਰਜੇ ਮੇਂ ਜਾਨੇ ਸੇ ਕਾਮ ਨਹੀਂ ਬਨੇਗਾ । ਜਹਾਂ ਉਸ ਪਰ ਹਮਲਾ ਹੂਆ ਹੈ ਵਹਾਂ ਹੀ ਚਲਨਾ ਚਾਹੀਏ ।"

ਮੈਂ–"ਤੁਮਕੋ ਵਹ ਜਗਹ ਕੈਸੇ ਮਾਲੂਮ ਹੈ ?" ਮੇਰੇ ਇਸ ਸਵਾਲ ਦਾ ਜਵਾਬ ਦੇਣ ਵਿੱਚ ਓਹ ਕੁਝ ਅਟਕ ਗਿਆ । ਜਿਸ ਕਰਕੇ ਮੇਰੇ ਦਿਲ ਵਿਚ ਹੋਰ ਵੀ ਸ਼ਕ ਗੁਜ਼ਰਿਆ । ਮੈਨੂੰ ਟੀ. ਪੀਟਰਸ ਦੀ ਚਿਠੀ ਵਾਲੀ ਗਲ ਯਾਦ ਆਈ । ਓਸਨੇ ਲਿਖਿਆ ਸੀ ਮੇਰੇ ਪਿਛੇ ਓਸਨੇ ਇੱਕ ਆਦਮੀ ਲਾਯਾ ਹੋਯਾ ਹੈ । ਮੈਂ ਇੱਕ ਦਮ ਓਸ ਮਨੁੱਖ ਦੀ ਗਰਦਨ ਪਕੜ ਲਈ ਤੇ ਪਿਸਤੌਲ ਓਸਦੇ ਸਿਰ ਤੇ ਕਰਕੇ ਕਿਹਾ–"ਬਦਮਾਸ਼, ਦਸ ਤੂੰਹੀਓਂ ਪੀਟਰ ਦਾ ਜਾਸੂਸ ਹੈਂ ? ਸੱਚ ਦੱਸ ਨਹੀਂ ਤਾਂ ਹੁਣ ਤੇਰਾ ਸਿਰ ਉਡਾ ਦਿਆਂਗਾ ।"

ਇਹ ਹਾਲ ਵੇਖਕੇ ਤਾਂ ਓਸਨੇ ਹੱਥ ਜੋੜੇ ਤੇ ਜੀਵਨ ਦਾਨ ਮੰਗਣ ਲੱਗਾ । ਮੈਨੂੰ ਹੋਰ ਵੀ ਸ਼ੱਕ ਗੁਜ਼ਰਿਆ ਤੇ

ਮੈਂ ਓਸਨੂੰ ਢਾਹਕੇ ਓਸਦੀ ਛਾਤੀ ਉੱਤੇ ਚੜ੍ਹ ਬੈਠਾ। ਅਚਾਨਕ ਨੇੜੇ ਹੋ ਪਿਸਤੌਲ ਦੀ ਕਿਸੇ ਨੇ ਅਵਾਜ਼ ਕੀਤੀ ਤੇ ਇੱਕ ਆਦਮੀ ਨੇ ਦੌੜਕੇ ਠਗਾਂ* ਦੀ ਤਰਾਂ ਮੇਰੇ ਗਲ ਵਿੱਚ ਕਪੜਾ ਪਾਕੇ ਮੈਨੂੰ ਬੰਨ ਲਿਆ।

ਓਸਨੇ ਕਪੜਾ ਇਸ ਜ਼ੋਰ ਨਾਲ ਬੰਨਿਆ ਕਿ ਮੈਂ ਓਸੇ ਵੇਲੇ ਬੇਹੋਸ਼ ਹੋਕੇ ਡਿਗ ਪਿਆ। ਬੇਹੋਸ਼ੀ ਦੀ ਹਾਲਤ ਵਿਚ ਹੀ ਮੈਨੂੰ ਅਜੇਹਾ ਮਲੂਮ ਹੋਯਾ ਕਿ ਪੰਜ ਸਤ ਆਦਮੀ ਮੈਨੂੰ ਚੁਕੀ ਜਾ ਰਹੇ ਹਨ। ਇਸਦੇ ਪਿਛੋਂ ਵੀ ਰੋਜ਼ ਦਾ ਮੈਨੂੰ ਖਿਆਲ ਆਯਾ ਪਰ ਫੇਰ ਕੀ ਹੋਯਾ ਮਲੂਮ ਨਹੀਂ।

# ਕਾਂਡ ੧੬

## ਬਲਵੇ ਦੀ ਖਬਰ

(ਜਨਰਲ 'ਹੇ' ਦੀ ਡਾਇਰੀ ਤੋਂ)

੨੨ ਮਈ ੧੯੫੭ ਈ: ਸੋਮਵਾਰ। ਅਜ ਸਵੇਰੇ ਹੀ ਲਛਮਣ ਦਾਸ ਦੇ ਮੂੰਹੋਂ ਮੈਂ ਸੁਣਿਆ ਹੈ ਕਿ ਗਾਰਡਨ ਦੀ ਲੜਕੀ ਮਿਸ ਰੋਜ਼ ਨੂੰ ਬਰਾਤ ਵੇਲੇ ਜਾਸੂਸਾਂ ਦੇ ਪ੍ਰਸਿੱਧ ਕਮਿਸ਼ਨਰ ਸਰਦਾਰ ਰਾਮਪਾਲ ਸਿੰਘ ਬਲਵਾਈਆਂ ਨੇ ਕੈਦ ਕਰ ਲਏ ਹਨ। ਕੱਲ ਰਾਤੀਂ ਇਹ ਵਾਰਦਾਤ ਹੋਈ ਹੈ ਤੇ ਅਜ ਉਨ੍ਹਾਂ ਦੀ ਖੋਜ ਲਈ ੨੦ ਸਿਆਣੇ ਸਿਪਾਹੀ ਭੇਜੇ ਗਏ ਹਨ। ਸਰਦਾਰ ਰਾਮਪਾਲ ਸਿੰਘ ਜੀ ਜਿਸਤਰਾਂ

---

*ਠੱਗਾਂ ਦੇ ਪੂਰੇ ੨ ਹਾਲ ਜਾਣਨ ਲਈ "ਠੱਗਾਂ ਦੀ ਕਹਾਣੀ ਯਾ ਅਮੀਰ ਅਲੀ ਠੱਗ ਦਾ ਇਕਬਾਲ" ਨਾਮੇ ਕਿਤਾਬ ਪੜ੍ਹੋ ਜੋ ਛਪ ਰਹੀ ਹੈ। ਮੁਲ ੧॥) ਰੁਪਯਾ।

ਨਾਲ ਸਰਕਾਰ ਦੀ ਸੇਵਾ ਕਰ ਰਹੇ ਸਨ ਇਨਾਂ ਦੇ ਨਾਂ ਹੋਣ ਕਰਕੇ ਸਰਕਾਰ ਦਾ ਬਹੁਤ ਭਾਰੀ ਨੁਕਸਾਨ ਹੋ ਸਕਦਾ ਹੈ। ਚਾਰੇ ਪਾਸੇ ਬਲਵੇ ਦੇ ਜੋ ਨਿਸ਼ਾਨ ਨਜ਼ਰ ਆ ਰਹੇ ਹਨ ਉਨਾਂ ਦੀ ਖਬਰ ਸਾਨੂੰ ਪੈਹਲੇ ਪੈਹਲ ਸਰਦਾਰ ਰਾਮਪਾਲ ਸਿੰਘ ਜੀ ਨੇ ਹੀ ਦਿੱਤੀ ਸੀ। ਵਿਸਾਹਘਾਤੀ ਨਾਨਾ ਸਾਹਿਬ ਤੇ ਉਸਦੀ ਚੜਿਆਈ ਦਾ ਪਤਾ ਸਾਨੂੰ ਉਦੋਂ ਹੀ ਲੱਗਾ ਸੀ। ਫ੍ਰਾਂਸੀਸੀ ਡਾਕੂ 'ਮੇਕੇਥਰ' ਅੰਗ੍ਰੇਜ਼ਾਂ ਦੇ ਵਿਰੁਧ ਜੋ ਜਾਲਸਾਜ਼ੀਆਂ ਕਰ ਰਿਹਾ ਹੈ ਇਸ ਗੱਲ ਦਾ ਪਤਾ ਵੀ ਸਰਦਾਰ ਰਾਮਪਾਲ ਸਿੰਘ ਨੇ ਹੀ ਕੀਤਾ ਸੀ। ਉਸੇ ਡਾਕੂ ਨੇ ਅਜ ਰਾਮਪਾਲ ਸਿੰਘ ਨੂੰ ਕੈਦ ਕਰ ਲਿਆ ਹੈ। ਸਰਦਾਰ ਹੋਰੀਂ ਉਸਦੇ ਵੱਡੇ ਦੁਸ਼ਮਣ ਹਨ ਤੇ ਮਸਾਂ੨ ਉਸਦੇ ਹੱਥ ਆਏ ਹਨ। ਪਤਾ ਨਹੀਂ ਸਰਦਾਰ ਹੁਰਾਂ ਨਾਲ ਕੀ ਗੁਜ਼ਰ ਰਹੀ ਹੈ। ਮੈਨੂੰ ਬਹੁਤ ਉਮੇਦ ਸੀ ਕਿ ਸਰਦਾਰ ਰਾਮਪਾਲ ਸਿੰਘ ਦੇ ਹੁੰਦਿਆਂ ਬਲਵੇ ਦੀ ਅੱਗ ਨਹੀਂ ਭੜਕੇਗੀ। ਪਰ ਇਸ ਵੇਲੇ ਉਨਾਂ ਦੇ ਫਸ ਜਾਣ ਨਾਲ ਮੇਰੀ ਆਸ ਉਮੇਦ ਖਾਕ ਵਿੱਚ ਮਿਲ ਗਈ ਹੈ। ਮੈਂ ਅਪਣੇ ਕਬੀਲੇ ਨੂੰ ਬਹੁਤ ਛੇਤੀ ਕਲਕੱਤੇ ਰਵਾਨਾ ਕਰਨ ਵਾਲਾ ਹਾਂ। ਅਜ ਲਾਰਡ ਕੈਨਿੰਗ ਨੂੰ ਇਹ ਤਾਰ ਮੈਂ ਭੇਜੀ ਹੈ:—

"ਡਿਟੈਕਟਿਵ ਕਮਿਸ਼ਨਰ ਰਾਮਪਾਲ ਸਿੰਘ ਅਜ ਡਾਕੂ ਮੇਕੇਥਰ ਦੇ ਜਾਲ ਵਿਚ ਫਸ ਗਏ ਹਨ। ਉਨਾਂ ਦੇ ਨਾ ਹੋਣ ਕਰਕੇ ਮੇਰਾ ਬਹੁਤ ਨੁਕਸਾਨ ਹੋ ਸਕਦਾ ਹੈ। ਉਨਾਂ ਦੇ ਕੈਦ ਹੋਜਾਣ ਕਰਕੇ ਬਲਵੇ ਦੀ ਕੋਈ ਖਬਰ ਕਲ ਤੋਂ ਨਹੀਂ ਮਿਲੀ। ਭਾਲ ਹੋ ਰਹੀ ਹੈ। ਪੁਲਿਸ ਔਫੀਸਰ ਤਫਤੀਸ਼ ਕਰ ਰਹੇ ਹਨ।

ਸਰ ਟਾਮਸ ਹੋ. ਕੇ. ਟੀ, ਜੇ, ਸੀ. ਕਮਾਂਡਿੰਗ ਔਫੀਸਰ

ਇਸ ਤਾਰ ਦੇ ਭੇਜਣ ਤੋਂ ਕੋਈ ਦੋ ਘੰਟੇ ਮਗਰੋਂ ਹੇਠ ਲਿਖੀ ਤਾਰ ਲਾਰਡ ਕੇਨਿੰਗ ਵਲੋਂ ਆਈ :-

"ਇਨਾਂ ਬੁਰੇ ਦਿਨਾਂ ਵਿਚ ਸਰਦਾਰ ਰਾਮਪਾਲ ਸਿੰਘ ਜੀ ਸਾਡਾ ਸੱਜਾ ਹੱਥ ਸਨ। ਓਨਾਂ ਨੂੰ ਕਾਨਪੁਰ ਛੱਡਕੇ ਮੈਂ ਇਕ ਤਰਾਂ ਨਾਲ ਨਿਚਿੰਤ ਹੋ ਗਿਆ ਸਾਂ। ਮੇਰੀ ਆਪ ਨੂੰ ਹਿਦਾਯਤ ਹੈ ਕਿ ਸਰਦਾਰ ਹੁਰਾਂ ਦੀ ਬਹੁਤ ਛੇਤੀ ਖੋਜ ਕੀਤੀ ਜਾਵੇ। ਪੁਲਿਸ ਕਮਿਸ਼ਨਰ ਮਿਸਟਰ ਟੇਲਰ ਕੋਈ ਸਿਆਣਾ ਨਹੀਂ। ਮੇਰੇ ਵਿਚਾਰ ਤੁਸੀ ਆਪ ਤਫਤੀਸ਼ ਕਰੋ। ਮੈਂ ਓਨਾਂ ਨੂੰ ਪੇਹਲੋਂ ਹੀ ਦੱਸਿਆ ਸੀ ਕਿ ਮੈਕੇਯਰ ਜ਼ਰੂਰ ਆਪਣੇ ਜਾਲ ਵਿਚ ਤੁਹਾਨੂ ਫਸਾਵੇਗਾ। ਨਾਨੇ ਦੀਆਂ ਚਾਲਾਂ ਉੱਤੇ ਵੀ ਖੂਬ ਖਿਆਲ ਰਖਣਾ। ਕਿਉਂਕਿ ਬਲਵਾ ਛੇਤੀ ਹੋ ਜਾਣ ਦਾ ਡਰ ਹੈ। ਸਰਦਾਰ ਰਾਮਪਾਲ ਸਿੰਘ ਦੇ ਕਾਰਣ ਮੈਂ ਉੱਤਰ ਪੱਛਮ ਦੇ ਦੇਸ ਵਲੋਂ ਨਿਚਿੰਤ ਰੈਂਹਦਾ ਸਾਂ। ਪਰ ਮਾਲੂਮ ਹੁੰਦਾ ਹੈ ਕਿ ਹੁਣੇ ਮੈਨੂੰ ਓਧਰ ਜਾਣਾ ਹੀ ਪਵੇਗਾ। ਜਲਦੀ ਜਵਾਬ ਦਿਓ ਮੇਰੇ ਔਣ ਦੀ ਲੋੜ ਹੈ ਕਿ ਨਹੀਂ ? ਡਾਕਟਰ ਸਟੀਵਨ ਦੀ ਕੀ ਖਬਰ ਹੈ ? ਰਾਮਪਾਲ ਸਿੰਘ ਦੀ ਖਬਰ ਮੈਨੂੰ ਰੋਜ਼ਦੀ ਰੋਜ਼ ਭੇਜਿਆ ਕਰਨੀ-ਕੇਨਿੰਗ।"

੨੬ ਮਈ ੧੮੫੭ ਮੰਗਲਵਾਰ। ਅਜ ਪੁਲਿਸ ਕਮਿਨਸ਼ਰ ਟੇਲਰ ਨੇ ਜੋ ਖਬਰ ਭੇਜੀ ਹੈ ਓਹ ਵੱਡੀ ਭਯਾਨਕ ਹੈ। ਓਸਨੇ ਕਿਹਾ ਹੈ ਸਰਦਾਰ ਰਾਮਪਾਲ ਸਿੰਘ ਮਾਰੇ ਗਏ ਹਨ। ਸੈਂਟਪਾਲ ਕੈਥੋਲਿਕ ਗਿਰਜੇ ਦੇ ਸਾਮਣੇ ਵਾਲੇ ਮਦਾਨ ਵਿਚ ਸਰਦਾਰ ਹੋਰਾਂ ਦੇ ਸਰੀਰ ਦੇ ਕਪੜੇ ਤੇ ਇਕ ਸੋਟੀ ਮਿਲੀ ਹੈ। ਇਸ ਸੋਟੀ ਨੂੰ ਲਛਮਣ ਦਾਸ ਪਛਾਣਿਆ ਵੀ ਹੈ। ਜਿਥੋਂ ਇਹ ਚੀਜ਼ਾਂ ਲੱਭੀਆਂ ਹਨ

ਉਸਦੇ ਪਾਸ ਹੀ ਇਕ ਟੋਏ ਵਿੱਚ ਇੱਕ ਛੁਰਾ ਤ ਲਹੂ ਵੇਖੀ ਗਈ ਹੈ। ਇਨਾਂ ਗੱਲਾਂ ਤੋਂ ਮਲੂਮ ਹੁੰਦਾ ਹੈ ਕਿ ਸਰਦਾਰ ਰਾਮਪਾਲ ਸਿੰਘ ਜੀ ਮਾਰੇ ਗਏ ਹਨ। ਮੈਨੂੰ ਭੀ ਇਸ ਪਰ ਸ਼ਕ ਨਹੀਂ ਦਿਸਦਾ। ਅਜੇ ਖੋਜ ਹੋ ਰਹੀ ਹੈ ਅਤੇ ਵਾਹਿਗੁਰੂ ਕਰੇ ਸਰਦਾਰ ਹੋਰਾਂ ਦੇ ਮਾਰੇ ਜਾਣ ਦੀ ਖਬਰ ਝੂਠੀ ਨਿਕਲੇ ! ਜੇਕਰ ਮਾਰੇ ਗਏ ਹੋਣ ਤਾਂ ਸਾਨੂੰ ਬਹੁਤ ਬਿਪਤਾ ਭੋਗਣੀ ਪਵੇਗੀ। ਅਜ ਗੰਗਾ ਕਿਨਾਰੇ ਇਕ ਬੇੜੀ ਵੇਖੀ ਗਈ ਹੈ, ਜਿਸ ਵਿਚ ਚਾਰ ਪੰਜ ਸਾਧੂ ਤੇ ਉਨਾਂ ਦੇ ੨੦ ਚੇਲੇ ਹਨ, ਸਾਰੇ ਮਰਹੱਟੇ ਹਨ। ਮਲੂਮ ਹੁੰਦਾ ਹੈ ਇਨਾਂ ਵਿਚ ਤਾਂਤੀਆਂ ਟੋਪੀ ਤੇ ਨਾਨਾ ਸਾਹਿਬ ਵੀ ਹਨ। ਪਰ ਅਜ ਸਰਦਾਰ ਰਾਮਪਾਲ ਸਿੰਘ ਹੁਰੀਂ ਨਹੀਂ ਹਨ ਜੇਹੜੇ ਇਨਾਂ ਦਾ ਪਤਾ ਕਰਦੇ। ਅਜ ਲਾਰਡ ਕੈਨਿੰਗ ਨੂੰ ਹੇਠਲੀ ਤਾਰ ਭੇਜੀ ਗਈ ਹੈ:—

ਕਾਨਪੁਰ ਫੋਰਟ ੨੩ ਮਈ ੧੯੫੭

ਖੋਜ ਕਰਨ ਤੋਂ ਪਤਾ ਲੱਗਾ ਹੈ ਕਿ ਸਰਦਾਰ ਰਾਮਪਾਲ ਸਿੰਘ ਮਾਰੇ ਗਏ ਹਨ। ਪਰ ਅਜੇ ਵੀ ਖੋਜ ਹੋ ਰਹੀ ਹੈ। ਜਾਸੂਸਾਂ ਵਾਂਗ ੪੦-੫੦ ਮਰਹੱਟੇ ਸਾਧੂ ਗੰਗਾ ਕਿਨਾਰੇ ਆਏ ਹਨ, ਰਾਮਪਾਲ ਸਿੰਘ ਨੇ ਮਰਨ ਤੋਂ ੧ ਦਿਨ ਪੈਹਲਾਂ ਜੋ ਚਿਠੀ ਮੈਨੂੰ ਭੇਜੀ ਸੀ ਓਸ ਵਿਚ ਲਿਖਿਆ ਸੀ ਕਿ ਤਾਂਤੀਆਂ ਤੇ ਨਾਨਾ ਸਾਹਿਬ ਦੀ ਛੇਤੀ ਆਉਣ ਦੀ ਆਸ ਹੈ। ਮੈਨੂੰ ਮਲੂਮ ਹੁੰਦਾ ਹੈ, ਇਸ ਟੋਲੇ ਵਿਚ ਓਹ ਵੀ ਹਨ। ਕੁਝ ਹੋਵੇ ਪਤਾ ਕਰ ਰਹੇ ਹਾਂ। ਸਭ ਵਾਮਸ ਹੈ।"

੨੪ ਮਈ ੧੯੫੭ ਬੁਧਵਾਰ। ਅਜ ਵਡੀ ਭਯਾਨਕ ਖਬਰ ਆਈ ਹੈ। ੧੦ ਮਈ ਨੂੰ ਮੇਰਠ ਦੇ ਸਿਪਾਹੀ

ਬਲਵਾਈ ਹੋ ਗਏ ਹਨ। ਰਾਮਪਾਲ ਸਿੰਘ ਦੇ ਨੌਕਰ ਨੇ ਆਕੇ ਮੈਨੂੰ ਇਹ ਖਬਰ ਦਿਤੀ ਹੈ। ਰਾਮਪਾਲ ਸਿੰਘ ਦੀ ਹੋਰ ਕੋਈ ਖਬਰ ਅਜੇ ਤਕ ਨਹੀਂ ਲੱਗੀ। ਬੰਗਾਲ ਰਜਮਟ ਦੇ ਕਪਤਾਨ ਲੂਈ ਤੇ ਬੂਲੋ ਦਾ ਚਾਲਚਲਨ ਠੀਕ ਨਹੀਂ ਦਿਸਦਾ। ਓਹ ਵੀ ਬਲਵਾਈਆਂ ਨਾਲ ਮਿਲ ਜਾਣ ਵਾਲੇ ਹਨ। ਉਨਾਂ ਦੇ ਕੰਮਾਂ ਉੱਤੇ ਸਭਨਾਂ ਦੀ ਨਜ਼ਰ ਹੈ। ਮੈਕੇਯਰ ਦਾ ਇਕ ਦੂਤ ਕਲ ਫੜਿਆ ਗਿਆ ਹੈ। ਰਾਮਪਾਲ ਸਿੰਘ ਦੇ ਜਾਸੂਸ ਨੇ ਹੀ ਓਸਨੂੰ ਫੜਿਆ ਤੇ ਹਵਾਲਾਤ ਵਿਚ ਰਖਿਆ ਹੈ, ਮੈਕੇਯਰ ਦੇ ਹੱਥਾਂ ਦੀ ਲਿਖੀ ਇਕ ਰੱਦੀ ਚਿੱਠੀ ਉਸ ਪਾਸੋਂ ਮਿਲੀ ਹੈ। ਕਲਕੱਤੇ ਦੇ ਬਾਰਕਪੁਰ ਤੋਂ ਇਕ ਜਮਾਦਾਰ ਨੇ ਪੁਛਿਆ ਹੈ ਕਿ ਤੁਸੀਂ ਬਲਵਾ ਕਦ ਕਰੋਗੇ ? ਓਹ ! ਮੈਕੇਯਰ ਕੈਸਾ ਭਯਾਨਕ ਹੈ। ਓਹ ਅੰਦਰੋ ਅੰਦਰ ਕਿਤਨੀਆਂ ਕੋਸ਼ਸ਼ਾਂ ਕਰ ਰਿਹਾ ਹੈ ਜਿਨਾਂ ਦਾ ਪਤਾ ਸਾਨੂੰ ਸੁਫਨੇ ਵਿਚ ਨਹੀਂ ਸੀ। ਸਰਦਾਰ ਰਾਮ ਪਾਲ ਸਿੰਘ ਨੇ ਇਹ ਗੱਲਾਂ ਕਈ ਵਾਰੀ ਮੈਨੂੰ ਦੱਸੀਆਂ ਸਨ ਪਰ ਮੈਨੂੰ ਵਿਸ਼੍ਵਾਸ ਨਹੀਂ ਹੁੰਦਾ ਸੀ, ਪਰ ਹੁਣ ਮੈਂ ਵਖਦਾ ਹਾਂ ਕਿ ਮੈਂ ਬੜੇ ਧੋਖੇ ਵਿਚ ਸਾਂ। ਅੱਜ ਲਾਰਡ ਕੈਨਿੰਗ ਨੂੰ ਹੇਠਲੀ ਤਾਰ ਭੇਜੀ ਗਈ ਹੈ:–

ਕਾਨਪੁਰ ਫੋਰਟ ੨੪ ਮਈ ੧੮੫੭

੧੦ ਮਈ ਨੂੰ ਮੇਰਠ ਦੇ ਸਿਪਾਹੀਆਂ ਨੇ ਗਦਰ ਕਰਕੇ ਕਈ ਅੰਗ੍ਰੇਜ਼ਾਂ ਤੇ ਮੇਮਾਂ ਨੂੰ ਮਾਰ ਸੁਟਿਆ ਹੈ। ਹੁਣ ਓਹ ਦਿੱਲੀ ਵੱਲ ਵਧ ਰਹੇ ਹਨ। ਵਡੇ ਅਫਸੋਸ ਦੀ ਗੱਲ ਹੈ ਕਿ ਇਸ ਵੇਲੇ ਰਾਮ ਪਾਲ ਸਿੰਘ ਹੋਰੀ ਨਹੀਂ ਹਨ। ਕੀ ਬਾਰਕ ਪੁਰ ਦੇ ਸਿਪਾਹੀ ਵੀ ਬਲਵਾਈ ਹੋ ਗਏ ਹਨ ? ਅੱਜ ਮੈਕੇਯਰ ਦਾ ਇਕ ਜਾਸੂਸ ਫੜਿਆ ਗਿਆ ਹੈ।

ਬਾਰਕ ਪੁਰ ਦੇ ਇਕ ਜਮਾਦਾਰ ਦੀ ਚਿੱਠੀ ਇਸ ਤੋਂ ਮਿਲੀ ਹੈ ਜਿਸ ਵਿੱਚ ਉਸਨੇ ਪੁਛਿਆ ਹੈ ਕਿ ਤੁਸੀਂ ਬਲਵਾ ਕਦ ਕਰੋਗੇ ? ਮਾਲੂਮ ਹੁੰਦਾ ਹੈ ਕਿ ਇਹ ਅੱਗ ਮੈਕੇਯਰ ਨੇ ਹੀ ਲਾਈ ਹੈ, ਪਰ ਓਹ ਕਿਥੇ ਲੁਕਕੇ ਇਹ ਕੰਮ ਕਰ ਰਿਹਾ ਹੈ ਇਸਦਾ ਕੁਝ ਪਤਾ ਨਹੀਂ ਲੱਗਦਾ। ਲੂਈ ਤੇ ਬੂਲੋ ਨਾਮੇਂ ਦੋ ਫ੍ਰਾਂਸੀਸੀ ਕਪਤਾਨ ਇਸ ਕਿਲੇ ਵਿਚ ਹਨ। ਓਨਾਂ ਦੇ ਕੰਮਾਂ ਉਤੇ ਵੀ ਸਾਨੂੰ ਸ਼ੱਕ ਹੈ। ਓਨਾਂ ਦਾ ਕੀ ਕੀਤਾ ਜਾਵੇ ਛੇਤੀ ਲਿਖੋ। ਸਟੀਫਨ ਦੀ ਕੋਈ ਖਬਰ ਨਹੀਂ ਮਿਲੀ।

ਸਰਟਾਮਸ ਹੇ।"

[ ਇਸਦੇ ਪਿਛੋਂ ਕਾਨਪੁਰ ਵਿਚ ਭਾਰੀ ਬਲਵਾ ਫੁੱਟ ਪਿਆ। ਸਰਟਾਮਸ ਹੇ ਦੀ ਡਾਇਰੀ ਵਿਚ ਇਸਦੇ ਬਾਦ ਦੀ ਕੋਈ ਖਬਰ ਨਹੀਂ ]

---

# ਕਾਂਡ ੧੪

## ਮੈਕੇਯਰ ਦਾ ਨੱਠਣਾ।

### ( ਕਾਰਬਨ ਦਾ ਬਿਆਨ )

ਓਸ ਦਿਨ ਵੱਡੀ ਘਬਰਾਹਟ ਨਾਲ ਜਦ ਸਰਦਾਰ ਰਾਮਪਾਲ ਸਿੰਘ ਨੇ ਰੋਜ਼ ਦੀ ਬਾਬਤ ਮੈਥੋਂ ਪੁਛਿਆ ਓਸੇ ਵੇਲੇ ਮੇਰੇ ਦਿਲ ਵਿਚ ਭਾਰੀ ਸ਼ੱਕ ਗੁਜ਼ਰਿਆ ਸੀ। ਜਦ ਓਹ ਛੇਤੀ ਨਾਲ ਗਿਰਜੇ ਵੱਲ ਦੌੜੇ ਤਾਂ ਮੇਰਾ ਦਿਲ ਕਾਇਮ ਨਾ ਰਿਹਾ ਤੇ ਮੈਂ ਇਹ ਗੱਲ ਆਪਣੀ ਬੀਵੀ ਨੂੰ ਜਾਕੇ ਦੱਸੀ। ਹੇਲਨਾ ਦੇ ਮਰਨ ਪਿਛੋਂ ਮੇਰੀ ਵਹੁਟੀ ਮੁਰਦਿਆਂ ਵਾਂਗ ਦਿਨ ਕੱਟ ਰਹੀ ਸੀ। ਐਸੀ ਕੋਈ ਘੜੀ ਨਹੀਂ ਸੀ ਜਿਸ ਵਿਚ ਓਹ ਰੋਂਦੀ ਨਾ ਹੋਵੇ।

ਹੇਲਨਾ ਦੇ ਮਰ ਜਾਣ ਪਰ 'ਰੋਬ' ਉਤੇ ਉਸਦੀ ਮੁਹੱਬਤ ਵਧ ਗਈ ਸੀ। ਮੇਰੇ ਮੂੰਹੋਂ ਰੋਬ ਦੀ ਗੱਲ ਸੁਣਕੇ ਓਹ ਬੇਹੋਸ਼ ਹੋ ਗਈ। ਪੇਹਲਾਂ ਤਾਂ ਓਸਨੂੰ ਸਾਵਧਾਨ ਕਰਨ ਵਿਚ ਮੇਰਾ ਸਮਾਂ ਗਿਆ ਤੇ ਪਿਛੋਂ ਮੈਂ ਓਸਦੀ ਸੇਵਾ ਲਈ ਇਕ ਦਾਸੀ ਨੂੰ ਰੱਖਕੇ ਰੋਬ ਦੀ ਖੋਜ ਨੂੰ ਤੁਰਿਆ ਮੈਨੂੰ ਜਾਂਦਾ ਵੇਖਕੇ ਉਸਨੇ ਜ਼ੋਰ ਨਾਲ ਕਿਹਾ:—

"ਅੱਜ ਜੇਕਰ ਰੋਬ ਤੁਹਾਡੇ ਨਾਲ ਮੁੜਕੇ ਨਾ ਆਈ ਤਾਂ ਮੈਨੂੰ ਫੇਰ ਤੁਸੀਂ ਜੀਉਂਦੀ ਨਹੀਂ ਵੇਖੋਗੇ।"

ਕੁਝ ਹੋਵੇ ਮੈਂ ਈਸ਼੍ਵਰ ਦਾ ਨਾਮ ਲੈਕੇ ਘਰੋਂ ਤੁਰਿਆ ਉਸਦੀ ਗੱਲ ਮੇਰੇ ਦਿਲ ਵਿਚ ਚੁਭ ਗਈ। ਪਤਾ ਨਹੀਂ ਮੇਰਾ ਸਰੀਰ ਕਿਉਂ ਇਕ ਭਾਰੀ ਵਿਪਤਾ ਦੀ ਆਸ਼ੰਕਾ ਨਾਲ ਕੰਬ ਉਠਿਆ। ਮੈਨੂੰ ਇਹ ਮਲੂਮ ਹੋਯਾ ਕਿ ਮੈਂ ਇਕ ਵਿਯੋਗਾਂਤ ਨਾਟਕ ਦਾ ਇਕ ਸ਼ੋਕ ਮਈ ਦ੍ਰਿਸ਼ਯ ਵੇਖ ਰਿਹਾ ਹਾਂ। ਮੇਰੇ ਨਾਲ ਚਾਰ ਬਲਵਾਨ ਚਪੜਾਸੀ ਸਨ ਤੇ ਮੇਰੇ ਮਕਾਨ ਤੋਂ ਗਿਰਜਾ ਥੋੜੀ ਹੀ ਦੂਰ ਸੀ। ਮੈਂ ਗੱਡੀ ਨਾ ਲੈਕੇ ਪੈਦਲ ਹੀ ਤੁਰ ਪਿਆ। ਅਸੀਂ ਜਿਸ ਵੇਲੇ ਗਿਰਜੇ ਵਿਚ ਪਹੁੰਚੇ ਓਸ ਵੇਲੇ ਬੰਦਗੀ ਹੋ ਚੁਕੀ ਸੀ।

ਪੇਹਲਾਂ ਗਿਰਜੇ ਦੇ ਅੰਦਰ ਅਸਾਂ ਖੋਜ ਕੀਤੀ ਪਰ ਰੋਬ ਦਾ ਕੁਝ ਪਤਾ ਨਾ ਲੱਗਾ। ਮੇਰਾ ਦਿਲ ਘਾਬਰ ਗਿਆ। ਰਾਮ ਪਾਲ ਸਿੰਘ ਵੀ ਨਜ਼ਰ ਨਾ ਆਏ। ਗਿਰਜੇ ਦੇ ਚਪੜਾਸੀ ਕੋਲੋਂ ਪੁਛਿਆ ਕਿ ਕੋਈ ਗੱਡੀ ਚਲੀ ਗਈ ਹੈ, ਓਹ ਕਿਉਂਕਿ ਮੈਨੂੰ ਜਾਣਦਾ ਸੀ ਇਸ ਲਈ ਓਸਨੇ ਕਿਹਾ—ਹਾਂ ਸਾਹਿਬ, ਮਿਸ ਬਾਬਾ ਏਕ ਮੇਮ ਕੇ ਸਾਥ ਚਲੀ ਗਈ ਹੈ। ਮੈਂ ਫੇਰ ਦੇਰ ਨਾ ਕਰਕੇ ਘਰ ਆਯਾ। ਪਰ ਰੋਬ ਅਜੇ ਤਕ ਵੀ ਨਹੀਂ ਆਈ ਸੀ। ਉਸਦੇ ਨਾਲ

ਜੇਹੜੇ ਆਦਮੀ ਸਨ ਓਹਵੀ ਮੁੜਕੇ ਨਹੀਂ ਆਏ ਸਨ। ਮੇਰੇ ਦਿਲ ਵਿਚ ਭਯਾਨਕ ਨਿਰਾਸਾ ਛਾ ਗਈ। ਮੈਂ ਕੋਠੇ ਉਤੇ ਨਾ ਜਾਕੇ ਹੇਠਾਂ ਹੀ ਬੈਠ ਗਿਆ। ਹੇਲਨਾ ਤਾਂ ਗਈ ਸੋ ਗਈ ਹੁਣ ਰੋਜ਼ ਵੀ ਜਾਂਦੀ ਹੈ, ਓਹ! ਮੈਕੇਯਰ!! ਕੀ ਤੇਰੇ ਦਿਲ ਵਿਚ ਜ਼ਰਾ ਭੀ ਤਰਸ ਨਹੀਂ? ਜੇਕਰ ਤੇਰੀ ਬਦਲਾ ਲੈਣ ਦੀ ਇੱਛਾ ਇੰਨੀ ਪ੍ਰਬਲ ਹੈ ਤਾਂ ਮੇਰਾ ਕਲੇਜਾ ਹੀ ਕਿਉਂ ਨਹੀਂ ਚੀਰ ਸੁਟਦਾ? ਰੋਜ਼ ਤੇ ਹੇਲਨਾ ਨੇ ਤੇਰਾ ਕੀ ਵਿਗਾੜਿਆ ਹੈ, ਹੇ ਈਸ਼੍ਵਰ ਮੇਰੇ ਦਿਲ ਵਿਚ ਸ਼ਕਤੀ ਦੇਹ। ਮੈਂ ਜਾਣਦਾ ਹਾਂ ਅੰਤ ਨੂੰ ਤੇਰੀ ਹੀ ਭਾਵੀ ਪੂਰਣ ਹੋਣੀ ਹੈ। ਪਰ ਮੈਨੂੰ ਓਸਦੇ ਸੇਹਣ ਦੀ ਤਾਕਤ ਬਖਸ਼।

ਇਸਤਰਾਂ ਚਿੰਤਾ ੨ ਵਿੱਚ ਕਰੀਬ ਅੱਧਾ ਘੰਟਾ ਬੀਤ ਗਿਆ। ਪੁਲਸ ਕਮਿਸ਼ਨਰ ਟੇਲਰ ਸਾਹਿਬ ਨੂੰ ਚਿਠੀ ਭੇਜ ਕੇ ਮੈਂ ਰੋਜ ਦਾ ਪਤਾ ਕੱਢਣ ਲਈ ਲਿਖਿਆ। ਮੈਂ ਆਪਣੀ ਬੀਵੀ ਪਾਸ ਮੁੜਕੇ ਨਾਂ ਗਿਆ ਅਤੇ ਨਾਂ ਮੈ ਇਹ ਅਖਾ ਭੇਜਿਆ ਕਿ ਮੈਨੂੰ ਰੋਜ਼ ਨਹੀਂ ਮਿਲੀ। ਮੈਂ ਨਾ ਕੁਝ ਖਾਧਾ ਤੇ ਨਾਂ ਪੀਤਾ ਤੇ ਅਕੱਲਾ ਓਸ ਕਮਰੇ ਵਿੱਚ ਬੈਠਾ ਰਿਹਾ॥

ਬਹੁਤ ਰਾਤ ਗਈ ਦਰਵਾਨ ਨੇ ਦਰਵਾਜੇ ਨੂੰ ਧੱਕਾ ਦਿਤਾ ਤੇ ਮੈਂ ਦਰਵਾਜਾ ਖੋਲ੍ਹਿਆ। ਓਸਨੇ ਮੇਰੇ ਹਥ ਇਕ ਕਾਗਜ਼ ਫੜਾਯਾ ਤੇ ਕਿਹਾ ਕਿਇਕਸਾਹਿਬਤੁਹਾਨੂੰ ਮਿਲਣਾ ਚਾਹੁੰਦਾ ਹੈ। ਮੈਂ ਓਸ ਕਾਗਜ਼ ਨੂੰ ਦੀਵੇ ਦੇ ਕੋਲ ਲਿਜਾਕੇ ਪੜ੍ਹਿਆ ਤਾਂ ਉਸ ਪੁਰ ਲਿਖਿਆ ਸੀ "ਰਾਬਰਟ ਮੈਕੇਯਰ" ਗੁੱਸੇ ਨਾਲ ਮੇਰਾ ਸਾਰਾ ਸਰੀਰ ਕੰਬ ਉਠਿਆ। ਦਿਲ ਵਿਚ ਇਹ ਖਿਆਲ ਆਯਾ ਕਿ ਮਲੂਮ ਹੁੰਦਾ ਹੈ ਓਹ ਰੋਜ਼ ਦਾ

ਹਾਲ ਸੁਨਾਣ ਲਈ ਆਯਾ ਹੈ। ਜੇਕਰ ਮੈਂ ਇਸ ਨਾਲ ਮੁਲਾਕਾਤ ਨਾਂ ਕੀਤੀ ਤਾਂ ਇਹ ਹੋਰ ਵੀ ਕੋਈ ਵਿਪਤਾ ਪਾਵੇਗਾ, ਲਾਚਾਰ ਮੈਂ ਉਸਨੂੰ ਆਉਣ ਲਈ ਕਿਹਾ।

ਇਕ ਬੁੱਢੇ ਪਾਦਰੀ ਨੇ ਅੰਦਰ ਆਕੇ ਦਰਵਾਜਾ ਬੰਦ ਕਰ ਦਿਤਾ ਤੇ ਪਾਸ ਰੱਖੀ ਹੋਈ ਕੁਰਸੀ ਉੱਤੇ ਬੈਠਕੇ ਉਸਨੇ ਕਿਹਾ—"ਮਿਸਟਰ ਗਾਰਡਨ! ਬਹੁਤ ਦਿਨਾਂ ਪਿਛੋਂ ਤੁਹਾਨੂੰ ਵੇਖਕੇ ਮੈਂ ਬਹੁਤ ਖੁਸ਼ ਹੋਯਾ ਹਾਂ।"

ਉਸਦੀ ਅਵਾਜ਼ ਤੋਂ ਮੈਨੂੰ ਮਲੂਮ ਹੋ ਗਿਆ ਕਿ ਇਹ ਮੈਕੇਯਰ ਹੈ। ਮੈਂ ਉਸਦਾ ਹਥ ਫੜਕੇ ਕਿਹਾ—"ਮੈਕੇਯਰ, ਮੈਂ ਤੁਹਾਡਾ ਕੀ ਅਪ੍ਰਾਧ ਕੀਤਾ ਹੈ ਕਿ ਤੁਸੀ ਮੇਰੀ ਪ੍ਰਾਣਾਂ ਤੋਂ ਪਿਆਰੀ ਚੀਜ਼ ਨੂੰ ਖੋਹ ਰਹੇ ਹੋ? ਹੇਲਨਾ ਦਾ ਖੂਨ ਕਰਕੇ ਵੀ ਤੁਹਾਡਾ ਬਦਲਾ ਅਜੇ ਪੂਰਾ ਨਹੀਂ ਹੋਯਾ? ਕੀ ਆਖਾਂ ਮੈਂ ਤੁਹਾਡੇ ਅੱਗੇ ਪ੍ਰਣ ਕੀਤਾ ਹੋਯਾ ਹੈ ਨਹੀਂ ਤਾਂ ਗਾਰਡਨ ਨੇ ਤੁਹਾਡੇ ਸਿਰ ਨੂੰ ਕਦੋ ਦਾ ਦੋ ਟੁਕੜੇ ਕਰ ਦਿਤਾ ਹੁੰਦਾ।"

ਮੈਕੇਯਰ—"ਜੋ ਹੋਣਾ ਸੀ ਸੋ ਹੋ ਗਿਆ। ਹੁਣ ਉਸਦੇ ਲਈ ਅਫਸੋਸ ਕਰਨਾ ਫਜ਼ੂਲ ਹੈ। ਜੇਕਰ ਤੁਸੀ ਪਹਿਲਾਂ ਤੋਂ ਹੀ ਮੇਰੀਆਂ ਗੱਲਾਂ ਉਪਰ ਧਿਆਨ ਦੇਂਦੇ ਤਾਂ ਇੰਨੀਆਂ ਖਰਾਬੀਆਂ ਨਾਂ ਹੁੰਦੀਆਂ। ਹੁਣ ਮੈਂ ਇਹ ਪੁਛਣ ਆਯਾ ਹਾਂ ਕਿ ਮੈਨੂ ਰੋਜ਼ ਵੀ ਦੇਣਾ ਚਾਹੁੰਦੇ ਹੋ ਕਿ ਨਹੀਂ? ਜੇਕਰ ਰਾਜ਼ੀ ਨਾਂ ਹੋਵੋ ਤਾਂ ਉਸਨੂੰ ਵੀ.......।"

ਪਾਪੀ ਮੈਕੇਯਰ ਦੀਆਂ ਗੱਲਾਂ ਸੁਣ ਕੇ ਮੇਰਾ ਸਾਰਾ ਸਰੀਰ ਗੁੱਸੇ ਨਾਲ ਸੜ ਉਠਿਆ। ਪਰ ਉਸ ਨਾਲ ਹੋਰ ਤਰਾਂ ਦਾ ਵਰਤਾਉ ਕਰਨ ਪਰ ਉਲਟਾ ਬੁਰੇ ਨਤੀਜੇ ਦੀ ਹੀ ਆਸ ਸੀ। ਲਾਚਾਰ ਉਸਦੇ ਪੈਰ ਫੜ

ਕੇ ਮੈਂ ਕਿਹਾ—"ਮੈਕੇਯਰ, ਮੈਕੇਯਰ ! ਰੋਜ਼ ਨੂੰ ਨਾ ਮਾਰ। ਉਸਨੂੰ ਤਾਂ ਛੱਡ ਦੇਹ। ਵਾਹਿਗੁਰੂ ਤੇਰਾ ਭਲਾ ਕਰੇਗਾ।"

ਇਹ ਸੁਣਕੇ ਉਸਨੇ ਵੱਡੇ ਗੁਸੇ ਨਾਲ ਕਿਹਾ—ਮੈਂ ਤੇਰੇ ਪਾਸ ਧਰਮ ਦਾ ਉਪਦੇਸ਼ ਲੈਣ ਲਈ ਨਹੀਂ ਆਯਾ ਰੋਜ਼ ਨੂੰ ਮੇਰੇ ਨਾਲ ਵਿਆਹ ਦੇਣਾ ਚਾਹੁੰਦਾ ਹੈਂ ਕਿ ਨਹੀਂ ! ਸਾਫ ੨ ਦਸ ? ਮੈਂ ਵੀ ਇਹ ਗੱਲ ਨਾਂ ਸਹਾਰ ਸਕਿਆ।ਮੈਂ ਗੁਸੇ ਨਾਲ ਉਠ ਖੜਾ ਹੋਯਾ ਤੇ ਕਿਹਾ—"ਓ ਪਾਪੀ, ਹੇਲਨਾ ਵਰਗੀ ਸੁਰਗਾਂ ਦੀ ਦੇਵੀ ਤੇਰੇ ਜਿਹੇ ਪਾਪੀ ਦੇ ਹੱਥ ਨਾਂ ਪੈਕੇ ਈਸ਼ਵਰ ਦੀ ਸ਼ਾਂਤਮਈ ਗੋਦੀ ਵਿਚ ਜਾ ਬੈਠੀ ਇਸ ਤੋਂ ਮੈਨੂੰ ਜ਼ਰਾ ਦੁਖ ਨਹੀਂ। ਰੋਜ਼ ਵੀ ਜੇਕਰ ਇਸ ਅਸਾਰ ਸੰਸਾਰ ਤੋਂ ਚਲੀ ਜਾਵੇ ਤਾਂ ਚੰਗੀ ਗੱਲ ਹੋ।ਜਾਨ ਵਿਚ ਜਾਨ ਰੇਂਹਦਿਆਂ ਮੈਂ ਉਸ ਪਵਿਤ੍ਰ ਮੂਰਤੀ ਨੂੰ ਕਦੇ ਵੀ ਤੇਰੇ ਵਰਗੇ ਪਾਪੀ ਦੇ ਹਥ ਨਹੀਂ ਸੌਂਪ ਸਕਦਾ।"

ਇਸ ਵੇਲੇ ਬਾਹਰੋਂ ਬਹੁਤ ਸਾਰੇ ਮਨੁੱਖਾਂ ਦੇ ਪੈਰਾਂ ਦੀ ਅਵਾਜ਼ ਆਈ ਤੇ ਦਰਵਾਜੇ ਨੂੰ ਧੱਕਾ ਪਿਆ ਤੇ ਮੈਂ ਪੁਛਿਆ "ਕੌਣ ?"

ਬਾਹਰੋਂ ਜਵਾਬ ਆਯਾ "ਟੇਲਰ" ਮੈਂ ਡਰ ਤੇ ਹੈਰਾਨੀ ਵਿਚ ਛੇਤੀ ਨਾਲ ਦਰਵਾਜ਼ਾ ਖੋਲਣ ਲਈ ਉਠ ਖੜਾ ਹੋਯਾ। ਨਾਲ ਹੀ ਮੈਕੇਯਰ ਨੇ ਪਿਸਤੌਲ ਮੇਰੇ ਸਿਰ ਵਲ ਸਾਧਕੇ ਹੌਲੀ ਜਿਹੀ ਕਿਹਾ—"ਖਬਰਦਾਰ ! ਇਕ ਕਦਮ ਵੀ ਅੱਗੇ ਨਾਂ ਰੱਖੀਂ। ਨਹੀਂ ਤਾਂ ਇਕ ਗੋਲੀ ਨਾਲ ਸਿਰ ਉਡਾ ਦਿਆਂਗਾ।"

ਮੈਂ ਜਿੱਥੇ ਦਾ ਤਿੱਥੇ ਖੜਾ ਰਹ ਗਿਆ। ਓਹ ਕਮਰੇ ਦੀ ਬਾਰੀ ਪਾਸ ਜਾਕੇ ਖੜਾ ਹੋ ਰਿਹਾ ਤੇ ਮੇਰੀ ਵੱਲ ਵੇਰ ਵੀ ਬਲਦੀਆਂ ਅੱਖਾਂ ਨਾਲ ਤੱਕਦਾ ਰਿਹਾ। ਮੈਂ ਸਮਝ

ਗਿਆ ਕਿ ਇਹ ਹੁਣ ਨੱਠ ਜਾਵੇਗਾ। ਟੇਲਰ ਨੇ ਦਰਵਾਜ਼ੇ ਨੂੰ ਧੱਕਾ ਦਿੱਤਾ ਪਰ ਮੈਂ ਫੇਰ ਵੀ ਖੜਾ ਰਿਹਾ ਅਰ ਕੁਝ ਕਾਇਮ ਨਾ ਕਰ ਸਕਿਆ। ਇੰਨੇ ਵਿਚ ਮੇਕੇਯਰ ਨੇ ਬਾਰੀ ਖੋਲ੍ਹੀ ਤੇ ਛਾਲ ਮਾਰਕੇ ਬਾਹਰ ਨਿਕਲ ਗਿਆ, ਪਰ ਮੈਨੂੰ ਫੇਰ ਵੀ ਹੋਸ਼ ਨਾ ਆਈ। ਜਾਣ ਵੇਲੇ ਉਸਨੇ ਕਿਹਾ—"ਗਾਰਡਨ, ਖਬਰਦਾਰ! ਮੇਕੇਯਰ ਦੀ ਹੁਕਮ ਅਦੂਲੀ ਕਰਕੇ ਕੋਈ ਵੀ ਅੱਜ ਤੱਕ ਜੀਉਂਦਾ ਨਹੀਂ ਬਚਿਆ। ਤੇਰਾ ਵੀ ਛੁਟਕਾਰਾ ਨਹੀਂ। ਤੇਰੀ ਵੰਸ ਨੂੰ ਨਿਰਮੂਲ ਕਰਕੇ ਹੀ ਅੱਜ ਮੈਂ ਆਪਣੀ ਪ੍ਰਤਿੱਗਯਾ ਪੂਰੀ ਕਰਾਂਗਾ।"

ਇਸਦੇ ਪਿਛੋਂ ਹੋਰ ਕੋਈ ਅਵਾਜ਼ ਨਾ ਆਈ, ਟੇਲਰ ਨੇ ਦਰਵਾਜ਼ੇ ਨੂੰ ਫੇਰ ਧੱਕਾ ਦਿੱਤਾ ਤੇ ਮੈਂ ਹੌਲੀ ੨ ਤੁਰਕੇ ਦਰਵਾਜ਼ਾ ਖੋਲ੍ਹ ਦਿੱਤਾ। ਬੂਹਾ ਖੁਲ੍ਹਦਿਆਂ ਹੀ ਕਈ ਪੁਲਿਸ ਅਫਸਰ ਵੀ ਕਮਿਸ਼ਨਰ ਟੇਲਰ ਦੇ ਨਾਲ ਅੰਦਰ ਵੱਲ ਆਏ। ਮੇਰੀ ਚਿੱਠੀ ਪਹੁੰਚਣ ਤੋਂ ਪੈਹਲਾਂ ਹੀ ਸਾਰੀ ਖਬਰ ਸੁਣਕੇ ਟੇਲਰ ਸਾਹਿਬ ਅਪਣੇ ਦਲਬਲ ਸਣੇ ਚੱਲ ਪਏ ਸਨ ਤੇ ਮੇਰੇ ਮਕਾਨ ਉਤੇ ਆਏ ਸਨ। ਉਨ੍ਹਾਂ ਤੋਂ ਇਹ ਵੀ ਪਤਾ ਲੱਗਾ ਕਿ ਮੇਰੇ ਆਦਮੀ ਜ਼ਖਮੀ ਹੋਕੇ ਹਸਪਤਾਲ ਪਹੁੰਚ ਗਏ ਹਨ। ਇਹ ਤਾਂ ਓਹਨਾਂ ਦੀਆਂ ਗੱਲਾਂ ਤੋਂ ਹੀ ਪਤਾ ਲੱਗ ਗਿਆ ਕਿ ਰੇਜ਼ ਉਨ੍ਹਾਂ ਨੂੰ ਨਹੀਂ ਮਿਲੀ। ਟੇਲਰ ਦੇ ਪੁੱਛਣ ਪਰ ਮੈਂ ਕਿਹਾ—"ਹਾਂ ਮੇਕੇਯਰ ਮੇਰੇ ਕਮਰੇ ਵਿੱਚ ਹੀ ਸੀ, ਤੁਹਾਡੇ ਔਣ ਦੀ ਖਬਰ ਪਾਕੇ ਬਾਰੀ ਵਿਚੋਂ ਛਾਲ ਮਾਰਕੇ ਨੱਠ ਗਿਆ ਹੈ।"

ਮੇਰੀਆਂ ਗੱਲਾਂ ਸੁਣਕੇ ਮਿਸਟਰ ਟੇਲਰ ਹੈਰਾਨੀ ਵਿਚ ਗਲਤਾਨ ਹੋ ਗਏ। ਮੈਂ ਉਹਨਾਂ ਦੀ ਐਸੀ ਹਾਲਤ ਵੇਖਕੇ ਕਿਹਾ—"ਜਨਾਬ! ਹੈਰਾਨ ਹੋਣ ਦੀ ਕੋਈ ਲੋੜ

ਨਹੀਂ । ਮੈਕੇਯਰ ਮੇਰਾ ਵੱਡਾ ਵੈਰੀਹੈ।ਮੌਕਾ ਪਾਕੇ ਮੈਂ ਤੁਹਾਨੂੰ ਸਾਰੀਆਂ ਗੱਲਾਂ ਦੱਸਾਂਗਾ। ਅੱਜ ਰੋਜ਼ ਨੂੰ ਵੀ ਓਸੇ ਬਦਮਾਸ਼ ਨੇ ਕੈਦ ਕੀਤਾ ਹੈ। ਤੁਸੀਂ ਜ਼ਰੂਰ ਕੋਸ਼ਿਸ਼ ਕਰਕੇ ਉਸਨੂੰ ਛੁਡਾਓ। ਸਰਦਾਰ ਰਾਮਪਾਲ ਸਿੰਘ ਮੇਰਾ ਪਰਮ ਮਿੱਤ੍ਰ ਹੈ। ਮਲੂਮ ਹੁੰਦਾ ਹੈ ਕਿ ਅੱਜ ਓਹ ਵੀ ਇਸੇ ਬਦਮਾਸ਼ ਦੇ ਜਾਲ ਵਿਚ ਜਾ ਫਸਿਆ ਹੈ।"

ਇਸਦੇ ਪਿਛੋਂ ਟੇਲਰ ਨਾਲ ਹੋਰ ਵੀ ਬਹੁਤ ਸਾਰੀਆਂ ਗੱਲਾਂ ਹੋਈਆਂ ਤੇ ਓਹ ਸਾਰੀਆਂ ਹੇਲਨਾ ਦੇ ਮਰਨ ਬਾਬਤ ਸਨ। ਮੇਰੀ ਇਹ ਦੁਖ ਭਰੀ ਕਹਾਣੀ ਸੁਣਕੇ ਉਨ੍ਹਾਂ ਦਾ ਵੀ ਦਿਲ ਭਰ ਆਯਾ। ਸਾਰੀ ਰਾਤ ਓਹ ਵੀ ਮੇਰੇ ਮਕਾਨ ਉੱਤੇ ਹੀ ਰਹੇ,ਸਵੇਰੇ ਰੋਜ਼ ਦੀ ਮਾਂ ਰੋਜ਼ ਨੂੰ ਨਾ ਵੇਖ ਬਹੁਤ ਘਾਬਰ ਗਈ ਤੇ ਰੋਣ ਲਗੀ। ਮੈਨੂੰ ਉਸਦੇ ਸਾਮਣੇ ਜਾਣ ਦੀ ਹਿੰਮਤ ਨਾ ਪਈ ਇਸ ਲਈ ਮਿਸਟਰ ਟੇਲਰ ਦੀ ਮਾਰਫਤ ਮੈਂ ਓਸਨੂ ਸਾਰੀ ਖਬਰ ਆਖ ਭੇਜੀ।ਓਸੇਦਿਨਤੋਂਉਸਨੂ ਭਯਾਨਕ ਬੁਖਾਰ ਤੇ ਬੇਹੋਸ਼ੀ ਔਣੀ ਅਰੰਭ ਹੋ ਗਈ। ਡਾਕਟਰ ਨੇ ਜਵਾਬ ਦੇ ਦਿਤਾ ਮੇਰੀ ਮਮਤਾ, ਮੇਰੇ ਪਿਆਰ ਦਾ ਬੂਟਾ ਹੁਣ ਸੁੱਕ ਚਲਿਆ। ਅੱਜ ਬਹੁਤ ਦਿਨਾਂ ਪਿੱਛੋਂ ਮੇਰਾ ਪੱਥਰ ਦਿਲ ਦੁਖ ਦੇ ਤੀਰ ਨ ਲ ਵਿੰਨਿਆ ਗਿਆ, ਮੈਂ ਆਪਣੀ-ਆਂ ਹੰਝੂਆਂ ਨੂ ਨਾ ਰੋਕ ਸਕਿਆ, ਕੁਝ ਦੇਰ ਲਈ ਤਾਂ ਮੈਂ ਬਹੁਤ ਘਾਬਰ ਗਿਆ ਤੇ ਮੇਰਾ ਈਸ਼ਵਰ ਤੋਂ ਭਰੋਸਾ ਡਿਗ ਗਿਆ ਪਰ ਕੁਝ ਦੇਰ ਬਾਦ ਹੀ ਮੇਰੇ ਦਿਲ ਵਿੱਚ ਕਿਸੇ ਨੇ ਚੋਟ ਮਾਰੀ—ਓ ਗਾਰਡਨ! ਸਾਵਧਾਨ ਹੋ, ਇਹ ਸੰਸਾਰ ਇਮਤਿਹਾਨ ਦੀ ਥਾਂ ਹੈ।

# ਕਾਂਡ ੧੯

## ਲਛਮਣ ਦਾਸ ਦਾ ਫ਼ਕੀਰੀ ਵੇਸ

### (ਲਛਮਨ ਦਾਸ ਦਾ ਬਿਆਨ)

ਜਿਸ ਦਿਨ ਸ਼ਾਮ ਨੂੰ ਸਰਦਾਰ ਰਾਮ ਪਾਲ ਸਿੰਘ ਜੀ ਬੀਬੀ ਰੋਜ਼ ਦੀ ਰੱਖਜ਼ਾ ਕਰਨ ਲਈ ਘਰੋਂ ਬਾਹਰ ਨਿਕਲੇ ਸਨ ਉਸ ਦਿਨ ਮੈਨੂੰ ਆਖ ਗਏ ਸਨ ਕਿ ਜੇਕਰ ਮੈਂ ਰਾਤ ਦੇ ਦਸ ਵਜੇ ਤਕ ਨਾ ਆਵਾਂ ਤਾਂ ਬਿਠੂਰ ਰੋਡ ਦੇ ੪੦ ਨੰਬਰ ਵਾਲੇ ਮਕਾਨ ਵਿੱਚ ਮੇਰਾ ਪਤਾ ਕਰਨਾ, ਇਸ ਲਈ ਜਦ ਉਹ ਮੁੜਕੇ ਨਾ ਆਏ ਤਾਂ ਮੈਂ ਫਕੀਰਾਂ ਵਾਲਾ ਵੇਸ ਧਾਰਕੇ ਬਾਹਰ ਨਿਕਲਿਆ ਅਤੇ ਉਸ ਮਕਾਨ ਦਾ ਪਤਾ ਕੀਤਾ। ਮਕਾਨ ਬੰਦ ਸੀ ਪਰ ਬਹੁਤ ਸਾਰੇ ਆਦਮੀਆਂ ਦੇ ਔਣ ਜਾਣ ਤੇ ਗੱਲ ਕਰਨ ਦੀ ਅਵਾਜ਼ ਆਉਂਦੀ ਸੀ। ਹੁਣ ਮੈਂ ਇਹ ਸੋਚਣ ਲੱਗਾ ਕਿ ਅੰਦਰ ਕਿਸਤਰਾਂ ਵੜਾਂ ਇਕ ਮੁਸਲਮਾਨ ਫਕੀਰ ਦੇ ਵੇਸ ਵਿਚ ਘਰੋਂ ਨਿਕਲਿਆ ਸਾਂ। ਕਿਉਂਕਿ ਕਾਨਪੁਰਦੀ ਸੜਕ ਉਤੇ ਰਾਤ ਨੂੰ ਬਹੁਤ ਸਾਰੇ ਫਕੀਰ ਘੁਮਦੇ ਰੋਂਹਦੇ ਹਨ, ਇਸ ਲਈ ਜਦ ਹੋਰ ਕੋਈ ਉਪਾ ਨਾ ਸੁਝਿਆ ਤਾਂ ਮਕਾਨ ਤੋਂ ਕੁਝ ਦੂਰ ਬੈਠਕੇ ਮੈਂ ਉੱਚੀ ੨ ਰੋਣ ਲੱਗ ਪਿਆ, ਸਾਰੇ ਸਰੀਰ ਨੂੰ ਖਾਕ ਮਲਕੇ ਉਸ ਮਕਾਨ ਦੇ ਅਗੇ ਆਕੇ ਡਿਗ ਪਿਆ। ਮੇਰੇ ਰੋਣ ਦੀ ਅਵਾਜ਼ ਅੰਦਰ ਗਈ ਤੇ ਇੱਕ ਗੋਰੇ ਨੇ ਬਾਹਰ ਆਕੇ ਪੁਛਿਆ—"ਬਾਵਾ ਕਿਉਂ ਰੋਂਦਾ ਹੈਂ?"।

ਮੈਂ ਕਿਹਾ—ਮੈਨੂੰ ਪੁਲਿਸ ਦੇ ਸਿਪਾਹੀਆਂ ਨੇ ਬਹੁਤ ਮਾਰਿਆ ਹੈ। ਮੈਂ ਇਕ ਫਕੀਰ ਹਾਂ, ਪਰ ਉਨ੍ਹਾਂ ਮੈਨੂੰ

ਰਾਮਪਾਲ ਸਿੰਘ ਦਾ ਵੈਰੀ ਸਮਝ ਲਿਆ ਹੈ। ਇਸੇ ਸ਼ੱਕ ਵਿਚ ਓਨਾਂ ਮਾਰਦਿਆਂ ੨ ਮੇਰਾ ਪੈਰ ਤੋੜ ਦਿਤਾ ਹੈ। ਮੇਰੇ ਪਾਸ ਜਿੰਨੇ ਪੈਸੇ ਸਨ ਓਹ ਵੀ ਓਨਾਂ ਖੋਹ ਲਏ ਹਨ।

ਮੇਰੇ ਮੂੰਹੋਂ ਰਾਮਪਾਲ ਸਿੰਘ ਦਾ ਨਾਮ ਸੁਣਕੇ ਓਹ ਸਾਹਿਬ ਬਹੁਤ ਹੈਰਾਨ ਹੋਯਾ। ਓਹ ਮੈਥੋਂ ਕੁਝ ਨਾ ਪੁੱਛਕੇ ਅੰਦਰ ਮੁੜ ਗਿਆ ਤੇ ਦੋ ਹੋਰ ਗੋਰਿਆਂ ਨੂੰ ਨਾਲ ਲੈਕੇ ਬਾਹਰ ਆਯਾ। ਉਨਾਂ ਨੇ ਮੈਨੂ ਕਈ ਸਵਾਲ ਕੀਤੇ । ਮੈਂ ਕਿਹਾ-"ਹਜ਼ੂਰ ! ਜਦ ਤਕ ਮੈਂ ਤਕੜਾ ਨਾ ਹੋਵਾਂ ਤਦ ਤਕ ਮੈਂ ਕੁਝ ਨਹੀਂ ਆਖ ਸਕਦਾ । ਮੈਨੂੰ ਅੰਦਰ ਲੈ ਚਲੋ ਥੋੜਾ ਪਾਣੀ ਪਿਲਾਓ ਤਾਂ ਮੈਂ ਤੁਹਾਨੂੰ ਸਾਰੀਆਂ ਗੱਲਾਂ ਦਸਾਂਗਾ।"

ਮੇਰੀ ਗਲ ਮੰਨਕੇ ਉਨਾਂ ਮੈਨੂੰ ਅੰਦਰ ਚਲਣ ਲਈ ਕਿਹਾ। ਮੈਂ ਆਖਿਆ ਮੇਰੇ ਵਿਚ ਤੁਰਨ ਦੀ ਤਾਕਤ ਨਹੀਂ। ਤੁਸੀ ਮੈਨੂੰ ਚੁੱਕਕੇ ਲੈ ਚਲੋ। ਉਨਾਂ ਨੇ ਇਸੇ ਤਰਾਂ ਹੀ ਕੀਤਾ। ਓਹ ਮੈਨੂੰ ਚੁੱਕਕੇ ਅੰਦਰ ਲੈ ਗਏ ਤੇ ਇਕ ਕੋਠੜੀ ਦੇ ਬਰਾਂਡੇ ਅਗੇ ਬਿਠਾਕੇ ਓਨਾਂ ਮੈਨੂੰ ਇਕ ਆਦਮੀ ਪਾਸੋਂ ਪਾਣੀ ਦਾ ਗਲਾਸ ਮੰਗਾਕੇ ਪਿਲਾਯਾ। ਮੈਂ ਓਹਨਾਂ ਦਾ ਧੰਨਵਾਦ ਕੀਤਾ, ਇਕ ਗੋਰੇ ਨੇ ਕਿਹਾ-"ਓ ਫਕੀਰ ! ਤੁਮ ਅਭੀ ਦਮ ਲੋ, ਫਿਰ ਤੁਮਾਰੇ ਸਾਥ ਬਾਤ ਕਰੂੰਗਾ।"

ਪਰ ਦੂਜੇ ਗੋਰੇ ਨੇ ਗੱਲ ਟੁੱਕ ਕੇ ਪੁੱਛਿਆ-"ਅੱਛਾ ਤੁਮ ਯੇਹ ਬਤਾਓ ਪੁਲਿਸ ਵਾਲੇ ਤੁਮਕੋ ਮਾਰਕਰ ਕਿੱਧਰ ਗਏ ?"

ਮੈਂ-ਇੱਧਰ ਆਏ ਸਨ।"

ਮੈਂ ਫੇਰ ਕੁਝ ਨਾ ਆਖ ਲੇਟ ਗਿਆ ਅਰ ਘੁਰਾੜੇ ਮਾਰਨ ਲੱਗ ਪਿਆ। ਕਰੀਬਨ ਇੱਕ ਘੰਟੇ ਪਿੱਛੋਂ ਚੁਪ

ਵਰਤ ਗਈ ਤੇ ਇਹ ਮਲੂਮ ਹੋਯਾ ਕਿ ਸਾਰੇ ਸੌਂ ਗਏ। ਇਕ ਘੰਟਾ ਹੋਰ ਵੀ ਬੀਤ ਗਿਆ ਤੇ ਸਾਰੇ ਸੁੰਨ ਹੀ ਸੁੰਨ ਦਿੱਸਣ ਲੱਗਾ। ਓਸ ਵੇਲੇ ਮੈਂ ਹੌਲੀ ੨ ਉੱਠਕੇ ਬੈਠਾ ਹੀ ਸਾਂ ਕਿ ਕੋਈ ਰੋ ਪਿਆ। ਮੈਂ ਕੰਨ ਲਾਕੇ ਸੁਣਨ ਲੱਗਾ। ਕੁਝ ਦਿਰ ਦੇ ਬਾਦ ਫੇਰ ਅਵਾਜ਼ ਆਈ, ਮਾਲੂਮ ਹੋਯਾ ਕਿ ਇਕ ਤੀਵੀਂ ਰੋ ਰਹੀ ਹੈ, ਮੈਨੂੰ ਹੁਣ ਇਹ ਸਮਝਣ ਵਿਚ ਕੋਈ ਸ਼ੱਕ ਨਾ ਰਿਹਾ ਕਿ ਇਹ 'ਰੋਜ਼' ਹੀ ਹੈ।

ਮੈਂ ਜਿੱਥੇ ਸੁੱਤਾ ਹੋਯਾ ਸਾਂ ਉਸਦੇ ਪਾਸ ਹੀ ਉਹਨਾਂ ਗੋਰਿਆਂ ਦੇ ਕਈ ਨੌਕਰ ਵੀ ਸੁੱਤੇ ਹੋਏ ਸਨ। ਜਿਸ ਵੇਲੇ ਮੈਂ ਉੱਠਿਆ ਉਸ ਵੇਲੇ ਸਾਰੇ ਘੂਕ ਸੁੱਤੇ ਪਏ ਸਨ। ਮੇਰੇ ਪਾਸ ਕਲੋਰੋ ਫਾਰਮ ਦੀ ਸ਼ੀਸ਼ੀ ਸੀ ਹੀ। ਮੈਂ ਕੁਝ ਲੀਰਾਂ ਭਿਉਂਕੇ ਓਹਨਾਂ ਸਭਨਾਂ ਦੇ ਨੱਕਾਂ ਅੱਗੇ ਰੱਖ ਦਿੱਤੀਆਂ। ਫੇਰ ਉਪਰਲੀ ਛਤੇ ਗਿਆ। ਪੈਹਲੇ ਕਮਰੇ ਵਿਚ ਹੀ ਦੋ ਗੋਰੇ ਸੁਤੇ ਹੋਏ ਸੀ। ਓਨਾਂ ਦੇ ਸਿਰ੍ਹਾਣੇ ਇੱਕ ੨ ਪਿਸਤੌਲ ਪਈ ਹੋਈ ਸੀ। ਓਨਾਂ ਦੇ ਨੱਕਾਂ ਅਗੇ ਵੀ ਮੈ ਕਲੋਰੋਫਾਰਮ ਨਾਲ ਭਿੱਜੀਆਂ ਹੋਈਆਂ ਲੀਰਾਂ ਰੱਖਕੇ ਪਿਸਤੌਲਾਂ ਚੁਕ ਲਈਆਂ। ਓਸੇ ਵੇਲੇ ਫੇਰ ਰੋਣ ਦੀ ਅਵਾਜ਼ ਆਈ ਅਤੇ ਇਹ ਵੀ ਮਲੂਮ ਹੋਯਾ ਕਿ ਓਸਨੂੰ ਕਿਸੇ ਨੇ ਜ਼ੋਰ ਨਾਲ ਧਮਕਾਯਾ ਵੀ ਹੈ। ਮੈਂ ਛੇਤੀ ੨ ਦੂਜੇ ਕਮਰੇ ਵਿਚ ਵੜ ਗਿਆ। ਓਸ ਵਿਚ ਭੀ ਸਾਰੇ ਸੁਤੇ ਹੋਏ ਸਨ। ਇਸ ਕਮਰੇ ਵਿਚ ਲੰਪ ਜਗਦਾ ਸੀ ਤੇ ਇਸ ਵਿੱਚ ਮੈਂ ਇਕ ਜਾਣੂ ਗੋਰੇ ਨੂੰ ਵੀ ਪਛਾਣਿਆ। ਓਸਨੂੰ ਪੈਹਲਾਂ ਵੀ ਇਕ ਵਾਰੀ ਮੈਂ ਇਕ ਮਕਾਨ ਵਿਚ ਬੇਹੋਸ਼ ਕੀਤਾ ਸੀ ਜਦੋਂ ਅਸੀਂ ਡਾਕਟਰ ਸਟੀਵਨ ਨੂੰ ਢੂੰਡਣ ਲਈ ਗਏ ਸਾਂ। ਇਥੇ ਵੀ ਮੈਂ ਓਹੋ ਚਾਲ ਖੇਡੀ। ਹੌਲੀ ੨ ਓਸਦੇ ਨੱਕ

ਨਾਲ ਕਲੋਰੋ ਫਾਰਮ ਦੀ ਸ਼ੀਸ਼ੀ ਲਾ ਦਿਤੀ ਅਰ ਇਕ ਲੀਰ ਭਿਉਂਕੇ ਉਸਦੇ ਨੱਕ ਤੇ ਵੀ ਰੱਖ ਦਿੱਤੀ। ਫੇਰ ਮੈਂ ਉਸ ਦੀ ਜੇਬ ਦੀ ਤਲਾਸ਼ੀ ਲਈ। ਇਕ ਅਠਨਾਲੀ ਪਿਸਤੌਲ ਤੇ ਇਕ ਸ਼ੀਸ਼ੀ ਨਿਕਲੀ। ਸ਼ੀਸ਼ੀ ਉਤੇ ਲਿਖਿਆ ਹੋਯਾ ਸੀ "ਹਾਈਡ੍ਰੋਸੈਨਿਕ ਏਸਿਡ" ਇਹ ਇਕ ਵੱਡੀ ਭਯਾਨਕ ਜ਼ੈਹਰ ਹੈ। ਪਿਸਤੌਲ ਮੈਂ ਲੁਕਾਕੇ ਰੱਖ ਦਿਤੀ ਤੇ ਸ਼ੀਸ਼ੀ ਆਪਣੇ ਪਾਸ ਰੱਖ ਲਈ। ਮੇਜ਼ ਉਤੇ ਕਈ ਚਿੱਠੀਆਂ ਪਈਆਂ ਹੋਈਆਂ ਸਨ ਓਹ ਵੀ ਮੈਂ ਚੁਕ ਲਈਆਂ। ਇਕ ਚਿਠੀ ਵਿਚ ਲਿਖਿਆ ਸੀ:-

"ਜੌਨਸ! ਧੁੰਧੂ ਪੰਤ ਨਾਨਾ ਸਾਹਿਬ ਆਏ ਹਨ। ਸਾਡਾ ਸਾਰਾ ਕੰਮ ਠੀਕ ਹੈ। ਆਸ ਹੈ ਛੇਤੀ ਬਲਵਾ ਹੋਵੇਗਾ। ਪਿੰਜਰੇ ਦੇ ਦੋਹਾਂ ਪੰਖੀਆਂ ਨੂੰ ਜੇਕਰ ਓਹ ਹੁਕਮ ਅਦੂਲੀ ਕਰਨ ਤਾਂ ਪੂਰਾ ਕਰ ਦਿਓ। ਮੈਂ ਅੱਜ ਗਾਰਡਨ ਨੂੰ ਮਿਲਣ ਜਾਂਦਾ ਹਾਂ। ਓਸਦੇ ਭਾਗਾਂ ਵਿਚ ਵੀ ਜੋ ਕੁਝ ਹੈ ਅੱਜ ਹੋ ਜਾਵੇਗਾ। ਰਾਮਪਾਲ ਸਿੰਘ ਦੀ ਬਾਬਤ ਕੁਝ ਨਾ ਸੋਚਣਾ। ਓਹ ਭਾਰੀ ਕੰਡਾ ਇਸ ਸੰਸਾਰ ਤੋਂ ਦੂਰ ਹੋ ਗਿਆ॥

ਓਸ ਚਿੱਠੀ ਦੀ ਅੰਤਲੀ ਸਤਰ ਪੜ੍ਹਕੇ ਮੈਂ ਘਾਬਰ ਗਿਆ ਕੀ ਸੱਚ ਮੁਚ ਹੀ ਸਰਦਾਰ ਰਾਮਪਾਲ ਸਿੰਘ ਜੀ ਮਾਰੇ ਗਏ? ਉਨ੍ਹਾਂ ਦੇ ਅਚਰਜ ਕਰਨ ਵਾਲੇ ਜੀਵਨ ਦਾ ਅੰਤਲਾ ਹਿੱਸਾ ਕੀ ਇਸ ਤਰਾਂ ਖਤਮ ਹੋ ਗਿਆ? ਹਾਇ ਸਰਦਾਰ ਜੀ। ਮੈਂ ਓਸ ਵੇਲੇ ਉਸ ਕਮਰੇ ਵਿਚ ਹੋਰ ਨਾ ਠੈਹਰਿਆ, ਜਿਧਰੋਂ ਰੋਣ ਦੀ ਅਵਾਜ਼ ਆ ਰਹੀ ਸੀ ਓਧਰ ਤੇਜ਼ੀ ਨਾਲ ਗਿਆ। ਤਿੰਨ ਕਮਰੇ ਪਾਰ ਕਰਕੇ ਇਕ ਬਿਰਾਂਡੇ ਵਿਚ ਜਾ ਪਹੁੰਚਾ। ਇੱਥੇ ਭਾਰੀ ਹਨੇਰਾ ਸੀ। ਇਸ ਲਈ ਮੈਂ ਕੁਝ ਦੇਰ ਤੱਕ ਓਥੇ ਖੜਾ ਰਿਹਾ। ਇਸੇ ਵੇਲੇ

ਕੁਝ ਦੂਰ ਦੋ ਮਨੁੱਖਾਂ ਦੇ ਬੋਲਣ ਦੀ ਅਵਾਜ਼ ਆਈ। ਇਕ ਨੇ ਕਿਹਾ:-

"ਭਾਈ, ਰੋਜ਼ ਮੈਥੋਂ ਤਾਂ ਨਹੀਂ ਮਾਰੀ ਜਾਂਦੀ। ਉਸਨੂੰ ਮਾਰਨ ਦਾ ਜ਼ਿੰਮਾਂ ਤੂੰ ਲੈ ਕੇ ਸਟੀਫਨ ਦਾ ਜ਼ਿੰਮਾ ਮੈਨੂੰ ਦੇ ਦੇ।"

ਦੂਜਾ-"ਨਹੀਂ ਨਹੀਂ, ਇਹ ਨਹੀਂ ਹੋ ਸਕਦਾ। ਜਿਸਦੇ ਜ਼ਿੰਮੇ ਜੋ ਹੈ ਉਹੋ ਉਸਨੂੰ ਮਾਰੇ। ਮੈਨੂੰ ਇਹ ਹੁਕਮ ਹੈ ਕਿ ਰੋਜ਼ ਦੇ ਸਾਮਣ ਸਟੀਫਨ ਨੂੰ ਮਾਰਨਾ, ਸੋ ਮੈਂ ਇਹੋ ਕਰਾਂਗਾ। ਜੇਕਰ ਰੋਜ਼ ਨੇ ਕੈਹਣਾ ਮੰਨ ਲਿਆ ਤਾਂ ਰੋਜ਼ ਨੂੰ ਮਾਰਨ ਦੀ ਲੋੜ ਹੀ ਨਹੀਂ। ਸਟੀਫਨ ਨੂੰ ਮਰਦਾ ਵੇਖਕੇ ਆਸਹੋ ਰੋਜ਼ ਡਰਦੀ ਮਾਰੀ ਮੈਕੇਯਰ ਨਾਲ ਵਿਆਹ ਕਰਨ ਲਈ ਰਾਜ਼ੀ ਹੋ ਜਾਵੇਗੀ।"

ਪੇਹਲਾ-ਚੰਗਾ ਤੂੰ ਇਥੇ ਠੈਹਰ, ਮੈਂ ਓਸਨੂੰ ਪੁਛ ਆਉਂਦਾ ਹਾਂ ਇਹ ਆਖਕੇ ਓਸਨੇ ਲੈਂਪ ਜਗਾਯਾ ਤੇ ਸਾਮਣਾ ਬੂਹਾ ਖੋਲਿਆ। ਮੈਂ ਇਸ ਵੇਲੇ ਇਕ ਕਮਰੇ ਦੀ ਓਟ ਵਿਚ ਲੁਕ ਗਿਆ। ਉਨਾਂ ਦੋਹਾਂ ਨੂੰ ਮੈਂ ਲੁਕਕੇ ਵੇਖ ਲਿਆ। ਇਕ ਹਿੰਦੂ ਤੇ ਇਕ ਮੁਸਲਮਾਨ ਸੀ। ਜੇਹੜਾ ਖੜਾ ਸੀ ਓਹ ਹਿੰਦੂ ਮਲੂਮ ਹੁੰਦਾ ਸੀ ਤੇ ਦੂਜਾ ਜੇਹੜਾ ਲੈਂਪ ਜਗਾਕੇ ਅੰਦਰ ਗਿਆ ਓਹ ਮੁਸਲਾ ਸੀ। ਮੈਂ ਦੇਰ ਨਾ ਕਰਕੇ ਕਲੋਰੋਫਾਰਮ ਦੀ ਸ਼ੀਸ਼ੀ ਬਾਹਰ ਕੱਢ ਓਸ ਖੜੇ ਹੋਏ ਹਿੰਦੂ ਦੇ ਪਿਛ ਹੌਲੀ ੨ ਜਾ ਪਹੁੰਚਿਆ ਤੇ ਹਨੇਰੇ ਵਿਚ ਓਸਨੂੰ ਮਲੂਮ ਵੀ ਨਾ ਹੋਯਾ। ਮੈਂ ਵੱਡੀ ਸਾਵਧਾਨੀ ਕਰਕੇ ਸ਼ੀਸ਼ੀ ਓਸਦੇ ਨੱਕ ਨਾਲ ਲਾ ਦਿਤੀ। ਓਹ ਅੱਖਾਂ ਬੰਦ ਕੀਤੀ ਖੜਾ ਸੀ? ਮੈਂ ਉਸ ਨੂੰ ਚੰਗੀ ਤਰਾਂ ਵੇਖ ਲਿਆ ਪਰ ਓਹ ਮੈਨੂੰ ਨਾ ਵੇਖ ਸੱਕਿਆ। ਨੱਕ ਨਾਲ ਸ਼ੀਸ਼ੀ ਲਗਦਿਆਂ ਹੀ ਉਸਦਾ ਸਰੀਰ ਕੰਬ ਗਿਆ ਤੇ ਓਹ ਓਥੇ

ਹੀ ਲੇਟ ਗਿਆ। ਉਸਦੇ ਨੱਕ ਉਤੇ ਭੀ ਮੈਂ ਕਲੋਰੋ ਫਾਰਮ ਨਾਲ ਭਿੱਜੀ ਹੋਈ ਲੀਰ ਰੱਖ ਦਿਤੀ। ਹੁਣ ਮੈਂ ਇਹ ਸੋਚਣ ਲੱਗਾ ਕਿ ਓਸ ਮੁਸਲੇ ਨੂੰ ਮੈਂ ਕਿਸ ਤਰਾਂ ਕਾਬੂ ਕਰਾਂ? ਅੰਦਰ ਜਾਕੇ ਜ਼ੋਰ ਨਾਲ ਉਸਨੂੰ ਦੂਰ ਕਰਨਾ ਔਖਾ ਹੈ। ਸ਼ਾਇਦ ਓਹ ਹਥਿਆਰ ਚਲਾਵੇ ਜਾਂ ਰੌਲਾ ਪਾਕੇ ਦੂਜਿਆਂ ਨੂੰ ਜਗਾਵੇ। ਇਸ ਲਈ ਓਸਨੂੰ ਬਾਹਰ ਕਢਨ ਦਾ ਮਨਸੂਬਾ ਕਰਕੇ ਮੈਂ ਬੂਹੇ ਦੇ ਕੋਲ ਲੁਕ ਗਿਆਤੇਮੈਂ ਇਕ ਚਾਦਰ ਦੀ ਰੱਸੀ ਵੱਟਕੇ ਬਣਾ ਲਈ॥

ਮੈਂ ਬੂਹੇ ਦੀਆਂ ਝੀਤਾਂ ਵਿਚੋਂ ਦੇਖਿਆ ਤਾਂ ਓਹ ਮੁਸਲਮਾਨ ਰੋਜ਼ ਨੂੰ ਡਰਾਕੇ ਆਖ ਰਿਹਾ ਸੀ, ਤੇ ਰੋਜ਼ ਕੁਰਸੀ ਉਤੇ ਬੈਠੀ ਹੋਈ ਸੀ। ਓਹ ਦੋਹਾਂ ਹੱਥਾਂ ਨਾਲ ਮੂੰਹ ਢੱਕਕੇ ਰੋਈ ਜਾਂਦੀ ਸੀ ਤੇ ਉਸਦੇ ਸਵਾਲਾਂ ਦਾ ਜਵਾਬ ਕੁਛ ਨਹੀਂ ਦੇਂਦੀ ਸੀ, ਕੁਝ ਦੇਰ ਤੱਕ ਡਰਾ ਧਮਕਾਕੇ ਓਸਨੇ ਫੇਰ ਕਿਹਾ–ਦੇਖੋ ਰੋਜ਼, ਅਗਰ ਤੁਮ ਮੇਰੀ ਬਾਤ ਨਹੀਂ ਮਾਨੋਗੀ ਤੋ ਇਸੀ ਵਕਤ ਤੇਰੇ ਪਿਆਰੇ ਸਟੀਵਨ ਕੋ ਤੇਰੇ ਹੀ ਸਾਮਨੇ ਮਾਰ ਡਾਲੂੰਗਾ। ਆਜ ਤੇਰੇ ਹੀ ਪੀਛੇ ਉਸਕੀ ਭੀ ਜਾਨ ਜਾਵੇਗੀ। ਅਗਰ ਤੂੰ ਉਸਕੋ ਬਚਾਨਾ ਚਾਹਤੀ ਹੈ ਤੋ ਮਿਸਟਰ ਮੈਕੇਧਰ ਸੇ ਸ਼ਾਦੀ ਕਰ ਲੇ। ਮੇਰਾ ਨਾਮ ਅਬਦੁੱਲਾ ਹੈ ਔਰ ਮੈਨੇ ਹੀ ਤੇਰੀ ਬਹਿਨ ਕਾ ਖੂਨ ਕੀਆ ਹੈ। ਉਸਕਾ ਭੀ ਕਾਰਨ ਤੂ ਜਾਨਤੀ ਹੀ ਹੈ। ਉਸਨੇ ਭੀ ਮੈਕੇਧਰ ਸੇ ਸ਼ਾਦੀ ਨਹੀਂ ਕਬੂਲੀ ਥੀ। ਆਜ ਅਗਰ ਤੂ ਭੀ ਮੇਰੀ ਬਾਤ ਨਹੀਂ ਮਾਨੇਗੀ ( ਛੁਰਾ ਵਿਖਾਕੇ ) ਤੋ ਯਹ ਛੁਰਾ ਤੇਰੀ ਜਾਨ ਲੇਨੇ ਮੇਂ ਭੀ ਜ਼ਰਾ ਫਰਕ ਨਹੀਂ ਕਰੇਗਾ। ਸਟੀਵਨ ਕੋ ਭੀ ਤੇਰੇ ਸਾਮਨੇ ਹੀ ਮਾਰੂੰਗਾ ਔਰ ਤੇਰੇ ਮਾਂ ਬਾਪ ਕੋ ਭੀ ਮਾਰ ਕਰ ਦੋਜ਼ਖ ਮੇਂ ਭੇਜੂਗਾ।

ਇਸ ਲੀਏ ਤੂ ਅਪਨਾ ਭਲਾ ਚਾਹਤੀ ਹੈ ਤੋ ਮੇਰਾ ਕਹਾ ਮਾਨ ਔਰ ਮੈਕੇਯਰ ਸੇ ਸ਼ਾਦੀ ਕਰਕੇ ਮਜ਼ੇ ਲੂਟ ।"

ਇਸ ਤਰਾਂ ਓਸ ਪਾਪੀ ਦੇ ਧਮਕਾਣ ਡਰਾਣ ਪਰ ਵੀ ਰੋਜ਼ ਨੇ ਕੋਈ ਜਵਾਬ ਨਾ ਦਿੱਤਾ ਸਗੋਂ ਓਹ ਜ਼ੋਰ ੨ ਨਾਲ ਰੋਣ ਲੱਗ ਪਈ। ਏਧਰ ਅਬਦੁੱਲੇ ਦਾ ਨਾਮ ਸੁਣਕੇ ਮੈਂ ਵੀ ਚਕਰਾਯਾ । ਇਹੋ ਅਬਦੁੱਲਾ ਹੀ ਹੇਲਨਾ ਦਾ ਖੂਨੀ ਤੇ ਪਾਪੀ ਮੈਕੇਯਰ ਦਾ ਮਦਦਗਾਰ ਹੈ। ਅਜ ਇਹ ਰੋਜ਼ ਤੇ ਸਟੀਫਨ ਨੂੰ ਮੁਕਾਯਾ ਚਾਹੁੰਦਾ ਹੈ। ਮੈਨੂੰ ਖਿਆਲ ਆਯਾ ਕਿ ਇਸੇ ਵਲੇ ਗੋਲੀ ਮਾਰਕੇ ਇਸਦਾ ਸਿਰ ਉਡਾ ਦੇਵਾਂ ਪਰ ਫੇਰ ਸੋਚਿਆ ਕਿ ਇਸ ਨਾਲ ਹੋਰ ਆਦਮੀ ਸਾਵਧਾਨ ਹੋਜਾਣਗੇ ਤੇ ਰੌਲਾ ਪੈ ਜਾਵੇਗਾ। ਰੋਜ਼ ਤੇ ਸਟੀਫਨ ਨੂੰ ਵੀ ਫੇਰ ਮੈਂ ਨਹੀਂ ਬਚਾ ਸਕਾਂਗਾ । ਇਕ ਚਾਲ ਖੇਡਣੀ ਚਾਹੀਦੀ ਹੈ । ਓਸੇ ਕਪੜੇ ਦੀ ਰੱਸੀ ਨੂੰ ਲੈਕੇ ਮੈਂ ਖੜਾ ਰਿਹਾ। ਜਦੋਂਹੀ ਓਹ ਬਾਹਰ ਨਿਕਲਿਆ ਕਿ ਮੈਂ ਝਟਪਿਛੋਂ ਦੀ ਹੋਕੇ ਓਸਦੀ ਗਰਦਨ ਵਿਚ ਕਪੜੇ ਦੀ ਰੱਸੀ ਪਾਕੇ ਇਸਤਰਾਂ ਜ਼ੋਰ ਨਾਲ ਖਿਚਿਆ ਕਿ ਓਹ ਬੁੜ ਬੁੜ ਕਰਦਾ ਜ਼ਮੀਨ ਤੇ ਲੇਟ ਗਿਆ। ਝਟ ਮੈਂ ਕਲੋਰੋਫਾਰਮ ਦੀ ਸ਼ੀਸ਼ੀ ਕੱਢਕੇ ਉਸਦੇ ਨੱਕ ਨਾਲ ਲਾ ਦਿੱਤੀ। ਇਸਤਰਾਂ ਓਸਨੂੰ ਬੇਹੋਸ਼ ਕਰਕੇ ਚਾਦਰ ਦੀ ਰੱਸੀ ਨਾਲ ਚੰਗੀ ਤਰਾਂ ਜਕੜ ਛੱਡਿਆ ਤੇ ਫੇਰ ਰੋਜ਼ ਦੇ ਕਮਰੇ ਵਿਚ ਗਿਆ। ਓਹ ਅਜੇ ਵੀ ਹੱਥਾਂ ਨਾਲ ਮੂੰਹ ਨੂੰ ਢੱਕਕੇ ਕੁਰਸੀ ਤੇ ਬੈਠੀ ੨ ਰੋ ਰਹੀ ਸੀ। ਓਸਨੂੰ ਮੈਂ ਕਿਹਾ :-

"ਪਿਆਰੀ ਰੋਜ਼! ਜੇਕਰ ਤੂੰ ਜਾਨ ਬਚਾਣਾ ਚਾਹੁੰਦੀ ਹੈਂ ਤਾਂ ਛੇਤੀ ਮੇਰੇ ਨਾਲ ਆ। ਮੈਂ ਸਰਦਾਰ ਰਾਮਪਾਲ ਸਿੰਘ ਦਾ ਆਦਮੀ ਹਾਂ ।"

ਰਾਮਪਾਲ ਸਿੰਘ ਦਾ ਨਾਮ ਸੁਣਕੇ ਉਸਨੇ ਮੂੰਹ ਤੋਂ ਹੱਥ ਹਟਾ ਮੇਰੀ ਵਲ ਤੱਕਿਆ ਅਰ ਪੁੱਛਿਆ।

"ਤੁਸੀਂ ਰਾਮਪਾਲ ਸਿੰਘ ਦੇ ਆਦਮੀ ਹੋ ਇਸਦਾ ਕੀ ਸਬੂਤ ਹੈ ?"

ਮੈਂ ਕਿਹਾ—ਮੈਂ ਇਸ ਵੇਲੇ ਸਬੂਤ ਤਾਂ ਕੋਈ ਦੇ ਨਹੀਂ ਸਕਦਾ ਪਰ ਤੇਰੀ ਜਾਨ ਬਚਾਣ ਤੋਂ ਸਿਵਾ ਮੈਨੂੰ ਹੋਰ ਕੋਈ ਲਾਲਚ ਵੀ ਨਹੀਂ । ਬਾਹਰ ਨਿਕਲਣ ਪਰ ਇਸਦਾ ਸਬੂਤ ਤੈਨੂੰ ਆਪਣੇ ਆਪ ਮਿਲ ਜਾਵੇਗਾ। ਹੁਣ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਸਰਦਾਰ ਰਾਮਪਾਲ ਸਿੰਘ ਦਾ ਹਾਲ ਤੈਨੂੰ ਕੁਝ ਮਲੂਮ ਹੈ ? ਉਹ ਵੀ ਤੈਨੂੰ ਬਚਾਣ ਦੀ ਖਾਤਰ ਵੈਰੀਆਂ ਦੇ ਹਥ ਕਾਬੂ ਆਏ ਹਨ। ਉਨਾਂ ਦੀ ਭਾਲ ਵਿਚ ਹੀ ਮੈਂ ਇਥੇ ਆਯਾ ਹਾਂ।

ਮੇਰੀ ਗਲ ਸੁਣਕੇ ਰੋਜ਼ਨੇ ਰੋਂਦਿਆਂ ੨ ਕਿਹਾ:—ਹਾਇ ! ਹਾਇ ! ਕੀ ਸਰਦਾਰ ਜੀ ਵੀ ਬਦਮਾਸ਼ਾਂ ਦੇ ਹੱਥ ਆ ਗਏ ! ਹੁਣ ਮੇਰੇ ਪਿਤਾ ਨੂੰ ਕੌਣ ਬਚਾਵੇਗਾ ?

ਮੈਂ ਕਿਹਾ—ਇਸ ਵੇਲੇ ਘਾਬਰਣ ਤੇ ਰੋਣ ਦਾ ਵੇਲਾ ਨਹੀਂ। ਜੇਕਰ ਦੇਰ ਕਰੇਂਗੀ ਤਾਂ ਮੈਂ ਤੈਨੂੰ ਵੀ ਨਹੀਂ ਬਚਾ ਸਕਾਂਗਾ।

ਇਹਸੁਣਕੇ ਰੋਜ਼ ਕੁਰਸੀ ਤੋਂ ਉਠ ਖੜੀਹੋਈ ਤੇ ਮੇਰੇ ਨਾਲ ਤੁਰ ਪਈ। ਮੈਂ ਇਕ ਹੱਥ ਵਿਚ ਪਿਸਤੌਲ ਤੇ ਦੂਜੇ ਵਿਚ ਲੈਂਪ ਲੈਕੇ ਬਾਹਰ ਆਯਾ। ਬੂਹੇ ਉਤੇ ਆਕੇ ਵੇਖਿਆ ਤਾਂ ਅਬਦੁੱਲਾ ਕੋਈ ਨਹੀਂ। ਮੈਂ ਬਹੁਤ ਹੀ ਘਾਬਰਿਆ। ਮੈਂ ਉਸਨੂੰ ਜਿਸ ਦਸ਼ਾ ਵਿਚ ਛਡ ਗਿਆ ਸਾਂ ਉਸ ਵਿਚ ਦੂਜੇ ਦੀ ਸਹਾਇਤਾ ਬਿਨਾਂ ਉਠਣਾ ਕੋਈ ਸੁਖਾਲਾ ਨਹੀ ਸੀ। ਮੈਂ ਆਪਣੇ ਮਨ ਵਿਚ ਸੋਚਿਆ ਕਿ ਜੇਕਰ ਤਾਂ ਮਕਾਨ

ਵਾਲੇ ਸਾਵਧਾਨ ਹੋ ਗਏ ਹਨ ਤਾਂ ਰੋਜ਼ ਨੂੰ ਕੱਢਕੇ ਲੈ ਜਾਣਾ ਤੇ ਸਰਦਾਰ ਜੀ ਦਾ ਪਤਾ ਕਰਨਾ ਦੂਰ ਰਿਹਾ ਅਪਨੀ ਜਾਨ ਲੈਕੇ ਬਚ ਨਿਕਲਣਾ ਵੀ ਔਖਾ ਹੈ। ਇਸ ਲਈ ਮੈਂ ਰੋਜ਼ ਨੂੰ ਕੁਝ ਨਾ ਆਖ ਛੇਤੀ ਨਾਲ ਬਿਰਾਂਡਾ ਟਪ ਦੂਜੇ ਕਮਰੇ ਵਿੱਚ ਵੜ ਗਿਆ ਓਥੇ ਵੀ ਕੋਈ ਨਾ ਦਿੱਸਿਆ, ਫੇਰ ਮੈਂ ਤੀਜੇ ਕਮਰੇ ਵਿਚ ਗਿਆ। ਓਥੇ ਵੀ ਜਿਨ੍ਹਾਂ ਦੋ ਗੋਰਿਆਂ ਨੂੰ ਬੇਹੋਸ਼ ਕਰਕੇ ਮੈਂ ਛੱਡ ਗਿਆ ਸਾਂ ਓਨਾਂ ਵਿੱਚੋਂ ਕੋਈ ਨਹੀਂ ਸੀ। ਮੇਰਾ ਦਿਲ ਘਾਬਰ ਰਿਹਾ ਸੀ ਅਰ ਮੈਂ ਉਸ ਕਮਰੇ ਵਿਚ ਵੜਿਆ ਹੀ ਸਾਂ ਕਿ ੧੦-੧੫ ਸਨੱਧ ਬੱਧ ਮਨੁੱਖ ਓਸ ਅੰਦਰ ਆ ਧਮਕੇ ਤੇ ਜਿਨਾਂ ਦੇ ਹਥਾਂ ਵਿਚ ਪਿਸਤੌਲਾਂ ਸਨ। ਮੈਂ ਦੇਰ ਨਾ ਕਰ ਝਟ ਲੈਂਪ ਨੂੰ ਇਕ ਗੋਲੀ ਮਾਰਕੇ ਬੁਝਾ ਦਿੱਤਾ, ਸਾਰੇ ਘਰ ਵਿੱਚ ਹਨੇਰਾ ਹੋ ਗਿਆ ਤੇ ਓਹ ਮਕਾਨ ਪਿਸਤੌਲਾਂ ਦੀ ਅਵਾਜ਼ ਨਾਲ ਗੂੰਜ ਉੱਠਿਆ। ਕੌਣ ਕਿਸ ਉੱਤੇ ਹਮਲਾ ਕਰ ਰਿਹਾ ਹੈ,ਇਹ ਮੈਂ ਕੁਝ ਵੀ ਨਾ ਸਮਝ ਸਕਿਆ। ਮੈਂ ਝਟ ਪਟ ਖੁਲੇ ਹੋਏ ਬੂਹੇ ਵਿਚੋਂ ਬਾਹਰ ਨਿਕਲ ਗਿਆ ਤੇ ਰੋਜ਼ ਦੀ ਪਿੱਛੋਂਕੀ ਦਸ਼ਾ ਹੋਈ ਇਹ ਵੇਖਣ ਦਾ ਮੈਨੂੰ ਸਮਾਂ ਹੀ ਨਾ ਮਿਲਿਆ।

## ਕਾਂਡ ੧੭

## ਕੀ ਇਹ ਸੁਫਨਾ ਹੈ ?

### (ਮਿਸ ਰੋਜ਼ ਦਾ ਖਿਆਲ)

ਲਛਮਣ ਦਾਸ ਦੇ ਪਹੁੰਚਣ ਤੋਂ ਪਹਿਲਾਂ ਮੇਰੇ ਕਮਰੇ ਵਿਚ ਮਿਸਟਰ ਸਟੀਫਨ ਆਏ ਸਨ। ਮੈਂ ਨੀਂਦ

ਵਿਚ ਹੀ ਉਨਾਂ ਦੀ ਬਾਬਤ ਸੁਫਨਾ ਵੇਖ ਰਹੀ ਸਾਂ। ਪਰ ਜਦ ਉਹ ਮੇਰੇ ਕਮਰੇ ਵਿਚ ਹੀ ਨਜ਼ਰ ਆਏ ਤਾਂ ਮੈਂ ਹੈਰਾਨ ਹੋ ਗਈ। ਥੋੜੀ ਦੇਰ ਲਈ ਮੈਂ ਇਹ ਵੀ ਭੁੱਲ ਗਈ ਕਿ ਇਹ ਘਰ ਹੈ ਯਾ ਕੈਦ ਖਾਨਾ! ਸਟੀਫਨ ਨੇ ਮੇਰਾ ਹੱਥ ਫੜਕੇ ਬੜੀ ਦੁਖਭਰੀ ਅਵਾਜ਼ ਨਾਲ ਕਿਹਾ :—

"ਰੋਜ਼! ਅਜ ਮੈਂ ਤੈਥੋਂ ਅੰਤਲੀ ਵਿਦੈਗੀ ਲੈਣ ਆਯਾ ਹਾਂ ਪਾਪੀ ਲੋਕ ਮੈਨੂੰ ਬਿਨਾਂ ਮਾਰੇ ਨਹੀਂ ਛੱਡਣਗੇ ਓਨ੍ਹਾਂ ਪੱਕਾ ਇਰਾਦਾ ਕਰ ਲਿਆ ਹੈ ਕਿ ਤੇਰੇ ਸਾਮਣੇ ਹੀ ਮੇਰਾ ਸਿਰ ਵਢਿਆ ਜਾਵੇ, ਅਤੇ ਤੈਨੂੰ ਕਈ ਤਰਾਂ ਦੇ ਲੋਭ ਲਾਲਚ ਦੇਕੇ ਵਸ ਕੀਤਾ ਜਾਵੇ ਕਿ ਤੂੰ ਮੈਕੇਯਰ ਨਾਲ ਸ਼ਾਦੀ ਕਰਨ ਲਈ ਰਾਜ਼ੀ ਹੋ ਜਾਵੇਂ। ਪਰ ਮਲੂਮ ਹੁੰਦਾ ਹੈ ਤੂੰ ਇਨਾਂ ਗੱਲਾਂ ਉੱਤੇ ਰਾਜ਼ੀ ਨਹੀਂ।"

ਇਹ ਆਖਕੇ ਮਿਸਟਰ ਸਟੀਫਨ ਮੇਰੇ ਮੂੰਹ ਵਲ ਵੇਖ ਚੁਪ ਹੋ ਗਏ। ਉਨਾਂ ਦੀਆਂ ਅੱਖਾਂ ਵਿਚੋਂ ਅਥਰੂ ਨਿਕਲਕੇ ਮੇਰੇ ਹੱਥਾਂ ਉੱਤੇ ਆ ਪਏ। ਮੈਂ ਕੁਝ ਦੇਰ ਲਈ ਮੂਰਖ ਜੇਹੀ ਹੋ ਗਈ। ਮੈਂ ਕੀ ਆਖਾਂ ਕੁਝ ਵੀ ਨਾ ਸਮਝ ਸਕੀ। ਇਸੇ ਵੇਲੇ ਹੀ ਬਾਹਰੋਂ ਕਿਸੇ ਨੇ ਕਿਹਾ:—ਛੇਤੀ ਕੰਮ ਪੂਰਾ ਕਰਕੇ ਚਲੇ ਆਓ, ਇਹ ਗੱਲਾਂ ਕਰਨ ਦਾ ਸਮਾਂ ਨਹੀਂ।"

ਸਟੀਫਨ ਨੇ ਫੇਰ ਕਿਹਾ—ਰੋਜ਼! ਇਸ ਵੇਲੇ ਮੈਕੇਯਰ ਨੇ ਹੀ ਮੈਨੂੰ ਤੇਰੇ ਪਾਸ ਭੇਜਿਆ ਹੈ। ਉਸਦਾ ਖਿਆਲ ਹੈ ਕਿ ਤੂੰ ਮੈਨੂੰ ਪਿਆਰ ਕਰਦੀ ਹੈਂ ਹੋਰ ਕਿਸੇ ਨੂੰ ਪਿਆਰ ਨਹੀਂ ਕਰੇਂਗੀ। ਓਹ ਆਪਣੀ ਰਾਹ ਸਾਫ ਕਰਨੀ ਚਾਹੁੰਦਾ ਹੈ। ਤੇਰੇ ਭਲੇ ਲਈ ਮੈਂ ਆਪਣੀ ਜਾਨ ਦੇਣ ਤੋਂ ਭੀ ਨਾਂਹ ਨਹੀਂ ਕਰਦਾ। ਪਰ ਇਹ ਕਰਕੇ ਵੀ

ਮੈਂ ਤੇਰੀ ਜਾਨ ਬਚਾ ਸਕਾਂਗਾ ਕਿ ਨਹੀਂ ਇਸ ਵਿਚ ਸ਼ੱਕ ਹੈ। ਮੈਕੇਘਰ ਜਦ ਤਕ ਤੈਨੂੰ ਵਸ ਨਾ ਕਰ ਲਵੇਗਾ ਤਦ ਤਕ ਚੁਪ ਨਹੀਂ ਰਹੇਗਾ। ਤੂੰ ਜੇਕਰ ਉਸਦਾ ਕਿਹਾ ਨਹੀਂ ਮੰਨੇਂਗੀ ਤਾਂ ਤੇਰੀ, ਮੇਰੀ ਤੇ ਤੇਰੇ ਪਿਤਾ ਦੀ ਸਭਨਾ ਦੀ ਜਾਨ ਜਾਵੇਗੀ। ਮੇਰਾ ਕੇਹਣਾ ਤਾਂ ਇਹੋ ਹੀ ਹੈ ਕਿ ਜਾਨ ਜਾਵੇ ਤਾਂ ਜਾਵੇ ਪਰ ਪਾਪੀ ਮੈਕੇਘਰ ਦੀਆਂ ਗੱਲਾਂ ਨੂੰ ਤੂੰ ਨਾਂ ਮੰਨੀਂ।"

ਇਸ ਵਲੇ ਫੇਰ ਬਾਹਰੋਂ ਅਵਾਜ਼ ਆਈ। ਸਟੀਫਨ ਮੇਰਾ ਹੱਥ ਛੱਡਕੇ ਬਾਹਰ ਚਲੇ ਗਏ। ਜਾਣ ਵੇਲੇ ਉਨਾਂ ਨੇ ਇਹੋ ਕਿਹਾ–ਰੋਜ਼ ਹੁਣ ਬਸ ਕਰ ਬਹੁਤ ਨਾ ਰੋ। ਭਰੋਸਾ ਰੱਖਕੇ ਦਿਲ ਪੱਕਾ ਕਰ। ਦਿਲ ਦੀ ਪਕਿਆਈ ਵਿਖਾਣ ਦਾ ਇਹੋ ਵੇਲਾ ਹੈ। ਤਿਆਰ ਹੋ, ਪੈਹਲਾਂ ਤੈਨੂੰ ਮੈਂਹੀਓਂ ਰਾਹ ਵਿਖਾਵਾਂਗਾ।"

ਸਟੀਫਨ ਦੇ ਔਣ ਤੇ ਚਲੇ ਜਾਣ ਤਕ ਮੈਂ ਚੁਪ ਚਾਪ ਸੱਪ ਵਾਂਗ ਬੈਠੀ ਰਹੀ। ਪਰ ਉਨਾਂ ਦੇ ਚਲੇ ਜਾਣ ਪਰ ਮੇਰਾ ਕਲੇਜਾ ਕੰਬ ਗਿਆ। ਮੈਂ ਫੇਰ ਚੁਪ ਨਾ ਰਹੀ ਤੇ ਰੋ ਪਈ। ਸਟੀਫਨ ਦੇ ਕਹੇ ਮੂਜਬ ਕੰਮ ਨਾ ਕਰ ਸਕੀ। ਮੈਂ ਉਸ ਵੇਲੇ ਬਹੁਤ ਕੋਸ਼ਿਸ਼ ਕਰਨ ਪਰ ਵੀ ਅਪਣੇ ਦਿਲ ਨੂੰ ਧੀਰਜ ਨਾ ਬਨ੍ਹਾ ਸਕੀ। ਇਸਤਰਾਂ ਬਹੁਤ ਦੇਰ ਤਕ ਰੋਣ ਪਰ ਪਹਿਲਾਂ ਅਬਦੁਲਾ ਆ ਕੇ ਮੈਨੂੰ ਡਰਾਉਂਦਾ ਧਮਕਾਉਂਦਾ ਰਿਹਾ ਤੇ ਉਸਦੇ ਚਲੇ ਜਾਣ ਪਰ ਫੇਰ ਲਛਮਣ ਦਾਸ ਆਯਾ ਤੇ ਮੈਨੂੰ ਲੈ ਤੁਰਿਆ।

ਜਿਸ ਵੇਲੇ ਲਛਮਣ ਦਾਸ ਲੈਂਪ ਨੂੰ ਗੋਲੀ ਮਾਰਕੇ ਨੱਠ ਗਿਆ ਉਸ ਵੇਲੇ ਮੈਂ ਸਮਝ ਲਿਆ ਕਿ ਹੁਣ ਮੇਰਾ ਛੁਟਕਾਰਾ ਨਹੀਂ, ਹੁਣ ਮੈਂ ਤੇ ਸਟੀਫਨ ਏਵੇਂ ਕੱਠੇ ਮਰਾਂਗੇ।

ਓਹਨਾਂ ਪਾਪੀਆਂ ਨੇ ਫੇਰ ਲੈਂਪ ਜਗਾਯਾ ਤੇ ਮੇਰੇ ਹੱਥ ਜਕੜਕੇ ਬੰਨ੍ਹੇ, ਓਹ ਮੈਨੂੰ ਫੇਰ ਓਸੇ ਕੈਦਖਾਨੇ ਵਿਚ ਖਿੱਚਕੇ ਲੈ ਗਏ। ਪੈਹਲਾਂ ਵਾਂਗ ਹੀ ਫੇਰ ਬੂਹਾ ਬੰਦ ਕਰ ਦਿਤਾ ਗਿਆ ਤੇ ਮੈਂ ਦੁੱਖਾਂ ਦੇ ਸਮੁੰਦਰ ਵਿਚੋਂ ਨਿਕਲਨ ਲਈ ਵਾਹਿਗੁਰੂ ਅੱਗੇ ਬੇਨਤੀਆਂ ਕਰਨ ਲੱਗ ਪਈ।ਸਾਰੀ ਰਾਤ ਇਸਤਰਾਂ ਬੀਤ ਗਈ,ਪਰ ਫੇਰ ਮੇਰੇ ਉਤੇ ਕੋਈ ਵਿਪਤਾ ਨਾ ਪਈ। ਦੂਜੇ ਦਿਨ ਸਵੇਰੇ ਫੇਰ ਲੇਡੀ ਰਾਜਰਸ ਮੈਨੂੰ ਮਿਲਣ ਆਈ ਤੇ ਮੈਂ ਉਸਨੂੰ ਕਿਹਾ—"ਕਿਉਂ ਮਿਸ ਰਾਜਰਸ! ਕੀ ਧਰਮ ਉਕੇ ਤੇਰਾ ਕੁਝ ਭੀ ਨਿਸਚਾ ਨਹੀਂ? ਤੂੰ ਆਪ ਇਸਤ੍ਰੀ ਹੋਕੇ ਇਕ ਇਸਤ੍ਰੀ ਨੂੰ ਬੁਰੇ ਰਾਹ ਜਾਣ ਦੀ ਸਲਾਹ ਦੇ ਰਹੀ ਹੈਂ? ਇਹ ਗੱਲ ਮੇਰੀ ਸਮਝ ਵਿਚ ਨਹੀਂ ਆਉਂਦੀ, ਪਰ ਯਾਦ ਰੱਖ, ਵਾਹਿਗੁਰੂ ਇਸ ਵੇਲੇ ਵੀ ਹਾਜ਼ਰ ਨਾਜ਼ਰ ਹੈ, ਸੰਸਾਰ ਵਿਚ ਇਸ ਵੇਲੇ ਵੀ ਧਰਮ ਦਾ ਰਾਜ ਹੈ, ਹੁਣ ਵੀ ਪਾਪ ਤੇ ਪੁੰਨ ਦੀ ਵਿਚਾਰ ਹੁੰਦੀ ਹੈ।"

ਪਰ ਓਹ ਬਦਮਾਸ਼ ਔਰਤ ਮੇਰੀਆਂ ਗੱਲਾਂ ਦੀ ਕੁਝ ਪਰਵਾਹ ਨਾ ਕਰ ਮੈਕੇਯਰ ਦੀਆਂ ਗੱਲਾਂ ਹੀ ਛੇੜ ਬੈਠੀ।ਕਈ ਤਰਾਂ ਦੇ ਲੋਭ, ਲਾਲਚ, ਕਈ ਤਰਾਂ ਦੇ ਡਰਾਵੇ ਦਿਖਾਲੇ ਦੇਕੇ ਓਸਨੇ ਮੈਨੂੰ ਵੱਸ ਕਰਨਾ ਚਾਹਿਆ, ਪਰ ਮੈਂ ਕਿਸੇ ਤਰਾਂ ਵੀ ਰਾਜ਼ੀ ਨਾ ਹੋਈ। ਓਸਨੇ ਮੈਨੂੰ ਅਪਣੇ ਇਰਾਦੇ ਉਤੇ ਦ੍ਰਿੜ੍ਹ ਵੇਖਕੇ ਛੇਕੜ ਕਿਹਾ—"ਤੈਨੂੰ ਇਸ ਅਹੰਕਾਰ ਦਾ ਫਲ ਛੇਤੀ ਹੀ ਭੋਗਣਾ ਪਵੇਗਾ, ਅੱਜ ਤੇਰਾ ਮਾਸ ਕੁੱਤਿਆਂ ਤੇ ਗਿੱਦੜਾਂ ਨੂ ਪਾਯਾ ਜਾਵੇਗਾ।"

ਮੈਂ ਕਿਹਾ—"ਕੋਈ ਡਰ ਨਹੀਂ, ਇਹੋ ਧਰਮ ਤੇ ਸ਼ਾਂਤੀ ਹੈ?"

ਲੇਡੀ ਰਾਜਰਸ ਦੀ ਛੇਕੜਲੀ ਗੱਲ ਤੋਂ ਮੈਨੂੰ ਇਹ ਵੀ

ਸ਼ੱਕ ਪਿਆ ਕਿ ਇਹ ਕੋਈ ਛਲੀਆ ਮਨੁੱਖ ਹੈ ਇਸਤ੍ਰੀ ਨਹੀਂ। ਓਸ ਦਿਨ ਮੈਂ ਕੁਝ ਵੀ ਨਾ ਖਾਧਾ, ਮੇਰਾ ਦਿਲ ਮਾਤਾ ਪਿਤਾ ਦੇ ਦੁੱਖ ਨੂੰ ਯਾਦ ਕਰਕੇ ਬਹੁਤ ਘਾਬਰਿਆ, ਪਰ ਉਸ ਵੇਲੇ ਮੇਰੇ ਦਿਲ ਵਿਚ ਭਾਰੀ ਬਲ ਸੀ। ਸਟੀਫਨ ਦਾ ਉਪਦੇਸ਼ ਮੇਰੀ ਰਗ ਰਗ ਵਿੱਚ ਜਾ ਚੁਕਾ ਸੀ। ਕਰੀਬਨ ਰਾਤ ਦੇ ਅੱਠ ਵਜੇ ਇਕ ਪਾਦਰੀ ਹੱਥ ਵਿਚ ਲੈਂਪ ਫੜੀ ਮੇਰੇ ਕਮਰੇ ਵਿਚ ਆਯਾ। ਮੈਂ ਸਮਝ ਗਈ ਕਿ ਮੇਰੇ ਇਸ ਨਾਸਵੰਤ ਸਰੀਰ ਦਾ ਖੇਲ ਇਥੇ ਹੀ ਪੂਰਾ ਹੁੰਦਾ ਹੈ, ਪਰ ਸਟੀਫਨ ਲਈ ਚਿਤ ਬਹੁਤ ਘਬਰਾਯਾ, ਪਤਾ ਨਹੀਂ ਇਸ ਵੇਲੇ ਓਹ ਕਿਥੇ ਹੈ?"

ਪਾਦਰੀ ਆਕੇ ਮੇਰੇ ਸਾਮਣੇ ਖੜੋ ਗਿਆ ਤੇ ਉਸਦੇ ਪਿਛੇ ੨ ਅਬਦੁਲਾ ਸਟੀਫਨ ਨੂੰ ਫੜੀ ਹੱਥ ਵਿਚ ਨੰਗੀ ਤਲਵਾਰ ਲੈਕੇ ਮੇਰੇ ਕਮਰੇ ਵਿਚ ਆਯਾ। ਪਾਦਰੀ ਨੇ ਕਿਹਾ—"ਤੁਸੀਂ ਤਿਆਰ ਹੋ ਜਾਓ, ਜੋ ਕੁਝ ਆਖਣਾ ਹੈ ਆਖ ਲਓ ਹੋਰ ਵੇਲਾ ਨਹੀਂ।"

ਸਟੀਫਨ ਨੇ ਮੈਨੂੰ ਬੇਨਤੀ ਕਰਨ ਲਈ ਕਿਹਾ ਤੇ ਮੈਂ ਗੋਡੇ ਟੇਕ ਕੇ ਪ੍ਰਾਰਥਨਾ ਕਰਨ ਲੱਗੀ। ਸਟੀਫਨ ਵੀ ਮੇਰੇ ਪਾਸ ਬੈਠਕੇ ਪ੍ਰਾਰਥਨਾ ਕਰਨ ਲੱਗਾ। ਓਸ ਵੇਲੇ ਅਬਦੁੱਲੇ ਨੇ ਕਿਹਾ "ਮਿਸ ਰੋਜ਼, ਹੁਣ ਵੀ ਮੈਂ ਆਖਦਾ ਹਾਂ ਮੇਰੀ ਗੱਲ ਮੰਨ ਜਾਹ ਅਪਣਾ ਅਮੋਲਕ ਸਰੀਰ ਇਸ ਤਰਾਂ ਨਾ ਗਵਾ।"

ਮੈਂ ਦੁਖ ਭਰੀ ਅਵਾਜ਼ ਵਿਚ ਬੋਲੀ—"ਸ਼ੈਤਾਨ ਚੁਪ ਰਹੁ। ਇਸ ਚੰਗੇ ਕੰਮ ਵਿਚ ਰੋਕ ਨਾ ਪਾ।"

ਪੇਹਲਾਂ ਸਟੀਫਨ ਨੇ ਪ੍ਰਾਰਥਨਾ ਕਰਦੇ ਹੋਏ ਕਿਹਾ—"ਪ੍ਰਭੂ! ਅੱਜ ਅਸੀ ਸੱਚੇ ਈਸਾਈ ਬਣਕੇ ਧਰਮ ਤੇ ਤੇਰੇ

ਲਈ ਇਸ ਤੁੱਛ ਜੀਵਨ ਦਾ ਲਾਲਚ ਛੱਡਕੇ ਤੇਰੇ ਰਾਜ ਵਿਚ ਔਂਦੇ ਹਾਂ। ਹੇ ਪਿਤਾ, ਤੂੰ ਪਵਿੱਤ੍ਰ ਜਲ ਦੇ ਨਾਲ ਸਾਡੇ ਮੈਲੇ ਆਤਮਾ ਨੂੰ ਧੋਕੇ ਅਪਣੀ ਸ਼ਾਂਤ ਮਈ ਗੋਦੀ ਵਿਚ ਸਥਾਨ ਦੇਹ।"

ਪਾਦਰੀ ਨੇ ਕਿਹਾ-"ਐਸਾ ਹੀ ਹੋਵੇ।"

ਪਰ ਮੇਰੇ ਮੂਹੋਂ ਬੇਨਤੀ ਦਾ ਇਕ ਅੱਖਰ ਵੀ ਨਾ ਨਿਕਲਿਆ। ਮੈਂ ਕੇਵਲ ਇੰਨਾ ਕਿਹਾ-"ਹੇ ਪ੍ਰਭੂ ਸਾਡੀ ਰੱਖਯਾ ਕਰ।"

ਪਾਦਰੀ ਨੇ ਕਿਹਾ-ਐਸਾ ਹੀ ਹੋਵੇ।"

ਪਾਦਰੀ ਅਜੇ ਇਹ ਆਖਦਾ ਹੀ ਸੀ ਕਿ ਅਚਾਨਕ ਦਰਵਾਜ਼ਾ ਖੁਲ ਗਿਆ ਤੇ ਨੰਗੀ ਤਲਵਾਰ ਹੱਥ ਵਿਚ ਫੜੀ ਸਰਦਾਰ ਰਾਮਪਾਲ ਸਿੰਘ ਜੀ ਆਉਂਦੇ ਹੋਏ ਨਜ਼ਰ ਆਏ॥

## ਕਾਂਡ ੧੯

## ਫੇਰ ਕੀ ਹੋਯਾ?

( ਸਰਦਾਰ ਰਾਮਪਾਲ ਸਿੰਘ ਦਾ ਬਿਆਨ )

ਉਸ ਰਾਤ ਮੈਕੇਫਰ ਦੇ ਮਨੁੱਖਾਂ ਦੇ ਹੱਥਾਂ ਵਿਚ ਕੈਦ ਹੋਣ ਪਰ ਕੀ ਦਸ਼ਾ ਮੇਰੀ ਹੋਈ ਇਸਦਾ ਪਤਾ ਮੈਨੂੰ ਵੀ ਨਹੀਂ। ਉਨ੍ਹਾਂ ਜਿਸ ਵੇਲੇ ਹੀ ਮੈਨੂੰ ਗਰਦਨ ਵਿਚ ਰੱਸੀ ਪਾਕੇ ਬੰਨ੍ਹ ਲਿਆ ਮੈਂ ਬੇਹੋਸ਼ ਹੋ ਗਿਆ। ਜਿਸ ਵੇਲੇ ਮੈਨੂੰ ਹੋਸ਼ ਆਈ ਤਾਂ ਮੈਂ ਵੇਖਿਆ ਕਿ ਮੈਂ ਇਕ ਕੋਠੜੀ ਵਿਚ ਹਾਂ ਅਤੇ ਚਾਰੇ ਪਾਸੇ ਮੇਰੇ ਮਥਹੱਟੇ ਸਾਧੂ ਮੈਨੂੰ ਘੇਰਕੇ ਬੈਠੇ ਹੋਏ ਹਨ। ਉਨਾਂ ਵਿਚੋਂ ਇਕ ਤੇਜ਼ ਪ੍ਰਤਾਪ ਵਾਲਾ ਮੂੰਹ ਮੈਨੂੰ ਵੇਖਕੇ ਯਾਦ ਆ ਪਿਆ। ਇਸ ਮਹਾਤਮਾ ਨੂੰ ਮੈਂ

ਕਾਨਪੁਰ ਤੇ ਦਿੱਲੀ ਦੇ ਵਿਚਕਾਰ ਰਾਹ ਵਿਚ ਵੇਖਿਆ ਸੀ। ਉਸ ਤੇਜ਼ ਪ੍ਰਤਾਪ ਵਾਲੇ ਮਹਾਤਮਾ ਨੂੰ ਵੇਖਕੇ ਜਿਸ ਤਰਾਂ ਹੋਰਨਾ ਲੋਕਾਂ ਦੇ ਮਨ ਵਿਚ ਸਰਧਾ ਭਗਤੀ ਉਪਜਦੀ ਹੈ ਵੈਸੇ ਹੀ ਮੇਰੇ ਜੀ ਵਿਚ ਉਪਜੀ, ਮੈਂ ਉਹਨਾਂ ਨੂ ਭਗਤੀ ਭਾਵ ਨਾਲ ਨਮਸਕਾਰ ਕੀਤੀ। ਉਹਨਾਂ ਨੇ ਮੈਨੂੰ ਕਿਹਾ-"ਸਰਦਾਰ ਰਾਮਪਾਲ ਸਿੰਘ ਮੈਨੂੰ ਪਛਾਣਦੇ ਹੋ?"

ਅਜੇ ਵੀ ਮੈਨੂੰ ਚੰਗੀਤਰਾਂ ਹੋਸ਼ ਨਹੀਂ ਸੀ ਆਈ, ਇਸ ਲਈ ਮੈਂ ਉਨ੍ਹਾਂ ਦੇ ਪ੍ਰਸ਼ਨ ਦਾ ਜਵਾਬ ਨਾ ਦੇ ਸਕਿਆ। ਓਹ ਫੇਰ ਕੁਝ ਨਾ ਆਖ ਮੇਰੇ ਸਿਰ੍ਹਾਣੇ ਆ ਬੈਠੇ। ਕਰੀਬਨ ਇਕ ਘੰਟੇ ਪਿੱਛੋਂ ਮੈਨੂੰ ਚੰਗੀ ਤਰਾਂ ਹੋਸ਼ ਆ ਗਈ ਤੇ ਮੈਂ ਉਠ ਬੈਠਾ। ਉਸ ਵੇਲੇ ਮੈਂ ਵੇਖਿਆ ਕਿ ਬੇੜੀ ਗੰਗਾ ਦੀ ਮੰਝਧਾਰ ਵਿਚ ਤਰ ਰਹੀ ਹੈ।

ਮੈਨੂੰ ਉਠਿਆ ਵੇਖਕੇ ਮਹਾਤਮਾ ਜੀ ਨੇ ਕਿਹਾ- "ਸਰਦਾਰ ਰਾਮਪਾਲ ਸਿੰਘ! ਤੁਹਾਡੀ ਜਾਨ ਮੈਂ ਬਚਾਈ ਹੈ, ਇਸ ਲਈ ਕੀ ਤੁਸੀਂ ਮੇਰੀ ਇਕ ਗੱਲ ਮੰਨੋਗੇ?"

ਮੈਂ ਹੈਰਾਨ ਹੋਕੇ ਕਿਹਾ-"ਤੁਹਾਡੀ ਗੱਲ ਮੰਨਣ ਲਈ ਵਸ ਲਗਦੇ ਕੋਸ਼ਸ਼ ਕਰਾਂਗਾ।"

ਪਤਾ ਨਹੀਂ ਮੈਂ ਓਸ ਵੇਲੇ ਕਿਉਂ ਮੰਤ੍ਰੇ ਗਏ ਮਨੁੱਖ ਵਾਂਗ ਇਕਰਾਰ ਕਰ ਬੈਠਾ। ਇਸਦਾ ਜ਼ਹਰੀਲਾ ਨਤੀਜਾ ਵੇਖਕੇ ਮੈਂ ਹੁਣ ਤਕ ਸੜ ਰਿਹਾ ਹਾਂ। ਜੇਕਰ ਮੈਂ ਉਸ ਸਾਧੂ ਨਾਲ ਇਹ ਪ੍ਰਣ ਨਾ ਕਰਦਾ ਤਾਂ ਹੋ ਸਕਦਾ ਸੀ ਕਿ "ਸਿਪਾਹੀ ਗਦਰ" ਨਾਮੇ ਬਲਵੇ ਦੀ ਅੱਗ ਵਿਚ ਅੰਗ੍ਰੇਜ਼ਾਂ ਦੇ ਬੱਚੇ ਬੱਚੀਆਂ ਤੇ ਮੇਮਾਂ ਦੀ ਅਹੂਤੀ ਨਾ ਪੈਂਦੀ। ਪਰ ਉਸ ਵੇਲੇ ਮੈਂ ਇਹ ਨਹੀਂ ਜਾਣਦਾ ਸਾਂ ਕਿ ਓਸ ਸਾਧੂ ਦੇ ਦਿਲ ਵਿਚ ਕੈਸੀ ਖੂਨੀ ਅੱਗ ਬਲ ਰਹੀ ਹੈ। ਪਰ ਉਸ

ਸਾਧੂ ਨੂੰ ਵੀ ਮੈਂ ਦੋਸ਼ ਨਹੀਂ ਦੇ ਸਕਦਾ ਉਸਦਾ ਉਦੇਸ਼ ਵੀ ਆਪਣੇ ਦੇਸ਼ ਦਾ ਉਧਾਰ ਕਰਨਾ ਸੀ। ਇਕ ਕੁਦਰਤੀ ਕੌਤਕ ਦੇ ਨਾਲ ਲੜਾਈ ਦੇ ਬਾਦ ਜ਼ਰੂਰੀ ਹੋਣ ਵਾਲੇ ਨਤੀਜੇ ਦਾ ਫਲ 'ਬਲਵੇ' ਰੂਪੀ ਮਹਾਨਾਟਕ ਦਾ ਜੋ ਦ੍ਰਿਸ਼ਯ ਦੇਖਣ ਵਿਚ ਆਯਾ ਉਸਦੇ ਲਈ ਇਸ ਸਾਧੂ ਯਾ ਨਾਨਾ ਸਾਹਿਬ ਨੂੰ ਦੋਸ਼ੀ ਨਹੀਂ ਆਖ ਸਕੀਦਾ। ਮੈਂ ਓਸ ਵੇਲੇ ਅੰਗ੍ਰੇਜ਼ਾਂ ਨਾਲ ਪ੍ਰਣ ਕੀਤਾ ਹੋਯਾ ਸੀ। ਨਹੀਂ ਤਾਂ ਕੀ ਅਚਰਜ ਸੀ ਜੋ ਮੇਰੇ ਚਿਤ ਦਾ ਵੇਗ ਵੀ ਓਸੇ ਪਾਸੇ ਵੱਗ ਪੈਂਦਾ। ਓਸ ਸਾਧੂ ਨੇ ਫੇਰ ਕਿਹਾ:—

"ਰਾਮਪਾਲ ਸਿੰਘ, ਸੁਦੇਸ਼ ਵਰਗੀ ਪਿਆਰੀ ਚੀਜ਼ ਹੋਰ ਕੋਈ ਨਹੀਂ। ਤੁਹਾਡੀ ਜੋ ਵੀ ਕੋਈਪਿਆਰੀ ਚੀਜ਼ਮਾਤਾ, ਪਿਤਾ, ਭਰਾ,ਭੈਣ,ਇਸਤ੍ਰੀ, ਪੁਤ੍ਰ ਤੇ ਬੱਚੇ ਬਚੀਆਂ ਵਲ ਦਾ ਅਕ੍ਰਿਤ੍ਰਿਮ ਪ੍ਰੇਮਅਜੇ ਵੀ ਜੇਕਰ ਤੁਹਾਡੇ ਦਿਲੋਂ ਨਹੀਂ ਗਿਆ ਤਾਂ ਅਪਣੇ ਪਿਆਰੇ ਦੇਸ਼ ਨੂੰ ਪਰਦੇਸੀਆਂ ਦੇਹਥ ਨਾ ਵੇਚ।

ਮੈਂ ਜਾਣਦਾ ਹਾਂ ਤੁਸੀਂ ਸੂਰਬੀਰ ਮਹਾਤਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਖ ਹੋ ਜਿਨ੍ਹਾਂ ਆਪਣੇ ਦੇਸ ਖਾਤਰ ਸਰਬੰਸ ਤਕ ਵਾਰ ਦਿਤਾ ਸੀ, ਤੇ ਇਸ ਵੇਲੇ ਓਹ ਸਚਖੰਡ ਵਿਚ ਬੈਠੇ ਹੋਏ ਤੁਹਾਡੇ ਕੰਮਾਂ ਨੂ ਇਕ ਟਕ ਨਜ਼ਰ ਨਾਲ ਤਕ ਰਹੇ ਹਨ। ਅਸਾਂ ਉਨਾਂ ਹੀ ਗੁਰਾਂ ਦੇ ਚਰਨਾਂ ਦੀ ਧੂੜੀ ਪ੍ਰਾਪਤਕਰਕੇ ਅਪਣ ਦੇਸ਼ ਦੇ ਉਧਾਰ ਖਾਤਰ ਕਮਰ ਬੰਨੀ ਹੈ। ਇਸ ਲਈ ਤੁਹਾਨੂੰ ਵੀ ਚਾਹੀਦਾ ਹੈ ਕਿ ਤੁਸੀਂ ਸਾਡੀ ਸਹੈਤਾ ਕਰੋ। ਜੇਕਰ ਤੁਸੀਂ ਆਪਣੀ ਮਾਂ, ਭੈਣ, ਲੜਕੀ ਤੇ ਇਸਤ੍ਰੀ ਦਾ ਸਤ ਰਖਣਾ ਚਾਹੁੰਦੇ ਹੋ ਤਾਂ ਸਾਡੇ ਵਿਰੁੱਧ ਕੋਈ ਕੰਮ ਨਾ ਕਰਨਾ। ਇਸਤਰਾਂ ਕਰਨ ਨਾਲ ਹੀ ਤੁਹਾਡਾ ਧਰਮ ਰਹੇਗਾ ਗੁਰੂ ਸਾਹਿਬ ਤੇ ਤੁਹਾਡੇ ਬਜ਼ੁਰਗ

ਤੁਹਾਨੂੰ ਅਸੀਸਾਂ ਦੇਣਗੇ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੁਹਾਡੇ ਸਿਰਾਂ ਉੱਤੇ ਫੁਲਾਂ ਦੀ ਵਰਖਾ ਕਰਨਗੇ । ਅਜ ਤੁਹਾਨੂੰ ਤਾਂਤੀਆਂ ਟੋਪੀ ਭਰਾਵਾਂ ਦੀ ਤਰਾਂ, ਸੰਬੰਧੀ ਦੀ ਤਰ੍ਹਾਂ ਪਿਤਾ ਅਰ ਗੁਰੂ ਦੀ ਤਰ੍ਹਾਂ ਇਹ ਉਪਦੇਸ਼ ਕਰਦਾ ਹੈ ਕੀ ਇਸਨੂੰ ਤੁਸੀ ਮੰਨੋਗੇ ?"

ਇਹੋ ਸਾਧੂ ਝਾਂਸੀ ਦੀ ਰਾਣੀ ਲਛਮੀ ਬਾਈ ਦਾ ਗੁਰੂ ਤਾਂਤੀਆ ਟੋਪੀ ਹੈ ਇਹ ਜਾਣਕੇ ਮੈਂ ਬੜਾ ਅਚਰਜ ਹੋਯਾ। ਤਾਂਤੀਆ ਟੋਪੀ ਦਾ ਨਾਮ ਓਸ ਵੇਲੇ ਸਾਰੇ ਭਾਰਤ ਵਿੱਚ ਮਸ਼ਹੂਰ ਸੀ । ਓਸ ਵੇਲੇ ਦੀ ਅੰਗ੍ਰੇਜ਼ ਸਰਕਾਰ ਭੀ ਤਾਂਤੀਆ ਕੋਲੋਂ ਡਰਦੀ ਸੀ । ਇਹੋ ਤਾਂਤੀਆ ਹੀ ਨਾਨਾ ਸਾਹਿਬ ਦਾ ਪ੍ਰਿਥਠੋਕੂ ਤੇ ਬਲਵਾਈਆਂ ਦਾ ਅਗੂ ਸੀ, ਕੀ ਆਖਾਂ ਉਸ ਵੇਲੇ ਤਾਂਤੀਆ ਟੋਪੀ ਦੇ ਗੁਣਾਂ ਉੱਤੇ ਮੈਂ ਵੀ ਮੋਹਿਤ ਹੋ ਗਿਆ ਸਾਂ । ਉਸਦੀਆਂ ਤੇਜ ਪ੍ਰਤਾਪ ਵਾਲੀਆਂ ਗੱਲਾਂ ਸੁਣਕੇ ਮੈਂ ਵੀ ਓਨਾਂ ਵਲ ਖਿਰਿਆਗਿਆ ਸਾਂ । ਮੈਂ ਉਨ੍ਹਾਂ ਨੂੰ ਕਿਹਾ :-

"ਮਹਾਰਾਜ ! ਆਪਦਾ ਉਪਦੇਸ਼ ਬਹੁਤ ਠੀਕ ਹੈ। ਪਰ ਹੱਥ ਪੈਰ ਬੰਨ ਹੋਏ ਮਨੁਖ ਦੇ ਅਗੇ ਇਸਦੀ ਕੁਝ ਕੀਮਤ ਨਹੀਂ । ਮੈਂ ਅੰਗ੍ਰੇਜ਼ਾਂ ਨਾਲ ਪ੍ਰਣ ਕਰ ਚੁਕਾ ਹਾਂ ਕਿ ਹਮੇਸ਼ਾਂ ਉਨਾਂ ਦੇ ਭਲੇ ਦੇ ਸਿਵਾ ਕਦੇ ਬੁਰਾ ਨਹੀਂ ਕਰਾਂਗਾ। ਆਪਣੇ ਪ੍ਰਣ ਨੂੰ ਪਾਲਣਾ ਹਰੇਕ ਮਰਦ ਦਾ ਕੰਮ ਹੈ। ਹੁਣ ਤੁਸੀਂ ਆਪ ਹੀ ਦਸੋ ਕਿ ਕਿਸਤਰਾਂ ਮੈਂ ਆਪਣੇ ਪ੍ਰਣ ਨੂੰ ਤੋੜਾਂ ਜੇਕਰ ਮੈਂ ਸੁਤੰਤ੍ਰ ਹੁੰਦਾ ਤਾਂ ਸਚ ਜਾਣੋ ਮੇਰਾ ਬਿਸਤਰਾ ਵੀ ਤੁਹਾਡੇ ਕੋਲ ਹੀ ਹੁੰਦਾ, ਪਰ ਇਸ ਵੇਲੇ ਮੈਂ ਤੁਹਾਡਾ ਉਪਦੇਸ਼ ਨਹੀਂ ਧਾਰ ਸਕਦਾ। ਹੋਰ ਕੋਈ ਸੇਵਾ ਆਪ ਦਸੋ ਮੈਂ ਪੂਰੀ ਕਰਨ ਲਈ ਯਤਨ ਕਰਾਂਗਾ ।

ਸਾਧੂ ਨੇ ਕਿਹਾ—ਵੱਡੇ ਸ਼ੋਕ ਦੀ ਗੱਲ ਹੈ ਕਿ ਤੁਸਾਂ ਮੇਰਾ ਕੇਹਣਾ ਨਾਮੰਨਿਆ।ਕੁਝ ਹੋਵੇ ਅੱਜ ਮੈਂ ਬਹੁਤ ਜਤਨ ਕਰਕੇ ਤੁਹਾਡੀ ਜਾਨ ਬਚਾਈ ਹੈ। ਉਸਦੇ ਬਦਲੇ ਇੱਕ ਕੰਮ ਮੇਰਾ ਤੁਹਾਨੂੰ ਕਰਨਾ ਹੀ ਪਵੇਗਾ। ਤੁਸੀਂ ਜੇਕਰ ਮੇਰੀ ਸਹੈਤਾ ਨਹੀਂ ਕਰ ਸਕਦੇ ਤਾਂ ਕੋਈ ਡਰ ਨਹੀਂ, ਪਰ ਮੇਰੇ ਬਰਖਿਲਾਫ ਵੀ ਕੋਈ ਕੰਮ ਨਹੀਂ ਕਰੋਗੇ ਇਹ ਮੇਰੇ ਅਗੇ ਪ੍ਰਣ ਕਰੋ।

ਮੈਂ ਕਿਹਾ—"ਮਾਫ਼ ਕਰੋ! ਇਹ ਵੀ ਇਕਤਰਾਂ ਦੀ ਸਹੈਤਾ ਹੀ ਹੈ। ਮੈਂ ਇਹ ਵੀ ਨਹੀਂ ਕਰ ਸਕਾਂਗਾ, ਹੋਰ ਕੁਝ ਹੋਵੇ ਤਾਂ ਆਖੋ।

ਸਾਧੂ—ਚੰਗਾ ਇਹ ਵੀ ਨਾ ਸਹੀ। ਜਦ ਤਕ ਅਸੀਂ ਏਥੋਂ ਚਲੇ ਨਾ ਜਾਈਏ ਤਦ ਤਕ ਤੁਸੀਂ ਸਾਡੇ ਵਿਰੁੱਧ ਕੋਈ ਕੰਮ ਨਹੀਂ ਕਰੋਗੇ,ਤੇ ਅਸੀਂ ਇਥੇ ਹਾਂ,ਇਸ ਗਲ ਦੀ ਖਬਰ ਵੀ ਅੰਗ੍ਰੇਜ਼ਾਂ ਨੂੰ ਨਹੀਂ ਦਿਓਗੇ।

ਮੈਂ—ਕਿਉਂਕਿ ਆਪ ਨੇ ਮੇਰੀ ਜਾਨ ਬਚਾਈ ਤੇ ਮੈਂ ਤੁਹਾਡੇ ਨਾਲ ਪ੍ਰਣ ਕਰ ਚੁਕਾ ਹਾਂ ਇਸ ਲਈ ਇਹ ਮੈਂ ਮੰਨਿਆ।

ਸਾਧੂ—ਵਡੀ ਖੁਸ਼ੀ ਦੀ ਗੱਲ ਹੈ ਤੁਸਾਂ ਮੇਰਾ ਕੇਹਣਾ ਮੰਨ ਲਿਆ ਪਰ ਕੁਝ ਦਿਨ ਤੁਹਾਨੂੰ ਮੇਰੇ ਪਾਸ ਕੈਦ ਰੇਹਣਾ ਪਵੇਗਾ।

ਮੈਂ—ਜੇਕਰ ਦੋ ਜੀਵਾਂ ਨੂੰ ਬਚਾਣ ਦਾ ਕੰਮ ਮੇਰੇ ਸਿਰਤੇ ਨਾ ਹੁੰਦਾ ਤਾਂ ਮੈਂ ਜ਼ਰੂਰ ਕੋਈ ਉਜ਼ਰ ਨਾ ਕਰਦਾ। ਉਨ੍ਹਾਂ ਦੀ ਜਾਨ ਬਚਾਣ ਦੀ ਖਾਤਰ ਹੀ ਮੈਂ ਅਜ ਇਸ ਬੰਧਨ ਵਿਚ ਹਾਂ। ਮਲੂਮ ਹੁੰਦਾ ਹੈ ਯਾ ਤਾਂ ਓਹ ਹੁਣ ਤਕ ਮਾਰੇ ਗਏ ਹੋਣਗੇ ਯਾਂ ਥੋੜੀ ਦੇਰ ਤਕ ਮਾਰੇ ਜਾਣਗੇ।

ਆਪ ਪਾਸ ਮੇਰੀ ਇਹੋ ਬੇਨਤੀ ਹੈ ਕਿ ਜਦ ਤੁਸਾਂ ਕ੍ਰਿਪਾ ਕਰਕੇ ਮੇਰੀ ਜਾਨ ਬਚਾਈ ਹੈ ਤਦ ਇਸ ਵਲੋਂ ਮੈਨੂੰ ਛੱਡਕੇ ਦੋ ਹੋਰ ਮਨੁੱਖਾਂ ਦੇ ਵੀ ਪ੍ਰਾਣ ਬਚਾਓ। ਮੈਂ ਛੁਟਕੇ ਵੀ ਜਦ ਤਕ ਤੁਸੀਂ ਇਥੇ ਹੋ ਕਦੇ ਵਿਰੋਧਤਾ ਨਹੀਂ ਕਰਾਂਗਾ।

ਸਾਧੂ—ਤੁਸੀਂ ਜੇਕਰ ਓਨਾਂ ਦਾ ਨਾਮ ਪਤਾ ਦਸੋ ਤਾਂ ਆਪਣੇ ਆਦਮੀ ਭੇਜਕੇ ਮੈਂ ਓਨਾਂ ਦੇ ਪ੍ਰਾਣ ਬਚਾਣ ਦਾ ਜਤਨ ਕਰਾਂਗਾ। ਤੁਹਾਡੇ ਨਾਲ ਇਕਰਾਰ ਕਰਨ ਪਰ ਭੀ ਕਿਸੇ ਖਾਸ ਕਾਰਨ ਕਰਕੇ ਮੈਂ ਕਲ ਸ਼ਾਮ ਤਕ ਤੁਹਾਨੂੰ ਨਹੀਂ ਛੱਡ ਸਕਦਾ। ਜੇਕਰ ਇਸ ਵਿੱਚ ਭੀ ਕੁਝ ਉਜ਼ਰ ਹੋਵੇ ਤਾਂ ਉਨਾਂ ਮਨੁੱਖਾਂ ਦੇ ਨਾਮ ਦਸੋ, ਮੈਂ ਆਪ ਜਾਕੇ ਓਨਾਂ ਦੀ ਰਖਯਾ ਕਰਾਂਗਾ ਤੇ ਕੋਈ ਦੇਰ ਨਹੀਂ ਲੱਗਗ।

ਓਸ ਸਾਧੂ ਦੀਆਂ ਗੱਲਾਂ ਸੁਣਕੇ ਮੈਂ ਆਪਣੇ ਦਿਲ ਵਿੱਚ ਸੋਚਿਆ ਕਿ ਅਬਦੁੱਲਾ ਤੇ ਮੈਕੇਯਰ ਜਦ ਬਲਵਾ ਕਰਨ ਵਾਲਿਆਂ ਦੇ ਆਗੂ ਹਨ ਤਦ ਓਹ ਇਨਾਂ ਦੇ ਵੀ ਪਜਾਏ ਹਨ ਇਸ ਵਿੱਚ ਕੁਝ ਸ਼ੱਕ ਨਹੀਂ। ਖਾਸ ਕਰਕੇ ਮੈਕੇਯਰ ਦੀਆਂ ਕਈਆਂ ਚਿੱਠੀਆਂ ਵਿੱਚ ਨਾਨਾ ਸਾਹਿਬ ਦੀ ਬਾਬਤ ਕਈ ਗੱਲਾਂ ਲਿਖੀਆਂ ਹਨ ਤੇ ਇਹ ਮਹਾਤਮਾ ਜੀ ਓਸਦਾ ਸੱਜਾ ਹੱਥ ਹਨ। ਇਸ ਲਈ ਅਬਦੁੱਲਾ ਤੇ ਮੈਕੇਯਰ ਦਾ ਨਾਮ ਪ੍ਰਗਟ ਕਰਨ ਨਾਲ ਕੋਈ ਭਾਰੀ ਰੁਕਾਵਟ ਪੈ ਸਕਦੀ ਹੈ।

ਮੈਂ ਇਹ ਸਾਰੀ ਗੱਲ ਮਨ ਵਿੱਚ ਸੋਚਕੇ ਓਹਨਾਂ ਦਾ ਨਾਮ ਪਤਾ ਨਾ ਦੱਸਿਆ। ਅਭਾਗੇ ਸਟੀਫ਼ਨ ਤੇ ਰੈਂਜ਼ ਦੀ ਜ਼ਿੰਦਗੀ ਦਾ ਭਾਰ ਈਸ਼੍ਵਰ ਨੂੰ ਸੌਂਪਕੇ ਤਾਤੀਆ ਟੋਪੀ ਪਾਸ ਮੈਂ ਸਾਰੀ ਰਾਤ ਕੈਦ ਰਿਹਾ। ਉਹ ਰਾਤ ਇਸ

ਤਰਾਂ ਕਟ ਗਈ ਤੇ ਤ੍ਰਾਂਤੀਆ ਟੋਪੀ ਨਾਲ ਕੋਈ ਖਾਸ ਗੱਲ ਫੇਰ ਨਹੀਂ ਹੋਈ। ਦੂਸਰਾ ਦਿਨ ਵੀ ਗੁਫਾ ਵਿੱਚ ਮੈਂ ਕੈਦ ਰਿਹਾ। ਪਰ ਰੋਜ਼ ਤੇ ਸਟੀਫਨ ਲਈ ਮੇਰਾ ਚਿੱਤ ਬਹੁਤ ਘਾਬਰ ਰਿਹਾ ਸੀ ਮੈਂ ਉਨਾਂ ਦੀ ਖਬਰ ਜਾਣਨ ਲਈ ਬਹੁਤ ਉਤਾਵਲਾ ਪੈ ਰਿਹਾ ਸੀ। ਲਾਚਾਰ ਮੈਂ ਸੰਤ ਹੋਰਾਂ ਨੂੰ ਛੱਡ ਦਣ ਲਈ ਬੇਨਤੀ ਕੀਤੀ।

ਸਾਧੂ ਜੀ ਨੇ ਕਿਹਾ-"ਚਲੋ ਸਰਦਾਰ, ਮੈਂ ਵੀ ਤੁਹਾਡੇ ਨਾਲ ਹੀ ਚਲਦਾ ਹਾਂ ਓਨਾਂ ਦੋਹਾਂ ਦੇ ਪ੍ਰਾਣ ਬਚਾਕੇ ਤੁਸਾਂ ਫੇਰ ਮਰੇ ਨਾਲ ਚਲੇ ਆਉਣਾ।"

ਮੈਂ ਇਹ ਗੱਲ ਮੰਨ ਲਈ। ਸ਼ਾਮ ਨੂੰ ਅਸਤ੍ਰ ਸ਼ਸਤ੍ਰ ਸਜਾਕੇ ਤ੍ਰਾਂਤੀਆ ਟੋਪੀ ਤੇ ਉਨਾਂ ਦੇ ਇੱਕ ਸਾਥੀ ਸਣੇ ਮੈਂ ਸ਼ੇਹਰ ਗਿਆ।

ਰੋਜ਼ ਜਿਥੇ ਕੈਦ ਸੀ ਓਸ ਮਕਾਨ ਦਾ ਨੰਬਰ ਮੈਨੂੰ ਮਲੂਮ ਸੀ। ਮੈਂ ਮਹਾਤਮਾ ਜੀ ਦੇ ਨਾਲ ਓਸ ਮਕਾਨ ਦੇ ਦਰਵਾਜ਼ੇ ਉੱਤੇ ਜਾ ਖੜਾ ਹੋਯਾ। ਮੈਨੂੰ ਖੜਾ ਵੇਖ ਸੰਤ ਨੇ ਪੁਛਿਆ-"ਕਿਉਂ ਸਰਦਾਰ! ਇਹੋ ਮਕਾਨ ਹੈ?"

ਮੈਂ-ਜੀ ਹਾਂ, ਇਹੋ ਮਕਾਨ ਹੈ।

ਸੰਤ-(ਕੁਝ ਅਚਰਜ ਹੋਕ) "ਇਹ ਤਾਂ ਮੈਕੇਂਘਰ ਦਾ ਮਕਾਨ ਹੈ। ਅੱਛਾ ਅਦਰ ਆਓ ਵੇਖੀਏ ਕੀ ਗੱਲ ਹੈ।"

ਮਹਾਤਮਾ ਜੀ ਨੇ ਕੁਝ ਇਸ਼ਾਰਾ ਕੀਤਾ। ਪੇਹਲੀ ਵਾਰੀ ਤਾਂ ਕੋਈ ਨਾ ਆਯਾ ਪਰ ਦੂਜੀ ਵਾਰੀ ਕਰਨ ਪਰ ੩-੪ ਗੋਰੇ ਦੌੜੇ ਆਏ, ਤੇ ਦਰਵਾਜ਼ਾ ਖੁਲ ਗਿਆ। ਸੰਤ ਨੇ ਓਨਾਂ ਵਿਚੋਂ ਇਕ ਨੂੰ ਮੁਖਾਤਬ ਕਰਕੇ ਕਿਹਾ—"ਕਿਉਂ ਜੌਨਸ, ਮੈਕੇਂਘਰ ਕਿੱਥੇ ਹੈ?"

ਚੋਰਿਆਂ ਨੇ ਤਾਂਤੀਆ ਦੀ ਅਵਾਜ਼ ਸੁਣਕੇ ਉਸਨੂੰ ਨਮਸਕਾਰ ਕੀਤੀ ਤੇ ਅਸਾਂ ਸਭਣਾਂ ਨੂੰ ਉਪਰ ਲੈ ਗਏ, ਮੈਕੇਥਰ ਉਪਰ ਬੈਠਾ ਹੀ ਸੀ। ਤਾਂਤੀਏ ਦੇ ਨਾਲ ਮੈਨੂੰ ਆਉਂਦਾ ਵੇਖ ਉਸਦਾ ਚੇਹਰਾ ਪੀਲਾ ਪੈ ਗਿਆ। ਉਹ ਕੁਰਸੀ ਤੋਂ ਉਠ ਖੜਾ ਹੋਯਾ ਤੇ ਉਸਨੇ ਉੱਚੀ ਜੇਹੀ ਕਿਹਾ—"ਕੀ ਮੈਂ ਇਹ ਸੁਫਨਾ ਵੇਖਦਾ ਹਾਂ, ਰਾਮਪਾਲ ਸਿੰਘ ਨੂੰ ਤਾਂ ਮੈਂ ਆਪਣੀ ਹੱਥੀਂ ਮਾਰਕੇ ਗੰਗਾ ਵਿੱਚ ਸੁਟ ਦਿੱਤਾ ਸੀ ਇਹ ਜ਼ਰੂਰ ਉਸਦਾ ਭੂਤ ਹੈ।"

ਇਹ ਆਖ ਤੇ ਆਪਣੇ ਹੱਥਾਂ ਨਾਲ ਮੂੰਹ ਢੱਕਕੇ ਉਹ ਬੈਠ ਗਿਆ। ਤਾਂਤੀਆ ਟੋਪੀ ਨੇ ਇਸ ਵਲ ਕੋਈ ਖਿਆਲ ਨਾ ਕਰ ਵੱਡੀ ਉੱਚੀ ਤੇ ਰੁੱਖੀ ਅਵਾਜ਼ ਨਾਲ ਕਿਹਾ:—ਮੈਕੇਥਰ! ਕੀ ਤੇਰਾ ਇਹੋ ਕੰਮ ਹੈ? ਤੂੰ ਯਾਦ ਰਖ ਮੈਂ ਬਾਗੀਆਂ ਦਾ ਆਗੂ ਹੋਣ ਪਰ ਵੀ ਇਹ ਹੀਣੇ ਕੰਮ ਤੈਨੂੰ ਕਦੇ ਨਹੀਂ ਕਰਨ ਦੇ ਸਕਦਾ। ਤੈਂ ਜਿਨ੍ਹਾਂ ਨੂੰ ਕੈਦ ਕੀਤਾ ਹੈ ਕੀ ਅਜੇ ਉਹ ਜੀਉਂਦੇ ਹਨ? ਜੇਕਰ ਜੀਉਂਦੇ ਹਨ ਤਾਂ ਮੈਨੂੰ ਛੇਤੀ ਉਥੇ ਲੈ ਚਲ।

ਮੈਕੇਥਰ ਨੇ ਅਖਾਂ ਬੰਦ ਰਖਕੇ ਹੀ—ਮਾਫ ਕਰੋ, ਮੇਰੇ ਉਹ ਭਾਰੀ ਦੁਸ਼ਮਨ ਹਨ ਮੈਂ ਉਨਾਂ ਨੂੰ ਕਦੇ ਨਹੀਂ ਛੱਡ ਸਕਦਾ।

ਤਾਂਤੀਆ—ਤੂੰ ਮੈਨੂੰ ਉਥੇ ਲੈ ਚਲ। ਤੇਰੇ ਨਾਲ ਉਨਾਂ ਕੇਹੀ ਦੁਸ਼ਮਣੀ ਕੀਤੀ ਹੈ, ਇਸ ਗੱਲ ਦਾ ਫੈਸਲਾ ਉਥੇ ਹੋਵੇਗਾ॥

ਮੈਕੇਥਰ—ਚਲੋ, ਪਰ ਮਲੂਮ ਹੁੰਦਾ ਹੈ ਉਨਾਂ ਦਾ ਕੰਮ ਹੁਣ ਪੂਰਾ ਹੋ ਗਿਆ ਹੋਵੇਗਾ।

ਮੈਕੇਥਰ ਦੇ ਮੂਹੋਂ ਇਹ ਗੱਲ ਸੁਣਕੇ ਮੇਰਾ ਦਿਲ

ਕੰਬ ਗਿਆ। ਓਹ ਸਾਨੂੰ ਆਪਣੇ ਨਾਲ ਲੈ ਗਿਆ। ਰੋਜ਼ ਦੇ ਕਮਰੇ ਪਾਸ ਜਾਂਦਿਆਂ ਹੀ ਗੱਲਾਂ ਕਰਨ ਦੀ ਅਵਾਜ਼ ਆਈ। ਅਨੰਦ ਨਾਲ ਮੇਰਾ ਦਿਲ ਖਿੜ ਗਿਆ। ਮੈਂ ਦੌੜਕੇ ਸਭਨਾ ਤੋਂ ਅੱਗੇ ਕਮਰੇ ਵਿਚ ਜਾ ਵੜਿਆ। ਨੰਗੀ ਤਲਵਾਰ ਹੱਥ ਵਿਚ ਲਈ ਅਬਦੁੱਲਾ ਤੇ ਇਕ ਪਾਦਰੀ ਬੇਬਲ ਲੈਕੇ ਖੜੇ ਸਨ। ਓਨਾਂ ਦੇ ਸਾਮਣੇ ਸਟੀਵਨ ਤੇ ਰੋਜ਼ ਗੋਡੇ ਟੇਕਕੇ ਬੈਠੇ ਹੋਏ ਸਨ।

ਰੋਜ਼ ਮੈਨੂੰ ਵੇਖਦਿਆਂ ਹੀ ਝਟ ਪਟ ਉਠੀ ਤੇ ਦੌੜਕੇ ਮੇਰੇ ਪਾਸ ਆਈ ਅਰ ਮੇਰਾ ਹੱਥ ਫੜਕੇ ਓਸਨੇ ਕਿਹਾ—"ਸਰਦਾਰ ਜੀ, ਛੇਕੜ ਮੇਰੀ ਬੇਨਤੀ ਈਸ਼੍ਵਰ ਨੇ ਸੁਣ ਹੀ ਲਈ।"

ਇਸਦੇ ਪਿਛੋਂ ਸਾਧੂ ਜੀ ਮਹਾਰਾਜ ਰੋਜ਼ ਤੇ ਸਟੀਵਨ ਦੀਆਂ ਗੱਲਾਂ ਸੰਖੇਪ ਵਿਚ ਸੁਣਕੇ ਮੇਕਯਰ ਤੇ ਅਬਦੁੱਲੇ ਨੂੰ ਵੇਖਦੇ ਹੋਏ ਵੱਡੇ ਗੁਸੇ ਨਾਲ ਬੋਲੇ—ਬਦਮਾਸ਼ੋ, ਪਾਪੀਓ, ਕੀ ਤੁਹਾਡੇ ਜੇਹੇ ਲੁਚਿਆਂ ਦੀ ਕਰਨੀ ਨਾਲ ਇਹ ਦੇਸ ਸੁਾਧੀਨ ਹੋਵੇਗਾ ? ਐਸੀ ਆਸ ਰੱਖਣੀ ਬਿਰਥੀ ਹੈ। ਮੈਂ ਅੱਜ ਤੋਂ ਤੁਹਾਨੂੰ ਅਪਣੇ ਕੰਮ ਤੋਂ ਮੌਕੂਫ ਕਰਦਾ ਹਾਂ ਮੇਰੀ ਅਧੀਨਤਾ ਵਿਚ ਤੁਸਾਂ ਜੇਹੜੇ ੨ ਪਾਪ ਕੀਤੇ ਹਨ ਉਨਾਂ ਦੀ ਸਜ਼ਾ ਵੀ ਮੈਂ ਤੁਹਾਨੂੰ ਜ਼ਰੂਰ ਦੇਵਾਂਗਾ।

ਇਸਦੇ ਪਿਛੋਂ ਉਨਾਂ ਜੌਨਸ ਵੱਲ ਮੂੰਹ ਕਰਕੇ ਕਿਹਾ—"ਮੇਰੇ ਹੁਕਮ ਨਾਲ ਤੁਸੀਂ ਮੇਕੇਯਰ ਤੇ ਅਬਦੁੱਲੇ ਨੂੰ ਹੁਣੇ ਕੈਦ ਕਰੋ।"

ਤਾਂਤੀਆ ਟੋਪੀ ਦੇ ਹੁਕਮ ਨਾਲ ਮੇਕਯਰ ਤੇ ਅਬਦੁੱਲੇ ਦ ਹਥ ਪੈਰ ਬੰਨ੍ਹੇ ਗਏ। ਫੇਰ ਅਸੀਂ ਓਸ ਮਕਾਨ ਤੋਂ ਬਾਹਰ ਨਿਕਲੇ। ਦੂਜੇ ਚਾਰ ਗੋਰੇ ਵੀ ਤਾਂਤੀਏ ਦੇ ਹੁਕਮ

ਨਾਲ ਤੁਰ ਪਏ । ਰਾਹ ਵਿਚ ਤਾਂਭੀਆ ਟੋਪੀ ਨੇ ਮੈਨੂੰ ਕਿਹਾ–

"ਸਰਦਾਰ ਰਾਮਪਾਲ ਸਿੰਘ, ਰੋਜ਼ ਤੇ ਸਟੀਫਨ ਨੂੰ ਤਾਂ ਹੁਣ ਆਪਣੇ ਘਰ ਜਾਣ ਦਿਓ। ਤੁਹਾਨੂੰ ਮੇਰੇ ਨਾਲ ਹੀ ਬੇੜੀ ਵਿਚ ਜਾਣਾ ਪਵੇਗਾ। ਤੁਹਾਡਾ ਕੰਮ ਹੋ ਗਿਆ ਹੈ ਮੈਂ ਹੁਣ ਸਮਝਦਾ ਹਾਂ ਮੇਰੇ ਨਾਲ ਜਾਣ ਵਿਚ ਤੁਹਾਡਾ ਇਸ ਵੇਲੇ ਕੋਈ ਹਰਜ ਨਹੀਂ।"

ਮੈਂ–"ਚੰਗਾ ਚਲੋ ਜੀ"

ਰੋਜ਼ ਤੇ ਸਟੀਫਨ ਨਾਲ ਮੇਰੀ ਕੋਈ ਗੱਲ ਬਾਤ ਨਾ ਹੋਈ। ਓਹ ਦੋਵੇਂ ਅਪਣੇ ਘਰ ਚਲੇ ਗਏ ਤੇ ਮੈਂ ਤਾਂਤੀਆ ਟੋਪੀ ਨਾਲ ਬੇੜੀ ਵਿਚ ਗਿਆ।

—o—

# ਕਾਂਡ ੧੯

## ਰੋਜ਼ ਦੀ ਮਾਤਾ ਦੀ ਅੰਤਲੀ ਦਸ਼ਾ

( ਬ੍ਰਿਗੇਡ ਸਰਜਨ ਸਟੀਫਨ ਦਾ ਬਿਆਨ )

ਰਾਮਪਾਲ ਸਿੰਘ ਕਈ ਸਾਧੂਆਂ ਨਾਲ ਜਾਂਦੇ ਦਿਸੇ ਤੇ ਨਾਲ ਹੀ ਓਨਾਂ ਦੇ ਕੈਦੀਆਂ ਵਾਂਗ ਮੇਕੇਯਰ ਤੇ ਅਬਦੁੱਲਾ ਦੋਵੇਂ ਪਾਪੀ ਵੀ ਗਏ। ਪਰ ਇਹ ਕੀ ਗੱਲ ਹੈ ਮੇਰੀ ਸਮਝ ਵਿਚ ਨਾ ਆਈ। ਬਹੁਤ ਦਿਨ ਤੱਕ ਕੈਦ ਰੈਹਣ ਕਰਕੇ ਮੇਰਾ ਸਰੀਰ ਬਿਲਕੁਲ ਕਮਜ਼ੋਰ ਹੋ ਗਿਆ ਸੀ। ਅੱਜ ਖੁਲੀ ਹਵਾ ਲੱਗਣ ਕਰਕੇ ਜਾਨ ਵਿਚ ਜਾਨ ਪਈ। ਮੈਂ ਖੁਦਾ ਤੇ ਸਰਦਾਰ ਰਾਮਪਾਲ ਸਿੰਘ ਨੂੰ ਬਹੁਤ ਧੰਨਵਾਦ ਦਿਤਾ। ਰੋਜ਼ ਵੀ ਮੇਰੇ ਨਾਲ ਸੀ ਤੇ ਉਸਦਾ ਮੁਖੜਾ ਵੇਖਕੇ ਮੈਂ ਬਹੁਤ ਪ੍ਰਸੰਨ ਸਾਂ। ਅਸੀਂ ਦੋਵੇਂ ਜਾਣੋਂ ਮਰਕੇ ਫੇਰ ਜੀ

ਉਠੇ ਹਾਂ ਤੇ ਇਹ ਈਸ਼੍ਵਰ ਦੀ ਇਕ ਬਿਅੰਤ ਕ੍ਰਿਪਾ ਦਾ ਹੀ ਫਲ ਹੈ। ਕੁਝ ਦੇਰ ਪੇਹਲਾਂ ਅਸੀਂ ਪਰਲੋਕ ਜਾਣ ਲਈ ਤਿਆਰ ਬੈਠੇ ਸਾਂ ਤੇ ਇਸ ਗੱਲ ਦੀ ਜ਼ਰਾ ਵੀ ਆਸ ਨਹੀਂ ਸੀ ਕਿ ਅਸੀਂ ਇਸ ਸੰਸਾਰ ਵਿਚ ਹੋਰ ਕੁਝ ਦਿਨ ਜੀਵਾਂਗੇ। ਪਰ ਈਸ਼੍ਵਰ ਦੀ ਕ੍ਰਿਪਾ ਕਿਸ ੨ ਬਿਪਤਾ ਵਿਚ ਆ ਪਕੜਦੀ ਹੈ ਇਹ ਤੁੱਛ ਬੁਧੀ ਮਨੁੱਖ ਨਹੀਂ ਸਮਝ ਸਕਦਾ। ਮੈਂ ਇਸ ਤਰਾਂ ਅਪਣੇ ਦਿਲ ਵਿਚ ਸੋਚਦਾ ਜਾਂਦਾ ਸਾਂ ਕਿ ਰੋਜ਼ ਨੇ ਕਿਹਾ—"ਸਟੀਫਨ, ਇਕ ਟਾਂਗਾ ਕਿਰਾਏ ਕਰੋ, ਇਸ ਤਰਾਂ ਜਾਣ ਵਿਚ ਬਹੁਤ ਦੇਰ ਲੱਗੇਗੀ ਤੇ ਮੇਰਾ ਦਿਲ ਮਾਂ ਨੂੰ ਵੇਖਣ ਲਈ ਬਹੁਤ ਘਾਬਰ ਰਿਹਾ ਹੈ।"

ਰੋਜ਼ ਦੀ ਗੱਲ ਸੁਣਕੇ ਮੈਨੂੰ ਵੀ ਉਸਦੀ ਮਾਂ ਦਾ ਖਿਆਲ ਆਯਾ, ਪੇਹਲਾਂ ਇਸਦੇ ਮੈਨੂੰ ਕੁਝ ਯਾਦ ਨਹੀਂ ਸੀ। ਹੈਲਨਾ ਦੇ ਮਰਨ ਪਿਛੋਂ ਮਿਸੇਜ਼ ਗਾਰਡਨ ਦੀ ਸਾਰੀ ਮਮਤਾ ਤੇ ਪਿਆਰ ਵੱਡੀ ਧੀ ਰੋਜ਼ ਉਤੇ ਜਾ ਪਿਆ ਸੀ। ਰੋਜ਼ ਦੇ ਇਸ ਤਰਾਂ ਚਲੇ ਜਾਣ ਨਾਲ ਉਸਦੀ ਮਾਂ ਨੂੰ ਪਤਾ ਨਹੀਂ ਕੀ ਕਸ਼ਟ ਤੇ ਦੁਖ ਹੁੰਦੇ ਹੋਣਗੇ। ਮੈਂ ਝੱਟ ਇਕ ਟਾਂਗਾ ਕਿਰਾਏ ਕੀਤਾ ਤੇ ਅਸੀਂ ਦੋਵੇਂ ਜਣੇ ਚਰ੍ਹ ਗਾਰਡਨ ਦੇ ਮਕਾਨ ਤੇ ਪਹੁੰਚੇ। ਹੇਠਲੇ ਕਮਰੇ ਵਿਚ ਹੀ ਮਿਸਟਰ ਗਾਰਡਨ ਤੇ ਦੋ ਸਿਵਲ ਸਰਜਨ ਬੈਠੇ ਹੋਏ ਸਨ। ਗਾਰਡਨ ਸਾਨੂੰ ਵੇਖਕੇ ਹੈਰਾਨ ਹੋ ਗਿਆ। ਉਸਨੇ ਰੁਮਾਲ ਨਾਲ ਅੱਖਾਂ ਪੂੰਝਦੇ ਹੋਏ ਕਿਹਾ—"ਰੋਜ਼, ਸਟੀਫਨ, ਕੀ ਸਚਮੁਚ ਹੀ ਤੁਸੀਂ ਅੱਜ ਮੇਰ ਸਾਮਣੇ ਹੋ ? ਮੈਂ ਜਾਗਦਾ ਹਾਂ ਕਿ ਸੁਫਨਾ ਵੇਖ ਰਿਹਾ ਹਾਂ ? ਪਰ ਦੁਖ ਦੇ ਮੱਧ ਭਾਗ ਵਿਚ ਸੁਖ ਕਦ ਮਿਲ ਸਕਦਾ ਹੈ। ਮੈਂ ਜਾਣਦਾ ਹਾਂ ਇਹ ਗੱਲ ਅਸੰਭਵ ਹੈ।"

ਰੋਜ਼ ਖੜੀ ਨਾ ਰਹਿ ਸੱਕੀ। ਦੌੜਕੇ ਪਿਤਾ ਦੇ ਗਲ ਜਾ ਲੱਗੀ। ਉਸਨੇ ਰੋਂਦਿਆਂ ੨ ਕਿਹਾ—"ਬਾਬਾ, ਮੈਂ ਹੀਓਂ ਤੁਹਾਡੀ ਰੋਜ਼ ਹਾਂ, ਤੇ ਸਰ ਮੁੜ ਮੁੜ ਆਈ ਹਾਂ।"

ਪਰ ਅਫਸੋਸ ਅਭਾਗੇ ਪਿਤਾ ਨੂੰ ਇਤਨੇ ਪਰ ਵੀ ਇਤਬਾਰ ਨਾ ਆਯਾ। ਕਿਸਮਤ ਦੇ ਭਾਰੇ ਚੱਕਰ ਵਿਚ ਪੈਕੇ ਓਹ ਵਿਚਾਰਾ ਬਲ ਤੇ ਬੁੱਧੀ ਸਭ ਕੁਝ ਗੰਵਾ ਬੈਠਾ ਸੀ ਤੇ ਪਾਗਲ ਹੋ ਰਿਹਾ ਸੀ। ਰੋਜ਼ ਕਿਤਨਾ ਰੋਈ, ਕਿਤਨੀ ਓਸਨੇ ਬੇਨਤੀ ਕੀਤੀ ਪਰ ਗਾਰਡਨ ਨੂੰ ਫੇਰ ਵੀ ਇਤਬਾਰ ਨਾ ਆਯਾ! ਉਸਨੇ ਕਿਹਾ—"ਨਹੀਂ, ਹੁਣ ਮੈਨੂੰ ਇਤਬਾਰ ਨਹੀਂ ਆਉਂਦਾ। ਰੋਜ਼ ਕਿਥੇ? ਸਟੀਫਨ ਕਿਥੇ? ਜਿਥੇ ਜਾਕੇ ਹੇਲਨਾ ਸੁਤੀ ਹੈ ਤੁਸੀ ਭੈਣ ਵੀ ਉਥੇ ਜਾ ਸੁੱਤੀ ਹੈ। ਤੁਸੀ ਕਿਸੇ ਹੋਰ ਨੂੰ ਰੋਜ਼ ਬਣਾਕੇ ਲਿਆਏ ਹੋ। ਮੇਰਾ ਇਸ ਧੋਖੇ ਬਾਜ਼ੀ ਉਤੇ ਕੋਈ ਇਤਬਾਰ ਨਹੀ!"

ਮੈਂ ਇਹ ਦਸ਼ਾ ਵੇਖ ਸਥਿਰ ਨਾ ਰਿਹਾ ਤੇ ਰੋ ਪਿਆ। ਹੇ ਪਰਮੇਸ਼੍ਵਰ! ਕੀ ਐਸੇ ਭਯਾਨਕ ਦੁਖ ਭਰੇ ਚਿਤ੍ਰ ਵੇਖਣ ਵਾਸਤੇ ਹੀ ਤੈਂ ਜਨਮ ਦਿਤਾ ਹੈ? ਪਰ ਮਨੁਖਾਂ ਦੀ ਕੀ ਤਾਕਤ ਹੈ ਕਿ ਮਹਾਨ ਤੇ ਅਨੰਤ ਈਸ਼੍ਵਰ ਦੀ ਇੱਛਾ ਦਾ ਟਾਕਰਾ ਕਰ ਸਕੇ ਤੇ ਅਪਣੇ ਆਪਨੂੰ ਬਚਾ ਸਕੇ। ਰੋਜ਼ ਮੇਰੇ ਹਥ ਫੜਕੇ ਬੋਲੀ—"ਸਟੀਫਨ! ਸਟੀਫਨ!! ਮੇਰੇ ਬਾਪੂ ਦੀ ਜਾਨ ਬਚਾਓ।"

ਮੈਂ—"ਹਾਇ ਮੈਂ ਕੀ ਕਰਾਂ? ਮਨੁੱਖ ਦੀ ਕੀ ਸਮਰੱਥ ਹੈ?" ਮੈਂ ਰੋਜ਼ ਦਾ ਹਥ ਫੜਕੇ ਓਸਨੂੰ ਉਠਾਯਾ ਤੇ ਡਾਕਟਰ ਲੋਕ ਘਾਬਰਕੇ ਗਾਰਡਨ ਦੀ ਨਾੜੀ ਵੇਖਣ ਲੱਗੇ! ਪਰ ਸਬ ਫਜ਼ੂਲ ਸੀ। ਗਾਰਡਨ ਦੀ ਜਵਾਨ ਸ਼ਕਤੀ ਜਾਂਦੀ ਰਹੀ। ਮਨੁੱਖ ਪਾਸੋਂ ਧਨ, ਜਸ, ਸੁਖ ਸੰਪਤੀ

ਭਾਵੇਂ ਚਲੇ ਜਾਣ ਤੇ ਕੇਵਲ ਇਕ ਜਜ਼ਾਨ ਵਰਤਮਾਨ ਰਹੇ ਤਾਂ ਓਸਦਾ ਕੁਝ ਨਹੀਂ ਜਾਂਦਾ, ਓਹ ਮਨੁੱਖ ਫੇਰ ਵੀ ਜੀਉਂਦਾ ਰੇਂਹਦਾ ਹੈ। ਪਰ ਮਲੂਮ ਹੁੰਦਾ ਹੈ ਗਾਰਡਨ ਦੀ ਕਿਸਮਤ ਹੁਣ ਜਵਾਬ ਦੇ ਚੁਕੀ ਸੀ।

ਕੁਝ ਦੇਰ ਪਿਛੋਂ ਇਕ ਨੌ ਜਵਾਨ ਹੇਠਾਂ ਉਤਰਿਆ। ਓਹ ਰੋਜ਼ ਨੂੰ ਵੇਖਕੇ ਵੱਡਾ ਹੈਰਾਨ ਰਹਿ ਗਿਆ। ਪਰ ਰੋਜ਼ ਦੌੜੀ ੨ ਓਸਦੇ ਪਾਸ ਗਈ ਤੇ ਓਸਨੇ ਰੋਕੇ ਪੁਛਿਆ—ਜੇਮ, ਮਾਂ ਕਿਸਤਰਾਂ ਹੈ? ਮੈਨੂੰ ਛੇਤੀ ਉਪਰ ਲੈ ਚੱਲ, ਮੇਰਾ ਦਿਲ ਬਹੁਤ ਘਾਬਰ ਰਿਹਾ ਹੈ!

ਜੇਮਸ ਨੇ ਕਈ ਤਰਾਂ ਨਾਲ ਰੋਜ਼ ਨੂੰ ਧੀਰਜ ਦੇਂਦਿਆਂ ਹੋਯਾਂ ਕਿਹਾ—"ਪਿਆਰੀ ਰੋਜ਼, ਮੈਂ ਤੈਨੂੰ ਜ਼ਰੂਰ ਮਾਂ ਦੇ ਪਾਸ ਲੈ ਜਾਵਾਂਗਾ ਪਰ ਜ਼ਰਾ ਠੇਹਰ, ਮੈਂ ਡਾਕਟਰਾਂ ਕੋਲੋਂ ਪੁਛ ਲਵਾਂ।"

ਜੇਮਸ ਇਕ ਡਾਕਟਰ ਨੂੰ ਸੱਦਕੇ ਦੂਜੇ ਕਮਰੇ ਵਿਚ ਲੈ ਗਿਆ, ਓਨਾਂ ਦੋਹਾਂ ਵਿਚ ਕੀ ਗੱਲਾਂ ਹੋਈਆਂ ਇਹ ਮਲੂਮ ਨਾ ਹੋਯਾ। ਪਰ ਮਲੂਮ ਹੁੰਦਾ ਹੈ ਰੋਜ਼ ਨੂੰ ਉਪਰ ਜਾਣ ਲਈ ਡਾਕਟਰ ਨੇ ਮਨਾਂ ਕੀਤਾ। ਦੋਹਾਂ ਦੀਆਂ ਗੱਲਾਂ ਤੋਂ ਜਾਪਦਾ ਸੀ ਕਿ ਰੋਜ਼ ਦੀ ਮਾਂ ਵੀ ਘੜੀ ਪਲ ਦੀ ਮਿਹਮਾਨ ਹੈ।

ਦੋਹਾਂ ਡਾਕਟਰਾਂ ਵਿਚੋਂ ਇਕ ਡਾਕਟਰ ਜਿਸਦਾ ਨਾਮ 'ਗ੍ਰੇ' ਸੀ ਓਹ ਮੇਰਾ ਜਾਣੂ ਸੀ। ਓਸਨੇ ਮੈਨੂੰ ਵੇਖਕੇ ਮਿਲਾਕੇ ਕਿਹਾ—ਪਿਆਰੇ ਭਾਈ, ਤੁਸੀਂ ਬਦਮਾਸ਼ਾਂ ਦੇ ਹੱਥੋਂ ਬਚ ਆਏ, ਇਸਦੇ ਲਈ ਮੈਂ ਈਸ਼੍ਵਰ ਦਾ ਧੰਨਵਾਦ ਕਰਦਾ ਹਾਂ।

ਪਰ ਰੋਜ਼ ਵਡੇ ਖੋਟੇ ਸਮੇਂ ਵਿਚ ਇਥੇ ਆਈ ਹੈ।

ਓਸਦੀ ਮਾਂ ਹੁਣ ਮੌਤ ਦੀ ਸੇਜ ਉਤੇ ਪਈ ਹੋਈ ਹੈ। ਪਿਤਾ ਵੱਖਰਾ ਪਾਗਲ ਹੋ ਰਿਹਾ ਹੈ। ਇਸ ਅਵਸਥਾ ਵਿਚ ਓਸਦੀ ਕੀ ਦਸ਼ਾ ਹੋਵੇਗੀ ਇਹ ਵਿਚਾਰਕੇ ਮੇਰਾ ਦਿਲ ਬਹੁਤ ਦੁਖੀ ਹੈ। ਜੇਮਸ ਉਸਦਾ ਮਾਮੇ ਦਾ ਲੜਕਾ ਹੈ ਅਤੇ ਓਹ ਅੱਜ ਦਿੱਲੀਓਂ ਆਯਾ ਹੈ। ਓਹ ਇਸ ਵੇਲੇ ਗਾਰਡਨ ਨੂੰ ਵੇਖੇਗਾ ਕਿ ਰੋਜ਼ ਦੀ ਮਾਂ ਯਾ ਰੋਜ਼ ਨੂੰ ? ਮੇਰਾ ਕੇਹਣਾ ਹੈ ਕਿ ਤੁਸੀਂ ਕੁਝ ਦਿਨ ਇਸ ਮਕਾਨ ਵਿਚ ਰਹੋ ਤੇ ਇਸ ਪਰਵਾਰ ਦੀ ਸਹੈਤਾ ਕਰੋ।"

ਮੈਂ ਡਾਕਟਰ ਗ੍ਰੇ ਦੀਆਂ ਗੱਲਾਂ ਦਾ ਕੋਈ ਜਵਾਬ ਨਾਂ ਦੇ ਸਕਿਆ, ਕਿਉਂਕਿ ਗਾਰਡਨ ਨਾਲ ਮੇਰੀ ਬੜੀ ਦੋਸਤੀ ਸੀ। ਅਜੇਹੀ ਨਾਜ਼ਕ ਦਸ਼ਾ ਵਿਚ ਓਸਦੀ ਸਹੈਤਾ ਕਰਨੀ ਮੇਰਾ ਪਰਮ ਧਰਮ ਸੀ। ਪਰ ਦੂਜੇ ਪਾਸੇ ਮੈਂ ਇਕ ਸਰਕਾਰੀ ਨੌਕਰ ਸਾਂ। ਅੱਜ ਕੱਲ ਬਦਲਵਾ ਹੋ ਜਾਣ ਦੀ ਜੋ ਭੀੜੀ ਹੋ ਰਹੀ ਸੀ ਓਸ ਤੋਂ ਸਾਰੇ ਘਾਬਰ ਰਹੇ ਸਨ, ਐਸੀ ਦਸ਼ਾ ਵਿਚ ਫੌਜ ਦੇ ਨਾਲ ਦੂਜੀ ਜਗਾ ਜਾਣਾ ਕੋਈ ਨਿਸਚਿਤ ਨਹੀਂ ਸੀ। ਇਸੇ ਕਰਕੇ ਮੈਂ ਡਾਕਟਰ ਗ੍ਰੇ ਦੀਆਂ ਗੱਲਾਂ ਦਾ ਕੋਈ ਜਵਾਬ ਨਾਂ ਦੇ ਸੱਕਿਆ।

ਡਾਕਟਰ ਗ੍ਰੇ ਨੇ ਫੇਰ ਕਿਹਾ-"ਤੁਸੀਂ ਇਕ ਵਾਰੀ ਉਪਰ ਜਾਕੇ ਗਾਰਡਨ ਦੀ ਮੇਮ ਨੂੰ ਵੇਖ ਆਓ ਓਸਦਾ ਅੰਤਿਮ ਸਮਾਂ ਨੇੜੇ ਆ ਪਹੁੰਚਾ ਹੈ।"

ਰੋਜ਼ ਦੀ ਮਾਂ ਦੀ ਅਜੇਹੀ ਹਾਲਤ ਸੁਣਕੇ ਮੇਰਾ ਚਿਤ ਚੰਚਲ ਹੋ ਗਿਆ।ਮੇਰੇ ਕਲੇਜੇ ਦਾ ਲਹੂ ਖੁਸ਼ਕ ਹੋ ਚੱਲਿਆ ਮੈਂ ਆਪਣੇ ਮਨ ਵਿਚ ਇਹ ਸੋਚਣ ਲਗਾ ਕਿ ਜੇਕਰ ਰੋਜ਼ ਦੀ ਮਾਂ ਮਰ ਗਈ ਤਾਂ ਰੋਜ਼ ਦੀ ਕੀ ਦਸ਼ਾ ਹੋਵੇਗੀ ? ਜੇਕਰ ਉਸਦਾ ਸਰਲ ਤੇ ਕੋਮਲ ਦਿਲ ਇਹ ਨਾ ਸਹਾਰ ਸਕਿਆ

ਤਾਂ ਉਹ ਦੂਰ ੨ ਹੋ ਜਾਵੇਗਾ, ਰੋਜ਼ ਨੂੰ ਮੈਂ ਸਭਨਾ ਨਾਲੋਂ ਵੱਧ ਪਿਆਰੀ ਹੈ। ਖਾਸਕਰ ਓਸਦੇ ਹੀ ਲਈ ਮੇਰਾ ਦਿਲ ਬਹੁਤ ਉਤਾਵਲਾ ਹੁੰਦਾ ਹੈ। ਪਰ ਈਸ਼੍ਵਰ ਦੀ ਮਰਜ਼ੀ ਪਤਾ ਨਹੀਂ ਕੀ ਹੈ?

ਕੁਝ ਦੇਰ ਪਿੱਛੋਂ ਜੇਮਸ ਉਪਰੋਂ ਫੇਰ ਹੇਠਾਂ ਆਯਾ ਇਸ ਵਾਰੀ ਉਸਨੇ ਡਾਕਟਰ ਗ੍ਰੇ ਨੂੰ ਸੱਦਕੇ ਸਲਾਹ ਕੀਤੀ, ਮੈਂ ਵੇਖ ਲਿਆ ਕਿ ਦੋਹਾਂ ਦੇ ਚੇਹਰੇ ਉਦਾਸ ਹਨ, ਮੈਨੂੰ ਮਲੂਮ ਹੋ ਗਿਆ ਕਿ ਹੁਣ ਕੋਈ ਆਸ ਨਹੀਂ ਕੰਮ ਪੂਰਾ ਹੋ ਗਿਆ। ਡਾਕਟ ਗ੍ਰੇ ਕਈ ਦਵਾਈਆਂ ਦੀਆਂ ਸ਼ੀਸ਼ੀਆਂ ਤੇ ਮੈਨੂੰ ਲੈਕੇ ਉਪਰ ਗਏ। ਇਸ ਵੇਲੇ ਰੋਜ਼ ਗਾਰਬਨ ਦੇ ਪੈਰਾਂ ਦੇ ਪਾਸ ਬੈਠੀ ਰੋ ਰਹੀ ਸੀ ਓਹ ਮੈਨੂੰ ਉਪਰ ਜਾਂਦਾ ਵੇਖਕੇ ਦੌੜਕੇ ਆਈ ਤੇ ਮੇਰਾ ਹੱਥ ਫੜਕੇ ਵਡੇ ਸ਼ੋਕ ਨਾਲ ਆਖਣ ਲੱਗੀ ਸਟੀਫਨ, ਕੀ ਤੁਸੀਂ ਮੈਨੂ ਹੁਣ ਪਿਆਰ ਨਹੀਂ ਕਰਦੇ? ਤੁਸਾਂ ਵੀ ਮੇਰੀ ਬੇਨਤੀ ਉਤੇ ਧਿਆਨ ਨਾ ਦਿਤਾ। ਮੈਨੂੰ ਇਕ ਵਾਰੀ ਮਾਂ ਦੇ ਪਾਸ ਲੈ ਚੱਲੋ। ਇਕ ਵਾਰੀ ਤਾਂ ਤੁਹਾਨੂੰ ਇਹ ਗੱਲ ਮੇਰੀ ਮੰਨਣੀ ਹੀ ਪਵੇਗੀ।

ਇਹ ਆਖਕੇ ਓਹ ਵੀ ਮੇਰੇ ਨਾਲ ਹੀ ਰਲ ਪਈ। ਡਾਕਟਰ ਗ੍ਰੇ ਨੇ ਓਸਨੂੰ ਮਨੇ ਕੀਤਾ ਤੇ ਸਮਝਾਇਆ ਵੀ ਪਰ ਓਸਨੇ ਇੱਕ ਨਾ ਮੰਨੀਂ। ਓਸਦਾ ਨਿੱਕਾ ਜੇਹਾ ਦਿਲ ਇਸ ਵੇਲੇ ਸ਼ੋਕ ਦੀਆਂ ਭਾਰੀ ਤਰੰਗਾਂ ਨਾਲ ਡਾਵਾਂ ਡੋਲ ਹੋ ਰਿਹਾ ਸੀ। ਭਲਾ ਇਸ ਦਸ਼ਾ ਵਿੱਚ ਸਾਡੇ ਮਾਮੂਲੀ ਉਪਦੇਸ਼ ਓਸਨੂੰ ਕੀ ਧੀਰਜ ਦੇ ਸਕਦੇ ਸਨ। ਲਾਚਾਰ ਅਸੀ ਓਸਨੂੰ ਵੀ ਨਾਲ ਲਈ ਗਏ।

ਉਪਰ ਪਹੁੰਚਣ ਪਰ ਰੋਜ਼ ਤੇ ਮੈਨੂੰ ਬਾਹਰ ਛਡ

ਜੇਮਸ ਤੇ ਡਾਕਟਰ ਰੋਜ਼ ਮਿਸਜ਼ ਗਾਰਡਨ ਦੇ ਕਮਰੇ ਵਿਚ ਗਏ । ਮੈਂ ਰੋਜ਼ ਨੂੰ ਬਹੁਤ ਸਮਝਾਇਆ ਪਰ ਨਹੀਂ ਜਾਣਦਾ ਉਸਦੇ ਰੋਗੀ ਦਿਲ ਵਿਚ ਤੱਤ੍ਵ ਗਿਆਨ ਕਿਥੋਂ ਆ ਗਿਆ । ਉਸਨੇ ਕਿਹਾ—"ਮੈਂ ਸਭ ਸਮਝਦੀ ਹਾਂ । ਮਾਂ ਵੀ ਮੈਨੂੰ ਛੱਡਕੇ ਹੇਲਨਾ ਪਾਸ ਜਾ ਰਹੀ ਹੈ । ਪਰ ਤੁਸਾਂ ਹੀ ਤਾਂ ਇਹ ਕਿਹਾ ਸੀ ਕਿ ਜੀਵਨ ਦੀਆਂ ਐਸੀਆਂ ਘੋਰ ਵਿਪਦਾਂ ਵਿਚ ਈਸ਼੍ਵਰ ਦੀ ਆਗਜ਼ਾ ਪਾਲਨ ਕਰਕੇ ਉਸਦੀ ਲਾਇਕ ਸੰਤਾਨ ਬਣਨਾ ਚਾਹੀਦਾ ਹੈ, ਮੈਂ ਤੁਹਾਡੇ ਉਪਦੇਸ਼ ਮੂਜਬ ਹੀ ਈਸ਼੍ਵਰ ਦੀ ਸਹੁੰ ਖਾ ਕੇ ਸਾਰੇ ਦੁੱਖ ਤੇ ਸ਼ੋਕ ਸਹਾਰਨ ਦੀ ਪ੍ਰਤਿਗਜ਼ਾ ਕਰਦੀ ਹਾਂ ।"

ਮੈਂ ਰੋਜ਼ ਦੀਆਂ ਗੱਲਾਂ ਸੁਣਕ ਹੈਰਾਨ ਰੇਹ ਗਿਆ। ਮੈਨੂੰ ਮਲੂਮ ਹੋਯਾ ਕਿ ਈਸ਼੍ਵਰੀ ਬਲ ਹੀ ਉਸਦੇ ਦਿਲ ਵਿਚ ਆ ਪਹੁੰਚਾ ਹੈ। ਕੁਝ ਦੇਰ ਪਿੱਛੋਂ ਜੇਮਸ ਮੇਰੇ ਪਾਸ ਆਯਾ। ਉਸਨੇ ਮੈਨੂੰ ਤਾਂ ਅੰਦਰ ਜਾਣ ਲਈ ਕਿਹਾ ਪਰ ਰੋਜ਼ ਨੂੰ ਨਹੀਂ।

ਮੈਂ ਜੇਮਸ ਨੂੰ ਕਿਹਾ—"ਰੋਜ਼ ਨੂੰ ਜਾਣ ਦੇਹ, ਓਹ ਦੁੱਖ ਦੀ ਭਯਕਰ ਦਸ਼ਾ ਵੇਖਣ ਲਈ ਤਿਆਰ ਹੈ।"

ਰੋਜ਼ ਨੇ ਕਿਹਾ:-ਜੇਮਸ, ਕੀ ਤੁਹਾਡਾ ਦਿਲ ਇੰਨਾਂ ਸਖਤ ਹੋ ਗਿਆ ਹੈ ਕਿ ਉਸਦੀ ਸੰਤਾਨ ਨੂੰ ਪਾਸ ਵੀ ਨਹੀਂ ਜਾਣ ਦੇਂਦੇ ?

ਜੇਮਸ ਨੇ ਕੁਝ ਅਟਕ ਕੇ ਕਿਹਾ—ਪਿਆਰੀ ਰੋਜ਼ ! ਮੈਂ ਅਪਣੇ ਜੀਵਨ ਵਿਚ ਕਦੇ ਤੇਰੇ ਨਾਲ ਸਖਤੀ ਦਾ ਵਰਤਾਉ ਨਹੀਂ ਕੀਤਾ ਅਤੇ ਨਾ ਕਦੇ ਕਰਾਂਗਾ । ਪਰ ਇਸ ਵੇਲੇ ਮਾਂ ਦੇ ਪਾਸ ਇਸ ਲਈ ਨਹੀਂ ਜਾਣ ਦੇਂਦਾ ਕਿ ਇਸ ਵਿਚ ਭਲਿਆਈ ਦੇ ਬਦਲੇ ਬੁਰਿਆਈ

ਹੋਣ ਦੀ ਬਹੁਤ ਆਸ ਹੈ। ਹੋ ਸਕਦਾ ਹੈ ਤੇਰੀ ਮਾਂ ਦਾ ਰੋਗ ਤੈਨੂੰ ਵੇਖਕੇ ਹੋਰ ਵੀ ਵੱਧ ਜਾਵੇ। ਇਥੋਂ ਤਕ ਕਿ ਇਸ ਨਾਲ ਓਹ ਮਰ ਵੀ ਸਕਦੀ ਹੈ। ਅਜੇਹੀ ਅਵਸਥਾ ਵਿਚ ਤੈਨੂੰ ਓਥੇ ਲੈ ਜਾਣਾ ਕੀ ਠੀਕ ਹੈ ?"

ਰੋਜ਼–ਇਹ ਵੀ ਤਾਂ ਹੋ ਸਕਦਾ ਹੈ ਕਿ ਮੈਨੂੰ ਵੇਖਕੇ ਓਸਦਾ ਰੋਗ ਘਟ ਜਾਵੇ।

ਜੇਮਸ ਨੇ ਬਹੁਤ ਕੈਹਣਾ ਠੀਕ ਨਾਸ ਮਝਕੇ ਕਿਹਾ–

ਇਹ ਗੱਲ ਕੌਣ ਆਖ ਸਕਦਾ ਹੈ। ਚੰਗਾ ਜੇ ਤੂੰ ਨਹੀਂ ਮੰਨਦੀ ਤਾਂ ਕੁਝ ਦੂਰ ਖੜੀ ਰਹੁ ਤੇ ਵੇਖ ਲੈ।

ਇਸ ਤਰਾਂ ਦੀਆਂ ਗੱਲਾਂ ਵਿੱਚ ਅਸੀਂ ਅੰਦਰ ਲੰਘ ਗਏ। ਮਿਸਜ਼ ਗਾਰਡਨ ਇਕ ਪਲੰਘ ਉੱਤੇ ਸੁੱਤੀ ਹੋਈ ਸੀ। ਪਾਸ ਡਾਕਟਰ ਗ੍ਰੇ ਤੇ ਨਰਸ ਦੋਵੇਂ ਓਸਦੀ ਸੇਵਾ ਕਰ ਰਹੇ ਸਨ। ਰੋਜ਼ ਬੂਹੇ ਦੇ ਕੋਲ ਖੜੀ ਰਹੀ ਤੇ ਮੈਂ ਓਸਦੇ ਸਾਮਣੇ ਜਾਕੇ ਖੜਾ ਹੋ ਗਿਆ। ਓਹ ਬਹੁਤ ਦੇਰ ਤਕ ਮੇਰੀ ਵਲ ਵੇਖਦੀ ਰਹੀ। ਓਸਦੀਆਂ ਵੱਡੀਆਂ ਤੇ ਖੁਲੀਆਂ ਹੋਈਆਂ ਲਾਲ ਅੱਖਾਂ ਵੇਖਕੇ ਮੈਂ ਸਮਝ ਗਿਆ ਕਿ ਉਸਨੂੰ ਸੰਨਿਪਾਤ ਰੋਗ ਹੈ। ਨਾੜੀ ਵੇਖਣ ਤੋਂ ਭਾਰੀ ਬੁਖ਼ਾਰ ਮਾਲੂਮ ਹੋਯਾ। ਨਾੜੀ ਬਹੁਤ ਤੇਜ਼ ਚਲਦੀ ਸੀ, ਦਸ਼ਾ ਚੰਗੀ ਨਹੀਂ ਇਹ ਸਾਫ ਹੀ ਦਿਸਦਾ ਸੀ। ਓਹ ਕਰੀਬ ੧੫ ਮਿੰਟ ਤਕ ਮੇਰੀ ਵਲ ਵੇਖਦੀ ਰਹੀ ਤੇ ਫੇਰ ਓਸਨੇ ਪੁਛਿਆ–"ਕੌਣ–ਤੂੰ ਕੌਣ ਹੈਂ ?"

ਮੈਂ–"ਕੀ ਤੁਸੀਂ ਨਹੀਂ ਪਛਾਣਦੇ ? ਮੈਂ ਹਾਂ ਤੁਹਾਡਾ ਸਟੀਵਨ।"

ਕੁਝ ਦੇਰ ਚੁਪ ਰਹਕੇ ਓਸਨੇ ਕਿਹਾ–ਹਾਂ ਹੁਣ ਸਮਝੀ

ਤੂੰ ਮੈਕੰਯਰ ਹੈਂ ? ਕੀ ਰੋਜ਼ ਵੀ ਤੇਰੇ ਨਾਲ ਆਈ ਹੈ ?"

ਹੁਣ ਰੋਜ਼ ਖੜ੍ਹੀ ਨਾ ਰਹ ਸਕੀ। ਓਹ ਦੌੜ ਕੇ ਮਾਂ ਦੇ ਗਲ ਨਾਲ ਚੰਬੜ ਗਈ। ਪਰ ਮਿਸਜ਼ ਗਾਰਡਨ ਓਸਨੂੰ ਨਾ ਪਛਾਣ ਸਕੀ। ਓਸਨੇ ਕਿਹਾ—ਤੂੰ ਕੌਣ ਹੈਂ ? ਇਹ ਕੀ ਕਰਦੀ ਹੈਂ ? ਰਾਮਪਾਲ ਸਿੰਘ ਤੇ ਗਾਰਡਨ ਰੋਜ਼ ਨੂੰ ਲਿਔਣ ਗਏ ਸਨ। ਮਲੂਮ ਹੁੰਦਾ ਹੈ ਓਹ ਆਉਂਦੇ ਪਏ ਹਨ, ਪਰ ਓਨਾਂ ਦੇ ਨਾਲ ਰੋਜ਼ ਨਜ਼ਰ ਨਹੀਂ ਆਉਂਦੀ। ਇਹ ਕੌਣ ਹੇਲਨਾ! ਬੱਚੀ ਤੂੰ ਇੰਨੇ ਦਿਨ ਕਿਥੇ ਰਹੀ ? ਹੁਣ ਆਈ ਹੈਂ ? ਚੰਗਾ ਕੀਤਾ। ਇਕ ਵਾਰੀ ਰੋਜ਼ ਨੂੰ ਤਾਂ ਸੱਦ, ਮੈਂ ਉਸਨੂੰ ਨਜ਼ਰ ਭਰਕੇ ਵੇਖ ਲਵਾਂ।

ਡਾਕਟਰ ਗ੍ਰੇ ਇਸ ਵੇਲੇ ਉਸਦੇ ਸਿਰ ਤੇ ਅਖੀਆਂ ਉੱਤੇ ਬਰਫ ਤੇ ਏਡੀਕਲੋਨ ਲਾਉਣ ਲਗੇ। ਰੋਜ਼ ਅਪਣੀ ਮਾਂ ਨੂੰ ਛੱਡਕੇ ਬਾਹਰ ਚਲੀ ਗਈ। ਮੈਂ ਵੀ ਰੋਂਦਾ ੨ ਬਾਹਰ ਗਿਆ।

ਸਾਰੀ ਰਾਤ ਅਸੀ ਓਥੇ ਰਹੇ। ਰੋਜ਼ ਹੁਣ ਬਹੁਤ ਉਦਾਸ ਨਹੀਂ ਦਿਸਦੀ ਸੀ। ਗਾਰਡਨ ਨੂੰ ਵੀ ਉੱਪਰ ਲਿਆਂਦਾ ਗਿਆ ਤੇ ਰੋਜ਼ ਉਸਦੀ ਸੇਵਾ ਕਰਨ ਲੱਗੀ ਸਾਰੀ ਰਾਤ ਅਸਾਂ ਜਾਗਦਿਆਂ ਹੀ ਕੱਟੀ। ਮੈਂ ਮਿਸੇਜ਼ ਗਾਰਡਨ ਦੀ ਸੇਵਾ ਕਰਦਾ ਰਿਹਾ। ਦੋਵੇਂ ਡਾਕਟਰ ਵੀ ਓਥੇ ਹੀ ਰਹੇ। ਜੇਮਸ ਸਾਰਾ ਦਿਨ ਨਵਾਂ ਮੇਹਨਤ ਕਰਦਾ ਰਿਹਾ ਸੀ, ਇਸ ਲਈ ਓਸਨੂੰ ਅਰਾਮ ਕਰਨ ਲਈ ਕਿਹਾ ਗਿਆ। ਰੋਗੀ ਦੀ ਹਾਲਤ ਹੋਰ ਵੀ ਖਰਾਬ ਹੋ ਚਲੀ, ਪੇਹਰ ਰਾਤ ਗਈ ਪਿਛੋਂ ਤਾਂ ਹੋਰ ਵੀ ਬਦਲ ਗਈ। ਮੈਂ ਸਮਝ ਗਿਆ ਕਿ ਇਸ ਦਸ਼ਾ ਵਿਚੋਂ ਰਖਣਾ ਮਨੁਖ

ਦੀ ਤਾਕਤ ਦੇ ਬਾਹਰ ਕੇਵਲ ਕਰਤਾਰ ਦੀ ਕ੍ਰਿਪਾ ਉਪਰ ਨਿਰਭਰ ਹੈ। ਸਾਰੀ ਰਾਤ ਦਵਾਈ ਤੇ ਸੇਵਾ ਕਰਨ ਵਿਚ ਕੋਈ ਕਸਰ ਨਾ ਰਖੀ ਗਈ। ਰਾਤ ਬੀਤਣ ਪਰ ਉਸਦਾ ਬੁਖਾਰ ਟੁੱਟਾ ਪਰ ਸਰੀਰ ਠੰਡਾ ਹੋਣ ਲੱਗਾ। ਮੈਂ ਤੇ ਡਾਕਟਰ ਵਾਰੋਵਾਰ ਉਸਦੀ ਨਾੜੀ ਵੇਖਦੇ ਰਹੇ। ਮੈਂ ਜਾਣ ਗਿਆ ਹੁਣ ਸਭ ਫ਼ਜ਼ੂਲ ਹੈ। ਇਸ ਅਸਾਰ ਸੰਸਾਰ ਵਿਚੋਂ ਉਸਦਾ ਜੀਵਨਦੀਵਾ ਹੁਣ ਛੇਤੀ ਬੁਝ ਜਾਣਵਾਲਾ ਹੈ। ਹੁਣ ਇਸਦੀ ਆਤਮਾ ਸੰਸਾਰ ਦਾ ਮੋਹ ਛਡਕੇ ਅਰਾਮ ਕਰਨਾ ਚਾਹੁੰਦੀ ਹੈ।

ਕਰੀਬਨ ਰਾਤ ਦੇ ਚਾਰ ਵਜੇ ਮਿਸੇਜ਼ ਗਾਰਡਨ ਨੂੰ ਕੁਝ ਹੋਸ਼ ਆਈ। ਜਿਸਤਰਾਂ ਦੀਵਾ ਤੇਲ ਦੇ ਖੁੱਟ ਜਾਣ ਕਰਕੇ ਚਮਕ ਉਠਦਾ ਹੈ ਉਸ ਤਰਾਂ ਉਸਦੀ ਗਜਾਨ ਸ਼ਕਤੀ ਰੌਸ਼ਨ ਹੋ ਉਠੀ, ਉਸਨੇ ਮੇਰੀ ਵੱਲ ਵੇਖਕੇ ਕਿਹਾ— ਸਟੀਫਨ! ਨਹੀਂ।"

ਮੈਂ ਨੇੜੇ ਜਾਕੇ ਕਿਹਾ—"ਤੁਸੀਂ ਮੈਨੂੰ ਪਛਾਣਦੇ ਹੋ ? ਮੈਂ ਸਟੀਫਨ ਹੀ ਹੈਗਾ ਹਾਂ।"

ਮਿਸੇਜ਼ ਅੱਛਾ ਇਕ ਵਾਰੀ ਗਾਰਡਨ ਨੂੰ ਸੱਦੋ। ਮੈਂ ਗਾਰਡਨ ਨੂੰ ਜਾਕੇ ਇਹ ਗੱਲ ਆਖੀ ਪਰ ਉਹ ਮੇਰੀ ਗੱਲ ਸੁਣਕੇ ਵੀ ਵੇਖਦਾ ਹੀ ਰਿਹਾ ਤੇ ਉਸਨੇ ਕਿਹਾ ਕੁਝ ਨਾਂ, ਮੈਂ ਤੇ ਰੋਜ਼ ਉਸਦਾ ਹੱਥ ਫੜਕੇ ਲੈ ਗਏ ਇਸ ਵੇਲੇ ਮਿਸੇਜ਼ ਗਾਰਡਨ ਦੀਆਂ ਅੱਖਾਂ ਬੰਦ ਸਨ ਕਰੀਬ ੧੫ ਮਿੰਟਾਂ ਪਿਛੋਂ ਉਸਨੇ ਅੱਖਾਂ ਖੋਲੀਆਂ ਤੇ ਗਾਰਡਨ ਵੱਲ ਵੇਖਕੇ ਕਿਹਾ—ਗਾਰਡਨ, ਤੂੰ ਮੇਰੇ ਪਰ ਨੂੰ ਮਾਫ ਕਰ ਤੇ ਮੈਨੂੰ ਹੁਣ ਵਿਦਾ ਦੇਹ ਹੈਲਨਾ ਨੂੰ ਵੇਖਣ ਲਈ ਮੇਰਾ ਦਿਲ ਬਹੁਤ ਘਾਬਰ ਰਿਹਾ ਹੈ, ਮੈਂ ਉਸਦੇ ਪਾਸ ਜਾਂਦੀ ਹਾਂ ਤੂੰ

ਰੋਜ਼ ਨੂੰ ਵੇਖ।

ਹੁਣ ਰੋਜ਼ ਵੇਰ ਨਾ ਰੋਹ ਸਕੀ ਉਹ ਮਾਂ ਦੇ ਗਲ ਲੱਗਕੇ ਰੋਣ ਲੱਗੀ, ਹਾਇ! ਜੋ ਆਉਂਦਾ ਹੈ ਉਹ ਸਭ ਕੁਝ ਭੁਲਕੇ ਚਲਿਆ ਜਾਂਦਾ ਹੈ। ਪਰ ਜੋ ਰੋਹ ਜਾਂਦਾ ਹੈ ਉਸਦਾ ਕੋਮਲ ਦਿਲ ਇਹ ਘਾਟਾ ਕਿਸ ਤਰਾ ਸਹੇ? ਰੋਜ਼ ਨੂੰ ਵੇਖਦਿਆਂ ਹੀ ਮਿਸੇਜ਼ ਗਾਰਡਨ ਬੋਲੀ–"ਕੌਣ ਰੋਜ਼?" ਫੇਰ ਕੋਈ ਗੱਲ ਓਸਦੇ ਮੂੰਹੋਂ ਨਾ ਨਿਕਲੀ ਤੇ ਆਤਮਾ ਸਰੀਰ ਛੱਡ ਗਈ।

—o—

# ਡਾਕੂ ਮੈਕੇਧਰ ਤੇ ਜਾਸੂਸ ਰਾਮ ਪਾਲ ਸਿੰਘ

## ਦੂਜਾ ਭਾਗ

## ਕਾਂਡ ੧

## ਫੇਰ ਬਿਪਤਾ

(ਬ੍ਰਿਗੇਡ ਸਰਜਨ ਸਟੀਵਨ ਦਾ ਬਿਆਨ)

ਮਿਸੇਜ਼ ਗਾਰਡਨ ਨੂੰ ਗੁਜ਼ਰਿਆਂ ਅੱਜ ਕਈ ਦਿਨ ਹੋ ਗਏ ਹਨ ਰੋਜ਼ ਆਪਣੀ ਮਾਂ ਦੇ ਮਰਨ ਵੇਲੇ ਕੁਝ ਰੋਈ ਸੀ ਪਰ ਓਸਦੇ ਪਿਛੋਂ ਓਸਦਾ ਖਿਆਲ ਬਿਲਕੁਲ ਬਦਲ ਗਿਆ। ਉਸਦਾ ਦਿਲ ਸੰਸਾਰ ਦਾ ਭਾਰੀ ਧੱਕਾ ਸਹਾਰਨ ਲਈ ਪ੍ਰਪੱਕ ਹੋ ਗਿਆ। ਇਸ ਵੇਲੇ ਓਹ ਸਥਿਰ ਤੇ ਗੰਭੀਰ ਸੀ। ਇਸ ਵੇਲੇ ਉਸਨੂੰ ਵੇਖਣ ਤੋਂ ਮਲੂਮ ਹੁੰਦਾ

ਸੀ ਕਿ ਇਸਦੇ ਦਿਲ ਨੂੰ ਬਿਜਲੀ ਵੀ ਹੁਣ ਵਿਚਲਿਤ ਨਹੀਂ ਕਰ ਸਕੇਗੀ ॥

ਹੇ ਈਸ਼੍ਵਰ ਤੂੰ ਧੰਨ ਹੈਂ ! ਕਿਉਂਕਿ ਤੂਹੀਓਂ ਟੁਟੇਫੁਟੇ ਤੇ ਨਿਰਬਲ ਹਿਰਦੇ ਨੂੰ ਬਲ ਦੇਣ ਵਾਲਾ ਹੈਂ। ਤੇਰੇ ਪ੍ਰੇਮ ਰਾਜ ਵਿਚ ਰਾਖਸ਼ਾਂ ਦਾ ਭਯਾਨਕ ਜ਼ੁਲਮ ਸਹਾਰਨ ਲਈ ਨਿਰਾਸਰੇ ਦਿਲ ਨੂੰ ਤੂਹੀਓਂ ਆਸਰਾ ਦੇਣ ਵਾਲਾ ਹੈਂ। ਕੁਝ ਦੇਰ ਪਿਛੋਂ ਰੋਜ਼ ਨੇ ਆਕੇ ਮੇਰੀ ਰਾਜ਼ੀ ਖੁਸ਼ੀ ਪੁਛੀ। ਜੇਮਸ ਵੀ ਓਥੇ ਹੀ ਸੀ। ਓਸਨੇ ਵੀ ਸਲਾਮ ਕੀਤੀ। ਗਾਰਡਨ ਦੀ ਦਸ਼ਾ ਪੈਹਲਾਂ ਵਾਂਗ ਹੀ ਸੀ। ਮੈਂ ਓਸਦੇ ਪਾਸ ਗਿਆ ਪਰ ਓਸਨੇ ਮੈਥੋਂ ਕੋਈ ਵੀ ਗੱਲ ਨਾ ਪੁੱਛੀ। ਨਾ ਮੇਰੀ ਹੀ ਗੱਲ ਦਾ ਓਸਨੇ ਕੋਈ ਜਵਾਬ ਦਿਤਾ। ਓਸਦੇ ਲਈ ਕੁਝ ਦੇਰ ਤਕ ਮੈਂ ਓਥੇ ਹੀ ਪ੍ਰਾਰਥਨਾ ਕਰਦਾ ਰਿਹਾ। ਪਰ ਅਚਰਜ ਦੀ ਗੱਲ ਹੈ ਕਿ ਪ੍ਰਾਰਥਨਾ ਕਰਨ ਵੇਲੇ ਗਾਰਡਨ ਨੇ ਵੀ ਮੇਰਾ ਸਾਥ ਦਿੱਤਾ! ਬੁਝਣ ਵਾਲਾ ਦੀਵਾ ਜਿਸ ਤਰਾਂ ਇਕ ਵਾਰੀ ਜਾਗ ਉਠਦਾ ਹੈ ਓਸੇ ਤਰਾਂ ਗਾਰਡਨ ਦਾ ਗਿਆਨ ਵੀ ਨਸ਼ਟ ਹੋਯਾ ੨ ਫੇਰ ਉਦੇ ਹੋ ਗਿਆ। ਪ੍ਰਾਰਥਨਾ ਦੇ ਬਾਦ ਓਸਦੀ ਦਸ਼ਾ ਫੇਰ ਓਹੋ ਜੇਹੀ ਹੋ ਗਈ। ਉਥੋਂ ਅਸੀਂ ਉੱਠਕੇ ਬਰਾਂਡੇ ਵਿਚ ਆ ਗਏ। ਰੋਜ਼ ਨੇ ਸਰਦਾਰ ਰਾਮਪਾਲ ਸਿੰਘ ਦੀ ਬਾਬਤ ਪੁਛਿਆ, ਪਰ ਓਹ ਕਿਥੇ ਹਨ ਤੇ ਕੀ ਕਰ ਰਹੇ ਹਨ ? ਇਹ ਮੈਂ ਕੁਝ ਵੀ ਨਹੀਂ ਜਾਣਦਾ ਸਾਂ। ਇਸ ਲਈ ਓਸਦੀ ਗੱਲ ਦਾ ਮੈਂ ਜਵਾਬ ਨਾ ਦੇਕੇ ਹੋਰ ੨ ਗੱਲਾਂ ਕਰ ਘਰ ਨੂੰ ਮੁੜਿਆ।

ਅਜ ਤੀਜੀ ਜੂਨ ਹੈ ਕਾਨ ਪੁਰ ਦੇ ਸਿਪਾਹੀਆਂ ਵਿਚ ਬਲਵੇ ਦੇ ਆਸਾਰ ਨਜ਼ਰ ਪੈਣ ਲੱਗੇ। ਪਰਤ ਜਾਣ

ਵੇਲੇ ੫੦ ਨੰਬਰ ਬੰਗਾਲ ਪਲਟਨ ਨੇ ਕਰਨਲ ਮਨਰੋ ਦੀ ਹੁਕਮ ਅਦੂਲੀ ਕਰਕੇ ਪਰੇਡ ਕਰਨੋ ਨਾਂਹ ਕਰ ਦਿਤੀ। ਜਨਰਲ ਹੇ ਨੇ ਉਨਾਂ ਨੂੰ ਮਮੂਲੀ ਸਜ਼ਾ ਦੇਕੇ ਸਾਰਾ ਦਿਨ ਨਜ਼ਰਬੰਦ ਰੱਖਿਆ। ਸਾਰੇ ਕਲਰਕ ਤੇ ਸ਼ੈਹਰ ਵਾਸੀ ਅੱਜ ਘਾਬਰੇ ਹੋਏ ਸਨ, ਕਿਸ ਵੇਲੇ ਸਿਪਾਹੀ ਬਲਵਾ ਕਰ ਦੇਣਗੇ ਇਸ ਗੱਲ ਦਾ ਕੋਈ ਟਿਕਾਣਾ ਨਹੀਂ ਸੀ। ਸਰਕਾਰੀ ਅਫ਼ਸਰਾਂ ਤੇ ਨੌਕਰਾਂ ਦੇ ਬਾਲ ਬੱਚਿਆਂ ਨਾਲ ਅੱਜ ਕਾਨਪੁਰ ਦਾ ਕਿਲਾ ਭਰਿਆ ਹੋਯਾ ਸੀ। ਮੈਂ ਵੀ ਰੋਜ਼ ਦੇ ਲਈ ਬਹੁਤ ਚਿੰਤਾਤੁਰ ਸਾਂ। ਦੁਪੈਹਰ ਵੇਲੇ ਓਸਨੂੰ ਹੁਸ਼ਿਆਰ ਰੈਹਣ ਤੇ ਕਿਲੇ ਵਿਚ ਚਲੇ ਆਉਣ ਲਈ ਮੈਂ ਓਸਨੂੰ ਦੋ ਚਿਠੀਆਂ ਲਿਖੀਆਂ। ਪਰ ਓਨਾਂ ਦਾ ਕੋਈ ਜਵਾਬ ਨਾ ਮਿਲਿਆ ਤੇ ਨਾ ਮੈਂ ਇਸ ਗੱਲ ਦਾ ਕੁਝ ਕਾਰਣ ਹੀ ਸਮਝ ਸਕਿਆ। ਸਾਰਾ ਦਿਨ ਏਸੇ ਰੌਲੇ ਗੌਲੇ ਵਿਚ ਕੱਟਿਆ ਗਿਆ। ਕਰੀਬ ਸ਼ਾਮ ਦੇ ੫ ਵਜੇ ਮੈਂ ਕੁਝ ਦੇਰ ਦੀ ਛੁੱਟੀ ਲੈਕੇ ਘਰ ਗਿਆ ਤੇ ਕੁਝ ਦੇਰ ਤੱਕ ਅਰਾਮ ਕਰਨ ਪਿਛੋਂ ਰੋਜ਼ ਦੇ ਪਾਸ ਜਾਣ ਲਈ ਤਿਆਰ ਹੋਯਾ। ਇਸੇ ਵੇਲੇ ਹੀ ਚਪੜਾਸੀ ਨੇ ਆਕੇ ਮੇਰੇ ਹੱਥ ਇਕ ਕਾਰਡ ਫੜਾਯਾ ਜਿਸ ਵਿਚ ਲਿਖਿਆ ਸੀ—"ਜੇਮਸ ਵਿਲਸਨ।" ਮੈਂ ਜਾਣ ਗਿਯਾ ਕਿ ਰੋਜ਼ ਦਾ ਸੰਬੰਧੀ ਜੇਮਸ ਹੀ ਮਿਲਣ ਲਈ ਆਯਾ ਹੈ। ਮੈਂ ਛੇਤੀ ਨਾਲ ਓਸਨੂੰ ਉਪਰ ਸੱਦਿਆ। ਓਸਨੇ ਆਉਂਦਿਆਂ ਹੀ ਕਿਹਾ—ਜਨਾਬ, ਆਪਨੇ ਜੋ ਦੋ ਚਿਠੀਆਂ ਭੇਜੀਆਂ ਸਨ ਓਨਾਂ ਵਿਚ ਤੁਸਾਂ ਕਾਨਪੁਰ ਵਿਚ ਭਾਰੀ ਬਲਵਾ ਹੋ ਜਾਣ ਦਾ ਡਰ ਲਿਖਿਆ ਹੈ। ਸੋ ਮੇਰੇ ਖਿਆਲ ਇਹ ਗੱਲ ਰੋਜ਼ ਨੂੰ ਦੱਸਣੀ ਚੰਗੀ ਨਹੀਂ। ਇਸੇ ਕਰਕੇ ਦੋਵੇਂ ਚਿਠੀਆਂ ਮੈਂ ਆਪਣੇ ਪਾਸ ਰਖ ਲਈਆਂ

ਹਨ। ਹੁਣ ਮੈਂ ਇਕ ਵਿਚਾਰ ਤੁਹਾਡੇ ਨਾਲ ਕਰਨੀ ਹੈ। ਕਿਉਂਕਿ ਮੈਂ ਜਾਣਦਾ ਹਾਂ ਕਿ ਤੁਸੀਂ ਗਾਰਡਨ ਪਰਵਾਰ ਦੇ ਖਾਸ ਮਿੱਤ੍ਰ ਤੇ ਹਿਤੂ ਹੋ। ਇਸ ਲਈ ਇਸਦੀ ਬਾਬਤ ਮੈਂ ਆਪਦੀ ਸਲਾਹ ਲੈਣੀ ਜ਼ਰੂਰੀ ਸਮਝਦਾ ਹਾਂ। ਆਸ਼ਾ ਹੈ ਆਪ ਮੇਰੇ ਮਤਲਬ ਨੂੰ ਸਮਝਕੇ ਉਸਦੇ ਪੂਰਾ ਕਰਨ ਵਿਚ ਸਹੈਤਾ ਕਰੋਗੇ। ਸੱਚੀ ਗੱਲ ਇਹ ਹੈ ਕਿ ਮੇਰੇ ਚਾਚੇ ਗਾਰਡਨ ਦੀ ਜੋ ਹਾਲਤ ਹੈ ਉਸਨੂੰ ਤੁਸੀਂ ਆਪਣੀਆਂ ਅੱਖਾਂ ਨਾਲ ਵੇਖ ਹੀ ਚੁਕੇ ਹੋ। ਰੋਜ਼ ਵੀ ਉਸਦੇ ਕਰਕੇ ਬਹੁਤ ਉਦਾਸ ਹੈ। ਗਾਰਡਨ ਦੀ ਜਾਇਦਾਦ ਦੀ ਵੀ ਬੁਰੀ ਹਾਲਤ ਹੈ। ਮੇਰਾ ਖਿਆਲ ਹੈ ਕਿ ਰੋਜ਼ ਦਾ ਵਿਆਹ ਕਿਸੇ ਚੰਗੇ ਆਦਮੀ ਨਾਲ ਕਰ ਦਿੱਤਾ ਜਾਵੇ। ਸੋ ਇਸਦੀ ਬਾਬਤ ਤੁਹਾਡੀ ਕੀ ਸੰਮਤੀ ਹੈ?

ਜੇਮਸ ਦੀਆਂ ਗੱਲਾਂ ਸੁਣਕੇ ਮੈਂ ਬਿਜਲੀ ਦੇ ਸੜੇ ਵਾਂਗ ਥੰਮ ਗਿਆ। ਦਿਲ ਮੇਰਾ ਬਹੁਤ ਧੜਕਣ ਲੱਗ ਪਿਆ। ਸਿਰ ਚਕਰਾਣ ਲੱਗਾ। ਮੇਰੀਆਂ ਅੱਖਾਂ ਅੱਗੇ ਹਨੇਰਾ ਛਾਇ ਗਿਆ। ਕਿਉਂ? ਇਹ ਮਾਲੂਮ ਨਹੀਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੈਂ ਰੋਜ਼ ਨੂੰ ਬਹੁਤ ਪਿਆਰ ਕਰਦਾ ਸਾਂ ਤੇ ਉਹ ਮੈਨੂੰ ਪ੍ਰਾਣਾਂ ਨਾਲੋਂ ਵੱਧ ਪਿਆਰੀ ਸੀ। ਮੈਂ ਸਦਾ ਉਸਦੇ ਭਲੇ ਦਾ ਹੀ ਵਿਚਾਰ ਕਰਦਾ ਹੁੰਦਾ ਸਾਂ। ਰੋਜ਼ ਜੇਕਰ ਕਿਸੇ ਸੁਪਾਤ੍ਰ ਨੂੰ ਸੌਂਪੀ ਜਾਵੇ ਤਾਂ ਉਸਦਾ ਭਲਾ ਛੱਡਕੇ ਬੁਰਾ ਨਹੀਂ ਇਹ ਮੈਂ ਜਾਣਦਾ ਸਾਂ। ਪਰ ਫੇਰ ਵੀ ਪਤਾ ਨਹੀਂ ਇਸ ਗੱਲ ਨੂੰ ਸੁਣਕੇ ਮੇਰਾ ਦਿਲ ਕਿਉਂ ਰੋ ਪਿਆ। ਕੁਝ ਹੋਰ ਥੋੜੀ ਦੇਰ ਚੁੱਪ ਰਹਿਕੇ ਮੈਂ ਕਿਹਾ—"ਉਹ ਆਦਮੀ ਕੌਣ ਹੈ? ਕੀ ਉਸਦਾ ਨਾਮ ਦੱਸਣ ਵਿੱਚ ਤੁਹਾਨੂੰ ਕੋਈ ਉਜ਼ਰ ਹੈ?"

ਜੇਮਸ—ਨਹੀਂ ਕੋਈ ਨਹੀਂ, ਪਰ ਪੈਹਲਾਂ ਤੁਹਾਡੀ ਸੰਮਤੀ ਲੈਣੀ ਮੈਂ ਚੰਗੀ ਸਮਝਦਾ ਹਾਂ।

ਮੈਂ ਕਿਹਾ—ਜੇਕਰ ਇਹ ਮੈਨੂੰ ਮਲੂਮ ਹੋ ਜਾਵੇ ਕਿ ਓਸ ਮਨੁੱਖ ਨਾਲ ਰੋਜ਼ ਸੁਖੀ ਰਹੇਗੀ ਤਾਂ ਫੇਰ ਓਸ ਵਿੱਚ ਮੇਰੀ ਕੀ ਅਸੰਮਤੀ ਹੈ ?

ਜੇਮਸ—"ਮੈਂ ਸੱਚ ਆਖਦਾ ਹਾਂ, ਓਹ ਮਨੁੱਖ ਰੋਜ਼ ਦੇ ਮਾਪਿਆਂ ਦਾ ਮਾਨਯੋਗ ਹੈ ਤੇ ਰੋਜ਼ ਨੇ ਵੀ ਉਸਨੂੰ ਚਿੱਠੀ ਲਿਖੀ ਸੀ।" ਇਹ ਆਖਕੇ ਜੇਮਸ ਨੇ ਚਿੱਠੀ ਕੱਢਕੇ ਸਟੀਫਨ ਦੇ ਹੱਥ ਦਿੱਤੀ ਜਿਸ ਵਿਚ ਲਿਖਿਆ ਸੀ:—

"ਪਿਆਰੇ ਜੇਮ, ਪਿਤਾ ਦੀ ਹੁਕਮ ਅਦੂਲੀ ਕਰਨ ਦੀ ਮੇਰੀ ਮਨਸ਼ਾ ਨਹੀਂ। ਓਹ ਮੇਰੇ ਲਈ ਜੋ ਚੰਗਾ ਸਮਝਦੇ ਹਨ ਓਸਦੇ ਲਈ ਮੈਂ ਤਿਆਰ ਹਾਂ। ਤੁਸਾਂ ਮੈਥੋਂ ਜੋ ਕੁਝ ਪੁੱਛਿਆ ਹੈ ਇਨਾਂ ਦੋਹਾਂ ਹੀ ਗੱਲਾਂ ਵਿੱਚ ਓਨਾਂ ਦਾ ਜਵਾਬ ਸਮਝ ਲੈਣਾ। ਇਥੇ ਪਹੁੰਚਕੇ ਤੁਸੀ ਸਭ ਕੁਝ ਜਾਣ ਜਾਓਗੇ। ਤੁਹਾਡੀ ਰੋਜ਼"

ਚਿੱਠੀ ਪੜ੍ਹਕੇ ਮੈਨੂੰ ਕੋਈ ਸ਼ੱਕ ਨਾ ਰਿਹਾ। ਸਾਰੀਆਂ ਗੱਲਾਂ ਮੈਂ ਸਮਝ ਗਿਆ। ਹੁਣ ਮੇਰੇ ਦੁਖੀ ਹੋਣ ਦਾ ਵੀ ਕੋਈ ਕਾਰਣ ਨਾ ਰਿਹਾ। ਕਿਉਂਕਿ ਰੋਜ਼ ਜਿਸ ਤਰਾਂ ਨਾਲ ਸੁਖੀ ਹੋਵੇ ਮੈਂ ਵੀ ਓਸੇ ਵਿਚ ਰਾਜ਼ੀ ਹਾਂ। ਜਿਸ ਨਾਲ ਰੋਜ਼ ਦੀ ਜ਼ਿੰਦਗੀ ਸੁਖੀ ਹੋਵੇ ਉਸ ਵਿਚ ਮੈਂ ਕਿਉਂ ਰੋਕ ਪਾਵਾਂ ? ਪਰ ਰੋਜ਼ ਦਾ ਇਹ ਭਾਰੀ ਅਨਜਾਯ ਹੈ ਕਿ ਓਸਨੇ ਮੈਨੂੰ ਆਪਣਾ ਸਮਝਕੇ ਵੀ ਇਹ ਗੱਲ ਮੈਥੋਂ ਲੁਕਾ ਰਖੀ। ਮੈਂ ਜੇਮਸ ਨੂੰ ਕਿਹਾ—"ਹੁਣ ਮੈਨੂੰ ਕੋਈ ਉਜ਼ਰ ਨਹੀਂ, ਪਰ ਮਲੂਮ ਹੋਜਾਵੇ ਤਾਂ ਚੰਗਾ ਹੈ।"

ਪਤਾ ਨਹੀਂ ਮੇਰੀਆਂ ਅੱਖਾਂ ਵਿਚੋਂ ਓਸ ਵੇਲੇ ਕਿਉਂ

ਦੋ ਚਾਰ ਅਥਰੂ ਕਿਰ ਪਏ। ਮਲੂਮ ਹੁੰਦਾ ਹੈ ਜੇਮਸ ਨੇ ਓਹ ਨਹੀਂ ਵੇਖੇ। ਕੁਝ ਦੇਰ ਪਿੱਛੋਂ ਓਸਨੇ ਕਿਹਾ—ਜਨਾਬ, ਗੁਸਤਾਖੀ ਮਾਫ਼ ਕਰਨਾ। ਓਹ ਆਦਮੀ ਹੋਰ ਕੋਈ ਨਹੀਂ, ਓਹ ਮੈਂ ਹੀਓਂ ਹਾਂ।ਮੈਂ ਆਸ਼ਾ ਕਰਦਾ ਹਾਂ ਕਿ ਆਪ ਨੂੰ ਇਸ ਵਿਚ ਕੋਈ ਉਜ਼ਰ ਨਹੀਂ ਹੋਵੇਗਾ।"

ਕੁਝ ਦੇਰ ਲਈ ਮੇਰੀ ਗਜਾਨ ਸ਼ਕਤੀ ਜਾਂਦੀ ਰਹੀ। ਉਸੇ ਵੇਲੇ ਇੱਕ ਆਦਮੀ ਮੇਰੇ ਪਾਸ ਆਯਾ ਜੋ ਹਿੰਦੂ ਸਾਧੂ ਸੀ ਇਸਨੇ ਹੀ ਸਰਦਾਰ ਰਾਮਪਾਲ ਸਿੰਘ ਦੇ ਨਾਲ ਹੋਕੇ ਮੈਨੂੰ ਮੈਕੇਧਰ ਦੀ ਕੈਦ ਵਿਚੋਂ ਕੱਢਿਆ ਸੀ। ਮੈਂ ਉਸਨੂੰ ਵਡੇ ਆਦਰ ਨਾਲ ਬਿਠਾਣਾ ਚਾਹਿਆ। ਪਰ ਓਹ ਕੁਰਸੀ ਤੇ ਨਾ ਬੈਠਾ ਤੇ ਓਸਨੇ ਖੜੇ ੨ ਮੈਨੂੰ ਸਾਫ਼ ਅੰਗ੍ਰੇਜ਼ੀ ਵਿੱਚ ਕਿਹਾ :—

"ਸਟੀਫਨ, ਤੁਹਾਡੇ ਨਾਲ ਇੱਕ ਦੋ ਜ਼ਰੂਰੀ ਗੱਲਾਂ ਕਰਨੀਆਂ ਹਨ ਤੁਸੀਂ ਏਧਰ ਆਓ।"

ਓਸਦੀ ਗੱਲ ਦਾ ਕੋਈ ਜਵਾਬ ਨਾ ਦੇ ਮੈਂ ਓਸਦੇ ਨਾਲ ਹੀ ਕਮਰੇ ਵਿੱਚੋਂ ਬਾਹਰ ਨਿਕਲ ਗਿਆ। ਓਸਨੇ ਕਿਹਾ—"ਕੁਝ ਗੁਪਤ ਗੱਲਾਂ ਕਰਨੀਆਂ ਨੇ, ਜੇਹੜਾ ਆਦਮੀ ਅੰਦਰ ਬੈਠਾ ਹੈ ਓਸਨੂੰ ਵਿਦਾ ਕਰ ਦੇਣ ਵਿਚ ਕੋਈ ਹਰਜ ਤਾਂ ਨਹੀਂ ?"

ਮੈਂ—ਕੋਈ ਹਰਜ ਨਹੀਂ, ਮੈਂ ਹੁਣੇ ਓਸਨੂੰ ਵਿਦਾ ਕਰਦਾ ਹਾਂ। ਇਹ ਆਖਕੇ ਮੈਂ ਜੇਮਸ ਦੇ ਪਾਸ ਜਾਕੇ ਕਿਹਾ—"ਇਸ ਵੇਲੇ ਜੇਕਰ ਤੁਸੀਂ ਤਸ਼ਰੀਫ਼ ਲੈ ਜਾਓ ਤਾਂ ਚੰਗਾ ਹੈ। ਕਿਉਂਕਿ ਮੈਂ ਆਏ ਸਾਧੂ ਨਾਲ ਕੁਝ ਜ਼ਰੂਰੀ ਗੱਲਾਂ ਕਰਨੀਆਂ ਹਨ। ਤੁਸਾਂ ਜੇਹੜੀ ਸੰਮਤੀ ਮੇਥੋਂ ਪੁੱਛੀ ਹੈ ਓਸ ਵਿਚ ਜੇਕਰ ਇਹੋ ਹੀ ਸਭਨਾ ਦੀ ਰਾਇ ਹੈ ਤੇ ਠੀਕ

ਵੀ ਜੇਕਰ ਇਸ ਵਿਚ ਖੁਸ਼ ਹੈ ਤਾਂ ਮੈਨੂੰ ਕਿਸੇ ਤਰਾਂ ਦਾ ਕੋਈ ਉਜ਼ਰ ਨਹੀਂ। ਪਰ ਕੱਲ ਰੋਜ਼ ਦੇ ਨਾਲ ਸਾਰੇ ਮੈਂ ਇਸਦੀ ਬਾਬਤ ਗੱਲਾਂ ਕਰਾਂਗਾ।" ਇਹ ਸੁਣਕੇ ਜੇਮਸ ਚਲਿਆ ਗਿਆ। ਇਸਦੇ ਪਿਛੋਂ ਸੰਤ ਜੀ ਮੇਰੇ ਕਮਰੇ ਵਿਚ ਆਏ ਤੇ ਓਨਾਂ ਕਿਹਾ:-

ਸੰਗ੍ਰਾਮਪਾਲ ਸਿੰਘ ਪਾਸੋਂ ਤੁਹਾਡੇ ਸਤਾਏ ਜਾਣ ਦੀ ਖਬਰ ਸੁਣਕੇ ਮੈਂ ਬਹੁਤ ਹੀ ਦੁਖੀ ਤੇ ਫਿਕਰਵੰਦ ਹੋਯਾ ਹਾਂ। ਆਸ਼ਾ ਹੈ ਤੁਸੀਂ ਸਰਦਾਰ ਨੂੰ ਵੀ ਦੱਸੋਗੇ। ਕਾਨਪੁਰ ਵਿਚ ਛੇਤੀ ਹੀ ਬਲਵਾ ਹੋਣ ਵਾਲਾ ਹੈ। ਮਾਲੂਮ ਹੁੰਦਾ ਹੈ ਓਸਤੋਂ ਕੋਈ ਅੰਗ੍ਰੇਜ਼ ਮਰਦ ਤੀਵੀਂ ਨਹੀਂ ਬਚ ਸਕੇਗਾ। ਮੇਰੀ ਇਹ ਮਰਜ਼ੀ ਹੈ ਕਿ ਤੁਸੀਂ ਰੋਜ਼ ਤੇ ਗਾਰਡਨ ਸਾਰੇ ਜਣੇ ਇਹ ਥਾਂ ਛੱਡਕੇ ਮੇਰੇ ਨਾਲ ਚਲੋ। ਮੇਰੇ ਪਾਸ ਰੈਹਕੇ ਫਿਰ ਤੁਸੀਂ ਬਿਪਤਾ ਤੋਂ ਬਚ ਜਾਓਗੇ ਨਹੀਂ ਤਾਂ ਤੁਹਾਡੀ ਦੁਰਗਤ ਹੋਵੇਗੀ। ਕਲ ਰਾਤ ਦੇ ੧੦ ਵਜੇ ਤੁਸੀ ਤਿਆਰ ਰੈਹਣਾ ਮੈਂ ਤੁਹਾਨੂੰ ਆਕੇ ਲੈ ਜਾਵਾਂਗਾ।"

ਓਸ ਮਹਾਤਮਾ ਨੇ ਜੋ ਗੱਲਾਂ ਆਖੀਆਂ ਓਹ ਸੱਚੀਆਂ ਤੇ ਦਿਲੋਂ ਨਿਕਲੀਆਂ ਹੋਈਆਂਸਨ ਓਨਾਂ ਉੱਤੇ ਅਵਿਸ੍ਵਾਸ ਕਰਨ ਦਾ ਕੋਈ ਕਾਰਣ ਨਾਂ ਰਿਹਾ। ਮੈਂ ਕਿਹਾ-"ਜੇਕਰ ਰੋਜ਼ ਰਾਜ਼ੀ ਹੋਈ ਤਾਂ ਕੱਲ ਅਸੀਂ ਇਥੇ ਮਿਲਾਂਗੇ।"

ਇਸ ਵੇਲੇ ਕਿਲੇ ਵਿਚ ਦਗਾ ਦੇਗ ਤੋਪਾਂ ਛੁੱਟਣ ਲੱਗ ਪਈਆਂ। ਮੈਂ ਇਸਦਾ ਕਾਰਣ ਜਾਣਨ ਲਈ ਆਖਰ ਗਿਆ। ਮਹਾਤਮਾ ਕੱਲ ਔਣ ਦਾ ਵਾਇਦਾ ਕਰਕੇ ਨਿਕਲ ਗਿਆ ਤੇ ਮੈਂ ਕਿਲੇ ਵੱਲ ਤੁਰ ਪਿਆ।

.... .... .... .... ....

ਅੱਜ ੫ ਜੂਨ ਦਾ ਦਿਨ ਕਾਨਪੁਰ ਦੇ ਲਈ ਕੌੜਾਹੀ

ਭਯਾਨਕ ਹੈ । ਕਲ ਸ਼ਾਮ ਤੋਂ ਹੀ ਲੋਕ ਬਲਵਾਈ ਸਿਪਾ-ਹੀਆਂ ਦੇ ਆਉਣ ਤੋਂ ਡਰ ਰਹੇ ਸਨ । ਅੱਜ ਸਾਰਾ ਦਿਨਮੈਂ ਕਿਲੇ ਵਿਚ ਰਿਹਾ, ਸ਼ਾਮ ਨੂੰ ਮੌਕਾ ਤਾੜਕੇ ਘੋੜੇ ਤੇ ਚੜ੍ਹ ਮੈਂ ਗਾਰਡਨ ਦੇ ਮਕਾਨ ਤੇ ਗਿਆ । ਜਿਸ ਵੇਲੇ ਮੈਂ ਪਾਸ ਪਹੁੰਚਾ ਓਸੇ ਵੇਲੇ ਰੋਜ਼ ਦੇ ਮੂੰਹੋਂ ਨਿਕਲੀ ਕੁਝ ਅਵਾਜ਼ ਮੈਨੇ ਸੁਣੀ । ਜਿਨ੍ਹਾਂ ਵਿਚੋਂ ਕੁਝ ਸ਼ਬਦ ਇਹ ਸਨ–"ਸੰਸਾਰ ਵਿਚ ਮੇਰਾ ਕੋਈ ਹੈ ਤਾਂ ਜੋ........।"

ਇਸਦੇ ਪਿਛੋਂ ਮੈਂ ਹੋਰ ਕੁਝ ਨਾਂ ਸੁਣਿਆ । ਮੈਂ ਸਿਰ ਤੋਂ ਲੈਕੇ ਪੈਰਾਂ ਤੀਕ ਕੰਬ ਗਿਆ । ਇਸੇ ਵੇਲੇ ਇਕ ਵੱਡਾ ਗੋਲਾ ਰੋਜ਼ ਦੇ ਸਾਹਮਣੇ ਵਾਲੇ ਬਿਰਾਂਡੇ ਵਿਚ ਡਿਗਾ ਤੇ ਓਹ ਬਰਾਂਡਾ ਚੂਰ ਮੂਰ ਹੋ ਗਿਆ,ਮੈਂ ਦੌੜਕੇ ਰੋਜ਼ ਦੇ ਕਮਰੇ ਵਿਚ ਜਾ ਵੜਿਆ ।

## ਕਾਂਡ ੨

## ਨਾਨਾ ਅਤੇ ਤਾਂਤੀਆ

### (ਸਰਦਾਰ ਰਾਮਪਾਲ ਸਿੰਘ ਦਾ ਬਿਆਨ)

ਸਟੀਵਨ ਤੇ ਰੋਜ਼ ਨੂੰ ਛੁਡਾਕੇ ਮੈਂ ਫੇਰ ਉਸ ਸਾਧੂ ਦੇ ਨਾਲ ਬੇੜੀ ਵਿਚ ਗਿਆ । ਮੇਕੇਯਰ, ਅਬਦੁੱਲਾ ਤੇ ਦੋ ਗੋਰੇ ਉਸਦੇ ਹੁਕਮ ਅਨੁਸਾਰ ਬੇੜੀ ਉੱਤੇ ਲਾਏ । ਸਾਰੀ ਰਾਤ ਮੈਕੇਯਰ ਤੇ ਅਬਦੁਲੇ ਨੂੰ ਮੁਸ਼ਕਾਂ ਬੰਨਕੇ ਇਕ ਵਖਰੀ ਕੋਠੜੀ ਵਿਚ ਕੈਦ ਕੀਤਾ ਗਿਆ ਤੇ ਉਸਦੇ ਉੱਤੇ ਸਿਪਾਹੀਆਂ ਦਾ ਪੇਹਰਾ ਭੀ ਰੱਖਿਆ ਗਿਆ । ਉਨ੍ਹਾਂ ਬਦਮਾਸ਼ਾਂ ਦੀ ਬਾਬਤ ਮੈਂ ਮਹਾਤਮਾ ਜੀ ਨੂੰ ਬਹੁਤਸਾਵਧਾਨ ਕਰ ਦਿਤਾ ਸੀ । ਕਿਉਂਕਿ ਮੈਂ ਉਨ੍ਹਾਂ ਦੇ ਹਥੋਂ ਕਈ ਵਾਰੀ ਧੋਖਾ ਖਾ ਚੁਕਾ ਸੀ ।

ਦੂਜੇ ਦਿਨ ਮਹਾਤਮਾ ਤਾਂਤੀਆ ਟੋਪੀ ਨਾਲ ਜਦ ਮੇਰੀ ਮੁਲਾਕਾਤ ਹੋਈ ਉਸ ਵੇਲੇ ਮੈਂ ਮੈਕੇਯਰ ਦਾ ਸਾਰਾ ਕਿਸਾ ਜੋ ਮੈਂ ਜਾਣਦਾ ਸਾਂ ਆਖ ਸੁਣਾਯਾ। ਪਾਪੀ ਮੈਕੇਯਰ ਦਾ ਸੱਜਾ ਹਥ ਅਬਦੁਲਾ ਤੇ ਉਸਦੇ ਸਾਰੇ ਸਾਥੀਆਂ ਦਾਹਾਲ ਮੈਂ ਦਸ ਦਿਤਾ। ਇਹ ਵੀ ਮੈਂ ਉਸ ਮਹਾਤਮਾ ਨੂੰ ਸਮਝਾ ਦਿਤਾ ਕਿ ਅਜੇਹੇ ਬਦਮਾਸ਼ਾਂ ਦੇ ਕੀਤੇ ਨਾਲ ਇਹ ਦੇਸ਼ ਕਦੇ ਸੁਤੰਤ੍ਰ ਨਹੀਂ ਹੋ ਸਕਦਾ। ਉਸ ਮਹਾਤਮਾ ਦਾ ਸੁਦੇਸ਼ ਪ੍ਰੇਮ ਭਾਵੇਂ ਸਲਾਘਾ ਯੋਗ ਸੀ ਪਰ ਐਸੇ ਬਦਮਾਸ਼ਾਂ ਦੇ ਉੱਤੇ ਭਰੋਸਾ ਰੱਖਕੇ ਉਸਨੇ ਦੇਸ ਦਾ ਉਧਾਰ ਕਰਨਾ ਵਿਚਾਰਿਆ ਸੀ। ਸਚ ਤਾਂ ਇਹ ਹੈ ਕਿ ਇਨ੍ਹਾਂ ਬਦਮਾਸ਼ਾਂ ਦੇ ਕਾਰਣ ਹੀ ਤਾਂਤੀਆ ਟੋਪੀ ਨੂੰ ਵੀ ਕਲੰਕ ਲੱਗ ਰਿਹਾ ਹੈ।

ਮੈਂ ਜਿਸਵੇਲੇ ਗਾਰਡਨ ਤੇ ਮੈਕੇਯਰ ਦੀਆਂਸਾਰੀਆਂ ਗੱਲਾਂ ਸੁਣਾਈਆਂ—ਮੈਕੇਯਰ ਨੇ ਕਿਸਤਰਾਂ ਗਾਰਡਨ ਦੀ ਪਿਆਰੀ ਲੜਕੀ ਹੇਲਨਾ ਦਾ ਖੂਨ ਕੀਤਾ, ਕਿਸਤਰਾਂ ਉਸ ਨੇ ਦੂਜੀ ਲੜਕੀ ਰੋਜ਼ ਨੂੰ ਵੀ ਕੈਦ ਕੀਤਾ, ਕਿਸਤਰਾਂ ਉਸਨੇ ਗਾਰਡਨ ਨੂੰ ਡਰਾਕੇ ਰੁਪਯਾ ਠਗਿਆ, ਇਹ ਸਾਰੀਆਂ ਗੱਲਾਂ ਜਿਸ ਵੇਲੇ ਮੈਂ ਉਸਨੂੰ ਦਸੀਆਂ-ਉਸ ਵੇਲੇ ਤਾਂਤੀਆ ਟੋਪੀ ਦਾ ਉੱਚਾ ਤੇ ਨਿਰਮਲ ਦਿਲ ਦੁਖ ਤੇ ਕ੍ਰੋਧ ਨਾਲ ਉਬਲ ਪਿਆ। ਉਸਨੇਕਿਹਾ—"ਸਰਦਾਰ ਰਾਮਪਾਲ ਸਿੰਘ! ਇਨਾਂ ਗੱਲਾਂ ਨੂੰ ਮੈਂ ਪੈਹਲੇ ਕਦੇ ਨਹੀਂ ਸੀ ਸੁਣਿਆ। ਮੇਰਾ ਦਿਲ ਦੁਖੀਆਂ ਦਾ ਦੁਖ ਸੁਣਕੇ ਰੋ ਪੈਂਦਾ ਹੈ। ਜੇਕਰ ਕਮਜ਼ੋਰ ਉਤੇ ਕੋਈ ਬਲਵਾਨ ਜ਼ੁਲਮ ਕਰੇ ਤਾਂ ਮੇਰਾ ਦਿਲ ਬਦਲਾ ਲੈਣ ਲਈ ਘਾਬਰ ਉਠਦਾ ਹੈ। ਤੁਸੀਂ ਸੱਚ ਜਾਣੋ, ਮੈਂ ਅਪਣੇ ਦੇਸ਼ ਨੂੰ ਆਪਣੀ ਜਾਨ ਨਾਲੋਂ ਵੱਧ ਪਿਆਰ ਕਰਦਾ ਹਾਂ ਤੇ ਉਸਤੋਂ ਵੱਧ ਪਿਆਰਾ

ਮੈਨੂੰ ਆਪਣਾ ਧਰਮ ਹੈ। ਦੇਸ਼ ਨੂੰ ਸੁਤੰਤ੍ਰ ਕਰਨ ਦੀ ਕੋਸ਼ਿਸ਼ ਮੈਂ ਕਰਾਂਗਾਂ। ਪਰ ਓਥੋਂ ਤਕ ਹੀ ਜਿਥੋਂ ਤਕ ਕਿ ਓਹ ਧਰਮ ਦੇ ਅਨੁਕੂਲ ਹੋਵੇਗੀ, ਧਰਮ ਦੱਪਕੇ ਨਹੀਂ। ਮੈਕੇਯਰ ਨੂੰ ਮੈਂ ਇੱਕ ਸੂਰਬੀਰ ਸਮਝਦਾ ਸਾਂ ਤੇ ਏਹੋ ਆਖਕੇ ਓਸਨੇ ਮੈਨੂੰ ਧੋਖਾ ਦਿੱਤਾ ਹੈ। ਪਰ ਅੱਜ ਮੈਂ ਸਮਝ ਗਿਆ ਹਾਂ ਕਿ ਓਹ ਅੱਵਲ ਦਰਜੇ ਦਾ ਬਦਮਾਸ਼ ਤੇ ਪਾਪੀ ਹੈ ਇਸ ਲਈ ਮੈਂ ਓਸਨੂੰ ਉਸਦੇ ਪਾਪਾਂ ਦੀ ਯੋਗ ਸਜਾ ਦਿੱਤੇ ਬਿਨਾਂ ਕਦੇ ਨਹੀਂ ਛੱਡਾਂਗਾ।"

ਮੈਂ ਮਹਾਤਮਾਂ ਨੂੰ ਇਹ ਵੀ ਕਿਹਾ-ਅੰਗ੍ਰੇਜ਼ੀ ਗੌਰਮਿੰਟ ਨੇ ਮੈਨੂੰ ਇਸਦੇ ਫੜਨ ਲਈ ਮੁਕੱਰਰ ਕੀਤਾ ਹੈ। ਜੇਕਰ ਆਪ ਮੇਰਾ ਦੋਸ਼ੀ ਸਮਝਦੇ ਹੋ ਤਾਂ ਉਸਨੂੰ ਸਰਕਾਰ ਦੇ ਹੱਥ ਸੌਂਪ ਦਿਓ। ਇਸ ਪਰ ਉਸ ਮਹਾਤਮਾਂ ਨੇ ਕਿਹਾ:-

"ਨਹੀਂ ਇਹ ਗੱਲ ਧਰਮ ਨਹੀਂ ਕਹਿੰਦਾ। ਮੈਂ ਇਹ ਜਾਣਦਾ ਹਾਂ ਕਿ ਇਹ ਦੋਸ਼ੀ ਹੈ, ਪਰ ਜਦ ਇਸਨੇ ਅੰਗ੍ਰੇਜ਼ਾਂ ਦਾ ਸਾਥ ਛੱਡਕੇ ਸਾਡਾ ਸਾਥ ਕੀਤਾ ਹੈ ਤਾਂ ਇਸ ਦਸ਼ਾ ਵਿੱਚ ਮੈਂ ਓਸਨੂੰ ਸਜ਼ਾ ਦਿਵਾਣ ਲਈ ਵੈਰੀ ਦੇ ਹੱਥ ਸੌਂਪਣਾ ਭੀ ਚੰਗਾ ਨਹੀਂ ਸਮਝਦਾ।

ਇਸਦੇ ਪਿੱਛੋਂ ਮੈਂ ਹੋਰ ਕੁਝ ਨਾ ਕਿਹਾ। ਓਸੇ ਦਿਨ ਦੁਪੈਹਰ ਵੇਲੇ ਮੈਂ ਤਾਂਤੀਆਂ ਟੋਪੀ ਦੇ ਮੂੰਹੋਂ ਸੁਣਿਆਂ ਕਿ ਨਾਨਾ ਸਾਹਿਬ ਮਿਲਣ ਵਾਸਤੇ ਔਣਗੇ। ਉਨ੍ਹਾਂ ਦੇ ਪਾਸ ਹੀ ਮੈਕੇਯਰ ਦਾ ਮੁਕੱਦਮਾਂ ਪੇਸ਼ ਕੀਤਾ ਜਾਵੇਗਾ, ਕਿਉਂਕਿ ਨਾਨਾ ਸਾਹਿਬ ਨੂੰ ਹੀ ਇਨ੍ਹਾਂ ਬਲਵਾਈਆਂ ਨੇ ਆਗੂ ਮੰਨਿਆਂ ਸੀ। ਓਨ੍ਹਾਂ ਦਾ ਇਹ ਵਿਚਾਰ ਸੀ ਕਿ ਜੇਕਰ ਭਾਰਤ ਸੁਤੰਤਰ ਹੋਗਿਆ ਤਾਂ ਨਾਨਾ ਸਾਹਿਬ ਨੂੰ ਹੀ ਪੇਸ਼ਵਾ (ਬਾਦਸ਼ਾਹ) ਬਣਾਯਾ ਜਾਵੇਗਾ। ਪਰ ਨਾਨਾ

ਸਾਹਿਬ ਕਿਸ ਤਰਾਂ ਦਾ ਗੰਦੇ ਤੇ ਨੀਵੇਂ ਖਿਆਲ ਦਾ ਆਦਮੀ ਹੈ, ਇਹ ਗੱਲ ਮੈਥੋਂ ਲੁਕੀ ਹੋਈ ਨਹੀਂ ਸੀ। ਉਸ ਪਾਸੋਂ ਮੈਕੇਫਰ ਤੇ ਅਬਦੁੱਲੇ ਦਾ ਪੂਰਾ ੨ ਵਿਚਾਰ ਹੋਣਾ ਔਖਾ ਹੈ। ਤਾਂਤੀਆ ਉਸ ਵੇਲੇ ਇਸ ਗੱਲ ਨੂੰ ਨਾ ਜਾਣ ਸੱਕਿਆ, ਪਰ ਪਿੱਛੋਂ ਜਾਣਕੇ ਬਹੁਤ ਹੀ ਪਛਤਾਯਾ।

ਉਸੇ ਦਿਨ ਨਾਨਾ ਸਾਹਿਬ ਤਾਂਤੀਆ ਟੋਪੀ ਨੂੰ ਮਿਲਣ ਲਈ ਆਏ। ਤਾਂਤੀਏ ਨੇ ਮੈਨੂੰ ਦੂਰ ਰਹਿਣ ਲਈ ਕਿਹਾ ਤੇ ਮੈਂ ਦੂਰ ਰਿਹਾ ਵੀ। ਨਾਨਾ ਸਾਹਿਬ ਨੂੰ ਵੇਖ ਨਾ ਸਕਿਆ। ਹਾਇ, ਹਾਇ! ਜਿਸ ਨਾਨੇ ਦ ਜ਼ੁਲਮ ਦੇ ਕਾਰਣ ਅੱਜ ਤਕ ਕਈਆਂ ਮਨੁੱਖਾਂ ਦੇ ਨੇਤ੍ਰਾਂ ਦੇ ਅਥਰੂ ਨਹੀਂ ਸੁਕੇ, ਜਿਸਦੇ ਵੈਰਪੁਣੇ ਦੀ ਅੱਗ ਨਾਲ ਕਈ ਪਰਵਾਰ ਸੜਕੇ ਸੁਆਹ ਹੋ ਗਏ, ਜਿਸਨੇ ਅੰਗ੍ਰੇਜ਼ਾਂ ਦਾ ਬਹੁਤ ਭਾਰੀ ਨੁਕਸਾਨ ਕੀਤਾ ਤੇ ਸਰਕਾਰ ਉਸਤੋਂ ਅੱਜ ਤਕ ਬਦਲਾ ਨਹੀਂ ਲੈ ਸਕੀ, ਤੇ ਜਿਸ ਫੰਦਕ ਨੂੰ ਹੀ ਦੂਰ ਕਰਨ ਲਈ ਮੈਂ ਇਥੇ ਲਿਆਂਦਾ ਗਿਆ ਹਾਂ, ਉਹ ਨਾਨਾ ਤੇ ਮੈਂ ਅੱਜ ਇਕੋ ਥੇੜੀ ਤੇ ਹਾਂ। ਕਾਨਪੁਰ ਵਿਚ ਅਜੇ ਵੀ ਭਯਾਨਕ ਖੂਨ ਖਰਾਬੀ ਅਰੰਭ ਨਹੀਂ ਹੋਈ ਸੀ। ਇਸ ਵੇਲੇ ਵੀ ਸਿਪਾਹੀ ਗਦਰ ਦੀ ਅੱਗ ਚੰਗੀ ਤਰਾਂ ਨਹੀਂ ਭੜਕੀ ਸੀ, ਇਸ ਵੇਲੇ ਜੇਕਰ ਮੈਂ ਅੰਗ੍ਰੇਜ਼ ਸਰਕਾਰ ਦੇ ਉਨਾਂ ਭਯਾਨਕ ਵੈਰੀਆਂ ਨੂੰ ਫੜ ਸਕਦਾ ਤਾਂ ਅੱਜ ਭਾਰਤ ਦਾ ਇਤਿਹਾਸ ਕਿਸੇ ਹੋਰ ਹੀ ਰੰਗ ਵਿਚ ਹੁੰਦਾ। ਪਰ ਕਿਉਂਕਿ ਮੈਂ ਤਾਂਤੀਆ ਟੋਪੀ ਅੱਗੇ ਪ੍ਰਣ ਕਰ ਚੁਕਾ ਸਾਂ ਤੇ ਗੁਰਾਂ ਦਾ ਨਾਮ ਲੈਕੇ ਇਹ ਆਖ ਚੁਕਾ ਸਾਂ ਕਿ ਜੇਕਰ ਮੇਰੇ ਪ੍ਰਾਣ ਵੀ ਜਾਣ ਤਾਂ ਵੀ ਮੈਂ ਏਸ ਪ੍ਰਤਿਗਯਾ ਵਲੋਂ ਪਿਛੇ ਨਹੀ ਹਟਾਂਗਾ,

ਇਸੇ ਕਰਕੇ ਤਾਕਤ ਹੁੰਦਿਆਂ ਵੀ ਮੈਂ ਓਸ ਕੰਟਕ ਨੂੰ ਦੂਰ ਨਾ ਕਰ ਸਕਿਆ।

ਨਾਨਾ ਤੇ ਭਾਂਤੀਆ ਵਿਚ ਕੀ ਗੱਲਾਂ ਹੋਈਆਂ, ਇਸਦੀ ਬਾਬਤ ਮੈਨੂੰ ਕੁਝ ਵੀ ਮਲੂਮ ਨਹੀਂ। ਪਰ ਇਹ ਮੈਂ ਸਮਝ ਗਿਆ ਕਿ ਕਿਸੇ ਭਾਰੀ ਗੱਲ ਦੇ ਪਿਛੇ ਹੀ ਨਾਨਾ ਤੇ ਭਾਂਤੀਆ ਵਿਚ ਫੱਟਕ ਪੈ ਗਿਆ ਹੈ। ਇਸਦੀ ਬਾਬਤ ਵਿਚਾਰ ਕਰਨ ਲਈ ਕੱਲ ਫੇਰ ਵੀ ਨਾਨਾ ਆਵੇਗਾ।

ਨਾਨੇ ਦੇ ਚਲੇ ਜਾਣ ਪਰ ਜਦ ਮੇਰੀ ਫੇਰ ਮਹਾਤਮਾ ਭਾਂਤੀਆ ਨਾਲ ਮੁਲਾਕਾਤ ਹੋਈ ਤਾਂ ਓਨਾਂ ਕਿਹਾ:-

"ਨਾਨਾ ਸਾਹਿਬ ਨੂੰ ਮੈਂ ਮੇਕੇਫਰ ਤੇ ਅਬਦੁੱਲੇ ਦੀਆਂ ਸਾਰੀਆਂ ਬਦਮਾਸ਼ੀਆਂ ਸੁਣਾਈਆਂ ਸਨ, ਤੇ ਓਨਾਂ ਮੇਰੇ ਸਾਮਣੇ ਹੀ ਪਾਪੀਆਂ ਨੂੰ ਸਜ਼ਾ ਦੇਣ ਦਾ ਵਿਚਾਰ ਕੀਤਾ ਹੈ ਸੋ ਜੋ ਕੁਝ ਹੋਣਾ ਹੋਵੇਗਾ ਕੱਲ ਇਸਦਾ ਫੈਸਲਾ ਹੋ ਜਾਵੇਗਾ।

ਦੂਜੇ ਦਿਨ ਨਾਨੇ ਹੁਰੀ ਫੇਰ ਆਏ। ਓਨਾਂ ਦੇ ਨਾਲ ੧੦-੧੫ ਮਨੁਖ ਹੋਰ ਵੀ ਭੇਸ ਬਦਲਕੇ ਆਏ ਸਨ। ਪੈਹਲੇ ਦਿਨ ਵਾਂਗ ਅੱਜ ਵੀ ਮੈਂ ਦੂਰ ਹੀ ਰਿਹਾ। ਫੇਰ ਮੈਂ ਸੁਣਿਆ ਕਿ ਭਾਂਤੀਆ ਤੇ ਨਾਨੇ ਦੇ ਖਿਆਲਾਂ ਵਿਚ ਜੋ ਫਰਕ ਸੀ ਓਹ ਦੂਰ ਨਾ ਹੋਕੇ ਸਗੋਂ ਹੋਰ ਵੀ ਪੱਕਾ ਹੋ ਗਿਆ ਹੈ। ਮੇਕੇਫਰ ਤੇ ਅਬਦੁੱਲਾ ਨਾਨੇ ਦੇ ਹੱਥ ਸੌਂਪ ਦਿਤੇ ਗਏ ਤੇ ਭਾਂਤੀਆ ਨੇ ਨਾਨੇ ਦੀ ਸਹੈਤਾ ਵਲੋਂ ਮੂੰਹ ਮੋੜ ਲਿਆ ਹੈ।

ਨਾਨੇ ਦੇ ਚਲੇ ਜਾਣ ਪਰ ਭਾਂਤੀਆ ਨਾਲ ਜਦ

ਮੇਰੀ ਮੁਲਾਕਾਤ ਹੋਈ ਤਦ ਮੈਂ ਵੇਖਿਆ ਕਿ ਉਨ੍ਹਾਂ ਦਾ ਮੂੰਹ ਬਹੁਤ ਗੰਭੀਰ ਹੈ, ਮੱਥੇ ਉਤੇ ਚਿੰਤਾ ਦੇ ਚਿੰਨ੍ਹ ਦਿਸ ਰਹੇ ਸਨ । ਉਨਾਂ ਮੈਨੂੰ ਆਕੇ ਕਿਹਾ—"ਵੇਖੋ ਸਰਦਾਰ, ਨਾਨਾ ਕੁਸੰਗੀਆਂ ਦੇ ਕਹੇ ਲੱਗਕੇ ਖੋਟੇ ਰਾਹ ਪੈ ਗਿਆ ਹੈ। ਇਸ ਵੇਲੇ ਮੇਰਾ ਦਿਲ ਉਸਦੇ ਨਾਲ ਕੋਈ ਤਅੱਲਕ ਰੱਖਣ ਨੂੰ ਨਹੀਂ ਕਰਦਾ। ਉਸਨੂੰ ਪੇਸ਼ਵਾ ਹੋਣਦੇ ਲਾਇਕ ਜਾਣਕੇ ਮੈਂ ਪੈਹਲਾਂ ਉਸਦੀ ਸਹੈਤਾ ਕਰਨ ਲਈ ਤਿਆਰ ਹੋਯਾ ਸਾਂ ਪਰ ਮੈਂ ਵੇਖਦਾ ਹਾਂ ਕਿ ਮੇਰੀ ਚੋਣ ਠੀਕ ਨਹੀਂ ਹੋਈ। ਜੇਕਰ ਇਹ ਕੰਮ ਕਿਸੇ ਹੋਰ ਨੂੰ ਸੌਂਪਿਆ ਜਾਂਦਾ ਤਾਂ ਮੇਰੀ ਇੱਛਾ ਬਹੁਤ ਕੁਝ ਪੂਰੀ ਹੋ ਜਾਂਦੀ। ਪਰ ਜੇਹੜੀ ਗਲਤੀ ਹੋਈ ਹੈ ਓਸਨੂੰ ਠੀਕ ਕਿਸੇ ਤਰਾਂ ਨਹੀਂ ਕਰ ਸਕਦਾ । ਮੈਂ ਇਕ ਦੋ ਦਿਨ ਤਕ ਦਿੱਲੀ ਜਾਵਾਂਗਾ। ਤੁਹਾਨੂੰ ਹੁਣ ਹੋਰ ਬਹੁਤ ਨਹੀਂ ਰੋਕਾਂਗਾ, ਅੱਜ ਸ਼ਾਮ ਨੂੰ ਹੀ ਛੱਡ ਦਿਆਂਗਾ। ਨਾਨਾ ਸਾਹਿਬ ਓਨਾਂ ਦੋਹਾਂ ( ਅਬਦੁੱਲਾ ਤੇ ਮੈਕੇਯਰ ) ਪਾਪੀਆਂ ਨੂੰ ਸਜਾ ਦੇਣ ਲਈ ਲੈ ਗਏ ਹਨ ਪਰ ਮੈਨੂੰ ਨਿਸਚਾ ਹੈ ਕਿ ਓਨਾਂ ਨੂੰ ਸਜ਼ਾ ਦੇਣੀ ਤਾਂ ਕਿਤੇ ਰਹੀ ਓਹ ਦੋਵੇਂ ਨਾਨੇ ਨੂੰ ਹੀ ਖੋਟੀ ਮਤ ਦੇਣਗੇ। ਮੈਂ ਜੇਕਰ ਇੱਛਾ ਕਰਦਾ ਤਾਂ ਆਪ ਹੀ ਓਨਾਂ ਨੂੰ ਸਜ਼ਾ ਦੇ ਸਕਦਾ ਸਾਂ। ਪਰ ਨਾਨੇ ਅੱਗੇ ਪ੍ਰਣ ਕਰ ਚੁਕਾ ਹਾਂ, ਓਸਨੂੰ ਪੇਸ਼ਵਾ ਮੰਨ ਚੁਕਾ ਹਾਂ, ਇਸ ਲਈ ਅੱਜ ਤੱਕ ਉਨਾਂ ਦਾ ਹੁਕਮ ਮੰਨਣਾ ਮੇਰਾ ਫਰਜ਼ ਸੀ । ਹੁਣ ਮੈਂ ਇਹ ਸੋਚਣਾ ਹੈ ਕਿ ਮੈਂ ਸਟੀਫਨ ਤੇ ਰੋਜ਼ ਦਾ ਕੋਈ ਭਲਾ ਕਰ ਸਕਦਾ ਹਾਂ ਕਿ ਨਹੀਂ। ਨਾਨਾ ਜਦ ਮੇਰੇ ਕਹੇ ਮੂਜਬ ਕੰਮ ਕਰਨਾ ਨਹੀਂ ਚਾਹੁੰਦਾ ਤਾਂ ਮੈਂ ਇਹ ਸਾਫ ਵੇਖਦਾ ਹਾਂ ਕਿ ਕਾਨਪੁਰ ਵਿਚ ਕੋਈ ਭਾਰੀ ਘਟਨਾ ਹੋਵੇਗੀ । ਇਸ ਲਈ ਆਪ ਰੋਜ਼

ਸਟੀਫਨ ਤੇ ਹੋਰ ਵੀ ਜਿਨ੍ਹਾਂ ਨੂੰ ਚਾਹੁੰਦੇ ਹੋ ਓਨਾਂ ਨੂੰ ਪੇਹਲਾਂ ਤੋਂ ਹੀ ਸਾਵਧਾਨ ਕਰ ਦਿਓ।

ਮੈਕੇਯਰ ਤੇ ਅਬਦੁੱਲੇ ਦੇ ਛੁਟ ਜਾਣ ਦੀ ਖਬਰ ਸੁਣਕੇ ਮੈਂ ਬਹੁਤ ਡਰਿਆ। ਤਾਂਤੀਆ ਟੋਪੀ ਜੇਕਰ ਨਾਨੇ ਦੇ ਸਾਥੀ ਬਣੇ ਰੈਂਹਦੇ ਤਾਂ ਵਿਪਤਾ ਦਾ ਡਰ ਬਹੁਤ ਘੱਟ ਹੁੰਦਾ। ਪਰ ਜਦ ਇਨਾਂ ਨਾਨੇ ਦਾ ਸਾਥ ਛੱਡ ਦਿਤਾ ਹੈ ਤੇ ਨਾਲੇ ਮੈਕੇਯਰ ਤ ਅਬਦੁੱਲੇ ਨੂੰ ਓਸਦੇ ਪਾਸ ਸੌਂਪ ਦਿਤਾ ਹੈ ਤਾਂ ਵਿਪਤਾ ਪੈਣ ਦਾ ਬਹੁਤ ਡਰ ਹੈ। ਮੈਕੇਯਰ ਛੁਟ ਗਿਆ ਹੈ, ਇਹ ਖਬਰ ਰੋਜ਼ ਤੇ ਸਟੀਫਨ ਨੂੰ ਪੁਚਾ ਦੇਣੀ ਮੇਰਾ ਵੱਡਾ ਫਰਜ਼ ਹੈ। ਇਸਦੇ ਪਿਛੋਂ ਸਰਕਾਰ ਨੂੰ ਵੀ ਇਸ ਗੱਲ ਦੀ ਖਬਰ ਦੇਕੇ ਬਲਵੇ ਨੂੰ ਬਹੁਤਾ ਨਾ ਭੜਕਣ ਦੇਣਾ ਵੀ ਜ਼ਰੂਰੀ ਕੰਮ ਹੈ। ਇਹ ਗੱਲਾਂ ਸੋਚਕੇ ਹੀ ਮੈਂ ਤਾਂਤੀਆ ਟੋਪੀ ਨੂੰ ਕਿਹਾ—ਮਹਾਤਮਾ ਜੀ, ਜਦ ਇਹ ਗੱਲ ਹੈ ਤਾਂ ਆਪ ਮੈਨੂੰ ਜਿੰਨੀ ਛੇਤੀ ਹੋ ਸਕੇ ਛੱਡ ਦੇਵੋ। ਹੁਣ ਵੀ ਸਮਾਂ ਹੈ, ਮੈਂ ਕਈ ਨਿਰਦੋਸ਼ੇ ਮਨੁੱਖਾਂ ਨੂੰ ਬਚਾ ਸਕਦਾ ਹਾਂ। ਮੈਂ ਅਪਣੇ ਮਕਾਨ ਦਾ ਪਤਾ ਤੁਹਾਨੂੰ ਦੇ ਜਾਂਦਾ ਹਾਂ, ਕੱਲ ਮੈਨੂੰ ਆਕੇ ਮਿਲਣਾ। ਮੈਂ ਇਸ ਵੇਲੇ ਰੋਜ਼ ਤੇ ਸਟੀਫਨ ਨੂੰ ਮਿਲਕੇ ਤੁਹਾਡੇ ਨਾਲ ਜਾਣ ਦੀ ਸਲਾਹ ਦਿਆਂਗਾ ਤੇ ਇਸਦੀ ਬਾਬਤ ਓਨਾਂ ਦੀ ਕੀ ਰਾਇ ਹੈ ਇਹ ਭੀ ਕਲ ਆਪ ਨੂੰ ਦਸਾਂਗਾ।

ਤਾਂਤੀਆ ਜੀ ਰਾਜ਼ੀ ਹੋ ਗਏ ਤੇ ਓਨਾਂ ਕੁਝ ਦੇਰ ਬਾਦ ਮੈਨੂੰ ਕਿਨਾਰੇ ਤੇ ਲਾਹ ਦਿੱਤਾ। ਤਾਂਤੀਆਂ ਟੋਪੀ ਪਾਸੋਂ ਵਿਦਾ ਹੋਕੇ ਮੈਂ ਪੇਹਲਾਂ ਆਪਣੇ ਮਕਾਨ ਉੱਤੇ ਗਿਆ। ਉੱਥੇ ਕੁਝ ਦੇਰ ਅਰਾਮ ਕਰਕੇ ਮੈਂ ਕਿਲੇ ਵਿਚ ਜਾਣ ਲਈ ਤੁਰ ਗਿਆ। ਇਸ ਵੇਲੇ ਰਾਤ ਦੇ ਸੱਤ ਵਜੇ

ਸਨ। ਸਾਰੇ ਲੋਕ ਬੜੇ ਡਰੇ ਹੋਏ ਸਨ। ਰਾਤ ਨੂੰ ਕਿਸੇ ਖਾਸ ਇਸ਼ਾਰੇ ਦੇ ਬਿਨਾਂ ਕਿਲੇ ਵਿੱਚ ਜਾਣਦਾ ਕੋਈ ਉਪਾ ਨਹੀਂ ਸੀ, ਜਿਸ ਵੇਲੇ ਮੈਂ ਕਿਲੇ ਦੇ ਸਾਮਣੇ ਪਹੁੰਚਾ ਠੀਕ ਉਸੇ ਵੇਲੇ ਦੋ ਮਨੁੱਖ ਕਿਲੇ ਤੋਂ ਤੇਜ਼ੀ ਨਾਲ ਬਾਹਰ ਨਿਕਲੇ। ਉਹ ਹਨੇਰੇ ਕਰਕੇ ਮੈਨੂੰ ਦੇਖ ਨ ਸਕੇ ਤੇ ਮੈਂ ਇਕ ਬ੍ਰਿਛ ਦੀ ਓਟ ਵਿਚ ਲੁੱਕ ਗਿਆ। ਜੇਹੜੇ ਬਾਹਰ ਨਿਕਲੇ ਸਨ ਉਹ ਹੌਲੀ੨ ਅੱਗੇ ਵਧੇ ਤੇ ਇਕ ਤੀਜੇ ਮਨੁੱਖ ਨਾਲ ਹੌਲੀ੨ ਗੱਲਾਂ ਕਰਨ ਲੱਗੇ। ਉਨਾਂ ਦੀਆਂ ਗੱਲਾਂ ਸਾਫ਼ ਸੁਣਨ ਵਿਚ ਨਾ ਆਈਆਂ। ਪਰ ਇੰਨਾਂ ਮੈਂ ਸੁਣ ਲਿਆ ਕਿ ਉਨਾਂ ਨੇ ਨਾਨਾ ਸਾਹਿਬ ਤੇ ਮੇਰਾ ਨਾਮ ਲਿਆ। ਨਾਮ ਸੁਣਕੇ ਮੈਨੂੰ ਸ਼ੱਕ ਪੈ ਗਿਆ ਤੇ ਮੈਂ ਵੱਡੀ ਹੁਸ਼ਿਆਰੀ ਨਾਲ ਉਨਾਂ ਦੀ ਚਾਲ ਢਾਲ ਵੇਖਣ ਲੱਗਾ। ਕੁਝ ਦੇਰ ਪਿੱਛੋਂ ਦੋ ਆਦਮੀ ਹੋਰ ਵੀ ਓਥੇ ਆਏ ਅਰ ਸਾਰੇ ਰਲਕੇ ਕਿਲੇ ਦੇ ਸਾਮਣੇ ਵਾਲੇ ਮੈਦਾਨ ਵਿਚ ਚੱਲੇ। ਕਿਲੇ ਦਾ ਦਰਵਾਜ਼ਾ ਬੰਦ ਹੋ ਗਿਆ ਤੇ ਪੈਹਰੇ ਵਾਲਿਆਂ ਦੀਆਂ ਅਵਾਜ਼ਾਂ ਆਉਣ ਲੱਗੀਆਂ। ਮੈਂ ਝਟ ਇਕ ਕਾਲਾ ਕਪੜਾ ਓੜ ਲਿਆ ਤੇ ਉਨਾਂ ਦਾ ਪਿੱਛਾ ਕੀਤਾ।ਕੁਝ ਪਰੇਜਾਕੇ ਸਾਰੇ ਇਕ ਬ੍ਰਿਛ ਹੇਠ ਠੈਹਰ ਗਏ, ਮੈਂ ਵੀ ਦੂਜੇ ਬ੍ਰਿਛ ਹੇਠ ਲੁਕ ਰਿਹਾ। ਮੈਂ ਓਥੇ ਉਨਾਂ ਦੀਆਂ ਗੱਲਾਂ ਸਾਫ਼ ਸੁਣ ਸਕਦਾ ਸਾਂ। ਇਕ ਆਦਮੀ ਨੇ ਅੰਗ੍ਰੇਜ਼ੀ ਵਿਚ ਕਿਹਾ–"ਮਹਾਰਾਜ! ਅਸੀਂ ਸਾਰੇ ਆ ਗਏ ਹਾਂ, ਹੁਣ ਸਾਨੂੰ ਕੀ ਹੁਕਮ ਹੈ?"

ਉਸਨੇ ਵੀ ਅੰਗ੍ਰੇਜ਼ੀ ਵਿਚ ਹੀ ਜਵਾਬ ਦਿੱਤਾ "ਅੱਛਾ" ਪਰ ਇਸਦੀ ਅਵਾਜ਼ ਤੋਂ ਮਲੂਮ ਹੁੰਦਾ ਸੀ ਕਿ ਉਹ ਕੋਈ ਦੇਸੀ ਆਦਮੀ ਹੈ, ਉਸਨੇ ਫੇਰ ਕਿਹਾ–ਲੂਈ, ਮੈਂ ਤੇਰੀਆਂ ਗੱਲਾਂ ਤੋਂ ਖੁਸ਼ ਹਾਂ। ਸਲਾਹ ਮੂਜਬ ਪਰਸੋਂ

ਕੰਮ ਅਰੰਭ ਹੋ ਜਾਣਾ ਚਾਹੀਦਾ ਹੈ । ਅੰਗ੍ਰੇਜ਼ਾਂ ਨੇ ਅਜੇ ਤਕ ਮੈਨੂੰ ਆਪਣਾ ਦੁਸ਼ਮਣ ਨਹੀਂ ਸਮਝਿਆ ਪਰ ਛੇਤੀ ਹੀ ਸਮਝ ਜਾਣਗੇ । ਅਛਾ ਹੁਣ ਚਲੋ ਮੈਕੇਯਰ ਪਾਸ ਚਲੀਏ, ਓਹ ਗੁਲਬਾਗ ਵਿੱਚ ਸਾਡਾ ਰਾਹ ਵੇਖ ਰਿਹਾ ਹੋਵੇਗਾ। ਤੁਸਾਂ ਸੁਣਿਆ ਹੀ ਹੋਵੇਗਾ ਕਿ ਤ੍ਰਾਂਤੀਆ ਨਾਲ ਮੇਰੀ ਅਣਬਣ ਹੋ ਗਈ ਹੈ ?"

ਇਹ ਆਖਕੇ ਸਾਰੇ ਜਣੇ ਗੁਲਬਾਗ ਵਲ ਚਲ ਪਏ । ਮੈਂ ਵੀ ਉਨ੍ਹਾਂ ਦੇ ਪਿਛੇ ੨ ਚਲਿਆ ਗਿਆ । ਮੈਂ ਸਮਝ ਗਿਆ ਕਿ ਇਹ ਮਹਾਰਾਜ ਨਾਨਾਂ ਹੀ ਹੈ ਹੋਰ ਕੋਈ ਨਹੀਂ ।

ਕਰੀਬ ੧ ਘੰਟੇ ਪਿਛੋਂ ਓਹ ਸਾਰੇ ਜਣੇ ਇਕ ਅੰਬਾਂ ਦੇ ਬਾਗ ਵਿਚ ਜਾ ਪਹੁੰਚੇ । ਮੈਂ ਵੀ ਹੁਸ਼ਿਆਰੀ ਨਾਲ ਉਨਾਂ ਦੇ ਪਿਛੇ ਚਲਿਆ ਗਿਆ। ਓਥੇ ਸਚ ਮੁਚ ਮੈਕੇਯਰ ਇਨ੍ਹਾਂ ਦਾ ਰਾਹ ਵੇਖਦਾ ਸੀ । ਇਸੇ ਬਾਗ ਨੂੰ ਇਹ ਸਾਰੇ ਜਣੇ ਗੁਲਬਾਗ ਆਖਦੇ ਸਨ । ਮੈਂ ਵੀ ਹੌਲੀ ੨ ਉਸ ਬਾਗ ਵਿਚ ਜਾ ਵੜਿਆ । ਇਸੇ ਵੇਲੇ ਹੀ ਕਿਸੇ ਨੇ ਪਿਛੋਂ ਆਕੇ ਮੇਰੀ ਪਿੱਠ ਤੇ ਹਥ ਰਖਿਆ । ਮੈਂ ਫਿਰਕੇ ਵੇਖਿਆ ਤਾਂ ਇਕ ਸੁੰਦਰ ਹਿੰਦੂ ਲੜਕੀ ਖੜੀ ਹੈ । ਮੈਂ ਝਟ ਜੇਬ ਵਿਚੋਂ ਪਿਸਤੌਲ ਕੱਢੀ ਤੇ ਉਸਦੇ ਮੱਥੇ ਵਿਚ ਨਿਸ਼ਾਨਾ ਬੰਨ੍ਹਕੇ ਪੁੱਛਿਆ—"ਤੂੰ ਕੌਣ ਹੈਂ ?"

ਲੜਕੀ—"ਮੇਰਾ ਨਾਮ ਮੈਨਾ ਹੈ ।"

ਮੈਂ—"ਮੈਨਾ ! ਇਹ ਨਾਮ ਤਾਂ ਅਜ ਤਕ ਮੈਂ ਨਹੀਂ ਸੁਣਿਆ ਤੇ ਨਾ ਤੈਨੂੰ ਪਛਾਣਦਾ ਹੀ ਹਾਂ। ਤੈਂ ਮੈਨੂੰ ਕਿਸਤਰਾਂ ਪਛਾਣਿਆ ?"

ਮੈਨਾ—"ਮੈਂ ਤੁਹਾਨੂੰ ਪਛਾਣਦੀ ਹਾਂ ਪਰ ਸਾਰੀਆ

ਗੱਲਾਂ ਦੱਸਣ ਦਾ ਇਹ ਸਮਾਂ ਨਹੀਂ। ਤੁਹਾਡੇ ਮਿਤ੍ਰ ਤੁਹਾਨੂੰ ਸੱਦ ਰਹੇ ਹਨ ਕੀ ਆਪ ਚਲੋਗੇ ?"

ਮੈਂ ਕਿਹਾ-ਜਦ ਤੇਰੇ ਨਾਲ ਮੇਰੀ ਜਾਣ ਪਛਾਣ ਹੀ ਨਹੀਂ ਤਦ ਤੇਰੀਆਂ ਗੱਲਾਂ ਮੈਂ ਕਿਸਤਰਾਂ ਮੰਨਾਂ। ਇਸ ਕਾਲੀ ਬੋਲੀ ਰਾਤ ਵਿਚ ਇਕ ਪਰਦੇਸੀ ਮਨੁੱਖ ਨੂੰ ਮਿਤ੍ਰ ਆਖਕੇ ਸੱਦਣ ਦਾ ਕੀ ਕਾਰਣ ਹੈ ? ਜ਼ਰਾ ਇਹ ਤਾਂ ਦੱਸ ?"

ਮੈਨਾ-"ਕਾਰਣ ਹੋਰ ਕੁਝ ਨਹੀਂ ਮੈਂ ਇਕ ਭਾਰੀ ਵਿਪਤਾ ਵਾਲੇ ਕੰਮ ਵਿੱਚ ਹਥ ਪਾ ਰਖਿਆ ਹੈ ਸੋ ਉਸਨੂੰ ਕਿੰਨਾਂ ਕਰ ਸਕਾਂਗੀ,ਨਹੀਂ ਆਖ ਸਕਦੀ। ਓਸ ਕੰਮ ਵਿਚ ਤੁਹਾਡੀ ਸਹੈਤਾ ਦੀ ਬਹੁਤ ਲੋੜ ਹੈ। ਅਜ ਚੰਗੇ ਭਾਗਾਂ ਨੂੰ ਆਪ ਮਿਲ ਗਏ ਹੋ ਇਸੇ ਲਈ ਕੁਝ ਹਿੰਮਤ ਕਰਕੇ ਇਹ ਗਲਾਂ ਤੁਹਾਨੂੰ ਦਸੀਆਂ ਹਨ। ਅਛਾ ਆਪ ਤਾਂਤੀਆ ਜੀ ਨੂੰ ਮਿਲਣ ਵਾਸਤੇ ਚਲੋ, ਓਹ ਤੁਹਾਡਾ ਰਾਹ ਵੇਖ ਰਹੇ ਹਨ।"

ਇਹ ਸੁਣਕੇ ਮੈਨੂੰ ਬੜਾ ਅਚਰਜ ਹੋਯਾ ਕਿ ਤਾਂਤੀਆ ਮੇਰੀ ਰਾਹ ਵੇਖ ਰਿਹਾ ਹੈ। ਮੈਨਾ ਦੀਆਂ ਸਿੱਧੀਆਂ ਸਾਦੀਆਂ ਗਲਾਂ ਉੱਤੇ ਇਤਬਾਰ ਆ ਗਿਆ ਪਰ ਪੈਹਲੀ ਵਿਪਦਾ ਦੇ ਯਾਦ ਔਣ ਪਰ ਮੈਨੂੰ ਸ਼ਕ ਵੀ ਗੁਜ਼ਰਿਆ। ਮੈਨੂੰ ਇਹ ਸ਼ੱਕ ਪਿਆ ਕਿ ਹੋ ਸਕਦਾ ਹੈ ਇਹ ਲੜਕੀ ਵੈਰੀਆਂ ਦੀ ਜਾਸੂਸ ਹੀ ਹੋਵੇ। ਐਸਾ ਨਾ ਹੋਵੇ ਜੋ ਮੈਂ ਫੇਰ ਓਨਾਂ ਦੇ ਜਾਲ ਵਿਚ ਜਾ ਫਸਾਂ। ਇਸ ਤਰਾਂ ਦੇ ਖਿਆਲਾਂ ਨੇ ਮੇਰੇ ਚਿੱਤ ਨੂੰ ਡਾਵਾਂ ਡੋਲ ਕੀਤਾ। ਮੈਂ ਕਿਹਾ-ਜਦ ਤੂੰ ਮੈਨੂੰ ਜਾਣਦੀ ਹੈਂ ਤਾਂ ਇਹ ਤੈਨੂੰ ਮਲੂਮ ਹੀ ਹੋਵੇਗਾ ਕਿ ਮੈਂ ਇੱਕ ਜਾਸੂਸ ਹਾਂ।ਜਾਸੂਸ ਲੋਕ ਇਕਦਮ ਕਿਸੇ ਦੀਆਂ ਗੱਲਾਂ ਉੱਤੇ

ਇਤਬਾਰ ਨਹੀਂ ਕਰਦੇ। ਇਸ ਲਈ ਮੈਂ ਵੀ ਤੇਰੀਆਂ ਗੱਲਾਂ ਉੱਤੇ ਇਤਬਾਰ ਨਹੀਂ ਕਰ ਸਕਦਾ।"

ਮੈਨਾ—ਤੁਸੀਂ ਇੰਨੀ ਬੇਇਤਬਾਰੀ ਕਿਉਂ ਕਰਦੇ ਹੋ? ਮੈਂ ਇਕ ਹਿੰਦੂ ਲੜਕੀ ਨਿਰਾਸਰੀ ਦਸ਼ਾ ਵਿਚ ਪੈਕੇ ਤੁਹਾਡੇ ਨਾਲ ਇਕ ਜਾਦੂ ਵਰਗੀਆਂ ਗੱਲਾਂ ਕਰ ਰਹੀ ਹਾਂ, ਪਰ ਤੁਹਾਨੂੰ ਜ਼ਰਾ ਵੀ ਤਰਸ ਨਹੀਂ ਆਉਂਦਾ? ਅੱਛਾ ਆਪ ਭਾਵੇਂ ਮੈਨੂੰ ਨਹੀਂ ਪਛਾਣਦੇ ਪਰ ਤਾਂਤੀਆ ਜੀ ਤੁਹਾਨੂੰ ਜੀਵਨ ਦੇਣ ਵਾਲੇ ਹਨ ਉਨ੍ਹਾਂ ਨੂੰ ਤਾਂ ਪਛਾਣਦੇ ਹੋ? ਜੇਕਰ ਉਨਾਂ ਪਾਸ ਵੀ ਤੁਸੀਂ ਨਹੀਂ ਜਾਣਾ ਚਾਹੁੰਦੇ ਤਾਂ ਖੜੇ ਰਹਵੋ ਮੈਂ ਓਨਾਂ ਨੂੰ ਇਥੇ ਹੀ ਸੱਦ ਲਿਆਉਂਦੀ ਹਾਂ।"

ਇਹ ਆਖਕੇ ਮੈਨਾ ਓਥੋਂ ਚਲੀ ਗਈ ਤੇ ਮੈਂ ਖੜਾ ਰਿਹਾ। ਓਥੋਂ ਕੋਈ ੯੦ ਹੱਥ ਦੀ ਵਿੱਥ ਉਤੇ ਨਾਨਾ ਤੇ ਓਸਦੇ ਸਾਥੀ ਰਲਕੇ ਸਲਾਹਾਂ ਕਰ ਰਹੇ ਸਨ। ਮੇਰੇ ਦਿਲ ਵਿਚ ਇਹ ਖਿਆਲ ਉਪਜਿਆ ਇਹ ਹਿੰਦੂ ਲੜਕੀ ਕੌਣ ਹੈ? ਇਹ ਕਿਉਂ ਇਸ ਤਰਾਂ ਜਾਦੂ ਵਰਗੀਆਂ ਗੱਲਾਂ ਕਰਦੀ ਹੈ? ਤਾਂਤੀਆ ਟੋਪੀ ਨੂੰ ਵੀ ਇਹ ਕਿਸ ਤਰਾਂ ਜਾਣਦੀ ਹੈ? ਇਸ ਤਰਾਂ ਦੇ ਬਹੁਤ ਸਾਰੇ ਪ੍ਰਸ਼ਨ ਮੇਰੇ ਦਿਲ ਵਿਚ ਉਠਣ ਲੱਗੇ। ਓਧਰ ਨਾਨਾ ਤੇ ਓਸਦੇ ਸਾਥੀ ਕੀ ਸਲਾਹਾਂ ਕਰ ਰਹੇ ਹਨ? ਇਹ ਜਾਣਨ ਲਈ ਵੀ ਚਿਤ ਚੰਚਲ ਹੋ ਪਿਆ। ਪਰ ਇਸ ਵੇਲੇ ਹੀ ਮੈਨਾ ਇਕ ਮਨੁੱਖ ਨੂੰ ਮੇਰੇ ਪਾਸ ਲੈ ਆਈ। ਓਹ ਸੱਚ ਮੁਚ ਤਾਂਤੀਆ ਟੋਪੀ ਹੀ ਸੀ। ਫਰਕ ਕੇਵਲ ਇੰਨਾ ਹੀ ਸੀ ਕਿ ਇਸ ਵੇਲੇ ਓਸਦੇ ਸਰੀਰ ਉਤੇ ਭਗਵੇ ਕੱਪੜ ਦੀ ਜਗਹ ਫੌਜੀ ਪੁਸ਼ਾਕ ਸਜ ਰਹੀ ਸੀ। ਓਨੇ ਆਉਂਦਿਆਂ ਹੀ ਨਰਮ ਜਹੀ ਨਾਲ ਕਿਹਾ—"ਸਰਦਾਰ ਰਾਮਪਾਲ ਸਿੰਘ ਜੀ, ਤੁਸੀਂ ਅਜ ਜਿਸ

ਕੰਮ ਲਈ ਆਏ ਹੋ ਮੈਂ ਵੀ ਮੈਨਾ ਸਣੇ ਓਸੇ ਹੀ ਕੰਮ ਲਈ ਆਯਾ ਹਾਂ। ਇਹ ਲੜਕੀ ਕੌਣ ਹੈ? ਇਹ ਗੱਲ ਤੁਹਾਨੂੰ ਫੇਰ ਦੱਸਾਂਗਾ। ਇਸ ਵਲੇ ਅਸਾਂ ਦੋਹਾਂ ਦੇ ਭਲੇ ਲਈ ਇਕ ਕੰਮ ਤੁਹਾਨੂੰ ਕਰਨਾ ਪਵੇਗਾ। ਕੀ ਤੁਸੀਂ ਕਰੋਗੇ?

ਮੈਂ-"ਕੀ ਕਰਨਾ ਹੈ, ਤੁਸੀਂ ਆਖੋ, ਕੋਸ਼ਸ਼ ਕਰਾਂਗਾ।"

ਤਾਂਤੀਆ-ਨਾਨਾ, ਮੇਕੇਯਰ, ਅਬਦੁੱਲਾ ਤੇ ਹੋਰ ਕਈ ਜਣੇ ਇਥੇ ਬੈਠੇ ਸਲਾਹਾਂ ਕਰ ਰਹੇ ਹਨ ਇਹ ਤੁਸੀ ਵੇਖ ਹੀ ਰਹੇ ਹੋ, ਮੈਂ ਅਜ ਨਾਨੇ ਦੇ ਸਿਵਾ ਹੋਰਨਾ ਸਭਣਾ ਨੂੰ ਕੈਦ ਕਰਾਂਗਾ। ਕਿਉਂਕਿ ਇਨਾਂ ਬਦਮਾਸ਼ਾਂ ਦੀ ਸਲਾਹ ਨਾਲ ਹੀ ਨਾਨਾ ਸਾਹਿਬ ਇਕ ਨਾਦਾਨ ਬੱਚੇ ਵਾਂਗ ਦੇਸ ਦੇ ਬੁਰੇ ਲਈ ਕੰਮ ਕਰਨਾ ਚਾਹੁੰਦੇ ਹਨ। ਪਰ ਇਸ ਵਿਚ ਇਹ ਕਦੇ ਕਾਮਯਾਬ ਨਹੀਂ ਹੋਣਗੇ ਤੇ ਵੈਰੀਆਂ ਦ ਹੱਥੋਂ ਇਨਾਂ ਦੇ ਪ੍ਰਾਣ ਬਿਰਥੇ ਹੀ ਜਾਣਗੇ। ਇਸ ਲਈ ਮੈਂ ਓਨਾਂ ਦਾ ਸਾਥ ਛੱਡਕੇ ਵਖਰਾ ਕੰਮ ਕਰਨਾ ਚਾਹੁੰਦਾ ਹਾਂ। ਮੈਨਾ ਮੈਨੂੰ ਬੜੀ ਪਿਆਰੀ ਹੈ ਜਿਕਰ ਮੈਨੂੰ ਸੰਸਾਰਵਿਚ ਕੋਈ ਚੀਜ਼ ਆਪਣੀ ਵਲ ਖਿੱਚਣ ਵਾਲੀ ਹੈ ਤਾਂ ਇਹੋ ਇਕ ਮੈਨਾ ਹੀ ਹੈ। ਇਸਦੇ ਕਾਰਣ ਹੀ ਮੈਂ ਨਾਨਾ ਨੂੰ ਧੋਖਾ ਬਨਾਣਾ ਮਨਜ਼ੂਰ ਕੀਤਾ ਸੀ।

ਅਜ ਓਸੇ ਮੈਨਾਂ ਦੀਆਂ ਅੱਖਾਂ ਵਿਚ ਅਥਰੂ ਦੇਖਕੇ ਹੀ ਮੈਂ ਨਾਨਾ ਸਾਹਿਬ ਨੂੰ ਵਿਪਤਾ ਤੋਂ ਬਚਾਣ ਲਈ ਤੁਰਿਆ ਹਾਂ। ਜਦ ਤੁਸੀਂ ਇਥੇ ਆ ਗਏ ਹੋ ਤਦ ਤੁਹਾਨੂੰ ਮੇਰੀ ਕੁਝ ਸਹੈਤਾ ਜ਼ਰੂਰ ਕਰਨੀ ਚਾਹੀਦੀ ਹੈ। ਅਸੀਂ ਜੋ ਕਿਲੇ ਤੋਂ ਹੀ ਨਾਨਾ ਤੇ ਉਸਦੇ ਸਾਥੀਆਂ ਦਾ ਪਿੱਛਾ

ਕਰ ਰਹੇ ਹਾਂ। ਤੁਹਾਨੂੰ ਹੁਣੇ ਇਥੇ ਵੇਖਕੇ ਮੈਂ ਤੁਹਾਥੋਂ ਸਹੈਤਾ ਮੰਗੀ ਹੈ। ਮੈਨੂੰ ਉਮੈਦ ਹੈ ਕਿ ਤੁਸੀਂ ਜ਼ਰੂਰ ਹੀ ਮੇਰੀ ਸਹੈਤਾ ਕਰੋਗੇ।

ਇਸ ਵੇਲੇ ਮੈਂ ਮੈਨਾ ਵਲ ਵੇਖਿਆ ਤਾਂ ਓਹ ਰੋ ਰਹੀ ਸੀ। ਕਿਉਂ ਰੋਂਦੀ ਹੈ ? ਨਾਨੇ ਦੀ ਵਿਪਦਾ ਦੀ ਓਸਨੂੰ ਕਿਉਂ ਇੰਨੀ ਚਿੰਤਾ ਹੈ ? ਡਾਂਗੀਆ ਨੂੰ ਓਹ ਇੰਨੀ ਪਿਆਰੀ ਕਿਸ ਕਰਕੇ ਹੈ ? ਇਹ ਸਾਰੀਆਂ ਗੱਲਾਂ ਇਕ ਬੁਝਾਰਤ ਵਰਗੀਆਂ ਮਲੂਮ ਹੋਣ ਲੱਗੀਆਂ। ਮੈਂ ਕਿਹਾ :—

"ਜੇਕਰ ਮੈਨਾ ਦੀ ਪਛਾਣਕਰਾਣਵਿਚ ਆਪਦਾ ਕੋਈ ਹਰਜ ਨਾ ਹੋਵੇ ਤਾਂ ਕਰਾ ਦਿਓ। ਕਿਉਂਕਿ ਇਸਦੇ ਜਾਣਨ ਲਈ ਮੇਰਾ ਚਿਤ ਉਤਾਵਲਾ ਹੋ ਰਿਹਾ ਹੈ, ਤੇ ਇਸਦੇ ਨਾਲ ਤੁਹਾਡਾ ਕੀ ਸੰਬੰਧ ਹੈ ? ਇਹ ਵੀ ਮੈਨੂੰ ਦੱਸੋ। ਇਹ ਸਭ ਕੁਝ ਸਮਝਕੇ ਮੈਂ ਜ਼ਰੂਰ ਓਸਦੀ ਸਹੈਤਾ ਕਰਾਂਗਾ।"

ਤਾਂਤੀਆ—"ਮੈਨਾ ਧੁੰਧੂਪੰਤ ਨਾਨਾ ਦੀ ਲੜਕੀ ਹੈ। ਨਾਨੇ ਦੇ ਪਰਮ ਪਿਤਾ ਬਾਜੀ ਰਾਵ ਮੈਨੂੰ ਬਚਪਨ ਤੋਂ ਹੀ ਬਹੁਤ ਪਿਆਰ ਕਰਦੇ ਸਨ ਅਤੇ ਕਈ ਤਰਾਂ ਨਾਲ ਮੇਰੀ ਸਹੈਤਾ ਵੀ ਕਰਦੇ ਸਨ। ਧੁੰਧੂਪੰਤ ਨਾਲ ਵੀ ਮੇਰੀ ਬਹੁਤ ਦਿਨਾਂ ਤੋਂ ਭਾਰੀ ਮਿਤ੍ਰਤਾ ਹੈ, ਬਾਜੀਰਾਵ ਦੇ ਮਰਨ ਸਮੇਂ ਮੈਂ ਪ੍ਰਤਿਗਯਾ ਕੀਤੀ ਸੀ ਕਿ ਨਾਨੇ ਦੀ ਸਭਤਰਾਂ ਨਾਲ ਸਹੈਤਾ ਕਰਾਂਗਾ, ਪਰ ਓਹ ਮਿਤ੍ਰਤਾ ਉਸਦੀ ਬੁੱਧੀ ਦੇ ਫਰਕ ਨਾਲ ਤੁਹਾਡੇ ਸਾਮਣੇ ਹੀ ਟੁੱਟ ਗਈ ਹੈ। ਮੈਨਾਂ ਨੂੰ ਮੈਂ ਬਚਪਨ ਤੋਂ ਹੀ ਪਿਆਰ ਦੀ ਨਜ਼ਰ ਨਾਲ ਵੇਖਦਾ ਆਉਂਦਾ ਹਾਂ। ਓਸਦੇ ਸਰਲ ਦਿਲ ਦੀ ਭਗਤੀ ਤੇ ਪ੍ਰੇਮ ਵਿਚ ਮੇਰਾ ਚਿੱਤ ਹਮੇਸ਼ਾਂ ਉਲਝਿਆ ਰੇਂਹਦਾ ਹੈ। ਬਸ

ਇਹ ਸਾਡਾ ਸੰਬੰਧ ਹੈ। ਜੋ ਤੁਹਾਨੂੰ ਦੱਸ ਦਿੱਤਾ ਹੈ। ਹੁਣ ਤੁਸੀਂ:—"

ਠੀਕ ਇਸੇ ਵੇਲੇ ਜਿਸ ਪਾਸੇ ਨਾਨਾ ਸਾਹਿਬ ਸਨ ਓਧਰੋਂ ਬੰਦੂਕ ਦੇ ਛੁੱਟਣ ਦੀ ਅਵਾਜ਼ ਆਈ। ਇਕ ਆਦਮੀ ਜ਼ੋਰ ਨਾਲ ਬੋਲ ਉਠਿਆ ਤੇ ਮੈਂ ਇੱਕ ਵਾਰਗੀ ਚੌਂਕ ਪਿਆ ਤੇ ਚਾਰੇ ਪਾਸੇ ਵੇਖਣ ਲੱਗਾ।

## ਕਾਂਡ ੩

## ਮੈਕੇਯਰ ਤੇ ਅਬਦੁੱਲਾ ਕੈਦ ਵਿਚ

### (ਸਰਦਾਰ ਰਾਮਪਾਲ ਸਿੰਘ ਦਾ ਬਿਆਨ)

ਭ੍ਰਾਂਤੀਏ ਨੇ ਕਿਹਾ—"ਸਰਦਾਰ, ਡਰੋ ਨਹੀਂ, ਓਹ ਸਾਰੇ ਮੇਰੇ ਹੀ ਆਦਮੀ ਹਨ। ਓਨਾਂ ਨੇ ਨਾਨਾ ਤੇ ਓਨਾਂ ਦੇ ਨੌਕਰਾਂ ਨੂੰ ਘੇਰ ਲਿਆ ਹੈ ਹੁਣ ਤੁਸੀਂ ਛੇਤੀ ਮੇਰੇ ਨਾਲ ਚਲੋ।"

ਇਹ ਆਖਕੇ ਤਾਂਤੀਏ ਨੇ ਮੇਨਾਂ ਨੂੰ ਓਥੇ ਹੀ ਖੜੋਨ ਲਈ ਕਿਹਾ ਤੇ ਮੇਰਾ ਹੱਥ ਫੜਕੇ ਤੇਜ਼ੀ ਨਾਲ ਓਧਰ ਤੁਰਿਆ। ਓਥੇ ਪਹੁੰਚਕੇ ਅਸਾਂ ਵੇਖਿਆ ਕਿ ਕਰੀਬ ੨੫ ਹਜ਼ਾਰ ਮਰਹੱਟੇ ਸਿਪਾਹੀ ਓਨਾਂ ਨੂੰ ਚੁਫੇਰੋਂ ਘੇਰੀ ਖੜੇ ਹਨ। ਮੈਕੇਯਰ, ਨਾਨਾ ਤੇ ਅਬਦੁੱਲਾ ਓਨਾਂ ਵਿਚੋਂ ਕੋਈ ਵੀ ਨਹੀਂ ਭੱਜ ਸਕਦਾ। ਓਹ ਸਾਰੇ ਆਪਣੇ ਬਚਾਉ ਲਈ ਹਥ ਵਿਚ ਪਿਸਤੌਲਾਂ ਪਕੜੀ ਖੜੇ ਹਨ। ਪੰਜ਼ੀ ਬੰਦੂਕਾਂ ਦਾ ਨਿਸ਼ਾਨਾਂ ਵੀ ਓਨਾਂ ਵਲ ਲੱਗਾ ਹੋਇਆ ਹੈ। ਸਿਪਾਹੀਆਂ ਵਿਚੋਂ ਇਕ ਨੇ ਕਿਹਾ—"ਤੁਹਾਡੇ ਵਿਚੋਂ ਜੇਕਰ ਕੋਈ ਆਪਣੇ ਆਪ ਨੂੰ ਬਚਾਉਣ ਲਈ ਨੱਠਣ ਦੀ ਕੋਸ਼ਿਸ਼

ਕਰੇਗਾ ਤਾਂ ਤਾਂਤੀਆਂ ਟੋਪੀ ਦੇ ਹੁਕਮ ਨਾਲ ਓਹ ਉਸੇ ਵੇਲੇ ਮਾਰ ਦਿੱਤਾ ਜਾਵੇਗਾ।"

ਇਸ ਵੇਲੇ ਹੀ ਤਾਂਤੀਆ ਟੋਪੀ ਨੇ ਮਿਆਨ ਵਿਚੋਂ ਤਲਵਾਰ ਕੱਢਕੇ ਪਤਾ ਨਹੀਂ ਕੀ ਇਸ਼ਾਰਾ ਕੀਤਾ ਕਿ ਕਰੀਬ ੨੫ ਬੰਦੂਕਾਂ ਦੇ ਛੁੱਟਣ ਦੀ ਅਵਾਜ਼ ਆਈ। ਜਦ ਧੂੰਆਂ ਹਟ ਗਿਆ ਤਾਂ ਇਹ ਕੌਤਕ ਵੇਖਣ ਵਿਚ ਆਯਾ ਕਿ ਨਾਨਾ ਸਾਹਿਬ ਦੇ ਸਿਵਾ ਉਸਦੇ ਹੋਰਨਾਂ ਸਭਨਾਂ ਸਾਥੀਆਂ ਦੀਆਂ ਮੁਸ਼ਕਾਂ ਬੰਨੀਆਂ ਪਈਆਂ ਹਨ। ਪੈਹਲਾਂ ਤਾਂ ਮੈਂ ਸਮਝਿਆ ਕਿ ਸ਼ਾਯਦ ਇਹ ਬੰਦੂਕਾਂ ਨਾਲ ਜ਼ਖਮੀ ਹੋਏ ਹਨ ਤੇ ਇਸੇ ਕਰਕੇ ਲੇਟ ਗਏ ਹਨ, ਪਰ ਜਦ ਪਾਸ ਜਾਕੇ ਮੈਂ ਵੇਖਿਆ ਤਾਂ ਮਲੂਮ ਹੋਯਾ ਕਿ ਓਨਾਂ ਵਿਚੋਂ ਮਰਿਆ ਕੋਈ ਵੀ ਨਹੀਂ, ਸਾਰੇ ਰੱਸੀਆਂ ਨਾਲ ਜਕੜੇ ਪਏ ਹਨ। ਮਰਹੱਟੇ ਸਿਪਾਹੀਆਂ ਨੇ ਵੱਡੀ ਬਹਾਦਰੀ ਤੇ ਚਲਾਕੀ ਨਾਲ ਉਨਾਂ ਬਦਮਾਸ਼ਾਂ ਨੂੰ ਕੈਦ ਕੀਤਾ ਸੀ। ਪਰ ਤਾਂਤੀਆ ਟੋਪੀ ਜਦ ਆਪ ਹੀ ਐਸੇ ੨ ਕੰਮਾਂ ਵਿਚ ਚਤਰ ਹੈ ਫੇਰ ਓਹ ਮੈਨੂੰ ਕਿਉਂ ਆਪਣੇ ਨਾਲ ਲਿਆਯਾ ਹੈ ਇਸ ਗੱਲ ਦੀ ਸਮਝ ਮੈਨੂੰ ਨਾ ਆਈ। ਇਸ ਵੇਲੇ ਤਾਂਤੀਆਂ ਨਾਨੇ ਦੇ ਸਾਮਣੇ ਜਾਕੇ ਖੜਾ ਹੋ ਗਿਆ। ਉਸਨੂੰ ਵੇਖਦੇ ਸਾਰ ਨਾਨੇ ਨੇ ਕਿਹਾ-ਬਦਮਾਸ਼, ਹੁਣ ਤੇਰਾ ਮੂੰਹ ਵੇਖਣ ਨੂੰ ਮੇਰਾ ਦਿਲ ਨਹੀਂ ਕਰਦਾ। ਹੁਣੇ ਮੇਰੀਆਂ ਅੱਖਾਂ ਤੋਂ ਦੂਰ ਹੋ ਜਾਹ। ਤੇਰੀ ਬਦਮਾਸ਼ੀ ਮੇਰੀਆਂ ਅੱਖਾਂ ਦੇ ਸਾਮਣੇ ਆ ਗਈ ਹੈ। ਮੇਰੇ ਪੇਸ਼ਵਾ ਹੋਣ ਪਰ ਤੇਰੇ ਕੰਮ ਵਿਚ ਰੁਕਾਵਟ ਪੈਂਦੀ, ਇਸ ਲਈ ਤੂੰ ਮੈਨੂੰ ਮਾਰਨ ਵਾਸਤੇ ਆਯਾ ਹੈਂ।"

ਤਾਂਤੀਆ ਟੋਪੀ ਨੇ ਕਿਹਾ-ਮੈਂ ਧੋਖਾ ਦੇਣਾ, ਛਲਨਾ

ਤੇ ਕਪਟ ਕਰਨਾ ਬਿਲਕੁਲ ਨਹੀਂ ਜਾਣਦਾ, ਮੇਰਾ ਵੱਡ ਮਤਲਬ ਹੈ ਦੇਸ਼ ਦਾ ਉੱਧਾਰ ਕਰਨਾ। ਤੁਹਾਨੂੰ ਨਾਲ ਲੈਕੇ ਹੀ ਮੈਂ ਇਸ ਕੰਮ ਵਿਚ ਤੱਤਪਰ ਹੋਯਾ ਸੀ। ਮੇਰਾ ਇਸ ਵਿਚ ਅਪਣਾ ਕੋਈ ਮਤਲਬ ਨਹੀਂ ਸੀ। ਤੁਹਾਨੂੰ ਮੈਂ ਇਕ ਸਾਧੂ ਸਰੂਪ ਤੇ ਉੱਤਮ ਪੁਰਖ ਸਮਝਕੇ ਪਸ਼ਵਾ ਬਣਾਯਾ ਸੀ, ਪਰ ਮੈਨੂੰ ਨਜ਼ਰ ਆਯਾ ਕਿ ਤੁਹਾਡਾ ਪਾਪੀ ਹਿਰਦਾ ਕੁਝ ਹੋਰ ਖਿਆਲਾਂ ਦੇ ਵਸ ਹੋ ਰਿਹਾ ਹੈ। ਇਸ ਲਈ ਮੈਂ ਹੁਣ ਤੁਹਾਡੀ ਸਹੈਤਾ ਨਹੀਂ ਕਰ ਸਕਦਾ। ਕਿਥੇ ਤਾਂ ਆਪਦਾ ਇਹ ਕੰਮ ਕਿ ਤੁਸੀਂ ਅਪਣੇ ਦੇਸ਼ ਨੂੰ ਬਚਾਣ ਖਾਤਰ ਧਰਮ ਦੀ ਲੜਾਈ ਕਰਨ ਲਈ ਤਿਆਰ ਸਾਓ ਤੇ ਕਿਥੇ ਹੁਣ ਤੁਸੀਂ ਇਨਾਂ ਪਾਪੀਆਂ ਦੇ ਆਖੇ ਲੱਗਕੇ ਨਿਹੱਥੇ ਮਰਦ ਤੀਵੀਆਂ ਨੂੰ ਮਾਰਨ ਦੀਆਂ ਗੀਦੀਆਂ ਸਲਾਹਾਂ ਕਰ ਰਹੇ ਹੋ। ਤੁਹਾਨੂੰ ਹਜ਼ਾਰ ਵਾਰੀ ਫਿਟਕਾਰ ਹੈ। ਤੁਸੀਂ ਆਪਣੇ ਪਰਲੋਕ ਵਾਸੀ ਮਹਾਰਾਜ ਬਾਜੀਰਾਵ ਪੇਸ਼ਵਾ ਦੇ ਜੱਸ ਨੂੰ ਵੀ ਕਲੰਕ ਲਾਕੇ ਉਸ ਵੰਸ਼ ਨੂੰ ਬਦਨਾਮ ਕਰ ਰਹੇ ਹੋ। ਪਰ ਕੀ ਕਹੀਏ, ਭਾਵੀ ਤੋਂ ਕੋਈ ਨਹੀਂ ਛੁਟ ਸਕਦਾ। ਮੈਂ ਤੁਹਾਡਾ ਸਾਥ ਛੱਡ ਦੇਣ ਪਰ ਭੀ ਤੁਹਾਡਾ ਸ਼ੁਭਚਿੰਤਕ ਹਾਂ ਤੇ ਇਸੇ ਕਰਕੇ ਤੁਹਾਨੂੰ ਸੁਚੇਤ ਕਰਨ ਆਯਾ ਹਾਂ। ਮੇਰਾ ਹੁਣ ਵੀ ਇਹੋ ਕੈਹਣਾ ਹੈ ਕਿ ਸੱਚੇ ਬੀਰ ਬਣਕੇ ਧਰਮ ਯੁੱਧ ਕਰੋ। ਛਲ ਕਪਟ ਕਰਕੇ ਤੇ ਬਦਲਾ ਲੈਣ ਦਾ ਖਿਆਲ ਧਾਰਕੇ ਨਰਕੀ ਜੀਵ ਨਾ ਬਣੋ। ਤੁਸੀਂ ਕੀ ਸਮਝਦੇ ਹੋ ਕਿ ਇਨ੍ਹਾਂ ਥੋੜੇ ਜੇਹੇ ਪਰਦੇਸੀ ਬਲਵਾਈਆਂ ਦੀ ਸਹੈਤਾ ਨਾਲ ਅੰਗਰੇਜ਼ਾਂ ਦੀ ਮਜ਼ਬੂਤ ਮੁੱਠ ਵਿਚ ਦਬੇ ਹੋਏ ਹਿੰਦੁਸਤਾਨ ਨੂੰ ਤੁਸੀਂ ਕੱਢ ਲਓਗੇ? ਜੇਕਰ ਅਜੇਹਾ ਸਮਝਦੇ ਹੋ ਤਾਂ ਇਹ ਤੁਹਾਡੀ ਭੁੱਲ ਹੈ।

ਮੈਂ ਜੇਕਰ ਚਾਹੁੰਦਾ ਤਾਂ ਸਾਰੇ ਦੱਖਣੀ ਇਲਾਕੇ ਦੇ ਰਾਜਿਆਂ ਦੀ ਸਹੈਤਾ ਲੈ ਸਕਦਾ ਸਾਂ। ਮੇਰੀ ਸਹੈਤਾ ਨਾਲ ਤੁਹਾਡੀ ਇੱਛਾ ਬਹੁਤ ਕੁਝ ਪੂਰਨ ਹੋ ਸਕਦੀ ਸੀ। ਪਰ ਹੁਣ ਇਨ੍ਹਾਂ ਗੱਲਾਂ ਦਾ ਕਰਨਾ ਫ਼ਜ਼ੂਲ ਹੈ। ਮੈਂ ਇਹ ਵੇਖ ਰਿਹਾ ਹਾਂ ਕਿ ਤੁਸੀਂ ਜ਼ਰੂਰ ਬਲਵਾ ਕਰੋਗ, ਪਰ ਇਸ ਕੰਮ ਵਿਚ ਕਾਮਯਾਬ ਨਹੀਂ ਹੋਵੋਗੇ। ਨਿਹੱਥੇ ਮਨੁੱਖਾਂ ਦੇ ਨਾਸ਼ ਲਈ ਤੁਸੀਂ ਜਿਸ ਤਰਾਂ ਦੀ ਜਾਲਸਾਜ਼ੀ ਕਰ ਰਹੇ ਹੋ ਉਸਦੇ ਬਦਲੇ ਵਿਚ ਛੇਕੜ ਤੁਹਾਨੂੰ ਹੀ ਇਨਾਂ ਅੰਗ੍ਰੇਜ਼ਾਂ ਦੇ ਹੱਥੋਂ ਜਾਨ ਗੁਆਣੀ ਪਵੇਗੀ।"

ਤਾਂਤੀਆ ਟੋਪੀ ਦੀਆਂ ਇਹ ਗੱਲਾਂ ਸੁਣਕੇ ਨਾਨਾ ਸਾਹਿਬ ਨੇ ਗੁੱਸੇ ਨਾਲ ਕਿਹਾ-"ਮੈਂ ਤੇਰੀਆਂ ਗੱਲਾਂ ਨਹੀਂ ਸੁਣਨਾ ਚਾਹੁੰਦਾ। ਮੇਰੀ ਤਰੱਕੀ ਦਾ ਰੋਕਣ ਵਾਲਾ ਤਹੀਓਂ ਹੈਂ। ਤੂੰ ਜੇਕਰ ਮੇਰਾ ਸੱਚਾ ਮਿੱਤ੍ਰ ਹੈਂ ਤਾਂ ਮੇਕੇਯਰ ਤੇ ਅਬਦੁੱਲੇ ਨੂੰ ਛੱਡ ਦੇਹ। ਇਨ੍ਹਾਂ ਦੇ ਨਾਲ ਮਿਲਕੇ ਮੈਂ ਜੋ ਮਹਾਨ ਕੰਮ ਕਰ ਸੱਕਾਂਗਾ ਓਹ ਤੈਥੋਂ ਨਹੀਂ ਹੋ ਸਕੇਗਾ।"

ਇਸੇ ਵੇਲੇ ਮੈਨਾ ਵੀ ਉਥੇ ਆ ਪਹੁੰਚੀ। ਉਸਨੂੰ ਵੇਖਕੇ ਨਾਨਾ ਸਾਹਿਬ ਨੇ ਅਚਰਜ ਹੋਕੇ ਕਿਹਾ-ਮੈਨਾ! ਇਸ ਹਨੇਰੀ ਘੁਨੇਰੀ ਰਾਤ ਨੂੰ ਤੂੰ ਇਥੇ ਕਿਉਂ ਆਈ ਹੈਂ? ਮੈਂ ਸਮਝਦਾ ਹਾਂ ਕਿ ਤੈਂਹੀਓਂ ਇਸ ਗੁਪਤ ਸਲਾਹ ਦੀ ਖਬਰ ਤਾਂਤੀਏ ਨੂੰ ਦੇਕੇ ਆਪਣੇ ਪਿਤ੍ਰੀ ਪਿਆਰ ਦਾ ਸਬੂਤ ਦਿਤਾ ਹੈ। ਤੂੰ ਮੇਰੀ ਲੜਕੀ ਨਹੀਂ ਡੈਣ ਹੈਂ। ਹਟ ਜਾ ਮੇਰੀਆਂ ਅੱਖਾਂ ਅੱਗੋਂ ਦੂਰ ਹੋ!"

ਮੈਨਾ ਇਸਦਾ ਕੋਈ ਜਵਾਬ ਨਾ ਦੇਕੇ ਪਿਤਾ ਦੇ ਪੈਰ ਫੜਕੇ ਰੋਣ ਲੱਗੀ। ਪਰ ਨਾਨੇ ਦਾ ਗੁੱਸਾ ਇਸ ਤੋਂ ਠੰਢਾ

ਨਾ ਹੋਕੇ ਸਗੋਂ ਵਧਦਾ ਹੀ ਗਿਆ। ਨਾਨਾ ਨੇ ਫੇਰ ਕਿਹਾ—"ਮੈਂ ਅੱਜ ਤੋਂ ਤੈਨੂੰ ਛੱਡ ਦਿਤਾ ਹੈ। ਹੁਣ ਇਸ ਜੀਵਨ ਵਿਚ ਤੇਰਾ ਮੂੰਹ ਮੈਂ ਨਹੀਂ ਵੇਖਾਂਗਾ। ਹਾਇ! ਮਾਂ ਦਾ ਦੁਧ ਤੇਰੇ ਲਈ ਜ਼ਹਿਰ ਕਿਉਂ ਨਾ ਹੋ ਗਿਆ? ਜੇਕਰ ਮੈਂ ਇਹ ਜਾਣਦਾ ਕਿ ਮੇਰੇ ਵੈਰੀ ਹੀ ਤੇਰੇ ਮਿੱਤ੍ਰ ਹੋਣਗੇ ਤਾਂ ਬਚਪੁਣੇ ਵਿਚ ਹੀ ਤੈਨੂੰ ਜ਼ਹਿਰ ਦੇਕੇ ਮਾਰ ਸੁਟਦਾ।"

ਮੈਨਾ ਨੇ ਰੋਂਦਿਆਂ ੨ ਕਿਹਾ—ਪਿਤਾ ਜੀ, ਬਹਾਦਰ ਅੰਗ੍ਰੇਜ਼ਾਂ ਦੇ ਵਿਰੁੱਧ ਹੋਣ ਦੀ ਤਾਕਤ ਕਿਸ ਵਿਚ ਹੈ? ਨੀਚਾਂ ਦੀ ਸਲਾਹ ਨਾਲ ਭਯਾਨਕ ਖੂਨ ਖਰਾਬੀ ਕਰਕੇ ਧਰਮ ਦੇ ਬਦਲੇ ਪਾਪ ਵਿਚ ਪੈਣਾ ਤੁਹਾਡੇ ਜਹੇ ਬੁਧਵਾਨਾਂ ਦਾ ਕੰਮ ਨਹੀਂ। ਇਸਦਾ ਨਤੀਜਾ ਸੋਚਕੇ ਮੇਰਾ ਦਿਲ ਕੰਬ ਜਾਂਦਾ ਹੈ। ਇਸ ਖੂਨ ਖਰਾਬੀ ਦਾ ਨਤੀਜਾ ਇਹ ਹੋਵੇਗਾ ਕਿ ਸਾਡੀਆਂ ਜਾਨਾਂ ਜਾਣਗੀਆਂ ਅਤੇ ਤੁਹਾਨੂੰ ਇਕ ਭਾਰੀ ਪਾਪ ਦਾ ਭਾਗੀ ਹੋਣਾ ਪਵੇਗਾ। ਹੁਣ ਭੀ ਵੇਲਾ ਹੈ ਜੇਕਰ ਅਸੀਂ ਤਾਂਤੀਆ ਟੋਪੀ ਨਾਲ ਰਲਕੇ ਕੰਮ ਕਰੀਏ ਤਾਂ ਅਪਣੇ ਦੇਸਦਾ ਭਲਾ ਅਸੀਂ ਬਹੁਤ ਕੁਝ ਕਰ ਸਕਦੇ ਹਾਂ॥

ਮੈਨਾ ਦੀ ਇਸ ਤਰਾਂ ਦੀ ਦਰਦ ਭਰੀ ਬੇਨਤੀ ਸੁਣਕੇ ਮੇਰੀਆਂ ਅੱਖਾਂ ਵਗ ਪਈਆਂ, ਪਰ ਕਰੜੇ ਦਿਲ ਨਾਨੇ ਦੇ ਖਿਆਲ ਨੇ ਜ਼ਰਾ ਪਲਟਾ ਨਾ ਖਾਧਾ। ਸਗੋਂ ਜਵਾਬ ਵਿਚ ਨਾਨੇ ਨੇ ਮੈਨਾ ਨੂੰ ਇਕ ਲੱਤ ਮਾਰੀ! ਓਹ ਵਿਚਾਰੀ ਲੱਤ ਖਾਕੇ ਦੂਰ ਜਾ ਪਈ। ਮੈਂ ਉਸਨੂੰ ਉਠੌਣ ਲਈ ਜਾਂਦਾ ਸਾਂ ਕਿ ਦਾਸੀਆਂ ਨੇ ਮੈਨੂੰ ਰੋਕ ਆਪ ਜਾ ਉਠਾਇਆ। ਮੈਨਾ ਫੇਰ ਭੀ ਨਾਨੇ ਦੇ ਪੈਰ ਫੜਨ ਲਈ ਜਾਣਾ ਚਾਹੁੰਦੀ ਸੀ, ਕਿ ਓਸਨੇ ਉਚੀ ਜਹੀ ਕਿਹਾ—"ਪਾਪਣੇ, ਹੁਣ ਇਕ ਪੈਰ ਭੀ ਅਗੇ ਨਾ ਆਵੀਂ ਹਨ

ਤਾਂ ਇਸੇ ਤਲਵਾਰ ਨਾਲ ਤੇਰੇ ਦੋ ਟਕੜੇ ਕਰ ਸੁੱਟਾਂਗਾ ॥"

ਮੈਨਾ ਤਾਂਤੀਆ ਦੇ ਪਾਸ ਖੜੀ ਹੋ ਰੋਣ ਲੱਗੀ। ਹੁਣ ਤੱਕ ਮੈਂ ਇਹ ਸਾਰਾ ਬ੍ਰਿਤਾਂਤ ਚੁਪ ਚਾਪ ਖੜਾ ਵੇਖ ਰਿਹਾ ਸਾਂ। ਤਾਂਤੀਆ ਦੀ ਫੌਜ ਵੀ ਮੈਕਘਰ ਅਬਦੁੱਲਾ ਤੇ ਓਸਦੇ ਸਾਥੀਆਂ ਨੂੰ ਬੰਨ੍ਹਕੇ ਚੁਪ ਚਾਪ ਮੂਰਤ ਵਾਂਗ ਖੜੀ ਸੀ। ਕੁਝ ਦੇਰ ਪਿਛੋਂ ਤਾਂਤੀਆ ਟੋਪੀ ਨੇ ਮੈਨੂੰ ਅਪਣੇ ਪਾਸ ਸੱਦਕੇ ਕਿਹਾ—"ਸਰਦਾਰ ਰਾਮਪਾਲ ਸਿੰਘ ! ਹੁਣ ਮੈਂ ਮੈਕੇਘਰ ਤੇ ਓਸਦੇ ਸਾਥੀਆਂ ਨੂੰ ਤੁਹਾਡੇ ਹੀ ਸਪੁਰਦ ਕਰਦਾ ਹਾਂ, ਤੁਸੀਂ ਇਨਾਂ ਨੂੰ ਸਰਕਾਰ ਪਾਸੋਂ ਜ਼ਰੂਰ ਸਜ਼ਾ ਦਿਵਾਓ ਤੇ ਇਸ ਗੱਲ ਦਾ ਖਿਆਲ ਰੱਖੋ ਕਿ ਏਹ ਮੁੜਕੇ ਨਾਨਾ ਸਾਹਿਬ ਨੂੰ ਨਾ ਮਿਲ ਸੱਕਣ। ਮੇਰੀ ਫੌਜ ਇਨਾਂ ਨੂੰ ਤੁਹਾਡੇ ਮਕਾਨ ਉਤੇ ਪਹੁੰਚਾ ਦੇਵੇਗੀ। ਮੈਂ ਤੁਹਾਨੂੰ ਹੁਕਮਨ ਕੈਂਹਦਾ ਹਾਂ ਕਿ ਨਾਨਾ, ਮੈਨਾ ਤੇ ਮੇਰੇ ਕੰਮਾਂ ਦੀ ਬਾਬਤ ਜੋ ਅੱਜ ਤੁਸਾਂ ਇਥੇ ਵੇਖ ਹਨ ਕਿਸੇ ਨੂੰ ਕੁਝ ਨਹੀਂ ਆਖੋਗੇ। ਅਸੀਂ ਵੀ ਇਕ ਦੋ ਦਿਨ [illegible] ਇਹ ਜਗ੍ਹਾ ਛੱਡ ਜਾਵਾਂਗੇ। ਅੱਜ ਮੈਂ ਤੁਹਾਨੂੰ ਉਡੀਕਕੇ ਹੀ ਸਟੀਫਨ ਨੂੰ ਮਿਲਕੇ ਸਾਰੀਆਂ ਗੱਲਾਂ ਸਮਝਾ ਦਿਤੀਆਂ ਹਨ। ਕੱਲ ਫੇਰ ਸਟੀਫਨ ਤੇ ਤੁਹਾਨੂੰ ਮਿਲਾਂਗਾ।"

ਮੈਂ ਕਿਹਾ—ਇੰਨੀ ਰਾਤ ਨੂੰ ਮੈਂ ਕੈਦੀ ਅਪਣੇ ਮਕਾਨ ਉਤੇ ਨਹੀਂ ਲੈ ਜਾਂਦਾ, ਕਿਉਂਕਿ ਮੈਂ ਪੈਹਲਾਂ ਧੋਖਾ ਖਾ ਚੁਕਾ ਹਾਂ। ਜੇਕਰ ਤੁਹਾਡੀ ਫੌਜ ਕਿਲੇ ਤਕ ਇਨਾਂ ਨੂੰ ਪੁਚਾ ਦੇਵੇ ਤਾਂ ਫੇਰ ਮੈਂ ਇਨਾਂ ਨੂੰ ਚੰਗੀ ਤਰਾਂ ਕੈਦ ਰੱਖ ਸਕਦਾ ਹਾਂ, ਨਹੀਂ ਤਾਂ ਇਹ ਲੋਕ ਜਿਸ ਤਰਾਂ ਦੇ ਹੁਸ਼ਿਆਰ ਹਨ ਤੇ ਇਨ੍ਹਾਂ ਦੇ ਭਰਾ ਭਾਈ ਚਾਰੇ ਪਾਸੇ ਜਸ ਤਰਾਂ ਘੁਮ ਰਹੇ ਹਨ ਇਹ ਕਦੇ ਵੀ ਕਾਬੂ ਨਹੀਂ ਆ ਸਕਦੇ।"

ਤਾਂਤੀਆ ਨੇ ਕਿਹਾ—"ਚੰਗੀ ਗੱਲ, ਮੇਰੀ ਫੌਜ ਹੀ ਇਨਾਂ ਨੂੰ ਕਿਲੇ ਤਕ ਪੁਚਾ ਦੇਵੇਗੀ। ਪਰ ਯਾਦ ਰੱਖਣਾ ਇਸ ਗੱਲ ਦਾ ਕਿਸੇ ਨੂੰ ਪਤਾ ਨਾ ਲੱਗੇ ਕਿ ਇਹ ਮੇਰੇ ਆਦਮੀ ਹਨ।"

ਮੈਂ ਕਿਹਾ—"ਆਪ ਬੇਫਿਕਰ ਰਹੋ।"

ਇਸਦੇ ਪਿਛੋਂ ਕੈਦੀਆਂ ਦੇ ਸਾਰੇ ਹਥਿਆਰ ਖੋਹੇ ਗਏ। ਰੱਸੀਆਂ ਨਾਲ ਉਨਾਂ ਨੂੰ ਹੋਰ ਵੀ ਕੱਸਕੇ ਬੰਨ੍ਹਿਆ ਗਿਆ। ਉਨਾਂ ਨੂੰ ਲੈਕੇ ਅਸੀਂ ਕਿਲੇ ਨੂੰ ਚਲੇ। ਤਾਂਤੀਆ, ਨਾਨਾ ਤੇ ਮੈਨਾ ਓਥੇ ਹੀ ਰਹੇ। ਔਣ ਵੇਲੇ ਮੈਂ ਮੈਨਾ ਵੱਲ ਵੇਖਿਆ ਤਾਂ ਓਹ ਤਾਂਤੀਆ ਟੋਪੀ ਦੇ ਪੈਰ ਫੜਕੇ ਰੋ ਰਹੀ ਸੀ।

ਮੈਕੇਯਰ, ਅਬਦੁੱਲਾ ਤੇ ਦੋ ਹੋਰ ਗੋਰੇ ਇਹ ਚਾਰ ਕੈਦੀ ਮੇਰੇ ਨਾਲ ਸਨ। ਰਾਤ ਦੇ ਦਸ ਵਜੇ ਅਸੀਂ ਕਿਲੇ ਦੇ ਦਰਵਾਜ਼ੇ ਉਤੇ ਜਾ ਪਹੁੰਚੇ। ਇਸ ਵੇਲੇ ਦਰਵਾਜ਼ਾ ਬੰਦ ਸੀ। ਮੈਂ ਇਸ਼ਾਰੇ ਲਈ ਕਈ ਵਾਰੀ ਪਿਸਤੌਲ ਚਲਾਈ। ਕੁਝ ਦੇਰ ਪਿਛੋਂ ਕਿਲੇ ਵਿਚ ਬਿਗੁਲ ਵੱਜਿਆ ਤੇ ਨਾਲ ਹੀ ਇਕ ਪੈਹਰੇਦਾਰ ਨੇ ਪੁਛਿਆ—"ਤੁਸੀਂ ਕੌਣ ਹੋ ਤੇ ਕੀ ਚਾਹੁੰਦੇ ਹੋ?"

ਮੈਂ ਕਿਹਾ—"ਮੈਂ ਡਿਟੇਕਟਿਵ ਕਮਿਸ਼ਨਰ ਰਾਮਪਾਲ ਸਿੰਘ ਹਾਂ। ਮੈਕੇਯਰ ਤੇ ਅਬਦੁੱਲਾ ਵਗੈਰਾ ਬਲਵਾਈਆਂ ਨੂੰ ਫੜਕੇ ਲਿਆਇਆ ਹਾਂ। ਛੇਤੀ ਇਸਦੀ ਖਬਰ ਜਨਰਲ 'ਹ੍ਯੂ' ਨੂੰ ਦਿਓ।"

ਮੇਰੀਆਂ ਗੱਲਾਂ ਸੁਣਕੇ ਪੈਹਰੇ ਵਾਲਾ ਚਲਿਆ ਗਿਆ। ਕੁਝ ਦੇਰ ਬਾਦ ਹੀ ਕਿਲੇ ਦਾ ਦਰਵਾਜ਼ਾ ਖੁਲ੍ਹਣ ਦੀ ਅਵਾਜ਼ ਆਈ। ਕਈਆਂ ਸਿਪਾਹੀਆਂ ਦੇ ਨਾਲ

ਜਨਰਲ ਹੇ ਮੇਰੇ ਪਾਸ ਆਏ। ਉਨਾਂ ਨੇ ਹੈਰਾਨ ਹੋਕੇ ਕਿਹਾ—ਸਰਦਾਰ ਜੀ, ਮੈਂ ਤੁਹਾਨੂੰ ਫੇਰ ਜੀਉਂਦਾ ਵੇਖਾਂਗਾ, ਇਹ ਆਸ ਨਹੀਂ ਸੀ। ਅਸਾਂ ਸਮਝ ਲਿਆ ਸੀ ਕਿ ਬਦਮਾਸ਼ ਮੈਕੇਯਰ ਦੇ ਹੱਥੋਂ ਤੁਸੀਂ ਮਾਰ ਗਏ। ਪਰ ਵਾਹਿਗੁਰੂ ਦੀ ਕ੍ਰਿਪਾ ਨਾਲ ਤੁਸੀਂ ਫੇਰ ਬਚਕੇ ਆ ਗਏ ਹੋ, ਇਸ ਲਈ ਮੇਰੀ ਖੁਸ਼ੀ ਦੀ ਕੋਈ ਹਦ ਨਹੀਂ।

ਮੈਂ ਕਿਹਾ—ਮੈਂ ਬਿਪਤਾ ਭੋਗਣ ਤੋਂ ਨਹੀਂ ਬਚ ਸਕਿਆ। ਇਕ ਦੂਸਰੇ ਆਦਮੀ ਦੀ ਕ੍ਰਿਪਾ ਨਾਲ ਹੀ ਮੈਂ ਬਚ ਗਿਆ ਹਾਂ, ਅਤੇ ਉਸਦੀ ਹੀ ਮਦਦ ਨਾਲ ਡਾਕੂ ਮੈਕੇਯਰ ਤੇ ਉਸਦੇ ਸਾਰੇ ਸਾਥੀਆਂ ਨੂੰ ਫੜ ਸਕਿਆ ਹਾਂ।"

ਮੈਕੇਯਰ ਦਾ ਨਾਮ ਸੁਣਕੇ ਜਨਰਲ ਹੇ ਨੇ ਬੜੀ ਹੈਰਾਨੀ ਨਾਲ ਪੁਛਿਆ—"ਕੀ ਸੱਚਮੁਚ ਤੁਸਾਂ ਮੈਕੇਯਰ ਨੂੰ ਫੜ ਲਿਆ ਹੈ ?"

ਮੈਂ—"ਹਾਂ ਜੀ, ਨਾਲ ਹੀ ਉਸਦੇ ਕਈਆਂ ਸਾਥੀਆਂ ਨੂੰ ਵੀ।"

ਇਸਦੇ ਪਿਛੋਂ ਜਨਰਲ ਹੇ ਦੇ ਹੁਕਮ ਨਾਲ ਕਈ ਹੋਰ ਵੀ ਸਿਪਾਹੀ ਅੰਦਰੋਂ ਆਏ ਤੇ ਕੈਦੀਆਂ ਨੂੰ ਲੈ ਗਏ। ਮੈਂ ਵੀ ਤਾਂਤੀਆ ਟੋਪੀ ਦੇ ਸਿਪਾਹੀਆਂ ਨੂੰ ਵਿਦਾ ਕਰਕੇ ਜਨਰਲ ਹੇ ਦੇ ਨਾਲ ਕਿਲੇ ਵਿਚ ਗਿਆ। ਜਨਰਲ ਹੇ ਨੇ ਉਨਾਂ ਮਰਹੱਟੇ ਸਿਪਾਹੀਆਂ ਬਾਬਤ ਮੈਥੋਂ ਕਈ ਵਾਰੀ ਪੁਛਿਆ ਪਰ ਮੈਂ ਕਿਹਾ—"ਇਹ ਸਿਪਾਹੀ ਜਿਸਦੇ ਹਨ ਉਸਦਾ ਨਾਮ ਹਾਲੇ ਦੱਸਨ ਦੀ ਲੋੜ ਨਹੀਂ। ਸਮੇਂ ਸਿਰ ਸਬ ਹਾਲ ਦੱਸਾਂਗਾ।"

ਰਾਤ ਨੂੰ ਮੈਂ ਕਿਲੇ ਵਿਚ ਹੀ ਰਿਹਾ ਤੇ ਮੇਰਾ ਬਹੁਤ ਸਾਰਾ ਸਮਾਂ ਨਾਨਾ ਦੀ ਬਾਬਤ ਵਿਚਾਰ ਕਰਦਿਆਂ ਹੀ

ਬੀਤਿਆ। ਦੂਜੇ ਦਿਨ ਸਵੇਰੇ ਲਾਰਡ ਕੈਨਿੰਗ ਪਾਸ ਕਲਕੱਤੇ ਨੂੰ ਇਹ ਤਾਰ ਮੈਂ ਭੇਜੀ–

ਗਾਰਡਨ ਦੀ ਲੜਕੀ ਹੇਲਨਾ ਦਾ ਖੂਨ ਕਰਨ ਵਾਲਾ ਫ੍ਰਾਂਸੀਸੀ ਡਾਕੂ ਮੈਕੇਯਰ ਤੇ ਉਸਦਾ ਸਾਥੀ ਅਬਦੁੱਲਾ ਦੋਵੇਂ ਫੜ ਗਏ ਹਨ। ਜਿਸ ਤਰਾਂ ਦੀਆਂ ਖਬਰਾਂ ਆ ਰਹੀਆਂ ਹਨ ਉਨਾਂ ਤੋਂ ਮਲੂਮ ਹੁੰਦਾ ਹੈ ਕਿ ਬਲਵਾ ਛੇਤੀ ਹੀ ਹੋਵੇਗਾ। ਪਰ ਮੈਕੇਯਰ ਦੇ ਫੜੇ ਜਾਣ ਨਾਲ ਬਲਵੇ ਦ ਬਹੁਤ ਕੁਝ ਦੱਬ ਜਾਣ ਦੀ ਆਸ ਹੈ। ਕਿਉਂਕਿ ਉਸਦੇ ਫੜੇ ਜਾਣ ਕਰਕੇ ਨਾਨਾ ਦਾ ਸੱਜਾ ਹੱਥ ਟੁੱਟ ਗਿਆ ਹੈ, ਅਰ ਨਾਨਾ ਹੀ ਸਾਰੇ ਬਲਵਾਈਆਂ ਦਾ ਆਗੂ ਹੈ।"

ਇਸੇ ਦਿਨ ਦਿੱਲੀ ਤੋਂ ਖਬਰ ਆਈ ਕਿ ਬਾਗ਼ੀ ਸਿਪਾਹੀ ਕਾਨਪੁਰ ਨੂੰ ਰਵਾਨਾ ਹੋਏ ਹਨ। ਇਹ ਖਬਰ ਪਾਕੇ ਅਸੀਂ ਵੀ ਘਾਬਰ ਗਏ।

## ਕਾਂਡ ੪

## ਬਲਵਾ ਤੇ ਭੱਜ ਨੱਠ

(ਸਰਦਾਰ ਰਾਮ ਪਾਲ ਸਿੰਘ ਦਾ ਬਿਆਨ)

ਦੂਜੇ ਦਿਨ ਸਵੇਰੇ ਫੌਜ ਦੀ ਪਰੇਡ ਹੋਣ ਵੇਲੇ ਮੈਂ ਮੌਜੂਦ ਸਾਂ। ੧ ਨੰਬਰ ਪਲਟਨ ਦੀ ਚਾਲ ਢਾਲ ਵੇਖਕੇ ਮੈਂ ਜਾਣ ਗਿਆ ਕਿ ਇਸਦੇ ਬਾਗ਼ੀ ਹੋਣ ਵਿਚ ਹੁਣ ਦੇਰ ਨਹੀਂ। ਮੈਂ ਝਟ ਜਨਰਲ ਹੇ ਨੂੰ ਖਬਰ ਦਿੱਤੀ, ਪਰ ਉਨਾਂ ਕਿਹਾ–ਬਲਵੇ ਦਾ ਕੋਈ ਨਿਸ਼ਾਨ ਤਾਂ ਨਹੀਂ ਦਿੱਸਦਾ। ਪਰ ਪਿੱਛੋਂ ਮੇਰੀ ਗੱਲ ਸੱਚੀ ਨਿਕਲੀ ਤੇ ਜਨਰਲ ਹੇ ਪਛਤਾਉਂਦਾ ਰਿਹਾ। ਮੇਰੀ ਗਲ ਉੱਤੇ ਇਤਬਾਰ ਕਰਕੇ ਜੇਕਰ ਉਸ ਦਿਨ ਉਸ ਫੌਜ ਦੇ ਹਥਿਆਰ ਖੋਹ

ਲਏ ਜਾਂਦੇ ਤਾਂ ਸੰਨ ੫੭ ਦਾ ਬਲਵਾ ਇੰਨਾਂ ਭਿਆਨਕ ਨਾ ਹੁੰਦਾ।

ਮੈਂ ਅੱਠ ਬਜੇ ਦੇ ਕਰੀਬ ਕਿਲੇ ਤੋਂ ਚਲਿਆ ਤਾਂ ਪੇਹਲੇ ਲਛਮਣ ਦਾਸ ਮਿਲਿਆ। ਉਸਨੇ ਮੇਰੇ ਹੱਥ ਇੱਕ ਚਿੱਠੀ ਦੇਕੇ ਕਿਹਾ—ਕਲ ਇੱਕ ਸਾਧੂ ਤੁਹਾਨੂੰ ਮਿਲਣ ਆਯਾ ਸੀ। ਪਰ ਤੁਹਾਡੀ ਮੁਲਾਕਾਤ ਨਾ ਹੋਣ ਕਰਕੇ ਇਹ ਚਿੱਠੀ ਦੇ ਗਿਆ ਹੈ।' ਚਿੱਠੀ ਅੰਗ੍ਰੇਜ਼ੀ ਵਿਚ ਸੀ।ਸਾਧੂ ਦਾ ਨਾਮ ਸੁਣਕੇ ਮੈਂ ਜਾਣ ਗਿਆ ਤਾਂਤੀਆ ਦੇ ਸਿਵਾ ਹੋਰ ਕੋਈ ਨਹੀਂ। ਉਤਾਵਲੇ ਹੋਕੇ ਮੈਂ ਚਿੱਠੀ ਖੋਲੀ, ਜਿਸ ਵਿਚ ਇਹ ਲਿਖਿਆ ਸੀ –

"ਨਾਨਾ ਸਾਹਿਬ ਨੇ ਮੇਰੀ ਗੱਲ ਨਹੀਂ ਮੰਨੀ। ਛੇਤੀ ਹੀ ਵੱਡਾ ਭਾਰੀ ਬਲਵਾ ਹੋਵੇਗਾ। ਮੇਕੇਯਰ ਤੇ ਅਬਦੁੱਲੇ ਨੂੰ ਖੂਬ ਹੁਸ਼ਿਆਰੀ ਨਾਲ ਰਖਣਾ,ਓਹ ਫੇਰ ਨਾ ਬਾਗੀਆਂ ਨੂੰ ਮਿਲਣ।"

ਚਿੱਠੀ ਪੜ੍ਹਕੇ ਮੈਂ ਸੋਚਿਆ ਕਿ ਨਾਨੇ ਨੂੰ ਛੇਤੀ ਫੜਨਾ ਚਾਹੀਦਾ ਹੈ ਨਹੀਂ ਤਾਂ ਕਾਨਪੁਰ ਵਿਚ ਭਾਰੀ ਬਲਵਾ ਹੋ ਜਾਵੇਗਾ। ਨਾਲ ਹੀ ਇਸਦੇ ਮੈਨੂੰ ਮੈਨਾ ਦੀ ਗੱਲ ਵੀ ਯਾਦ ਆ ਪਈ। ਕਿਉਂਕਿ ਨਾਨੇ ਨੂੰ ਫੜਕੇ ਸਰਕਾਰ ਦੇ ਹੱਥ ਸੌਂਪਣ ਵਿਚ ਉਸਨੂੰ ਫਾਸੀ ਦੇ ਸਿਵਾ ਹੋਰ ਕੋਈ ਸਜ਼ਾ ਨਹੀਂ ਹੋਣੀ ਸੀ, ਫੇਰ ਤਾਂਤੀਆ ਵੀ ਇਸਤੋਂ ਜ਼ਰੂਰ ਅਪ੍ਰਸੰਨ ਹੋਵੇਗਾ, ਪਰ ਫਰਜ਼ ਪੂਰਾ ਕਰਨ ਲਈ ਇਹ ਕੰਮ ਕਰਨਾ ਹੀ ਚਾਹੀਦਾ ਹੈ। ਫੇਰ ਮੈਂ ਸੋਚਿਆ ਕਿ ਨਾਨੇ ਨੂੰ ਕੈਦ ਕਰਕੇ ਪੇਹਲਾਂ ਮੈਂ ਆਪਣੇ ਪਾਸ ਹੀ ਰਖਾਂਗਾ, ਜਦ ਬਲਵਾ ਹਟ ਜਾਵੇਗਾ ਫੇਰ ਉਸਨੂੰ ਛੱਡ ਦੇਵਾਂਗਾ। ਪਰ ਇਹ ਕੰਮ ਕਰਨ ਤੋਂ ਪੇਹਲਾਂ ਮੈਂ

ਤਾਂਤੀਆ ਟੋਪੀ ਦੀ ਸਲਾਹ ਲੈਣੀ ਯੋਗ ਸਮਝੀ। ਜਦ ਮੈਂ ਨਾਨੇ ਨੂੰ ਆਪਣੇ ਪਾਸ ਰਖਣ ਦਾ ਖਿਆਲ ਕਰ ਲਿਆ ਹੈ ਤਾਂ ਹੋ ਸਕਦਾ ਹੈ ਤਾਂਤੀਆ ਵੀ ਇਸ ਪਰ ਰਾਜ਼ੀ ਹੋ ਜਾਵੇ। ਇਕ ਚਿੱਠੀ ਲਿਖਕੇ ਮੈਂ ਲਛਮਣ ਦਾਸ ਦੇ ਹੱਥ ਫੜਾਈ ਤੇ ਉਸਨੂੰ ਤਾਂਤੀਆ ਪਾਸ ਭੇਜ ਦਿੱਤਾ। ਤਾਂਤੀਆਂ ਇਸ ਵੇਲੇ ਕਿਥੇ ਹੈ ? ਇਹ ਵੀ ਮੈਂ ਉਸਨੂੰ ਦੱਸ ਦਿੱਤਾ, ਤੇ ਇਸ਼ਾਰਾ ਵੀ ਸਮਝਾਯਾ।ਲਛਮਣ ਦਾਸ ਚਲਿਆ ਗਿਆ।

ਲਛਮਣ ਦਾਸ ਦੇ ਚਲੇ ਜਾਣ ਪਰ ਮੈਂ ਰੋਟੀ ਪਾਣੀ ਖਾ ਕੇ ਕੁਝ ਅਰਾਮ ਕਰਨ ਲੱਗਾ। ਢਾਈ ਵਜਣ ਵਾਲੇ ਹੋ ਗਏ ਪਰ ਉਹ ਨਾ ਮੁੜਿਆ। ਮੈਂ ਫੌਜੀ ਪੁਸ਼ਾਕ ਪਾਕੇ ਕਿਲੇ ਨੂੰ ਚਲਿਆ ਤਾਂ ਰਾਹ ਵਿਚ ਲਛਮਣ ਦਾਸ ਵੀ ਮਿਲ ਪਿਆ। ਉਸਨੇ ਕਿਹਾ ਕਿ ਤਾਂਤੀਆ ਟੋਪੀ ਨਾਨੇ ਦੀ ਖਬਰ ਨਹੀਂ ਦੱਸਣੀ ਚਾਹੁੰਦਾ। ਇਹ ਗੱਲ ਮੈਂ ਪੈਹਲਾਂ ਹੀ ਜਾਣਦਾ ਸਾਂ। ਛੇਕੜ ਲਛਮਣ ਦਾਸ ਨੂੰ ਵੀ ਮੈਂ ਤਿਆਰ ਹੋਕੇ ਕਿਲੇ ਵਿਚ ਆਉਣ ਨੂੰ ਆਖ ਮੈਂ ਚਲ ਪਿਆ। ਕਾਨਪੁਰ ਵਿਚ ਨਾਨਾ ਸਾਹਿਬ ਦਾ ਇਕ ਮਕਾਨ ਸੀ, ਜਿਸ ਵਿਚ ਉਹ ਅੰਗ੍ਰੇਜ਼ਾਂ ਨੂੰ ਵੱਡੀਆਂ ੨ ਦਾਵਤ ਦਿਆ ਕਰਦੇ ਸਨ। ਜਦ ਤੋਂ ਬਲਵੇ ਦੀਆਂ ਤਿਆਰੀਆ ਹੋਣ ਲਗੀਆਂ ਉਦੋਂ ਤੋਂ ਨਾਨਾ ਸਹਿਬ ਨੇ ਇਹ ਮਕਾਨ ਛਡ ਦਿਤਾ ਸੀ। ਸੋ ਨਾਨਾ ਸਾਹਿਬ ...ਜ ਕਲ ਕਿਥੇ ਰੈਂਹਦ ਹਨ ? ਇਹ ਜਾਣਨ ਲਈ ਮੇਰਾ ਚਿਤ ਚੰਚਲ ਹੋ ਉੱਠਿਆ।

ਤੇ ਵਜੇ ਦੇ ਕਰੀਬ ਮੈਂ ਕਿਲੇ ਵਿਚ ਪਹੁੰਚਾ। ਮੇਜਰ ਤੇ ਅਬਦੁੱਲਾ ਇਸ ਵੇਲੇ ਕਿਸ ਹਾਲਤ ਵਿਚ ਹਨ ? ਇਹ ਵੇਖਣ ਲਈ ਮੈਂ ਹਵਾਲਾਤ ਵਲ ਗਿਆ।

ਮਿਕੇਯਰ ਵੱਡੇ ਗੁੱਸੇ ਨਾਲ ਮੈਨੂੰ ਵੇਖਣ ਲੱਗਾ । ਨਫਰਤ ਤੇ ਗੁੱਸੇ ਦੇ ਕਾਰਣ ਮੈਂ ਵੀ ਉਸਨੂੰ ਕੁਝ ਨਾ ਕਿਹਾ । ਪਰ ਉਸਨੇ ਕਿਹਾ–ਸ਼ੇਰ ਨੂੰ ਫੜਕੇ ਕੈਦ ਰਖਣ ਨਾਲੋਂ ਉਸਨੂੰ ਮਾਰ ਦੇਣਾ ਚੰਗਾ ਹੈ । ਦੇਰ ਕਰਨ ਨਾਲ ਬਹੁਤ ਕੁਝ ਨੁਕਸਾਨ ਹੋ ਸਕਦਾ ਹੈ ।”

ਪਰ ਇਸਦਾ ਮੈਂ ਕੋਈ ਜਵਾਬ ਨਾ ਦੇਕੇ ਚੁਪਚਾਪ ਜਨਰਲ ਹੇ ਪਾਸ ਚਲਿਆ, ਇਤਨੇ ਵਿੱਚ ਲਛਮਣਦਾਸ ਵੀ ਆ ਪਹੁੰਚਾ । ਉਸਤੋਂ ਮਲੂਮ ਹੋਯਾ ਕਿ ਕਈ ਮਰਹੱਟੇ ਸਾਧੂ 'ਕਲ ਦੇ ਪੂਰਬੀ ਹਿਸੇ ਵਾਲੇ ਜੰਗਲ ਵਿਚ ਬੈਠੇ ਹਨ, ਮੈਂ ਛੇਤੀ ਨਾਲ ਜਨਰਲ ਹੇ ਨੂੰ ਮਿਲਕੇ ੫੦ ਨੰਬਰ ਸਿਖ ਰਸਾਲੇ ਦੇ ੨੦ ਮਨੱਖਾਂ ਨੂੰ ਨਾਲ ਲੈਕੇ ਉਸ ਤਰਫ ਗਿਆ, ਲਛਮਣ ਦਾਸ ਵੀ ਨਾਲ ਸੀ, ਸਾਰਾ ਜੰਗਲ ਖੋਜ ਮਾਰਿਆ ਪਰ ਕੋਈ ਨਜ਼ਰ ਨਾ ਆਯਾ । ਜੰਗਲ ਦੇ ਦੁਵਰੇ ਵਸਦੇ ਪਿੰਡ ਵੀ ਢੂੰਡ ਮਾਰੇ ਪਰ ਕੋਈ ਨਾ ਲੱਭਾ । ਮੇਰਾ ਸ਼ੱਕ ਹੋਰ ਵੀ ਦ੍ਰਿੜ੍ਹ ਹੋ ਗਿਆ ਕਿ ਇਹ ਨਾਨਾ ਦੇ ਸਿਵਾ ਹੋਰ ਕੋਈ ਨਹੀਂ । ਓਥੋਂ ਅਸੀ ਨਾਨੇ ਦੇ ਮਕਾਨ ਵਲ ਗਏ ਪਰ ਓਹ ਤਾਂ ਬਿਲਕੁਲ ਸੁੰਞਾ ਪਿਆ ਸੀ ।

ਇਸ ਵਲ ਦੂਰੋਂ ਤੋਪ ਛੁੱਟਣ ਦੀ ਅਵਾਜ਼ ਮੇਰੇ ਕੰਨ ਪਈ । ਅਜਹਾ ਮਲੂਮ ਹੋਯਾ ਕਿ ਇਹ ਕਿਲੇ ਤੋਂ ਹੀ ਛੁੱਟੀ ਹੈ । ਨਾਨੇ ਦਾ ਮੋਹਲ ਕਿਲੇ ਤੋਂ ਦੋ ਕੋਹ ਸੀ । ਇਸ ਵੇਲੇ ਸੱਤ ਵਜ ਗਏ ਸਨ । ਜਿਤਨਾ ਅਸੀ ਸ਼ੈਹਰ ਵਲ ਵਧਦੇ ਗਏ ਉਤਨਾ ਹੀ ਬਹੁਤਾ ਰੌਲਾ ਗੌਲਾ ਸਾਡੇ ਕੰਨਾਂ ਵਿਚ ਪੈਣ ਲੱਗਾ । ਮੈਂ ਸਮਝ ਗਿਆ ਕਿ ਬਲਵਾ ਹੋ ਹੀ ਗਿਆ । ਮੈਂ ਵੀ ਸਭਨਾਂ ਸਿਪਾਹੀਆਂ ਨੂੰ ਆਪਣੇ ਗੁਰਦੁਆਰੇ ਵਲ ਮੂੰਹ ਕਰਾਕੇ ਅੰਗ੍ਰੇਜ਼ੀ ਰਾਜ ਲਈ ਆਪਣੀ ਜਾਨ ਤਕ ਦੇ

ਦੇਣ ਦੀ ਪ੍ਰਤਿਗਯਾ ਕਰਾਈ । ਅਸੀ ਬੱਤੀ ਸਿੱਖ ਸਾਣੇ ੩੨੦੦ ਹਕੇ ਕਿਲੇ ਵਲ ਚਲੇ । ਰਾਹ ਵਿਚ ਸ਼ੈਹਰੋਂ ਨਠੇ ਕਈ ਮਨੁੱਖ ਮਿਲੇ ਜਿਨਾਂ ਤੋਂ ਮਲੂਮ ਹੋਯਾ ਕਿ ਸਿਪਾਹੀ ਬਾਗੀ ਹੋਕੇ ਸ਼ੈਹਰ ਲੁਟ ਰਹੇ ਹਨ ।

ਕੁਝ ਦੇਰ ਵਿਚ ਹੀ ਅਸੀ ਕਿਲੇ ਦੇ ਪਾਸ ਜਾ ਰਹੇ । ਕਿਲੇ ਦਾ ਫਾਟਕ ਬੰਦ ਸੀ ਤੇ ਸਾਮਣ ਲੋਥਾਂ ਦਾ ਢੇਰ ਲੱਗਾ ਹੋਯਾ ਸੀ । ਇਸ ਵੇਲੇ ਭੀ ਕਿਲੇ ਤੋਂ ਗੋਲਾਬਾਰੀ ਹੋ ਰਹੀ ਸੀ । ਸਾਡੇ ਟੋਲੇ ਨੇ ਬਿਗਲ ਕੀਤਾ । ਥੋੜੀ ਦੇਰ ਵਿਚ ਹੀ ਇਕ ਗੋਰਾ ਸਿਪਾਹੀ ਝੰਡੀ ਲੈਕੇ ਕਿਲੇ ਦੀ ਕੰਧ ਉੱਤੇ ਆਯਾ । ਉਸਨੇ ਕਿਹਾ ਕਿ ੧ ਨੰਬਰ ਪਲਟਨ ਬਾਗੀ ਹੋਕੇ ਨਵਾਬ ਗੰਜ ਵਲ ਚਲੀ ਗਈ ਹੈ ਤੇ ਨਾਲ ਹੀ ਆਪਣੇ ਮੇਜਰ ਤੇ ਹੋਰਨਾਂ ਕੈਦੀਆਂ ਨੂੰ ਵੀ ਕੱਢਕੇ ਲੈ ਗਏ ਹੈਂ । ਮੈਨੂੰ ਇਹ ਜਾਣਕੇ ਬਹੁਤ ਡਰ ਹੋਯਾ ਕਿ ਮੈਕੇਯਰ ਨਠ ਗਿਆ । ਪਰ ਉਸ ਵੇਲੇ ਮੈਂ ਉਥੇ ਠੈਹਰਨਾ ਠੀਕ ਨਾ ਸਮਝ ਦਸਾਂ ਸਿਪਾਹੀਆਂ ਨਾਲ ਲਛਮਣਦਾਸ ਨੂੰ ਅਪਣੇ ਮਕਾਨ ਦੀ ਹਿਫਾਜ਼ਤ ਲਈ ਭੇਜ ਦਿਤਾ ਤੇ ਬਾਕੀ ਦੇ ਸਿਪਾਹੀਆਂ ਨੂੰ ਨਾਲ ਲੈਕੇ ਗਾਰਡਨ ਦੇ ਮਕਾਨ ਵੱਲ ਗਿਆ ।

## ਕਾਂਡ ੫

## ਫੇਰ ਸੱਤਯਾਨਾਸ

( ਸਰਦਾਰ ਰਾਮਪਾਲ ਸਿੰਘ ਦਾ ਬਿਆਨ । )

ਗਾਰਡਨ ਦੇ ਮਕਾਨ ਤੇ ਜਦ ਅਸੀਂ ਪਹੁੰਚੇ ਤਾਂ ਉਹ ਬਿਲਕੁਲ ਸੁੰਞਾ ਪਿਆ ਸੀ । ਹੇਠਾਂ ਸਿਪਾਹੀਆਂ ਨੂੰ ਖੜਾ ਕਰਕੇ ਮੈਂ ਉਪਰ ਰੋਜ਼ ਦੇ ਕਮਰੇ ਵਿਚ ਗਿਆ ਪਰ ਓਥੇ

ਵੀ ਕੋਈ ਨਜ਼ਰ ਨਾ ਆਯਾ । ਰੌਸ਼ ਦੇ ਸਾਮਣੇ ਵਾਲਾ ਦਿਰਾਂਗ਼ਾ ਵੀ ਡਿਗਾ ਪਿਆ ਸੀ । ਮੈਂ ਇਹ ਵੇਖਕੇ ਹੈਰਾਨ ਹੋਣ ਲੱਗਾ ਕਿ ਅਚਾਨਕ ਇਹ ਕੀ ਹੋ ਗਿਆ ਹੈ ? ਸਮਝ ਵਿਚ ਕੁਝ ਨਾ ਆਯਾ । ਜਦ ਅੰਦਰ ਵੜਕੇ ਵੇਖਿਆ ਤਾਂ ਸਾਰੀਆਂ ਚੀਜ਼ਾਂ ਜਿਉਂ ਦੀਆਂ ਤਿਉਂ ਠੀਕ ਸਨ । ਪਰ ਰੋਜ਼ ਗਾਰਡਨ ਜਾਂ ਹੋਰ ਕੋਈ ਉਥੇ ਨਹੀਂ ਦਿਸਦਾ ਸੀ। ਕੀ ਮੇਕੇਯਰ ਬਲਵਾਈਆਂ ਨਾਲ ਮਿਲਕੇ ਇਥੇ ਵੀ ਆਯਾ ਹੋਵੇਗਾ ? ਉਸ ਕਮਰੇ ਵਿਚ ਖੜਾ ਹੋਕੇ ਮੈਂ ਕਈ ਤਰਾਂ ਦੀਆਂ ਵਿਚਾਰਾਂ ਕਰਨ ਲੱਗਾ ਸਾਂ ਕਿ ਅਚਾਨਕ ਮੇਜ਼ ਦੇ ਹੇਠਾਂ ਮੇਰੀ ਨਜ਼ਰ ਪਈ ਤਾਂ ਮਲੂਮ ਹੋਯਾ ਕਿ ਅਭਾਗਾ ਮਿਸਟਰ ਸਟੀਫਨ ਲਹੂ ਨਾਲ ਲਥ ਪੱਥ ਹੋਯਾ ਪਿਆ ਹੈ। ਮੈਂ ਛੇਤੀ ਨਾਲ ਉਸਨੂੰ ਉਠਾਣ ਲਈ ਗਿਆ ਪਰ ਉਸਦੇ ਸਾਰੇ ਕੱਪੜੇ ਲਹੂ ਨਾਲ ਤਰ ਬਤਰ ਸਨ।

ਮੇਜਰ ਸਟੀਫਨ ਨੂੰ ਮੈਂ ਛੇਤੀ ਨਾਲ ਚੁਕਕੇ ਬੈਠਾਯਾ ਤਾਂ ਸਹੀ ਪਰ ਉਹ ਇੰਨਾ ਕਮਜ਼ੋਰ ਤੇ ਬੇਹੋਸ਼ ਹੋ ਚੁਕਾ ਸੀ ਕਿ ਸਹਾਰੇ ਤੋਂ ਬਿਨਾਂ ਬੈਠ ਨਹੀਂ ਸਕਦਾ ਸੀ । ਛਾਤੀ ਉਤੇ ਹੱਥ ਰੱਖਕੇ ਵੇਖਿਆ ਤਾਂ ਸਾਹ ਅਜੇ ਹੌਲੀ ੨ ਚਲਦਾ ਸੀ। ਉਸਦੇ ਸਰੀਰ ਤੋਂ ੩–੪ ਜ਼ਖਮਾਂ ਦੇ ਵਿਚੋਂ ਲਹੂ ਜਾ ਰਿਹਾ ਸੀ। ਮੈਂ ਹੇਠੋਂ ਕੁਝ ਸਿਪਾਹੀਆਂ ਨੂੰ ਉਪਰ ਸੱਦਿਆ ਤੇ ਓਨਾਂ ਦੀ ਮਦਦ ਨਾਲ ਸਟੀਫਨ ਨੂੰ ਮੰਜੇ ਉਤੇ ਲਿਟਾਕੇ ਉਨਾਂ ਜ਼ਖਮਾਂ ਨੂੰ ਬੰਨ੍ਹਿਆ। ਪਾਣੀ ਮੰਗਵਾਕੇ ਉਸ ਦੀਆਂ ਅੱਖਾਂ ਉਤੇ ਛਿੱਟੇ ਦਿੱਤੇ । ਇਸ ਤਰਾਂ ਲਗਾਤਾਰ ਅੱਧਾ ਘੰਟਾ ਮੇਹਨਤ ਕਰਨ ਪਰ ਜਦ ਸਟੀਫਨ ਨੇ ਅੱਖਾਂ ਖੋਲੀਆਂ ਤਾਂ ਮੈਂ ਉਸਨੂੰ ਪਾਣੀ ਪਿਲਾਯਾ। ਜਦ ਉਸਦਾ ਦਿਲ ਕੁਝ ਠੰਡਾ ਹੋਯਾ ਤਾਂ ਮੈਂ ਪੁਛਿਆ—"ਤੁਹਾਨੂੰ ਇੰਨਾ

ਕਿਸ ਮਾਰਿਆ ?"

ਸਟੀਫਨ ਨੇ ਮੇਰੇ ਸਵਾਲ ਦਾ ਜਵਾਬ ਨਾ ਦੇਕੇ ਬਹੁਤ ਨਿੰਮੀ ਅਵਾਜ਼ ਵਿਚ ਕਿਹਾ—"ਕੀ ਤੁਹਾਨੂੰ ਮੇਕੇਯਰ ਤੇ ਓਹਦੇ ਸਾਥੀ ਮਿਲੇ ?"

ਮੈਂ—"ਮੈਂ ਅਜੇ ਹੁਣੇ ਆਯਾ ਹੀ ਹਾਂ। ਮੈਨੂੰ ਤਾਂ ਕੋਈ ਨਹੀਂ ਮਿਲਿਆ। ਕੀ ਮੇਕੇਯਰ ਇਥੇ ਆਯਾ ਸੀ ?"

ਸਟੀਫਨ—"ਮੇਕੇਯਰ, ਅਬਦੁੱਲਾ ਤੇ ਉਨਾਂ ਦੇ ਕਈ ਸਾਥੀਆਂ ਨੇ ਆਕੇ ਸਾਡੇ ਉਤੇ ਹਮਲਾ ਕੀਤਾ। ਮੈਂ ਰੋਜ਼ ਨੂੰ ਬਚਾਣ ਦੀ ਕੋਸ਼ਿਸ਼ ਕੀਤੀ, ਪਰ ਪਾਸ ਕੋਈ ਹਥੀਆਰ ਨਾ ਹੋਣ ਕਰਕੇ ਕਾਮਯਾਬ ਨਾ ਹੋ ਸਕਿਆ। ਓਹ ਰੋਜ਼ ਤੇ ਜੇਮਸ ਨੂੰ ਫੜਕੇ ਲੈ ਗਏ।"

ਜੇਮਸ ਕੌਣ ਹੈ ? ਉਸਨੂੰ ਤਾਂ ਮੈਂ ਅੱਜ ਤਕ ਨਹੀਂ ਵੇਖਿਆ। ਇਸ ਲਈ ਸਟੀਫਨ ਤੋਂ ਮੈਂ ਫੇਰ ਪੁਛਿਆ—"ਕੀ ਜੇਮਸ ਰੋਜ਼ ਦਾ ਕੋਈ ਰਿਸ਼ਤੇਦਾਰ ਹੈ ?"

ਸਟੀਫਨ ਨੇ ਰੁਖਾਈ ਨਾਲ ਕਿਹਾ—"ਮੈਂ ਵੀ ਉਸਦੀ ਬਾਬਤ ਬਹੁਤ ਨਹੀਂ ਜਾਣਦਾ, ਹਾਂ ਇੰਨਾ ਮੈਂ ਸੁਣਿਆ ਹੈ ਕਿ ਓਹ ਰੋਜ਼ ਦੇ ਫੁੱਫੜ ਦਾ ਲੜਕਾ ਹੈ।"

ਇਹ ਆਖਕੇ ਸਟੀਫਨ ਚੁਪ ਹੋ ਗਿਆ ਤੇ ਓਸਦੇ ਜ਼ਖਮਾਂ ਵਿੱਚੋਂ ਲਹੂ ਪਰਲ ਪਰਲ ਕਰਕੇ ਜਾਣ ਲੱਗਾ। ਮੈਂ ਓਸ ਜ਼ਖਮ ਨੂੰ ਕੱਸਕੇ ਬੰਨ੍ਹ ਦਿਤਾ ਤੇ ਸਟੀਫਨ ਨੂੰ ਕਿਲੇ ਵਿਚ ਪੁਚਾਣ ਲਈ ਦੋ ਸਿਪਾਹੀ ਭੇਜਕੇ ਗੱਡੀ ਮੰਗਵਾਈ।

ਸਟੀਫਨ ਦੇ ਪਾਸ ਸਿਪਾਹੀ ਛੱਡਕੇ ਮੈਂ ਹੁਣ ਗਾਰਡਨ ਨੂੰ ਢੂੰਡਣ ਲੱਗਾ। ਉਪਰਲੇ ਸਾਰੇ ਕਮਰੇ ਢੂੰਡ ਮਾਰੇ ਪਰ ਗਾਰਡਨ ਦਾ ਖੁਰਾ ਖੋਜ ਨਾ ਲੱਭਾ। ਫੇਰ ਮੈਂ

ਹੇਠਾਂ ਉਤ੍ਰਿਆ ਤਾਂ ਉਸਨੂੰ ਇਕ ਕਮਰੇ ਵਿਚ ਬੈਠਾ ਵੇਖਿਆ। ਉਸਦਾ ਚੇਹਰਾ ਬਹੁਤ ਬਦਲ ਗਿਆ ਸੀ। ਪੈਹਲਾਂ ਤਾਂ ਮੈਂ ਪਛਾਣ ਹੀ ਨਾ ਸਕਿਆ ਪਰ ਛੇਕੜ ਮੈਂ ਸਮਝ ਗਿਆ ਕਿ ਇਹੋ ਮਿਸਟਰ ਗਾਰਡਨ ਹੈ। ਪਰ ਇਸ ਹੇਰ ਫੇਰ ਦਾ ਕਾਰਣ ਮੇਰੀ ਸਮਝ ਵਿਚ ਨਾ ਆਯਾ। ਉਸਨੇ ਵੀ ਮੈਨੂੰ ਵੇਖਕੇ ਕੁਝ ਨਾ ਕਿਹਾ ਤੇ ਚੁਪ ਚਾਪ ਬੈਠਾ ਰਿਹਾ। ਮੈਂ ਉਸਨੂੰ ਮਿਸੇਜ਼ ਗਾਰਡਨ ਦੀ ਬਾਬਤ ਪੁਛਿਆ ਪਰ ਓਹ ਮੇਰੀ ਵੱਲ ਵੇਖਦਾ ਹੀ ਰਿਹਾ ਬੋਲਿਆ ਕੁਝ ਵੀ ਨਾ। ਉਸ ਨੂੰ ਵੇਖਣ ਤੋਂ ਮਲੂਮ ਹੁੰਦਾ ਸੀ ਕਿ ਓਹ ਪਾਗਲ ਹੋ ਗਿਆ ਹੈ। ਲਾਚਾਰ ਮੈਂ ਮੁੜਕੇ ਫੇਰ ਸਟੀਫਨ ਪਾਸ ਗਿਆ। ਇਸੇ ਵੇਲੇ ਸਿਪਾਹੀ ਵੀ ਪਾਲਕੀ ਲੈਕੇ ਆ ਗਏ। ਦੋ ਕਹਾਰਾਂ ਦੇ ਸਿਵਾ ਤੀਜਾ ਆਦਮੀ ਨਾ ਲੱਭਾ। ਕਿਉਂਕਿ ਬਲਵੇ ਦੇ ਕਾਰਣ ਬਹੁਤ ਸਾਰੇ ਆਦਮੀ ਸ਼ੈਹਰ ਛੱਡਕੇ ਨੱਠ ਗਏ ਸਨ। ਜਦ ਮੈਂ ਉਪਰ ਗਿਆ ਤਾਂ ਓਸ ਵੇਲੇ ਸਟੀਫਨ ਹੋਸ਼ ਵਿਚ ਸੀ। ਮੈਂ ਓਸਨੂੰ ਪੁਛਿਆ ਮਿਸੇਜ਼ ਗਾਰਡਨ ਕਿਥੇ ਹੈ ਤੇ ਗਾਰਡਨ ਪਾਗਲ ਕਿਉਂ ਹੋ ਗਿਆ ਹੈ? ਜਵਾਬ ਜੋ ਕੁਝ ਸੁਣਿਆ ਓਸਤੋਂ ਮੈਨੂੰ ਬਹੁਤ ਦੁੱਖ ਹੋਯਾ ਪਰ ਅਚਰਜ ਕੁਝ ਨਾ ਹੋਯਾ। ਕਿਉਂਕਿ ਹੇਲਨਾ ਦੇ ਮਾਰੇ ਜਾਣ ਪਰ ਮਿਸੇਜ਼ ਗਾਰਡਨ ਜਿਸ ਮਾਨਸਿਕ ਦੁੱਖ ਵਿਚ ਦਿਨ ਕਟਦੀ ਪਈ ਸੀ ਉਸ ਦਸ਼ਾ ਵਿਚ ਉਸਦਾ ਮਰ ਜਾਣਾ ਕੋਈ ਅਚਰਜ ਦੀ ਗੱਲ ਨਹੀਂ ਸੀ। ਫੇਰ ਗਾਰਡਨ ਦਾ ਪਾਗਲ ਹੋ ਜਾਣਾ ਵੀ ਕਠਨ ਗੱਲ ਨਹੀਂ ਸੀ। ਉਸਦੀ ਪਿਆਰੀ ਲੜਕੀ ਹੇਲਨਾ ਮਾਰੀ ਗਈ, ਰੋਜ਼ ਉਤੇ ਵੀ ਬਦਮਾਸ਼ ਮੇਕੇਯਰ ਨੇ ਕਾਫੀ ਜ਼ੁਲਮ ਕੀਤਾ ਤੇ ਮਿਸਜ਼ ਗਾਰਡਨ ਤਾਂ ਪਰਲੋਕ ਹੀ ਸਿਧਾਰ ਗਈ ਸੀ,

ਅਜੇਹੀ ਦਸ਼ਾ ਵਿਚ ਜੇਕਰ ਕੋਈ ਮਨੁੱਖ ਪਾਗਲ ਹੋ ਜਾਵੇ ਤਾਂ ਕੋਈ ਅਚਰਜ ਨਹੀਂ । ਫੇਰ ਸਿਪਾਹੀਆਂ ਦੀ ਮਦਦ ਨਾਲ ਮੈਂ ਸਟੀਫਨ ਨੂੰ ਹੇਠਾਂ ਲਿਜਾਕੇ ਪਾਲਕੀ ਵਿਚ ਲਿਟਾਇਆ ਤੇ ਦੋਵੇਂ ਕਹਾਰ ਚੁਕਕੇ ਲੈ ਚੱਲੇ । ਗਾਰਡਨ ਨੂੰ ਵੀ ਮੈਂ ਕੋਠੜੀ ਤੋਂ ਬਾਹਰ ਕੱਢਕੇ ਨਾਲ ਲਿਆ । ਮਕਾਨ ਦੇ ਪੈਹਰੇਦਾਰ ਪਤਾ ਨਹੀਂ ਕਿੱਥੇ ਨੱਸ ਗਏ ਸਨ । ਇਸ ਲਈ ਮੈਂ ਮਕਾਨ ਨੂੰ ਓਸੇ ਤਰਾਂ ਛੱਡ ਕਿਲੇ ਨੂੰ ਤੁਰ ਪਿਆ।

ਕਰੀਬ ਰਾਤ ਦੇ ਅੱਠ ਵਜੇ ਅਸੀਂ ਕਿਲੇ ਦੇ ਪਾਸ ਜਾ ਪਹੁੰਚੇ । ਇਹ ਕੇਹਣ ਦੀ ਲੋੜ ਨਹੀਂ ਕਿ ਬਹੁਤ ਦੇਰ ਪਿਛੋਂ ਜਦ ਜਨਰਲ ਹੇ ਨੇ ਮੈਨੂੰ ਆਪ ਆਕੇ ਪਛਾਣਿਆ ਤਾਂ ਕਿਲੇ ਦਾ ਦਰਵਾਜ਼ਾ ਖੋਲਿਆ । ਸਟੀਫਨ ਤੇ ਗਾਰਡਨ ਦੀ ਸੇਵਾ ਲਈ ਮਨੁੱਖਾਂ ਦੇ ਜ਼ਿਮੇਂ ਲਾਕੇ ਕੁਝ ਸਿਪਾਹੀਆਂ ਸਣੇ ਮੈਂ ਅਪਣ ਘਰ ਨੂੰ ਮੁੜਿਆ ॥

ਜਦੋਂ ਮੈਂ ਘਰ ਨੂ ਵਾਪਸ ਜਾ ਰਿਹਾ ਸਾਂ ਓਦੋਂ ਰਾਹ ਵਿਚ ਇਕ ਬ੍ਰਿਛ ਹੇਠ ਇਕ ਸਾਧੂ ਖੜਾ ਨਜ਼ਰ ਆਯਾ । ਮੈਨੂ ਉਸਨੇ ਇਸ਼ਾਰੇ ਨਾਲ ਜਦ ਅਪਣੇ ਪਾਸ ਸਦਿਆ ਤਦ ਮੈਂ ਪਛਾਣ ਲਿਆ । ਉਸ ਸਾਧੂ ਨੇ ਪਾਸ ਜਾਣ ਪਰ ਕਿਹਾ—"ਰਾਮਪਾਲ ਸਿੰਘ, ਮੈਂ ਜੋ ਕੁਝ ਖਿਆਲ ਕੀਤਾ ਸੀ ਉਹੋ ਹੋਯਾ । ਰੋਜ਼ ਨੂੰ ਬਦਮਾਸ਼ ਮੈਕੇਯਰ ਫੇਰ ਪਕੜਕੇ ਲੈ ਗਿਆ । ਮੈਂ ਹੁਣੇ ਗਾਰਡਨ ਦੇ ਮਕਾਨ ਤੋਂ ਆ ਰਿਹਾ ਹਾਂ ਤੇ ਓਥੇ ਕੋਈ ਵੀ ਨਹੀਂ ਸੀ । ਤੁਹਾਡੇ ਦੋ ਸਿਪਾਹੀਆਂ ਤੋਂ ਜੋ ਓਥੇ ਪੈਹਰਾ ਦੇ ਰਹੇ ਸਨ ਮਾਲੂਮ ਹੋਯਾ ਕਿ ਗਾਰਡਨ ਤੇ ਸਟੀਫਨ ਨੂੰ ਤੁਸਾਂ ਕਿਲੇ ਵਿਚ ਭੇਜ ਦਿੱਤਾ ਹੈ ਪਰ ਮੇਰੇ ਖਿਆਲ ਵਿਚ ਕਿਲਾ ਭੀ ਕੋਈ ਨਿਰਾਪਦ ਥਾਂ ਨਹੀਂ । ਫ਼ਬਨੀ ਸਾਰੀ ਫੋਜ ਅੱਜ ਬਾਗੀ ਹੋਕੇ ਚਲੀ ਗਈ ਹੈ ।

ਅਤੇ ਹੋ ਸਕਦਾ ਹੈ ਕਿ ਬਾਕੀ ਦੀ ਫੌਜ ਹੀ ਬਾਗੀ ਹੋਕੇ ਕਿਲਾ ਕਾਬੂ ਕਰ ਲਵੇ। ਖੈਰ ਕਬ ਹੋਵੇ ਤੁਹਾਨੂੰ ਮੈਂ ਸਾਵ-ਧਾਨ ਕਰ ਦੇਂਦਾ ਹਾਂ ਤੇ ਅਬ ਮੈਂ ਦਿੱਲੀ ਜਾਵਾਂਗਾ।

ਮੈਂ ਕਿਹਾ—"ਰੋਬ ਫਿਰ ਮੇਕੇਯਰ ਦੇ ਹੱਥ ਜਾ ਪਈ ਹੈ, ਤੇ ਕਾਨਪੁਰ ਵਾਲੇ ਬਾਗ਼ੀ ਹੋ ਗਏ ਹਨ। ਐਸੀ ਦਸ਼ਾ ਵਿਚ ਜੇਕਰ ਆਪ ਇੱਥੇ ਹੀ ਰੈਂਹਦੇ ਤਾਂ ਚੰਗਾ ਹੁੰਦਾ।"

ਤਾਂਤੀਆ—"ਇੱਥ ਰੈਹਣ ਨਾਲ ਮੇਰੇ ਕੰਮ ਵਿਚ ਬਹੁਤ ਰੁਕਾਵਟ ਪੈਂਦੀ ਹੈ ਇਸ ਲਈ ਮੈਂ ਇਥੇ ਨਹੀਂ ਰਹ ਸਕਦਾ। ਹਾਂ ਦਿੱਲੀਓਂ ਝਾਂਸੀ ਜਾਣ ਵੇਲੇ ਮੈਂ ਤੁਹਾਨੂੰ ਮਿਲਦਾ ਜਾਵਾਂਗਾ ਤੇ ਰੋਬ ਦੀ ਵੀ ਭਾਲ ਕਰਦਾ ਰਹਾਂਗਾ। ਜੇਕਰ ਮੇਰੇ ਮਨੁਖਾਂ ਨੂੰ ਪਤਾ ਲਗ ਗਿਆ ਤਾਂ ਓਹ ਤੁਹਾਨੂ ਵੇਲੇ ਸਿਰ ਇਸਦੀ ਖਬਰ ਦੇ ਦੇਣਗੇ।"

ਇਸਦੇ ਪਿਛੋਂ ਮੈਂ ਉਨਾਂ ਤੋਂ ਕੁਝ ਨਾਂ ਪੁੱਛਿਆ ਤੇ ਉਹ ਚਲੇ ਗਏ। ਮੈਂ ਸੋਚਿਆ ਜਦ ਅਜ ਮਹਾਤਮਾ ਜੀ ਦਿੱਲੀ ਜਾ ਰਹੇ ਹਨ ਤਦ ਓਹ ਮੈਨਾ ਨੂੰ ਜ਼ਰੂਰ ਹੀ ਆਪਣੇ ਸਖਤ ਪਿਤਾ ਪਾਸ ਛੱਡਕੇ ਨਹੀਂ ਜਾਣਗੇ। ਮਲੂਮ ਹੁੰਦਾ ਹੈ ਅਜੇ ਇਹ ਮੈਨਾ ਪਾਸ ਜਾਣਗੇ। ਜੇਕਰ ਇਨਾ ਦਾ ਪਿੱਛਾ ਕੀਤਾ ਜਾਵੇ ਤਾਂ ਹੋ ਸਕਦਾ ਹੈ ਨਾਨਾ ਸਾਹਿਬ ਦਾ ਪਤਾ ਵੀ ਲੱਗ ਜਾਵੇ ਅਰ ਰੋਬ ਦਾ ਹਾਲ ਵੀ ਮਲੂਮ ਹੋ ਜਾਵੇ। ਤਾਂਤੀਆ ਟੋਪੀ ਦੀ ਚਾਲਢਾਲ ਤੋਂ ਮੈਂ ਸਮਝ ਗਿਆ ਕਿ ਓਹ ਮੈਨੂੰ ਨਾਨਾ ਦੀ ਖਬਰ ਦੱਸਣੀ ਨਹੀਂ ਚਾਹੁੰਦੇ। ਇਸ ਲਈ ਮੈਂ ਵੀ ਫੇਰ ਆਪਣੇ ਮਕਾਨ ਨੂੰ ਨ ਗਿਆ। ਸਿਪਾਹੀਆਂ ਨੂੰ ਦੂਰ ਰੱਖਕੇ ਮੈਂ ਤਾਂਤੀਏ ਦੇ ਪਿੱਛੇ ਲੱਗ ਪਿਆ। ਫੌਜੀ ਪੁਸ਼ਾਕ ਉਤਾਰਕੇ ਮੈਂ ਪੇਂਡੂ ਆਦਮੀ ਬਣ ਗਿਆ। ਤਾਂਤੀਆ ਟੋਪੀ ਨੂੰ ਇਹ ਖਿਆਲ

ਸੁਫਨੇ ਵਿਚ ਵੀ ਨਹੀਂ ਸੀ ਕਿ ਮੈਂ ਉਸਦਾ ਪਿਛਾ ਕਰਾਂਗਾ। ਭਾਵੇਂ ਨਾਨੇ ਨੂੰ ਫਸਾਣ ਦੀ ਮੇਰੀ ਮਰਜ਼ੀ ਨਹੀਂ ਸੀ ਪਰ ਫ਼ਰਜ਼ ਪੂਰਾ ਕਰਨਾ ਸੀ।

ਕੋਈ ਇੱਕ ਘੰਟਾ ਮੈਂ ਭਾਂਤੀਆ ਦੇ ਪਿਛੇ ੨ ਚਲਿਆ ਗਿਆ। ਓਹ ਵੀ ਤੇਜ਼ੀ ਨਾਲ ਅਗੇ ੨ ਜਾ ਰਿਹਾ ਸੀ ਤੇ ਉਸਨੇ ਮੁੜਕੇ ਪਿਛੇ ਨਾ ਵੇਖਿਆ। ਸ਼ੈਹਰ ਟੱਪਕੇ ਓਹ ਜੰਗਲ ਵਿਚ ਵੜਿਆ। ਮੈਂ ਜੰਗਲ ਵਿਚ ਵੀ ਪਿੱਛਾ ਕੀਤਾ। ਜੰਗਲ ਦੇ ਪਰਲੇ ਪਾਸੇ ਇਕ ਦੋ ਮੰਜ਼ਲਾ ਮਕਾਨ ਸੀ। ਓਸਦੀ ਉਪਰਲੀ ਬਾਹੀ ਵਿਚੋਂ ਰੋਸ਼ਨੀ ਆ ਰਹੀ ਸੀ। ਭਾਂਤੀਆ ਇਸ ਮਕਾਨ ਦੇ ਸਾਮਣੇ ਇਕ ਬ੍ਰਿਛ ਹੇਠ ਖੜਾ ਹੋ ਗਿਆ। ਮੈਂ ਉਸਨੂੰ ਇਸ ਮਕਾਨ ਦੇ ਸਾਮਣੇ ਖੜਦਾ ਵੇਖ ਸਮਝ ਗਿਆ ਕਿ ਨਾਨੇ ਦਾ ਗੁਪਤ ਸਥਾਨ ਇਹੋ ਹੈ। ਕੁਝ ਦੇਰ ਪਿਛੋ ਹੀ ਇਕ ਸੁੰਦਰ ਲੜਕੀ ਉਸ ਬਾਰੀ ਵਿਚ ਆਕੇ ਖੜੀ ਹੋਈ। ਇਹ ਕੌਣ ਹੈ?

## ਕਾਂਡ ੬

## ਫੇਰ ਖੋਜ

(ਸਰਦਾਰ ਰਾਮਪਾਲ ਸਿੰਘ ਦਾ ਬਿਆਨ)

ਉਸ ਲੜਕੀ ਨੂੰ ਵੇਖਕੇ ਭਾਂਤੀਆ ਨੇ ਆਪਣੀ ਝੋਲੀ ਵਿਚੋਂ ਲਾਲਟੇਨ ਕੱਢੀ ਤੇ ਓਸ ਨਾਲ ਕੁਝ ਇਸ਼ਾਰਾ ਕੀਤਾ। ਬਹੁਤ ਦੂਰ ਰੈਹਣ ਕਰਕੇ ਮੈਂ ਓਹ ਇਸ਼ਾਰਾ ਸਮਝ ਨਾ ਸਕਿਆ। ਓਹ ਲੜਕੀ ਓਥੋਂ ਹਟ ਗਈ ਪਰ ਥੋੜੀ ਦੇਰ ਪਿਛੋਂ ਹੀ ਇਕ ਲਾਲਟੈਨ ਲੇਕੇ ਆਈ। ਓਸ ਪਰ ਹਿੰਦੀ ਅਖਰਾਂ ਵਿਚ ਇਹ ਲਿਖਿਆ ਹੋਯਾ ਸੀ।

"ਮੇਕੋਯਰ ਇੱਥੇ ਨਹੀਂ, ਹਾਂ ਰੋਜ਼ ਕੈਦ ਹੈ। ਪਰ

ਓਹ ਕਿਸ ਕੋਠੜੀ ਵਿਚ ਹੈ ਪਤਾ ਨਹੀਂ । ਮੈਂ ਆਪ ਵੀ ਨਜ਼ਰਬੰਦ ਹਾਂ । ਬਾਹਰ ਔਣ ਦਾ ਕੋਈ ਉਪਾ ਨਹੀਂ। ਵਡੇ ਦਰਵਾਜ਼ੇ ਉਤੇ ਸਖਤ ਪੇਹਰਾ ਹੈ ਤੇ ਅਜ ਗੁਪਤ ਸਭਾ ਹੋ ਰਹੀ ਹੈ।"

ਕਿਉਂਕਿ ਮੈਂ ਹਿੰਦੀ ਅਖਰਾਂ ਨੂੰ ਰੰਗੀਤਰਾਂ ਪੜ੍ਹ ਸਕਦਾ ਸਾਂ ਤੇ ਦੂਰਬੀਨ ਮੇਰੇ ਕੋਲ ਸੀ। ਜਿਸਦੀ ਮਦਦ ਨਾਲ ਮੈਂ ਪੜ੍ਹ ਲਿਆ ਤੇ ਰੋਜ਼ ਦਾ ਪਤਾ ਪਾਕੇ ਮੈਂ ਵਾਹਿਗੁਰੂ ਦਾ ਲਖ ੨ ਧੰਨਵਾਦ ਕੀਤਾ। ਇਸਦੇ ਪਿਛੋਂ ਤਾਂਤੀਆ ਨੇ ਫੇਰ ਇਸ਼ਾਰਾ ਕੀਤਾ । ਜਿਸਦਾ ਜਵਾਬ ਉਸਨੇ ਇਹ ਦਿੱਤਾ ਕਿ—ਜਗਾਹ ਮਲੂਮ ਹੈ, ਆਪ ਠੈਹਰੋ ਮੈਂ ਹੁਣੇ ਆਉਂਦੀ ਹਾਂ।"

ਓਹ ਮੂਰਤ ਫੇਰ ਓਥੋਂ ਹਟ ਗਈ। ਮੈਂ ਕੁਝ ਦੂਰ ਖੜਾ ੨ ਇਹ ਸਾਰੀਆਂ ਘਟਨਾਵਾਂ ਵੇਖਦਾ ਪਿਆ ਸੀ। ਕਰੀਬ ੨੦ ਮਿੰਟ ਪਿੱਛੋਂ ਓਹ ਇਸਤ੍ਰੀ ਮੂਰਤ ਫੇਰ ਬਾਰੀ ਪਾਸ ਆਈ ਤੇ ਉਪਰੋਂ ਹੇਠਾਂ ਨੂੰ ਹਨੇਰੇ ਵਿਚ ਗੁੰਮ ਹੋ ਗਈ। ਮੈਂ ਚੰਗੀ ਤਰਾਂ ਜਾਣਦਾ ਸਾਂ ਕਿ ਐਸੇ ਦੋ ਛੱਤੇ ਮਕਾਨ ਤੋਂ ਘੁੱਪ ਹਨੇਰੇ ਵਿਚ ਹੇਠਾਂ ਉਤਰਨਾ ਕਿਤਨੇ ਹੌਂਸਲੇ ਦਾ ਕੰਮ ਹੈ । ਮੈਂ ਉਸ ਲੜਕੀ ਦੇ ਹੌਂਸਲੇ ਦੀ ਆਪਣੇ ਮਨ ਵਿਚ ਵਾਰੰਵਾਰ ਉਪਮਾ ਕਰਨ ਲੱਗਾ । ਥੋੜੀ ਦੇਰ ਪਿਛੋਂ ਹੀ ਇਕ ਮਨੁੱਖ ਦੇ ਪੈਰਾਂ ਦੀ ਅਵਾਜ਼ ਆਈ। ਮੈਂ ਸਮਝ ਗਿਆ ਕਿ ਓਹ ਲੜਕੀ ਆ ਰਹੀ ਹੈ । ਮੈਂ ਵੀ ਵੱਡੀ ਹੁਸ਼ਿਆਰੀ ਨਾਲ ਉਸਦੇ ਔਣਦੀ ਉਡੀਕ ਕਰਨ ਲੱਗਾ । ਮੈਂ ਜਿਥੇ ਲੁਕਿਆ ਹੋਯਾ ਸਾਂ ਓਥੋਂ ਕਰੀਬ ੧੦ ਹੱਥ ਦੀ ਵਿੱਥ ਉਤੇ ਤਾਂਤੀਆ ਟੋਪੀ ਸੀ ਤੇ ਉਸਦੀ ਉਡੀਕ ਵਿਚ ਸੀ।

ਕੁਝ ਦੇਰ ਪਿਛੋਂ ਹੀ ਇਕ ਖੁਲ੍ਹੇ ਕੇਸਾਂ ਤੇ ਚਿੱਟੇ ਕੱਪੜਿਆਂ ਵਾਲੀ ਲੜਕੀ ਆਈ ਤੇ ਭਾਂਤੀਆ ਦੇ ਪੈਰਾਂ ਉਤੇ ਡਿਗ ਪਈ। ਮੈਂ ਜਾਣ ਗਿਆ ਕਿ ਇਹ ਮੈਨਾ ਹੀ ਹੈ। ਉਸਨੇ ਉਠਕੇ ਕਿਹਾ—"ਮਹਾਰਾਜ, ਮੈਂ ਅਨਾਥ ਦੇ ਤੁਸੀਂ ਹੀ ਇਕ ਆਸਰਾ ਸਾਓ ਆਪ ਅੱਜ ਮੈਨੂੰ ਛੱਡਕੇ ਕਿਥੇ ਜਾਂਦੇ ਹੋ? ਤੁਸਾਂ ਮੈਨੂੰ ਜੋ ਉਪਦੇਸ਼, ਸਿਖਯਾ ਅਤੇ ਗੁਣ ਦਿਤੇ ਹਨ ਓਨਾਂ ਦਾ ਮੈਂ ਕੁਝ ਵੀ ਬਦਲਾ ਆਪਨੂੰ ਨਹੀਂ ਦੇ ਸਕਦੀ। ਸਭ ਤਰਾਂ ਨਾਲ ਹੀ ਆਪ ਮੇਰੇ ਆਸਰਾ ਸਾਓ। ਆਪ ਹੀ ਦੱਸੋ, ਜਦ ਤੁਸੀਂ ਮੈਨੂੰ ਇਨਾਂ ਬੁਰੇ ਦਿਨਾਂ ਵਿਚ ਛੱਡਕੇ ਚਲੇ ਜਾ ਰਹੇ ਹੋ ਤਾਂ ਮੇਰੀ ਰੱਖਯਾ ਹੋਰ ਕੌਣ ਕਰੂ? ਪਿਤਾ ਨੇ ਕੁਸੰਗਤ ਵਿਚ ਲੱਗਕੇ ਮੇਰੀ ਮਾਤਾ ਨੂੰ ਛੱਡ ਦਿਤਾ ਹੈ ਤੇ ਮੈਨੂੰ ਵੀ ਛੱਡਣ ਲਈ ਤਿਆਰ ਹੈ। ਬਹਾਦਰ ਅੰਗ੍ਰੇਜ਼ਾਂ ਦੇ ਵਿਰੁੱਧ ਉਸਨੇ ਹਥੀਆਰ ਚੁਕੇ ਹਨ। ਅਜੇਹੀ ਦਸ਼ਾ ਵਿਚ ਮੈਨੂੰ ਸਿਵਾ ਤੁਹਾਡੇ ਕੌਣ ਬਚਾ ਸਕਦਾ ਹੈ? ਇਸ ਲਈ ਆਪ ਮੈਨੂੰ ਛੱਡਕੇ ਨਾ ਜਾਓ।

ਭਾਂਤੀਆ ਦਾ ਗਲਾ ਰੁਕ ਗਿਆ ਤੇ ਉਸਨੇ ਕਿਹਾ— "ਮੈਨਾ! ਅੱਜ ਮੈਂ ਤੈਥੋਂ ਵਿਦਾ ਹੋਣ ਲਈ ਆਯਾ ਹਾਂ। ਮੈਂ ਇਤਨੇ ਦਿਨ ਤੱਕ ਜੋ ਸਿਖਯਾ ਦਿਤੀ ਸੀ ਓਸਨੂੰ ਕੰਮ ਵਿਚ ਵਰਤਣ ਦਾ ਹੁਣ ਸਮਾਂ ਆ ਗਿਆ ਹੈ। ਮਨੁੱਖ ਦਾ ਜੀਵਨ ਅਪਣੇ ਫਰਜ਼ਾਂ ਨੂੰ ਪੂਰੇ ਕਰਨ ਤੇ ਧਰਮ ਦੇ ਲਈ ਹੁੰਦਾ ਹੈ। ਮੈਨੂੰ ਹੁਣ ਆਸ ਹੈ ਤੂੰ ਮੇਰੇ ਇਸ ਕੰਮ ਵਿਚ ਰੋਕ ਨਹੀਂ ਪਾਵੇਂਗੀ। ਤੇਰੇ ਪਿਤਾ ਦੀ ਬੇਅਕਲੀ ਪੁਰ ਮੈਨੂੰ ਬਹੁਤ ਦੁੱਖ ਹੈ। ਤੂੰ ਮੈਨੂੰ ਉਸਦੀ ਜਗ੍ਹਾ ਦਿਖਾ ਤਾਂ ਮੈਂ ਓਸਦੇ ਪੈਰ ਫੜਕੇ ਇਸ ਕੁਕਰਮ ਨੂੰ ਹੁਣ ਵੀ ਛੱਡ ਦੇਣ ਦੀ ਪ੍ਰਾਰਥਨਾ ਕਰਾਂ। ਜੇਕਰ ਮੈਂ ਸਾਰੀ ਉਮਰ

ਵਿਚ ਓਸਦੇ ਉਤੇ ਕੋਈ ਉਪਕਾਰ ਕੀਤਾ ਹੈ ਤਾਂ ਓਸਦੇ ਬਦਲੇ ਹੀ ਮੈਂ ਉਸ ਪਾਸੋਂ ਇਹ ਇਨਾਮ ਮੰਗਾਂ।"

ਮੈਨਾ—"ਤੁਹਾਨੂੰ ਤੁਹਾਡੇ ਪਵਿਤ੍ਰ ਫਰਜ਼ ਤੋਂ ਹਟਾਣ ਦੀ ਮੇਰੀ ਇੱਛਾ ਨਹੀਂ ਮੇਰੀ ਇਹੋ ਪ੍ਰਾਰਥਨਾ ਹੈ ਕਿ ਇਨਾਂ ਬੁਰੇ ਦਿਨਾਂ ਵਿਚ ਤੇ ਅਜਹੇ ਭੁਯਾਨਕ ਸਮੇਂ ਤੁਸੀਂ ਸਾਡੀ ਸਹੈਤਾ ਕਰਨੀ ਨਾ ਛਡਦੇ ਹੋਏ ਇਕ ਵਾਰੀ ਫੇਰ ਮੇਰੇ ਪਿਤਾ ਨੂੰ ਆਖੋ। ਚੱਲੋ ਮੈਂ ਤੁਹਾਨੂੰ ਗੁਪਤ ਸਭਾ ਵਿਖਾਵਾਂ।"

ਤਾਂਤੀਆ—ਜੇਕਰ ਮੇਰੀ ਅੰਤਿਮ ਪ੍ਰਾਰਥਨਾ ਨਾਲ ਵੀ ਤੇਰੇ ਪਿਤਾ ਨੇ ਪਲਟਾ ਨਾ ਖਾਧਾ ਤਾਂ ਫੇਰ ਮੈਂ ਓਸਦੀ ਸਹੈਤਾ ਨਹੀਂ ਕਰਾਂਗਾ। ਅਗਲੀ ਪੂਰਨਮਾਸ਼ੀ ਨੂੰ ਮੈਂ ਫੇਰ ਤੈਨੂੰ ਮਿਲਾਂਗਾ। ਤੇ ਓਸੇ ਦਿਨ ਝਾਂਸੀ ਜਾਵਾਂਗਾ ਕਿਉਂਕਿ ਰਾਣੀ ਲੱਛਮੀ ਬਾਈ ਦੀ ਚਿੱਠੀ ਆਈ ਹੈ। ਜੇਕਰ ਤੂੰ ਓਸਦੇ ਪਾਸ ਜਾਣਾ ਚਾਹੇਂ ਤਾਂ ਓਸ ਦਿਨ ਤਿਆਰ ਰਹੀਂ।

ਇਸਦੇ ਪਿਛੋਂ ਤਾਂਤੀਆ ਟੋਪੀ ਉਸ ਜੰਗਲ ਤੋਂ ਨਿਕਲਕੇ ਚੁਪ ਚਾਪ ਪੱਛਮ ਵੱਲ ਚਲਿਆ ਗਿਆ। ਹੁਣ ਮੈਂ ਵੀ ਨਿਕਲਕੇ ਉਸ ਮਕਾਨ ਵੱਲ ਚਲਿਆ। ਜਿਸ ਬਾਰੀ ਵਿਚੋਂ ਮੈਨਾ ਉਤਰੀ ਸੀ ਉਸਦੇ ਨਾਲ ਅਜੇ ਵੀ ਮਜ਼ਬੂਤ ਰੱਸੀ ਲਟਕ ਰਹੀ ਸੀ। ਮੈਂ ਝਟ ਅਪਣੇ ਸਾਥੀ ਸਿਪਾਹੀਆਂ ਨੂੰ ਲੈਣ ਲਈ ਜੰਗਲ ਤੋਂ ਬਾਹਰ ਗਿਆ। ਕੁਝ ਦੂਰ ਜਾਣ ਪਰ ਵੇਖਿਆ ਓਹ ਸਾਰੇ ਇਕ ਬ੍ਰਿਛ ਹੇਠ ਖੜੇ ਹਨ। ਇਕ ਸਿਪਾਹੀ ਔਂਦੇ ਜਾਂਦੇ ਨੂੰ ਵੇਖਣ ਲਈ ਓਥੇ ਛੱਡਕੇ ਤੇ ਬਾਕੀ ਸਿਪਾਹੀ ਨਾਲ ਲੈਕੇ ਮੈਂ ਫੇਰ ਓਸ ਮਕਾਨ ਵੱਲ ਗਿਆ। ਮੈਂ ਅਪਣੇ ਮਨ ਵਿਚ ਸੋਚਿਆ ਕਿ ਜੇਕਰ ਅੱਜ ਮੈਂ ਰੋਜ਼ ਨੂੰ ਨਾ ਬਚਾ ਸਕਿਆ ਤਾਂ ਫੇਰ ਕਦੇ ਨਹੀਂ ਬਚਾ ਸਕਦਾ। ਕਿਉਂਕਿ ਬਲਵਾਈਆਂ ਦੀ

ਗਿਣਤੀ ਦਿਨੋ ਦਿਨ ਵਧਦੀ ਜਾਂਦੀ ਹੈ । ਦੋ ਚਾਰ ਦਿਨ ਤੱਕ ਕਿਲੇ ਵਿਚੋਂ ਨਿਕਲਣਾ ਵੀ ਔਖਾ ਹੋਵੇਗਾ। ਇਸ ਲਈ ਵਾਹਿਗੁਰੂ ਦਾ ਨਾਮ ਲੈਕੇ ਮੈਂ ਇਸ ਕੰਮ ਲਈ ਹੋਰ ਵੀ ਦੂਣੇ ਉਤਸ਼ਾਹ ਨਾਲ ਚੱਲ ਪਿਆ।

ਅਸੀਂ ਸਾਰੇ ਬਾਰੀ ਦੇ ਹੇਠ ਜਾਕੇ ਖੜੇ ਹੋ ਗਏ। ਮੈਂ ਸਿਪਾਹੀਆਂ ਨੂੰ ਖੜਾ ਕਰਕੇ ਇਹ ਵੇਖਣ ਲਈ ਵੱਡੇ ਦਰਵਾਜ਼ੇ ਵੱਲ ਗਿਆ ਕਿ ਓਥੇ ਕਿੰਨੇ ਸਿਪਾਹੀ ਪੈਹਰਾ ਦੇ ਰਹੇ ਹਨ।ਜਾਕੇ ਵੇਖਿਆ ਤਾਂ ਇਕ ਸੌ ਤੋਂ ਉਤੇ ਆਦਮੀ ਹਨ। ਮੈਂ ਫੇਰ ਅਪਣੇ ਸਿਪਾਹੀਆਂ ਨੂੰ ਆਕੇ ਸਮਝਾਯਾ ਕਿ ਕਿਸ ਤਰਾਂ ਹੱਲਾ ਕਰਨਾ ਹੈ, ਕਿਸ ਤਰਾਂ ਰੋਬ ਨੂੰ ਬਚਾਣਾ ਹੈ ਤੇ ਬਾਹਰ ਕੱਢਣਾ ਹੈ। ਜੇਕਰ ਬਾਹਰਲੇ ਆਦਮੀ ਹੁਸ਼ਿਆਰ ਹੋ ਜਾਣ ਤਾਂ ਕਿਸ ਤਰਾਂ ਉਨਾਂ ਨਾਲ ਲੜਨਾ ਹੈ। ਇਹ ਸਾਰੀਆਂ ਗੱਲਾਂ ਮੈਂ ਉਨਾ ਨੂੰ ਚੰਗੀ ਤਰਾਂ ਨਾਲ ਸਮਝਾ ਦਿਤੀਆਂ। ਚਾਰ ਸਿਪਾਹੀ ਲੋੜ ਵੇਲੇ ਮਦਦ ਲੈਣ ਲਈ ਓਥੇ ਹੀ ਛੱਡਕੇ ਬਾਕੀ ਸਿਪਾਹੀਆਂ ਸਣੇ ਮੈਂ ਉਪਰ ਗਿਆ। ਪਹਿਲਾਂ ਸਭ ਤੋਂ ਮੈਂ ਉਸ ਰੱਸੀ ਨੂੰ ਫੜਕੇ ਆਪ ਚੜ੍ਹਿਆ ਅਤੇ ਮੈਨਾ ਦੇ ਕਮਰੇ ਵਿਚ ਜਾ ਵੜਿਆ। ਓਸ ਵੇਲੇ ਉਸ ਵਿਚ ਪੰਜ ਵੱਡੇ ੨ ਝਾੜ ਜਗ ਰਹੇ ਸਨ ਪਰ ਕੋਈ ਅੰਦਰ ਨਹੀਂ ਸੀ। ਮੈਂ ਹੌਲੀ ੨ ਓਸ ਕਮਰੇ ਵਿਚੋਂ ਬਾਹਰ ਨਿਕਲਕੇ ਸਾਮਣੇ ਵਾਲੇ ਕਮਰੇ ਵਿਚ ਗਿਆ। ਓਥੇ ਵੀ ਉਸ ਵੇਲੇ ਕੋਈ ਨਹੀਂ ਸੀ। ਉਸ ਕਮਰੇ ਵਿਚ ਪਹੁੰਚਕੇ ਮੈਂ ਦਰਵਾਜ਼ਾ ਬੰਦ ਕਰ ਲਿਆ ਤੇ ਮੈਨਾ ਦੇ ਕਮਰੇ ਵਿਚ ਇਕ ੨ ਕਰਕੇ ੪੦ ਸਿਖ ਬੀਰ ਕੱਠੇ ਹੋ ਗਏ

# ਕਾਂਡ ੭

## ਰੋਜ਼ ਦਾ ਛੁਟਕਾਰਾ

(ਸਰਦਾਰ ਰਾਮਪਾਲ ਸਿੰਘ ਦਾ ਬਿਆਨ)

ਮੈਨਾ ਦੇ ਮੁੜ ਆਉਣ ਤਕ ਅਸੀਂ ਓਸੇ ਕਮਰੇ ਵਿੱਚ ਬੈਠੇ ਰਹੇ। ਕਰੀਬ ਅੱਧ ਘੰਟਾ ਬੀਤ ਜਾਣ ਪਰ ਮੈਨਾ ਦੇ ਔਣ ਦੀ ਆਹਟ ਆਈ। ਮੈਨਾ ਇਤਨੇ ਸਿਪਾਹੀਆਂ ਨੂੰ ਵੇਖਕੇ ਘਾਬਰ ਨਾ ਜਾਵੇ ਇਸ ਲਈ ਮੈਂ ਸਭਨਾਂ ਨੂੰ ਇਕ ੨ ਕਰਕ ਬਾਹਰ ਭੇਜ ਦਿੱਤਾ। ਓਹ ਸਾਰੇ ਚੁਪਚਾਪ ਬਿਨਾਂ ਕੁਝ ਅਵਾਜ਼ ਕੀਤੇ ਦੇ ਬਾਹਰ ਚਲੇ ਗਏ। ਇੰਨੇ ਵਿਚ ਹੀ ਮੈਨਾ ਬਾਰੀ ਥਾਣੀ ਅੰਦਰ ਆ ਪਹੁੰਚੀ। ਮੈਨੂੰ ਵੇਖਦੇ ਸਾਰ ਮੈਨਾ ਪੈਹਲਾਂ ਤਾਂ ਡਰੀ ਪਰ ਝਟ ਹੀ ਉਸਦਾ ਡਰ ਜਾਂਦਾ ਰਿਹਾ ਤੇ ਓਸਦਾ ਮੁਖੜਾ ਅਗੇ ਨਾਲੋਂ ਵੀ ਬਹੁਤਾ ਖਿੜ ਗਿਆ।

ਮੈਂ ਕਿਹਾ—"ਮੈਨਾ! ਇਕ ਦਿਨ ਹਨੇਰੇ ਜੰਗਲ ਵਿਚ ਤੈਨੂੰ ਵੇਖਕੇ ਮੈਂ ਡਰਿਆ ਸਾਂ ਤੇ ਅਜ ਅਪਣੇ ਕਮਰੇ ਵਿਚ ਮੈਨੂੰ ਵੇਖਕੇ ਤੂੰ ਵੀ ਜ਼ਰੂਰ ਅਚਰਜ ਹੁੰਦੀ ਹੋਵੇਂਗੀ। ਪਰ ਮੇਰੇ ਇਥੇ ਆਉਣ ਦਾ ਇਕ ਖਾਸ ਮਤਲਬ ਹੈ। ਮੈਂ ਉਮੇਦ ਕਰਦਾ ਹਾਂ ਤੂੰ ਇਸਦੇ ਲਈ ਮੈਨੂੰ ਮਾਫ ਕਰੇਂਗੀ। ਓਸ ਦਿਨ ਤੈਂ ਮੈਥੋਂ ਸਹੈਤਾ ਮੰਗੀ ਸੀ ਤੇ ਅਜ ਮੈਂ ਤੇਰੀ ਸਹੈਤਾ ਲੈਣ ਲਈ ਆਯਾ ਹਾਂ। ਅਤੇ—"

ਮੇਰੀ ਗੱਲ ਵਿਚਕਾਰੇ ਟੁੱਕਕੇ ਮੈਨਾ ਨੇ ਕਿਹਾ— "ਹੁਣ ਆਪਨੂੰ ਬਹੁਤ ਆਖਣ ਦੀ ਲੋੜ ਨਹੀਂ, ਮੈਂ ਸਮਝ ਗਈ ਹਾਂ ਆਪ ਇਸ ਕੰਮ ਲਈ ਆਏ ਹੋ। ਰੋਜ਼ ਅਜ ਇਥੇ ਕੈਦ ਹੈ ਤੇ ਮੈਂ ਵੀ ਮਹਾਤਮਾ ਜੀ ਨਾਲ

ਪ੍ਰਤਿਗਯਾ ਕੀਤੀ ਹੈ ਜਿਸ ਕਿਸਤਰਾਂ ਓਸਨੂੰ ਛੁੜਾਵਾਂਗੀ। ਚੰਗਾ ਹੋਯਾ ਜੋ ਆਪ ਵੀ ਆ ਗਏ ਹੋ। ਇਹ ਕੰਮ ਔਖਾ ਸੀ ਪਰ ਤੁਹਾਡੇ ਔਣ ਨਾਲ ਮੈਨੂੰ ਆਸ ਹੈ ਇਹ ਕੰਮ ਛੇਤੀ ਪੂਰਾ ਹੋ ਜਾਵੇਗਾ।"

ਮੈਂ ਕਿਹਾ—"ਮੈਨਾ, ਮੈਂ ਅਕੱਲਾ ਨਹੀਂ ਹਾਂ। ਮੇਰੇ ਨਾਲ ਕਈ ਸਿਪਾਹੀ ਵੀ ਹਨ। ਜੇਕਰ ਰੋਜ਼ ਨੂੰ ਛੁਡਾਣ ਲਈ ਅਜ ਸਾਡੀਆਂ ਜਾਨਾਂ ਵੀ ਚਲੀਆਂ ਜਾਣ ਤਾਂ ਅਸੀਂ ਪਿੱਛੇ ਪੈਰ ਨਹੀਂ ਰੱਖਾਂਗੇ। ਵੇਖੋ ਓਹ ਸਿਪਾਹੀ ਬਾਹਰ ਬਿਰਾਂਡੇ ਵਿਚ ਖੜੇ ਹਨ। ਤੂੰ ਜੇਕਰ ਇਹ ਪਤਾ ਕਰ ਲਵੇਂ ਕਿ ਰੋਜ਼ ਕਿਸ ਕਮਰੇ ਵਿਚ ਕੈਦ ਹੈ ਤਾਂ ਇਹ ਕੰਮ ਬਹੁਤ ਛੇਤੀ ਹੋ ਜਾਵੇ।"

ਮੈਨਾ ਨੇ ਦ੍ਰਿੜਤਾ ਨਾਲ ਕਿਹਾ—"ਮੈਂ ਉਸਦੀ ਖੋਜ ਹੁਣੇ ਕਰਦੀ ਹਾਂ। ਪਰ ਇਹ ਰੁਕਾਵਟ ਹੈ ਕਿ ਦੋ ਆਦਮੀ ਮੇਰੇ ਘਰ ਦੇ ਬੂਹੇ ਤੇ ਪੈਹਰਾ ਦਿਆ ਕਰਦੇ ਹਨ। ਮੇਰੇ ਪਿਤਾ ਨੇ ਓਨਾਂ ਨੂੰ ਹੁਕਮ ਦੇ ਰਖਿਆ ਹੈ ਕਿ ਮੈਨੂੰ ਇਸ ਘਰ ਤੋਂ ਬਾਹਰ ਨਾ ਜਾਣ ਦਿੱਤਾ ਜਾਵ। ਮੈਨੂੰ ਬਾਹਰ ਨਿਕਲਦਾ ਵੇਖ ਜੇਕਰ ਉਨਾਂ ਕੁਝ ਰੌਲਾ ਪਾਯਾ ਤਾਂ ਸਾਰੇ ਜਣੇ ਹੁਸ਼ਿਆਰ ਹੋਜਾਣਗੇ ਤੇ ਫੇਰ ਜਾਨ ਉੱਤੇ ਬਣ ਜਾਵੇਗੀ।"

ਮੈਂ ਕਿਹਾ—"ਉਨਾਂ ਦਾ ਫਿਕਰ ਕਰਨ ਦੀ ਲੋੜ ਨਹੀਂ। ਮੈਂ ਓਨਾਂ ਨੂੰ ਝਟ ਕਾਬੂ ਕਰ ਲਵਾਂਗਾ। ਓਹ ਪੈਹਰੇ ਕਿੱਥੇ ਦੇ ਰਹੇ ਹਨ ਮੈਨੂੰ ਇਕ ਵਾਰਾ ਵਿਖਾਦੇ।"

ਮੈਨਾ—"ਦੋ ਪੈਹਰੇਦਾਰਾਂ ਵਿਚੋਂ ਇਕ ਤੀਵੀਂ ਤੇ ਇਕ ਮਰਦ ਹੈ। ਇਸਤ੍ਰੀ ਤਾਂ ਮੇਰੀ ਗੋਲੀ ਹੈ ਤੇ ਉਸ ਨੂੰ ਵਸ ਕਰ ਲੈਣਾਂ ਕੋਈ ਔਖਾ ਨਹੀਂ। ਪਰ ਮਰਦ ਵੱਡਾ ਹੁਸ਼ਿਆਰ ਤੇ ਮੇਰੇ ਪਿਤਾ ਦਾ ਇਕ ਪੂਰਨ ਵਿਸ਼੍ਵਾਸੀ ਹੈ,

ਓਸ ਨੂੰ ਕਾਬੂ ਕਰਨਾ ਸੌਖਾ ਕੰਮ ਨਹੀਂ। ਅੱਛਾ ਜੋ ਵਾਹਿਗੁਰੂ ਦੀ ਮਰਜ਼ੀ ਸੋ ਹੋਵੇਗੀ ਆਪ ਮੇਰੇ ਨਾਲ ਆਓ, ਮੈਂ ਤੁਹਾਨੂੰ ਓਹ ਥਾਂ ਦਿਖਾ ਦੇਵਾਂ ?"

ਮੈਨਾ ਤੇ ਮੈਂ ਦੋਵੇਂ ਅਸੀਂ ਓਸ ਕਮਰੇ ਵਿਚੋਂ ਨਿਕਲੇ ੪੦ ਸਿਖ ਸਿਪਾਹੀਆਂ ਨੂੰ ਵੇਖਕੇ ਮੈਨਾ ਹੈਰਾਨ ਪਰੇਸ਼ਾਨ ਹੋ ਗਈ ਅਰ ਮੈਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗੀ। ਮੈਂ ਓਸਦਾ ਭਾਵ ਸਮਝਕੇ ਝਟ ਕਿਹਾ-ਇਤਨੇ ਆਦਮੀ ਵੇਖਕੇ ਤੂੰ ਸ਼ੱਕ ਕਰਦੀ ਹੋਵੇਂਗੀ। ਕਿ ਮੈਂ ਤੇਰੇ ਪਿਤਾ ਨੂੰ ਫੜਕੇ ਲੈ ਜਾਵਾਂਗਾ। ਪਰ ਮੈਂ ਅਜੇਹਾ ਨਹੀਂ ਕਰਾਂਗਾ। ਕਿਉਂਕਿ ਮੈਂ ਤਾਂਤੀਆ ਟੋਪੀ ਦੇ ਸਾਮਣੇ ਉਸਨੂੰ ਨਾ ਫੜਨ ਦੀ ਪ੍ਰਤਿਗਯਾ ਕਰ ਚੁਕਾ ਹਾਂ। ਮੇਰਾ ਅਸਲ ਮਤਲਬ ਰੋਜ਼ ਨੂੰ ਛੁੜਾਣਾ ਹੈ। ਇਸ ਲਈ ਤੂੰ ਸ਼ੱਕ ਨੂੰ ਆਪਣੇ ਦਿਲੋਂ ਦੂਰ ਕਰਦੇ।"

ਇਹ ਸੁਣਕੇ ਮੈਨਾ ਚੁਪ ਹੋ ਗਈ ਤੇ ਉਸਨੇ ਮੈਨੂੰ ਅੱਗੇ ਲਿਜਾਕ ਇਕ ਕਮਰਾ ਦਿਖਾਯਾ ਤੇ ਕਿਹਾ-"ਉਹ ਸਾਰੇ ਇੱਥ ਹਨ। ਇਨਾਂ ਦੇ ਪੈਹਰੇ ਵਾਲਿਆਂ ਦੇ ਸਾਮਣਿਓਂ ਲੰਘਕੇ ਉਸ ਮਕਾਨ ਵਿਚ ਜਾਣਾ ਪੈਂਦਾ ਹੈ।"

ਮੈਂ ਫੇਰ ਕੁਝ ਨਾ ਆਖਕੇ ਮੈਨਾ ਦੇ ਕਮਰੇ ਵਿਚ ਮੁੜ ਆਯਾ ਅਤੇ ਦੋ ਸਿਪਾਹੀਆਂ ਨੂ ਨਾਲ ਲੈਕੇ ਓਧਰ ਗਿਆ। ਕੁਝ ਦੂਰੋਂ ਹੀ ਉਨਾਂ ਦੋਹਾਂ ਦੀਆਂ ਗੱਲਾਂ ਸੁਣੀਆਂ ਜਾਂਦੀਆਂ ਸਨ। ਉਸ ਕਮਰੇ ਵਿਚ ਇਕ ਦੀਵਾ ਜਗ ਰਿਹਾ ਸੀ ਤੇ ਓਨਾਂ ਦੋਹਾਂ ਦੀ ਸ਼ਕਲ ਸੂਰਤ ਬਾਹਰੋਂ ਸਾਫ ਦਿਸਦੀ ਸੀ ਓਹ ਦੋਵੇਂ ਮਰਹੱਟੇ ਸਨ।

ਉਨਾਂ ਨੂੰ ਫੜਨ ਦਾ ਵਿਚਾਰ ਕਰਕੇ ਮੈਂ ਦੋਵੇਂ ਸਿਪਾਹੀ ਲੁਕਾ ਦਿੱਤੇ ਤੇ ਖਬਰ ਕਰਨ ਲਈ ਖੰਘਿਆ।

ਪੈਹਰੇਦਾਰ "ਕੌਣ ਹੈ" ਆਖਦਾ ਅਜੇ ਬਾਹਰ ਨਿਕਲਿਆ ਹੀ ਸੀ ਕਿ ਓਨਾਂ ਦੋਹਾਂ ਸਿਪਾਹੀਆਂ ਨੇ ਉਸਦੇ ਮੂੰਹ ਤੇ ਪਿਛੋਂ ਆਕੇ ਇਸਤਰਾਂ ਕਪੜਾ ਬੰਨ੍ਹ ਦਿੱਤਾ ਕਿ ਓਹ ਫੇਰ ਕੁਝਨਾ ਬੋਲ ਸਕਿਆ।ਉਸਨੂੰ ਇਸਤਰਾਂ ਕਾਬੂ ਕਰਕੇ ਫੇਰਮੈਂ ਇਕ ਹੱਥ ਵਿਚ ਪਿਸਤੌਲ ਤੇ ਇਕ ਹਥ ਵਿਚ ਨੰਗੀ ਤਲਵਾਰ ਲੈਕੇ ਮੈਨਾ ਦੀ ਗੋਲੀ ਪਾਸ ਗਿਆ। ਓਹ ਮੈਨੂੰ ਵੇਖਕੇ ਰੌਲਾ ਪਾਯਾ ਚਾਹੁੰਦੀ ਸੀ ਪਰ ਡਰਦੀ ਮਾਰੀ ਬੋਲ ਨਾ ਸੱਕੀ। ਕਿਉਂਕਿ ਮੈਂ ਤਲਵਾਰ ਲੈਕੇ ਓਸਦੀ ਗਰਦਨ ਉਤੇ ਖੜਾ ਹੋ ਗਿਆ ਤੇ ਦੂਜੇ ਹੱਥ ਨਾਲ ਪਿਸਤੌਲ ਉਸਦੇ ਸਿਰ ਵੱਲ ਤਕਾਕੇ ਕਿਹਾ—"ਚੁਪ! ਜੇਕਰ ਜ਼ਰਾ ਵੀ ਬੋਲੀਓਂ ਤਾਂ ਇਸੇ ਤਲਵਾਰ ਨਾਲ ਤੇਰਾ ਸਿਰ ਵੱਢ ਦੇਵਾਂਗਾ। ਮੈਂ ਤੈਥੋਂ ਇਕ ਦੋ ਗੱਲਾਂ ਪੁਛਦਾ ਹਾਂ। ਜੇਕਰ ਸੱਚ ੨ ਦੱਸੇਂਗੀ ਤਾਂ ਤੈਨੂੰ ਜਾਨੋਂ ਨਹੀਂ ਮਾਰਾਂਗਾ। ਨਹੀਂ ਤੇ ਤੈਨੂੰ ਜ਼ਰੂਰ ਮਾਰ ਸੁੱਟਾਂਗਾ।"

ਓਹ ਡਰਦੀ ਹੋਈ ਬੋਲੀ—"ਹਜ਼ੂਰ, ਮੈਨੂੰ ਜਾਨੋਂ ਨਾ ਮਾਰੋ, ਜੋ ਕੁਝ ਪੁਛਣਾ ਹੋਵੇ ਪੁਛ ਲੌ। ਮੈਂ ਸੱਚ ਦੱਸਾਂਗੀ ?

ਮੈਂ—"ਅੱਜ ਇਥੇ ਕੌਣ ਕੌਣ ਆਯਾ ਸੀ ?"

ਗੋਲੀ—"ਨਾਨਾ ਜੀ, ਇਕ ਮੁਸਲਮਾਨ ੩—੪ ਅੰਗ੍ਰੇਜ਼।"

ਮੈਂ—"ਹੋਰ ਕੋਈ"

ਗੋਲੀ—"ਜੀ ਨਹੀਂ।"

ਮੈਂ ਜਾਣ ਗਿਆ ਕਿ ਇਹ ਕੋਰਾ ਝੂਠ ਬੋਲ ਰਹੀ ਹੈ। ਕਿਉਂਕਿ ਰੋਜ਼ ਨੂੰ ਲਿਆਉਂਦਾ ਹੋਯਾ ਮੈਨਾ ਨੇ ਵੇਖਿਆ ਸੀ। ਮੈਂ ਓਸਦੇ ਸਿਰ ਵਿਚ ਇਕ ਮੁੱਕਾ ਮਾਰਕੇ ਤੇ ਪਿਸਤੌਲ ਸਾਮਣੇ ਕਰਕੇ ਕਿਹਾ—ਮੈਂ ਜਾਣਦਾ ਹਾਂ ਤੂੰ ਝੂਠ

ਬੋਲਦੀ ਹੈਂ। ਸੱਚ ੨ ਦਸ ਉਨਾਂ ਨਾਲ ਇਕ ਮੇਮ ਵੀ ਆਈ ਸੀ ਕਿ ਨਹੀਂ ? ਨਹੀਂ ਤਾਂ ਇੱਕੋ ਗੋਲੀ ਨਾਲ ਤੇਰਾ ਸਿਰ ਉਡਾ ਦਿਆਂਗਾ।"

ਗੋਲੀ ਬੋਲੀ–"ਹਾਂ ਜੀ ਇਕ ਮੇਮ ਵੀ ਆਈ ਸੀ। ਪਰ ਨਾਨਾ ਸਾਹਿਬ ਦਾ ਸਖਤ ਹੁਕਮ ਹੈ ਕਿ ਉਸਦਾ ਪਤਾ ਕਿਸੇ ਨੂੰ ਨਾ ਲੱਗੇ ਕਿ ਓਹ ਇਥੇ ਕੈਦ ਹੈ। ਪਰ ਤੁਹਾਡਾ ਓਸ ਨਾਲ ਕੀ ਮਤਲਬ ਹੈ ?"

ਮੈਂ–"ਨਾਨਾ ਸਾਹਿਬ ਦੇ ਮਨੁੱਖ ਓਸਨੂੰ ਫੜ ਲਿਆਏ ਹਨ, ਮੈਂ ਉਸਨੂੰ ਛੁਡਾਵਾਂਗਾ।"

ਗੋਲੀ–"ਓਹ ਜਿਸ ਕੋਠੜੀ ਵਿਚ ਕੈਦ ਹੈ, ਓਸਦੀ ਕੁੰਜੀ ਮੇਰੇ ਪਾਸ ਨਹੀਂ। ਓਹ ਮੈਨਾ ਦੇ ਪਾਸ ਹੈ। ਜੇਕਰ ਆਪ ਉਸਤੋਂ ਕੁੰਜੀਆਂ ਲੈ ਆਓ ਤਾਂ ਮੈਂ ਓਸਨੂੰ ਕੱਢ ਦੇਵਾਂ। ਪਰ ਓਸਦੇ ਨਿਕਲ ਜਾਣ ਪਰ ਨਾਨਾ ਸਾਹਿਬ ਮੇਰੀ ਜਾਨ ਮਾਰ ਦੇਣਗੇ, ਯਾ ਜੀਭ ਵੱਢ ਲੈਣਗੇ।"

ਮੈਂ–"ਇਸ ਗੱਲ ਦਾ ਫਿਕਰ ਨਾਂ ਕਰ। ਮੈਂ ਇਸਦਾ ਇਲਾਜ ਕਰਕੇ ਜਾਵਾਂਗਾ। ਮੈਂ ਹੁਣੇ ਮੈਨਾ ਪਾਸੋਂ ਕੁੰਜੀਆਂ ਲੈ ਆਉਂਦਾ ਹਾਂ।" ਇਹ ਆਖਕੇ ਓਸਨੂੰ ਸਿਪਾਹੀਆਂ ਦੇ ਸਪੁਰਦ ਕਰ ਮੈਂ ਮੈਨਾ ਦੇ ਪਾਸ ਗਿਆ ਤੇ ਗੋਲੀ ਦੀਆਂ ਸਾਰੀਆਂ ਗੱਲਾਂ ਦੱਸੀਆਂ।

ਮੈਨਾ ਕੁੰਜੀਆਂ ਦਾ ਗੁੱਛਾ ਲੈਕੇ ਮੇਰੇ ਨਾਲ ਤੁਰ ਪਈ। ਮੈਂ ਹੋਰ ਵੀ ਚਾਰ ਸਿਪਾਹੀ ਨਾਲ ਲੈ ਲਏ। ਉਸ ਨੌਕਰ ਨੂੰ ਉਨ੍ਹਾਂ ਦੇ ਸਪੁਰਦ ਕਰ ਮੈਨਾ ਤੇ ਗੋਲੀ ਸਣੇ ਰੋਬ ਨੂੰ ਛੁਡਾਣ ਤੁਰ ਪਿਆ। ਸਿਪਾਹੀਆਂ ਨੂੰ ਮੈਂ ਸਮਝਾ ਦਿੱਤਾ ਕਿ ਇਸ਼ਾਰਾ ਕਰਦਿਆਂ ਹੀ ਤੁਸਾਂ ਆ ਜਾਣਾ।

ਫੇਰ ਅਸੀਂ ਹੇਠਾਂ ਉਤਰ ਗਏ। ਗੋਲੀ ਨੂੰ ਮੈਂ ਅੱਗੇ ਦੇ

ਸਾਮਣੇ ਹੀ ਰੱਖਿਆ ਅਤੇ ਉਸਨੂੰ ਵਾਰੰਵਾਰ ਇਹੋ ਆਖੀ ਜਾਂਦਾ ਸਾਂ ਕਿ ਜੇਕਰ ਤੈਂ ਕੁਝ ਚਲਾਕੀ ਕੀਤੀ ਤਾਂ ਇਸੇ ਪਿਸਤੌਲ ਨਾਲ ਤੈਨੂੰ ਮਾਰ ਸੁੱਟਾਂਗਾ। ਹੇਠਾਂ ਜਾਕੇ ਕਈ ਕੋਠੜੀਆਂ ਤੇ ਦਲਾਨ ਟੱਪਕੇ ਅਸੀ ਇਕ ਹਨੇਰੀ ਕੋਠੜੀ ਵਿਚ ਵੜੇ। ਮੇਰੇ ਪਾਸ ਬਿਜਲੀ ਵਾਲੀ ਲੈਂਪ ਸੀ ਹੀ। ਮੈਂ ਓਹ ਜਗਾ ਲਈ । ਕੋਠੜੀ ਨੂੰ ਵੇਖਣ ਤੋਂ ਮਲੂਮ ਹੋਯਾ ਕਿ ਓਹ ਬਹੁਤ ਦਿਨਾਂ ਤੋਂ ਖਾਲੀ ਪਈ ਹੈ । ਸਾਰੀ ਕੋਠੜੀ ਵਿਚ ਬਦਬੂ ਖਿਲਰੀ ਹੋਈ ਸੀ। ਉਸਨੂੰ ਟੱਪਕੇ ਅਸੀ ਇਕ ਹੋਰ ਛੋਟੀ ਜੇਹੀ ਕੋਠੜੀ ਵਿਚ ਵੜੇ। ਇਹ ਕੋਠੜੀ ਪੈਹਲੀ ਕੋਠੜੀ ਨਾਲੋਂ ਵੀ ਗਈ ਬੀਤੀ ਸੀ । ਇਸ ਕੋਠੜੀ ਵਿਚ ਕੈਦ ਕੀਤੇ ਹੋਏ ਮਨੁੱਖ ਦਾ ਦੋ ਘੰਟੇ ਜੀਉਣਾ ਵੀ ਔਖਾ ਸੀ। ਉਸ ਗੋਲੀ ਨੇ ਕਿਹਾ ਕਿ ਇਸਤੋਂ ਅਗਲੀ ਕੋਠੜੀ ਵਿਚ ਰੋਜ਼ ਕੈਦ ਹੈ । ਉਸਦੇ ਮੂੰਹੋਂ ਇਹ ਗੱਲ ਸੁਣਕੇ ਮੇਰੇ ਲੂੰ ਕੰਡੇ ਖੜੇ ਹੋ ਗਏ । ਮੈਂ ਅਪਣੇ ਮਨ ਵਿਚ ਕਿਹਾ ਅਜੇਹੇ ਨਰਕ ਵਿਚ ਕਿਸੇ ਨੂੰ ਕੈਦ ਕਰ ਰੱਖਣ ਨਾਲੋਂ ਉਸਨੂੰ ਮਾਰ ਦੇਣਾ ਚੰਗਾ ਹੈ। ਫੇਰ ਮੈਨਾ ਨੇ ਅਗਲੀ ਕੋਠੜੀ ਦੀ ਕੁੰਜੀ ਲਾਕੇ ਖੋਲੀ । ਇਸ ਵਿਚ ਇਕ ਛੋਟਾ ਜੇਹਾ ਦੀਵਾ ਜਗਦਾ ਸੀ। ਇਕ ਮੇਜ਼ ਉਤੇ ਪੀਣ ਦਾ ਪਾਣੀ ਤੇ ਕੁਝ ਖਾਣ ਲਈ ਰੱਖਿਆ ਹੋਯਾ ਸੀ। ਰੋਜ਼ ਇਕ ਮੰਜੀ ਉਤੇ ਲੇਟੀ ਹੋਈ ਸੀ। ਉਹ ਇਸ ਵੇਲੇ ਸੰਸਾਰ ਦੇ ਸਾੜੇ ਨੂੰ ਭੁੱਲਕੇ ਸ਼ਾਂਤਮਈ ਨੀਂਦ ਦੇਵੀ ਦੀ ਗੋਦੀ ਵਿਚ ਸੁੱਤੀ ਹੋਈ ਸੀ। ਮੈਨਾ ਨੇ ਓਸਨੂੰ ਉਠਾਯਾ ਤੇ ਰੋਜ਼ ਮੈਨੂੰ ਵੇਖਕੇ ਬਿਨਾ ਕੁਝ ਆਖੇ ਦੇ ਰੋਣ ਲੱਗ ਪਈ । ਹਾਇ! ਐਸਾ ਕੌਣ ਦਿਲ ਹੋਵੇਗਾ ਜੋ ਉਸ ਵੇਲੇ ਓਸ ਸਹਮ ਬਾਲੀ ਦਾ ਰੋਣ ਵੇਖਕੇ ਨਾ ਹਿਲ ਜਾਵੇ।

ਮੇਨਾ ਨੇ ਰੋਜ਼ ਦਾ ਹੱਥ ਫੜਕੇ ਸਾਫ ਅੰਗ੍ਰੇਜ਼ੀ ਵਿਚ ਕਿਹਾ–ਅਭਾਗਣ ਭੈਣ, ਮੈਂ ਵੀ ਤੇਰੇ ਵਰਗੀ ਦੁਖੀ ਹਾਂ। ਅਤੇ ਬਹੁਤ ਦੁਖ ਭੋਗ ਚੁਕੀ ਹਾਂ। ਤੇਰਾ ਦੁਖ ਵੇਖਕੇ ਮੈਂ ਵੀ ਰੋਏ ਬਿਨਾਂ ਨਹੀਂ ਰਹਿ ਸਕਦੀ। ਪਰ ਰੱਬ ਦੀ ਮਰਜ਼ੀ ਉੱਤੇ ਕਿਸੇ ਦਾ ਜ਼ੋਰ ਨਹੀਂ ਚਲਦਾ। ਇਸ ਲਈ ਦੁਖ ਵਿਚ ਧੀਰਜ ਧਰਨਾ ਚੰਗਾ ਹੈ, ਇਕ ਮਹਾਤਮਾ ਜੀ ਨੇ ਮੈਨੂੰ ਇਹੋ ਮੰਤ੍ਰ ਦਿਤਾ ਹੈ। ਸੋ ਉਸਨੂੰ ਜਪਕੇ ਮੈਂ ਦੁੱਖ ਦੇ ਵਿਚ ਵੀ ਸ਼ਾਂਤ ਬਣੀ ਰੈਂਹਦੀ ਹਾਂ। ਮੈਨੂੰ ਉਮੈਦ ਹੈ ਓਹ ਮੰਤ੍ਰ ਲੈਕੇ ਤੂੰ ਵੀ ਦੁਖ ਵਿਚ ਸ਼ਾਂਤ ਬਣੀ ਰਹੇਂਗੀ। ਇਸ ਵੇਲੇ ਇਸ ਮੈਹਲ ਦੇ ਚੌਹ ਪਾਸਿਆਂ ਤੋਂ ਵੈਰੀਆ ਨੇ ਘੇਰ ਰਖਿਆ ਹੈ। ਇਸ ਲਈ ਮੈਂ ਤੈਨੂੰ ਬਹੁਤ ਕੁਝ ਨਹੀਂ ਆਖ ਸਕਦੀ। ਆਸ਼ਾ ਹੈ ਤੂੰ ਮੈਨੂੰ ਆਪਣੀ ਮਾਂ ਜਾਈ ਭੈਣ ਵਾਂਗ ਮੰਨੇਂਗੀ। ਤੇਰੇ ਪਰਮ ਹਿਤੂ ਸਰਦਾਰ ਰਾਮਪਾਲ ਸਿੰਘ ਆਏ ਹਨ। ਹੁਣ ਤੂੰ ਬਾਹਰ ਚਲ। ਜਿਸ ਤਰਾਂ ਹੋਵੇਗਾ ਤੈਨੂੰ ਅਜ ਮੈਂ ਬਦਮਾਸ਼ਾਂ ਦੇ ਹੱਥੋਂ ਛੁਡਾਵਾਂਗੀ।"

ਮੈਨਾਂ ਦੀਆਂ ਗੱਲਾਂ ਸੁਣਕੇ ਰੋਜ਼ ਉਠ ਖੜੀ ਹੋਈ। ਪਰ ਫੇਰ ਸਿਰਤੇ ਹੱਥ ਰੱਖਕੇ ਬੈਠ ਗਈ। ਓਹ ਮੈਨੂੰ ਬਹੁਤ ਹੀ ਕਮਜ਼ੋਰ ਮਾਲੂਮ ਹੋਈ। ਪਰ ਇਸ ਵੇਲ ਬਹੁਤ ਦੇਰ ਤਕ ਇਥੇ ਠੈਹਰਨਾ ਠੀਕ ਨਾ ਜਾਣ ਮੈਂ ਕਿਹਾ–ਰੋਜ਼, ਇੰਨੀ ਅਧੀਰਜਨ ਨਾ ਹੋ। ਛੇਤੀ ਇੱਥੋਂ ਚਲ। ਨਹੀਂ ਤਾਂ ਵੈਰੀ ਖਬਰਦਾਰ ਹੋ ਜਾਣਗੇ ਤੇ ਫੇਰ ਬਚਣਾ ਔਖਾ ਹੋਵੇਗਾ।

ਇਹ ਗੱਲ ਸੁਣਦਿਆਂ ਹੀ ਰੋਜ਼ ਰੁਮਾਲ ਨਾਲ ਅੱਖਾਂ ਢੱਕਕੇ ਰੋਣ ਲੱਗੀ। ਓਸਨੇ ਕਿਹਾ–ਸਰਦਾਰ ਜੀ, ਆਪ ਮੇਰੇ ਪਿਤਾ ਸਮਾਨ ਹੋ। ਅਤੇ ਪਿਤਾ ਦੇ ਵਾਂਗ ਹੀ

ਤੁਸੀਂ ਮੇਰੀ ਰਖਯਾ ਕਰਦੇ ਆਏ ਹੋ। ਆਪ ਦਾ ਕਰਜ਼ਾ ਮੈਂ ਇਸ ਜਨਮ ਤਾਂ ਕੀ ਕਈਆਂ ਜਨਮਾਂ ਤਕ ਨਹੀਂ ਉਤਾਰ ਸਕਦੀ। ਵਾਹਿਗੁਰੂ ਕਰੇ ਮੇਰੀ ਜੇਹੀ ਦੁੱਖੀ ਕੋਈ ਇਸਤ੍ਰੀ ਨਾ ਹੋਵੇ। ਪਰ ਮੈਂ ਤੁਰਨ ਤੋਂ ਪੇਹਲਾਂ ਇਕ ਗੱਲ ਆਪ ਪਾਸੋਂ ਪੁਛਿਆ ਚਾਹੁੰਦੀ ਹਾਂ ਕਿਉਂਕਿ ਉਸਦੀ ਯਾਦ ਨਾਲ ਹੀ ਮੇਰਾ ਦਿਲ ਰੋ ਪੈਂਦਾ ਹੈ। ਪਤਾ ਨਹੀਂ ਆਪ ਉਸਦਾ ਕੀ ਜਵਾਬ ਦਿਓਗੇ।

ਇਹ ਆਖਕੇ ਰੋਜ਼ ਚੁਪ ਹੋ ਗਈ। ਮੈਂ ਅਧੀਰ ਹੋਕੇ ਕਿਹਾ–ਰੋਜ਼, ਜੋ ਕੁਝ ਪੁਛਣਾ ਹੈ ਛੇਤੀ ਪੁੱਛ। ਮੇਰਾ ਇਥੇ ਇਕ ਮਿੰਟ ਵੀ ਇਕ ਵਰ੍ਹੇ ਵਰਗਾ ਬੀਤ ਰਿਹਾ ਹੈ।

ਰੋਜ਼ ਨੇ ਵੱਡੀ ਨਿਰਾਸਾ ਨਾਲ ਕਿਹਾ–ਨਹੀਂ ਜਾਣਦੀ ਮੇਰੇ ਭਾਗਾਂ ਵਿੱਚ ਕੀ ਲਿਖਿਆ ਹੈ। ਪਤਾ ਨਹੀਂ ਇਸ ਕੈਦ ਤੋਂ ਛੁਟੀ ਵੀ ਮਿਲੇਗੀ ਕਿ ਨਹੀਂ ਕਿ ਇੱਥੇ ਹੀ ਜੀਵਨ ਪੂਰਾ ਹੋ ਜਾਵੇਗਾ। ਆਪ ਇਹ ਦੱਸੋ ਸਟੀਫਨ ਜੀਉਂਦਾ ਹੈ?

ਹੁਣ ਮੈਂ ਰੋਜ਼ ਦਾ ਮਤਲਬ ਜਾਣ ਗਿਆ। ਸਟੀਫਨ ਨੂੰ ਮੋਯਾ ਸਮਝ ਹੀ ਓਹ ਇਸ ਤਰਾਂ ਨਾਲ ਦੁੱਖੀ ਹੋ ਰਹੀ ਸੀ ਅਰ ਆਤਮ ਘਾਤ ਕੀਤਾ ਚਾਹੁੰਦੀ ਸੀ।

ਮੈਂ ਝਟ ਕਿਹਾ–ਵਾਹਿਗੁਰੂ ਦੀ ਕ੍ਰਿਪਾ ਨਾਲ ਸਟੀਫਨ ਜੀਉਂਦਾ ਹੈ ਤੇ ਮੇਰੇ ਵੇਲੇ ਸਿਰ ਜਾ ਪਹੁੰਚਣ ਨਾਲ ਉਸਦੀ ਜਾਨ ਬਚ ਗਈ। ਓਹ ਇਸ ਵੇਲੇ ਕਿਲੇ ਵਿਚ ਤੇਰੇ ਪਿਤਾ ਦੇ ਨਾਲ ਹੈ ਅਤੇ ਉਸਦਾ ਇਲਾਜ ਹੋ ਰਿਹਾ ਹੈ ਤੂੰ ਹੁਣ ਛੇਤੀ ਚਲ।"

ਇਹ ਸੁਣਕੇ ਰੋਜ਼ ਨੇ ਇਕ ਠੰਡਾ ਹਾਹੁਕਾ ਭਰਿਆ ਤੇ ਵਾਹਿਗੁਰੂ ਦਾ ਧੰਨਵਾਦ ਕਰਕੇ ਕੋਠੜੀ ਤੋਂ ਬਾਹਰ

ਆਈ। ਅਸੀਂ ਸਾਰੇ ਫੇਰ ਮੈਨਾ ਦੇ ਕਮਰੇ ਵਿਚ ਆਏ। ਮੈਨਾ ਨੇ ਕੁਝ ਖਾਣ ਲਈ ਮਿਠਾਈ ਲਿਆਕੇ ਰੋਜ਼ ਨੂੰ ਵੱਡੇ ਪ੍ਰੇਮ ਨਾਲ ਖੁਆਈ। ਫੇਰ ਅਸੀਂ ਇਹ ਸੋਚਣ ਲਗੇ ਕਿ ਹੁਣ ਇਸਨੂੰ ਕਿਧਰੋਂ ਲੈਕੇ ਜਾਈਏ ? ਕਿਉਂਕਿ ਕਈ ਤਰਾਂ ਦੀਆਂ ਫਿਕਰਾਂ, ਦੁਖਾਂ ਤੇ ਫਾਕਿਆਂ ਦੇ ਕਾਰਣ ਰੋਜ਼ ਦਾ ਸਰੀਰ ਬਿਲਕੁਲ ਕਮਜ਼ੋਰ ਸੀ। ਇਸ ਲਈ ਐਸੀ ਦਸ਼ਾ ਵਿਚ ਰੱਸੀ ਨਾਲ ਦੇ ਛੱਤੇ ਮਕਾਨ ਤੋਂ ਹੇਠਾਂ ਉਤਾਰਨਾ ਕੋਈ ਸੌਖਾ ਕੰਮ ਨਹੀਂ ਸੀ। ਕੁਝ ਦੇਰ ਤਕ ਸੋਚਕੇ ਮੈਂ ਇਹ ਗੱਲ ਸਥਿਰ ਕੀਤੀ। ਪੈਹਲੇ ਸਭਨਾ ਸਿਪਾਹੀਆਂ ਨੂੰ ਰੱਸੀ ਦੇ ਰਾਹ ਹੇਠਾਂ ਉਤਾਰ ਦਿੱਤਾ ਤੇ ਸੜਕ ਉਤੇ ਖੜੇ ਰੈਹਣ ਲਈ ਕਿਹਾ। ਫੇਰ ਅਸਾਂ ਦੋਹਾਂ ਨੇ ਨੌਕਰ ਨੌਕਰਾਣੀ ਦੇ ਕਪੜੇ ਲਾਹ ਲਏ ਤੇ ਉਨਾਂ ਦੇ ਹਥ ਪੈਰ ਬੰਨ ਦਿੱਤੇ ਉਨਾਂ ਨੂੰ ਇਨਾਮ ਵੀ ਕਾਫੀ ਦੇ ਦਿਤਾ ਜਿਨਾਂ ਦੇ ਚੇਹਰੇ ਤੋਂ ਦਿਸਦਾ ਸੀ ਓਹ ਖੁਸ਼ ਹੋ ਗਏ ਹਨ। ਫੇਰ ਮੈਂ ਮੈਨਾ ਪਾਸੋਂ ਵਿਦਾ ਮੰਗੀ। ਉਹ ਮੇਰੇ ਕੰਮ ਵੇਖਕੇ ਹੈਰਾਨ ਹੋ ਰਹੀ ਸੀ। ਉਹ ਬੋਲੀ—"ਤੁਸੀਂ ਰੋਜ਼ ਸਣੇ ਹਜ਼ਾਰਾਂ ਸਿਪਾਹੀਆਂ ਦੇ ਵਿਚੋਂ ਬੱਚਕੇ ਕਿਸਤਰਾਂ ਨਿਕਲੋਗੇ ?"

ਮੈਂ ਕਿਹਾ—ਜੇਕਰ ਮੈਂ ਇਹ ਮਾਮੂਲੀ ਕੰਮ ਨਾ ਕਰ ਸਕਿਆ ਤੇ ਫਰ ਮੈਂ ਜਾਸੂਸ ਕਾਹਦਾ ਹੋਯਾ ?

ਓਸ ਦਾਸੀ ਨੂੰ ਮੈਂ ਧਨ ਦਾ ਲਾਲਚ ਦੇਕੇ ਫਾਟਕ ਉੱਤੇ ਪੈਹਰਾ ਦੇਣ ਵਾਲੇ ਦਰਵਾਨ ਦਾ ਨਾਮ ਪੁਛ ਲਿਆ। ਫੇਰ ਕਪੜੇ ਪਾਕੇ ਮੈਂ ਆਪ ਬਣ ਗਿਆ ਨਾਨੇ ਦਾ ਨੌਕਰ ਤੇ ਰੋਜ਼ ਨੂੰ ਬਣਾਯਾ ਮੈਨਾ ਦੀ ਦਾਸੀ। ਰੋਜ਼ ਦੇ ਗੋਰੇ ਰੰਗ ਨੂੰ ਪੋਡਰ ਮਲਕੇ ਕੁਝ ਕਾਲਾ ਕਰ ਦਿੱਤਾ। ਮੈਨਾ ਓਸ ਵੇਸ ਵਿਚ ਰੋਜ਼ ਨੂੰ ਵੇਖਕੇ ਕੁਝ ਮੁਸਕਰਾਈ ਅਤੇ ਮੈਂ ਵੀ

ਆਪਣਾ ਹਾਸਾ ਨਾ ਰੋਕ ਸਕਿਆ। ਫੇਰ ਉਸ ਨੌਕਰ ਤੇ ਦਾਸੀ ਨੂੰ ਕੈਦੀਆਂ ਵਾਂਗ ਇਕ ਕੋਠੜੀ ਵਿੱਚ ਕੈਦ ਕਰਕੇ ਮੈਂ ਰੋਸ਼ ਸਣੇ ਹੇਠਾਂ ਉਤਰਿਆ । ਮੈਨਾ ਵੀ ਸਾਡੇ ਨਾਲ ੨ ਹੇਠਾਂ ਆਈ। ਮੈਂ ਉਸਨੂੰ ਕਿਹਾ–"ਮੈਨਾ ਭਾਵੇਂ ਰੋਸ਼ਨੂੰ ਛੁਡਾਕੇ ਲੈ ਚਲਿਆ ਹਾਂ ਪਰ ਤੇਰਾ ਪਿਤਾ ਤੇਰੇ ਉਤੇ ਹੀ ਸ਼ੱਕ ਕਰੇਗਾ ਤੇ ਹੋ ਸਕਦਾ ਹੈ ਉਸਦੇ ਲਈ ਤੈਨੂੰ ਕੁਝ ਕਸ਼ਟ ਵੀ ਭੋਗਣਾਂ ਪਵੇ। ਜੇਕਰ ਮੇਰੀ ਸਹੈਤਾ ਦੀ ਕੁਝ ਲੋੜ ਪਵੇ ਤਾਂ ਮੈਨੂੰ ਖਬਰ ਦੇਵੀਂ। ਮੈਂ ਸਾਰੇ ਕੰਮਾਂ, ਸਾਰੇ ਦੁੱਖਾਂ ਤੇ ਕਸ਼ਟਾਂ ਦੀ ਕੋਈ ਪਰਵਾਹ ਨਾ ਕਰ ਤੇਰੀ ਸਹੈਤਾ ਕਰਾਂਗਾ।

ਮੈਨਾ–ਮੈਂ ਅਭਾਗਣ ਕਦੇ ਕਿਸੇ ਦੁਖ ਵਿਚ ਫਸਾਂਗੀ ਤੇ ਆਪ ਸਹੈਤਾ ਕਰੋਗੇ ਇਹ ਸੁਣਕੇ ਮੈਨੂੰ ਬਹੁਤ ਖੁਸ਼ੀ ਹੈ। ਪਰ ਇਸ ਵੇਲੇ ਮੇਰੀ ਇਹੋ ਬੇਨਤੀ ਹੈ ਕਿ ਮੇਕੇਯਰ ਨੂੰ ਕੈਦ ਕਰਨ ਵੇਲੇ ਮੇਰੇ ਪਿਤਾ ਨੂੰ ਕੋਈ ਕਸ਼ਟ ਨਾ ਦੇਣਾ। ਮੇਰੇ ਪਿਤਾ ਦਾ ਕਸੂਰ ਹਮੇਸ਼ਾ ਮਾਫ ਕਰਦੇ ਰੈਹਣਾ, ਆਸ਼ਾ ਹੈ ਆਪ ਮਨਜ਼ੂਰ ਕਰੋਗੇ।

ਮੈਂ ਕਿਹਾ–"ਮੈਨਾ, ਤੇਰੇ ਪਿਤਾ ਦਾ ਮੈਂ ਅਨਿਸ਼ਟ ਕਦੇ ਨਹੀਂ ਕਰਾਂਗਾ। ਇਹ ਪ੍ਰਤਿਗਯਾ ਮੈਂ ਤਾਂਤੀਆ ਟੋਪੀ ਪਾਸ ਪੈਹਲੋਂ ਹੀ ਕਰ ਚੁਕਾ ਹਾਂ, ਨਹੀਂ ਤਾਂ ਤੇਰੇ ਪਿਤਾ ਦੀ ਕੀ ਤਾਕਤ ਸੀ ਕਿ ਓਹ ਬਚਦਾ ਕਰਦਾ। ਯਾਦ ਰੱਖਣਾ ਸਿਖ ਲੋਕ ਜੀਉਂਦੇ ਜੀ ਕੋਈ ਪ੍ਰਤਿੱਗਯਾ ਨਹੀਂ ਭੁਲ ਸਕਦੇ। ਮੈਂ ਤੇਰੇ ਪਾਸ ਵੀ ਪ੍ਰਤਿੱਗਯਾ ਕਰਦਾ ਹਾਂ ਕਿ ਤੇਰੇ ਪਿਤਾ ਦਾ ਮੈਂ ਕੋਈ ਅਨਿਸ਼ਟ ਨਹੀਂ ਕਰਾਂਗਾ।"

ਇਸਦੇ ਜਵਾਬ ਵਿਚ ਮੈਨੂੰ ਮੈਨਾ ਨੇ ਸਿਰ ਨਿਵਾਯਾ ਤੇ ਫੇਰ ਅਸੀਂ ਵੱਡੇ ਦਰਵਾਜ਼ੇ ਤੇ ਪਹੁੰਚੇ। ਵਾਹਿਗੁਰੂ ਦਾ ਨਾਮ ਦਿਲ ਵਿਚ ਲੈਕੇ ਪਿਸਤੌਲ ਮੈਂ ਅਪਣੇ ਹੱਥ ਵਿਚ

ਲੈ ਲਈ। ਰੋਜ਼ ਮੇਰੇ ਪਿੱਛੇ ਆਕੇ ਖੜੀ ਹੋ ਗਈ। ਮੈਂ ਨਾਨੇ ਦੇ ਨੌਕਰ ਵਰਗੀ ਅਵਾਜ਼ ਵਿਚ ਕਿਹਾ—"ਗੁਰਦਯਾਲ ਸਿੰਘ ਸਾਨੂੰ ਬਾਹਰ ਜਾਣ ਦਿਓ।"

ਗੁਰਦਯਾਲ ਸਿੰਘ—"ਕੀ ਮਹਾਰਾਜ ਦਾ ਹੁਕਮ ਹੈ ?"

ਮੈਂ ਕਿਹਾ—"ਹਾਂ ਮਹਾਰਾਜ ਦਾ ਹੁਕਮ ਹੈ ਕਿ ਸਾਨੂੰ ੧੦ ਵਜੇ ਰੋਟੀ ਖਾਣ ਦੀ ਛੁੱਟੀ ਦਿੱਤੀ ਜਾਵੇ।"

ਝਟ ਓਸਨੇ ਜੰਦਰਾ ਖੋਲਿਆ, ਮੇਨਾ ਨੂੰ ਮੈਂ ਦੂਰ ਖੜੋ ਹੋਣ ਦਾ ਇਸ਼ਾਰਾ ਕੀਤਾ ਤੇ ਓਹ ਹਟ ਗਈ। ਦਰਵਾਜ਼ਾ ਖੁਲਿਆ ਤੇ ਮੈਂ ਰੋਜ਼ ਸਣੇ ਓਸ ਨਰਕ ਵਿਚੋਂ ਬਾਹਰ ਨਿਕਲ ਗਿਆ। ਮੈਂ ਸਾਹਮਣੇ ਵੇਖਿਆ ਸੈਂਕੜੇ ਸਿਪਾਹੀ ਕਤਾਰ ਬੰਨਕੇ ਖੜੇ ਹੋਏ ਹਨ। ਓਨਾਂ ਦਾ ਸ਼ੱਕ ਦੂਰ ਕਰਨ ਲਈ ਮੈਂ ਜ਼ੋਰ ਨਾਲ ਕਿਹਾ।—

"ਮਹਾਰਾਜ ਧੂੰਧੂਪੰਥ ਨਾਨਾ ਕੀ ਜੈ।"

ਸਾਰੇ ਹੀ ਬੋਲ ਪਏ "ਮਹਾਰਾਜ ਕੀ ਜੈ।"

ਓਸ ਘੁੱਪ ਹਨੇਰੇ ਤੇ ਵਿਪਤਾ ਵਾਲੀ ਥਾਂ ਨੂੰ ਛੇਤੀ ੨ ਲੰਘਕੇ ਅਸੀਂ ਅਪਣੇ ਸਿਪਾਹੀਆਂ ਨੂੰ ਜਾ ਮਿਲੇ। ਉਹ ਸਾਨੂੰ ਨਿਰਵਿਘਨ ਔਂਦਾ ਵੇਖਕੇ ਗੁਰੂ ਦਾ ਧੰਨਵਾਦ ਕਰਨ ਲੱਗੇ ਤੇ ਰੋਜ਼ ਸਣੇ ਅਸੀਂ ਕਿਲੇ ਵਿਚ ਜਾ ਪਹੁੰਚੇ।

## ਕਾਂਡ ੮

## ਰੋਜ਼ ਦੀ ਇਕ ਹੋਰ ਦਸ਼ਾ

### ( ਬ੍ਰਿਗੇਡ ਸਰਜਨ ਸਟੀਵਨ ਦਾ ਬਿਆਨ )

ਓਸ ਦਿਨ ਰੋਜ਼ ਦੇ ਮੂੰਹੋਂ ਜੇਮਸ ਦਾ ਨਾਮ ਸੁਣਕੇ ਪਹਿਲਾਂ ਤਾਂ ਮੈਨੂੰ ਗੁੱਸਾ ਆਯਾ। ਪਰ ਉਸੇ ਵੇਲੇ ਜਦ ਤੋਪ ਦੇ ਗੋਲੇ ਨੇ ਰੋਜ਼ ਦੇ ਕਮਰੇ ਦਾ ਅਗਲਾ ਬਿਰਾਂਡਾ ਢਾਹ ਦਿੱਤਾ

ਜਾਂ ਮੈਂ ਛੇਤੀ ਨਾਲ ਉਸਦੇ ਕਮਰੇ ਵਿਚ ਜਾ ਵੜਿਆ। ਅਚਾਨਕ ਮੈਨੂੰ ਇਹ ਮਲੂਮ ਹੋਯਾ ਕਿ ਪਾਪੀ ਮੇਕੇਸਰ ਦੇ ਹੁਕਮ ਨਾਲ ਬਲਵਾਈ ਇਸੇ ਮਕਾਨ ਨੂੰ ਲੁੱਟਣ ਲਈ ਆ ਰਹੇ ਹਨ। ਤੇ ਸੱਚ ਮੁਚ ਕੁਝ ਦੇਰ ਪਿਛੋਂ ਮੇਰਾ ਇਹ ਖਿਆਲ ਸੱਚਾ ਨਿਕਲਿਆ।

ਅੰਦਰ ਜਾਂਦਿਆਂ ਹੀ ਰੋਜ਼ ਨੇ ਮੈਥੋਂ ਪੁਛਿਆ "ਇਹ ਕੀ ਰੌਲਾ ਹੈ ?"

ਮੈਂ ਕਿਹਾ—"ਮਲੂਮ ਹੁੰਦਾ ਹੈ ਸਿਪਾਹੀ ਬਾਗੀ ਹੋਕੇ ਤੁਹਾਡਾ ਮਕਾਨ ਲੁੱਟਣ ਲਈ ਆ ਰਹੇ ਹਨ।"

ਜੇਮਸ ਵੀ ਉਸੇ ਕਮਰੇ ਵਿਚ ਇਕ ਕੁਰਸੀ ਉਤੇ ਬੈਠਾ ਹੋਯਾ ਸੀ। ਉਸਨੇ ਮੇਰੀ ਗੱਲ ਸੁਣਕੇ ਕਿਹਾ—ਰੋਜ਼! ਤੂੰ ਇਸਦੀ ਗੱਲ ਦਾ ਇਤਬਾਰ ਨਾ ਕਰ, ਸਿਪਾਹੀ ਏਧਰ ਨਹੀਂ ਆਉਂਦੇ।

ਮੈਂ ਜੇਮਸ ਦੀ ਇਸ ਗੱਲ ਦਾ ਮਤਲਬ ਨਾ ਸਮਝ ਸਕਿਆ। ਪਰ ਰੋਜ਼ ਮੇਰੀ ਗੱਲ ਸੁਣਕੇ ਘਾਬਰ ਗਈ। ਉਹ ਮੇਰਾ ਹੱਥ ਫੜਕੇ ਬੋਲੀ—"ਸਟੀਫਨ, ਚਲੋ ਛੇਤੀ ਕਰੋ ਨੱਠ ਚੱਲੀਏ।"

ਮੈਂ ਰੋਜ਼ ਨੂੰ ਲੈਕੇ ਬਾਹਰ ਆਉਣ ਹੀ ਲੱਗਾ ਸਾਂ ਕਿ ਇਤਨੇ ਵਿਚ ਜੇਮਸ ਨੇ ਦੌੜਕੇ ਸਾਨੂੰ ਅੰਦਰ ਖਿੱਚ ਲਿਆ ਤੇ ਵੱਡੇ ਜ਼ੋਰ ਨਾਲ ਕਿਹਾ—"ਰੋਜ਼ ਦਾ ਇਸ ਵੇਲੇ ਮਾਲਕ ਮੈਂ ਹਾਂ। ਮੈਂ ਰੋਜ਼ ਨੂੰ ਜੋ ਕੁਝ ਆਖਾਂਗਾ ਉਸਨੂੰ ਕਰਨਾ ਪਵੇਗਾ। ਤੂੰ ਇਥੋਂ ਹਟ ਜਾਹ!"

ਉਸ ਦੀਆਂ ਗੱਲਾਂ ਸੁਣਕੇ ਮੇਰਾ ਸਰੀਰ ਸਿਰ ਤੋਂ ਲੈ ਪੈਰਾਂ ਤੀਕ ਸੜ ਗਿਆ। ਮੈਂ ਬਦਲਾ ਲੈਣ ਲਈ ਅੱਗੇ ਵਧਿਆ ਹੀ ਸੀ ਕਿ ਪਿਛੋਂ ਮੇਰੇ ਸੱਜੇ ਮੋਢੇ ਵਿਚ

ਕਿਸੇ ਨੇ ਛੁਰਾ ਮਾਰ ਦਿਤਾ। ਜਿਸਦੇ ਨਾਲ ਮੇਰਾ ਸੱਜਾ ਮੋਢਾ ਬੇਕਾਰ ਹੋ ਗਿਆ। ਮੈਂ ਸਾਮਣੇ ਵੇਖਿਆ ਤਾਂ ਉਹੋ ਬਦਮਾਸ਼ ਅਬਦੁੱਲਾ ਹੱਥ ਵਿਚ ਛੁਰਾ ਲੈਕੇ ਹੱਸ ਰਿਹਾ ਹੈ। ਭਾਵੇਂ ਛੁਰੇ ਨਾਲ ਮੇਰਾ ਸਾਰਾ ਸਰੀਰ ਸੁੰਨ ਹੋ ਚਲਿਆ ਸੀ ਪਰ ਉਸਨੂੰ ਵੇਖਕੇ ਬਦਲਾ ਲੈਣ ਲਈ ਮੇਰਾ ਸਰੀਰ ਬਲਵਾਨ ਹੋ ਗਿਆ ਤੇ ਉਸੇ ਵੇਲੇ ਮੇਰੇ ਸਰੀਰ ਵਿਚ ਜਾਣੋ ਬਿਜਲੀ ਦੌੜ ਗਈ। ਮੈਂ ਝਟ ਤਲਵਾਰ ਸੂਤਕੇ ਅਬਦੁੱਲੇ ਦੀ ਗਰਦਨ ਉੱਤੇ ਮਾਰੀ ਪਤਾ ਨਹੀਂ ਉਸਦੀ ਕੀ ਦਸ਼ਾ ਹੋਈ ਮੈਂ ਮੁੜਕੇ ਨਾ ਵੇਖ ਸਕਿਆ। ਕਿਉਂਕਿ ਰੋਜ਼ ਦੇ ਉਸ ਬਦਮਾਸ਼ ਭਰਾ ਜੇਮਸ ਨੇ ਪਿਛੋਂ ਦੀ ਆਕੇ ਇਸ ਜ਼ੋਰ ਨਾਲ ਮੇਰੇ ਸਿਰ ਵਿਚ ਡਾਂਗ ਮਾਰੀ ਕਿ ਮੇਰੇ ਹਥੋਂ ਉਸੇ ਵੇਲੇ ਤਲਵਾਰ ਛੁਟ ਗਈ ਤੇ ਮੈਂ ਵੀ ਭੁਆਟਣੀ ਖਾਕੇ ਦੂਰ ਜਾ ਪਿਆ। ਰੋਜ਼ "ਓ ਸਟੀਵਨ! ਓ ਸਟੀਵਨ" ਆਖਦੀ ਹੋਈ ਜ਼ੋਰ ਨਾਲ ਰੋ ਪਈ। ਇਸਦੇ ਪਿਛੋਂ ਬੇਹੋਸ਼ੀ ਵਿਚ ਮੈਨੂੰ ਇਨਾ ਮਲੂਮ ਹੋਯਾ ਕਿ ਉਸ ਮਕਾਨ ਵਿਚ ਬਹੁਤ ਸਾਰੇ ਆਦਮੀ ਆਏ ਜਿਨਾਂ ਵਿੱਚ ਮੇਕਿਧਰ ਦੇ ਬੋਲਣ ਦੀ ਅਵਾਜ਼ ਵੀ ਸੀ। ਮੈਂ ਇਕ ਵਾਰਗੀ ਅਸਹਾਇ ਹੋਕੇ ਵਾਹਿਗੁਰੂ ਦੇ ਪਾਸ ਰੋਜ਼ ਦੇ ਬਚਾਉ ਲਈ ਬੇਨਤੀ ਕਰਨ ਲੱਗਾ। ਇਸੇ ਵੇਲੇ ਕਿਸੇ ਨੇ ਫੇਰ ਮੇਰੀ ਪਿਠ ਵਿਚ ਛੁਰਾ ਮਾਰਿਆ। ਮੈਨੂੰ ਮਲੂਮ ਹੁੰਦਾ ਹੈ ਓਹ ਮੇਕੇਥਰ ਸੀ। ਜਿਸਦੇ ਨਾਲ ਮੈਂ ਬਿਲਕੁਲ ਬੇਹੋਸ਼ ਹੋ ਗਿਆ। ਕੁਝ ਦੇਰ ਬਾਦ ਜਦ ਸਰਦਾਰ ਰਾਮਪਾਲ ਸਿੰਘ ਹੁਰੀਂ ਆਏ ਤੇ ਓਨਾਂ ਮੈਨੂੰ ਉਠਾਲਕੇ ਬਿਠਾਯਾ ਤਾਂ ਮੈਨੂੰ ਕੁਝ ਹੋਸ਼ ਆਈ। ਪਰ ਹੁਣ ਇਹ ਸਾਰੀ ਗੱਲ ਸੁਫਨੇ ਵਰਗੀ ਮਲੂਮ ਹੁੰਦੀ ਹੈ। ਫੇਰ ਬੇਹੋਸ਼ੀ ਵਿਚ ਹੀ ਮੈਨੂੰ

ਸਰਦਾਰ ਹੁਰੀ ਕਿਲੇ ਵਿਚ ਲੈ ਗਏ। ਮੈਂ ਕਿੰਨੇ ਦਿਨ ਤਕ ਏਸ ਅਵਸਥਾ ਵਿਚ ਰਿਹਾ ਇਹ ਗਲ ਹੁਣ ਵੀ ਯਾਦ ਨਹੀਂ। ਪਰ ਜਿਸ ਦਿਨ ਮੈਨੂੰ ਪੈਹਲੇ ਪੈਹਲ ਗਯਾਨ ਹੋਯਾ ਓਸ ਦਿਨ ਕਿਲੇ ਵਿਚ ਹਾਹਾਕਾਰ ਤੇ ਰੋਣ ਦੀ ਅਵਾਜ਼ ਆ ਰਹੀ ਸੀ। ਮੈਂ ਉੱਠਕੇ ਬੈਠਣ ਦੀ ਕੋਸ਼ਿਸ਼ ਕਰਨ ਲੱਗਾ। ਇਸੇ ਵੇਲੇ ਰੋਜ਼ ਨੇ ਮੈਨੂੰ ਪਤਾ ਨਹੀਂ ਕਿਥੋਂ ਆਕੇ ਫੜ ਲਿਆ ਅਤੇ ਚੁਪ ਕਰਕੇ ਸੌਂ ਜਾਣ ਲਈ ਮੈਨੂੰ ਵਾਰੋਵਾਰ ਕੈਹਣ ਲਗੀ। ਮੈਂ ਉਸਨੂੰ ਫੇਰ ਕਿਲੇ ਵਿਚ ਵੇਖਕੇ ਹੈਰਾਨ ਹੋਯਾ। ਮੇਰਾ ਸਿਰ ਚਕਰਾ ਗਿਆ ਤੇ ਜ਼ਖਮ ਵਿਚੋਂ ਲਹੂ ਜ਼ੋਰ ਨਾਲ ਨਿਕਲਣ ਲੱਗ ਪਿਆ। ਰੋਜ਼ ਨੇ ਪੱਟੀ ਕੱਸਕੇ ਬੰਨੀ ਤੇ ਮੈਂ ਫੇਰ ਸੌਂ ਗਿਆ। ਮੈਂ ਉਸਨੂੰ ਬਹੁਤ ਨਿੰਮੀ ਅਵਾਜ਼ ਵਿਚ ਕਿਹਾ—"ਅਜ ਇਹ ਕਿਹਾ ਰੌਲਾ ਹੈ ?"

ਰੋਜ਼ ਨੇ ਰੋਂਦਿਆਂ ਹੋਯਾਂ ਕਿਹਾ-ਫੌਜ ਕਿਸੇ ਗੱਲ ਪਿਛੇ ਜ਼ਿਦ ਕਰ ਰਹੀ ਹੈ, ਹੋਰ ਕੁਝ ਨਹੀਂ।

ਇਸੇ ਵੇਲੇ ਹੀ ਬੰਦੂਕ ਦੀ ਇਕ ਗੋਲੀ ਆਕੇ ਕੰਧ ਵਿਚ ਲੱਗੀ। ਅਰ ਨਾਲ ਹੀ ਸਰਦਾਰ ਰਾਮਪਾਲ ਸਿੰਘ ਵੀ ਦੌੜਕੇ ਓਸ ਕਮਰੇ ਵਿਚ ਆਏ। ਓਨਾਂ ਨੇ ਕਿਹਾ— "ਰੋਜ਼, ਰੋਜ਼, ਨਾਨਾ ਤੇ ਮੇਕੇਜਰ ਦੀ ਫੌਜ ਨੇ ਕਿਲੇ ਉੱਤੇ ਧਾਵਾ ਕੀਤਾ ਹੈ ਤੇ ਓਹ ਇਸੇ ਕਮਰੇ ਨੂੰ ਨਿਸ਼ਾਨਾ ਬਣਾਕੇ ਗੋਲੀ ਚਲਾ ਰਹੇ ਹਨ। ਸਟੀਫਨ ਨੂ ਛੇਤੀ ਇੱਥੋਂ ਹਟਾ ਦਿਓ।"

ਰੋਜ਼ ਨੇ ਹੌਲੀ ਜੇਹੀ ਕਿਹਾ—"ਜ਼ਰਾ ਚੁਪ ਕਰੋ। ਸਟੀਫਨ ਹੁਣੇ ਸੁੱਤਾ ਹੈ, ਬੋਲਣ ਨਾਲ ਫੇਰ ਜਾਗ ਪਵੇਗਾ।"

ਇਸਦੇ ਪਿਛੋਂ ਮੈਂ ਫੇਰ ਬੇਹੋਸ਼ ਹੋ ਗਿਆ।

# ਕਾਂਡ ੯

## ਸ਼ੱਕ

### (ਮਿਸ ਰੋਜ਼ ਦਾ ਬਿਆਨ)

ਅੱਜ ਜੂਨ ਮਹੀਨੇ ਦੀ ੬ ਤਰੀਕ ਹੈ। ਸਾਰਾ ਦਿਨ ਮਾਰਕਾਟ ਮਚੀ ਰਹੀ। ਮੈਂ ਸਰਦਾਰ ਰਾਮਪਾਲ ਸਿੰਘ ਜੀ ਦੀ ਸਹੈਤਾ ਨਾਲ ਸਟੀਫਨ ਨੂੰ ਹੋਰ ਕਮਰੇ ਵਿਚ ਲੈ ਗਈ ਮੇਰੇ ਪਿਤਾ ਵੀ ਹੁਣ ਇਥੇ ਹਨ। ਉਨਾਂ ਦੀ ਦਸ਼ਾ ਪੈਹਲੇ ਵਰਗੀ ਹੀ ਹੈ। ਕੁਝ ਫਰਕ ਨਹੀਂ। ਸਰਦਾਰ ਹੋਰੀ ਅਜ ਸਾਰਾ ਦਿਨ ਲੜਾਈ ਵਿਚ ਰੁਝੇ ਰਹੇ ਅਤੇ ਕਿਲੇ ਵਿਚ ਅਜ ਬੜਾ ਰੌਲਾ ਗੌਲਾ ਰਿਹਾ।

ਅਸੀਂ ਸਾਰਾ ਦਿਨ ਡਰਦੇ ਰਹੇ। ਸਰਦਾਰ ਰਾਮਪਾਲ ਸਿੰਘ ਨੇ ਇਕ ਜਾਸੂਸ ਭੇਜਕੇ ਸਰ ਜਾਨ ਲਾਰੇਂਸ ਪਾਸੋਂ ਮਦਦ ਮੰਗੀ ਹੈ। ਜੇਕਰ ਮਦਦ ਛੇਤੀ ਨਾ ਪਹੁੰਚੀ ਤਦ ਸਾਡੇ ਬਚਣ ਦੀ ਕੋਈ ਆਸ ਨਹੀਂ। ਸਟੀਫਨ ਦੇ ਲਈ ਮੈਂ ਬਹੁਤ ਘਾਬਰ ਗਈ। ਕਿਉਂਕਿ ਅਜ ਉਸਨੂੰ ਸਾਰਾ ਦਿਨ ਬੁਖਾਰ ਚੜ੍ਹਿਆ ਰਿਹਾ ਤੇ ਓਹ ਬੇਹੋਸ਼ ਰਿਹਾ। ਫੌਜੀ ਡਾਕਟਰ ਉਸਨੂੰ ਰੋਜ਼ ਵੇਖਦੇ ਸਨ ਤੇ ਮੈਨੂੰ ਧੀਰਜ ਦੇਂਦੇ ਸਨ ਪਰ ਮੈਨੂੰ ਚੈਨ ਨਹੀਂ ਸੀ। ਮੈਂ ਕੇਵਲ ਈਸ਼੍ਵਰ ਤੇ ਭਰੋਸਾ ਕਰਕੇ ਜੀਊਂ ਰਹੀ ਸਾਂ। ਦੋ ਪੈਹਰ ਪਿਛੋਂ ਸਟੀਫਨ ਨੂੰ ਕੁਝ ਹੋਸ਼ ਆਈ ਉਹ ਬਹੁਤ ਦੇਰ ਤਕ ਮੇਰੀ ਵਲ ਵੇਖਦਾ ਰਿਹਾ। ਉਸਦੀ ਓਹ ਕਰੜੀ ਨਜ਼ਰ ਵੇਖਕੇ ਮੈਨੂੰ ਕੁਝ ਸ਼ੱਕ ਪਿਆ ਤੇ ਮੇਰੀਆਂ ਅੱਖਾਂ ਵਗ ਪਈਆਂ। ਮੈਂ ਆਪਣੇ ਮਨ ਵਿਚ ਈਸ਼੍ਵਰ ਦਾ ਨਾਮ ਲੈਣ ਲੱਗੀ। ਕੁਝ ਦੇਰ ਪਿਛੋਂ ਮੈਂ ਕਿਹਾ—"ਕੀ ਤੁਸੀ ਮੈਨੂੰ

ਪਛਾਣਦੇ ਹੋ ?"

ਸਟੀਵਨ–ਆਹੋ ਪਛਾਣਦਾ ਹਾਂ । ਤੂੰ ਰੋਜ਼ ਹੈਂ । ਪਰ ਤੂੰ ਇਥੇ ਕਿਸਤਰਾਂ ਆਈ। ਕੀ ਹੁਣ ਵੀ ਤੇਰੀ ਮਰਜ਼ੀ ਧੋਖਾ ਦੇਣ ਦੀ ਹੈ ?"

ਮੈਂ ਉਸਦੀਆਂ ਗੱਲਾਂ ਦਾ ਕੋਈ ਅਰਥ ਨਾ ਸਮਝ ਸਕੀ। ਮੈਂ ਅਪਣੇ ਮਨ ਵਿਚ ਸੋਚਿਆ ਕਿ ਦਿਮਾਗ ਦੇ ਫਿਰ ਜਾਣ ਨਾਲ ਉਹ ਅਜੇਹੀਆਂ ਗੱਲਾਂ ਕਰਦਾ ਹੈ। ਦਵਾਈ ਪਿਲਾਣ ਲਈ ਮੈਂ ਉਸਦੇ ਪਾਸ ਸ਼ੀਸ਼ੀ ਲੈ ਗਈ। ਪਰ ਉਸਨੇ ਦਵਾਈ ਨਾ ਪੀਤੀ ਤੇ ਕਿਹਾ–"ਤੇਰਾ ਦਿਲ ਸਾਫ਼ ਨਹੀਂ । ਤੇਰਾ ਦਿਲ ਕਿਸੇ ਹੋਰ ਪਾਸੇ ਹੈ । ਭਾਰੀ ਵਿਸਾਹ ਘਾਤੀ ਹੋਣ ਦੇ ਕਾਰਨ ਤੇਰਾ ਦਿਲ ਹੁਣ ਕਾਲਾ ਹੋ ਗਿਆ ਹੈ। ਹੁਣ ਤੇਰੇ ਉਤੇ ਮੈਨੂੰ ਇਤਬਾਰ ਨਹੀਂ। ਤੂੰ ਦਵਾਈ ਦੇ ਬਹਾਨੇ ਮੈਨੂੰ ਜ਼ਹਿਰ ਦੇ ਸਕਦੀ ਹੈਂ।"

ਸਟੀਵਨ ਦੀਆਂ ਗੱਲਾਂ ਸੁਣਕੇ ਮੈਂ ਬਹੁਤ ਦੁਖੀ ਹੋਈ। ਦਵਾਈ ਦੀ ਸ਼ੀਸ਼ੀ ਮੇਰੇ ਹੱਥੋਂ ਡਿਗ ਪਈ ਤੇ ਚੂਰਾ ਚੂਰਾ ਹੋ ਗਈ। ਮੈਂ ਉਸਦੇ ਪਾਸ ਬੈਠਕੇ ਰੋਣ ਲੱਗੀ। ਠੀਕ ਇਸੇ ਵੇਲੇ ਬਾਹਰੋਂ ਕਿਸੇ ਨੇ ਮੇਰਾ ਨਾਮ ਲੈਕੇ ਸੱਦਿਆ। ਮੈਂ ਬਾਹਰ ਨਿਕਲਕੇ ਵੇਖਿਆ ਤਾਂ ਸੈਮਸ ਖੜਾ ਹੈ।

ਸੈਮਸ ਨੂੰ ਵੇਖਕੇ ਮੇਰੇ ਦਿਲ ਵਿਚ ਭਾਰੀ ਨਫਰਤ ਆਈ। ਇਹ ਮੇਰਾ ਸਬੰਧੀ ਹੋਕੇ ਵੀ ਮੇਰਾ ਸੱਤਿਆਨਾਸ ਕੀਤਾ ਚਾਹੁੰਦਾ ਹੈ। ਉਸਦਾ ਉਸ ਦਿਨ ਵਾਲਾ ਵਰਤਾਉ ਵੇਖਕੇ ਮੈਂ ਜਾਣ ਗਈ ਕਿ ਮੈਨੂੰ ਤੰਗ ਕਰਨ ਲਈ ਇਹ ਮੇਜਰ ਨਾਲ ਮਿਲ ਗਿਆ ਹੈ। ਉਸ ਦਿਨ ਮੇਜਰ ਤੇ ਉਸਦੇ ਸਾਥੀ ਜਦ ਮੈਨੂੰ ਬੰਨ੍ਹ ਕੇ ਲੈ ਚੱਲੇ ਸਨ ਤਦ ਮੇਜਰ ਨੇ ਸੈਮਸ ਨੂੰ ਸੱਦਕੇ ਪਤਾ ਨਹੀਂ ਉਸ ਨਾਲ ਕੀ

ਗੱਲਾਂ ਕੀਤੀਆਂ ਸਨ । ਇਸਤੋਂ ਪਹਿਲਾਂ ਜਦ ਉਸਨੇ ਸਟੀਵਨ ਦੇ ਸਿਰ ਵਿਚ ਸੋਟੀ ਮਾਰੀ ਸੀ ਉਸ ਵੇਲੇ ਵੀ ਮੇਰੇ ਦਿਲ ਵਿਚ ਭਾਰੀ ਸ਼ੱਕ ਗਿਆ ਸੀ । ਉਸਦੇ ਪਿਛੋਂ ਉਹ ਸ਼ਕ ਦੂਰ ਨਾ ਹੋਕੇ ਸਗੋਂ ਵਧਦਾ ਗਿਆ।

ਜੇਮਸ ਨੂੰ ਵੇਖਕੇ ਮੈਂ ਕਿਹਾ—"ਕਪਟੀ, ਬਦਮਾਸ਼! ਤੇਰੇ ਜੇਹੇ ਪਾਪੀ ਦਾ ਮੂੰਹ ਵੇਖਣ ਤੋਂ ਵੀ ਪਾਪ ਲੱਗਦਾ ਹੈ। ਮੈਨੂੰ ਨਿਰਾਸਰੀ ਦਸ਼ਾ ਵਿਚ ਵੇਖਕੇ ਅਪਣਾ ਮਤਲਬ ਕੱਢਣ ਲਈ ਤੂੰ ਮੇਕੇਯਰ ਨਾਲ ਜਾ ਮਿਲਿਓਂ ਅਤੇ ਮੇਰੇ ਬਰਖਿਲਾਫ ਸਾਜਸ਼ਾਂ ਕਰਦਾ ਰਿਹੋਂ ? ਯਾਦ ਰੱਖ ਈਸ਼ੂਰ ਸਭਨਾਂ ਦੇ ਸਿਰ ਤੇ ਹੈ ਤੇ ਓਹ ਪਾਪੀਆਂ ਨੂੰ ਡੰਡ ਦੇਕੇ ਧਰਮ ਦੀ ਹਮੇਸ਼ਾ ਰੱਖਯਾ ਕਰਦਾ ਹੈ। ਜਦੋਂ ਤਕ ਧਰਮ ਵੱਲ ਮੇਰਾ ਖਿਆਲ ਹੈ ਓਦੋਂ ਤਕ ਉਸਦੀ ਕਿਰਪਾ ਨਾਲ ਮੇਕੇਯਰ, ਅਬਦੁੱਲਾ ਤੇ ਤੇਰ ਵਰਗੇ ਸ਼ੈਤਾਨਾਂ ਦੀਆਂ ਸਾਜਸ਼ਾਂ ਨਾਲ ਮੇਰਾ ਇਕ ਵਾਲ ਵੀ ਕੋਈ ਵਿੰਗਾ ਨਹੀਂ ਕਰ ਸਕਦਾ। ਮੈਨੂੰ ਹੁਣ ਨਿਕੰਮੇਂ ਲਾਲਚ ਦੇਕੇ ਗੁੱਸੇ ਨਾ ਕਰ, ਮੇਰੀਆਂ ਅੱਖਾਂ ਤੋਂ ਓਹਲੇ ਹੋ ਜਾ।

ਮੈਂ ਘਿਰਣਾ ਤੇ ਗੁੱਸੇ ਵਿਚ ਇਤਨੀ ਗੱਲ ਆਖਕੇ ਕਮਰੇ ਵਿਚ ਚਲੀ ਗਈ, ਜੇਮਸ ਹੈਰਾਨਾ ਵਾਂਗ ਮੇਰਾ ਮੂੰਹ ਵੇਖਦਾ ਹੋਯਾ ਦਰਵਾਜ਼ੇ ਵਿਚ ਖੜਾ ਰਿਹਾ। ਉਸ ਵੇਲੇ ਕਿਲੇ ਦੇ ਇਸ ਪਾਸੇ ਵੱਲ ਕੋਈ ਆਦਮੀ ਨਹੀਂ ਸੀ; ਸਾਰੇ ਲੜਾਈ ਵਿਚ ਰੁੱਝੇ ਹੋਏ ਸਨ। ਮੈਂ ਅਪਣੇ ਮਨ ਵਿਚ ਭਰੀ ਧਾਰ ਹਿੰਮਤ ਕਰਕੇ ਮੈਂ ਕਿਹਾ—ਤੂੰ ਇਥੋਂ ਚਲਿਆ ਜਾਹ, ਨਹੀਂ ਤਾਂ ਰੌਲਾ ਪਾਕੇ ਤੈਨੂੰ ਫੜਾ ਦਿਆਂ ਗੀ ਕਿ ਤੂੰ ਮੇਕੇਯਰ ਦਾ ਜਸੂਸ ਹੈਂ।"

ਜੇਮਸ—ਰੌਲਾ ਨਾ ਪਾ, ਮੈਂ ਹੁਣੇ ਚਲਿਆ ਜਾਂਦਾ

ਹਾਂ। ਪਰ ਤੇਰੇ ਭਲੇ ਵਾਸਤੇ ਹੀ ਮੈਂ ਕਿਤਨੇ ਕਸ਼ਟ ਸਹਾਰਕੇ ਇਥੇ ਆਯਾ ਹਾਂ। ਮੇਰੀਆਂ ਗੱਲਾਂ ਨਾਲ ਹੀ ਤੇਰੀ ਜਿੰਦਗੀ ਹੈ। ਜੇਕਰ ਤੂੰ ਮੰਨੇਂਗੀ ਤਾਂ ਤੂੰ ਬਚੇਂਗੀ। ਨਹੀਂ ਤਾਂ ਯਾਦ ਰੱਖ ਮਾਰੀ ਜਾਵੇਂਗੀ।"

ਮੈਂ ਕਿਹਾ—ਤੇਰੀਆਂ ਗੱਲਾਂ ਮੈਂ ਨਹੀਂ ਸੁਣਨੀਆਂ ਚਾਹੁੰਦੀ। ਮੇਰੀ ਜਾਨ ਭਾਵੇਂ ਰਹੇ ਭਾਵੇਂ ਜਾਵੇ ਇਥੋਂ ਤੂੰ ਚਲਿਆ ਜਾਹ ਤੇ ਫੇਰ ਇਹ ਪਾਪੀ ਮੂੰਹ ਮੈਨੂੰ ਨਾ ਵਿਖਾਹ।"

ਉਸਨੇ ਮੇਰੀ ਗੱਲ ਦਾ ਕੁਝ ਖਿਆਲ ਨਾ ਕਰ ਕਿਹਾ—"ਮੈਕੇਯਰ ਦੀ ਸਰਪਰਸਤੀ ਵਿਚ ਨਾਨੇ ਦੀ ਫੌਜ ਨੇ ਕਿਲੇ ਨੂੰ ਘੇਰ ਲਿਆ ਹੈ, ਸਾਰੇ ਹਿੰਦੁਸਤਾਨ ਵਿਚ ਬਲਵਾ ਹੋ ਗਿਆ ਹੈ, ਨਾਨੇ ਨੂੰ ਮਦਦ ਤੇ ਮਦਦ ਆ ਰਹੀ ਹੈ। ਤੁਹਾਨੂੰ ਮਦਦ ਦੀ ਕੋਈ ਆਸ ਨਹੀਂ। ਇਸ ਲਈ ਤੁਸੀਂ ਛੇਤੀ ਮਾਰੇ ਜਾਓਗੇ। ਮੈਂ ਕਿਉਂਕਿ ਤੈਨੂੰ ਚਾਹੁੰਦਾ ਹਾਂ ਇਸ ਲਈ ਮੇਰੀ ਗੱਲ ਮੰਨ ਲੈ।"

ਮੈਂ ਕਿਹਾ—ਪਾਪੀ ਜੇਮਸ, ਪਾਪੀ ਹੋਕੇ ਜੀਉਣ ਨਾਲੋਂ ਮਨੁੱਖ ਦਾ ਮਰ ਜਾਣਾ ਚੰਗਾ ਹੈ। ਬਿਰਥੀ ਬਕਵਾਸ ਕਰਨ ਦਾ ਕੋਈ ਮਤਲਬ ਨਹੀਂ। ਰੋਜ਼ ਭਾਵੇਂ ਆਤਮਘਾਤ ਕਰਕੇ ਈਸ਼ੂਰ ਦੀ ਦੇਣਦਾਰ ਕਿਉਂ ਨਾਂ ਹੋ ਜਾਵੇ ਪਰ ਤੇਰੇ ਜੇਹੇ ਪਾਪੀ ਨਾਲ ਕਦੇ ਨਹੀਂ ਜਾਵੇਗੀ।ਯਾਦ ਰੱਖ ਮੇਰਾ ਵਚਨ ਝੂਠਾ ਹੋ ਨਹੀਂ ਸਕਦਾ ਤੂੰ ਇਥੋਂ ਚਲਿਆ ਜਾਹ।"

ਜੇਮਸ ਬੂਹਾ ਛੱਡਕੇ ਹਟ ਗਿਆ ਪਰ ਉਸਨੇ ਕਿਹਾ—ਚੰਗਾ! ਕੁਝ ਦਿਨ ਠੈਹਰਕੇ ਵੇਖ ਲਵੀਂ ਮੇਰਾ ਕਿਹਾ ਨਾ ਮੰਨਣ ਦਾ ਤੈਨੂੰ ਕਿੰਨਾ ਪਛਤਾਵਾ ਕਰਨਾ ਪੈਂਦਾ ਹੈ।

ਇਹ ਆਖਕੇ ਜੇਮਸ ਓਥੋਂ ਚਲਿਆ ਗਿਆ। ਮੈਂ ਅੰਦਰ ਜਾਕੇ ਵੇਖਿਆ ਸਟੀਫਨ ਉੱਠਣ ਦਾ ਜਤਨ ਕਰਦਾ

ਹੈ ਪਰ ਉਠ ਨਹੀਂ ਸਕਦਾ। ਮੈਂ ਉਸਦੇ ਪਾਸ ਗਈ ਤੇ ਉਠਣ ਤੋਂ ਮਨੇ ਕੀਤਾ ਇਸ ਵੇਲੇ ਬੀ ਉਸਨੇ ਮੈਨੂੰ ਵੱਡੇ ਧਿਆਨ ਨਾਲ ਵੇਖਿਆ। ਉਸਦਾ ਸਾਰਾ ਸਰੀਰ ਲਹੂ ਹੀਨ ਹੋਕੇ ਚਿੱਟਾ ਹੋ ਗਿਆ ਸੀ। ਅੱਖਾਂ ਪਾਗਲਾਂ ਵਾਂਗ ਚੰਚਲ ਹੋ ਰਹੀਆਂ ਸਨ। ਉਸਨੇ ਕੁਝ ਦੇਰ ਤਕ ਮੇਰੀ ਵੱਲ ਵੇਖਕੇ ਕਿਹਾ—"ਮੈਂ ਹੁਣੇ ਸੁਫਨੇ ਵਿਚ ਵੇਖ ਰਿਹਾ ਸਾਂ ਕਿ ਹੁਣੇ ਜੇਮਸ ਆਕੇ ਤੈਨੂੰ ਮੈਕੇਅਰ ਪਾਸ ਲਈ ਜਾਂਦਾ ਹੈ। ਇਸ ਡਰਦੇ ਮਾਰੇ ਮੇਰੀ ਨੀਂਦ ਖੁਲ ਗਈ। ਪਰ ਤੇਰੇ ਨਾਲ ਹੁਣੇ ਕੇਹੇ ਕੌਣ ਪਿਆ ਗੱਲਾਂ ਕਰਦਾ ਸੀ? ਸਰਦਾਰ ਰਾਮਪਾਲ ਸਿੰਘ?"

ਮੈਂ ਕਿਹਾ—"ਨਹੀਂ, ਸਰਦਾਰ ਹੁਰੀਂ ਤਾਂ ਅਜੇ ਨਹੀਂ ਆਏ ਜੇਮਸ ਹੀ ਮੇਰੇ ਨਾਲ ਗੱਲਾਂ ਕਰ ਰਿਹਾ ਸੀ ਤੇ ਤੁਹਾਡਾ ਸੁਫਨਾ ਕੁਝ ੨ ਸੱਚਾ ਹੈ।"

ਇਹ ਸੁਣਕੇ ਸਟੀਵਨ ਪਾਗਲਾਂ ਵਾਂਗ ਉਠ ਖੜਾ ਹੋਯਾ। ਮੈਂ ਛੇਤੀ ਨਾਲ ਦੌੜਕੇ ਫੜ ਲਿਆ। ਪਰ ਓਸਨੇ ਜ਼ੋਰ ਨਾਲ ਮੈਨੂੰ ਹਟਾਯਾ। ਕੁਝ ਅੱਗੇ ਵਧਕੇ ਓਹ ਮੇਜ਼ ਦੇ ਪਾਸ ਕੁਰਸੀ ਤੇ ਬੈਠ ਗਿਆ। ਉਸਦੀ ਓਸ ਵੇਲੇ ਪਾਗਲਾਂ ਵਰਗੀ ਦਸ਼ਾ ਤੇ ਮੂੰਹ ਦੀ ਸ਼ਕਲ ਯਾਦ ਕਰਕੇ ਹੁਣ ਵੀ ਮੇਰਾ ਦਿਲ ਕੰਬਦਾ ਹੈ। ਕੁਰਸੀ ਤੇ ਬੈਠ ਤੇ ਦੋਹਾਂ ਹੱਥਾਂ ਨਾਲ ਮੂੰਹ ਢੱਕਕੇ ਉਸਨੇ ਕਿਹਾ—ਓਹ! ਤਦ ਮੈਂ ਸੁਫਨਾ ਨਹੀਂ ਵੇਖਿਆ ਸਾਰੀ ਗੱਲ ਸੱਚੀ ਹੈ। ਹੇ ਈਸ਼ੂਰ! ਇਸ ਭੈਣ ਰੋਜ਼ ਪਾਸੋਂ ਮੇਰੀ ਰਖਯਾ ਕਰ। ਇੰਨੇ ਭਾਰੀ ਪ੍ਰੇਮ ਤੇ ਵਿਸਾਹ ਦੇ ਬਦਲੇ ਇੰਨਾਂ ਭਾਰੀ ਧੋਖਾ ਅਰ ਫਰੇਬ! ਓਹ! ਕੇਹੀ ਭਯਾਨਕ ਵਿਸ਼ਵਾਸ ਘਾਤਕਤਾ ਹੈ। ਹੇ ਈਸ਼ੂਰ! ਤੂੰ ਇਸ ਦਾ ਸਾਖੀ ਹੈਂ ਤੇ ਤੂਹੀਓਂ ਇਸਦਾ ਨਿਆਂ ਕਰ।

ਸਟੀਫਨ ਦੀਆਂ ਇਹ ਗੱਲਾਂ ਮੈਨੂੰ ਨਿਕੰਮੀਆਂ ਮਲੂਮ ਹੋਈਆਂ। ਉਸਦੇ ਦਿਲ ਵਿਚ ਮੇਰੀ ਵਲੋਂ ਭਾਰੀ ਸ਼ੱਕ ਹੈ ਇਹ ਮੈਂ ਜਾਣ ਗਈ। ਪਰ ਉਸਨੇ ਮੈਨੂੰ ਨਾਹਕ ਵਿਸ਼ਵਾਸਘਾਤਿਕ ਸਮਝ ਲਿਆ ਹੈ ਇਸਦੇ ਲਈ ਮੈਨੂੰ ਬਹੁਤ ਦੁਖ ਹੋਇਆ। ਬਹੁਤ ਦਿਨ ਦਾ ਜੁੜਿਆ ਹੋਇਆ ਪ੍ਰੇਮ ਬੰਧਨ ਜਾਣੋ ਇਕ ਖਿਨ ਵਿਚ ਟੁੱਟ ਗਿਆ। ਭੈਣ ਹੈਲਨਾ ਨੂੰ ਪਾਪੀ ਅਬਦੁੱਲੇ ਨੇ ਮਾਰ ਸੁੱਟਿਆ। ਅਤਿ ਸਨੇਹ ਵਾਲੀ ਮਾਤਾ ਇਸ ਅਸਾਰ ਸੰਸਾਰ ਤੋਂ ਕੂਚ ਕਰ ਗਈ ਤੇ ਪਿਆਰੇ ਪਿਤਾ ਪਾਗਲ ਹੋ ਗਏ ਹਨ। ਫੇਰ ਭੀ ਸਟੀਫਨ ਦੀ ਮੁਹਬਤ ਦੇ ਪਿੱਛੇ ਮੈਂ ਇਹ ਸਭ ਕੁਝ ਭੁਲ ਗਈ ਸਾਂ। ਪਰ ਅਜ ਸਟੀਫਨ ਦੇ ਉਖੜਲੇ ਵਰਤਾਓ ਨੂੰ ਵੇਖਕੇ ਮੇਰਾ ਉਹ ਸੁਖ ਵੀ ਜਾਂਦਾ ਰਿਹਾ ਹੈ। ਮੈਂ ਆਪਣੀ ਨਾਜ਼ਕ ਦਸ਼ਾ ਨੂੰ ਚੰਗੀ ਤਰਾਂ ਜਾਣ ਗਈ। ਇਸ ਵੇਲੇ ਸੰਸਾਰ ਵਿਚ ਮੈਨੂੰ ਹਨੇਰਾ ਹੀ ਹਨੇਰਾ ਦਿੱਸਣ ਲੱਗਾ। ਮੇਰੀਆਂ ਅੱਖਾਂ ਵਿਚ ਅੱਥਰੂ ਆ ਗਏ ਤੇ ਮੈਂ ਸਟੀਫਨ ਦੇ ਪੈਰ ਫੜਕੇ ਕਿਹਾ—"ਪਿਆਰੇ ਸਟੀਫਨ ਮਾਫ ਕਰੋ। ਜੇਕਰ ਮੈਂ ਭੁਲਕੇ ਕੋਈ ਅਪਰਾਧ ਕੀਤਾ ਹੈ ਤਾਂ ਉਹ ਵੀ ਮਾਫ ਕਰੋ।"

ਪਰ ਸਟੀਫਨ ਦਾ ਸ਼ੱਕੀ ਦਿਲ ਮੈਨੂੰ ਮਾਫ਼ ਨਾ ਕਰ ਸਕਿਆ ਉਸਨੇ ਪੈਰ ਨਾਲ ਮੈਨੂੰ ਧਕੇਲ ਦਿੱਤਾ ਤੇ ਇਸੇ ਵੇਲੇ ਬਾਹਰ ਜ਼ੋਰ ਨਾਲ ਤੋਪਾਂ ਛੁੱਟਣ ਲੱਗੀਆਂ। ਮੈਂ ਵਾਹਿਗੁਰੂ ਅੱਗੇ ਬੇਨਤੀਆਂ ਕਰਨ ਲੱਗੀ ਕਿ ਤੋਪ ਦਾ ਕੋਈ ਗੋਲਾ ਆਕੇ ਮੇਰੇ ਦੁਖੀ ਦਿਲ ਨੂੰ ਟੁਕੜੇ ੨ ਕਰ ਦੇਵੇ।"

# ਕਾਂਡ ੧੦

## ਨਾਨਾ ਦੀ ਯਾਦਗਾਰ ਦਾ ਨਾਸ ਤੇ ਮੈਨਾ ਦੀ ਮੌਤ !

(ਸਰ ਟਾਮਸ ਹੇ ਦੀ ਸਰਕਾਰੀ ਰਿਪੋਰਟ ਤੋਂ)

ਸਰਦਾਰ ਰਾਮਪਾਲ ਸਿੰਘ ਦੀ ਤਿੱਖੀ ਅਕਲ ਤੇ ਚਤੁਰਾਈ ਉਪਮਾਂ ਯੋਗ ਹੈ। ਸਰਦਾਰ ਹੁਰੀ ਦੂਰਅੰਦੇਸ਼ ਤੇ ਰਾਜਨੀਤੀ ਜਾਣਨ ਵਾਲੇ ਹਨ। ਉਨਾਂ ਦੀ ਹੀ ਕੋਸ਼ਿਸ਼ ਤੇ ਸਹੈਤਾ ਨਾਲ ਮੈਂ ਭਾਰੀ ਬਲਵੇ ਨੂੰ ਬਹੁਤ ਕੁਝ ਦਬਾ ਸਕਿਆ ਹਾਂ ਇਨਾਂ ਬੁਰੇ ਦਿਨਾਂ ਵਿਚ ਜੇਕਰ ਸ੍ਰ: ਰਾਮਪਾਲ ਸਿੰਘ ਮੇਰੇ ਸੱਜੇ ਹੱਥ ਨਾ ਹੁੰਦੇ ਤਾਂ ਹਿੰਦੁਸਤਾਨ ਵਿਚੋਂ ਸ਼ਾਹੀ ਹਕੂਮਤ ਦਾ ਦੀਵਾ ਛੇਤੀ ਹੀ ਬੁਝ ਜਾਂਦਾ ਇਸ ਵਿਚ ਕੋਈ ਸ਼ਕ ਨਹੀਂ। ਸਰਦਾਰ ਹੁਰਾਂ ਦਾ ਬੇਹੱਦ ਹੌਸਲਾ ਤੇ ਬੀਰਤਾ ਬ੍ਰਿਟਿਸ਼ ਰਾਜ ਵਿਚ ਆਦਰਸ਼ ਹੈ। ਆਸ਼ਾ ਹੈ ਬ੍ਰਿਟਿਸ਼ ਸਰਕਾਰ ਇਨਾਂ ਦੀ ਬਹੁਤ ਕ੍ਰਿਤਗਜ ਰਹੇਗੀ ਤੇ ਇਨਾਂ ਦੇ ਕੰਮਾਂ ਦੇ ਬਦਲੇ ਵਿਚ ਇਨਾਂ ਨੂੰ ਕੋਈ ਭਾਰੀ ਇਨਾਮ ਦੇਵੇਗੀ।

ਕਾਨਪੁਰ ਦੀ ਖੂਨ ਖਰਾਬੀ ਦੇ ਬਾਦ ਬਾਗੀਆਂ ਦੇ ਸਰਦਾਰ ਨਾਨਾ ਤੇ ਤਾਂਤੀਆ ਦਾ ਕੋਈ ਪਤਾ ਨਹੀਂ ਮਿਲਿਆ। ਮੇਕਯਰ ਤੇ ਅਬਦੁੱਲ ਨੂੰ ਗ੍ਰਿਫਤਾਰ ਕਰਨ ਲਈ ਸਰਦਾਰ ਰਾਮਪਾਲ ਸਿੰਘ ਜੀ ਮਸ਼ਗੂਲ ਹਨ। ਉਨਾਂ ਦਾ ਪਤਾ ਪਾਕੇ ਸਰਦਾਰ ਰਾਮਪਾਲ ਸਿੰਘ ਜੀ ਆਪ ਦੋ ਤਿੰਨ ਦਿਨ ਤੋਂ ਖੋਜ ਕਰਨ ਲਈ ਗਏ ਸਨ, ਪਰ ਅਜੇ ਤਕ ਉਨਾਂ ਵੱਲੋਂ ਕੋਈ ਖਬਰ ਨਹੀਂ ਆਈ। ਬਿਠੂਰ ਵਾਲਾ ਨਾਨਾ ਸਾਹਿਬ ਦਾ ਮਕਾਨ ਲੁਟਿਆ ਗਿਆ ਹੈ ਪਰ ਬਹੁਤ ਥੋੜਾ ਮਾਲ ਹੱਥ ਲੱਗਾ ਹੈ, ਅਜ ਤੋਪ ਨਾਲ

ਓਹ ਮੇਹਲ ਉਡਾ ਦਿਤਾ ਗਿਆ ਹੈ। ਅਸੀਂ ਜਦ ਉਸਦੇ ਮੇਹਲ ਦੇ ਸਾਮਣੇ ਤੋਪਖਾਨਾ ਲਿਜਾਕੇ ਗੋਲੇ ਮਾਰਨੇ ਚਾਹੁੰਦੇ ਸਾਂ ਤਾਂ ਇਕ ਦੇਵੀ ਮੂਰਤੀ ਲੜਕੀ ਉਸਦੇ ਬਿਰਾਂਡੇ ਵਿਚ ਆਕੇ ਖੜੀ ਹੋ ਗਈ। ਅਚਰਜ ਹੈ ਕਿ ਮਕਾਨ ਲੁੱਟਣ ਵੇਲੇ ਉਹ ਕਿਧਰੇ ਨਜ਼ਰ ਨਹੀਂ ਆਈ ਸੀ, ਓਸਨੇ ਮੈਨੂੰ ਗੋਲੇ ਮਾਰਨੋਂ ਮਨ੍ਹੇ ਕੀਤਾ। ਮੈਂ ਗੋਲਾਬਾਰੀ ਬੰਦ ਕਰਕੇ ਪੁਛਿਆ ਉਹ ਕੀ ਚਾਹੁੰਦੀ ਹੈ? ਉਸਨੂੰ ਵੇਖਕੇ ਮੈਨੂੰ ਬਹੁਤ ਦਿਨਾਂ ਦੀ ਪੁਰਾਣੀ ਯਾਦ ਆ ਗਈ। ਮੈਨੂੰ ਸ਼ੱਕ ਪਿਆ ਕਿ ਇਹ ਅਖੁੱਟ ਰੂਪ ਦੀ ਖਾਣ ਮੈਂ ਕਿਧਰੇ ਵੇਖੀ ਹੈ। ਓਸਦਾ ਕਰੁਣਾ ਵਾਲਾ ਮੁਖੜਾ ਤੇ ਛੋਟੀ ਉਮਰ ਵੇਖਕੇ ਮੈਨੂੰ ਦਯਾ ਆਈ। ਪਰ ਇਹ ਗੱਲ ਦਿਲ ਵਿਚ ਦੱਬਕੇ ਮੈਂ ਓਸਤੋਂ ਪੁੱਛਿਆ ਕੀ ਚਾਹੁੰਦੀ ਹੈਂ ਛੇਤੀ ਦੱਸ। ਮੇਰੀ ਗੱਲ ਦਾ ਜਵਾਬ ਓਸਨੇ ਸਾਫ ਅੰਗ੍ਰੇਜ਼ੀ ਵਿਚ ਦਿਤਾ ਓਸਦੇ ਮੂੰਹੋਂ ਅੰਗ੍ਰੇਜ਼ੀ ਸੁਣਕੇ ਮੈਨੂੰ ਵੱਡੀ ਹੈਰਾਨੀ ਹੋਈ। ਉਸਨੇ ਕਿਹਾ-"ਕੀ ਤੁਸੀ ਇਸ ਮੇਹਲ ਨੂੰ ਛੱਡ ਦਿਓਗੇ?"

ਮੈਂ-"ਕਿਉਂ? ਇਸਦੇ ਛੱਡਣ ਨਾਲ ਤੇਰਾ ਮਤਲਬ?"

ਲੜਕੀ-ਪੈਹਲਾਂ ਤੁਸੀਂ ਦੱਸੋ ਇਸਦੇ ਢਾਹੁਣ ਤੋਂ ਤੁਹਾਡਾ ਮਤਲਬ?"

ਮੈਂ-ਇਹ ਮਕਾਨ ਬਾਗੀਆਂ ਦੇ ਆਗੂ ਨਾਨਾ ਦਾ ਹੈ। ਓਸਦੀ ਹਸਤੀ ਮਿਟਾਣ ਲਈ ਮੈਨੂੰ ਸਰਕਾਰ ਵੱਲੋਂ ਹੁਕਮ ਹੋਯਾ ਹੈ।

ਲੜਕੀ-"ਤੁਹਾਡੇ ਵਿਰੁੱਧ ਜਿਨਾਂ ਨੇ ਹਥਿਆਰ ਉਠਾਏ ਓਹ ਦੋਸ਼ੀ ਹਨ, ਭਲਾ ਇਸ ਜੜ੍ਹ ਮਕਾਨ ਨੇ ਤੁਹਾਡਾ ਕੀ ਵਿਗਾੜਿਆ ਹੈ?"

ਮੇਰਾ ਮਤਲਬ ਇਹ ਹੈ ਕਿ ਇਹ ਮਕਾਨ ਮੈਨੂੰ ਬਹੁਤ ਪਿਆਰਾ ਹੈ। ਇਸ ਲਈ ਮੈਂ ਹੱਥ ਜੋੜਕੇ ਬੇਨਤੀ ਕਰਦੀ ਹਾਂ ਕਿ ਜੇਕਰ ਤੁਹਾਥੋਂ ਹੋ ਸਕੇ ਤਾਂ ਇਹ ਮਕਾਨ ਛੱਡ ਦੇਵੋ।"

ਮੈਂ—ਅਫਸੋਸ ਹੈ ਕਿ ਮੈਂ ਤੇਰੀ ਇਹ ਗੱਲ ਨਹੀਂ ਮੰਨ ਸਕਦਾ। ਤੇਰੀ ਸਾਫ ਬੇਨਤੀ ਦੇ ਨਾਲ ਮੇਰਾ ਦਿਲ ਹਿਲ ਜਾਂਦਾ ਪਰ ਫੀ ਆਪਣਾ ਫਰਜ਼ ਪੂਰਾ ਕਰਨ ਲਈ ਇਹ ਮਕਾਨ ਮੈਨੂੰ ਢਾਹੁਣਾ ਹੀ ਪੈਂਦਾ ਹੈ।"

ਲੜਕੀ—"ਮੈਂ ਜਾਣਦੀ ਹਾਂ ਤੁਸੀਂ ਫੌਜ ਦੇ ਮਾਲਕ ਜਨਰਲ ਹੋ ਹੋ। ਤੁਹਾਡੀ ਪਿਆਰੀ ਲੜਕੀ 'ਮੇਰੀ' ਦੀ ਚਿੱਠੀ ਅਜੇ ਵੀ ਮੇਰੇ ਪਾਸ ਹੈ। ਅਜ ੯ ਵਰ੍ਹੇ ਹੋਏ ਉਹ ਚਿੱਠੀ 'ਮੇਰੀ' ਨੇ ਤੁਹਾਨੂੰ ਦੇਣ ਲਈ ਦਿੱਤੀ ਸੀ। ਪਰ ਕਈ ਕਾਰਣਾਂ ਕਰਕੇ ਮੈਂ ਓਹ ਤੁਹਾਨੂੰ ਨਹੀਂ ਦੇ ਸਕੀ। ਮੈਂ ਜਾਣਦੀ ਹਾਂ ਕਿ 'ਮੇਰੀ' ਦੇ ਮਰਨ ਦਾ ਤੁਹਾਨੂੰ ਬਹੁਤ ਦੁੱਖ ਹੈ ਅਤੇ ਇਹ ਵੀ ਮੈਂ ਜਾਣਦੀ ਹਾਂ ਕਿ ਇਹ ਚਿੱਠੀ ਲੈਕੇ ਵੀ ਤੁਹਾਨੂੰ ਦੁਖ ਹੀ ਹੋਵੇਗਾ। ਪਰ ਉਸਦੇ ਖਾਸ ਕੇਹਣੇ ਕਰਕੇ ਇਹ ਚਿੱਠੀ ਤੁਹਾਨੂੰ ਮੈਂ ਦੇਂਦੀ ਹਾਂ। ਬਚਪਨ ਵਿਚ 'ਮੇਰੀ' ਨਾਲ ਮੇਰਾ ਬਹੁਤ ਪਿਆਰ ਸੀ, ਉਹ ਵੀ ਮੈਨੂੰ ਦਿਲੋਂ ਪਿਆਰ ਕਰਦੀ ਸੀ। ਉਸ ਵੇਲੇ ਤੁਸੀਂ ਵੀ ਮੈਨੂੰ ਬਹੁਤ ਪਿਆਰ ਕਰਦੇ ਤੇ ਆਪਣੀ ਲੜਕੀ ਵਾਂਗ ਜਾਣਦੇ ਸਾਓ। ਪਰ ਇਹ ਬਹੁਤ ਦਿਨਾਂ ਦੀ ਗੱਲ ਹੈ, ਮਲੂਮ ਹੁੰਦਾ ਹੈ ਹੁਣ ਆਪ ਸਭ ਕੁਝ ਭੁੱਲ ਗਏ ਹੋ?"

ਓਸ ਲੜਕੀ ਦੀਆਂ ਗੱਲਾਂ ਸੁਣਕੇ ਮੈਨੂੰ ਬਹੁਤ ਦਿਨਾਂ ਦੀਆਂ ਭੁਲੀਆਂ ਹੋਈਆਂ ਗੱਲਾਂ ਯਾਦ ਆ ਗਈਆਂ। ਮੈਨੂੰ ਇਹ ਵੀ ਯਾਦ ਆ ਗਿਆ ਕਿ ਨਾਨਾ ਸਾਹਿਬ ਦੀ ਇਕੋ ਇਕ ਲੜਕੀ ਮੈਨਾ ਦੇ ਨਾਲ "ਮੇਰੀ" ਦਾ ਬਹੁਤ

ਪਿਆਰ ਸੀ । ਉਸ ਵੇਲੇ ਨਾਨਾ ਸਾਹਿਬ ਤੇ ਅੰਗ੍ਰੇਜ਼ ਸਰਕਾਰ ਵਿਚ ਕੋਈ ਅਣ ਬਣ ਨਹੀਂ ਸੀ। ਅੱਜ ਕਰੀਬ ੪ ਵਰ੍ਹੇ ਹੋਏ 'ਮੇਰੀ' ਮਰ ਗਈ ਹੈ। ਇਤਨੇ ਦਿਨਾਂ ਪਿਛੋਂ ਉਸਦੀ ਚਿੱਠੀ ਵੇਖਣ ਲਈ ਮੇਰਾ ਦਿਲ ਉਤਾਵਲਾ ਹੋ ਪਿਆ। ਮੇਨਾ ਨੂੰ ਮੈਂ ਕਿਹਾ—ਇਤਨੀ ਦੇਰ ਪਿਛੋਂ ਪਛਾ-ਣਿਆ ਹੈ ਕਿ ਤੂੰ 'ਮੇਰੀ' ਦੀ ਪਿਆਰੀ ਸਹੇਲੀ ਮੇਨਾ ਹੈਂ। ਪਰ ਮੇਨਾਂ! ਮੈਂ ਅੰਗ੍ਰੇਜ਼ ਸਰਕਾਰ ਦਾ ਨੌਕਰ ਹਾਂ, ਉਸਦਾ ਹੁਕਮ ਕਿਸਤਰਾਂ ਟਾਲਾਂ ? ਅੱਛਾ ਕੁਝ ਹੋਵੇ ਤੂੰ 'ਮੇਰੀ' ਦੀ ਚਿੱਠੀ ਮੈਨੂੰ ਦੇਹ। ਉਸਦੇ ਵੇਖਣ ਲਈ ਮੇਰਾ ਦਿਲ ਉਤਾਵਲਾ ਹੋ ਪਿਆ ਹੈ ਕਿ ਵੇਖਾਂ ਉਸਨੇ ਵਿਚ ਕੀ ਲਿਖਿਆ ਹੈ।"

ਮੇਨਾਂ ਨੇ ਓਹ ਚਿੱਠੀ ਬਾਰੀ ਵਿਚੋਂ ਹੇਠਾਂ ਸੁੱਟ ਦਿੱਤੀ। ਚਿੱਠੀ 'ਮੇਰੀ' ਦੀ ਹੀ ਲਿਖੀ ਹੋਈ ਹੈ, ਇਹ ਮੈਂ ਉਸਦੇ ਅੱਖਰਾਂ ਤੋਂ ਹੀ ਪਛਾਣ ਗਿਆ। ਪਰ ਬਹੁਤ ਦਿਨਾਂ ਦੇ ਪਿਛੋਂ 'ਮੇਰੀ' ਦੇ ਅੱਖਰ ਵੇਖਕੇ ਮੇਰਾ ਦਿਲ ਭਰ ਆਇਆ। ਚਿਠੀ ਦੀਆਂ ਗੱਲਾਂ ਲਿਖਣੀਆਂ ਇਥੇ ਫਜ਼ੂਲ ਹਨ। ਹਾਂ ਇਤਨਾ ਆਖ ਦੇਣਾ ਜ਼ਰੂਰੀ ਹੈ ਕਿ ਓਸ ਵਿਚ ਇਹ ਲਿਖਿਆ ਹੋਇਆ ਸੀ ਕਿ ਮੇਰੀ ਸਹੇਲੀ ਮੇਨਾਂ ਦੀ ਵਿਪਦਾ ਦੇ ਸਮੇਂ ਸਹੈਤਾ ਕੀਤੀ ਜਾਵੇ। 'ਮੇਰੀ' ਦੀ ਚਿੱਠੀ ਪੜ੍ਹਕੇ ਦੁਬਿਧਾ ਵਿਚ ਪੈ ਗਿਆ। ਇਕ ਪਾਸੇ ਫਰਜ਼ ਤੇ ਦੂਜੇ ਪਾਸੇ ਪਿਆਰ। ਹੁਣ ਮੈਂ ਕਰਾਂ ਕੀ ? ਕੁਝ ਵੀ ਕਾਇਮ ਨਾ ਕਰ ਸਕਿਆ। ਮੈਨੂੰ ਦੇਰ ਕਰਦਾ ਵੇਖਕੇ ਓਸੇ ਵੇਲੇ ਜਨਰਲ ਆਊਟਰਮ ਵੀ ਮੇਰੇ ਪਾਸ ਆ ਪਹੁੰਚੇ। ਉਨ੍ਹਾਂ ਨੂੰ ਮੈਂ ਸਾਰੀ ਗੱਲ ਦੱਸ ਦਿੱਤੀ ਤੇ ਕਿਹਾ ਕਿਸੇ ਤਰਾਂ ਨਾਨਾ ਦਾ ਮੇਹਲ ਬਚ ਸਕਦਾ ਹੈ ਕਿ ਨਹੀਂ?"

ਆਉਟਰਮ ਨੇ ਕਿਹਾ—"ਬਨਾਂ ਗਵਰਨਰ ਜਨਰਲ ਦੇ ਹੁਕਮ ਦੇ ਇਹ ਕੰਮ ਨਹਾਂ ਹੋ ਸਕਦਾ। ਅੰਗ੍ਰੇਜ਼ ਸਰਕਾਰ ਦਾ ਨਾਨਾ ਸਾਹਿਬ ਉਤੇ ਭਾਰੀ ਗੁੱਸਾ ਹੈ। ਨਾਨੇ ਦੀ ਵੰਸ਼ ਉੱਤੇ ਦਯਾ ਕਰਨੀ ਇਕ ਤਰਾਂ ਅਸਾਧ ਹੈ।"

ਮੈਂ ਕਿਹਾ—"ਲਾਰਡ ਕੇਨਿੰਗ ਨੂੰ ਇਸਦੀ ਬਾਬਤ ਤਾਰ ਭੇਜਣੀ ਚਾਹੀਦੀ ਹੈ ਵੇਖੀਏ ਓਨਾਂ ਦੀ ਕੀ ਰਾਇ ਹੈ?"

ਜਨਰਲ ਆਉਟਰਮ ਨੇ ਕਿਹਾ—"ਤੁਸੀਂ ਇਹ ਕਰ ਸਕਦੇ ਹੋ, ਪਰ ਅਸੀਂ ਨਾਨੇ ਦੀ ਲੜਕੀ ਨੂੰ ਗ੍ਰਿਫਤਾਰ ਕੀਤੇ ਬਿਨਾਂ ਨਹੀਂ ਰਹਿ ਸਕਦੇ।"

ਮੈਂ ਕਿਹਾ—"ਮੈਂ ਇਨਾਂ ਦੋਹਾਂ ਵਿਚੋਂ ਇਕ ਕੰਮ ਭੀ ਨਹੀਂ ਕਰ ਸਕਦਾ, ਮੈਂ ਲਾਰਡ ਕੇਨਿੰਗ ਨੂੰ ਤਾਰ ਦੇਵਾਂਗਾ, ਤੁਸੀਂ ਜੋ ਚਾਹੋ ਸੋ ਕਰੋ।"

ਮੈਂ ਇਹ ਸਭ ਕੁਝ ਮੈਨਾ ਨੂੰ ਦੱਸਕੇ ਚਲਿਆ ਆਯਾ। ਇਸਦੇ ਪਿਛੋਂ ਜਨਰਲ ਆਉਟਰਮ ਨੇ ਨਾਨੇ ਦਾ ਮੈਹਲ ਘੇਰ ਲਿਆ ਤੇ ਦਰਵਾਜ਼ਾ ਤੋੜਕੇ ਅੰਦਰ ਬਹੁਤ ਸਾਰੀ ਫੌਜ ਲੈਕੇ ਮੈਨਾ ਨੂੰ ਫੜਨ ਲਈ ਗਏ। ਪਰ ਸਾਰਾ ਮਕਾਨ ਰੱਤੀ ੨ ਢੂੰਡਨ ਪਰ ਭੀ ਮੈਨਾ ਉਸ ਵਿਚੋਂ ਨਾ ਮਿਲੀ।

ਉਸ ਦਿਨ ਸ਼ਾਮ ਨੂੰ ਚਾਰ ਬਜੇ ਲਾਰਡ ਕੇਨਿੰਗ ਦੀ ਡਾਕ ਆਈ "ਕਿ ਵਿਲੈਤ ਵਜ਼ੀਰ ਸਭਾ ਦੀ ਇਹ ਸੰਮਤੀ ਹੈ ਕਿ ਧਰਤੀ ਉੱਤੋਂ ਨਾਨਾ ਸਾਹਿਬ ਦੀ ਹਰਕ ਯਾਦਗਾਰ ਮਿਟਾ ਦਿੱਤੀ ਜਾਵੇ। ਇਸ ਲਈ ਮੈਂ ਇਸਦੇ ਵਿਰੁਧ ਕੋਈ ਹੁਕਮ ਨਹੀਂ ਦੇ ਸਕਦਾ। ਇਸਦੇ ਲਈ ਆਪ ਮਾਫ ਕਰੋ।"

ਓਸੇ ਵੇਲੇ ਇਕ ਘੰਟੇ ਵਿਚ ਹੀ ਜਨਰਲ ਅਊਟਰਮ ਨੇ ਤੋਪਾਂ ਦੀ ਮਾਰ ਨਾਲ ਨਾਨਾ ਸਾਹਿਬ ਦਾ ਭਾਰੀ ਮੈਹਲ ਮਿੱਟੀ ਵਿਚ ਮਿਲਾ ਦਿਤਾ। ਮੈਂ ਘੋੜੇ ਤੇ ਸਵਾਰ ਹੋਕੇ ਦੂਰ ਖੜਾ੨ ਇਹ ਕੰਮ ਵੇਖ ਰਿਹਾ ਸਾਂ। ਇਹ ਹਾਲਤ ਓਸ ਮੈਹਲ ਦੀ ਵੇਖਕੇ ਮੇਰੀਆਂ ਅੱਖੀਆਂ ਭਰ ਆਈਆਂ।

## ੬ ਸਿਤੰਬਰ ਸੰਨ ੧੮੫੭ ਈ: ਦੇ 'ਟਾਇੰਸ ਤੋਂ

ਹੁਣ ਤਕ ਵੀ ਬਲਵਾਈ ਨਾਨਾ ਨਹੀਂ ਫੜੇ ਗਏ। ਵੱਡੇ ਅਫਸੋਸ ਦੀ ਗੱਲ ਹੈ ਕਿ ਹਿੰਦ ਸਰਕਾਰ ਹੁਣ ਤੱਕ ਵੀ ਇਸ ਕੰਮ ਵਿਚ ਕਾਮਯਾਬ ਨਹੀਂ ਹੋ ਸਕੀ। ਧੂੰਧੂ ਪੰਤ ਨਾਨੇ ਉਤੇ ਸਾਰੀ ਬ੍ਰਿਟਿਸ਼ ਕੌਮ ਦਾ ਭਾਰੀ ਗੁੱਸਾ ਹੈ। ਜਦ ਤਕ ਸਾਡੇ ਸਰੀਰ ਵਿਚ ਲਹੂ ਹੈ ਤਦ ਤੱਕ ਅਸੀਂ ਕਾਨਪੁਰ ਦੀ ਖੂਨ ਖਰਾਬੀ ਦਾ ਬਦਲਾ ਲੈਣੋਂ ਨਹੀਂ ਹਟਾਂਗੇ। ਓਸ ਦਿਨ ਹਾਊਸ ਆਫ ਲਾਰਡਸ ਵਿਚ ਸਰ ਟਾਮਸ ਹੇ ਦੀ ਇਕ ਰਿਪੋਰਟ ਉਤੇ ਵੱਡਾ ਹਾਸਾ ਮਚਿਆ ਸੀ। ਜਿਸ ਨਾਨੇ ਨੇ ਸੈਂਕੜੇ ਅੰਗ੍ਰੇਜ਼ ਲੜਕੇ, ਲੜਕੀਆਂ ਤੇ ਇਸਤ੍ਰੀਆਂ ਨੂੰ ਮਾਰਕੇ ਅਪਣੇ ਜ਼ੁਲਮੀਪਨ ਦੀ ਹੱਦ ਕਰ ਵਿਖਾਈ ਹੈ, ਓਸਦੇ ਮੇਹਲ ਨੂੰ ਨਾ ਢਾਹੁਣ ਤੇ ਓਸਦੀ ਲੜਕੀ ਮੈਨਾ ਦੇ ਜੀਵਨ ਨੂੰ ਰੱਖਣ ਲਈ ਮਹਾਰਾਣੀ ਵਿਕਟੋਰੀਆ ਦੇ ਪੁਰਾਣੇ ਨੌਕਰ ਸਰ ਟਾਮਸ ਹੇ ਨੇ ਪਾਰਲੀਮੈਂਟ ਤੇ ਮਹਾਰਾਣੀ ਪਾਸ ਬੇਨਤੀ ਕੀਤੀ ਹੈ। ਇਹ ਗੱਲ ਕਿੱਥੋਂ ਤੱਕ ਸੱਚ ਹੈ ? ਨਹੀਂ ਆਖ ਸਕਦੇ। ਪਰ ਸਰ ਟਾਮਸ ਲਈ ਇਹ ਗੱਲ ਵੱਡੇ ਕਲੰਕ ਵਾਲੀ ਹੈ। ਇਸ ਵਿਚ

ਕੋਈ ਸ਼ੱਕ ਨਹੀਂ ਕਿ ਓਹ ਸਾਰੀ ਉਮਰ ਜੁੱਧਾਂ ਜੰਗਾਂ ਵਿਚ ਖਿਤਾਕੇ ਅੰਤ ਨੂੰ ਬੁਢਾਪੇ ਵਿਚ ਇਕ ਮਮੂਲੀ ਮਰਹੱਟੀ ਲੜਕੀ ਦੀ ਖੂਬਸੂਰਤੀ ਨੂੰ ਵੇਖਕੇ ਅਪਣਾ ਫਰਜ਼ ਵੀ ਭੁੱਲ ਗਏ। ਸਾਡੇ ਖਿਆਲ ਵਿੱਚ ਤਾਂ ਨਾਨੇ ਦੇ ਜਿੰਨੇ ਲੜਕੇ ਲੜਕੀਆਂਮਿਲ ਜਾਣ ਸਭਨਾ ਨੂੰ ਮਾਰ ਸੁਟਣਾ ਚਾਹੀਦਾ ਹੈ। ਵੀ ਜਿਸ ਲੜਕੀ ਨਾਲ 'ਹੇ' ਦੀ ਪ੍ਰੇਮ ਵਾਰਤਾ ਹੋਈ ਹੈ, ਨਾਨੇਉਸਨੂੰ ਤਾਂ ਉਸਦੇ ਸਾਮਣੇ ਹੀ ਫਾਂਸੀ ਤੇ ਚਾੜ੍ਹ ਦੇਣਾ ਚਾਹੀਦਾ ਹੈ।

## (੧੦ ਸਿਤੰਬਰ ੧੯੫੭ ਦੇ ਹਰਕਾਰਾ ਤੋਂ)

ਯੂਰਪ ਤੇ ਭਾਰਤ ਵਿਚ ਜਿਤਨੇ ਜਾਸੂਸ ਹਨ ਓਨਾਂ ਸਭਨਾਵਿਚੋਂ ਸਰਦਾਰ ਰਾਮਪਾਲਸਿੰਘ ਇਕ ਆਦਰਸ਼ਹਨ। ਕੰਮ ਕਰਨ ਦੀ ਚਤਰਾਈ, ਬੀਰਤਾ ਤੇ ਦੂਰਦੇਸ਼ੀ ਵਿਚ ਉਨਾਂ ਦੇ ਨਾਲ ਦਾ ਹੋਰ ਕੋਈ ਨਹੀਂ, ਇਹ ਕਹਿਣਾ ਕੋਈ ਅਤਯਕਤੀ ਨਹੀਂ। ਇਨਾਂ ਦੇ ਹੀ ਜਤਨ ਨਾਲ ਇਸ ਵਾਰ ਦਾ ਬਲਵਾ ਭਾਰੀ ਸ਼ਕਲ ਧਾਰਣ ਨਾ ਕਰ ਸੱਕਿਆ। ਪਿਛਲੀ ਸਿੱਖਾਂ ਤੇ ਅੰਗ੍ਰੇਜ਼ਾਂ ਦੀ ਲੜਾਈ ਵਿਚ ਸਰਦਾਰ ਹੁਰੀਂ ਅੰਗ੍ਰੇਜ਼ਾਂ ਦੇ ਪੱਖ ਵਿਚ ਹੋਕੇ ਆਪ ਲੜਾਈ ਵਿਚ ਗਏ ਸਨ। ਇਨਾਂ ਦੀ ਸਹੈਤਾ ਨਾਲ ਹੀ ਸਾਡੀ ਫਤੇ ਹੋਈ ਸੀ। ਹੁਣ ਇਹ ਸਰਦਾਰ ਸਾਹਿਬ ਤਾਂਤੀਆ, ਮੈਂਫਿਯਰ, ਅਬਦੁੱਲਾ, ਤੇ ਨਾਨੇ ਦੀ ਭਾਲ ਕਰ ਰਹੇ ਹਨ। ਓਹ ਜ਼ਰੂਰ ਇਸ ਕੰਮ ਵਿਚ ਕਾਮਯਾਬ ਹੋਣਗੇ, ਇਸ ਵਿਚ ਸਾਨੂੰ ਕੋਈ ਸ਼ਕ ਨਹੀਂ, ਅੱਜ ਕੁਝ ਦਿਨਾਂ ਤੋਂ ਜਨਰਲ ਆਉਟਰਮ ਨੇ ਨਾਨੇ ਦੀ ਲੜਕੀ ਨੂੰ ਫੜਿਆ ਹੈ। ਓਹ ਕਾਨਪੁਰ ਜੇਲ ਵਿਚ ਕੈਦ ਹੈ ਤੇ ਛੇਤੀ ਓਸਦਾ ਫੈਸਲਾ ਹੋਵੇਗਾ॥

( ਮਰਾਠੀ ਇਤਿਹਾਸਵੇਤਾ ਮਹਾਦੇਵ ਰਿਟਨ ਵ੍ਹੀਸ ਦੇ 'ਵਾਖਰ' ਤੋਂ)੧੯੫੭ ਦੀ ਤੀਜੀ ਸਿਤੰਬਰ ਨੂੰ ਅੱਧੀ ਰਾਤ ਦੇ ਵੇਲੇ ਚੰਦ੍ਰਮਾਂ ਦੀ ਸਾਫ ਚਾਂਦਨੀ ਵਿਚ ਚਿੱਟੇ ਕੱਪੜੇ ਪਾਈ ਇਕ ਮਰਾਠੀ ਲੜਕੀ ਨਾਨਾ ਜੀ ਦੇ ਢੱਠੇ ਹੋਏ ਮੈਹਲ ਦੇ ਢੇਰ ਉੱਤੇ ਬੈਠੀ ਹੋਈ ਰੋ ਰਹੀ ਸੀ। ਨੇੜੇ ਹੀ ਜਨਰਲ ਅ ਉਟਰਮ ਦੀ ਫੌਜ ਦਾ ਡੇਰਾ ਸੀ, ਕੁਝ ਸਿਪਾਹੀ ਰਾਤ ਦੇ ਸਮੇਂ ਓਸ ਲੜਕੀ ਨੂੰ ਰੋਂਦਾ ਵੇਖਕੇ ਕਾਰਣ ਪੁੱਛਣ ਲਈ ਉਥ ਗਏ। ਓਹ ਲੜਕੀ ਕੇਵਲ ਰੋਈ ਜਾਂਦੀ ਸੀ ਤੇ ਓਨ੍ਹਾਂ ਸਿਪਾਹੀਆਂ ਦੀਆਂ ਗੱਲਾਂ ਦਾ ਕੋਈ ਜਵਾਬ ਨਹੀਂ ਦੇਂਦੀ ਸੀ। ਪਿਛੋਂ ਜਨਰਲ ਆਓਟਰਮ ਨੇ ਆਪ ਆਕੇ ਜਦ ਵੇਖਿਆ ਤਾਂ ਉਸਨੇ ਪਛਾਣਿਆਂ ਕਿ ਇਹੋ ਨਾਨੇ ਦੀ ਲੜਕੀ ਮੈਨਾ ਹੈ। ਅਚਰਜ ਦੀ ਗੱਲ ਹੈ ਕਿ ਮੈਨਾ ਅਪਣੇ ਚਾਰੇ ਪਾਸੇ ਇਤਨੀ ਭਾਰੀ ਫੌਜ ਵੇਖਕੇ ਵੀ ਨਾ ਡਰੀ।

ਆਉਟਰਮ ਨੇ ਕਿਹਾ—"ਬ੍ਰਿਟਿਸ਼ ਸਰਕਾਰ ਦੇ ਹੁਕਮ ਨਾਲ ਅੱਜ ਮੈਂ ਤੈਨੂੰ ਗ੍ਰਿਫਤਾਰ ਕਰਦਾ ਹਾਂ।"

ਮੈਨਾ ਨੇ ਉਸਦੇ ਮੂੰਹ ਵੱਲ ਵੇਖਕੇ ਕਿਹਾ—"ਮੈਨੂੰ ਕੁਝ ਸਮਾਂ ਦੇਓ ਮੈਂ ਜੀ ਖੋਲਕੇ ਇੱਥੇ ਰੋ ਤਾਂ ਲਵਾਂ।"

ਪਰ ਅਫਸੋਸ ਕਿ ਜਨਰਲ ਆਉਟਰਮ ਨ ਓਸਦੀ ਇਕਲੌਤੀ ਇੱਛਾ ਵੀ ਪੂਰੀ ਨਾ ਹੋਣ ਦਿੱਤੀ। ਓਸੇ ਵੇਲੇ ਮੈਨਾ ਦੇ ਹੱਥਾਂ ਵਿਚ ਹਥਕੜੀ ਮਾਰੀ ਗਈ ਅਰ ਕਿਲੇ ਵਿਚ ਪੁਚਾਈ ਗਈ, ਕਿਲੇ ਵਿਚ ਜਾਣ ਤੋਂ ਪੈਹਲਾਂ ਓਸਨੇ ਅੰਤਿਮਵਾਰ ਅਪਣੇ ਪਿਤ੍ਰੀ ਭਵਨ ਨੂੰ ਵੇਖਿਆ।

* * * * * *

ਕੱਲ ਕਾਨਪੁਰ ਕਿਲੇ ਵਿਚ ਇਕ ਭਾਰੀ ਹੱਤਯਾ ਹੋ ਗਈ, ਨਾਨਾ ਸਾਹਿਬ ਦੀ ਇਕੋ ਇਕ ਲੜਕੀ 'ਮੈਨਾ' ਬਲਦੀ ਹੋਈ ਅੱਗ ਵਿਚ ਸੁੱਟਕੇ ਸਾੜ ਦਿਤੀ ਗਈ। ਭਯਾਨਕ ਅੱਗ ਵਿਚ ਉਸ ਸ਼ਾਂਤ, ਸਰਲ ਤੇ ਅਨੂਪਮ ਮੂਰਤੀ ਨੂੰ ਸੜਦਾ ਵੇਖਕੇ ਵੇਖਣ ਵਾਲਿਆਂ ਨੇ ਨਮਸਕਾਰ ਕੀਤੀ।

ਮੈਨਾ ਦੇ ਪਾਸੋਂ ਤਾਂਤੀਆ ਟੋਪੀ ਦੀਆਂ ਕਈ ਚਿੱਠੀਆਂ ਮਿਲੀਆਂ ਹਨ। ਪਰ ਉਨਾਂ ਵਿਚ ਕੀ ਹੈ? ਮਲੂਮ ਨਹੀਂ ਹੋਯਾ। ਸਰਕਾਰ ਨੇ ਸ਼ਾਇਦ ਮੈਨਾ ਨੂੰ ਬਲਵਾਈਆਂ ਦਾ ਦੂਜਾ ਆਗੂ ਸਮਝਕੇ ਇੰਨੀ ਸਖਤ ਸਜ਼ਾ ਦਿਤੀ ਹੈ॥

ਇਸ ਵਾਰਦਾਤ ਦੇ ੧੦ ਮਿੰਟ ਬਾਦ ਹੀ ਲਾਰਡ ਕੈਨਿੰਗਦੀ ਹੇਠ ਲਿਖੀ ਤਾਰ ਸਰ ਟਾਮਸ ਦੇ ਪਾਸ ਆਈ:-

"ਸਰਦਾਰ ਰਾਮਪਾਲ ਸਿੰਘ ਦੇ ਬਹੁਤ ਕੈਹਣ ਤੇ ਵਿਲੈਤ ਦੀ ਵਜ਼ੀਰ ਸਭਾ ਦੇ ਹੁਕਮ ਨਾਲ ਮੈਨਾ ਨੂੰ ਮਾਫ਼ ਕੀਤਾ ਗਿਆ ਹੈ ਤੇ ਉਹ ਹੁਣ ਜਿੱਥੇ ਚਾਹੇ ਜਾ ਸਕਦੀ ਹੈ।"

ਸ਼ੋਕ ! ਇਸ ਵੇਲੇ ਮੈਨਾ ਦੀ ਸੁੰਦਰ ਦੇਹ ਸੁਆਹ ਹੋ ਚੁਕੀ ਸੀ। ਉਸਦੀ ਪਵਿਤ੍ਰ ਆਤਮਾ ਇਸ ਵੇਲੇ ਸੰਸਾਰ ਦੇ ਸਾਰੇ ਦੁੱਖਾਂ ਤੋਂ ਛੁਟਕਾਰਾ ਪਾਕੇ ਈਸ਼੍ਵਰ ਦੀ ਗੋਦ ਵਿਚ ਜਾ ਬਿਰਾਜੀ ਸੀ। ਅਫਸੋਸ, ਸਰਦਾਰ ਰਾਮਪਾਲ ਸਿੰਘ ਦੀ ਇਹ ਅੰਤਿਮ ਇੱਛਾ ਪੂਰੀ ਨਾ ਹੋਈ। ਬ੍ਰਿਟਿਸ਼ ਸਰਕਾਰ ਦੇ ਮੱਥੇ ਤੇ ਹਮੇਸ਼ਾਂ ਲਈ ਇਹ ਕਲੰਕ ਦਾ ਟਿੱਕਾ ਲੱਗ ਗਿਆ।

# ਕਾਂਡ ੧੧

## ਫਕੀਰੀ ਵੇਸ ਵਿੱਚ ਅਬਦੁੱਲਾ

(ਸਰਦਾਰ ਰਾਮਪਾਲ ਸਿੰਘ ਦਾ ਬਿਆਨ)

ਬਿਠੂਰ ਵਿਚ ਨਾਨੇ ਸਾਹਿਬ ਦੇ ਨਾਲ ਸਾਡੀ ਇਕ ਭਾਰੀ ਲੜਾਈ ਹੋਈ। ਨਾਨਾ ਤੇ ਮੈਕੇਯਰ ਨੇ ਵੱਡੀ ਬੀਰਤਾ ਨਾਲ ਲੜਾਈ ਕੀਤੀ। ਕਈ ਵਾਰੀ ਸਾਨੂੰ ਫਤੇ ਦੀ ਆਸ ਨਹੀਂ ਸੀ, ਪਰ ਵਾਹਿਗੁਰੂ ਦੀ ਕ੍ਰਿਪਾ ਨਾਲ ਛੇਕੜ ਸਾਡੀ ਹੀ ਫਤੇ ਹੋਈ। ਉਨਾਂ ਦੀ ਕਮਰ ਟੁੱਟ ਗਈ ਤੇ ਬਲ ਦਾ ਦਬ ਗਿਆ। ਫੇਰ ਮੈਕੇਯਰ, ਅਬਦੁੱਲਾ ਤੇ ਨਾਨੇ ਦਾ ਕੋਈ ਪਤਾ ਨਾ ਲੱਗਾ। ਮਲੂਮ ਹੋਯਾ ਓਹ ਭੱਜ ਗਏ ਪਰ ਕਿਥੇ ਗਏ ਕੋਈ, ਪੱਕੀ ਖਬਰ ਨਹੀਂ ਸੀ। ਕੁਝ ਦਿਨਾਂ ਪਿਛੋਂ ਮੇਰੇ ਇਕ ਜਾਸੂਸ ਨੇ ਖਬਰ ਭੇਜੀ ਕਿ ਪੱਛਮ ਦੇ ਇੱਕ ਰਾਜੇ ਨੇ ਕਈ ਸੌ ਸੈਨਾ ਬਿਠੂਰ ਵਲ ਭੇਜੀ ਹੈ, ਇਸ ਲਈ ਮੈਂ ਲਛਮਣ ਦਾਸ ਨੂੰ ਵੇਸ ਬਦਲਾ ਕੇ ਉਸ ਤਰਫ ਭੇਜਿਆ ਹੈ, ਓਹ ਵੀ ਅਜੇ ਤਕ ਮੁੜਕੇ ਨਹੀਂ ਆਯਾ।

ਨਾਨਾ ਸਾਹਿਬ, ਮੈਕੇਯਰ ਤੇ ਅਬਦੁੱਲੇ ਉੱਤੇ ਹੀ ਸਰਕਾਰ ਦਾ ਬਹੁਤ ਗੁੱਸਾ ਹੈ। ਇਨਾਂ ਸਭਨਾਂ ਦੇ ਫੜਨ ਲਈ ਸਰਕਾਰ ਵਲੋਂ ਬਹੁਤ ਉੱਦਮ ਹੋ ਰਿਹਾ ਹੈ। ਪਰ ਓਨਾਂ ਦਾ ਫੜਨਾ ਦਿਨੋਂ ਦਿਨ ਔਖਾ ਹੁੰਦਾ ਜਾਂਦਾ ਹੈ। ਮੈਂ ਖੋਜ ਕਰਨ ਲਈ ਚਾਰੇ ਪਾਸੇ ਬਹੁਤ ਸਾਰੇ ਜਾਸੂਸ ਭੇਜੇ ਹੋਏ ਹਨ ਪਰ ਉਨਾਂ ਵਿਚੋਂ ਕਿਸੇ ਨੇ ਵੀ ਹੁਣ ਤਕ ਕੋਈ ਪਤਾ ਨਹੀਂ ਦਿੱਤਾ।

੨੯ ਅਗਸਤ ੧੮੫੭। ਅਜ ਲਾਰਡ ਕੈਨਿੰਗ

ਦੀ ਤਾਰ ਆਈ ਹੈ ਨਾਨਾ, ਮੈਕੇਯਰ, ਅਬਦੁੱਲਾ ਤੇ ਓਨਾਂ ਦੇ ਟੋਲੇ ਦਾ ਕੋਈ ਵੀ ਆਦਮੀ ਜੋ ਮਨੁੱਖ ਫੜ ਸਕੇਗਾ, ਉਸਨੂੰ ਵਿਲੈਤ ਦੀ ਵਜ਼ੀਰ ਸਭਾ ੫੦ ਹਜ਼ਾਰ ਰੁਪਯਾ ਦੇਵੇਗੀ। ਜਿਸ ਤਰਾਂ ਨਾਲ ਇਹ ਲੋਕ ਛੇਤੀ ਫੜੇ ਜਾਣ ਉਸਦੇ ਲਈ ਜਤਨ ਕਰਨ ਵਾਸਤੇ ਲਾਰਡ ਕੇਨਿੰਗ ਦਾ ਮੈਨੂੰ ਖਾਸ ਹੁਕਮ ਹੈ। ਮੈਂ ਇਨਾਮ ਦੇ ਲੋਭ ਯਾ ਜੱਸ ਖੱਟਣ ਦੀ ਖਾਤਰ ਮੈਕੇਯਰ ਆਦਿਕਾਂ ਨੂੰ ਫੜਨ ਲਈ ਤਿਆਰ ਹੋਯਾ ਸਾਂ ਇਹ ਗੱਲ ਨਹੀਂ, ਪਰ ਫੌਜ ਦੇ ਭਯਾਨਕ ਨਾਸ ਦਾ ਬਦਲਾ ਲੈਣ ਦਾ ਖਿਆਲ ਮੇਰੇ ਦਿਲ ਵਿਚ ਹਰ ਵੇਲੇ ਬਣਿਆ ਰੈਂਹਦਾ ਸੀ। ਜਿਸ ਦਿਨ ਮੈਂ ਇਸ ਨਾਸ ਦਾ ਬਦਲਾ ਲੈ ਸਕਾਂਗਾ' ਓਸ ਦਿਨ ਸਮਝਾਂਗਾ ਕਿ ਮੇਰਾ ਬ੍ਰਤ ਪੂਰਾ ਹੋਗਿਆ। ਰੋਜ਼ ਦੀਆਂ ਅੱਖਾਂ ਦੇ ਹੰਝੂ ਅਜੇ ਤਕ ਨਹੀਂ ਸੁੱਕੇ ਸਨ। ਓਸਦਾ ਉਦਾਸ ਚੇਹਰਾ ਵੇਖਕੇ ਮੈਨੂੰ ਹੇਲਨਾ ਦੀ ਯਾਦ ਆ ਜਾਂਦੀ ਸੀ। ਉਸ ਵੇਲੇ ਉਸਦੇ ਖੂਨੀ ਪਾਸੋਂ ਬਦਲਾ ਲੈਣ ਦਾ ਖਿਆਲ ਉੱਠਕੇ ਮੇਰੇ ਦਿਲ ਨੂੰ ਘਬਰਾ ਦੇਂਦਾ ਸੀ।

ਅੱਜ ਦੁਪੈਹਰ ਜਨਰਲ ਲਾਰੈਂਸ ਨੂੰ ਮਿਲਣ ਜਾਂਦਿਆਂ ਹੋਯਾਂ ਇਕ ਓਪਰੇ ਆਦਮੀ ਨੇ ਇਕ ਚਿੱਠੀ ਮੇਰੇ ਹੱਥ ਦਿੱਤੀ। ਚਿੱਠੀ ਖੋਲਕੇ ਜਦ ਮੈਂ ਵੇਖੀ ਤਾਂ ਓਹ ਲਛਮਣ ਦਾਸ ਦੀ ਲਿਖੀ ਹੋਈ ਸੀ। ਓਸ ਆਦਮੀ ਨੂੰ ਪੁੱਛਣ ਤੋਂ ਪਤਾ ਲਗਾ ਓਹ ਲਛਮਣ ਦਾਸ ਦਾ ਦੂਤ ਹੈ। ਛੇਤੀ ਨਾਲ ਮੈਂ ਅੰਦਰ ਜਾਕੇ ਓਹ ਚਿੱਠੀ ਪੜ੍ਹੀ ਜਿਸ ਵਿਚ ਇਹ ਲਿਖਿਆ ਸੀ:—

ਅਬਦੁੱਲੇ ਦਾ ਪਤਾ ਲੱਗਾ ਹੈ। ਓਹ ਭਗਵੇ ਕਪੜੇ ਪਾਕੇ ਸਾਧੂ ਬਣਿਆ ਫਿਰਦਾ ਹੈ। ਉਸਦੇ ਨਾਲ ੧੦ ਮਨੁੱਖ

ਹੋਰ ਵੀ ਹਨ। ਸਭਨਾ ਦਾ ਵੇਸ ਇਕੋ ਜੇਹਾ ਹੈ। ਉਨਾਂ ਵਿਚੋਂ ਇੱਕ ਨੂੰ ਪੁੱਛਣ ਤੋਂ ਮਲੂਮ ਹੋਯਾ ਹੈ ਕਿ ਓਹ ਤੀਰਥ ਕਰਨ ਲਈ ਜਾ ਰਹੇ ਹਨ। ਅਜ ਓਹ ਕਾਨਪੁਰ ਵਾਲੇ ਭੈਰਵ ਮਠ ਵਿਚ ਰੇਹਣਗੇ। ਆਪ ਅੱਜ ਮੈਨੂੰ ਉੱਥੇ ਮਿਲੋ।"

ਮੈਂ ਓਸੇ ਵੇਲੇ ਵੇਸ ਬਦਲਕੇ ਫੌਜ ਸਣੇ ਭੈਰਵ ਮਠ ਵਿਚ ਗਿਆ। ਲਛਮਣਦਾਸ ਦੇ ਮਨੁੱਖ ਨੂੰ ਮੁੜਨ ਤਕ ਮੈਂ ਓਥੇ ਹੀ ਛੱਡ ਆਯਾ। ਭੈਰਵ ਮਠ ਕਾਨਪੁਰੋਂ ੫ ਮੀਲ ਤੇ ਇਕ ਮਮੂਲੀ ਜੰਗਲ ਵਿਚ ਹੈ। ਕਈ ਹਿੰਦੂ ਸਾਧੂ ਉਸ ਵਿਚ ਹਮੇਸ਼ਾ ਰਿਹਾ ਕਰਦੇ ਹਨ। ਜਿਸ ਵੇਲੇ ਮੈਂ ਉਥੇ ਪਹੁੰਚਾ ਓਸ ਵੇਲੇ ਮਠ ਦੀ ਪੂਜਾ ਅਜੇ ਪੂਰੀ ਨਹੀਂ ਹੋਈ ਸੀ। ਬਹੁਤ ਸਾਰੇ ਸਾਧੂ ਓਸ ਮਠ ਨੂੰ ਘੇਰਕੇ ਖੜੇ ਹੋਏ ਸਨ। ਮੇਰਾ ਇਹ ਖਿਆਲ ਸੀ ਕਿ ਲਛਮਣ ਦਾਸ ਵੀ ਸਾਧਾਂ ਦੇ ਵੇਸ ਵਿਚ ਇੱਥੇ ਹੀ ਹੋਵੇਗਾ। ਠੀਕ ਇਹ ਖਿਆਲ ਮੇਰਾ ਸੱਚਾ ਹੀ ਨਿਕਲਿਆ। ਉਸਨੂੰ ਪਛਾਣਨ ਲਈ ਮੈਨੂੰ ਕੋਈ ਤਕਲੀਫ਼ ਨਾ ਹੋਈ, ਕਿਉਂਕਿ ਅਸਾਂ ਇਕ ਇਸ਼ਾਰਾ ਪੇਹਲਾਂ ਤੋਂ ਹੀ ਮੁਕਰਰ ਕੀਤਾ ਹੋਯਾ ਸੀ ਜਿਸਤੋਂ ਭਾਵੇਂ ਅਸੀਂ ਕਿਸੇ ਵੇਸ ਵਿਚ ਵੀ ਹੋਈਏ ਇਕ ਦੂਜੇ ਨੂੰ ਝਟ ਪਛਾਣ ਲੈਂਦੇ ਸਾਂ। ਓਹ ਮੈਨੂੰ ਵੇਖਦੇ ਸਾਰ ਮੇਰਾ ਹੱਥ ਫੜਕੇ ਲੈ ਗਿਆ ਤੇ ਓਸਨੇ ਕਿਹਾ— ਅਬਦੁੱਲਾ ਤੇ ਓਸਦੇ ਸਾਥੀ ਨੇੜੇ ਹੀ ਇਕ ਬ੍ਰਿਛ ਹੇਠ ਬੈਠੇ ਹੋਏ ਹਨ। ਅਜ ਸ਼ਾਮ ਤਕ ਓਹ ਨੌਂ ਆਦਮੀ ਸਨ ਪਰ ਹੁਣ ਦਸ ਸਣੇ ਹੋਰ ਵੀ ਆ ਮਿਲੇ ਹਨ ਤੇ ਸਾਧੂ ਵੇਸ ਵਿਚ ਹਨ। ਮੇਰੇ ਖਿਆਲ ਹੁਣ ਦੇਰ ਨਾ ਕਰਕੇ ਸਭਨਾਂ ਨੂੰ ਹੀ ਫੜ ਲੈਣਾ ਚਾਹੀਦਾ ਹੈ।

ਮੈਂ ਕਿਹਾ—ਮੇਰੇ ਖਿਆਲ ਤਾਂ ਇਨਾਂ ਦਾ ਪਿੱਛਾ ਹੀ ਕਰਨਾ ਚੰਗਾ ਹੈ। ਕਿਉਂਕਿ ਅਸਾਂ ਇਹ ਪਤਾ ਕਰਨਾ ਹੈ ਕਿ ਨਾਨਾ ਤੇ ਮੈਕੇਯਰ ਕਿਥੇ ਹੈ? ਇਨਾਂ ਦੇ ਇਥੇਆਉਣ ਦਾ ਜ਼ਰੂਰ ਕੋਈ ਖਾਸ ਮਤਲਬ ਹੈ।

ਲਛਮਣ—"ਜੇਕਰ ਆਪਦਾ ਇਹੋ ਖਿਆਲ ਹੈ ਤਾਂ ਆਪ ਇੱਥੇ ਠੇਹਰੋ ਅਸੀਂ ਦੋਵੇਂ ਉਸਦਾ ਪਿੱਛਾ ਕਰਾਂਗੇ।"

ਮੈਂ ਲਛਮਣ ਦੇ ਕਹੇ ਮੂਜਬ ਓਥੇ ਠਹਰ ਗਿਆ। ਅਬਦੁੱਲਾ ਤੇ ਉਸਦੇ ਸਾਥੀ ਜਿਸ ਬ੍ਰਿਛ ਹੇਠ ਸੁੱਤੇ ਹੋਏ ਸਨ ਉਸਦੇ ਪਾਸ ਹੀ ਇਕ ਬ੍ਰਿਛ ਹੇਠ ਅਸੀਂ ਵੀ ਸੌਂ ਗਏ। ਭਾਵੇਂ ਸਾਨੂੰ ਨੀਂਦ ਨਾਂ ਆਈ ਪਰ ਅਸੀਂ ਨੀਂਦ ਦਾ ਬਹਾਨਾ ਕਰਕ ਓਨਾਂ ਦਾ ਕੰਮ ਵੇਖਦੇ ਰਹ।

ਰਾਤ ਦੇ ੧੨ ਵਜੇ ਓਸ ਟੋਲੀ ਦੇ ੩ ਸਾਧੂ ਜੰਗਲੋਂ ਬਾਹਰ ਨਿਕਲ। ਲਛਮਣ ਨੂੰ ਓਥੇ ਛੱਡ ਮੈਂ ਵੀ ਹੌਲੀ ੨ ਓਨਾਂ ਦੇ ਪਿਛ ਗਿਆ। ਓਹ ਪੈਹਲਾਂ ਕਾਨਪੁਰ ਸ਼ੈਹਰ ਵਿਚ ਗਏ ਤੇ ਇਕ ਵੱਡੇ ਸਾਰੇ ਮਕਾਨ ਦੇ ਸਾਮਣੇ ਖੜੇ ਹੋਕ ਕੁਝ ਇਸ਼ਾਰਾ ਕਰਨ ਲੱਗੇ। ਕੁਝ ਦੇਰ ਪਿਛੋਂ ਹੀ ਦਰਵਾਜ਼ਾ ਖੁਲਿਆ ਤੇ ਕਈ ਮਨੁੱਖ ਬਾਹਰ ਆਏ। ਓਨਾਂ ਵਿਚ ਕੀ ਗੱਲਾਂ ਹੋਈਆਂ,ਇਹ ਮੈਂ ਨਹੀਂ ਸੁਣ ਸਕਿਆ, ਫੇਰ ਓਹ ਸਾਰੇ ਅੰਦਰ ਵੜ ਗਏ ਤੇ ਮੈਂ ਓਨਾਂ ਦੇ ਨਿਕਲਣ ਦਾ ਰਾਹ ਵੇਖਣ ਲੱਗਾ। ਕਰੀਬ ਅੱਧ ਘੰਟੇ ਪਿਛੋਂ ਓਹ ੩ ਸਾਧੂ ਤੇ ਹੋਰ ਵੀ ਕਈ ਮਨੁੱਖ ਬਾਹਰ ਨਿਕਲੇ ਤੇ ਪੂਰਬ ਵੱਲ ਚੱਲ ਪਏ। ਇਸ ਵੇਲੇ ਬੱਦਲ ਛਾਏ ਹੋਏ ਸਨ ਅਰ ਕਾਲੀ ਬੋਲੀ ਰਾਤ ਵਿਚ ਇਕ ਨੂੰ ਦੂਸਾ ਨਜ਼ਰ ਨਹੀਂ ਆਉਂਦਾ ਸੀ। ਮੈਂ ਕੇਵਲ ਓਨਾ ਦੇ ਪੈਰਾਂ ਦੇ ਅਵਾਜ਼ ਦੀ ਸੇਧ ਉਤੇ ਪਿੱਛੇ ੨ ਚਲਿਆ ਜਾ ਰਿਹਾ ਸਾਂ।

# ਕਾਂਡ ੧੨

## ਨਾਨਾ ਦਾ ਇਸ਼ਾਰਾ "ਆਬੇਸਤਾ"

( ਸਰਦਾਰ ਰਾਮਪਾਲ ਸਿੰਘ ਦਾ ਬਿਆਨ )

ਰਾਤ ਦੇ ਦੋ ਵਜ ਚੁਕੇ ਸਨ। ਮੈਂ ਫੁਰਤੀ ਨਾਲ ਉਨਾਂ ਸਾਧਾਂ ਦੇ ਪਿਛੇ ੨ ਰੁਲਿਆ ਜਾ ਰਿਹਾ ਸਾਂ। ਮੇਦਾਨ ਇਕ ਤਰਾਂ ਨਾਲ ਮੁੱਕ ਚੁਕਾ ਸੀ। ਨੇੜੇ ਇਕ ਪਿੰਡ ਸੀ ਤੇ ਇਕ ਦੋ ਮਨੁੱਖਾਂ ਦੇ ਬੋਲਣ ਦੀ ਅਵਾਜ਼ ਵੀ ਪਈ ਆਉਂਦੀ ਸੀ। ਹੁਣ ਮੈਂ ਹਥ ਵਿਚ ਪਿਸਤੌਲ ਫੜ ਲਿਆ ਤੇ ਸੰਭਲਕੇ ਜਾਣ ਲੱਗਾ। ਕੁਝ ਦੇਰ ਬਾਦ ਅਸੀਂ ਪਿੰਡ ਵਿਚ ਜਾ ਵੜੇ।

ਛੋਟਿਆਂ ਦਾ ਪਿੰਡ ਟੱਪਕੇ, ਓਹ ਸਾਧੂ ਫੇਰ ਜੰਗਲ ਵੱਲ ਗਏ। ਪਰ ਇਥੇ ਪਤਾ ਨਹੀਂ ਓਹ ਹਨੇਰੇ ਵਿਚ ਕਿਥੇ ਗੁੰਮ ਹੋ ਗਏ,ਕੁਝ ਪਤਾ ਨਾ ਲੱਗਾ। ਥੋੜੀ ਦੇਰ ਬਾਦ ਮੇਰੇ ਸਾਮਣੇ ਹੀ ਇਕ ਦੀਵਾ ਜਗਿਆ ਤੇ ਬੰਦੂਕ ਛੁੱਟਣ ਦੀ ਅਵਾਜ਼ ਆਈ। ਇਸਦਾ ਪਤਾ ਕਰਨ ਲਈ ਮੈਂ ਇਕ ਬ੍ਰਿਛ ਦੇ ਓਹਲੇ ਲੁਕ ਗਿਆ ਕਿ ਇਸ ਵੇਲੇ ਹੀ ਪਿੰਡ ਵਿਚੋਂ ਨਿਕਲੇ ਹੋਏ ਕਈ ਆਦਮੀ ਮੇਰੇ ਕੋਲੋਂ ਗੱਲਾਂ ਕਰਦੇ ਨਿਕਲ ਗਏ। ਓਹ ਇਹ ਗੱਲਾਂ ਕਰਦੇ ਜਾਂਦੇ ਸਨ:-

ਪੇਹਲਾ-ਬੰਦੂਕ ਕਿਧਰੋਂ ਛੁਟੀ ਹੈ ?

ਦੂਜਾ-ਇਸੇ ਮੈਦਾਨ ਵਿਚੋਂ।

ਤੀਜਾ-ਜੇਕਰ ਓਹ ਨਾ ਹੋਏ ਤਾਂ ਸਾਨੂੰ ਵੀ ਫਸਣਾ ਪਵੇਗਾ।

ਦੂਜਾ-ਕਦੇ ਨਹੀਂ। ਇਹ ਸਾਰੇ ਠੇਕੇਦਾਰ ਦੇ ਮਨੁੱਖ ਹਨ। ਅੱਜ ਰਾਤੀਂ ਉਨਾਂ ਦੇ ਆਉਣ ਦੀ ਗੱਲ ਸੀ। ਨਾਨਾ ਸਾਹਿਬ ਦੀ ਚਿੱਠੀ ਵੀ ਮੈਨੂੰ ਅੱਜ ਮਿਲੀ ਹੈ।"

ਪੈਹਲਾ-ਹੌਲੀ ੨ ਬੋਲੋ। ਅੰਗ੍ਰੇਜ਼ਾਂ ਦੇ ਜਾਸੂਸ ਸਾਡੇ ਪਿੱਛੇ ੨ ਲਗੇ ਫਿਰਦੇ ਹਨ।"

ਗੱਲਾਂ ਕਰਦੇ ੨ ਓਹ ਦੂਰ ਚਲੇ ਗਏ, ਤੇ ਫੇਰ ਮੈਂ ਉਨਾਂ ਦੀਆਂ ਗੱਲਾਂ ਨਾ ਸੁਣ ਸਕਿਆ। ਹੁਣ ਮੈਂ ਭੀ ਬ੍ਰਿਛ ਦੇ ਓਹਲਿਓਂ ਨਿਕਲਕੇ ਅੱਗੇ ਵਧਿਆ। ਓਹ ਅਗਲੇ ਜਾਂਦੇ ਮਨੁੱਖ ਕੁਝ ਦੂਰ ਜਾਕੇ ਇਕ ਬ੍ਰਿਛ ਹੇਠ ਖੜੋ ਗਏ। ਓਸ ਬ੍ਰਿਛ ਹੇਠ ਹੋਰ ਕੋਈ ਨਹੀਂ ਸੀ। ਮੈਂ ਵੀ ਵੱਡੀ ਖਬਰਦਾਰੀ ਨਾਲ ਓਨਾਂ ਦੇ ਪਿਛੇ ਜਾਕੇ ਖੜਾ ਹੋ ਗਿਆ।

ਕੁਝ ਦੇਰ ਪਿਛੋਂ ਉਨਾਂ ਵਿਚੋਂ ਇੱਕ ਨੇ ਸੀਟੀ ਬਜਾਈ, ਅਤੇ ੧੦ ਮਿੰਟ ਤਕ ਬਜਾਂਉਦੇ ਰਹੇ. ਪਰ ਕੋਈ ਜਵਾਬ ਨਾ ਆਯਾ, ਕਰੀਬ ੨੦ ਮਿੰਟ ਪਿੱਛੋਂ ਦੂਰੋਂ ਵੀ ਸੀਟੀ ਦੀ ਅਵਾਜ ਆਈ। ਮੈਂ ਜਾਣ ਗਿਆ ਕਿ ਮੇਕੇਯਰ ਦਾ ਟੋਲਾ ਆ ਰਿਹਾ ਹੈ। ਕੁਝ ਦੇਰ ਪਿਛੋਂ ਓਨਾਂ ਵਿਚ ਗੱਲਾਂ ਹੋਣ ਲੱਗ ਪਈਆਂ। ਅਵਾਜ਼ ਤੋਂ ਮੈਂ ਪਛਾਣ ਲਿਆ ਇਹ ਅਬਦੁੱਲਾ ਹੈ, ਪਰ ਮੇਕੇਯਰ ਦੀ ਅਵਾਜ਼ ਨਾ ਆਈ॥

ਇਕ ਨੇ ਕਿਹਾ-ਅਸੀਂ ਬਹੁਤ ਦੇਰ ਤੋਂ ਤੁਹਾਡਾ ਰਾਹ ਵੇਖਦੇ ਹਾਂ।

ਅਬਦੁੱਲਾ-ਤੇ ਮੈਂ ਨਾਨਾ ਸਾਹਿਬ ਨੂੰ ਵੇਖ ਰਿਹਾ ਹਾਂ। ਓਨਾਂ ਨੇ ਵੀ ਅੱਜ ਆਉਣਾ ਸੀ। ਨਾਲੇ ਓਨਾਂ ਕਿਹਾ ਸੀ ਕਿ ਜੇਕਰ ਮੈਂ ਆ ਨਾ ਸਕਿਆ ਤਾਂ ਆਪਣਾ ਆਦਮੀ ਭੇਜਾਂਗਾ, ਅਰ ਓਹ ਮੇਕੇਯਰ ਨੂੰ ਮਿਲਾ ਦੇਵੇਗਾ। ਓਹੋ ਆਦਮੀ ਓਨਾਂ ਨੂੰ ਮੁੰਗੇਰ ਲੈ ਜਾਵੇਗਾ।

ਪੇਹਲਾ-ਫੇਰ ਸਾਡੀ ਕੀ ਦਸ਼ਾ ਹੋਵੇਗੀ ? ਅੰਗ੍ਰੇਜ਼ਾਂ ਦੇ ਜਸੂਸ ਹਰ ਵੇਲੇ ਸਾਡੇ ਪਿੱਛੇ ਲਗੇ ਰੈਂਹਦੇ ਹਨ। ਇਸਦਾ ਕੀ ਪਤਾ ਹੈ ਕਿ ਅਸੀਂ ਕਿਸ ਦਿਨ ਫਾਂਸੀ ਚੜ੍ਹ ਜਾਵਾਂਗੇ।

ਅਸੀਂ ਰੋਜ਼ ਮੈਕੇਯਰ ਦਾ ਰਾਹ ਵੇਖ ਰਹੇ ਹਾਂ। ਅੱਜ ਜੇਕਰ ਓਹ ਨਾ ਮਿਲਿਆ ਤਾਂ ਫੇਰ ਅਸੀਂ ਉਸਦੀ ਉਡੀਕ ਨਹੀਂ ਕਰਾਂਗੇ, ਖਿੰਡ ਪੁੰਡ ਜਾਵਾਂਗੇ।

ਅਬਦੁੱਲਾ—ਤੁਹਾਡੇ ਨਾਲੋਂ ਅੰਗ੍ਰੇਜ਼ਾਂ ਦਾ ਗੁੱਸਾ ਬਹੁਤਾ ਮੇਰੇ ਉੱਤੇ ਹੈ, ਮੈਨੂੰ ਫੜਨ ਲਈ ਸੈਂਕੜੇ ਰੁਪਯੇ ਰੋਜ਼ ਖਰਚ ਕੀਤੇ ਜਾਂਦੇ ਹਨ। ਬਦਮਾਸ਼ ਰਾਮਪਾਲ ਸਿੰਘ ਕਈ ਤਰਾਂ ਦੇ ਫਰੇਬ ਰੋਜ਼ ਕਰਦਾ ਰੈਂਹਦਾ ਹੈ। ਮੈਕੇਯਰ ਦੇ ਵਾਸਤੇ ਮੈਂ ਕਈ ਤਰਾਂ ਦੇ ਵੇਸ ਕਰਕ ਅੱਜ ਤਕ ਫਿਰਦਾ ਰਿਹਾ ਹਾਂ। ਅੱਜ ਓਸਨੂੰ ਫਾਂਸੀ ਲੈ ਜਾਵਾਂਗਾ।

ਪੇਹਲਾ—ਤੁਹਾਡੀ ਮਰਜ਼ੀ ਜਿਧਰ ਹੋਵੇ ਜਾਓ ਪਰ ਅਸੀਂ ਕਿਧਰ ਜਾਈਏ ? ਸਾਡੀ ਜਾਨ ਹਰ ਵੇਲੇ ਖਤਰੇ ਵਿਚ ਹੈ। ਅਛਾ ਜੇਕਰ ਨਾਨਾ ਸਾਹਿਬ ਦਾ ਕੋਈ ਜਾਸੂਸ ਆਵੇ ਤਾਂ ਓਸਨੂੰ ਕਿਸ ਤਰਾਂ ਪਛਾਣੋਗੇ ?"

ਅਬਦੁੱਲਾ—ਨਾਨਾ ਸਾਹਿਬ ਨੇ ਕਿਹਾ ਹੈ ਕਿ ਜੋ ਆਦਮੀ ਆਵੇ ਉਸ ਪਾਸੋਂ ਮੇਰਾ ਇਸ਼ਾਰਾ ਪੁਛ ਲੈਣਾ, ਜੇਕਰ ਓਹ ਆਖੇ "ਆਬੇਸਤਾ" ਤਾਂ ਯਕੀਨ ਕਰਕੇ ਜਾਨਣਾ ਉਹ ਮੇਰਾ ਮਨੁੱਖ ਹੈ।

ਉਨ੍ਹਾਂ ਦੀਆਂ ਇਹ ਗੱਲਾਂ ਸੁਣਕੇ ਮੈਨੂੰ ਬਹੁਤ ਖੁਸ਼ੀ ਹੋਈ। ਐਸਾ ਮੌਕਾ ਛੋੜਨਾ ਕਦੇ ਠੀਕ ਨਹੀਂ। ਇਤਨੇ ਦਿਨਾਂ ਪਿਛੋਂ ਸ਼ਾਇਦ ਅਜ ਮੈਂ ਮੈਕੇਯਰ ਨੂੰ ਫੜ ਸਕਾਂ, ਇਸ ਆਸ਼ਾ ਨਾਲ ਮੇਰਾ ਦਿਲ ਖਿੜ ਗਿਆ। ਮੈਂ ਓਸੇ ਵੇਲੇ ਵੇਸ ਬਦਲਾ ਓਨਾਂ ਪਾਸ ਗਿਆ। ਮੈਨੂੰ ਵੇਖਦਿਆਂ ਸਾਰ ਅਬਦੁੱਲਾ ਮੇਰੇ ਪਾਸ ਆਯਾ ਤੇ ਮੇਰੇ ਮੱਥੇ ਵਿਚ ਬੰਦੂਕ ਦੀ ਸ਼ਿਸਤ ਲਾਕੇ ਉਸਨੇ ਪੁਛਿਆ—"ਤੂੰ ਕੌਣ ਹੈਂ ?"

ਮੈਂ ਨਿਰਭੈ ਹੋਕੇ ਕਿਹਾ–ਘਾਬਰ ਨਹੀਂ, ਮੈਂ ਨਾਨਾ ਸਾਹਿਬ ਵਲੋਂ ਆਯਾ ਹਾਂ।

ਅਬਦੁਲਾ–ਨਹੀਂ ਤੂੰ ਅੰਗ੍ਰੇਜ਼ਾਂ ਦਾ ਜਾਸੂਸ ਹੈਂ।

ਮੈਂ ਹੱਸਕੇ ਕਿਹਾ—ਕੀ ਤੂੰ ਪਾਗਲ ਹੋ ਗਿਆ ਹੈਂ ? ਮੈਂ ਨਾਨਾ ਸਾਹਿਬ ਦਾ ਆਪਣਾ ਆਦਮੀ ਹਾਂ ਅਤੇ ਮੈਕੇਯਰ ਨੂੰ ਲੈਣ ਵਾਸਤੇ ਆਯਾ ਹਾਂ। ਓਹ ਉਸਦੀ ਰਾਹ ਵੇਖ ਰਹੇ ਹਨ। ਮੈਨੂੰ ਛੇਤੀ ਮੈਕੇਯਰ ਪਾਸ ਲੈ ਚਲ।

ਅਬਦੁਲਾ–ਜੇਕਰ ਤੂੰ ਨਾਨਾ ਸਾਹਿਬ ਦਾ ਆਦਮੀ ਹੈਂ ਤਾਂ ਉਨਾਂ ਦਾ ਇਸ਼ਾਰਾ ਦੱਸ ?

ਮੈਂ ਫੇਰ ਵੀ ਹੱਸਕੇ ਕਿਹਾ–"ਆਬੇਸਤਾ!"

## ਕਾਂਡ ੧੩

## ਮੈਕੇਯਰ ਮੇਰੇ ਸਾਮਣੇ

(ਸਰਦਾਰ ਰਾਮਪਾਲ ਸਿੰਘ ਦਾ ਬਿਆਨ)

ਮੇਰੇ ਮੂੰਹੋਂ "ਆਬੇਸਤਾ" ਸੁਣਕੇ ਅਬਦੁਲੇ ਦਾ ਗੁੱਸਾ ਠੰਡਾ ਹੋ ਗਿਆ। ਮੈਨੂੰ ਓਹ ਹੌਲੀ ਜੇਹੀ ਫੜਕੇ ਬ੍ਰਿਛ ਹੇਠ ਲੈ ਗਿਆ। ਉਸ ਬ੍ਰਿਛ ਹੇਠ ਜਿੰਨੇ ਆਦਮੀ ਸਨ ਸਭਨਾ ਨੇ ਮੈਨੂੰ ਘੇਰ ਲਿਆ।

ਮੈਂ ਅਬਦੁੱਲੇ ਨੂੰ ਹੱਸਕੇ ਕਿਹਾ–ਅਸ ਜੇਕਰ ਨਾਨਾ ਸਾਹਿਬ ਮੈਨੂੰ ਇਹ ਇਸ਼ਾਰਾ ਨਾ ਦੱਸਦੇ ਤਾਂ ਅੱਜ ਤੇਰੇ ਜੇਹੇ ਵੀਰਾਂ ਦੇ ਹਥੋਂ ਜ਼ਰੂਰ ਮੇਰੀ ਜਾਨ ਚਲੀ ਜਾਂਦੀ। ਹੁਣ ਮੈਨੂੰ ਛੇਤੀ ਮੈਕੇਯਰ ਦੇ ਪਾਸ ਲੈ ਚਲ। ਉਸਦੇ ਕਾਰਣ ਹੀ ਨਾਨਾ ਸਾਹਿਬ ਨਹੀਂ ਜਾ ਸਕੇ। ਉਨਾਂ ਦੀ ਮਰਜ਼ੀ ਹੈ ਕਿ ਮੈਕੇਯਰ ਕਿਸੇਤਰਾਂ ਜਾਨ ਬਚਾਕੇ ਇਸ ਦੇਸ਼ ਵਿਚੋਂ ਭੱਜ ਜਾਵੇ।

ਅਬਦੁੱਲਾ—ਹੁਣ ਤੇਰੇ ਉੱਤੇ ਮੇਰਾ ਕਿਸੇ ਤਰਾਂ ਦਾ ਸ਼ੱਕ ਨਹੀਂ। ਚਲੋ ਹੁਣ ਤੁਹਾਨੂੰ ਮੈਕੇਂਜ਼ਰ ਪਾਸ ਲੈ ਚੱਲਾਂ। ਪਰ ਮੈਂ ਇਕ ਗੱਲ ਪੁਛਦਾ ਹਾਂ। ਮੈਕੇਂਜ਼ਰ ਦੇ ਸਿਵਾ ਹੋਰ ਵੀ ਕਿਸੇ ਨੂੰ ਤੁਹਾਡੇ ਨਾਲ ਭੇਜ ਸਕਦਾ ਹਾਂ ?

ਮੈਂ ਸੋਚਿਆ ਜੇਕਰ ਮੈਕੇਂਜ਼ਰ ਕੱਲਾ ਹੀ ਜਾਵੇ ਤਾਂ ਚੰਗਾ ਹੈ, ਨਹੀਂ ਤਾਂ ਉਸਨੂੰ ਫੜਨ ਵਿਚ ਰੁਕਾਵਟ ਪਵੇਗੀ। ਇਸ ਲਈ ਮੈਂ ਅਬਦੁੱਲੇ ਨੂੰ ਕਿਹਾ—ਨਾਨਾ ਸਾਹਿਬ ਦਾ ਹੁਕਮ ਸਿਰਫ ਮੈਕੇਂਜ਼ਰ ਨੂੰ ਲਿਜਾਣ ਦਾ ਹੈ, ਹੋਰ ਕਿਸੇ ਨੂੰ ਨਹੀਂ। ਇਸ ਲਈ ਮੈਂ ਹੋਰ ਕਿਸੇ ਨੂੰ ਨਹੀਂ ਲਿਜਾ ਸਕਦਾ। ਉਨਾਂ ਨੇ ਸਖਤ ਹੁਕਮ ਦਿਤਾ ਹੈ ਕਿ ਵੱਡੀ ਖਬਰਦਾਰੀ ਨਾਲ ਇਹ ਕੰਮ ਕੀਤਾ ਜਾਵੇ।

ਅਬਦੁੱਲਾ—ਜੇਕਰ ਮੈਂ ਤੁਹਾਡੇ ਨਾਲ ਆਪ ਚੱਲਾਂ ਤਾਂ ਇਸ ਵਿਚ ਭੀ ਤੁਹਾਨੂੰ ਕਿਸੇ ਤਰਾਂ ਦਾ ਉਜ਼ਰ ਹੈ ?

ਮੈਂ ਸੋਚਿਆ ਕਿ ਇਕ ਤਾਂ ਮੈਕੇਂਜ਼ਰ ਨੂੰ ਫੜਨਾ ਹੀ ਔਖਾ ਹੈ ਫੇਰ ਅਬਦੁੱਲੇ ਵਰਗੇ ਚਤਰ ਪਾਪੀ ਦੇ ਨਾਲ ਹੋਣ ਪਰ ਹੋਰ ਵੀ ਔਖਾ ਹੋ ਜਾਵੇਗਾ, ਇਸ ਲਈ ਜੇਕਰ ਅਬਦੁੱਲਾ ਮੇਰੇ ਨਾਲ ਨਾ ਜਾਵੇ ਤਾਂ ਚੰਗਾ ਹੈ। ਪਰ ਜੇ ਇਸ ਤਰਾਂ ਮੈਂ ਕਿਹਾ ਤਾਂ ਇਸ ਨੂੰ ਸ਼ੱਕ ਹੋ ਸਕਦਾ ਹੈ। ਏਧਰ ਦੇਰ ਕਰਨ ਨਾਲ ਹੋ ਸਕਦਾ ਹੈ ਕਿ ਥਾਨੇ ਦਾ ਆਦਮੀ ਯਾ ਖੁਦ ਨਾਨਾ ਹੀ ਆ ਜਾਵੇ ਤੇ ਬਣਿਆ ਬਣਾਯਾ ਕੰਮ ਵਿਗੜ ਜਾਵੇ। ਇਹ ਵਿਚਾਰਕੇ ਮੈਂ ਅਬਦੁੱਲੇ ਨੂੰ ਕਿਹਾ ਕਿ ਨਾਨਾ ਸਾਹਿਬ ਦਾ ਹੁਕਮ ਹੈ ਕਿ ਅਬਦੁੱਲਾ ਹੀ ਇਕ ਮੈਕੇਂਜ਼ਰ ਦਾ ਬਹੁਤ ਇਤਬਾਰੀ ਤੇ ਪਿਆਰਾ ਹੈ ਜੇਕਰ ਓਹ ਜਾਣਾ ਚਾਹਵੇ ਤਾਂ ਲੈ ਜਾਣਾ। ਸੋ ਮੈਂ ਹੁਣ ਨਾਨਾ

ਸਾਹਿਬ ਨੂੰ ਜਾਕੇ ਖਬਰ ਕਰਦਾ ਹਾਂ ਤੁਸੀਂ ਛੇਤੀ ਮੇਕੇਧਰ ਨੂੰ ਲੈ ਆਵੋ।

ਛਕੜਲੀ ਗੱਲ ਮੈਂ ਅਬਦੁਲੇ ਉਤੇ ਅਪਣਾ ਇਤਬਾਰ ਸਮਾਣ ਲਈ ਹੀ ਆਖੀ ਸੀ। ਮੇਰੀ ਇਹ ਗੱਲ ਸੁਣਕੇ ਅਬਦੁਲੇ ਦੇ ਦਿਲ ਵਿਚ ਜੇਹੜਾ ਬਾਕੀ ਸ਼ੱਕ ਸੀ ਓਹਵੀ ਦੂਰ ਹੋ ਗਿਆ ਓਸਨੇ ਕਿਹਾ "ਨਹੀਂ, ਮੇਰੇ ਜਾਣ ਦੀ ਕੋਈ ਲੋੜ ਨਹੀਂ।"

ਇੰਨੇ ਵਿਚ ਇਕ ਆਦਮੀ ਅਬਦੁਲੇ ਨੂੰ ਵਖਰਿਆਂ ਕਰਕੇ ਲੈ ਗਿਆ, ਪਤਾ ਨਹੀਂ ਓਨ੍ਹਾਂ ਵਿਚ ਕੀ ਗੱਲਾਂ ਹੋਈਆਂ। ਅਬਦੁਲੇ ਨ ਫੇਰ ਆਕੇ ਮੈਥੋਂ ਪੁਛਿਆ—ਤੁਹਾਡੇ ਤੇ ਮੇਰਾ ਹੁਣ ਕੋਈ ਸ਼ੱਕ ਨਹੀਂ ਪਰ ਤੁਸੀਂ ਅਪਣਾ ਨਾਮ ਤਾਂ ਦੱਸੋ?"

ਮੈ ਹੱਸਕੇ ਕਿਹਾ—ਇਸ ਵਿਚ ਕੀ ਉਜ਼ਰ ਹੈ। ਮੇਰਾ ਨਾਮ ਸਦ ਸ਼ਿਵਰਾਵ ਹੈ। ਨਾਨਾ ਸਾਹਿਬ ਮੇਰੇ ਮਾਮੇ ਲੱਗਦੇ ਹਨ। ਮੈਂ ਹੀ ਉਨਾਂ ਦਾ ਸਾਰਾ ਕੰਮ ਕੀਤਾ ਕਰਦਾ ਹਾਂ।"

ਇਸਦੇ ਪਿਛੋਂ ਅਬਦੁਲੇ ਨੇ ਮੈਨੂੰ ਕੁਝ ਨਾ ਆਖਿਆ। ਓਸਨ ਆਪਣੇ ਸਾਥੀਆਂ ਨੂੰ ਕਿਹਾ—ਤੁਸੀਂ ਹੁਣ ਮੇਰ ਨਾਲ ਹੀ ਮੈਕਧਰ ਦੇ ਪਾਸ ਚੱਲੋ ਉਸਦੇ ਮੂਹੋਂ ਮੈਂ ਤੁਹਾਡਾ ਸਨੇਹਾ ਨਾਨਾ ਸਾਹਿਬ ਦੇ ਅਗੇ ਪੇਸ਼ ਕਰਾਵਾਂਗਾ। ਕੱਲ ਸਵੇਰੇ ਸ਼ਿਵਰਾਵ ਜਹੜਾ ਜਵਾਬ ਲਿਆਉਣਗੇ ਉਸਦੇ ਅਨੁਸਾਰ ਤੁਸਾਂ ਕਰਨਾ।"

ਇਹ ਆਖਕੇ ਅਬਦੁਲਾ ਅੱਗੇ ੨ ਚਲਿਆ। ਮੈਂ ਤੇ ਓਸਦੇ ਹੋਰ ਸਾਥੀ ਪਿੱਛੇ ੨ ਤੁਰੇ ਗਏ। ਕਰੀਬ ਅੱਧੇ ਘੰਟੇ ਪਿਛੋਂ ਅਸੀਂ ਮਮੂਲੀ ਜੰਗਲ ਵਿਚ ਜਾ ਵੜੇ। ਇਸ ਵੇਲੇ ਰਾਤ ਦੇ ੨ ਵਜ ਚੁਕੇ ਸਨ। ਜੰਗਲ ਵਿਚ ਵੜਕੇ

ਅਬਦੁਲੇ ਨੇ ਮੈਨੂੰ ਕਿਹਾ—"ਹੁਣ ਆਪ ਨਾਲ ਕੁਝ ਸਖਤ ਵਰਤਉ ਕੀਤਾ ਜਾਵੇਗਾ, ਆਸ਼ਾ ਹੈ ਉਸਦੇ ਲਈ ਆਪ ਖਿਮਾਂ ਕਰੋਗੇ।"

ਮੈਂ ਅਚਰਜ ਹੋਕੇ ਪੁਛਿਆ "ਤੁਸੀਂ ਕੀ ਸਖਤੀ ਕਰੋਗੇ ?"

ਅਬਦੁਲਾ—"ਹੁਣ ਤੁਹਾਡੀਆਂ ਅੱਖਾਂ ਤੇ ਪੱਟੀ ਬੰਨ੍ਹਕੇ ਲਿਜਾਣਾ ਪਵੇਗਾ। ਇਹ ਸਖਤ ਕੰਮ ਹੋਣ ਪਰ ਵੀ ਮੈਂ ਕਰਨ ਲਈ ਲਾਚਾਰ ਹਾਂ, ਮੇਜਰ ਸਾਹਿਬ ਦਾ ਇਹੋ ਹੁਕਮ ਹੈ।"

ਮੈਂ ਕਿਹਾ—ਇਸ ਵਿਚ ਮੈਨੂੰ ਕੋਈ ਉਜ਼ਰ ਨਹੀਂ। ਪਰ ਪਹਿਲਾਂ ਮੈਂ ਇਹ ਤੁਹਾਡੇ ਕੋਲੋਂ ਪੁਛਦਾ ਹਾਂ ਕਿ ਮੇਰੇ ਉੱਤੇ ਤੁਹਾਡਾ ਅਜੇ ਤਕ ਸ਼ੱਕ ਤਾਂ ਨਹੀਂ ? ਜੇਕਰ ਸ਼ੱਕ ਹੋਵੇ ਤਾਂ ਮੈਂ ਨਾਨਾ ਸਾਹਿਬ ਦੇ ਪਾਸ ਮੁੜ ਜਾਵਾਂ ?"

ਅਬਦੁਲਾ—"ਸ਼ੱਕ ਕੋਈ ਨਹੀਂ, ਪਰ ਮੈਂ ਮੇਜਰ ਸਾਹਿਬ ਦੇ ਹੁਕਮ ਅਨੁਸਾਰ ਕੰਮ ਕਰਨ ਲਈ ਲਾਚਾਰ ਹਾਂ। ਇਸ ਵਿਚ ਨਾਂਹ ਨੁੱਕਰ ਕਰਨ ਤੋਂ ਕੰਮ ਨਹੀਂ ਚਲ ਸਕਦਾ ਤੇ ਮੈਂ ਵੀ ਇਹ ਆਖ ਸਕਦਾ ਹਾਂ ਕਿ ਇਸ ਵਿਚ ਨਾਨਾ ਸਾਹਿਬ ਨਰਾਜ਼ ਨਹੀਂ ਹੋਣਗੇ।"

ਮੈਂ ਵੱਡੇ ਹੌਸਲੇ ਨਾਲ ਉਸਦੀਆਂ ਗੱਲਾਂ ਮੰਨ ਲਈਆਂ। ਅਬਦੁਲੇ ਨੇ ਇਕ ਰੁਮਾਲ ਨਾਲ ਮੇਰੀਆਂ ਅੱਖਾਂ ਬੰਨ੍ਹ ਦਿੱਤੀਆਂ। ਕਰੀਬ ੨੦ ਮਿੰਟ ਤਕ ਮੈਂ ਇਸੇ ਦਸ਼ਾ ਵਿਚ ਚਲਿਆ ਗਿਆ। ਫੇਰ ਅੱਖਾਂ ਖੋਲੀਆਂ ਗਈਆਂ ਤੇ ਮੈਂ ਵੇਖਿਆ ਕਿ ਭਾਰੀ ਜੰਗਲ ਵਿਚ ਇਕ ਕੁਟੀਆ ਦੇ ਸਾਮ੍ਹਣੇ ਮੈਂ ਖੜਾ ਹੋਯਾ ਹਾਂ। ਅਬਦੁੱਲੇ ਨੇ ਹੌਲੀ ੨ ਉਸ ਕੁਟੀਆ ਦੇ ਦਰਵਾਜ਼ੇ ਨੂੰ ਧੱਕਾ ਦਿੱਤਾ।

ਅੰਦਰੋਂ ਅਵਾਜ਼ ਆਈ "ਕੌਣ ?"

ਅਬਦੁੱਲ ਨੇ ਕਿਹਾ—ਬੂਹਾ ਖੋਲੋ, ਮੈਂ ਮੁੜ ਆਇਆ ਹਾਂ, ਇਕ ਪਲ ਮਗਰੋਂ ਕੁਟੀਆ ਦਾ ਬੂਹਾ ਖੁਲ ਗਿਆ। ਅਸੀ ਸਾਰੇ ਅੰਦਰ ਜਾ ਵੜੇ। ਅੰਦਰ ਇਕ ਛੋਟਾ ਜੇਹਾ ਦੀਵਾ ਜਗਦਾ ਸੀ। ਇਕ ਛੋਟੀ ਜੇਹੀ ਮੰਜੀ ਉਤੇ ਪ੍ਰਸਿੱਧ ਫ੍ਰਾਂਸੀਸੀ ਡਾਕੂ ਮੈਕੇਯਰ ਬੈਠਾ ਹੋਇਆ ਸੀ।

ਅਬਦੁੱਲੇ ਨੇ ਮੈਕੇਯਰ ਨੂੰ ਕਿਹਾ—ਨਾਨਾ ਸਾਹਿਬ ਵਲੋਂ ਇਹ ਆਦਮੀ ਆਇਆ ਹੈ। ਇਸਦਾ ਨਾਮ ਸਦਾ ਸਿਵ ਰਾਵ ਹੈ ਅਤੇ ਇਹ ਉਹਨਾਂ ਦਾ ਭਾਣਜਾ ਹੁੰਦਾ ਹੈ। ਸਾਡਾ ਇਸ਼ਾਰਾ ਵੀ ਇਸਨੇ ਦਸਿਆ ਹੈ, ਨਾਨੇ ਦੇ ਹੁਕਮ ਅਨੁਸਾਰ ਇਸਦੇ ਨਾਲ ਹੁਣ ਤੁਹਾਨੂੰ ਜਾਣਾ ਚਾਹੀਦਾ ਹੈ। ਦੇਰ ਹੋਣ ਪਰ ਵਿਪਤਾ ਦਾ ਡਰ ਹੈ।"

ਅਬਦੁਲੇ ਦੀ ਗੱਲ ਸੁਣਕੇ ਮੈਕੇਯਰ ਨੇ ਮੈਨੂੰ ਆਪਣੇ ਸਾਮਣੇ ਬੈਠਣ ਲਈ ਕਿਹਾ। ਇਸੇ ਵੇਲੇ ਹੀ ਕਿਸ ਨੇ ਦੂਜੇ ਪਾਸਿਉਂ ਮੇਰਾ ਜਾਣਿਆ ਹੋਯਾ ਇਸ਼ਾਰਾ ਕੀਤਾ। ਮੈਂ ਸਮਝ ਗਿਆ ਕਿ ਲਛਮਣ ਦਾਸ ਵੀ ਆ ਪਹੁੰਚਾ ਹੈ।

# ਕਾਂਡ ੧੪

## ਮੈਕੇਯਰ ਦਾ ਸਾਥੀਆਂ ਸਣੇ ਫੜਿਆ ਜਾਣਾ

(ਸਰਦਾਰ ਰਾਮਪਾਲ ਸਿੰਘ ਦਾ ਬਿਆਨ)

ਮੈਂ ਦੇਰ ਨਾ ਕਰ ਇਸ਼ਾਰੇ ਨਾਲ ਹੀ ਲਛਮਣ ਦਾਸ ਨੂੰ ਸਮਝਾ ਦਿੱਤਾ ਕਿ ਛੇਤੀ ਕੰਮ ਕਰੋ। ਹੁਣ ਦੇਰ ਕਰਨ ਦੀ ਲੋੜ ਨਹੀਂ।

ਮੈਨੂੰ ਤਿੱਖੀ ਨਜ਼ਰ ਨਾਲ ਵੇਖਕੇ ਮੈਕੇਯਰ ਨੇ

ਅਬਦੁਲੇ ਨੂੰ ਕਿਹਾ—"ਅਬਦੁਲਾ! ਇਸਨੇ ਹੋਰ ਤਾਂ ਸਾਰੀਆਂ ਗੱਲਾਂ ਬੇਸ਼ੱਕ ਦਸੀਆਂ ਪਰ ਅਜੇ ਵੀ ਮੈਨੂੰ ਇਸ ਪਰ ਸ਼ੱਕ ਹੀ ਹੁੰਦਾ ਹੈ। ਤੂੰ ਕੀ ਸਮਝਦਾ ਹੈਂ?"

ਅਬਦੁਲਾ—ਅਜੇਹੇ ਸਮੇਂ ਜਦ ਕਿ ਵੈਰੀ ਪਿੱਛਾ ਕਰ ਰਹੇ ਹਨ ਕਿਸੇ ਮਨੁਖ ਨੂੰ ਵੇਖਕੇ ਸ਼ੱਕ ਹੋਣਾ ਸੁਭਾਵਿਕ ਗੱਲ ਹੈ।"

ਮੈਕੇਯਰ—"ਮੇਰਾ ਸ਼ੱਕ ਸੱਚਾ ਹੈ ਯਾ ਝੂਠਾ ਇਸਨੂੰ ਇਕ ਵਾਰੀ ਚੰਗੀ ਤਰਾਂ ਵੇਖ ਲੈ।"

ਹੁਣ ਮੈਂ ਵਡੇ ਸੰਕਟ ਵਿਚ ਪਿਆ! ਮੈਂ ਵਾਰੰਵਾਰ ਬੂਹੇ ਵਲ ਲਛਮਣ ਦਾਸ ਨੂੰ ਵੇਖਣ ਲਗਾ। ਓਸਦੀ ਇਸ ਬੇਖਬਰੀ ਉਤੇ ਮੈਨੂੰ ਬਹੁਤ ਗੁੱਸਾ ਵੀ ਆਯਾ। ਇਸੇ ਵੇਲੇ ਅਬਦੁਲੇ ਨੇ ਮੇਰਾ ਹਥ ਫੜਕੇ ਖਿਚਿਆ। ਮੈਂ ਉੱਚੀ ਅਵਾਜ਼ ਨਾਲ ਉਸਨੂੰ ਕਿਹਾ—"ਜੇਕਰ ਇਸ ਵੇਲੇ ਵੀ ਤੁਹਾਨੂੰ ਮੇਰੇ ਤੇ ਇਤਬਾਰ ਨਹੀਂ ਤਾਂ ਮੈਂ ਚਲਿਆ ਜਾਵਾਂ?"

ਮੈਕੇਯਰ ਨੇ ਕਿਹਾ—"ਤੇਰਾ ਇਮਤਿਹਾਨ ਲਏ ਬਿਨਾਂ ਮੈਂ ਤੈਨੂੰ ਨਹੀਂ ਛਡ ਸਕਦਾ। ਤੇਰੀ ਅਵਾਜ਼ ਤਾਂ ਪਛਾਣੀ ਹੋਈ ਮਲੂਮ ਹੁੰਦੀ ਹੈ ਤੇ ਇਮਤਿਹਾਨ ਮਲੂਮ ਹੁੰਦਾ ਹੈ ਸੁਖਾਲਾ ਨਹੀਂ ਚੰਗੀ ਤਰਾਂ ਕੀਤਾ ਜਾਊ।"

ਮੈਂ ਕਿਹਾ—"ਮੈਂ ਤੁਹਾਡੇ ਇਸ਼ਾਰੇ ਨੂੰ ਵੀ ਦਸਿਆ ਜਿਸਨੂੰ ਤੁਹਾਡੇ ਮਨੁਖਾਂ ਦੇ ਸਿਵਾ ਹੋਰ ਕੋਈ ਨਹੀਂ ਜਾਣਦਾ, ਕੀ ਅਜੇ ਵੀ ਮੇਰੇ ਉੱਤੇ ਯਕੀਨ ਨਹੀਂ ਆਯਾ?"

ਮੈਕੇਯਰ (ਅਬਦੁਲ ਨੂੰ) ਸਭ ਤੋਂ ਪੈਹਲਾਂ ਇਸਦੀ ਦਾੜ੍ਹੀ ਤੇ ਸਿਰਦੇ ਕੇਸ ਖਿੱਚਕੇ ਵੇਖ ਨਕਲੀ ਤਾਂ ਨਹੀਂ, ਫਰ ਇਸਦਾ ਮੂੰਹ ਧੋਕੇ ਵੇਖ ਕੋਈ ਰੰਗ ਤਾਂ ਨਹੀਂ ਕੀਤਾ ਹੋਯਾ।

ਮੂੰਹ ਧੋਣ ਦੀ ਗੱਲ ਸੁਣਕੇ ਮੈਂ ਘਾਬਰ ਗਿਆ। ਕਿਉਂਕਿ ਧੋਣ ਨਾਲ ਅਸਲੀ ਰੰਗ ਨਿਕਲ ਆਵੇਗਾ ਤੇ ਮੈਂ ਫੜਿਆ ਜਾਵਾਂਗਾ। ਅਜੇ ਤਕ ਵੀ ਲਛਮਣ ਦਾਸ ਨਾ ਆਯਾ।

ਮੇਕੇਯਰ ਦੇ ਹੁਕਮ ਅਨੁਸਾਰ ਅਬਦੁਲੇ ਨੇ ਮੇਰੀ ਦਾੜ੍ਹੀ ਤੇ ਕੇਸ ਖਿੱਚੇ ਪਰ ਓਹ ਨਕਲੀ ਨਹੀਂ ਸਨ ਜੋ ਉਖੜ ਜਾਂਦੇ। ਇਸ ਵਿਚ ਤਾਂ ਓਸਨੂੰ ਕੋਈ ਸ਼ੱਕ ਨਾ ਰਿਹਾ। ਪਰ ਮੈਨੂੰ ਇਸ ਵਰਤਾਉ ਉੱਤੇ ਬਹੁਤ ਗੁੱਸਾ ਆਯਾ। ਕਈ ਵਾਰੀ ਦਿਲ ਕੀਤਾ ਕਿ ਇਕੋ ਗੋਲੀ ਨਾਲ ਇਸਦਾ ਸਿਰ ਉਡਾ ਦੇਵਾਂ। ਅਜੇ ਵੀ ਲਛਮਣ ਦਾਸ ਨਹੀਂ ਪਹੁੰਚਿਆ ਸੀ। ਇਸ ਲਈ ਚੁਪਚਾਪ ਮੈਂ ਸਾਰੀਆਂ ਗੱਲਾਂ ਸਹਾਰਦਾ ਗਿਆ। ਅਬਦੁੱਲੇ ਨੇ ਕਿਹਾ--"ਦਾੜ੍ਹੀ ਤੇ ਕੇਸ ਤਾਂ ਇਸਦੇ ਨਕਲੀ ਨਹੀਂ ਹਨ ਹੁਣ ਮੂੰਹ ਧੋਕੇ ਵੇਖਣਾ ਚਾਹੀਦਾ ਹੈ।"

ਹੁਣ ਮੈਂ ਵਡੀ ਮੁਸ਼ਕਿਲ ਵਿਚ ਪਿਆ। ਅਬਦੁੱਲਾ ਪਾਣੀ ਲੈਕੇ ਆ ਗਿਆ। ਪਰ ਲਛਮਣ ਦਾਸ ਅਜੇ ਵੀ ਨਾ ਬਹੁੜਿਆ, ਅਚਾਨਕ ਮੈਨੂੰ ਆਪਣੀ ਗਲ ਯਾਦ ਆਈ। ਮੈਂ ਲਛਮਣ ਦਾਸ ਨੂੰ ਇਹ ਆਖ ਰਖਿਆ ਸੀ ਕਿ ਜਿਸ ਵੇਲੇ ਲੋੜ ਹੋਵੇਗੀ ਓਸੇ ਵੇਲੇ ਮੈਂ ਸੀਟੀ ਦੇਵਾਂਗਾ ਸੋ ਮੈਂ ਸੋਚਿਆ ਲਛਮਣ ਦਾਸ ਸੀਟੀ ਦੀ ਅਵਾਜ਼ ਨੂੰ ਵੇਖ ਰਿਹਾ ਹੈ। ਮੈਂ ਉਸੇ ਵੇਲੇ ਮੂੰਹ ਵਿਚ ਉਂਗਲ ਪਾ ਸੀਟੀ ਮਾਰੀ। ਸੀਟੀ ਸੁਣਦੇਸਾਰ ਮੈਕੇਯਰ ਵਡੀ ਫੁਰਤੀ ਨਾਲ ਉਠਿਆ ਤੇ ਪਿਸਤੌਲ ਲੈਕੇ ਮੇਰੇ ਕੋਲ ਪਹੁੰਚਾ। ਅਬਦੁਲਾ ਵੀ ਪਾਣੀ ਸੁਟਕੇ ਛੁਰਾ ਹਥ ਲੈਕੇ ਆਯਾ ਤੇ ਮੈਨੂੰ ਚਿੰਬੜ ਗਿਆ। ਪਰ ਮੈਂ ਓਸਨੂੰ ਝਟਕਾ ਦੇਕੇ ਪਰੇ

ਮਾਰਿਆ ਅਤੇ ਮੈਕੇਯਰ ਤੇ ਹਲਾ ਕਰਕੇ ਉਸਨੂੰ ਡੇਗ ਦਿਤਾ ਉਸਦੇ ਪਿਸਤੌਲ ਦੀ ਗੋਲੀ ਛੁਟਕੇ ਕੁਟੀਆ ਦੀ ਕੰਧ ਵਿਚ ਜਾ ਲੱਗੀ ਤੇ ਪਾਰ ਨਿਕਲ ਗਈ। ਉਹ ਫੇਰ ਉਠਿਆ ਚਾਹੁੰਦਾ ਸੀ ਕਿ ਮੈਂ ਉਸਨੂੰ ਅਜੇਹਾ ਝਟਕਾ ਦਿਤਾ ਜੋ ਓਹ ਬੇਹੋਸ਼ ਹੋਕੇ ਧਰਤੀ ਉਤੇ ਡਿਗ ਪਿਆ।

ਉਸੇ ਵੇਲੇ ਹੀ ਬਾਹਰੋਂ ਲਛਮਣ ਦਾਸ ਨੇ ਆਕੇ ਅਬਦੁਲੇ ਤੇ ਓਸਦੇ ਕਲ ਸਾਥੀਆਂ ਨੂੰ ਫੜਕੇ ਬੰਨ੍ਹ ਲਿਆ ਤੇ ਮੈਕੇਯਰ ਦੇ ਹੱਥ ਪੈਰ ਮੈਂ ਬੰਨ੍ਹਕੇ ਠੀਕ ਕਰ ਲਏ !

ਮੇਰੀਆਂ ਅੱਖਾਂ ਵਿਚ ਘੱਟਾ ਪਾਕੇ ਮੈਕੇਯਰ ਕਈ ਵਾਰੀ ਨਠ ਚੁਕਾ ਸੀ। ਪਰ ਹੁਣ ਓਹ ਨਾ ਭੱਜ ਸੱਕੇ ਇਸਦੇ ਲਈ ਮੈਂ ਬਹੁਤ ਪਬੰਧ ਕੀਤਾ। ਓਸ ਦੀਆਂ ਜੇਬਾਂ ਦੀ ਤਲਾਸ਼ੀ ਲੈਣ ਪਰ ਇਕ ਜ਼ੈਹਰ ਦੀ ਸ਼ੀਸ਼ੀ, ਇਕ ਚਿੱਠਾ ਤੇ ਇਕ ਹੋਰ ਪਿਸਤੌਲ ਹੱਥ ਲੱਗੀ।

ਜ਼ੰਜੀਰ ਨਾਲ ਬੰਨ੍ਹੇ ਸ਼ੇਰ ਵਾਂਗ ਮੈਕੇਯਰ ਗੱਜਕੇ ਬੋਲਿਆ ਮੈਂ ਜੋ ਸਚਿਆ ਸੀ ਛੇਕੜ ਉਹੋ ਹੋਯਾ।"

ਮੈਂ ਕਿਹਾ-"ਕਿਉਂ ਹੁਣ ਵੀ ਨੱਠੇਂਗਾ ?"

ਮੈਕੇਯਰ-"ਹੁਣ ਨੱਠਕੇ ਕੀ ਕਰਾਂਗਾ ? ਪਾਪ ਦਾ ਬਦਲਾ ਦੇਣਾ ਹੀ ਚਾਹੀਦਾ ਹੈ। ਮੇਰੇ ਦਿਲ ਵਿਚ ਜੋ ਭਾਰੀ ਸੰਤਾਪ ਭੁਖਦਾ ਰੈਂਹਦਾ ਹੈ ਓਹ ਕਿਸ ਤਰਾਂ ਠੰਡਾ ਹੋਵੇਗਾ ?"

ਮੈਂ ਕਿਹਾ-"ਆਪਣੇ ਪਾਪਾਂ ਲਈ ਪਰਮੇਸ਼ੁਰ ਤੋਂ ਮਾਫੀ ਮੰਗ।"

ਮੈਕੇਯਰ-"ਭਯਾਨਕ ਪਾਪਾਂ ਲਈ ਮਾਫੀ ਨਹੀਂ, ਇਸਦਾ ਹੁਣ ਬਦਲਾ ਹੀ ਦੇਣਾ ਪਵੇਗਾ।"

ਜੋ ਮਨੁੱਖ ਸਾਰੀ ਉਮਰ ਪਾਪਾਂ ਵਿਚ ਖਚਿਤ ਸੀ, ਪਾਪ ਕਰਨਾ ਹੀ ਜਿਸਦੇ ਜੀਵਨ ਦਾ ਲੱਖਣ ਸੀ, ਜੇਹੜਾ

ਪਾਪ ਕਰਮ ਵਿਚ ਹੀ ਅਪਾਰ ਸੁਖ ਵੇਖਦਾ ਸੀ, ਪਾਪ ਕਰਦਿਆਂ ੨ ਜਿਸਦਾ ਦਿਲ ਪੱਥਰ ਨਾਲੋਂ ਵੀ ਕਰੜਾ ਹੋ ਗਿਆ ਸੀ, ਜਿਸਦਾ ਦਿਲ ਹੇਲਨਾ ਵਰਗੀ ਸੁਰਗ ਦੀ ਦੇਵੀ ਨੂੰ ਮਾਰਨ ਵੇਲੇ ਜ਼ਰਾ ਵੀ ਚਲਾਇਮਾਨ ਨਹੀਂ ਹੋਯਾ ਸੀ, ਅੱਜ ਪਤਾ ਨਹੀਂ ਕਿਉਂ ਉਸ ਦੀਆਂ ਅੱਖਾਂ ਵਿਚੋਂ ਵੀ ਅੱਥਰੂ ਨਿਕਲ ਪਏ।

## ਕਾਂਡ ੧੫

## ਪਾਪ ਦਾ ਪਰਿਤਾਪ

( ਸਰਦਾਰ ਰਮਪਾਲ ਸਿੰਘ ਦਾ ਬਿਆਨ )

ਕਾਨਪੁਰ ਦੀ ਸੈਂਟ੍ਰਲ ਜੇਲ ਵਿਚ ਫ੍ਰਾਂਸ ਦਾ ਪ੍ਰਸਿੱਧ ਡਾਕੂ ਰਾਬਰਟ ਮੈਕੇਯਰ ਅੱਜ ਲੋਹੇ ਦੀਆਂ ਸੀਖਾਂ ਵਾਲੀ ਕੋਠੜੀ ਵਿਚ ਕੈਦ ਹੈ। ਅਬਦੁੱਲਾ ਤੇ ਉਸਦੇ ਹੋਰ ਸਾਥੀ ਵੀ ਉਸੇ ਜੇਲ ਦੀਆਂ ਹੋਰਨਾਂ ਕੋਠੜੀਆਂ ਵਿਚ ਕੈਦ ਹਨ। ਕਾਨਪੁਰ ਵਿਚ ਇਸ ਵਾਰਦਾਤ ਨੇ ਵੱਡੀ ਹਲਚਲ ਪਾ ਰੱਖੀ ਹੈ। ਇਸੇ ਦਿਨ ਲਾਰਡ ਕੈਨਿੰਗ ਦੀ ਹੇਠ ਲਿਖੀ ਤਾਰ ਆਈ:-

"ਤੁਹਾਨੂੰ ਹਜ਼ਾਰ ਵਾਰ ਧੰਨਵਾਦ! ਤੁਸਾਂ ਬ੍ਰਿਟਿਸ਼ ਰਾਜ ਦੀ ਬਹੁਤ ਰੱਖਯਾ ਕੀਤੀ ਹੈ। ਹਿੰਦੂ ਤੇ ਫ੍ਰਾਂਸੀਸੀਆਂ ਦੇ ਮਿਲ ਜਾਣ ਨਾਲ ਵੱਡਾ ਭਾਰੀ ਉਲਟ ਫੇਰ ਹੋ ਜਾਣ ਦਾ ਡਰ ਸੀ। ਤੁਹਾਡੀ ਚਤਰਾਈ ਨਾਲ ਉਸਦੀ ਜੜ੍ਹ ਨਾ ਜਮ ਸੱਕੀ। ਅੱਜ ਮੈਂ ਇਹ ਸਾਰੀ ਖਬਰ ਗਵਰਨਮੈਂਟ ਪਾਸ ਭੇਜ ਦਿਤੀ ਹੈ। ਤਾਂਤੀਆ ਟੋਪੀ ਉਤੇ ਵੀ ਜ਼ਰੂਰ ਨਜ਼ਰ ਰੱਖਣੀ। ਅਸੀਂ ਮੈਕੇਯਰ ਨਾਲੋਂ ਵਧਕੇ ਉਸ ਪਾਸੋਂ ਡਰਦੇ ਹਾਂ।"

'ਸਿਪਾਹੀ ਗਦਰ' ਕਾਨਪੁਰ ਵਿਚੋਂ ਬਿਲਕੁਲ ਸ਼ਾਂਦਾ ਰਿਹਾ। ਚਾਰੇ ਪਾਸੇ ਸ਼ਾਂਤੀ ਬਿਰਾਜ ਗਈ, ਮੇਰੇ ਪਾਸ ਰੋਜ਼ ਇਹ ਖਬਰ ਪਹੁੰਚਦੀ ਸੀ ਕਿ ਤਾਂਤੀਆ ਟੋਪੀ ਨੇ ਮੱਧ ਪਦੇਸ ਵਿਚ ਜਾਕੇ ਭਾਰੀ ਲੜਾਈ ਦਾ ਬੰਦੋਬਸਤ ਕੀਤਾ ਹੈ। ਪਰ ਮੈਂ ਰਾਬਰਟ ਮੈਕੇਯਰ ਦੇ ਛੇਕੜਲੇ ਦ੍ਰਿਸ਼ ਨੂੰ ਡਿੱਠੇ ਬਿਨਾਂ ਨਹੀਂ ਜਾ ਸਕਦਾ ਸਾਂ।

ਅੱਜ ਮੈਂ ਗਾਰਡਨ ਸਾਹਿਬ ਨੂੰ ਮਿਲਣ ਗਿਆ। ਓਹ ਪਾਗਲਖਾਨੇ ਭੇਜੇ ਗਏ ਸਨ ਪਰ ਹੁਣ ਘਰ ਮੁੜ ਆਏ ਹਨ। ਉਨਾਂ ਦਾ ਪਾਗਲਪੁਣਾ ਬਹੁਤ ਕੁਝ ਦੂਰ ਹੋ ਗਿਆ ਹੈ। ਮੈਨੂੰ ਆਯਾ ਵੇਖ ਉਨਾਂ ਪਿਆਰ ਨਾਲ ਮੈਨੂੰ ਬਿਠਾਯਾ।

ਮੈਂ ਪੁਛਿਆ—"ਆਪ ਕਿਸ ਤਰਾਂ ਹੋ ?"

ਗਾਰਡਨ—"ਚੰਗਾ ਹਾਂ, ਹੁਣ ਰੋਗ ਘਟ ਗਿਆ ਹੈ।"

ਮੈਂ—"ਤੁਸਾਂ ਮੈਕੇਯਰ ਦੇ ਫੜੇ ਜਾਣ ਦੀ ਖਬਰ ਸੁਣੀ ਹੈ।"

ਗਾਰਡਨ—"ਹਾਂ, ਰੋਜ਼ ਨੇ ਮੈਨੂੰ ਅੱਜ ਆਖਿਆ ਹੈ।"

ਇਹ ਆਖਦੇ ਹੀ ਗਾਰਡਨ ਦਾ ਮੂੰਹ ਉਦਾਸ ਜੇਹਾ ਹੋ ਗਿਆ। ਮੈਂ ਇਸਦਾ ਕਾਰਣ ਸਮਝ ਗਿਆ ਤੇ ਕਿਹਾ—"ਆਪਣੇ ਕੀਤੇ ਹੋਏ ਪਾਪਾਂ ਦੇ ਲਈ ਮੈਕੇਯਰ ਪਛਤਾ ਰਿਹਾ ਹੈ।"

ਗਾਰਡਨ—"ਉਸਦੇ ਦਿਲ ਵਿਚ ਪਛਤਾਵਾ ? ਅਚਰਜ ਹੈ।"

ਮੈਂ—ਹਾਂ ਸਚਮੁਚ ਹੀ ਉਸਦੇ ਦਿਲ ਵਿਚ ਹੁਣ ਪਛਤਾਵਾ ਹੈ।

ਗਾਰਡਨ—ਬੜੇ ਅਚਰਜ ਦੀ ਗੱਲ ਹੈ, ਵਾਹਿਗੁਰੂ

ਕਿਸ ਵੇਲੇ ਕੀ ਕਰ ਦੇਂਦਾ ਹੈ, ਇਹ ਕੌਣ ਜਾਣ ਸਕਦਾ ਹੈ ? ਕੀ ਇਕ ਵਾਰੀ ਮੈਂ ਓਸ ਨੂੰ ਮਿਲ ਸਕਦਾ ਹਾਂ ?"

ਮੈਂ-ਹਾਂ। ਅੱਜ ਹੀ ਮੈਂ ਤੁਹਾਨੂੰ ਉਸਦੇ ਪਾਸ ਲੈ ਜਾਵਾਂਗਾ।

ਇਹ ਆਖਕੇ ਮੈਂ ਉਥੋਂ ਉਠਿਆ ਤੇ ਹੇਠਾਂ ਰੋਜ਼ ਨੂੰ ਮਿਲਣ ਵਾਸਤੇ ਗਿਆ। ਓਸਨੇ ਕਿਹਾ-ਦੋਸ਼ੀ ਨੂੰ ਮਾਫ ਕਰਨਾ ਹੀ ਮਨੁੱਖਤਾ ਹੈ। ਕੀ ਆਪ ਕੋਸ਼ਿਸ਼ ਕਰਕੇ ਓਸਨੂੰ ਫਾਂਸੀ ਤੋਂ ਬਚਾਓਗੇ ?"

ਮੈਂ-"ਇਹ ਗੱਲ ਤਾਂ ਹਾਕਮਾਂ ਦੇ ਹੱਥ ਹੈ।"

ਰੋਜ਼-"ਮੈਂ ਜੱਜ ਹੈਮਿਲਟਨ ਨੂੰ ਜਾਣਦੀ ਹਾਂ। ਮੈਂ ਓਸਦੇ ਪੈਰ ਫੜਕੇ ਉਸਦੇ ਲਈ ਮਾਫੀ ਮੰਗਾਂਗੀ। ਕਿਸੇ ਟਾਪੂ ਵਿਚ ਭੇਜ ਦੇਣਾ ਹੀ ਓਸਦੇ ਲਈ ਠੀਕ ਹੈ। ਫੇਰ ਅੰਤ ਨੂੰ ਜੋ ਈਸ਼੍ਵਰ ਚਾਹੇਗਾ ਸੋ ਹੋਵੇਗਾ।"

ਮੈਂ ਕਿਹਾ-ਤੇਰੇ ਪਿਤਾ ਅੱਜ ਮੈਕੇਯਰ ਨੂੰ ਮਿਲਣਾ ਚਾਹੁੰਦੇ ਹਨ, ਮੈਂ ਦੁਪੈਹਰਾਂ ਪਿੱਛੋਂ ਉਨਾਂ ਨੂੰ ਲਿਜਾਣ ਲਈ ਕਿਹਾ ਹੈ। ਤੇਰੀ ਇਸ ਵਿਚ ਕੀ ਮਰਜ਼ੀ ਹੈ ?

ਰੋਜ਼-ਓਨਾਂ ਦਾ ਖਿਆਲ ਪੂਰਾ ਕਰਨਾ ਹੀ ਚੰਗਾ ਹੈ। ਡਾਕਟਰਾਂ ਦੀ ਇਹ ਰਾਇ ਹੈ ਜੋ ਖਿਆਲ ਜਿਸ ਵੇਲੇ ਹੋਵੇ ਪੂਰਾ ਕੀਤਾ ਜਾਵੇ।"

ਮੈਂ-ਪਰ ਮੈਨੂੰ ਡਰ ਹੈ ਕਿ ਮੈਕੇਯਰ ਨੂੰ ਵੇਖਕੇ ਓਨਾਂ ਨੂੰ ਪੈਹਲੀਆਂ ਗੱਲਾਂ ਨਾ ਯਾਦ ਆ ਜਾਣ ਤੇ ਫੇਰ ਉਨਾਂ ਦਾ ਰੋਗ ਵੱਧ ਨਾ ਜਾਵੇ।

ਰੋਜ਼-ਮੈਂ ਹੁਣੇ ਡਾਕਟਰ ਨੂੰ ਇਸਦੀ ਬਾਬਤ ਪੁੱਛਾਂਗੀ। ਉਸਦੀ ਜੋ ਸਲਾਹ ਹੋਵੇਗੀ ਆਪ ਨੂੰ ਆਖ ਭੇਜਾਂਗੀ।

ਮੈਂ ਕਿਹਾ—ਮੈਂ ਵੀ ਰੇਜ਼ੀਡੈਂਟ ਦੇ ਡਾਕਟਰ ਪਾਸੋਂ ਪੁਛਾਂਗਾ । "ਸਰਸਨ ਸਟੀਵਨ ਕਿਥੇ ਹੈ ? ਓਹ ਨਹੀਂ ਵੇਖੇ ?"

ਰੋਬ—ਓਹ ਜਾਰਜ ਹੈਮਿਲਟਨ ਨੂੰ ਮਿਲਣ ਗਏ ਹਨ । ਛੇਤੀ ਹੀ ਮੁੜਨਗੇ ।

.... .... .... ....

ਕਰੀਬ ੨ ਵਜੇ ਜਾ ਕੇ ਮੈਂ ਰੈਜ਼ੀਡੈਂਟ ਦੇ ਡਾਕਟਰ ਜੋ ਸੇਠ ਫੌਲਟ ਨੂੰ ਮਿਲਿਆ ਤੇ ਉਨਾਂ ਪਾਸੋਂ ਗਾਰਡਨ ਦੀ ਬਾਬਤ ਪੁਛਿਆ । ਉਨਾਂ ਨੇ ਕਿਹਾ—ਦੋਹਾਂ ਪਾਸਿਆਂ ਤੋਂ ਹੀ ਖਤਰਾ ਹੈ । ਜੇਕਰ ਮੁਲਾਕਾਤ ਨ ਕਰਾਈ ਜਾਵੇ ਤਦ ਵੀ ਰੋਗ ਵਧ ਸਕਦਾ ਹੈ । ਮਿਲਣ ਪਰ ਪਹਲੀਆਂ ਗੱਲਾਂ ਯਾਦ ਆ ਜਾਣ ਤਾਂ ਵੀ ਨੁਕਸਾਨ ਹੋਣ ਦਾ ਡਰ ਹੈ।"

ਪਰ ਬਹੁਤ ਸੋਚਣ ਪਿੱਛੋਂ ਗਾਰਡਨ ਨੂੰ ਮੈਕੇਯਰ ਦੀ ਮੁਲਾਕਾਤ ਕਰਾ ਦੇਣੀ ਹੀ ਮੈਂ ਠੀਕ ਸਮਝੀ । ਚਾਰ ਵਜੇ ਮੈਂ ਘਰ ਮੁੜ ਗਿਆ । ਰੋਬ ਦੀ ਇਕ ਚਿੱਠੀ ਮਿਲੀ । ਜਿਸ ਵਿਚ ਉਸਦੇ ਡਾਕਟਰ ਨੇ ਗਾਰਡਨ ਨੂੰ ਮੈਕੇਯਰ ਪਾਸ ਲੈ ਜਾਣਾ ਹੀ ਕਿਹਾ ਸੀ । ਮੈਂ ਗੱਡੀ ਵਿਚ ਬੈਠਕੇ ਗਾਰਡਨ ਦੇ ਮਕਾਨ ਉੱਤੇ ਗਿਆ । ਉੱਥੇ ਸਾਰੇ ਜਣੇ ਮੌਜੂਦ ਸਨ । ਗਾਰਡਨ, ਸਟੀਵਨ, ਰੋਬ ਤੇ ਮੈਂ ਅਸੀਂ ਚਾਰੇ ਗੱਡੀ ਵਿਚ ਬੈਠਕੇ ਸੈਂਟ੍ਰਲ ਜੇਲ ਵਿਚ ਰਾਬਰਟ ਮੈਕੇਯਰ ਨੂੰ ਮਿਲਣ ਲਈ ਗਏ । ਜੇਲ ਦੇ ਬੂਹੇ ਤੇ ਅਸਾਂ ਪਹੁੰਚਕੇ ਪੈਹਲੇ ਸੁਪ੍ਰਿੰਟੈਂਡੈਂਟ ਪਾਸੋਂ ਹੁਕਮ ਲਿਆ ਤੇ ਫੇਰ ਅੰਦਰ ਗਏ । ਅੰਦਰ ਜਾਣ ਪਰ ਸਾਨੂੰ ਮਲੂਮ ਹੋਯਾ ਜਾਣੋਂ ਕਿਸੇ ਹੋਰ ਸੰਸਾਰ ਵਿਚ ਅਸੀ ਆਏ ਹਾਂ । ਸੈਂਕੜੇ ਹੀ ਅਪਰਾਧੀ ਅਪਣੇ ਪਾਪ ਫਲ ਭੋਗ ਰਹੇ ਸਨ । ਜੋ ਕੋਈ

ਜ਼ਰਾ ਵੀ ਆਰਾਮ ਕਰਨ ਲਈ ਯਾ ਥਕ ਕੇ ਠੇਹਰ ਜਾਂਦਾ ਸੀ ਉਸਨੂੰ ਕੋਰੜੇ ਪੈਂਦੇ ਸਨ। ਗਾਰਡਨ ਨੇ ਇਹ ਵੇਖਕੇ ਨਰਮਾਈ ਨਾਲ ਕਿਹਾ–ਸਰਦਾਰ ਰਾਮਪਾਲ ਸਿੰਘ! ਕੀ ਮੈਕੇਯਰ ਵੀ ਇਸ ਤਰਾਂ ਬੈਂਤ ਖਾਂਦਾ ਹੈ?

ਮੈਂ–ਨਹੀਂ! ਉਸਦਾ ਅਜ ਫੈਸਲਾ ਨਹੀਂ ਹੋਯਾ। ਜਦ ਤਕ ਉਸਦਾ ਫੈਸਲਾ ਨਾ ਹੋ ਜਾਵੇ ਸਜ਼ਾ ਨਹੀਂ ਹੋ ਸਕਦੀ।

ਫਿਰ ਅਸੀਂ ਉਸ ਕਮਰੇ ਵਲ ਗਏ ਜਿਸ ਵਿਚ ਮੈਕੇਯਰ ਕੈਦ ਸੀ। ਓਹ ਕਮਰਾ ਜੇਲ ਦੇ ਵਖਰੇ ਪਾਸੇ ਸੀ। ਓਥੇ ਸੌਖਾ ਕੋਈ ਨਹੀਂ ਜਾਂਦਾ ਸੀ।

ਅਸੀਂ ਉਸ ਕੋਠੜੀ ਦੇ ਸਾਮਣੇ ਖੜੇ ਹੋਕੇ ਅੰਦਰ ਦਾ ਅਪੂਰਬ ਦ੍ਰਿਸ਼ਯ ਵੇਖਣ ਲਗੇ। ਜੋ ਸਖਤ ਦਿਲ ਧਰਮ ਦਾ ਕਦੇ ਸੁਆਦ ਨਾ ਲੈਕੇ ਹਮੇਸ਼ਾਂ ਪਾਪ ਵਿਚ ਹੀ ਮਸਤ ਰੈਂਹਦਾ ਸੀ, ਅਜ ਇਕਵਾਰਗੀ ਬਦਲਿਆ ਹੋਯਾ ਹੈ। ਅਜ ਰਾਖਸ਼ ਮੈਕੇਯਰ ਤਨੋਂ ਮਨੋਂ ਸਰਵ ਵਿਆਪੀ ਈਸ਼੍ਵਰ ਦੀ ਅਰਾਧਨਾ ਬੈਠਾ ਕਰਦਾ ਹੈ।

ਕਰੀਬ ਅਧ ਘੰਟਾ ਅਸੀ ਓਥੇ ਚੁਪਚਾਪ ਖੜੇ ਰਹੇ। ਪਰ ਮੈਕੇਯਰ ਨੇ ਅੱਖਾਂ ਨਾ ਖੋਲੀਆਂ। ਪਾਪੀ ਦੇ ਲਈ ਧਰਮ ਦਾ ਪੈਹਲਾ ਦ੍ਰਿਸ਼ਯ ਬਹੁਤ ਹੀ ਮੋਹਕ ਹੈ। ਮੈਕੇਯਰ ਦੀ ਆਤਮਾ ਉਸ ਅਨੂਪਮ ਦ੍ਰਿਸ਼ਯ ਨੂੰ ਵੇਖ ਰਹੀ ਸੀ। ਉਸਨੂੰ ਉਸ ਸੁਰਗੀ ਸਮਾਧੀ ਤੋਂ ਹਟਾਣ ਦੀ ਤਾਕਤ ਕਿਸੇ ਨੂੰ ਨਾ ਹੋਈ।

# ਕਾਂਡ ੧੬

## ਪਾਪ ਦਾ ਪ੍ਰਾਸਚਿਤ

### (ਸਰਦਾਰ ਰਾਮਪਾਲ ਸਿੰਘ ਦਾ ਬਿਆਨ)

ਬਹੁਤ ਦੇਰ ਪਿਛੋਂ ਮੈਕੇਯਰ ਨੇ ਅੱਖਾਂ ਖੋਲੀਆਂ ਅਤੇ ਉਸਨੇ ਮੁੜਕੇ ਸਾਨੂੰ ਵੇਖਿਆ। ਉਸਦੇ ਦੋਵੇਂ ਪੈਰ ਲੋਹੇ ਦੀਆਂ ਬੇੜੀਆਂ ਨਾਲ ਜਕੜ ਹੋਏ ਸਨ। ਓਹ ਵੱਡੇ ਔਖ ਨਾਲ ਉਠਿਆ ਤੇ ਬਹੁਤ ਦੇਰ ਤਕ ਸਾਡੇ ਵਲ ਦੁਖ ਭਰੀ ਨਜ਼ਰ ਨਾਲ ਵੇਖਦਾ ਰਿਹਾ।

ਮੈਂ ਕਿਹਾ—ਮੈਕੇਯਰ! ਗਾਰਡਨ, ਰੋਜ਼ ਤੇ ਸਟੀਫਨ ਤੈਨੂੰ ਮਿਲਣ ਆਏ ਹਨ।

ਮੇਰੀ ਗਲ ਸੁਣਕੇ ਉਸਨੇ ਹੱਥ ਜੋੜਕੇ ਕਿਹਾ—ਤੁਸੀ ਦੇਵਤੇ ਹੋ। ਤੁਸੀਂ ਜੇਕਰ ਮਾਫ ਨਾ ਕਰੋ ਤਾਂ ਇਸ ਪਾਪੀ ਦ ਰੋਣਾ ਈਸ਼੍ਵਰ ਦੇ ਦਰਬਾਰ ਤਕ ਨਹੀਂ ਪਹੁੰਚੇਗਾ।"

ਗਾਰਡਨ ਨੇ ਕਿਹ—ਮੈਕੇਯਰ, ਮੈਂ ਤੇਰੀ ਆਤਮਾ ਦੇ ਬਦਲਣ ਲਈ ਈਸ਼੍ਵਰ ਅੱਗੇ ਕਈ ਵਾਰੀ ਪ੍ਰਾਰਥਨਾ ਕੀਤੀ ਹੈ। ਅਜ ਤੈਨੂੰ ਧਰਮ ਵਿਚ ਲਗ ਵੇਖਕੇ ਸਾਡੀ ਖੁਸ਼ੀ ਦੀ ਕੋਈ ਹੱਦ ਨਹੀਂ ਰਹੀ। ਤੂੰ ਨਿਸਚੇ ਮੇਰੇ ਦਿਲਾਂ ਨੇ ਤੈਨੂੰ ਮਾਫ਼ ਕਰ ਦਿੱਤਾ ਹੈ।

ਫੇਰ ਮੈਕੇਯਰ ਨੇ ਸਟੀਫਨ ਤੇ ਰੋਜ਼ ਵਲ ਮੁੜਕੇ ਵੇਖਿਆ ਤੇ ਕਿਹਾ—"ਮੇਰੀ ਪਿਆਰੀ ਰੋਜ਼ ਤੇ ਸਟੀਫਨ! ਤੁਹਾਡੇ ਉੱਤੇ ਮੈਂ ਬਹੁਤ ਜ਼ੁਲਮ ਕੀਤਾ ਹੈ। ਪਰ ਉਸਨੂੰ ਭੁਲਾਕੇ ਅਜ ਤੁਸੀਂ ਵੀ ਮੈਨੂੰ ਮਾਫ ਕਰੋ।"

ਰੋਜ਼ ਤੇ ਸਟੀਫਨ ਨੇ ਕਿਹਾ—"ਅਸੀਂ ਤੈਨੂੰ ਮਾਫ਼ ਕੀਤਾ। ਨਾਲ ਹੀ ਵਾਹਿਗੁਰੂ ਅਗੇ ਬੇਨਤੀ ਕਰਦੇ ਹਾਂ ਕਿ

ਓਹ ਤੇਰਾ ਭਲਾ ਕਰੇ।"

ਗਾਰਡਨ ਵਲ ਵੇਖਕੇ ਮੈਕੇਯਰ ਨੇ ਫੇਰ ਕਿਹਾ- "ਮੈਂ ਤੁਹਾਡਾ ਬਹੁਤ ਨੁਕਸਾਨ ਕੀਤਾ ਹੈ। ਪਰ ਤੁਸੀ ਧਰਮੀ ਤੇ ਦੇਵਤਾ ਮਨੁੱਖ ਹੋ ਤੁਸੀਂ ਕਦੇ ਬੁਰਾ ਬਦਲਾ ਨਹੀਂ ਲਓਗੇ। ਜੀਵਨ ਦੇ ਇਸ ਅੰਤਲੇ ਸਮੇਂ ਵਿਚ ਮੈਂ ਤੁਹਾਡੇ ਪਾਸ ਦੋ ਬੇਨਤੀਆਂ ਕਰਦਾ ਹਾਂ। ਪੈਹਲੀ ਇਹ ਕਿ ਮੈਨੂੰ ਤੁਸਾਂ ਜੋ ਚਿਕ ੩੦ ਹਜ਼ਾਰ ਦਾ ਬੈਂਕ ਤੋਂ ਤੁੜਾਨ ਲਈ ਦਿਤਾ ਸੀ ਓਹ ਰਾਮਪਾਲ ਸਿੰਘ ਦੇ ਬਹੁਤ ਕੋਸ਼ਿਸ਼ ਕਰਨ ਪਰ ਵੀ ਮੈਂ ਤੁੜਾ ਲਿਆਂਦਾ ਸੀ। ਪਰ ਓਸ ਵਿਚੋਂ ਮੈਂ ਇਕ ਪੈਸਾ ਵੀ ਖਰਚ ਨਹੀਂ ਕੀਤਾ। ਓਹ ਸਾਰੇ ਰੁਪਯੇ ਤੇ ਨੋਟ ਜਿਸ ਕਮਰੇ ਵਿਚ ਰੋਜ਼ ਕੈਦ ਕੀਤੀ ਗਈ ਸੀ ਉਸਦੇ ਪੱਛਮੀ ਕੋਣੇ ਵਾਲੀ ਲੋਹੇ ਦੀ ਅਲਮਾਰੀ ਵਿਚ ਰਖੇ ਹੋਏ ਹਨ ਓਹ ਮੈਂ ਤੁਹਾਨੂੰ ਵਾਪਸ ਦਿਤੇ। ਤੁਸੀਂ ਓਹ ਰੁਪਯੇ ਨਹੀਂ ਲਓਗੇ ਤਾਂ ਮੇਰੀ ਆਤਮਾ ਨੂੰ ਕਦੇ ਸ਼ਾਂਤੀ ਨਹੀਂ ਮਿਲੇਗੀ। ਦੂਜੀ ਗੱਲ ਇਹ ਕਿ ਉਸੇ ਅਲਮਾਰੀ ਵਿਚ ੫੦ ਹਜ਼ਾਰ ਰੁਪਯੇ ਦੇ ਨੋਟ ਹੋਰ ਵੀ ਪਏ ਹਨ ਉਨਾਂ ਨਾਲ ਤੁਸੀਂ ਕਾਨਪੁਰ ਸ਼ੈਹਰ ਵਿਚ ਇਕ ਗਿਰਜਾ ਬਣਵਾ ਦੇਣਾ ਜਿਸ ਵਿਚ ਬੈਠਕੇ ਲੋਕ ਵਾਹਿਗੁਰੂ ਦਾ ਜਾਪ ਕਰਨ। ਓਸ ਮੰਦਰ ਦੇ ਦਰਵਾਜ਼ੇ ਉਤੇ ਮੋਟੇ ੨ ਅੱਖਰਾਂ ਵਿਚ ਇਹ ਲਿਖਵਾ ਦੇਣਾ-

"ਪਾਪੀ ਰਾਬਰਟ ਮੈਕੇਯਰ ਨੇ ਅਪਣੇ ਕੀਤੇ ਭਯਾਨਕ ਪਾਪਾਂ ਦੇ ਪ੍ਰਾਸਚਿਤ ਵਿਚ ਇਹ ਧਰਮ ਮੰਦਰ ਬਣਵਾਯਾ ਹੈ ਤੇ ਇਹ ਓਸਦੇ

ਅਪਣੇ ਪਦਾਰਥ ਨਾਲ ਬਣਿਆ ਹੈ। ਇਸ ਵਿਚ ਦੂਜੇ ਤੋਂ ਖੋਹੀ ਹੋਈ ਇਕ ਕੌਡੀ ਵੀ ਨਹੀਂ ਲੱਗੀ।"

ਗਾਰਡਨ ਨੇ ਕਿਹਾ–ਤੇਰੀ ਅੰਤਲੀ ਬੇਨਤੀ ਮੈਂ ਖੁਸ਼ੀ ਨਾਲ ਮੰਨਾਂਗਾ ਪਰ ਪਹਿਲੀ ਨਹੀਂ ਮੰਨ ਸਕਦਾ। ਜਿਹੜੇ ੩੦ ਹਜ਼ਾਰ ਰੁਪੱਯਾ ਮੈਂ ਤੈਨੂੰ ਦਾਨ ਕੀਤੇ ਸੀ ਉਨਾਂ ਨੂੰ ਮੈਂ ਵਾਪਸ ਨਹੀਂ ਲੈ ਸਕਦਾ।

ਮੈਕੇਯਰ ਨੇ ਅੱਖਾਂ ਵਿਚ ਅੱਥਰੂ ਲਿਆਕੇ ਕਿਹਾ–"ਪਾਪੀ ਦੀ ਅੰਤਲੀ ਬੇਨਤੀ ਤੇ ਕਿਹਾ ਤੁਸਾਂ ਨਹੀਂ ਮੰਨਿਆ।"

ਗਾਰਡਨ ਚੁਪ ਖੜ੍ਹਾ ਰਿਹਾ।

ਮੈਕੇਯਰ ਨੇ ਫੇਰ ਕਿਹਾ–"ਗਾਰਡਨ, ਉਹ ਪਦਾਰਥ ਮੇਰਾ ਨਹੀਂ। ਓਹ ਧੋਖਾ ਦੇਕੇ ਇਕ ਵੇਲੇ ਮੈਂ ਤੈਥੋਂ ਲਿਆ ਸੀ। ਇਸ ਲਈ ਓਸਦੇ ਉਤੇ ਮੇਰਾ ਕੋਈ ਹੱਕ ਨਹੀਂ, ਜੇਕਰ ਤੁਸੀਂ ਓਹ ਵਾਪਸ ਨਹੀਂ ਲਓਗੇ ਤਾਂ ਮੇਰੀ ਅਸ਼ਾਂਤ ਆਤਮਾ ਨੂੰ ਕਦੇ ਸ਼ਾਂਤੀ ਨਹੀਂ ਆਵੇਗੀ। ਇਸਦੇ ਸੰਤਾਪ ਨਾਲ ਮੇਰਾ ਹਿਰਦਾ ਹਮੇਸ਼ਾ ਸੜਦਾ ਰਹੇਗਾ।

ਮੈਕਿਯਰ ਦੀਆਂ ਗੱਲਾਂ ਸੁਣਕੇ ਹੈਬ ਨੇ ਅਪਣੇ ਪਿਤਾ ਨੂੰ ਕਿਹਾ–"ਤੁਸੀਂ ਰੁਪਯੇ ਵਾਪਸ ਲੈ ਲਵੋ ਇਸਦੀ ਅੰਤਲੀ ਬੇਨਤੀ ਮੰਨ ਲੈਣੀ ਸਾਡਾ ਫਰਜ਼ ਹੈ। ਆਪਣਾ ਦਿਤਾ ਹੋਯਾ ਧਨ ਅਸੀਂ ਨਿਜ ਦੇ ਕੰਮਾਂ ਵਿਚ ਨਾ ਖਰਚਕੇ ਕਿਸੇ ਚੰਗੇ ਕੰਮ ਵਿਚ ਖਰਚ ਸਕਦੇ ਹਾਂ।

ਹੈਬ ਦੀ ਗੱਲ ਸੁਣਕੇ ਗਾਰਡਨ ਕੁਝ ਦੇਰ ਤਕ ਚੁਪ ਰਿਹਾ। ਫੇਰ ਓਸਨੇ ਮੈਕੇਯਰ ਨੂੰ ਕਿਹਾ–"ਚੰਗਾ ਤੇਰੀ

ਪੈਹਲੀ ਬੇਨਤੀ ਵੀ ਮੈਂ ਮੰਨਦਾ ਹਾਂ । ਵਾਹਿਗੁਰੂ ਅੱਗੇ ਪ੍ਰਾਰਥਨਾ ਹੈ ਕਿ ਓਹ ਤੇਰੀ ਦੁਖੀ ਆਤਮਾਂ ਨੂੰ ਛੇਤੀ ਸ਼ਾਂਤੀ ਦੇਵੇ ।"

ਇਸਦੇ ਪਿੱਛੋਂ ਜਾਰਜ਼ਨ, ਸਟੀਫਨ ਤੇ ਰੋਜ਼ ਸਾਰੇ ਜਣੇ ਗੋਡੇ ਟੇਕਕੇ ਅਪਣੇ ਜਾਨੀ ਦੁਸ਼ਮਨ ਮੈਕੇਯਰ ਦੀ ਆਤਮਾ ਦੇ ਉੱਧਾਰ ਲਈ ਵਾਹਿਗੁਰੂ ਪਾਸ ਬੇਨਤੀ ਕਰਨ ਲੱਗ । ਡਾਕੂ ਮੈਕੇਯਰ ਭੀ ਬੰਦਗੀ ਕਰਦਾ ਰਿਹਾ ।

ਇਸ ਵੇਲੇ ਇਸ ਅਸਾਰ ਤੇ ਪਾਪੀ ਸੰਸਾਰ ਵਿਚ ਜੋ ਸੁਰਗੀ ਤੇ ਮਨਮੋਹਨ ਦ੍ਰਿਸ਼ਜ ਮੈਨੂੰ ਨਜ਼ਰ ਆਯਾ ਓਸਨੂੰ ਮੈਂ ਜੀਵਨ ਦੇ ਅੰਤਲੇ ਸਮੇਂ ਤਕ ਵੀ ਨਹੀਂ ਭੁਲ ਸਕਦਾ । ਫੇਰ ਅਸੀਂ ਸਾਰੇ ਓਥੋਂ ਵਿਦਾ ਹੋਏ ।

# ਕਾਂਡ ੧੭

## ਬੀਤ ਚੁਕੇ ਦੀ ਯਾਦ

( ਸਰਦਾਰ ਰਾਮਪਾਲ ਸਿੰਘ ਦਾ ਬਿਆਨ )

ਸ਼ਾਮ ਪੈ ਗਈ ਹੈ । ਸਾਫ ਨੀਲੇ ਅਕਾਸ਼ ਵਿਚ ਸੁੰਦਰ ਚੰਦ੍ਰਮਾ ਅਪਣੀ ਅਦਭੁਤ ਤੇ ਚਿੱਟੀ ਚਾਂਦਨੀ ਨਾਲ ਸੰਸਾਰ ਨੂੰ ਉਜਲਾ ਕਰ ਰਿਹਾ ਹੈ । ਉਸਦੇ ਸਾਥੀ ਤਾਰੇ ਵੀ ਮੋਤੀਆਂ ਵਾਂਗ ਏਧਰ ਓਧਰ ਖਿਲਰੇ ਹੋਏ ਇਕ ਅਪੂਰਵ ਸੋਭਾ ਦੇ ਰਹੇ ਹਨ । ਪਰ ਮੈਂ ਓਸ ਕੁਦਰਤੀ ਦ੍ਰਿਸ਼ਜ ਨੂੰ ਬਹੁਤ ਦੇਰ ਤਕ ਨਾ ਵੇਖ ਸਕਿਆ, ਅਤੇ ਹੌਲੀ ੨ ਅਪਣੇ ਘਰ ਨੂੰ ਕੰਮ ਦੇ ਕਾਰਣ ਚੱਲ ਪਿਆ ।

ਰਾਹ ਵਿਚ ਸਾਰੇ ਦਿਨ ਦੀਆਂ ਗੱਲਾਂ ਮੈਨੂੰ ਇਕ ੨ ਕਰਕੇ ਯਾਦ ਆਉਣ ਲੱਗੀਆਂ । ਡਾਕੂ ਮੈਕੇਯਰ ਦੇ ਪਾਪੀ ਦਿਲ ਦੇ ਇਕ ਵਾਰਗੀ ਬਦਲ ਜਾਣ ਦਾ ਦ੍ਰਿਸ਼ਜ ਮੇਰੇ

ਸਾਮਣੇ ਇਕ ਅਨੋਖਾ ਤੇ ਅਚਰਜ ਕਰਨ ਵਾਲਾ ਸੀ। ਜਿਸਦਾ ਸਾਰਾ ਜੀਵਨ ਪਾਪਾਂ ਵਿਚ ਖਚਿਤ ਰਿਹਾ, ਅੱਜ ਓਸਦੇ ਦਿਲ ਨੂੰ ਕਿਸਨੇ ਇਸ ਤਰਾਂ ਫੇਰ ਦਿਤਾ। ਇਹ ਸਾਰੀ ਵਾਹਿਗੁਰੂ ਦੀ ਅਪਾਰ ਕ੍ਰਿਪਾ ਤੇ ਅਪਣੇ ਪੂਰਬਲੇ ਚੰਗੇ ਕਰਮਾਂ ਦਾ ਫਲ ਹੈ। ਮੈਂ ਇਹ ਸੋਚਦਾ ਵਿਚਾਰਦਾ ਅਪਣੇ ਘਰ ਮੁੜਿਆ। ਜਿਸ ਵੇਲੇ ਪਹਿਰ ਰਾਤ ਬੀਤ ਚੁਕੀ ਸੀ। ਮੈਂ ਗੱਡੀਓਂ ਉਤਰਕੇ ਘਰ ਵਿਚ ਵੜਿਆ ਹੀ ਚਾਹੁੰਦਾ ਸਾਂ ਕਿ ਦਰਵਾਜ਼ੇ ਉਤੇ ਇਕ ਚਿਟਾ ੨ ਚੀਜ਼ ਨਜ਼ਰ ਆਈ। ਮੈਂ ਅਚਰਜ ਹੋਕੇ ਓਸਨੂੰ ਚੁਕ ਲਿਆ ਤੇ ਅੰਦਰ ਗਿਆ।

ਇਹ ਚਿੱਟੀ ਚੀਜ਼ ਇਕ ਚਿੱਠੀ ਸੀ ਅਤੇ ਮੇਰੇ ਨਾਮ ਦੀ ਸੀ। ਲੈਂਪ ਦੇ ਕੋਲ ਜਾਕੇ ਮੈਂ ਓਹ ਖੋਲਕੇ ਪੜ੍ਹੀ, ਓਸ ਵਿਚ ਇਹ ਸੀ:-

"ਪਿਆਰੇ ਰਾਮਪਾਲ ਸਿੰਘ, ਕਿਸੇ ਜ਼ਰੂਰੀ ਕੰਮ ਲਈ ਹੀ ਮੈਂ ਦਿਲੀਓਂ ਇਥੇ ਆਯਾ ਹਾਂ। ਤੁਹਾਡੇ ਨਾਲ ਖਾਸ ਮਤਲਬ ਹੈ ਰਾਤ ਦੇ ੧੨ ਵਜੇ ਤੋਂ ਪਿਛੋਂ ਨਾਨਾ ਸਾਹਬ ਦੇ ਟੁੱਟੇ ਮਹਿਲ ਦੇ ਪਾਸ ਮੈਨੂੰ ਮਿਲਣਾ।

ਤੁਹਾਡਾ ਸ਼ੁਭ ਚਿੰਤਕ-ਸਾਧੂ"

ਸਾਧੂ ਕੌਣ ਹੈ ? ਤਾਂਤੀਆ ਟੋਪੀ ਦਿੱਲੀ ਗਿਆ ਸੀ, ਕੀ ਅੱਜ ਉਹੋ ਮੈਨੂੰ ਮਿਲਣ ਆਯਾ ਹੈ ਯਾ ਕਿਸੇ ਵੈਰੀ ਦੀ ਇਹ ਨਵਾਂ ਸਾਜ਼ਸ਼ ਹੈ ?

ਰਾਤ ਦੇ ੧੨ ਵਜ ਗਏ ਪਰ ਮੈਂ ਕੁਝ ਨਿਸਚੇ ਨਾ ਕਰ ਸਕਿਆ। ਛੇਕੜ ਮੈਂ ਸਲਾਹ ਲੈਣ ਲਈ ਲਛਮਣ ਦਾਸ ਨੂੰ ਸਦਿਆ। ਉਸਨੇ ਵੀ ਕਿਹਾ-"ਇਹ ਵੈਰੀਆਂ ਦੀ ਨਵੀਂ ਕਾਰਸਤਾਨੀ ਹੈ। ਇਹ ਸਾਧੂ ਤਾਂਤੀਆ ਨਹੀਂ।

ਥਲਕਾ ਮਿਟ ਗਿਆ ਹੈ ਭਲਾ ਹੁਣ ਓਹ ਇੱਥੇ ਆਕੇ ਕੀ ਕਰੇਗਾ ?"

ਭਾਵੇਂ ਲਛਮਣ ਦਾਸ ਦੀ ਗੱਲ ਕੁਝ ਠੀਕ ਸੀ ਪਰ ਮੈਂ ਤਾਂ ਹਮੇਸ਼ਾ ਹੀ ਬਿਪਦਾ ਦੀ ਝੋਲੀ ਵਿਚ ਪਲਦਾ ਰਿਹਾ ਹਾਂ। ਮੈਂ ਜਾਨ ਦੀ ਮਮਤਾ ਛੱਡਕੇ ਕਿੰਨੀ ਵਾਰੀ ਹੀ ਵਿਪਦਾ ਦੇ ਸਮੁੰਦ੍ਰ ਵਿਚ ਕੁੱਦ ਚੁਕਾ ਹਾਂ। ਫੇਰ ਅੱਜ ਇਸ ਮਮੂਲੀ ਗੱਲ ਪਿਛੇ ਕਿਉਂ ਡਰਾਂ ? ਜੇਕਰ ਚਿੱਠੀ ਭੇਜਣ ਵਾਲਾ ਸਾਧੂ ਤਾਂਤ੍ਰੀਆ ਨਾ ਭੀ ਹੋਵੇ ਪਰ ਵੇਖਣਾ ਤਾਂ ਚਾਹੀਦਾ ਹੈ।

ਇਹ ਸੋਚਕੇ ਮੈਂ ਠੇਹਰ ਨਾ ਸਕਿਆ ਅਰ ਜਾਣਾ ਹੀ ਠੀਕ ਸਮਝਿਆ। ਕਿਉਂਕਿ ਸਾਮਣੇ ਆਈ ਵਿਪਦਾ ਨੂੰ ਜੱਫੀ ਪਾਣੀ ਮੇਰਾ ਸ਼ੁਰੂ ਦਾ ਸੁਭਾਵ ਤੇ ਰੋਜ਼ ਦਾ ਕੰਮ ਹੈ। ਇਸ ਲਈ ਮੈਂ ਲਛਮਣ ਦਾਸ ਨੂੰ ਨਾਲ ਲੈ ਤੇ ਜ਼ਰੂਰੀ ਹਥਿਆਰ ਅਪਣੇ ਪਾਸ ਰੱਖ ਨਾਨੇ ਦੇ ਟੁੱਟੇ ਮੈਹਲ ਵੱਲ ਚੱਲ ਪਿਆ। ਜਿਸ ਵੇਲੇ ਅਸੀਂ ਓਸ ਟੁੱਟੇ ਮੇਹਲ ਦੇ ਪਾਸ ਪਹੁੰਚੇ ਓਸ ਵੇਲੇ ੧ ਵਜਿਆ ਸੀ। ਮੈਂ ਲਛਮਣ ਦਾਸ ਨੂੰ ਦੂਰ ਰੱਖ ਅਕੱਲਾ ਓਸ ਮੇਹਲ ਦੇ ਪਾਸ ਗਿਆ॥

ਜੇਹੜਾ ਰਾਜ ਮੇਹਲ ਅਪਣੀ ਉਚੀ ਚੋਟੀ ਨਾਲ ਵੇਖਣ ਵਾਲਿਆਂ ਦੇ ਚਿਤ ਵਿਚ ਡਰ ਤੇ ਅਚਰਜ ਪੈਦਾ ਕਰਦਾ ਸੀ, ਜਿਸਦੀ ਅਮੋਲਕ ਕਾਰੀਗਰੀ ਤੇ ਦੁਰਲੱਭ ਪਦਾਰਥ ਭਾਰਤ ਵਾਸੀਆਂ ਨੂੰ ਹੈਰਾਨ ਕਰਦੇ ਸਨ, ਅੱਜ ਓਹ ਰਾਜ ਮੇਹਲ ਮਿੱਟੀ ਦਾ ਢੇਰ ਬਣਕੇ ਦਿਸ ਰਿਹਾ ਹੈ। ਆਹ ! ਕਾਲ ਦੀ ਕੇਹੀ ਅਨੋਖੀ ਤੇ ਵਿਕਰਾਲ ਚਾਲ ਹੈ।

ਮੈਂ ਓਸ ਮੇਹਲ ਦੇ ਚੁਫੇਰੇ ਚੱਕਰ ਲਾ ਆਯਾ ਪਰ ਕਿਧਰੇ ਕੋਈ ਨਜ਼ਰ ਨਾ ਆਯਾ। ਗਿੱਦੜ ਆਦਿ ਜੰਗਲੀ ਪਸ਼ੂ ਮਨੁੱਖ ਦੇ ਪੈਰਾਂ ਦੀ ਆਹਟ ਪਾਕੇ ਰਾਤ ਦੀ ਚੁਪ ਨੂੰ

ਚੌਕੰਨੇ ਹੋਏ ਠੀਕ ਉਠੇ ਅਤੇ ਇਧਰ ਉਧਰ ਦੌੜਨ ਲੱਗ ਪਏ। ਰਾਤ ਦਾ ਤੀਜਾ ਪੇਹਰ ਬੀਤ ਚਲਿਆ ਪਰ ਕੋਈ ਸਾਧੂ ਓਥੇ ਨਜ਼ਰ ਨਾ ਆਯਾ। ਮੈਂ ਆਪਣੇ ਦਿਲ ਵਿਚ ਨਿਸ਼ਚੇ ਧਾਰ ਲਿਆ ਕਿ ਇਹ ਜ਼ਰੂਰ ਦੁਸ਼ਮਣਾਂ ਦੀ ਚਾਲ ਬਾਜ਼ੀ ਹੈ, 'ਸਾਧੂ' ਦਾ ਨਾਮ ਸਿਰਫ ਜਾਲ ਕਰਨ ਲਈ ਲਿਖਾਯਾ ਗਿਆ ਹੈ। ਮੈਂ ਫੇਰ ਇਕ ਵਾਰੀ ਉਸ ਮੇਹਲ ਦੇ ਦੁਆਲੇ ਫਿਰਿਆ ਪਰ ਉਥੇ ਵੈਰੀ ਮਿਤ੍ਰ ਕੋਈ ਵੀ ਨਜ਼ਰ ਨਾ ਆਯਾ। ਹੁਣ ਮੈਂ ਲਛਮਣ ਨੂੰ ਸਾਵਧਾਨ ਹੋਣ ਲਈ ਸੀਟੀ ਦਿਤੀ। ਇਸੇ ਵੇਲੇ ਸਾਮਣੇ ਵਾਲੇ ਪਿੱਪਲ ਦੇ ਹੇਠਾਂ ਇਕ ਛਾਯਾ ਮੂਰਤੀ ਨਜ਼ਰ ਆਈ। ਮੈਂ ਦਿਲ ਵਿਚ ਕਿਹਾ—ਕੀ ਇਹੋ ਸਾਧੂ ਹੈ? ਓਹ ਮਨੁੱਖ ਛਾਯਾ ਹੌਲੀ ੨ ਮੇਰੀ ਵੱਲ ਵਧਣ ਲੱਗਾ। ਇਸੇ ਵੇਲੇ ਮੈਂ ਫੇਰ ਸੀਟੀ ਦਿਤੀ।

ਫੇਰ ਓਹ ਛਾਯਾ ਮੂਰਤ ਖੜੀ ਹੋ ਗਈ। ਮੈਂ ਚੰਦ੍ਰਮਾਂ ਦੀ ਸਾਫ ਚਾਂਦਨੀ ਵਿਚ ਵੇਖਿਆ ਕਿ ਉਸ ਮੂਰਤੀ ਦਾ ਸਿਰ ਜਟਾਵਾਂ ਨਾਲ ਢੱਕਿਆ ਹੋਯਾ ਹੈ। ਕੱਪੜੇ ਰਹਿਤ ਅੰਗਾਂ ਉਤੇ ਵਿਭੂਤੀ ਲਗੀ ਹੋਈ ਹੈ। ਕਮਰ ਨਾਲ ਕੇਵਲ ਲੰਗੋਟਾ ਹੈ। ਮੈਂ ਆਪਣੇ ਮਨ ਵਿਚ ਸੋਚਣ ਲੱਗਾ ਕੀ ਇਹ ਸੁਦੇਸ਼ ਪ੍ਰੇਮੀ ਤਾਂਤੀਆ ਹੈ ਯਾ ਵੈਰੀਆਂ ਦੀ ਨਵੀਂ ਚਾਲ ਬਾਜ਼ੀ?

ਪਿਸਤੌਲ ਹੱਥ ਵਿਚ ਫੜ ਮੈਂ ਉਸ ਮਨੁਖ ਨੂੰ ਲਲਕਾਰ ਕੇ ਪੁਛਿਆ—"ਤੂੰ ਕੌਣ ਹੈਂ? ਸ਼ਤ੍ਰੂ ਯਾ ਮਿਤ੍ਰ?"

ਉਸ ਮੂਰਤੀ ਨੇ ਵੱਡੀ ਨਰਮਾਈ ਨਾਲ ਕਿਹਾ-"ਮੈਂ ਮਿਤ੍ਰ ਹਾਂ, ਵੈਰੀ ਨਹੀਂ।"

ਮੈਂ ਅੱਗੇ ਹੋਕੇ ਉਨਾਂ ਨੂੰ ਨਮਸਕਾਰ ਕੀਤੀ।

ਤਾਂਤੀਆ ਨੇ ਕਿਹਾ—"ਨਾਲ ਆਦਮੀ ਕਿਉਂ

ਲਿਆਏ ਹੋ ? ਕੀ ਮੇਰੇ ਉੱਤੇ ਤੁਹਾਡਾ ਇਤਬਾਰ ਨਹੀਂ ?"

ਮੈਂ ਕਿਹਾ—ਮਹਾਰਾਜ, ਤੁਹਾਡੇ ਉੱਤੇ ਤਾਂ ਮੇਰੀ ਪਿਆਰੀ ਸ਼ਰਧਾ ਹੈ। ਮੈਂ ਤੁਹਾਡੇ ਦਸਖਤ ਨਹੀਂ ਜਾਣਦਾ ਸਾਂ ਇਸੇ ਕਰਕੇ ਸ਼ੱਕ ਸੀ ਕਿ ਕਿਧਰੇ ਵੈਰੀਆਂ ਦੀ ਕੋਈ ਨਵੀਂ ਸਾਜ਼ਸ਼ ਨ ਹੋਵੇ।

ਤਾਂਤੀਆ—"ਜਿਸਨੂੰ ਤੁਸਾਂ ਨਾਲ ਲਿਆਂਦਾ ਹੈ ਓਹ ਤੁਹਾਡਾ ਅਤਯੰਤ ਇਤਬਾਰੀ ਹੈ ਕਿ ਅੰਗ੍ਰੇਜ਼ਾਂ ਦਾ ਭਾੜੇ ਦਾ ਟੱਟੂ ?"

ਮੈਂ-"ਨਹੀਂ ਜੀ, ਉਹ ਮੇਰਾ ਇਤਬਾਰੀ ਆਦਮੀ ਹੈ।"

ਤਾਂਤੀਆ—ਉਸਨੂੰ ਘਰ ਵਾਪਸ ਕਰ ਦੇਣ ਵਿਚ ਹਰਜ ਹੈ ?

ਮੈਂ—"ਨਹੀਂ ਕੋਈ ਨਹੀਂ, ਮੈਂ ਹੁਣੇ ਉਸਨੂੰ ਮੋੜ ਦੇਂਦਾ ਹਾਂ।"

ਲਛਮਣ ਦਾਸ ਨੂੰ ਖਾਸ ਸੱਦਕੇ ਮੈਂ ਉਸਨੂੰ ਘਰ ਮੁੜ ਜਾਣ ਲਈ ਕਿਹਾ ਤੇ ਇਸਦੇ ਪਿਛੋਂ ਮਹਾਤਮਾ ਜੀ ਨੂੰ ਕੁਝ ਕਹਿਨ ਆਈ। ਓਹ ਇਕ ਟੱਕ ਨਜ਼ਰ ਨਾਲ ਨਾਨੇ ਦੇ ਟੁੱਟੇ ਮੋਹਲ ਨੂੰ ਵੇਖ ਰਹੇ ਸਨ। ਪਤਾ ਨਹੀਂ ਕਿਤਨੀਆਂ ਬੀਤ ਚੁਕੀਆਂ ਗੱਲਾਂ ਉਨਾਂ ਦੇ ਦਿਲ ਨੂੰ ਸਾੜ ਰਹੀਆਂ ਸਨ। ਕੁਝ ਦੇਰ ਚੁਪ ਰਹਿਕੇ ਓਨਾਂ ਪੁਛਿਆ—"ਰਾਮਪਾਲ ਸਿੰਘ, ਮੈਨਾ ਦੀ ਬਾਬਤ ਕੁਝ ਜਾਣਦੇ ਹੋ ?"

ਮੈਂ ਦਿਲ ਵਿਚ ਸੋਚਣ ਲੱਗਾ ਕਿ ਮੈਂ ਕੀ ਜਵਾਬ ਦਿਆਂ ? ਮੈਨਾ ਵੀ ਨਹੀਂ, ਨਾਨਾ ਵੀ ਨਹੀਂ ਤੇ ਉਸਦਾ ਮੋਹਲ ਵੀ ਨਹੀਂ। ਮੈਂ ਕੁਝ ਨਾ ਬੋਲਿਆ। ਮੈਨਾ ਹਾਇ ! ਉਸ ਸਿਧੀ ਸਾਦੀ ਸੁਰਗਾਂ ਦੀ ਦੇਵੀ ਦੇ ਜੀਉਂਦੇ ਸਾੜੇ ਜਾਣ ਦਾ ਹਾਲ ਮੈਂ ਕਿਸ ਤਰਾਂ ਇਸ ਮਹਾਤਮਾ ਨੂੰ ਦੱਸਾਂ ?

ਮੈਂ ਜਾਣਦਾ ਸਾਂ ਕਿ ਇਹ ਖਬਰ ਤਾਂਤੀਆ ਨੇ ਜ਼ਰੂਰ ਸੁਣੀ ਹੋਵੇਗੀ। ਪਰ ਉਨ੍ਹਾਂ ਦੇ ਮੂੰਹੋਂ ਜਦ ਮੈਂ ਇਹ ਸੁਣਿਆ ਕਿ ਉਨ੍ਹਾਂ ਨੂੰ ਮੈਨਾ ਦੀ ਕੁਝ ਖਬਰ ਨਹੀਂ ਫੇਰ ਮੈਂ ਉਨ੍ਹਾਂ ਦੇ ਪ੍ਰਸ਼ਨ ਦਾ ਕੀ ਉੱਤਰ ਦੇਵਾਂ? ਕੁਝ ਵੀ ਕਾਇਮ ਨਾ ਕਰ ਸਕਿਆ ਤੇ ਚੁੱਪ ਰਿਹਾ। ਆਹ! ਮੈਨਾ—ਹਾਇ! ਸੋਨੇ ਦੀ ਮੂਰਤੀ, ਸੰਸਾਰ ਤੋਂ ਵਿਰਕਤ ਹੋ ਚੁਕੇ ਸਾਧੂ ਦਾ ਇਕੋ ਇਕ ਬੰਧਨ, ਦੇਵਤਾ ਤੇ ਈਸ਼੍ਵਰ ਦੀ ਪਿਆਰੀ ਮੈਨਾ! ਤੇਰੇ ਅਕਥਨੀਯ ਅੰਤ ਦਾ ਹਾਲ ਮੈਂ ਕਿਸ ਤਰਾਂ ਮਹਾਤਮਾ ਜੀ ਦੇ ਅੱਗੇ ਬਿਆਨ ਕਰਾਂ? ਮੈਂ ਚੁਪ ਵੱਟ ਰਿਹਾ।

ਤਾਂਤੀਆ ਟੋਪੀ ਨੇ ਫੇਰ ਪੁਛਿਆ—"ਕੀ ਮੈਨਾ ਨੂੰ ਅੰਗ੍ਰੇਜ਼ਾਂ ਨੇ ਕੈਦ ਕਰ ਲਿਆ ਹੈ।"

ਮੈਂ ਕਿਹਾ—ਨਹੀਂ ਜੀ, ਉਸਦਾ ਪਵਿਤ੍ਰ ਸਰੀਰ ਕੋਈ ਭੀ ਨਹੀਂ ਛੋਹ ਸਕਿਆ।

ਤਾਂਤੀਆ—ਫੇਰ ਉਸਦਾ ਹਾਲ ਦੱਸਣ ਵਿਚ ਤੁਸੀਂ ਕੰਨੀ ਕਿਉਂ ਕਤਰਾਂਦੇ ਹੋ ਤੇ ਕਿਉਂ ਸੋਚਦੇ ਹੋ? ਦੱਸੋ ਮੈਨਾ ਕਿਥੇ ਹੈ?"

ਮੈਂ—ਮਹਾਰਾਜ, ਮੈਨਾ ਦੀ ਅੰਤਲੀ ਦਸ਼ਾ ਦੱਸਣੋਂ ਮੈਂ ਅਸਮਰਥ ਹਾਂ।"

ਤਾਂਤੀਆ—(ਹੈਰਾਨ ਹੋਕੇ) "ਕੀ ਉਹ ਹੁਣ ਸੰਸਾਰ ਵਿਚ ਨਹੀਂ?"

ਮੈਂ—"ਨਹੀਂ ਜੀ, ਓਹ ਸੁਰਗ ਦਾ ਫੁੱਲ ਸੁਰਗ ਵਿਚ ਚਲਿਆ ਗਿਆ।"

ਤਾਂਤੀਆ ਚੁਪ ਹੋ ਗਿਆ। ਮੈਂ ਉਨ੍ਹਾਂ ਦਾ ਚੇਹਰਾ ਵੇਖਣ ਲੱਗਾ। ਓਹ ਤੇਜ ਪੂਰਣ ਮੁਖੜਾ ਇਸ ਵੇਲੇ ਉਦਾਸ ਤੇ ਤੇਜ ਹੀਣ ਸੀ। ਚੰਦ੍ਰਮਾ ਇਸ ਵੇਲੇ ਅਕਾਸ਼ ਵਿਚ

ਖਿੜਿਆ ਹੋਯਾ ਸੀ। ਨੀਲੇ ਅਕਾਸ਼ ਵਿਚ ਚਕਵਾ ਤੇ ਚਕਵੀ ਖੇਲ ਕਰ ਰਹੇ ਸਨ, ਪਰ ਇਸ ਵੇਲੇ ਓਸ ਸਾਧੂ ਦੇ ਅੱਗੇ ਸੰਸਾਰ ਦੇ ਸਾਰੇ ਪਦਾਰਥ ਅਸਾਰ, ਸੋਭਾ ਹੀਨ, ਅਰਥ ਹੀਨ ਤੇ ਪ੍ਰਾਣਹੀਨ ਸਨ।

ਬਹੁਤ ਦੇਰ ਤਕ ਚੁਪ ਰਹਿਕੇ ਮਹਾਤਮਾ ਜੀ ਫੇਰ ਬੋਲੇ—"ਨਾਨਾ ਦੇ ਮੇਹਲ ਦੀ ਇਹ ਦਸ਼ਾ ਕਿਉਂ ਹੋਈ ?"

ਮੈਂ—"ਸਰਕਾਰ ਦੇ ਹੁਕਮ ਨਾਲ ਜਨਰਲ ਆਊਟਰਮ ਨੇ ਇਸਨੂੰ ਤੋਪਾਂ ਨਾਲ ਢਾਹ ਦਿਤਾ ਹੈ।"

ਤਾਂਤੀਆ—"ਕੀ ਮਕਾਨ ਢਾਹੁਣ ਵੇਲੇ ਮੈਨਾ ਇਸ ਵਿਚ ਸੀ ?"

ਮੈਂ—ਹਾਂ ਸੀ। ਉਸਨੇ ਇਹ ਮਕਾਨ ਨਾ ਢਾਹੁਣ ਲਈ ਜਨਰਲ ਆਊਟਰਮ ਪਾਸ ਬੇਨਤੀ ਭੀ ਕੀਤੀ ਸੀ। ਫੇਰ ਟਾਮਸ ਹੇ ਦੀ ਲੜਕੀ 'ਮੇਰੀ' ਨਾਲ ਮੈਨਾ ਦਾ ਪਿਆਰ ਸੀ ਅਤੇ ਮੈਨਾ ਦੀ ਬੇਨਤੀ ਮੂਜਬ ਸਰ ਟਾਮਸ ਨੇ ਲਾਰਡ ਕੇਨਿੰਗ ਨੂੰ ਮੇਹਲ ਦੇ ਨਾ ਢਾਹੇ ਜਾਣ ਬਾਬਤ ਤਾਰ ਵੀ ਦਿਤੀ ਸੀ। ਪਰ ਉਸਦਾ ਜਵਾਬ ਆਯਾ ਕਿ ਵਿਲੈਤ ਦੀ ਵਜ਼ੀਰ ਸਭਾ ਨਾਨਾ ਸਾਹਿਬ ਦਾ ਇਸ ਧਰਤੀ ਤੋਂ ਨਾਮ ਨਿਸ਼ਾਨ ਤਕ ਮਿਟਾ ਦੇਣਾ ਚਾਹੁੰਦੀ ਹੈ। ਸੋ ਇਸੇ ਕਰਕੇ ਇਹ ਮਕਾਨ ਤੋਪਾਂ ਨਾਲ ਢਾਹ ਦਿਤਾ ਗਿਆ।

ਤਾਂਤੀਆ—"ਫੇਰ ਮੈਨਾ ਇਸੇ ਮਕਾਨ ਵਿਚ ਰਹੀ?"

ਮੈਂ—"ਨਹੀਂ। ਜਨਰਲ ਆਊਟਰਮ ਨੇ ਉਸਨੂੰ ਫੜਨ ਦੀ ਕੋਸ਼ਿਸ਼ ਕੀਤੀ ਸੀ ਪਰ ਓਹ ਫੜ ਨਾ ਸਕਿਆ।"

ਤਾਂਤੀਆ—"ਫੇਰ ਓਹ ਕਿੱਥੇ ਗਈ ?"

ਮੈਂ—"ਓਹ ਕਿਸੇ ਗੁਪਤ ਰਾਹ ਥਾਣੀ ਨਿਕਲ ਗਈ ਸੀ।"

ਤਾਂਤੀਆ—"ਫੇਰ ਕੀ ਹੋਇਆ ?"

ਮੈਂ—ਕਈ ਦਿਨ ਬੀਤ ਜਾਣ ਪਿਛੋਂ ਇਕ ਦਿਨ ਅੱਧੀ ਰਾਤ ਦੇ ਵੇਲੇ ਇਸ ਢੱਠੇ ਮਕਾਨ ਉੱਤੇ ਇਕ ਰੋਂਦੀ ਹੋਇਆ ਸੋਦਰ ਲੜਕੀ ਨੂੰ ਜਨਰਲ ਆਉਟਰਮ ਨੇ ਗ੍ਰਿਫਤਾਰ ਕਰ ਲਿਆ।"

ਤਾਂਤੀਆ—"ਉਹ ਲੜਕੀ ਕੌਣ ਸੀ ?"

ਮੈਂ—"ਸ੍ਰੀ ਮੈਨਾ!"

ਤਾਂਤੀਆ—"ਕੀ ਉਹ ਆਪਣੀ ਮਰਜ਼ੀ ਨਾਲ ਫੜੀ ਗਈ ?"

ਮੈਂ—ਜੀ ਹਾਂ, ਉਸਨੇ ਆਪਣੀ ਮਰਜ਼ੀ ਨਾਲ ਆਪਣੇ ਆਪ ਨੂੰ ਉਸਦੇ ਹਵਾਲੇ ਕੀਤਾ।

ਤਾਂਤੀਆ—"ਜਨਰਲ ਆਉਟਰਮ ਨੇ ਉਸਨੂੰ ਕੀ ਸਜ਼ਾ ਦਿੱਤੀ ?"

ਮੈਂ—"ਉਹ ਸਜ਼ਾ ਬਹੁਤ ਸਖਤ ਹੈ। ਮੈਨੂੰ ਆਖਣ ਦੀ ਹਿੰਮਤ ਨਹੀਂ ਪੈਂਦੀ।"

ਤਾਂਤੀਆ ਟੋਪੀ ਦੀਆਂ ਨਿਸਤੇਜ ਅੱਖਾਂ ਫੇਰ ਜਗ ਉਠੀਆਂ। ਉਸਨੇ ਕਿਹਾ—"ਰਾਮਪਾਲ ਸਿੰਘ, ਮੇਰਾ ਕਰੜਾ ਦਿਲ ਘਟੇ ਤਰਸਪਸ਼ਮਾਨ ਨਹੀਂ ਹੋਵੇਗਾ। ਬੱਚੀ ਮੈਨਾ ਨੂੰ ਕੀ ਸਜ਼ਾ ਦਿੱਤੀ ਗਈ ਸਾਫ ਦੱਸ।"

ਮੈਂ—"ਮਹਾਰਾਜ! ਉਸਨੂੰ ਜੀਉਂਦੇ ਜੀ ਸਾੜ ਦਿੱਤਾ ਗਿਆ!"

ਤਾਂਤੀਆ—ਜੀਉਂਦੀ ਨੂੰ ਸਾੜ ਦਿੱਤਾ ਗਿਆ ? ਵਾਹਿਗੁਰੂ ਦੇ ਸ਼ਾਂਤੀਮਯਰਾਜ ਵਿਚ ਇੰਨਾ ਭਿਆਨਕ ਜ਼ੁਲਮ! ਤੁਸਾਂ ਨਾ ਰੋਕਿਆ ?

ਮੈਂ—ਉਸਨੂੰ ਬਚਾਉਣ ਲਈ ਮੈਂ ਬਥੇਰੀ ਕੋਸ਼ਿਸ਼

ਕੀਤੀ ਤੇ ਕਲੈਕਟਰ ਦੀ ਵਜ਼ੀਰ ਸਭ ਨੇ ਉਸਨੂੰ ਛੱਡ ਦੇਣ ਦੀ ਵੀ ਸਲਾਹ ਦੇ ਦਿੱਤੀ ਸੀ, ਪਰ ਇਸ ਖਬਰ ਦੇ ਪਹੁੰਚਣ ਤੋਂ ਪਹਿਲਾਂ ਹੀ ਮੈਨਾ ਸੁਰਗਾਂ ਵਿਚ ਜਾ ਚੁਕੀ ਸੀ!”

ਤਾਂਤੀਆ—(ਠੰਡਾ ਹਾਉਕਾ ਭਰਕੇ) ਅੱਛਾ! ਮੈਂ ਵੀ ਹੁਣ ਇਥੇ ਠਹਿਰਕੇ ਕੀ ਕਰਾਂਗਾ ? ਜਿਸਦੇ ਕਾਰਣ ਕਾਨਪੁਰ ਮੈਨੂੰ ਸੁਰਗ ਦਾ ਨੰਦਨ ਬਾਗ ਮਲੂਮ ਹੁੰਦਾ ਸੀ ਓਹ ਸੁਰਗ ਦਾ ਫੁਲ ਜਦ ਚਲਿਆ ਗਿਆ ਤਾਂ ਫੇਰ ਇਹ ਜਗ੍ਹਾ ਮੇਰੇ ਲਈ ਨਰਕ ਵਰਗੀ ਹੈ। ਮੈਂ ਮੈਨਾ ਨੂੰ ਵਚਨ ਦਿੱਤਾ ਸੀ ਕਿ ਪੂਰਣਮਾਸੀ ਵਾਲੀ ਰਾਤ ਨੂੰ ਇਥੇ ਆਵਾਂਗਾ ਇਸੇ ਲਈ ਮੈਂ ਅਜ ਇਥੇ ਆਇਆ ਸਾਂ, ਫਿਰ ਨਾਨੇ ਦੇ ਮਹਿਲ ਦੀ ਇਹ ਦਸ਼ਾ ਵੇਖਕੇ ਇਸਦਾ ਕਾਰਣ ਜਾਨਣ ਲਈ ਮੈਂ ਤੁਹਾਨੂੰ ਸੱਦਿਆ ਸੀ।”

ਮੈਂ—“ਹੁਣ ਆਪ ਕਿਥੇ ਜਾਓਗੇ ?”

ਤਾਂਤੀਆ—“ਮੈਂ ਹੁਣ ਛੇਤੀ ਝਾਂਸੀ ਜਾਵਾਂਗਾ। ਓਥੇ ਅੰਗ੍ਰੇਜ਼ਾਂ ਨਾਲ ਮੇਰਾ ਭਾਰੀ ਯੁੱਧ ਹੋਵੇਗਾ, ਓਥੇ ਮੈਂ ਮੈਨਾ ਦੇ ਜੀਉਂਦੇ ਸਾੜੇ ਜਾਣ ਦਾ ਬਦਲਾ ਲਵਾਂਗਾ। ਮੈਨੂੰ ਨਿਸਚਾ ਹੈ ਕਿ ਅਸੀਂ ਉਸ ਲੜਾਈ ਵਿਚ ਫਤੇ ਪਾਵਾਂਗੇ ਅਤੇ ਦੱਖਣ ਵਿਚੋਂ ਅੰਗ੍ਰੇਜ਼ਾਂ ਦੀ ਹਸਤੀ ਮਿਟ ਜਾਵੇਗੀ। ਇਸ ਲੜਾਈ ਵਿਚ ਕਈ ਰਾਜੇ ਵੀ ਮੇਰਾ ਸਾਥ ਦੇਣਗੇ। ਜੇਕਰ ਇਸ ਲੜਾਈ ਵਿਚ ਸਾਡੀ ਹਾਰ ਹੋਈ ਤਾਂ ਸਮਝਾਂਗਾ ਕਿ ਵਾਹਿਗੁਰੂ ਦੀ ਇਹ ਮਰਜ਼ੀ ਨਹੀਂ ਕਿ ਅਜੇ ਹਿੰਦੁਸਤਾਨ ਸ੍ਵਾਧੀਨ ਹੋਵੇ।”

ਮੈਂ—“ਫੇਰ ਆਪ ਕੀ ਕਰੋਗੇ ?”

ਤਾਂਤੀਆ—“ਉਸ ਲੜਾਈ ਵਿਚ ਮੈਂ ਵੀ ਕੰਮ ਆਵਾਂਗਾ।”

ਮੈਂ—ਕਾਂਪੀ ਵਿਚ ਤੁਹਾਡੀ ਫੌਜ ਕਿਤਨੀ ਹੈ ?

ਤਾਂਤੀਆਂ—"ਕਰੀਬ ੧੬ ਹਜ਼ਾਰ ।"

ਮੈਂ—"ਕਿਸੇ ਹਿੰਦੂ ਰਾਜੇ ਨੇ ਵੀ ਮਦਦ ਦਿਤੀ ਹੈ?"

ਤਾਂਤੀਆ—"ਬਹੁਤ ਥੋੜਿਆਂ ਨੇ। ਜੈਸੀ ਮੈਨੂੰ ਆਸ ਸੀ ਵੈਸੀ ਨਹੀਂ ਮਿਲੀ।"

ਮੈਂ—"ਝਾਂਸੀਓਂ ਕੁਝ ਸਹੈਤਾ ਮਿਲੀ ?"

ਤਾਂਤੀਆ—"ਆਸ ਤਾਂ ਸੀ, ਪਰ ਮਿਲੀ ਨਹੀਂ। ਅਜ ਹੀ ਮੈਂ ਓਥੇ ਜਾਣਾ ਸੀ। ਪਰ ਓਹ ਕੇਵਲ ਮੈਨਾ ਦੇ ਲਈ ਹੁਣ ਮੇਰੇ ਓਥੇ ਜਾਣ ਦੀ ਲੋੜ ਨਹੀਂ। ਹਾਂ ਇਕ ਗੱਲ ਹੈ। ਜਿਥੇ ਮੈਨਾ ਸਾੜੀ ਗਈ ਕੀ ਓਹ ਥਾਂ ਤੁਸੀਂ ਮੈਨੂੰ ਦੱਸ ਸਕਦੇ ਹੋ ?"

ਮੈਂ—"ਨੇੜੇ ਹੀ ਹੈ। ਆਓ ਮੈਂ ਤੁਹਾਨੂੰ ਲੈ ਚੱਲਾਂ।"

ਉਦਾਸ ਮਨ ਮਹਾਤਮਾ ਤਾਂਤੀਆ ਜੀ ਪ੍ਰਾਣਾ ਤੋਂ ਵੱਧ ਪਿਆਰੀ ਮੈਨਾ ਦੀ ਯਾਦਗਾਰ ਵੇਖਣ ਲਈ ਚਲ ਪਏ। ਇਸ ਵੇਲੇ ਭੀ ਉਸਦੇ ਸੁੰਦਰ ਸਰੀਰ ਦੀ ਭਸਮ ਉਥੇ ਹੀ ਪਈ ਹੋਈ ਸੀ। ਤਾਂਤੀਆ ਨੇ ਓਸ ਜਗ੍ਹਾ ਨੂੰ ਚੁੰਮਕੇ ਕਿਹਾ—"ਮੈਨਾ! ਅਜ ਦੇ ਦਿਨ ਮੈਂ ਮਿਲਣ ਦਾ ਤੇਰੇ ਨਾਲ ਵਾਇਦਾ ਕੀਤਾ ਸੀ, ਮੈਂ ਤਾਂ ਆਯਾ ਹਾਂ ਪਰ ਤੂੰ ਇਸ ਵੇਲੇ ਕਿੱਥੇ ਹੈਂ ?"

ਤਾਂਤੀਆ ਦੀ ਅਵਾਜ਼ ਤੋਂ ਮਲੂਮ ਹੁੰਦਾ ਸੀ ਕਿ ਓਹ ਰੋਂਦੇ ਪਏ ਹਨ। ਆਹ! ਮਨੁੱਖ ਦਾ ਦਿਲ ਕਿਤਨਾ ਸਹਾਰ ਸਕਦਾ ਹੈ। ਸਹਾਰਨ ਦੀ ਵੀ ਇਕ ਹੱਦ ਹੈ। ਮੈਨਾ ਦੀ ਭਸਮ ਨੇ ਸ਼ਬਦਾਂ ਨਾਲ ਉੱਠਕੇ ਜਵਾਬ ਦਿੱਤਾ—"ਮੈਂ ਹੁਣ ਨਹੀਂ ਹਾਂ, ਤੁਹਾਡੇ ਲਈ ਇਹ ਨਿਸ਼ਾਨੀ ਛੱਡ ਆਈ ਹਾਂ।"

ਤਾਂਤੀਆ ਜੀ ਵੀ ਸਾਰੀ ਗੱਲ ਸਮਝ ਗਏ। ਉਨਾਂ ਨੇ ਕਿਹਾ—"ਇਸ ਸੰਸਾਰ ਵਿਚ ਮੇਰੀਆਂ ਦੋ ਪਿਆਰੀਆਂ ਚੀਜਾਂ ਸਨ। ਇਕ ਦੇਸ਼ ਤੇ ਦੂਜੀ ਤੂੰ। ਤੇਰਾ ਅੰਤ—ਤੇਰੇ ਪੰਜ ਭੂਤਿਕ ਸਰੀਰ ਦਾ ਨਾਸ਼ ਇਸ ਜਗ੍ਹਾ ਉਤੇ ਹੋ ਗਿਆ ਪਰ ਆਤਮਾ ਦਾ ਨਾਸ ਤਾਂ ਨਹੀਂ। ਤੇਰੀ ਪਵਿਤ੍ਰ ਆਤਮਾ ਇਸ ਵੇਲੇ ਸੁਰਗ ਵਿਚ ਹੈ। ਅਜ ਜੋ ਇਹ ਸੁਆਹ ਮੇਰੇ ਸਾਮਣੇ ਪਈ ਹੈ ਇਹ ਇਕ ਰੂਪ ਭੇਦ ਹੈ। ਇਸ ਸੰਸਾਰ ਵਿਚ ਸਭ ਨੇਤ੍ਰਾਂ ਦੇ ਸਾਮਣੇ ਇਹ ਜਗ੍ਹਾ ਅਤਯੰਤ ਪਵਿਤ੍ਰ ਹੈ ਅਤੇ ਤੇਰੀ ਭਸਮ ਮੈਨੂੰ ਆਪਣੇ ਪ੍ਰਾਣਾਂ ਨਾਲੋਂ ਵੀ ਵੱਧ ਪਿਆਰੀ ਹੈ। ਮੈਂ ਜਦ ਤਕ ਇਸ ਧਰਤੀ ਉੱਤੇ ਰਹਾਂਗਾ ਤਦ ਤਕ ਤੇਰੀ ਸੁਆਹ ਜਤਨ ਨਾਲ ਰੱਖਾਂਗਾ।"

ਇਹ ਆਖਕੇ ਤੇ ਥੋੜੀ ਜੇਹੀ ਸੁਆਹ ਚੁੱਕ ਕੇ ਮਹਾਤਮਾ ਜੀ ਨੇ ਪੱਲੇ ਬੰਨ੍ਹ ਲਈ। ਫੇਰ ਉਸਨੂੰ ਛਾਤੀ ਨਾਲ ਲਾਇਆ। ਫੇਰ ਉਸ ਧਰਤੀ ਨੂੰ ਸਾਸ਼ਟਾਂਗ ਪ੍ਰਣਾਮ ਕੀਤਾ ਤੇ ਉਸ ਮਹਾਤਮਾਂ ਦੇ ਦੂਜੇ ਬੁਤ ਦਾ ਛੁਟਕਾਰਾ ਇਥੇ ਹੋ ਗਿਆ।

ਇਸਦੇ ਪਿਛੋਂ ਉਨਾਂ ਪੁਛਿਆ—"ਅੱਛਾ ਸਰਦਾਰ, ਮੇਕਰਪਰ ਦਾ ਕੀ ਹੋਇਆ ?"

ਮੈਂ—"ਉਸਦੀ ਦਸ਼ਾ ਨੇ ਬਹੁਤ ਪਲਟਾ ਖਾਧਾ ਹੈ।"

ਤਾਂਤੀਆ—"ਕੀ ਉਸਦਾ ਵੀ ਫੈਸਲਾ ਹੋ ਗਿਆ ਹੈ?"

ਮੈਂ—"ਅਜੇ ਨਹੀਂ ਹੋਇਆ, ਪਰ ਛੇਤੀ ਹੋਵੇਗਾ।"

ਤਾਂਤੀਆ—"ਸ਼ਾਇਦ ਉਸਨੂੰ ਫਾਂਸੀ ਹੋਵੇਗੀ ?"

ਮੈਂ—"ਮਲੂਮ ਤਾਂ ਹੁੰਦਾ ਹੈ ਫਾਂਸੀ ਹੀ ਹੋਵੇਗੀ।"

ਤਾਂਤੀਆ—ਅੱਛਾ ਮੇਰੀ ਇਕ ਹੋਰ ਵੀ ਗੱਲ ਹੈ। ਜਿਥੋਂ ਤਕ ਹੋ ਸਕੇ ਉਸਨੂੰ ਫਾਂਸੀਓਂ ਬਚਾਣਾ। ਪਾਪ

ਦਾ ਫਲ ਵਾਹਿਗੁਰੂ ਦੇਵੇਗਾ। ਪਾਪੀ ਨੂੰ ਸਜ਼ਾ ਦੇਣੀ ਸਾਡੇ ਲਈ ਅਨਯਾਯ ਹੈ।

ਮੈਂ—ਤੁਹਾਡੀ ਆਗਿਆ ਸਿਰ ਮੱਥੇ ਹੈ। ਅੱਛਾ ਨਾਨਾ ਸਾਹਿਬ ਇਸ ਵੇਲੇ ਕਿੱਥੇ ਹਨ? "ਕੀ ਆਪ ਕੁਝ ਜਾਣਦੇ ਹੋ?"

ਤਾਂਤੀਆ—"ਉਹ ਜਗਦੀਸ਼ਪੁਰ ਦੇ ਰਾਜੇ ਅਮਰ ਸਿੰਘ ਦੇ ਭਰਾ ਕੰਵਰ ਸਿੰਘ ਨਾਲ ਮਿਲਕੇ ਨੈਪਾਲ ਨੱਠਣ ਵਾਲੇ ਹਨ। ਇਸ ਵੇਲੇ ਓਹ ਭੇਸ ਬਦਲਕੇ ਜਗਦੀਸ਼ਪੁਰ ਗਏ ਹਨ।"

ਮੈਂ—ਇਕ ਨਾਨਾ ਫੜਿਆ ਗਿਆ ਹੈ। ਅੰਗਰੇਜ਼ ਕੈਂਹਦੇ ਹਨ ਇਹੋ ਅਸਲੀ ਧੁੰਧੂਪੰਤ ਨਾਨਾ ਹੈ। ਪਰ ਮੈਨੂੰ ਯਕੀਨ ਨਹੀਂ।

ਤਾਂਤੀਆ—ਜੋ ਫੜਿਆ ਗਿਆ ਹੈ ਓਹ ਨਾਨਾ ਸਾਹਿਬ ਦਾ ਨੌਕਰ ਹੀ ਹੈ ਅਤੇ ਨਾਨੇ ਦੇ ਹੁਕਮ ਅਨੁਸਾਰ ਹੀ ਉਸਨੇ ਆਪਣ ਆਪ ਨੂੰ ਫੜਵਾਯਾ ਹੈ।

ਮੈਂ—"ਇਸ ਵਿਚ ਓਨਾਂ ਦਾ ਕੀ ਮਤਲਬ ਹੈ?"

ਤਾਂਤੀਆ—ਇਹੋ ਕਿ ਨਾਨਾ ਸਾਹਿਬ ਨੂੰ ਫੜਨ ਲਈ ਅੰਗ੍ਰੇਜ਼ਾਂ ਦੇ ਜਾਸੂਸ ਚਾਰੇ ਪਾਸੇ ਚੱਕਰ ਲਾ ਰਹੇ ਹਨ ਅਤੇ ਉਨਾਂ ਦੀ ਨਜ਼ਰ ਬਚਾਕੇ ਨਾਨਾ ਸਾਹਿਬ ਨੂੰ ਨੱਠਣਾ ਔਖਾ ਹੋ ਰਿਹਾ ਹੈ। ਜੇਹੜਾ ਆਦਮੀ ਫੜਿਆ ਗਿਆ ਹੈ ਓਸਨੂੰ ਨਕਲੀ ਨਾਨਾ ਸਾਹਿਬ ਮੰਨਣ ਲਈ ਕੁਝ ਦਿਨ ਲਗਣਗੇ। ਓਨਿਆਂ ਦਿਨਾਂ ਵਿਚ ਨਾਨਾ ਸਾਹਿਬ ਨੂੰ ਭੱਜ ਜਾਣਾ ਸੌਖਾ ਹੋਵੇਗਾ।

ਮੈਂ—ਤਦ ਇਹ ਵੀ ਨਾਨਾ ਸਾਹਿਬ ਦੀ ਇਕ ਚਾਲ ਹੈ।

ਤਾਂਤੀਆ—"ਇਸ ਵਿਚ ਕੀ ਸ਼ੱਕ ਹੈ ?"

ਤਾਂਤੀਆ ਜੀ ਫੇਰ ਉਸੇ ਥਾਂ ਨੂੰ ਜਿੱਥੇ ਮੇਮਾ ਸਾੜੀ ਗਈ ਸੀ ਪਿਆਸੀਆਂ ਅੱਖਾਂ ਨਾਲ ਵੇਖਣ ਲੱਗੇ। ਉਨ੍ਹਾਂ ਦੀਆਂ ਅੱਖਾਂ ਵਿਚੋਂ ੩-੪ ਹੰਝੂ ਵੀ ਡਿਗੀਆਂ ਪਰ ਮੇਰੀ ਨਜ਼ਰ ਬਚਾਕੇ ਉਨ੍ਹਾਂ ਨੇ ਅੱਖਾਂ ਪੂੰਝ ਸੁੱਟੀਆਂ। ਫੇਰ ਮੇਰੀ ਵਲ ਵੇਖਕੇ ਕਿਹਾ—"ਸਰਦਾਰ ਰਾਮਪਾਲ ਸਿੰਘ, ਅਜ ਤੈਥੋਂ ਵੀ ਮੈਂ ਵਿਦਾ ਹੁੰਦਾ ਹਾਂ।"

ਮੈਂ—"ਲੜਾਈ ਖਤਮ ਹੋਣ ਪਰ ਕੀ ਆਪ ਦਰਸ਼ਨ ਦਿਓਗੇ ?"

ਤਾਂਤੀਆ—"ਅਗਲੀ ਗਲ ਈਸ਼ੁਰ ਦੇ ਹੱਥ ਹੈ।"

ਇਹ ਆਖਕੇ ਮਹਾਤਮਾ ਜੀ ਵਿਦਾ ਹੋਏ ਮੈਂ ਉਨ੍ਹਾਂ ਨੂੰ ਮੱਥਾ ਟੇਕਿਆ। ਫੇਰ ਉਹ ਨਹੀਂ ਮਿਲੇ। ਉਨ੍ਹਾਂ ਦਾ ਨਤੀਜਾ ਕੀ ਹੋਯਾ ? ਇਹ ਇਤਿਹਾਸ ਜਾਣਨ ਵਾਲਿਆਂ ਪਾਸੋਂ ਕਈ ਕੋਈ ਗੁੱਝਾ ਨਹੀਂ। ਇਤਿਹਾਸ ਲੇਖਕਾਂ ਨੇ ਤਾਂਤੀਆ ਜੀ ਦੇ ਜੀਵਨ ਨੂੰ ਜਿਸਤਰਾਂ ਬੁਰਾ ਤੇ ਗੰਦਾ ਦੱਸਿਆ ਹੈ ਦਰ ਅਸਲ ਉਨ੍ਹਾਂ ਦਾ ਜੀਵਨ ਵੈਸਾ ਨਹੀਂ ਸੀ। ਉਹ ਇਕ ਸੱਚੇ ਸਾਧੂ, ਸੱਚ ਦੇ ਪ੍ਰੇਮੀ ਅਤੇ ਈਸ਼ੁਰ ਭਗਤ ਸਨ, ਇਸ ਵਿਚ ਕੋਈ ਭੀ ਸ਼ੱਕ ਨਹੀਂ।

## ਕਾਂਡ ੧੯

## ਕਿਸਮਤ ਦਾ ਚੱਕਰ

### (ਬੀਬੀ ਰੋਜ਼ ਦਾ ਬਿਆਨ)

ਬਚਪਨ ਤੋਂ ਹੀ ਮੈਂ ਕਿਸਮਤ ਦੀ ਆਦੀ ਹਾਂ। ਮੈਨੂੰ ਨਿਸਚਾ ਹੈ ਕਿ ਮੇਰੀ ਕਿਸਮਤ ਦਾ ਚੱਕਰ ਵਾਹਿਗੁਰੂ ਨੇ ਬਣਾਇਆ ਹੈ। ਜੋ ਹੋਣਾ ਹੈ ਉਹ ਓਸਕੇ

ਪਹਿਲਾਂ ਤੋਂ ਹੀ ਲਿਖਿਆ ਹੋਯਾ ਹੈ। ਇਸ ਲਈ ਦੁਖ ਤੇ ਕਸ਼ਟ ਵਿਚ ਪੈਕੇ ਸ਼ੋਕ ਨਾਲ ਅਧੀਰਜੀ ਅਥਵਾ ਦੁਖੀ ਹੋਣਾ ਸਾਨੂੰ ਯੋਗ ਨਹੀਂ।

ਮੇਰੇ ਉੱਤੇ ਕਿੰਨੀਆਂ ਹੀ ਵਾਰਦਾਤਾਂ ਬੀਤ ਗਈਆਂ। ਪਿਆਰੀ ਭੈਣ ਸਾਡੇ ਵੈਰੀਆਂ ਦੇ ਹਥੋਂ ਮਾਰੀ ਗਈ। ਓਸਦਾ ਸ਼ੋਕ ਨਾ ਸਹਾਰਕੇ ਮਾਤਾ ਪਰਲੋਕ ਵਾਸਿਨੀ ਹੋ ਗਈ। ਪਿਤਾ ਪਾਗਲ ਹੋਗਿਆ। ਮੈਂ ਵੀ ਕਈਵਾਰੀ ਵੈਰੀਆਂਦੇ ਹੱਥ ਫਸੀ ਤੇ ਕਸ਼ਟ ਭੋਗੇ। ਛੇਕੜ ਪ੍ਰਾਣ ਤੋਂ ਪਿਆਰੇ ਸਟੀਫਨ ਪਾਸੋਂ ਵੀ ਮੈਂ ਬੇਇੱਜ਼ਤੀ ਸਹਾਰੀ। ਪਰ ਕਸ਼ਟਾਂ ਤੇ ਦੁੱਖਾਂ ਵਿਚ ਪੈਕੇ ਮੈਂ ਕਦੇ ਵੀ ਦੂਜਿਆਂ ਉਤੇ ਦੋਸ਼ ਨਹੀਂ ਦਿੱਤਾ ਅਥਵਾ ਇਕ ਖਿਣ ਵਾਸਤੇ ਵੀ ਮੈਂ ਨਹੀਂ ਘਬਰਾਈ। ਸਾਰਿਆਂ ਦੁਖਾਂ ਨੂੰ ਮੈਂ ਹੋਨਹਾਰ ਉੱਤੇ ਨਿਰਭਰ ਕਰਕੇ ਖਿੜੇ ਚਿੱਤ ਨਾਲ ਸੈਂਹਦੀ ਰਹੀ।

ਮੇਰੇ ਚਾਲਚਲਨ ਉੱਤੇ ਸਟੀਫਨ ਨੂੰ ਹਮੇਸ਼ਾ ਸ਼ੱਕ ਰੈਂਹਦਾ ਸੀ। ਉਹ ਸਮਝਦਾ ਸੀ ਮੈਂ ਜੇਮਸ ਨੂੰ ਚਾਹੁੰਦੀ ਹਾਂ। ਪਰ ਇਹ ਉਨਾਂ ਦੀ ਭੁਲ ਸੀ। ਬਹੁਤੇ ਅਫਸੋਸ ਦੀ ਗੱਲ ਤਾਂ ਇਹ ਹੈ ਕਿ ਉਹ ਮੈਨੂੰ ਸਫਾਈ ਦੇਣ ਦਾ ਸਮਾਂ ਹੀ ਨਹੀਂ ਦੇਂਦੇ ਸਨ।

ਬਲਵੇ ਦੇ ਅਰੰਭ ਵਿਚ ਜਦੋਂ ਉਨਾਂ ਨੂੰ ਕਿਲੇ ਵਿਚ ਲਿਆਂਦਾ ਗਿਆ ਉਸ ਵੇਲੇ ਓਹ ਵੈਰੀਆਂ ਦੇ ਹੱਥੋਂ ਜ਼ਖਮੀ ਹੋ ਚੁਕੇ ਸਨ। ਮੈਂ ਹਰ ਵਲ ਉਨਾਂ ਦੀ ਸੇਵਾ ਕਰਦੀ ਸਾਂ। ਇਕ ਦਿਨ ਪਾਪੀ ਜੇਮਸ ਮੈਨੂੰ ਫੇਰ ਆਕੇ ਕਿਲੇ ਵਿਚ ਮਿਲਿਆ। ਇਸ ਵਲੇ ਸਟੀਫਨ ਦੀ ਕੁਝ ਹੋਸ਼ ਵਿਚ ਸੀ। ਉਨਾਂ ਨੇ ਜੇਮਸ ਦੀਆਂ ਗੱਲਾਂ ਸੁਣੀਆਂ ਸਨ। ਉਸੇ ਵੇਲੇ ਤੋਂ ਓਨਾਂ ਦਾ ਸ਼ੱਕ ਹੋਰ ਵੀ ਵਧ ਗਿਆ। ਮੈਨੂੰ ਇਸ ਤੋਂ

ਕੁਝ ਦੁਖ ਤਾਂ ਹੋਯਾ ਪਰ ਇਹੋ ਵਿਚਾਰਦੀ ਰਹੀ ਕਿ ਇਨਾਂ ਨੂੰ ਸ਼ੱਕ ਹੈ ਤੇ ਓਹ ਕਦੇ ਹਟ ਜਾਏਗਾ।

ਉਸੇ ਦਿਨ ਤੋਂ ਸਟੀਫਨ ਨੂੰ ਭਾਰੀ ਬੁਖਾਰ ਔਣ ਲੱਗਾ। ਡਾਕਟਰਾਂ ਨੂੰ ਓਸਦੇ ਜੀਵਨ ਵਿਚ ਸੰਸਾ ਦਿਸਣ ਲੱਗਾ। ਪਰ ਮੈਂ ਦਿਨ ਰਾਤ ਉਸਦੀ ਸੇਵਾ ਕਰਦੀ ਰਹੀ। ਬੇਹੋਸ਼ੀ ਵਿਚ ਓਹ ਕਈ ਤਰਾਂ ਦੀਆਂ ਗੱਲਾਂ ਕੈਂਹਦਾ ਸੀ, ਜੋ ਸਾਰੀਆਂ ਮੇਰੀ ਬਾਬਤ ਹੀ ਹੁੰਦੀਆਂ ਸਨ। ਪਰ ਸੇਵਾ ਤੇ ਇਲਾਜ ਦੇ ਚੰਗੇ ਹੋਣ ਕਰਕੇ ਓਹ ਕੁਝ ਦਿਨਾਂ ਵਿਚ ਹੀ ਰਾਜ਼ੀ ਬਾਜ਼ੀ ਹੋ ਗਿਆ। ਇਕ ਵਾਰੀ ਮੈਨੂੰ ਪਾਸ ਵੇਖਕੇ ਓਸਨੇ ਪੁਛਿਆ—"ਤੂੰ ਕੌਣ ਹੈਂ ?"

ਮੈਂ ਕਿਹਾ—"ਮੈਂ ਕੌਣ ਹਾਂ, ਇਹ ਜਾਣਕੇ ਤੁਸੀਂ ਕੀ ਕਰੋਗੇ ? ਤੁਸੀਂ ਜਦ ਤਕੜੇ ਹੋਵੋਗੇ ਤਾਂ ਆਪੇ ਹੀ ਮਲੂਮ ਹੋ ਜਾਵਿਗਾ। ਮੈਂ ਕੌਣ ਹਾਂ।"

ਸਟੀਫਨ—"ਅਵਾਜ਼ ਤਾਂ ਪਛਾਣੀ ਹੋਈ ਲਗਦੀ ਹੈ ਪਰ ਮੇਰੀਆਂ ਅੱਖਾਂ ਵਿਚੋਂ ਸਾਫ ਨਹੀਂ ਦਿਸਦਾ।"

ਮੈਂ—"ਤੁਸੀਂ ਬਹੁਤਾ ਨਾ ਬੋਲੋ ਤੇ ਅਰਾਮ ਨਾਲ ਬੈਠੋ। ਬਹੁਤਾ ਬੋਲਣ ਨਾਲ ਰੋਗ ਵਧ ਜਾਂਦਾ ਹੈ।"

ਇਹ ਸੁਣਕੇ ਓਹ ਚੁਪ ਹੋ ਗਿਆ। ਉਸੇ ਦਿਨ ਸ਼ਾਮ ਨੂੰ ਫੇਰ ਓਸਨੇ ਕਿਹਾ—"ਰੋਜ਼ ਕਿਥੇ ਹੈ, ਜਾਣਦੇ ਹੋ ?"

ਮੈਂ ਕਿਹਾ—"ਰੋਜ਼ ਨਾਲ ਕੀ ਕੰਮ ਹੈ ?"

ਸਟੀਫਨ—ਕੰਮ ਤਾਂ ਕੋਈ ਨਹੀਂ, ਮੈਂ ਉਸਨੂੰ ਅਪਣੇ ਸਾਮਣੇ ਵੇਖਣਾ ਨਹੀਂ ਚਾਹੁੰਦਾ।

ਮੈਂ ਚੁਪ ਹੋ ਗਈ। ਡਾਕਟਰਾਂ ਨੇ ਵੀ ਮੈਨੂੰ ਅਪਣੀ ਜਾਣ ਪਛਾਣ ਕਰਾਣ ਤੋਂ ਮਨੇ ਕਰ ਦਿਤਾ। ਓਸੇ ਵੇਲੇ ਤੋਂ ਮੈਂ ਓਸਦੇ ਕਮਰੇ ਵਿਚ ਵੀ ਜਾਣਾ ਬੰਦ ਕਰ ਦਿਤਾ।

ਕਿਉਂਕਿ ਸ਼ਾਇਦ ਮੈਨੂੰ ਵੇਖਕੇ ਉਸਦਾ ਰੋਗ ਵਧ ਨਾ ਜਾਵੇ। ਕਈ ਦਿਨਾਂ ਪਿਛੋਂ ਸਟੀਫਨ ਨੇ ਕਮਰੇ ਵਿਚ ਹੀ ਹੌਲੀ ੨ ਤੁਰਨਾ ਅਰੰਭ ਕੀਤਾ। ਡਾਕਟਰਾਂ ਕੋਲੋਂ ਉਸਨੇ ਮੇਰਾ ਹਾਲ ਪੁਛਿਆ।

ਜਦ ਓਹ ਚੰਗੀ ਤਰਾਂ ਰਾਜ਼ੀ ਹੋ ਗਿਆ ਤਦ ਮੈਂ ਇਕ ਦਿਨ ਓਸ ਨੂੰ ਮਿਲਣ ਗਈ। ਓਹ ਮੈਨੂੰ ਵੇਖਕੇ ਕੁਝ ਨਾ ਬੋਲਿਆ ਤੇ ਅਪਣੀ ਪੋਥੀ ਪੜ੍ਹਦਾ ਰਿਹਾ। ਸਟੀਫਨ ਨੂੰ ਰਾਜ਼ੀ ਵੇਖਕੇ ਮੇਰਾ ਦਿਲ ਵੀ ਰਾਜ਼ੀ ਹੋ ਗਿਆ। ਕਿਉਂਕਿ ਮੈਂ ਉਸਨੂੰ ਪ੍ਰਾਣਾ ਤੋਂ ਵੀ ਵੱਧ ਪਿਆਰ ਕਰਦੀ ਸਾਂ। ਪ੍ਰੇਮ ਦੀ ਗੰਭੀਰਤਾ ਕਿਤਨੀ ਹੈ, ਉਸਦਾ ਬਿਆਨ ਮੈਂ ਆਪ ਨਹੀਂ ਕਰ ਸਕਦੀ।

ਮੈਂ ਕਿਹਾ–"ਵਾਹਿਗੁਰੂ ਦੀ ਮਰਜ਼ੀ ਨਾਲ ਅਜ ਤੁਹਾਨੂੰ ਫਰ ਅਰੋਗ ਵੇਖਕੇ ਮੈਨੂੰ ਬਹੁਤ ਖੁਸ਼ੀ ਹੋਈ ਹੈ।"

ਇਸਦੇ ਜਵਾਬ ਵਿਚ ਓਸਨੇ ਕੁਝ ਨਾ ਕਿਹਾ। ਮੈਂ ਅਪਣੇ ਮਨ ਵਿਚ ਬਹੁਤ ਦੁਖੀ ਹੋਈ। ਕਿਉਂਕਿ ਇੰਨੇ ਦਿਨਾਂ ਪਿਛੋਂ ਬੀਮਾਰੀ ਤੋਂ ਉਠਕੇ ਵੀ ਉਸਨੇ ਮੇਰੇ ਨਾਲ ਚੰਗੀ ਤਰਾਂ ਕੋਈ ਗੱਲ ਨਾ ਕੀਤੀ, ਮੈਨੂੰ ਓਸ ਵੇਲੇ ਸ਼ਰਮ ਨਾ ਰੋਕ ਸੱਕੀ ਤੇ ਮੈਂ ਫਰ ਕਿਹਾ–"ਅਜਾਣ ਪੁਣੇ ਵਿਚ ਜੇਕਰ ਕੋਈ ਕਸੂਰ ਹੋ ਗਿਆ ਹੋਵੇ ਤਾਂ ਕੀ ਓਹ ਮਾਫ ਨਹੀਂ ਹੋ ਸਕਦਾ?

ਇਸ ਵਾਰੀ ਸਟੀਫਨ ਨੇ ਵੱਡੀ ਰੁੱਖੀ ਸੁਰ ਵਿਚ ਕਿਹਾ–"ਮਾਫ ਕਿਸਨੂੰ ਕਰਾਂ ਤੈਨੂੰ? ਤੂੰ ਜੇਕਰ ਕਸੂਰਵੰਦ ਹੈਂ ਤਾਂ ਵੀ ਮੈਨੂੰ ਮਾਫ ਕਰਨ ਦਾ ਕੀ ਹੱਕ ਹੈ?"

ਮੈਂ ਜਾਣ ਗਈ ਕਿ ਸਟੀਫਨ ਦੇ ਦਿਲ ਵਿਚੋਂ ਮੇਰਾ ਪਿਆਰ ਨਿਕਲ ਗਿਆ ਹੈ। ਮੈਂ ਫੇਰ ਕਿਹਾ–"ਤੁਸੀਂ

ਮੈਨੂੰ ਪੇਹਲਾਂ ਜਿਸ ਤਰਾਂ ਪਿਆਰ ਕਰਦੇ ਸਾਓ ਹੁਣ ਕਿਉਂ ਨਹੀਂ ਕਰਦੇ ?"

ਸਟੀਫਨ-"ਜਕਰ ਪੇਹਲਾਂ ਮੈਂ ਤੈਨੂੰ ਖਿਆਰ ਕੀਤਾ ਸੀ ਤ੍ਰਾਂ ਓਹ ਭੁਲੇਖੇ ਨਾਲ।"

ਮੈਂ ਕਿਹਾ--"ਜਿਸੇ ਨੂੰ ਪਿਆਰ ਕਰਕੇ, ਪ੍ਰੇਮ ਭਰੀ ਨਜ਼ਰ ਨਾਲ ਵੇਖਕੇ, ਸਾਰਾ ਮਨ ਚਿਤ ਅਰਪਣ ਕਰਕੇ ਫੇਕਰ ਓਸਨੂੰ ਬਿਨਾਂ ਕਾਰਣ ਦੇ ਛੱਡ ਦੇਣਾ ਕੀ ਇਹ ਠੀਕ ਹੈ ?"

ਸਟੀਫਨ-"ਤੈਨੂੰ ਪਿਆਰ ਕਰਕੇ ਮੈਂ ਬੁਰਾ ਕੰਮ ਕੀਤਾ ਹੈ।"

ਸਟੀਫਨ ਦੀ ਗੱਲ ਸੁਣਕ ਮੈਂ ਬਹੁਤ ਦੁਖੀ ਹੋਈ। ਕਿਉਂਕਿ ਜਿਸਨੂੰ ਮੈਂ ਸਰਬੰਸ ਅਰਪਣ ਕੀਤਾ ਸੀ, ਜਿਸਨੂੰ ਮੈਂ ਅਪਣੇ ਦਿਲ ਦਾ ਦੇਵਤਾ ਜਾਣਕੇ ਪੂਜਿਆ ਸੀ, ਜਿਸਦੇ ਪ੍ਰੇਮ ਭਰੇ ਬਚਨ ਤੇ ਉੱਤਮ ਵਰਤਾਉ ਦੇ ਕਾਰਣ ਮੈਂ ਇਸ ਸੰਸਾਰ ਦੇ ਸਾਰੇ ਦੁਖ ਕਸ਼ਟ ਭੁਲ ਗਈ ਸਾਂ, ਉਸੇ ਦੇ ਮੂੰਹੋਂ ਐਸੀ ਗੱਲ ?

ਸਟੀਫਨ ਨੇ ਵੱਡੇ ਗੁੱਸੇ ਨਾਲ ਕਿਹਾ-"ਮੇਰੀ ਮਰਜ਼ੀ ਹੈ ਕਿ ਤੂੰ ਮੈਨੂੰ ਕਦੇ ਨਾ ਮਿਲ।"

ਹੁਣ ਮੈਂ ਅਪਣੀਆਂ ਹੰਝੂਆਂ ਨਾ ਰੋਕ ਸੱਕੀ। ਮੈਂ ਰੋਂਦਿਆਂ ਰੋਂਦਿਆਂ ਕਿਹਾ-"ਚੰਗਾ ਇਸ ਤਰਾਂ ਹੀ ਸਹੀ, ਪਰ ਮੇਰਾ ਕੇਹਣਾ ਇਤਨਾ ਹੈ ਕਿ ਜੇਕਰ ਬਿਨਾ ਜਾਣੇ ਦੇ ਕੋਈ ਕਸੂਰ ਹੋਯਾ ਹੋਵੇ ਤਾਂ ਓਸਦੀ ਮਾਫੀ ਹੀ ਨਹੀਂ ?"

ਸਟੀਫਨ-"ਮੈਂ ਜਾਣਦਾ ਹਾਂ ਪਰ ਜੋ ਦੋਸ਼ ਜਾਣ ਬੁੱਝਕੇ ਕੀਤਾ ਜਾਂਦਾ ਹੈ ਓਸਦੀ ਮਾਫੀ ਨਹੀਂ।"

ਹੁਣ ਮੈਂ ਅਪਣੇ ਦਿਲ ਦੇ ਵੇਗ ਨੂੰ ਨਾ ਰੋਕ ਸੱਕੀ।

ਦੋਹਾਂ ਹੱਥਾਂ ਨਾਲ ਸਟੀਫਨ ਦੇ ਪੈਰ ਫੜਕੇ ਰੋਂਦਿਆਂ ੨ ਮੈਂ ਕਿਹਾ—ਪਿਆਰੇ ! ਦਿਲ ਦੇ ਦੇਵਤਾ ! ਇਸ ਦਾਸੀ ਨੂੰ ਹੁਣ ਖਿਮਾ ਕਰੋ।

ਸਟੀਫਨ ਦਾ ਮਨ ਵੀ ਕੁਝ ਪਿਘਲਿਆ। ਉਸਦਾ ਬਹੁਤੇ ਦਿਨਾਂ ਦਾ ਰੁਕਿਆ ਹੋਯਾ ਪ੍ਰੇਮ ਜਾਣੋ ਸੈਂਕੜੇ ਬੰਨ੍ਹ ਤੋੜਕੇ ਬੜੇ ਵੇਗ ਨਾਲ ਚਲਿਆ। ਉਸਨੇ ਮੈਨੂੰ ਕਿਹਾ—"ਰੋਜ਼! ਰੋਜ਼!! ਪਿਆਰੀ ਰੋਜ਼ ਰੋ ਨਹੀਂ।"

ਇਸੇ ਵੇਲੇ ਹੀ ਬਾਹਰੋਂ ਕਿਸੇ ਨੇ ਵੱਡੇ ਦਾਵੇ ਨਾਲ ਕਿਹਾ—"ਰੋਜ਼, ਪਰਾਏ ਆਦਮੀ ਨਾਲ ਐਸਾ ਵਰਤਾਉ ਕਰਨਾ ਕੀ ਤੈਨੂੰ ਸੋਭਦਾ ਹੈ ? ਤੈਂ ਤਾਂ ਮੈਨੂੰ ਵਚਨ ਦਿਤਾ ਸੀ ?

ਇਹ ਸੁਣਦਿਆਂ ਹੀ ਸਟੀਫਨ ਨੇ ਮੈਨੂੰ ਇਕ ਜ਼ੋਰ ਦੀ ਲੱਤ ਮਾਰਕੇ ਪਰੇ ਸੁਟ ਦਿੱਤਾ ਅਤੇ ਕਿਹਾ—"ਡੈਣ! ਪਾਪਣੇ! ਤੈਨੂੰ ਤਾਂ ਛੋਹਣਾ ਹੀ ਪਾਪ ਹੈ!"

ਮੈਂ ਫੇਰ ਵੇਖਿਆ ਤਾਂ ਕਮਰੇ ਵਿਚ ਸਟੀਫਨ ਨਹੀਂ, ਬੂਹੇ ਉਤੇ ਖੜਾ ਹੋਯਾ ਜੇਮਸ ਹੱਸ ਰਿਹਾ ਹੈ। ਇਹ ਵੇਖਕੇ ਮੇਰਾ ਸਾਰਾ ਸਰੀਰ ਕੰਬ ਗਿਆ।

## ਕਾਂਡ ੧੯

### ਆਸ਼ਾ।

(ਸਰਦਾਰ ਰਾਮਪਾਲ ਸਿੰਘ ਦਾ ਬਿਆਨ)

ਅਜ ਕਈ ਦਿਨਾਂ ਤੋਂ ਸਰਜਨ ਸਟੀਫਨ ਫੇਰ ਫੇਰ ਦੁਖੀ ਹਨ। ਡਾਕਟਰ ਆਖਦੇ ਹਨ ਕਿ ਕਿਸੇ ਘਾਸਤਰਾਂ ਦੀ ਉਕਸਾਹਟ ਦੇ ਕਾਰਣ ਇਨਾਂ ਦਾ ਰੋਗ ਵਧ ਗਿਆ ਹੈ। ਹੁਣ ਉਨਾਂ ਨੂੰ ਜੇਲ ਵਿਚੋਂ ਕੱਢਕੇ

ਗਾਰਡਨ ਦੇ ਮਕਾਨ ਵਿਚ ਰਖਿਆ ਗਿਆ ਹੈ। ਗਾਰਡਨ ਦਾ ਮਕਾਨ ਵੈਰੀਆਂ ਨੇ ਹੁਣ ਬਰਬਾਦ ਕਰ ਦਿਤਾ ਸੀ ਤੇ ਉਹ ਹੁਣ ਬੀਮਾਰਾਂ ਦੇ ਰੈਹਣ ਯੋਗ ਨਹੀਂ ਸੀ।

ਸਟੀਫਨ ਨੂੰ ਇਕ ਖਾਸ ਤਰਾਂ ਦੀ ਬੀਮਾਰੀ ਸੀ। ਡਾਕਟਰ ਉਸਨੂੰ ਵੇਖਕੇ ਬਹੁਤ ਡਰਦੇ ਸਨ। ਜੇਹੜੀ ਬੀਬੀ ਰੋਜ਼ ਸਟੀਫਨ ਨੂੰ ਪ੍ਰਾਣਾਂ ਨਾਲੋਂ ਵੱਧ ਜਾਣਦੀ ਸੀ ਓਹ ਹੁਣ ਉਸਦੇ ਪਾਸ ਦਿਸਦੀ ਤਕ ਨਹੀਂ। ਇਸਦਾ ਕਾਰਣ ਜਦ ਮੈਂ ਰੋਜ਼ ਪਾਸੋਂ ਪੁਛਦਾ ਸਾਂ ਤਾਂ ਓਹ ਕੇਵਲ ਰੋ ਪੈਂਦੀ ਸੀ ਅਤੇ ਮੇਰੀਆਂ ਗੱਲਾਂ ਦਾ ਕੋਈ ਵੀ ਜਵਾਬ ਨਹੀਂ ਦੇਂਦੀ ਸੀ। ਮੈਂ ਇਹ ਗਲ ਚੰਗੀ ਤਰਾਂ ਤਾੜ ਗਿਆ ਸਾਂ ਕਿ ਦੋਹਾਂ ਵਿਚ ਕੋਈ ਤਕਰਾਰ ਹੋਈ ਹੈ।

ਗਾਰਡਨ ਸਾਹਿਬ ਹੁਣ ਬਹੁਤ ਤਕੜੇ ਹਨ। ਉਨਾਂ ਦਾ ਪਾਗਲਪਨ ਹੁਣ ਬਹੁਤ ਕੁਝ ਦੂਰ ਹੋ ਗਿਆ ਹੈ। ਡਾਕਟਰਾਂ ਦਾ ਕਹਣਾ ਹੈ ਕਿ ਓਹ ਛੇਤੀ ਹੀ ਅਰੋਗ ਹੋ ਜਾਣਗੇ।

ਇਸ ਵਾਰੀ ਸਟੀਫਨ ਦੀ ਸੇਵਾ ਦਾ ਬੀੜਾ ਮੈਂ ਆਪ ਚੁਕਿਆ। ਵਾਹਿਗੁਰੂ ਦੀ ਕ੍ਰਿਪਾ ਨਾਲ ਇਸ ਵੇਲੇ ਓਸਦੀ ਬਹੁਤ ਅੱਛੀ ਦਸ਼ਾ ਹੈ। ਇਕ ਦਿਨ ਸ਼ਾਮ ਵੇਲੇ ਸਟੀਫਨ ਨੇ ਮੈਥੋਂ ਪੁਛਿਆ—"ਮਲੂਮ ਹੁੰਦਾ ਹੈ ਮੈਂ ਤੁਹਾਨੂੰ ਕਿਧਰੇ ਵੇਖਿਆ ਹੈ?"

ਮੈਂ—ਹਾਂ। ਮੈਂ ਰਾਮਪਾਲ ਸਿੰਘ ਹਾਂ।

ਸਟੀਫਨ—ਮਾਫ਼ ਕਰਨਾ, ਮੈਂ ਤੁਹਾਨੂੰ ਪਛਾਣ ਨਹੀਂ ਸਕਿਆ! ਮੈਂ ਇਸ ਵੇਲੇ ਕਿਥੇ ਹਾਂ ?"

ਮੈਂ—"ਗਾਰਡਨ ਦੇ ਮਕਾਨ ਵਿਚ।"

ਸਟੀਫਨ—"ਇਥੇ ਮੈਨੂੰ ਕਿਉਂ ਲਿਆਂਦਾ ਹੈ?"

ਮੈਂ–ਕਿਲੇ ਦੇ ਸਾਰੇ ਕਮਰੇ ਖਰਾਬ ਹੋ ਗਏ ਸਨ ਅਤੇ ਓਥੇ ਤੁਹਾਨੂੰ ਰੱਖਣ ਵਿਚ ਸੁਖਾਲ ਨਹੀਂ ਸੀ।

ਸਟੀਫਨ–"ਫੇਰ ਮੈਨੂੰ ਹਸਪਤਾਲ ਕਿਉਂ ਨਾ ਲੈ ਗਏ ?"

ਮੈਂ–"ਕੀ ਹਸਪਤਾਲ ਇਥੇ ਨਾਲੋਂ ਚੰਗਾ ਹੈ ?"

ਸਟੀਫਨ–"ਇਕ ਦਰਜੇ ਨਹੀਂ, ਸੌ ਦਰਜੇ !"

ਮੈਂ ਸਮਝ ਗਿਆ ਕਿ ਰੋਜ਼ ਤੇ ਸਟੀਫਨ ਵਿਚ ਬਹੁਤ ਵਿਰੋਧ ਹੋ ਗਿਆ ਹੈ । ਮੈਂ ਕਿਹਾ–"ਚੰਗਾ ਜ਼ਰਾ ਤੁਹਾਡੀ ਤਬੀਅਤ ਠੀਕ ਹੋ ਜਾਵੇ ਫੇਰ ਹੋਰ ਜਗਾ ਲੈ ਚੱਲਾਂਗੇ।"

ਇਹ ਆਖਕੇ ਮੈਂ ਬਾਹਰ ਨਿਕਲ ਆਯਾ । ਮੈਂ ਵੇਖਿਆ ਭਰੀਆਂ ਹੋਈਆਂ ਅੱਖਾਂ ਨਾਲ ਰੋਜ਼ ਬੂਹੇ ਪਾਸ ਖੜ੍ਹੀ ਹੈ। ਮੈਂ ਉਸਨੂੰ ਇਕ ਪਾਸੇ ਲਿਜਾਕੇ ਪੁਛਿਆ–ਰੋਜ਼ ਮੈਂ ਤੇਰੇ ਪਿਤਾ ਤੁੱਲ ਹਾਂ। ਮੈਥੋਂ ਸ਼ਰਮਾਣ ਦੀ ਲੋੜ ਨਹੀਂ। ਮੈਨੂੰ ਤੂੰ ਇਹ ਦੱਸ ਕਿ ਸਟੀਫਨ ਤੇਰੇ ਉੱਤੇ ਕਿਉਂ ਗੁੱਸੇ ਹੈ ? ਜੇਕਰ ਇਸਦਾ ਕੋਈ ਉਪਾ ਹੋਵੇਗਾ ਤਾਂ ਮੈਂ ਜ਼ਰੂਰ ਕਰਾਂਗਾ।

ਇਹ ਗਲ ਸੁਣਦਿਆਂ ਹੀ ਰੋਜ਼ ਛੋਟੀਆਂ ਬਚੀਆਂ ਵਾਂਗ ਮੇਰੇ ਹੱਥਾਂ ਨਾਲ ਆਪਣਾ ਮੂੰਹ ਢੱਕ ਰੋਣ ਲੱਗ ਪਈ।

* * * * *

ਅਜ ਕੁਝ ਦਿਨਾਂ ਤੋਂ ਸਟੀਫਨ ਸਾਹਿਬ ਚੰਗੇ ਹਨ। ਓਹ ਐਸ ਜਗਾ ਬਦਲਣ ਲਈ ਜ਼ਿੱਦ ਕਰਦੇ ਹਨ, ਪਰ ਮੇਰੇ ਤੇ ਗਾਰਡਨ ਦੇ ਰੋਕਣ ਕਰਕੇ ਓਹ ਨਹੀਂ ਜਾ ਸਕਦੇ।

ਰੋਜ਼ ਨੇ ਮੈਨੂੰ ਸਾਰੀਆਂ ਗੱਲਾਂ ਦੱਸ ਦਿੱਤੀਆਂ।

ਸਟੀਫਨ ਨੂੰ ਮੈਂ ਬਹੁਤ ਸਮਝਾਯਾ, ਪਰ ਉਸਨੇ ਇਹੋ ਜਵਾਬ ਦਿੱਤਾ "ਜੋ ਗੱਲਾਂ ਮੈਂ ਅਪਣੀਆਂ ਅੱਖਾਂ ਨਾਲ ਵੇਖੀਆਂ ਹਨ ਭਲਾ ਉਨਾਂ ਉਤੇ ਕਿਸਤਰਾਂ ਬੇ ਇਤਬਾਰ ਕਰ ਸਕਦਾ ਹਾਂ ?"

ਮੈਂ ਕਿਹਾ—ਤੁਹਾਡੀ ਸਮਝ ਦੀ ਭੁੱਲ ਹੈ। ਜੇਮਸ ਇਕ ਸ਼ਰਾਬੀ ਤੇ ਬਦਮਾਸ਼ ਆਦਮੀ ਹੈ। ਰੋਜ਼ ਉਸਨੂੰ ਸੁਫਨੇ ਵਿਚ ਵੀ ਪਿਆਰ ਨਹੀਂ ਕਰ ਸਕਦੀ। ਜੇਮਸ ਦਾ ਇਹ ਖਿਆਲ ਹੈ ਕਿ ਜੇਕਰ ਕਿਸੇ ਤਰਾਂ ਰੋਜ਼ ਨੂੰ ਉਹ ਹੱਥ ਵਿਚ ਕਰ ਲਵੇ ਤਾਂ ਓਸਨੂੰ ਬਹੁਤ ਸਾਰਾ ਮਾਲ ਮਿਲ ਜਾਵੇਗਾ। ਤੁਸਾਂ ਜੋ ਕੁਛ ਵੇਖਿਆ ਹੈ ਉਹ ਸਾਰੀ ਜੇਮਸ ਦੀ ਹੀ ਸਾਜ਼ਸ਼ ਸੀ ਹੈ। ਰੋਜ਼ ਬਿਲਕੁਲ ਬੇਕਸੂਰ ਹੈ। ਇਸ ਲਈ ਤੁਸੀਂ ਉਸਨੂੰ ਮਾਫ਼ੀ ਦੇਵੋ। ਓਹ ਵਿਚਾਰੀ ਬਹੁਤ ਦੁਖੀ ਹ ਤੇ ਦੇਵਤਿਆਂ ਵਾਂਗ ਤੁਹਾਡੀ ਪੂਜਾ ਕਰਦੀ ਹੈ।

ਸਟੀਫਨ—ਤੁਹਾਨੂੰ ਮੈਂ ਬਹੁਤ ਸਰਧਾ ਨਾਲ ਵੇਖਦਾ ਹਾਂ, ਤੇ ਤੁਹਾਡੀਆਂ ਗੱਲਾਂ ਉੱਤੇ ਬੇਇਤਬਾਰੀ ਵੀ ਨਹੀਂ ਕਰ ਸਕਦਾ ਪਰਮੈਂ ਇਸਦਾ ਸਬੂਤ ਚਾਹੁੰਦਾ ਹਾਂ।

ਮੈਂ—ਸਬੂਤ ਤਾਂ ਸਾਫ ਹੈ। ਰੋਜ਼ ਦਾ ਸਦ ਦਿਲ ਤੁਹਾਡੇ ਨਾਲ ਮਿਲਿਆ ਹੋਇਆ ਹੈ ਫੇਰ ਸਬੂਤ ਦੀ ਕੀ ਲੋੜ ਹੈ ?"

ਸਟੀਫਨ—ਰੋਜ਼ ਨੇ ਜੇਮਸ ਨੂੰ ਵਰਨ ਨਹੀਂ ਦਿਤਾ, ਇਸਦਾ ਕੀ ਸਬੂਤ ਹੈ ?"

ਮੈਂ—"ਮੈਂ ਇਸਦੇ ਕਾਫ਼ੀ ਸਬੂਤ ਦਿਆਂਗਾ।"

ਓਸੇ ਦਿਨ ਸ਼ਾਮ ਨੂੰ ਲਛਮਣ ਦਾਸ ਨੇ ਖਬਰ ਭੇਜੀ ਕਿ ਮੈਕੇਂਜ਼ਰ ਦਾ ਸਾਥੀ ਅਬਦੁੱਲਾ ਸਾਧੂ ਬਣਕੇ ਕਾਨਪੁਰ ਦੇ ਪਾਸ ਆਯਾ ਹੈ। ਇਹ ਖਬਰ ਸੁਣਕੇ ਮੈਂ ਸਟੀਫਨ

ਜਾਕੇ ਮਿਲਿਆ। ਉਸਨੂੰ ਕਿਹਾ—"ਮੈਂ ਅਬਦੁੱਲੇ ਫੜਨ ਲਈ ਅਜ ਬਾਹਰ ਜਾਵਾਂਗਾ। ਮੇਰਾ ਇਹੋ ਹਠ ਹੈ ਕਿ ਜਦ ਤਕ ਮੈਂ ਮੁੜਕੇ ਨਾ ਆਵਾਂ ਤਦ ਤਕ ਇਥੇ ਹੀ ਤੁਸੀਂ ਰਹੋ।"

ਸਟੀਫਨ ਨੇ ਕੁਝ ਦੇਰ ਤਕ ਸੋਚਕੇ ਕਿਹਾ—"ਚੰਗਾ, ਮੈਂ ਤੁਹਾਡੀ ਗੱਲ ਟਾਲ ਨਹੀਂ ਸਕਦਾ, ਇਥੇ ਹੀ ਰਹਾਂਗਾ।"

ਰੋਜ਼ ਦੇ ਕੋਲ ਜਾਕੇ ਮੈਂ ਉਸਨੂੰ ਸਾਰੀਆਂ ਗੱਲਾਂ ਦੱਸੀਆਂ। ਮੇਰੀਆਂ ਗੱਲਾਂ ਸੁਣਕੇ ਓਸਨੂੰ ਬਹੁਤ ਧੀਰਜ ਹੋ ਗਿਆ। ਉਸਦਾ ਸੁੰਦਰ ਮੁਖੜਾ ਕੁਝ ਪ੍ਰਸੰਨਤਾ ਵਿਚ ਵੇਖਕੇ ਮੈਂ ਆਪਣੇ ਘਰ ਮੁੜਿਆ ਅਤੇ ਅਬਦੁੱਲੇ ਨੂੰ ਫੜਨ ਲਈ ਸ਼ਾਮ ਵੇਲੇ ਹੀ ਬਾਹਰ ਚਲਿਆ ਗਿਆ।

# ਕਾਂਡ ੨੦

## ਸੰਸਾ ਦੂਰ

(ਸਰਦਾਰ ਰਾਮਪਾਲ ਸਿੰਘ ਦਾ ਬਿਆਨ)

ਛਾਂਤੀਆ ਪਾਸੋਂ ਵਿਦਾ ਹੋਕੇ ਮੈਂ ਘਰ ਨੂੰ ਜਦ ਮੁੜਿਆ ਓਸ ਵੇਲੇ ਪ੍ਰਭਾਤ ਹੋ ਚੁਕੀ ਸੀ। ਅਜ ਮੈਕੇਯਰ ਦੇ ਮੁਕਦਮੇ ਦੀ ਪੈਹਲੀ ਪੇਸ਼ੀ ਸੀ। ਪੈਹਲਾਂ ਮੈਂ ਸਟੀਫਨ ਨੂੰ ਮਿਲਣ ਗਿਆ ਕਿਉਂਕਿ ਮੈਕੇਯਰ ਨੂੰ ਫੜਨ ਪਿਛੋਂ ਓਸ ਨਾਲ ਮਿਲਾਪ ਨਹੀਂ ਹੋਯਾ ਸੀ।

ਗਾਰਡਨ ਦੇ ਮਕਾਨ ਪੁਤ ਪਹੁੰਚਦਿਆਂ ਸਾਰ ਪਹਿਲਾਂ ਰੋਜ਼ ਮਿਲੀ ਓਸਨੇ ਪੁਛਿਆ—"ਕੀ ਅਜ ਮੈਕੇਯਰ ਦਾ ਮੁਕਦਮਾ ਹੈ ?"

ਮੈ-"ਹਾਂ ਜੀ ! ਸਟੀਫਨ ਕਿਥੇ ਹੈ?ਮਿਲਿਆ ਨਹੀਂ ਉਸਦੇ ਦਿਲ ਦਾ ਹੁਣ ਕੀ ਹਾਲ ਹੈ ?"

ਰੋਜ਼-"ਹੁਣ ਓਹ ਬਹੁਤ ਕੁਝ ਨਰਮ ਹੋ ਗਿਆ ਹੈ। ਪਰ ਅਜੇ ਤਕ ਉਸਦਾ ਸ਼ੱਕ ਚੰਗੀ ਤਰਾਂ ਦੂਰ ਨਹੀਂ ਹੋਯਾ।"

ਮੈਂ-"ਤੇਰੇ ਨਾਲ ਉਸਨੇ ਕੁਝ ਗੱਲਾ ਬਾਤਾਂ ਕੀਤੀਆਂ ?"

ਰੋਜ਼-"ਕੁਝ ਥੋੜੀਆਂ ਜੇਹੀਆਂ।"

ਮੈਂ ਰੋਜ਼ ਦੇ ਨਾਲ ਸਟੀਫਨ ਦੇ ਕਮਰੇ ਵਿਚ ਗਿਆ। ਓਸਨੇ ਮੈਨੂੰ ਵੱਡੇ ਆਦਰ ਨਾਲ ਬਿਠਾਯਾ ਅਤੇ ਰੋਜ਼ ਨੂੰ ਵੀ ਬੈਠਣ ਲਈ ਕਿਹਾ। ਮੈਂ ਵੀ ਵੇਖਿਆ: ਕਿ ਓਸਦਾ ਦਿਲ ਪੈਹਲਾਂ ਨਾਲੋਂ ਬਹੁਤ ਕੁਝ ਨਰਮ ਹੋਗਿਆ ਹੈ।

ਸਟੀਫਨ-"ਇਸ ਵਿਚ ਕੋਈ ਸ਼ੱਕ ਨਹੀਂ ਕਿ ਮੈਕੇਯਰ ਨੂੰ ਫੜਕੇ ਤੁਸਾਂ ਅੰਗ੍ਰੇਜ਼ਾਂ ਦਾ ਬਹੁਤ ਕੁਝ ਉਪਕਾਰ ਕੀਤਾ ਹੈ।"

ਮੈਂ-"ਨਾਲੇ ਹੇਲਨਾ ਦਾ ਬਦਲਾ ਵੀ ਲਿਆ ਹੈ।"

ਸਟੀਫਨ-"ਇਸਦੇ ਲਈ ਅਸੀਂ ਆਪਦੇ ਅਹਿ-ਸਾਨਵੰਦ ਹਾਂ।"

ਮੈਂ-ਅਜ ਮੈਕੇਯਰ ਦੇ ਮੁਕਦਮੇ ਦਾ ਦਿਨ ਹੈ ਕੀ ਆਪ ਚਲੋਗੇ ?

ਸਟੀਫਨ-"ਜੇਕਰ ਰੋਜ਼ ਗਈ ਤਾਂ ਮੈਂ ਜਾਵਾਂਗਾ। ਨਹੀਂ ਮੈਨੂੰ ਤਾਂ ਕੋਈ ਲੋੜ ਨਹੀਂ।"

ਮੈਂ-( ਰੋਜ਼ ਨੂੰ ) "ਕੀ ਤੁਸੀਂ ਜਾਓਗੇ ?"

ਰੋਜ਼-"ਸਾਡੀ ਗਵਾਹੀ ਅੱਜ ਹੋਵੇਗੀ ?"

ਮੈਂ-"ਨਹੀਂ ਅੱਜ ਸਿਰਫ ਮੈਕੇਯਰ ਦਾ ਬਿਆਨ

ਹੋਵਿਗਾ।"

ਰੋਜ਼-( ਸਟੀਫਨ ਵੱਲ ਵੇਖਕੇ ) ਜੇਕਰ ਤੁਹਾਨੂੰ ਜਾਣ ਵਿਚ ਕੋਈ ਤਕਲੀਫ ਨਾ ਹੋਵੇ ਤਾਂ ਮੈਨੂੰ ਵੀ ਕੋਈ ਉਜ਼ਰ ਨਹੀਂ।"

ਮੈਂ ਵੇਖਿਆ ਕਿ ਦੋਹਾਂ ਦਾ ਦਿਲ ਬਿਨਾਂ ਜਤਨ ਦੇ ਮਿਲ ਰਿਹਾ ਹੈ। ਹੁਣ ਮੈਨੂੰ ਕੋਈ ਕੋਸ਼ਿਸ਼ ਕਰਨ ਦੀ ਲੋੜ ਨਹੀਂ। ਇਹ ਜਾਣਕੇ ਮੈਂ ਓਥੋਂ ਹਲਣਾ ਯੋਗ ਸਮਝਿਆ ਤੇ ਇਹ ਆਖਕੇ ਬਾਹਰ ਨਿਕਲਿਆ-"ਚੰਗਾ, ਤੁਸਾਂ ਦਸ ਵਜੇ ਕਿਲੇ ਵਿਚ ਆ ਜਾਣਾ। ਮੈਂ ਹੁਣ ਜਾਂਦਾ ਹਾਂ।"

'ਰੋਜ਼'-ਓਸੇ ਕਮਰੇ ਵਿਚ ਹੀ ਰਹੋ। ਮੇਰਾ ਵੀ ਇਹੋ ਇਰਾਦਾ ਸੀ ਕਿ ਜਿਥੋਂ ਤਕ ਹੋ ਸਕੇ ਦੋਵੇਂ ਪ੍ਰੇਮੀ ਛੇਤੀ ਨਾਲ ਜੁੜ ਜਾਣ।

ਮੈਂ ਅਜੇ ਬਾਹਰ ਹੀ ਨਿਕਲਿਆ ਸਾਂ ਤਾਂ ਕੀ ਵੇਖਦਾ ਹਾਂ ਜੋ ਜੇਮਸ ਗਾਰਡਨ ਦੇ ਮਕਾਨ ਦੇ ਪਿਛਲੇ ਪਾਸੇ ਖੜਾ ਹੈ। ਮੈਂ ਓਸਦੇ ਪਾਸ ਗਿਆ ਤੇ ਕਿਹਾ-"ਕੌਣ ਹੈ? ਜੇਮਸ! ਇਥੇ ਕੀ ਕਰਦਾ ਹੈਂ? ਪਰ ਓਸਨੇ ਵੱਡੀ ਰੁਖਾਈ ਨਾਲ ਕਿਹਾ ਕਿ-"ਆਪ ਰਾਹ ਰਸਤੇ ਉੱਪਰ ਭਲੇ ਮਨੁੱਖਾਂ ਨਾਲ ਅਜੇਹਾ ਵਰਤਾਉ ਕਿਉਂ ਕਰਦੇ ਹੋ?"

ਮੈਂ-ਤੇਰੇ ਨਾਲ ਕੁਝ ਮਤਲਬ ਹੈ ਇਸੇ ਵਾਸਤੇ ਤੈਨੂੰ ਪੁਛਿਆ ਹੈ।

ਜੇਮਸ-"ਕੀ ਕੰਮ ਹੈ?"

ਮੈਂ-"ਤੂੰ ਸਟੀਫਨ ਦਾ ਵਿਰੋਧੀ ਹੈਂ ਨਾ?"

ਜੇਮਸ-"ਕਿਸ ਤਰਾਂ?"

ਮੈਂ-"ਰੋਜ਼ ਦੇ ਨਾਲ ਸ਼ਾਦੀ ਕਰਨ ਵਿਚ।"

ਜੇਮਸ--"ਤੁਸਾਂ ਇਹ ਕਿਸ ਤਰਾਂ ਜਾਣਿਆ ?"

ਮੈਂ-"ਸਟੀਵਨ ਨੇ ਕਿਹਾ ਹੈ।"

ਜੇਮਸ-"ਫੇਰ ਤੁਹਾਨੂੰ ਕੀ ?"

ਮੈਂ-ਮੇਰਾ ਵੀ ਕੁਝ ਮਤਲਬ ਹੈ। ਸਟੀਵਨ ਨੇ ਮੈਨੂੰ ਧੋਖਾ ਦਿਤਾ ਹੈ। ਇਸ ਲਈ ਮੈਂ ਉਸ ਪਾਸੋਂ ਬਦਲਾ ਲੈਣਾ ਚਾਹੁੰਦਾ ਹਾਂ।

ਜੇਮਸ-"ਤੁਸੀਂ ਮੈਨੂੰ ਧੋਖਾ ਦੇਂਦੇ ਹੋ, ਕਿ ਸੱਚ ੨ ਆਖਦੇ ਹੋ ?"

ਮੈਂ ਆਪਣਾ ਮੂੰਹ ਹੋਰ ਗੰਭੀਰ ਬਣਾਕੇ ਕਿਹਾ-"ਸਿਖ ਲੋਕ ਕਦੇ ਕਿਸੇ ਨੂੰ ਧੋਖਾ ਨਹੀਂ ਦੇਂਦੇ ਮੈਂ ਤੈਨੂੰ ਸੱਚ ਹੀ ਕਿਹਾ ਹੈ।"

ਜੇਮਸ-"ਉਸਨੇ ਤੁਹਾਨੂੰ ਕੀ ਧੋਖਾ ਦਿਤਾ ਹੈ ?"

ਮੈਂ-"ਇਕ ਕੰਮ ਕਰ ਦੇਣ ਪਰ ਉਸਨੇ ਸਾਨੂੰ ਦੋ ਹਜ਼ਾਰ ਰੁਪਯਾ ਦੇਣ ਦਾ ਵੇਦਾ ਕੀਤਾ ਸੀ। ਪਰ ਉਸਨੇ ਕੰਮ ਹੋ ਜਾਣ ਪਰ ਵੀ ਰੁਪਯੇ ਨਹੀਂ ਦਿਤੇ ਤੇ ਨਾ ਦੇਣੇ ਚਾਹੁੰਦਾ ਹੈ।

ਜੇਮਸ-"ਤੁਸੀਂ ਉਸ ਪਾਸੋਂ ਕੇਹਾ ਬਦਲਾ ਲੈਣਾ ਚਾਹੁੰਦੇ ਹੋ ?"

ਮੈਂ-ਭਲਾ ਤੇਰਾ ਭੀ ਤਾਂ ਓਹ ਵੈਰੀ ਹੈ, ਤੂੰ ਉਸ ਪਾਸੋਂ ਕੇਹਾ ਬਦਲਾ ਲੈਣਾ ਚਾਹੁੰਦਾ ਹੈਂ ?

ਜੇਮਸ-"ਮੇਰਾ ਦਿਲ ਤਾਂ ਇਹ ਕਰਦਾ ਹੈ ਕਿ ਓਸ ਨੂੰ ਇਸ ਜਹਾਨ ਤੋਂ ਵਿਦਾ ਕਰ ਦੇਵਾਂ।"

ਮੈਂ-"ਨਹੀਂ ਇਹ ਕੰਮ ਚੰਗਾ ਨਹੀਂ। ਛੇਕੜ ਤੈਨੂੰ ਵੀ ਆਪਣੀ ਜਾਨ ਨਾਹਕ ਹੀ ਗਵਾਣੀ ਪਊ।"

ਜੇਮਸ-"ਫੇਰ ਤੁਸੀਂ ਕਿਸ ਤਰਾਂ ਦਾ ਬਦਲਾ

ਚਾਹੁੰਦੇ ਹੋ ?"

ਮੈਂ--ਕੋਈ ਐਸੀ ਗੱਲ ਕੀਤੀ ਜਾਵੇ ਜਿਸ ਨਾਲ ਰੋਜ਼ ਨੂੰ ਓਹ ਨਾ ਭਾਵੇ।"

ਜੇਮਸ--"ਬਸ ਮੈਂ ਵੀ ਇਹੋ ਚਾਹੁੰਦਾ ਹਾਂ।"

ਮੈਂ--"ਭਲਾ, ਤੇਰੀ ਰੋਜ਼ ਨਾਲ ਬਣਦੀ ਤਾਂ ਹੈ ਨਾ ? ਤੇਰੀ ਓਹ ਕੀ ਲਗਦੀ ਹੈ ?"

ਜੇਮਸ-ਓਹ ਮੇਰੀ ਚਚੇਰੀ ਭੈਣ ਹੈ ਤੇ ਮੈਂ ਉਸ ਨਾਲ ਸ਼ਾਦੀ ਕਰਨੀ ਚਾਹੁੰਦਾ ਹਾਂ। ਪਰ ਓਹ ਅੱਖ ਭਰਕੇ ਮੈਨੂੰ ਵੇਖਦੀ ਤੱਕਦੀ ਨਹੀਂ, ਓਸਦਾ ਮਨ ਸਟੀਵਨ ਉਤੇ ਹੈ।

ਮੈਂ--ਤੈਂ ਓਸਨੂੰ ਕਦੇ ਕਿਹਾ ਸੀ ਕਿ ਮੈਂ ਤੇਰੇ ਨਾਲ ਸ਼ਾਦੀ ਕਰਨੀ ਚਾਹੁੰਦਾ ਹਾਂ।

ਜੇਮਸ--"ਹਾਂ ਕਿਹਾ ਸੀ, ਪਰ ਓਸਨੇ ਮੇਰੀ ਗੱਲ ਨਾ ਮੰਨੀ।"

ਮੈਂ--"ਤੂੰ ਹੁਣ ਇਥੇ ਕਿਸ ਵਾਸਤੇ ਆਯਾ ਸੀ ?"

ਜੇਮਸ--"ਮੈਂ ਹਮੇਸ਼ਾ ਸੰਝ ਸਵੇਰੇ ਰੋਜ਼ ਨੂੰ ਮਿਲਣ ਵਾਸਤੇ ਔਂਦਾ ਹੀ ਰੈਂਹਦਾ ਹਾਂ।"

ਮੈਂ--"ਇਸਦਾ ਨਤੀਜਾ ਕੀ ਹੋਵੇਗਾ ?"

ਜੇਮਸ--"ਹੋਰ ਕੁਝ ਨਹੀਂ ਪਰ ਸਟੀਵਨ ਦੇ ਦਿਲ ਵਿਚ ਸ਼ਕ ਤਾਂ ਜਾਵੇਗਾ।"

ਮੈਂ--"ਪਰ ਮੈਨੂੰ ਨਿਸਚਾ ਹੈ ਕਿ ਇਸ ਕੰਮ ਵਿਚ ਤੂੰ ਕਾਮਯਾਬ ਨਹੀਂ ਹੋਵੇਂਗਾ।"

ਜੇਮਸ--"ਜ਼ਰੂਰ ਹੋਵਾਂਗਾ। ਸਟੀਵਨ ਦੇ ਦਿਲ ਵਿਚ ਮੈਂ ਸ਼ਕ ਪਾ ਦਿੱਤਾ ਹੈ।"

ਮੈਂ--"ਜੇਕਰ ਮੈਂ ਤੇਰਾ ਕੰਮ ਬਣਾ ਦੇਵਾਂ ਤਾਂ ਮੈਨੂੰ ਤੂੰ ਕੀ ਇਨਾਮ ਦੇਵੇਂਗਾ ?"

ਜੇਮਸ—"ਸਟੀਫਨ ਨੇ ਤੁਹਾਨੂੰ ਦੋ ਹਜ਼ਾਰ ਰੁਪਯੇ ਦੇਣੇ ਕੀਤੇ ਸਨ ਪਰ ਮੈਂ ਤੁਹਾਨੂੰ ਚਾਰ ਹਜ਼ਾਰ ਰੁਪਯੇ ਦੇਵਾਂਗਾ। ਉਨ੍ਹਾਂ ਵਿਚੋਂ ਵੀ ਇਕ ਹਜ਼ਾਰ ਹੁਣੇ!"

ਮੈਂ—ਚੰਗਾ ਮਨਜ਼ੂਰ, ਕੀ ਕਰਨਾ ਚਾਹੀਦਾ ਹੈ ਦੱਸ।"

ਜੇਮਸ—ਮੈਂ ਰੋਜ਼ ਦੇ ਨਾਮ ਇਕ ਚਿਠੀ ਲਿਖਾਂਗਾ। ਉਸਨੂੰ ਉਸਦੇ ਪਾਸ ਪੁਚਾ ਦੇਣਾ।

ਮੈਂ—"ਓਸ ਚਿਠੀ ਵਿਚ ਤੁਸੀਂ ਕੀ ਲਿਖੋਗੇ ?"

ਜੇਮਸ—"ਓਸ ਚਿਠੀ ਵਿਚ ਮੈਂ ਅਪਣਾ ਨਾਮ ਨਾ ਲਿਖਕੇ ਰੋਜ਼ ਦੀ ਸਖੀ ਹੇਰੀਯਟ ਐਂਟਨੀ ਦਾ ਨਾਮ ਲਿਖਾਂਗਾ।

ਮੈਂ—ਓਹ ਕੌਣ ਹੈ ?

ਜੇਮਸ—ਜਾਰਜ ਹੈਮਿਲਟਨ ਦੀ ਲੜਕੀ।

ਮੈਂ—ਚੰਗਾ ਮੈਂ ਤੇਰਾ ਕੰਮ ਕਰ ਦੇਵਾਂਗਾ ਪਰ ਤੈਨੂੰ ਵੀ ਇਕ ਪ੍ਰਣ ਮੇਰੇ ਨਾਲ ਕਰਨਾ ਪਵੇਗਾ।

ਜੇਮਸ—ਓਹ ਕੇਹਾ ?

ਮੈਂ—ਜਦ ਤੈਂ ਮੈਨੂੰ ਵਿਚੋਲਾ ਬਣਾਯਾ ਹੈ ਤਾਂ ਬਿਨਾਂ ਮੇਰੀ ਸਲਾਹ ਦੇ ਆਪਣੇ ਆਪ ਕੋਈ ਕੰਮ ਨਾ ਕਰਨਾ, ਨਹੀਂ ਤਾਂ ਧੋਖਾ ਖਾਵੇਂਗਾ।

ਜੇਮਸ—ਮੈਂ ਸਹੁੰ ਖਾਕੇ ਕੈਂਹਦਾ ਹਾਂ ਕਿ ਮੈਂ ਤੁਹਾਡੇ ਕਹੇ ਮੂਜਬ ਕਰਾਂਗਾ।

*ਮੈਂ—ਅੱਛਾ, ਸ਼ਾਮ ਨੂੰ ਓਹ ਚਿੱਠੀ ਮੈਨੂੰ ਲਿਖਕੇ ਦੇ ਦੇਣੀ।*

ਜੇਮਸ ਚਲਿਆ ਗਿਆ ਤੇ ਮੈਂ ਵੀ ਅਪਣੇ ਘਰ ਦੇ ਰਾਹ ਪਿਆ। ਜੇਮਸ ਦੀਆਂ ਗੱਲਾਂ ਤੋਂ ਪਤਾ ਲੱਗ ਗਿਆ

ਕਿ ਰੋਸ਼ ਬਿਲਕੁਲ ਨਿਰਦੋਸ਼ ਹੈ, ਸਟੀਫਨ ਨੂੰ ਮੈਂ ਹੁਣ ਕਾਫੀ ਸਬੂਤ ਦੇ ਸੱਕਾਂਗਾ।

ਮੱਜਿਸਟ੍ਰੇਟ ਦਰਜਾ ਅੱਵਲ ਦੀ ਅਦਾਲਤ ਵਿਚ ਡਾਕੂ ਮੇਕੇਯਰ ਦਾ ਮੁਕੱਦਮਾ ਪੇਸ਼ ਕੀਤਾ ਗਿਆ ਪਰ ਬਲਵਾਈਆਂ ਦੀ ਸਹੈਤਾ ਕਰਨ ਦੇ ਕਾਰਣ ਉਸਦਾ ਵਿਚਾਰ ਇਸ ਅਦਾਲਤ ਵਿਚ ਨਾ ਹੋ ਸਕਿਆ। ਇਹ ਫੈਸਲਾ ਹੋਯਾ ਕਿ ਇਸਦਾ ਮੁਕਦਮਾ "ਕੋਰਟ ਆਫ ਮਾਰਸ਼ਲ" ਦੇ ਸਾਮਣੇ ਪੇਸ਼ ਕੀਤਾ ਜਾਵੇ।

ਮੇਰੇ ਕਹੇ ਮੂਜਬ ਸਟੀਫਨ ਤੇ ਰੋਸ਼ ਕਿਲੇ ਵਿਚ ਗਏ। ਦੋਹਾਂ ਦੇ ਹੀ ਚੇਹਰੇ ਪ੍ਰਸੰਨ ਤੇ ਖਿੜੇ ਹੋਏ ਨਜ਼ਰ ਆਏ। ਮੈਂ ਜਾਣ ਗਿਆ ਕਿ ਫੁਲ ਦਾ ਕੀੜਾ ਨਿਕਲ ਗਿਆ। ਓਸ ਦਿਨ ਸ਼ਾਮ ਵੇਲੇ ਜੇਮਸ ਇਕ ਹਜ਼ਾਰ ਰੁਪਯੇ ਲੈਕੇ ਮੈਨੂੰ ਮਿਲਣ ਲਈ ਆਯਾ। ਪਰ ਮੈਂ ਕਈ ਬਹਾਨੇ ਕਰਕੇ ਓਸਨੂੰ ਦੋ ਦਿਨ ਠੇਹਰ ਜਾਣ ਲਈ ਕਿਹਾ।

# ਕਾਂਡ ੨੧

## ਮੇਕੇਯਰ ਦੀ ਆਪ ਬੀਤੀ।

### ( ਸਰਦਾਰ ਰਾਮਪਾਲ ਸਿੰਘ ਦਾ ਬਿਆਨ )

ਅੱਜ "ਕੋਰਟ ਆਫ ਮਾਰਸ਼ਲ" ਬੈਠੀ ਹੈ। ਖੁਦ ਜਾਰਜ ਹੈਮਿਲਟਨ ਉਸਦੇ ਜੱਜ ਹਨ। ਕਚੈਹਰੀ ਵਿਚ ਖਾਸੀ ਭੀੜ ਹੈ। ਰੋਜ਼, ਗਾਰਡਨ ਤੇ ਸਟੀਫਨ ਵੀ ਮੌਜੂਦ ਹਨ। ਬਾਰਾਂ ਵਜੇ ਦੇ ਪਿਛੋਂ ਮੇਕੇਯਰ ਦਾ ਵਿਚਾਰ ਅਰੰਭ ਹੋਯਾ। ਡਾਕੂ ਮੇਕੇਯਰ ਨੇ ਸਹੁੰ ਖਾਕੇ ਹੇਠ ਲਿਖਿਆ ਬਿਆਨ ਦਿਤਾ।

"ਮੇਰਾ ਨਾਮ ਰਾਬਰਟ ਮੇਕੇਯਰ ਹੈ। ਫ੍ਰਾਂਸ ਦੇ

'ਕੈਨੇ' ਨਗਰ ਵਿਚ ੧੮੧੯ ਈ: ਦੇ ਜੂਨ ਮਹੀਨੇ ਮੇਰਾ ਜਨਮ ਹੋਯਾ। ਮੇਰੇ ਪਿਤਾ ਦਾ ਨਾਮ ਹੇਨਰੀ ਫੈਲਰ ਮੇਕੇਫਰ ਸੀ। ਜੋ ਬੜਾ ਧਨਵਾਨ ਤੇ ਮਹਾਰਥੀ ਨੇਪੋਲੀਅਨ ਬੋਨਾਪਾਰਟ ਦੇ ਮਾਤੈਹਤ ਮੇਜਰ ਦਾ ਕੰਮ ਕਰਦਾ ਸੀ ਤੇ ਨੇਪੋਲੀਅਨ ਉਸ ਪਰ ਬਹੁਤ ਪਸੰਨ ਸੀ।

ਮੈਨੂੰ ਲਾਇਕ ਬਨਾਣਾ ਮੇਰੇ ਪਿਤਾ ਦਾ ਖਾਸ ਖਿਆਲ ਸੀ ਅਤੇ ਇਸੇ ਕਰਕੇ ਓਸਨੇ ਪੇਰਿਸ ਦੇ ਇਕ ਵਡੇ ਕਾਲਜ ਵਿਚ ਮੈਨੂੰ ਭਰਤੀ ਕਰਾਯਾ ਸੀ। ਸੋਲਾਂ ਵਰ੍ਹੇ ਦੀ ਉਮਰ ਤਕ ਮੈਂ ਪੜ੍ਹਦਾ ਰਿਹਾ। ਧਯਾਨ ਰੱਖਕੇ ਪੜ੍ਹਨ ਦੇ ਕਾਰਣ ਪੰਜਾਂ ਵਰਿਹਾਂ ਵਿਚ ਪੰਜਾਂ ਪ੍ਰਧਾਨ ਬੋਲੀਆਂ ਦੀ ਪੜ੍ਹਾਈ ਪੂਰੀ ਕਰਕੇ ਮੈਂ ਸੋਨੇ ਦਾ ਤਮਗਾ ਹਾਸਿਲ ਕੀਤਾ।

ਮੇਰਾ ਪਿਤਾ ਪ੍ਰੋਟਸਟੈਂਟ ਈਸਾਈ ਸੀ ਪਰ ਮੈਂ ਰੋਮਨ ਕੈਥੋਲਿਕ ਮজ਼ਹਬ ਨੂੰ ਮੰਨਦਾ ਸਾਂ। ਮੈਂ ਬਚਪਨ ਤੋਂ ਹੀ ਧਰਮੀ ਤੇ ਈਸ਼੍ਵਰ ਭਗਤ ਸਾਂ। ਬੰਦਗੀ ਕੀਤੇ ਬਿਨਾ ਮੈਂ ਪਾਣੀ ਤਕ ਵੀ ਨਹੀਂ ਪੀਂਦਾ ਸਾਂ।

ਉਸੇ ਵੇਲੇ ਸੂਰ ਬੀਰ ਮਾਰਸ਼ਲ 'ਨੇ' ਦੇ ਪਰਵਾਰ ਨਾਲ ਮੇਰੀ ਜਾਣ ਪਛਾਣ ਹੋ ਗਈ। 'ਨੇ' ਦੀ ਸਭਨਾਂ ਤੋਂ ਛੋਟੀ ਲੜਕੀ 'ਏਨੀ' ਵੱਡੀ ਖੂਬਸੂਰਤ ਲੜਕੀ ਸੀ। ਸਾਰੇ ਫ੍ਰਾਂਸ ਵਿਚ ਉਸਦੇ ਜੇਹੀ ਰੂਪਵੰਤੀ ਤੇ ਗੁਣਵੰਤੀ ਲੜਕੀ ਉਸ ਵੇਲੇ ਹੋਰ ਕੋਈ ਨਹੀਂ ਸੀ। 'ਏਨੀ' ਨਾਲ ਮੇਰੀ ਭਾਰੀ ਪ੍ਰੀਤ ਹੋ ਗਈ ਤੇ ਓਸਨੂੰ ਮੈਂ ਪ੍ਰਾਣਾ ਨਾਲੋਂ ਵੀ ਵੱਧ ਪਯਾਰ ਕਰਨ ਲੱਗਾ। ਓਹ ਵੀ ਮੈਨੂੰ ਪਿਆਰ ਕਰਦੀ ਸੀ ਪਰ ਹੋਰ ਤਰਾਂ ਨਾਲ। ਮੈਂ ਇਹ ਗੱਲ ਓਸ ਵੇਲੇ ਨਹੀਂ ਜਾਣ ਸਕਿਆ ਸਾਂ।

ਉਸੇ ਵੇਲੇ ਹੀ ਇਕ ਅੰਗ੍ਰੇਜ਼ ਲੜਕਾ ਵੀ ਮੇਰਾ

ਦੋਸਤ ਬਣ ਗਿਆ। ਅਸੀ ਦੋਵੇਂ ਅਕੱਠੇ ਇਕੋ ਸਗਾ ਰੈਂਹਦੇ, ਖਾਂਦੇ ਪੀਂਦੇ ਤੇ ਤੁਰਦੇ ਫਿਰਦੇ ਸਾਂ। ਮੈਂ ਓਸ ਲੜਕੇ ਦਾ ਨਾਮ ਨਹੀਂ ਦੱਸਾਂਗਾ ਕਿਉਂਕਿ ਮੈਂ ਓਸ ਨਾਲ ਪ੍ਰਤੱਗਜਾ ਕਰ ਚੁਕਾ ਹਾਂ।

੧੯੧੫ ਵਿਚ ਵਾਟਰਲੂ ਦੀ ਲੜਾਈ ਦੇ ਪਿਛੋਂ ਮਾਰਸ਼ਲ ਨੇ ਬੋਰਬੋ ਰਾਜ ਦੇ ਹੁਕਮ ਨਾਲ ਬਲਵਾਈ ਜਾਣਕੇ ਮਾਰੇ ਗਏ। ਉਨਾਂ ਦੇ ਮਾਰਨ ਪਿਛੋਂ ਕੌਂਟ ਲਾਲੀ ਬਾਰਬਾ ਨੇ ਹੀ ਮਾਰਸ਼ਲ ਨੇ ਦੀਆਂ ਦੋਵੇਂ ਲੜਕੀਆਂ ਦੀ ਪਾਲਣਾ ਕੀਤੀ। ਕੌਂਟ ਲਾਲੀ ਮਾਰਸ਼ਲ ਨੇ ਦੇ ਵੱਡੇ ਮਿਤ੍ਰ ਸਨ।

ਬਾਰਬਾ ਦਾ ਇਕ ਲੜਕਾ ਸੀ ਕਿ ਜਿਸਦਾ ਨਾਮ ਸੀ ਜੋਸੇਫ। ਜੋਸੇਫ ਉਮਰ ਵਿਚ ਮੇਰੇ ਨਾਲੋਂ ਵੱਡਾ ਸੀ। ਉਸਦੇ ਪਿਤਾ ਦੀ ਮਰਜ਼ੀ ਵੀ ਇਹੋ ਸੀ ਕਿ ਏਨੀ ਦੀ ਸ਼ਾਦੀ ਉਸੇ ਨਾਲ ਹੋਵੇ। ਜਦ ਏਨੀ ਨੂੰ ਪੁਛਿਆ ਗਿਆ ਤਦ ਓਹ ਰਾਜ਼ੀ ਨਾ ਹੋਈ। ਓਸਨੇ ਕਿਹਾ--"ਸ਼ਾਦੀ ਇਕ ਭਾਰੀ ਕੰਮ ਹੈ। ਬਿਨਾ ਸੋਚੇ ਸਮਝੇ ਮੈਂ ਨਹੀਂ ਕਰਾਂਗੀ। ਇਸ ਲਈ ਕੌਂਟ ਲਾਲੀ ਨੇ ਓਸਦਾ ਖਿਆਲ ਕੁਝ ਦਿਨ ਛੱਡ ਦਿਤਾ। ਪਰ ਉਸਦੀ ਇੱਛਾ ਉਪਰ ਦੱਸੇ ਵਾਂਗ ਹੀ ਸੀ। ਜੋਸੇਫ ਭੀ ਏਨੀ ਨੂੰ ਦਿਲੋਂ ਚਾਹੁੰਦਾ ਸੀ। ਓਹ ਵੀ ਹਰ ਵੇਲੇ ਏਨੀ ਦੇ ਪਾਸ ਰੈਂਹਦਾ ਸੀ ਤੇ ਖਾਣਾ ਪੀਣਾ ਬੈਠਣਾ ਉਠਣਾ ਉਸਦੇ ਨਾਲ ਹੀ ਸੀ।

ਅਪਣੇ ਦੋਸਤ ਅੰਗ੍ਰੇਜ਼ ਲੜਕੇ ਨਾਲ ਵੀ ਮੈਂ ਏਨੀ ਦੀ ਜਾਣ ਪਛਾਣ ਕਰਾ ਦਿਤੀ। ਹੌਲੀ ੨ ਮੇਰੇ ਦੋਸਤ ਤੇ ਏਨੀ ਵਿਚ ਭਾਰੀ ਪ੍ਰੇਮ ਹੋ ਗਿਆ, ਅਤੇ ਥੋੜੇ ਹੀ ਦਿਨਾਂ ਵਿਚ ਮੈਂ ਜਾਣ ਗਿਆ ਕਿ 'ਏਨੀ' ਨੇ ਮੇਰੇ ਅੰਗ੍ਰੇਜ਼ ਦੋਸਤ

ਨੂੰ ਆਪਨਾ ਦਿਲ ਦੇ ਦਿਤਾ ਹੈ। ਇਹ ਜਾਣਕੇ ਮੇਰੇ ਦਿਲ ਵਿਚ ਭਾਰੀ ਗੁੱਸਾ ਤੇ ਵੈਰ ਪੈਦਾ ਹੋ ਗਿਆ। ਮਿਤ੍ਰਤਾ ਹੌਲੀ ੨ ਘਟਦੀ ਗਈ।

ਜੋਸੇਫ ਵੀ ਸਮਝ ਗਿਆ ਕਿ ਉਸਦੀ ਕਿਸਮਤ ਫੁਟ ਗਈ ਹੈ। ਮੇਰਾ ਦੋਸਤ ਹੀ ਉਸਦਾ ਸ਼ਰੀਕ ਪੈਦਾ ਹੋ ਗਿਆ ਹੈ, ਪਰ ਮੇਰਾ ਗੁੱਸਾ ਅਪਣੇ ਦੋਸਤ ਉੱਤੇ ਸੀ ਜੋਸੇਫ ਉਤੇ ਨਹੀਂ। ਕਿਉਂਕਿ ਮੈਂ ਜਾਣਦਾ ਸਾਂ ਏਨੀ ਜੋਸੇਫ ਨਾਲ ਸ਼ਾਦੀ ਨਹੀਂ ਕਰਗੀ। ਹੁਣ ਮੈਂ ਦੋਹਾਂ ਨੂੰ ਹੀ ਮਾਰ ਦੇਣਾ ਠੀਕ ਸਮਝਿਆ। ਮੇਰੇ ਦਿਲ ਦਾ ਭਾਵ ਯਕਾਯਕ ਇਸਤਰਾਂ ਕਿਉਂ ਬਦਲ ਗਿਆ? ਇਹ ਮੈਂ ਆਪ ਵੀ ਨਾ ਜਾਣ ਸਕਿਆ।

ਜੋਸੇਫ ਨੇ ਅਪਣੇ ਪਿਤਾ ਦੀ ਰਾਹੀਂ 'ਏਨੀ' ਪਾਸ ਸਾਡਾ ਔਣਾ ਜਾਣਾ ਬੰਦ ਕਰ ਦਿੱਤਾ ਜਿਸਤੋਂ ਮੇਰੇ ਦੋਸਤ ਦੇ ਦਿਲ ਉੱਤੇ ਭਾਰੀ ਸੱਟ ਵੱਜੀ। ਓਹ ਵੀ ਭਾਵੇਂ ਸਦਾਚਾਰੀ ਤੇ ਧਰਮੀ ਸੀ ਪਰ ਉਸਦੇ ਦਿਲ ਵਿਚ ਵੀ ਵਿਕਾਰ ਪੈਦਾ ਹੋਗਿਆ। ਮੇਰੇ ਮਿਤ੍ਰ ਨੇ ਇਕ ਦਿਨ ਹਨੇਰੇ ਵਿਚ ਜੋਸੇਫ ਨੂੰ ਮਾਰ ਸੁਟਿਆ ਅਤੇ ਇਹ ਭਯਾਨਕ ਕੰਮ ਮੇਰੇ ਸਾਹਮਣੇ ਹੀ ਹੋਯਾ। ਮੈਂ ਜੇਕਰ ਚਾਹੁੰਦਾ ਤਾਂ ਓਸੇ ਦਿਨ ਉਸਨੂੰ ਪੁਲਿਸ ਵਿਚ ਪਕੜਾ ਦੇਂਦਾ, ਪਰ ਮੈਂ ਅਜੇਹਾ ਨਾ ਕੀਤਾ ਕਿਉਂਕਿ ਮੈਂ ਓਸਨੂੰ ਆਪਣੇ ਹੱਥਾਂ ਨਾਲ ਮਾਰਿਆ ਚਹੁੰਦਾ ਸਾਂ।

ਜੋਸੇਫ ਦੇ ਖੂਨ ਨਾਲ ਫ੍ਰਾਂਸ ਵਿਚ ਬੜੀ ਹਲ ਚਲ ਪੈ ਗਈ। ਵੱਡਾ ਚਾਲਾਕ ਪੁਲਿਸ ਕਮਿਸ਼ਨਰ "ਡੂਰੀ" ਇਸਦੀ ਖੋਜ ਕਰਨ ਲੱਗਾ। ਖੂਨ ਕਰਕੇ ਮੇਰਾ ਮਿਤ੍ਰ ਬਹੁਤ ਡਰ ਗਿਆ। ਓਹ ਤੇ 'ਏਨੀ' ਦੋਵੇਂ ਓਥੋਂ

ਨੱਠ ਜਾਣ ਦਾ ਜਤਨ ਕਰਨ ਲਗੇ ਤੇ ਮੈਂ ਉਨਾਂ ਨੂੰ ਜਾਨੋਂ ਮਾਰਨ ਦਾ ਮੌਕਾ ਢੂੰਡਣ ਲੱਗਾ। ਮੇਰਾ ਮਿਤ੍ਰ ਮੇਰੀ ਜਾਲ ਵਿਚ ਜਾਨ ਹੁੰਦਿਆਂ ਆਪਣੀ ਪਜਾਰੀ ਨੂੰ ਲੈਕੇ ਨੱਠ ਜਾਵੇ, ਇਹ ਕਦੇ ਵੀ ਮੈਂ ਨਹੀਂ ਸਹਾਰ ਸਕਦਾ। ਇਸ ਲਈ ਮੈਂ ਉਨਾਂ ਨੂੰ ਨੱਠਣ ਤੋਂ ਪੇਹਲਾਂ ਹੀ ਪਾਰ ਬੁਲਾਣ ਦਾ ਜਤਨ ਕਰਨ ਲੱਗਾ।

ਮੈਕੇਯਰ ਨੇ ਓਸੇ ਵੇਲੇ ਇਥੋਂ ਤਕ ਹੀ ਬਿਆਨ ਦਿੱਤਾ ਸੀ ਕਿ ਗਾਰਡਨ ਨੇ ਮੈਨੂੰ ਸੱਦਕੇ ਕਿਹਾ—"ਮੇਰੀ ਤਬੀਅਤ ਠੀਕ ਨਹੀਂ, ਜੇਕਰ ਮੇਰਾ ਰੈਰਣਾ ਜ਼ਰੂਰੀ ਨਾ ਹੋਵੇ ਤਾਂ ਮੈਂ ਚਲਿਆ ਜਾਵਾਂ?"

ਉਸ ਵੇਲੇ ਗਾਰਡਨ ਦਾ ਚੇਹਰਾ ਵੇਖਕੇ ਮੈਨੂੰ ਬਹੁਤ ਹੀ ਅਚਰਜ ਹੋਯਾ। ਉਸਦਾ ਅਜੇਹਾ ਬਦਲਣਾ ਜਕਾਯਕ ਕਿਉਂ ਹੋਯਾ, ਇਹ ਗੱਲ ਮੇਰੀ ਸਮਝ ਵਿਚ ਨਾ ਆਈ। ਮੈਂ ਡਰਦੇ ੨ ਕਿਹਾ—"ਤੁਸੀਂ ਜਾਓ। ਮਲੂਮ ਹੁੰਦਾ ਹੈ ਅਜ ਤੁਹਾਡੀ ਲੋੜ ਨਹੀਂ ਪਵੇਗੀ।"

ਓਸੇ ਵੇਲੇ ਸਟੀਫਨ ਨੂੰ ਨਾਲ ਲੈਕੇ ਗਾਰਡਨ ਚਲਿਆ ਗਿਆ। ਉਸਦੇ ਅਚਾਨਕ ਇਸਤਰਾਂ ਉਠਜਾਣ ਦਾ ਕਾਰਣ ਕੀ ਹੈ, ਮੈਂ ਇਹ ਸਹਜੇ ਨ ਸਮਝ ਸਕਿਆ। ਸੋ ਰੋਜ਼ ਤੇ ਮੈਂ ਓਥੇ ਹੀ ਰਹੇ। ਡਾਕੂ ਮੈਕੇਯਰ ਨੇ ਫੇਰ ਕਿਹਾ:—

ਮੈਂ ਦਿਲ ਵਿਚ ਇਹ ਪ੍ਰਣ ਕਰ ਲਿਆ ਕਿ ਆਪਨੇ ਮਿਤ੍ਰ ਨੂੰ ਮੈਂ ਜਿਥੇ ਵੇਖਾਂਗਾ ਓਥੇ ਹੀ ਮਾਰ ਸੁੱਟਾਂਗਾ। ਮੈਂ ਆਪਣੇ ਦਿਲ ਨੂ ਮਜ਼ਬੂਤ ਕਰ ਲਿਆ ਤੇ ਗੋਲੀਆਂ ਨਾਲ ਭਰਿਆ ਹੋਯਾ ਪਿਸਤੌਲ ਹਰ ਵੇਲੇ ਆਪਣੇ ਪਾਸ ਰੱਖਣ ਲੱਗਾ। ਰੋਜ਼ ਹੀ ਮੇਰਾ ਮਿੱਤ੍ਰ ਸ਼ਾਮ ਵੇਲੇ ਲੁਕ ਛਿਪਕੇ 'ਏਨੀ'

ਨੂੰ ਮਿਲਣ ਜਾਂਦਾ ਹੁੰਦਾ ਸੀ ਅਤੇ ਮੈਂ ਵੀ 'ਏਨੀ' ਦੇ ਬਾਗ ਵਿਚ ਰੋਜ਼ ਲੁਕ ਰੈਂਹਦਾ ਸਾਂ। ਇਕ ਦਿਨ ਮੌਕਾ ਮਿਲ ਹੀ ਗਿਆ। ਇਕ ਆਦਮੀ ਕਾਲ਼ੀ ਪੁਸ਼ਾਕ ਪਾਈ 'ਏਨੀ' ਦੇ ਕਮਰੇ ਵਿਚ ਵੜਿਆ। ਮੈਂ ਜਾਣਿਆ ਇਹੋ ਹੀ ਮੇਰਾ ਮਿਤ੍ਰ ਹੈ। ਮੈਂ ਝਟ ਨਿਸ਼ਾਨਾ ਬੰਨ੍ਹਕੇ ਗੋਲੀ ਛੱਡਦਿੱਤੀ। ਚੀਕ ਮਾਰਕੇ ਉਹ ਮਨੁੱਖ ਡਿਗ ਪਿਆ ਤੇ ਮੈਂ ਉਥੋਂ ਨੱਠ ਗਿਆ। ਮੈਂ ਕੰਧ ਟੱਪਕੇ ਸੜਕ ਉੱਤੇ ਗਿਆਸਾਂ ਕਿ ਸਾਮਣੇ ਹੀ ਪੁਲਿਸ ਕਮਿਸ਼ਨਰ ਚਾਲਾਕ ਫੂਰੀ ਉਥੋਂ ਦੀ ਜਾ ਰਿਹਾ ਸੀ। ਇਸਤਰਾਂ ਮੈਨੂੰ ਕੰਧ ਟਪਦਾ ਵੇਖ ਓਸਨੂੰ ਸ਼ੱਕ ਪਿਆ ਤੇ ਓਸਨੇ ਮੇਰਾ ਰਾਹ ਰੋਕਕੇ ਕਿਹਾ—"ਦਰਵਾਜ਼ਾ ਛੱਡਕੇ ਤੂੰ ਕੰਧ ਕਿਉਂ ਟਪਿਆ ਹੈਂ ਤੇ ਤੂੰ ਕੌਣ ਹੈਂ ?"

ਮੈਂ ਗੁੰਮ ਹੋਕੇ ਖੜ ਗਿਆ। ਕੀ ਜਵਾਬ ਦੇਵਾਂ ? ਕੁਝ ਸਮਝ ਵਿਚ ਨਾ ਆਯਾ। ਪੁਲਿਸ ਕਮਿਸ਼ਨਰ ਜਾਣ ਗਿਆ ਕਿ ਮੈਂ ਕੋਈ ਦੋਸ਼ੀ ਹਾਂ ਤੇ ਕੋਈ ਕਸੂਰ ਕਰਕੇ ਨੱਠਾ ਹਾਂ। ਉਸਨੇ ਡਾਂਟਕੇ ਪੁਛਿਆ—"ਜਵਾਬ ਕਿਉਂ ਨਹੀਂ ਦੇਂਦਾ ? ਤੈਂ ਜ਼ਰੂਰ ਕੋਈ ਕਸੂਰ ਕੀਤਾ ਹੈ।" ਮੈਂ ਕਿਹਾ—"ਮੈਨੂੰ ਨਾ ਰੋਕੋ, ਰੋਗੀ ਮਰਨਹਾਰ ਹੈ, ਤੇ ਮੈਂ ਛੇਤੀ ਦੇ ਕਾਰਣ ਕੰਧ ਟੱਪਕੇ ਓਸਦੀ ਦਵਾਈ ਲੈਣ ਚਲਿਆ ਹਾਂ।"

ਫੂਰੀ ਨੇ ਕਿਹਾ—"ਤੇਰੀਆਂ ਗੱਲਾਂ ਤੇ ਮੈਨੂੰ ਇਤ-ਬਾਰ ਨਹੀਂ। ਇਹ ਮਕਾਨ ਕੌਂਟ ਬਾਰਬਾ ਦਾ ਹੈ। ਤੂੰ ਮੇਰੇ ਨਾਲ ਚਲ, ਵੇਖਾਂ ਕੌਣ ਆਦਮੀ ਬੀਮਾਰ ਹੈ।"

ਉਸੇ ਵੇਲੇ ਹੀ ਕੌਂਟ ਦੇ ਮਕਾਨ ਵਿਚੋਂ ਰੋਣ ਦੀ ਅਵਾਜ਼ ਆਈ। ਮੈਂ ਪਛਾਣ ਗਿਆ ਕਿ ਇਹ 'ਏਨੀ' ਹੀ ਹੈ। ਉਸਦਾ ਯਾਰ ਮਰ ਗਿਆ ਹੈ, ਇਸੇ ਲਈ ਓਹ ਰੋ ਰਹੀ

ਹੈ। ਇਸ ਪਰ ਮੈਨੂੰ ਕੁਝ ਖੁਸ਼ੀ ਹੋਈ। ਪਰ ਛੂਚੀ ਦੀ ਗੱਲ ਸੁਣਕੇ ਮੇਰਾ ਦਿਲ ਸੁੱਕ ਗਿਆ।

ਹੁਣ ਨੱਠਣ ਦੇ ਸਿਵਾ ਹੋਰ ਕੋਈ ਚਾਰਾ ਨਹੀਂ ਸੀ। ਮੈਂ ਨੱਠਣਾ ਚਾਹੁੰਦਾ ਸਾਂ ਕਿ ਚਾਲਾਕ ਛੂਚੀ ਨੇ ਮੇਰਾ ਹੱਥ ਫੜ ਲਿਆ। ਉਸੇ ਵੇਲੇ ਮੈਂ ਉਸਦੇ ਸਿਰ ਵਲ ਪਿਸਤੌਲ ਦਾ ਨਿਸ਼ਾਨਾ ਕੀਤਾ ਕਿ ਓਹ ਮੇਰਾ ਹੱਥ ਛੱਡਕੇ ਦੂਰ ਜਾ ਖੜਾ ਹੋਯਾ ਤੇ ਮੈਂ ਵਾ ਵਾਂਗਣ ਭੱਜਾ।

ਦੂਜੇ ਦਿਨ ਮੈਂ ਸੁਣਿਆ ਕਿ ਕੌਂਟ ਬਾਰਥਾ ਨੂੰ ਹੀ ਕਿਸੇ ਨੇ ਮਾਰ ਸੁਟਿਆ ਹੈ। ਤਦ ਕੀ ਮੈਂ ਹੀ ਕੌਂਟ ਬਾਰਥਾ ਦਾ ਖੂਨ ਕੀਤਾ ਹੈ ਤੇ ਮੇਰਾ ਦੋਸਤ ਅਜੇ ਜੀਉਂਦਾ ਹੈ? ਕ੍ਰੋਧ, ਦੁਖ ਤੇ ਪਛਤਾਵੇ ਨਾਲ ਮਰਾ ਸਰੀਰ ਤਪ ਗਿਆ। ਹਾਇ! ਮੈਂ ਨਿਰਦੋਸ਼ ਨੂੰ ਕਿਉਂ ਮਾਰ ਦਿਤਾ।

ਚਾਲਾਕ ਛੂਚੀ ਨੇ ਮੈਨੂੰ ਹੀ ਖੂਨੀ ਠਰਾਯਾ ਤੇ ਮੈਨੂੰ ਫੜਨ ਲਈ ਜਾਸੂਸ ਲਾਏ। ਪੈਹਲੇ ਕੁਝ ਦਿਨ ਮੈਂ ਘਰ ਲੁਕਿਆ ਰਿਹਾ ਤੇ ਫੇਰ ਕਈ ਥਾਈਂ ਫਿਰਦਾ ਰਿਹਾ। ਮੈਂ ਇਹ ਵੀ ਸੁਣਿਆ ਕਿ ਮੇਰੇ ਹੀ ਵਾਂਗ ਮੇਰੇ ਦੋਸਤ ਨੂੰ ਵੀ ਫੜਨ ਲਈ ਜਾਸੂਸ ਲਾਏ ਗਏ ਹਨ।

ਇਕ ਮਹੀਨੇ ਪਿਛੋਂ ਬੋਰਡੋਰਟ ਸ਼ੈਹਰ ਵਿਚ ਮੈਂ ਫੜ ਲਿਆ ਗਿਆ ਅਤੇ ਦੂਜੇ ਦਿਨ ਪੇਰਿਸ ਲਿਆਂਦਾ ਗਿਆ। ਉਸੇ ਵੇਲੇ ਸਾਰੀ ਗੱਲ ਮੈਂ ਅਪਣੇ ਪਿਤਾ ਨੂੰ ਖੋਲਕੇ ਦੱਸ ਦਿਤੀ ਅਤੇ ਕਿਹਾ ਕਿ ਜਿਸ ਤਰਾਂ ਹੋ ਸੱਕੇ ਫਾਂਸੀ ਤੋਂ ਮੈਨੂੰ ਬਚਾਓ।

ਪੇਰਿਸ ਵਿਚ ਆਉਣ ਪਰ ਮੈਂ ਇਹ ਵੀ ਸੁਣਿਆ ਕਿ ਮੇਰਾ ਦੋਸਤ ਏਨੀ ਨੂੰ ਲੈਕੇ ਨੱਠ ਗਿਆ ਹੈ। ਮੈਂ ਮਨ ਰਵਿਚ ਇਹ ਪੱਕਾ ਪ੍ਰਣ ਕੀਤਾ ਕਿ ਇਸ ਵਾਰੀ ਜ਼ਰੂਰ

ਜੀਉਂਦਾ ਜਾਗਦਾ ਨਿਕਲ ਗਿਆ ਤਾਂ ਸਾਰੀ ਧਰਤੀ ਨੂੰ ਖੋਜਕੇ ਜਿੱਥੇ ਵੀ ਓਹ ਹੋਣਗੇ ਫੜਕੇ ਮਾਰ ਦਿਆਂਗਾ।

ਪਿਤਾ ਦੀ ਬਹੁਤ ਸਾਰੀਆਂ ਕੋਸ਼ਸ਼ਾਂ ਨਾਲ ਮੈਂ ਫਾਂਸੀਓਂ ਬਚ ਗਿਆ। ਫੈਸਲੇ ਵਿਚ ਇਹ ਸਾਬਿਤ ਹੋਯਾ ਕਿ 'ਏਨੀ' ਨਾਲ ਵਿਵਾਹ ਕਰਨ ਦੀ ਖਾਤਰ ਹੀ ਮੈਂ ਕੌਂਟ ਸੁਫ਼ਬਾ ਦਾ ਖੂਨ ਕੀਤਾ ਹੈ।

ਮੇਰੀ ਇਸ ਸਜ਼ਾ ਨੂੰ ਸੁਣਕੇ ਮੇਰੇ ਪਿਤਾ ਭਾਰੇ ਬੀਮਾਰ ਹੋ ਗਏ, ਅਤੇ ਕੁਝ ਦਿਨਾਂ ਬਾਦ ਉਹ ਇਸੇ ਫਿਕਰ ਵਿਚ ਹੀ ਮਰ ਗਏ। ਏਧਰ ਮੈਨੂੰ ਕਾਲੇ ਪਾਣੀ ਦੀ ਸਜ਼ਾ ਹੋਈ ਸੀ, ਪਰ ਮੈਂ ਓਥੇ ਜਾਣ ਤੋਂ ਪੈਹਲਾਂ ਹੀ ਜੇਲ ਵਿਚੋਂ ਨੱਠ ਗਿਆ।

ਚਾਰੇ ਪਾਸੇ ਮੇਰੀ ਖੋਜ ਹੋਣ ਲੱਗੀ ਪਰ ਕੋਈ ਵੀ ਮੈਨੂੰ ਫੜ ਨਾ ਸਕਿਆ। ਜਿਸ ਦਿਨ ਤੋਂ ਪੇਟ ਪਾਲਣ ਲਈ ਮੈਂ ਚੋਰੀ ਡਾਕੇ ਆਰੰਭ ਦਿਤੇ।

ਕੁਝ ਹੀ ਦਿਨਾਂ ਵਿਚ ਮੈਂ ਫਾਂਸੀ ਦਾ ਪ੍ਰਸਿੱਧ ਡਾਕੂ ਹੋ ਗਿਆ। ਮੇਰੇ ਜੱਥੇ ਵਿਚ ੧ ਹਜ਼ਾਰ ਬਲਵਾਨ ਤੇ ਚਾਲਾਕ ਡਾਕੂ ਆ ਰਲੇ। ਹੌਲੀ ੨ ਮੈਂ ਇਤਨਾ ਜ਼ਬਰ ਹੋ ਗਿਆ ਕਿ ਖੁਦ ਫ੍ਰਾਂਸ ਦੀ ਸਰਕਾਰ ਵੀ ਮੇਥੋਂ ਡਰਨ ਲਗ ਪਈ। ਮੈਨੂੰ ਫੜਨ ਲਈ ਬੜੇ ਯਤਨ ਕੀਤੇ ਗਏ ਪਰ ਕੋਈ ਕਾਰਗਰ ਨਾ ਹੋਯਾ ਤੇ ਮੈਂ ਫੜਿਆ ਨਾ ਗਿਆ।

ਇਸ ਤਰ੍ਹਾਂ ਇਕ ਵਰ੍ਹਾ ਲੰਘ ਗਿਆ ਤੇ ਮੈਨੂੰ ਕੋਈ ਨਾ ਫੜ ਸਕਿਆ। ੧੮੫੦ ਵਿਚ ਮੈਂ 'ਰੌਨੇ' ਸ਼ਹਿਰ ਦਾ ਡਾਕ ਘਰ ਲੁਟਿਆ। ਰੁਪਏ ਤੇ ਨੋਟਾਂ ਦੇ ਨਾਲ ਮੈਨੂੰ ਕਈ ਚਿੱਠੀਆਂ ਵੀ ਮਿਲੀਆਂ। ਅਪਣੇ ਮਨ ਦੇ ਸ਼ੌਕ ਨੂੰ ਪੂਰਾ ਕਰਨ ਲਈ ਓਹ ਚਿੱਠੀਆਂ ਮੈਂ ਇਕ ੨ ਕਰਕੇ

ਪੜ੍ਹਨ ਬੈਠ ਗਿਆ। ਉਸੇ ਵੇਲੇ ਇਕ ਚਿੱਠੀ ਉਤੇ ਮੇਰੀ ਨਜ਼ਰ ਪਈ। ਹਿੰਦੁਸਤਾਨ ਦੇ ਇਕ ਸ਼ੈਹਰ ਚੋਂ ਮੇਰੇ ਉਸ ਦੋਸਤ ਨੇ ਅਪਣੀ ਭੈਣ ਨੂੰ ਇਕ ਚਿੱਠੀ ਭੇਜੀ ਸੀ। ਉਸ ਚਿੱਠੀ ਨੂੰ ਪੜ੍ਹਕੇ ਮੇਰੇ ਦਿਲ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ।"

ਇਸੇ ਵੇਲੇ ਸਰਕਾਰੀ ਬੈਰਿਸਟਰ ਮਿਸਟਰ ਏਨਾਸਟੀ ਨੇ ਜੱਜ ਹੈਮਿਲਟਨ ਨੂੰ ਕਿਹਾ—ਅਸਾਮੀ ਹੋਰ ਦੇ ਗੱਲਾਂ ਬਣਾਕੇ ਅਦਾਲਤ ਦਾ ਵਕਤ ਹਰਜ ਕਰ ਰਿਹਾ ਹੈ, ਅਸੀਂ ਉਸਦੀ ਅਨੋਖੀ ਜਨਮ ਸਾਖੀ ਯਾ ਇਕ ਡਰਾਉਣਾ ਇਤਿਹਾਸ ਸੁਣਨ ਲਈ ਇਥੇ ਅਕੱਠੇ ਨਹੀਂ ਹੋਏ। ਜਿਨ੍ਹਾਂ ਖੂਨਾਂ ਤੇ ਰਾਜਨੀਤਿਕ ਘਟਨਾਵਾਂ ਨਾਲ ਉਸਦਾ ਸੰਬੰਧ ਹੋਣ ਕਰਕੇ ਉਨ੍ਹਾਂ ਦੇ ਵਿਚਾਰ ਲਈ ਇਥੇ ਉਸ ਨੂੰ ਖੜਾ ਕੀਤਾ ਗਿਆ ਹੈ ਉਨ੍ਹਾਂ ਨੂੰ ਜੇਕਰ ਅਸਾਮੀ ਕਬੂਲ ਕਰੇ ਤਾਂ ਠੀਕ ਨਹੀਂ ਤਾਂ ਅਸੀਂ ਗਵਾਹੀਆਂ ਨਾਲ ਸਬੂਤ ਕਰ ਦਿਆਂਗੇ।

ਮੇਕੋਵਰ ਨੇ ਕਿਹਾ—ਜਨਾਬ, ਮਾਫ ਕਰਨਾ। ਜਦ ਮੈਂ ਚੰਗੀਆਂ ਮੰਦੀਆਂ ਗੱਲਾਂ ਆਪ ਹੀ ਦੱਸ ਰਿਹਾ ਹਾਂ ਫੇਰ ਗਵਾਹੀਆਂ ਤੇ ਸਬੂਤਾਂ ਦੀ ਕੀ ਲੋੜ ਹੈ? ਸਾਰੀ ਉਮਰ ਵਿਚ ਮੈਂ ਜਿਤਨੇ ਪਾਪ ਕੀਤੇ ਹਨ ਉਨ੍ਹਾਂ ਦਾ ਭਾਰ ਉਤਾਰਨ ਦਾ ਵੀ ਤਾਂ ਚੰਗਾ ਸਮਾਂ ਮੈਨੂੰ ਮਿਲਿਆ ਜਿਸਤੋਂ ਲੋਕੀ ਸਮਝ ਸਕਣ ਕਿ ਮਨੁੱਖ ਦੇ ਜੀਵਨ ਵਿਚ ਕਿਸ ਤਰਾਂ ਉਲਟ ਫੇਰ ਹੋਯਾ ਕਰਦੇ ਹਨ। [illegible] ਗੱਲ ਹੋਰ ਹੈ। ਅੱਜ ਮੈਂ ਹੋਸ਼ ਵਿਚ ਨਹੀਂ ਹਾਂ। ਪਰ ਜਿਤਨੇ ਭੀ ਪਾਪ ਮੈਂ ਕੀਤੇ ਹਨ ਉਨ੍ਹਾਂ ਨੂੰ ਵੀ ਲਿਖਕੇ [illegible] ਨਾਮ ਭੇਜਦਿਉ।"

ਜੱਜ ਹੈਮਿਲਟਨ ਨੇ ਕਿਹਾ—ਮਿਸਟਰ ਏਨਾਸਟੀ,

ਅਸਾਮੀ ਨੂੰ ਬੋਲਣ ਦਿਓ, ਰੋਕੋ ਨਹੀਂ । ਅਦਾਲਤ ਓਸ ਦੀਆਂ ਸਾਰੀਆਂ ਗੱਲਾਂ ਸੁਣੇਗੀ, ਕਿਉਂਕਿ ਹੁਣ ਦੇ ਮੁਕਦਮੇ ਨਾਲ ਓਨਾਂ ਦਾ ਸੰਬੰਧ ਹੈ। ਮੈਨੂੰ ਯਕੀਨ ਹੈ ਕਿ ਅਸਾਮੀ ਨੇ ਜੋ ਜੋ ਗੱਲਾਂ ਦੱਸੀਆਂ ਹਨ ਓਹ ਸਾਰੀਆਂ ਸੱਚੀਆਂ ਹਨ। ਇਸ ਦਸ਼ਾ ਵਿਚ ਹੋਰ ਗਵਾਹਾਂ ਦੀ ਕੀ ਲੋੜ ਹੈ

ਇਸਦੇ ਪਿਛੋਂ ਓਸ ਦਿਨ ਅਦਾਲਤ ਬੰਦ ਹੋ ਗਈ। ਮੇਕੇਯਰ ਤੇ ਅਬਦੁੱਲਾ ਹਥਕੜੀ ਅਤੇ ਬੇੜੀਆਂ ਨਾਲ ਜਕੜਕ ਜੇਲ ਵਿਚ ਭੇਜੇ ਗਏ।

ਮੈਂ ਮੁੜ ਰਿਹਾ ਸਾਂ ਕਿ ਰਾਹ ਵਿਚ ਸਟੀਵਨ ਨਾਲ ਮਿਲਾਪ ਹੋ ਗਿਆ। ਉਸਦੇ ਚੇਹਰੇ ਨੂੰ ਉਦਾਸ ਵੇਖਕੇ ਮੈਂ ਹੈਰਾਨ ਹੋਯਾ। ਮੈਨੂੰ ਓਸਨੇ ਕਿਹਾ-ਕਿਸੇ ਜ਼ਰੂਰੀ ਕੰਮ ਲਈ ਮੈਂ ਤੁਹਾਡੇ ਮਕਾਨ ਉਤੇ ਜਾ ਰਿਹਾ ਸਾਂ।

ਮੈਂ-"ਕੀ ਕੰਮ ਹੈ ਦੱਸੋ ?"

ਸਟੀਵਨ-"ਤੁਹਾਡੀਆਂ ਗੱਲਾਂ ਸੁਣਕੇ ਮੈਂ ਰੋਜ਼ ਉਤੇ ਫੇਰ ਇਤਬਾਰ ਕਰ ਲਿਆ ਸੀ।"

ਮੈਂ-( ਗੱਲ ਟੁੱਕਕੇ ) "ਜਿਸਦਾ ਜੀਵਨ ਨਿਸ਼-ਕਲੰਕ ਹੈ। ਜਿਸਦਾ ਦਿਲ ਕੱਚ ਵਰਗਾ ਸਾਫ ਹੈ। ਉਸ ਪਰ ਇਤਬਾਰ ਕਰਨਾ ਕੋਈ ਅਚਰਜ ਦੀ ਗੱਲ ਨਹੀਂ।"

ਸਟੀਵਨ-"ਰੋਜ਼ ਦੇ ਚਾਲ ਚੱਲਨ ਉਤੇ ਜੋ ਸ਼ੱਕ ਮੈਨੂੰ ਪੈਦਾ ਹੋਯਾ ਸੀ ਓਹ ਅਜੇ ਤਕ ਵੀ ਨਹੀਂ ਗਿਆ। ਤੁਸਾਂ ਕਿਹਾ ਸੀ ਕਿ ਮੈਂ ਇਸਦਾ ਸਬੂਤ ਦਿਆਂਗਾ ਕਿ ਰੋਜ਼ ਜੇਮਸ ਨੂੰ ਨਹੀਂ ਚਾਹੁੰਦੀ।"

ਮੈਂ-"ਹਾਂ ਇਹ ਮੈਂ ਕਿਹਾ ਸੀ ਤੇ ਇਸਦੇ ਲਈ ਪੱਕੇ ਸਬੂਤ ਦੇਕੇ ਮੈਂ ਸਾਬਿਤ ਕਰ ਸਕਦਾ ਹਾਂ।"

ਸਟੀਵਨ-"ਆਪ ਇਸਦਾ ਪੱਕਾ ਸਬੂਤ ਦਿਓਗੇ?"

ਮੈਂ–ਜੇਮਸ ਦੇ ਮੂੰਹੋਂ ਹੀ ਤੁਹਾਨੂੰ ਸੁਣਾਵਾਂਗਾ ਕਿ ਸਰਲ ਤੇ ਸਾਫ ਦਿਲ ਲੜਕੀ ਰੋਜ਼ ਕਦੇ ਕੁਰਾਹ ਜਾਣ ਦੀ ਇੱਛਾ ਤਕ ਨਹੀਂ ਰਖਦੀ। ਬਦਮਾਸ਼ ਜੇਮਸ ਹੀ ਉਸਨੂੰ ਸਦਾ ਦੁਖ ਦੇਂਦਾ ਤੇ ਵਾਰੰਵਾਰ ਅਪਣੀ ਵਲ ਖਿੱਚਣ ਦਾ ਜਤਨ ਕਰਦਾ ਹੈ।

ਸਟੀਫਨ–"ਮੇਰੇ ਖਿਆਲ ਤਾਂ ਆਪ ਇਹ ਗਲ ਨਹੀਂ ਸਾਬਿਤ ਕਰ ਸਕੋਗੇ।"

ਮੈਂ ਕਿਹਾ–ਮੈਂ ਰੰਗੀ ਤਰਾਂ ਕਰ ਸਕਾਂਗਾ। ਆਪ ਬੇਫਿਕਰ ਰਹੋ। ਰੋਜ਼ ਨਿਰਦੋਸ਼ ਹੈ ਇਸ ਵਿਚ ਕੋਈ ਸ਼ੱਕ ਨਹੀਂ।"

ਸਟੀਫਨ-"ਜੇਮਸ ਤੇ ਤੁਹਾਡੇ ਵਿਚ ਕੀ ਗਲ ਬਾਤ ਹੋਈ ਸੀ ?"

ਮੈਂ—"ਕਿਥੇ ?"

ਸਟੀਫਨ–"ਆਰਥਨ ਦੇ ਮਕਾਨ ਦੇ ਸਾਮਣੇ।"

ਮੈਂ—ਇਸ ਵੇਲੇ ਉਨਾਂ ਗੱਲਾਂ ਨੂ ਸੁਣਕੇ ਤੁਸੀਂ ਕੀ ਕਰੋਗੇ ? ਉਹ ਸਾਰੀਆਂ ਗੱਲਾਂ ਤੁਹਾਨੂੰ ਪਿਛੋਂ ਮਲੂਮ ਹੋ ਜਾਣਗੀਆਂ।

ਉਦਾਸ ਹੋਕੇ ਤੇ ਸਿਰ ਝੁਕਾ ਕੇ ਸਟੀਫਨ ਬੋਲਿਆ ਗਿਆ–ਅਫਸੋਸ ! ਜਿਸਦੇ ਦਿਲ ਵਿਚ ਸ਼ਕ ਸੰਦੇਹ ਨੇ ਡੇਰਾ ਜਮਾ ਲਿਆ ਹੋਵੇ ਉਸਨੂੰ ਸੁਖ ਸ਼ਾਂਤੀ ਕਿਥੇ !

## ਕਾਂਡ ੨੨

## ਮੁਕਦਮੇਂ ਦੀ ਦੂਜੀ ਪੇਸ਼ੀ

### (ਸਰਦਾਰ ਰਾਮਪਾਲ ਸਿੰਘ ਦਾ ਬਿਆਨ)

ਅਜ ਵੀ ਕੋਰਟ ਆਫ ਮਾਰਸ਼ਲ ਮਨੁੱਖਾਂ ਦੀ ਭੀੜ

ਨਾਲ ਖਚਾਖਚ ਭਰੀ ਹੋਈ ਸੀ। ਉਨਾਂ ਵਿਚੋਂ ਬਹੁਤ ਸਾਰੇ ਪਤਵੰਤੇ ਸੱਜਨ ਸਨ। ਸਾਰੇ ਹੀ ਪ੍ਰਸਿੱਧ ਫ੍ਰਾਂਸੀਸੀ ਡਾਕੂ ਮੈਕੇਯਰ ਨੂੰ ਵੇਖਣ ਲਈ ਆਏ ਸਨ। ਪ੍ਰਸਿੱਧ ਦੇ ਅੰਗ੍ਰੇਜ਼ੀ ਅਖਬਾਰਾਂ ਦੇ ਰਿਪੋਰਟਰ ਵੀ ਅਦਾਲਤ ਵਿਚ ਮੌਜੂਦ ਸਨ। ਅਜ ਇਕ ਮਜ਼ਦੂਰਨ ਦੇ ਨਾਲ ਰੋਜ਼ ਅਕੱਲੀ ਅਦਾਲਤ ਵਿਚ ਆਈ ਸੀ। ਗਾਰਡਨ ਤੇ ਸਟੀਫਨ ਦੋਵੇਂ ਨਹੀਂ ਆਏ ਸਨ।

ਬਾਰਾਂ ਵਜੇ ਦੇ ਪਿੱਛੋਂ ਡਾਕੂ ਮੈਕੇਯਰ ਸਨੱਧਬੱਧ ਸਿਪਾਹੀਆਂ ਦੇ ਘੇਰੇ ਵਿਚ ਓਥੇ ਲਿਆਂਦਾ ਗਿਆ। ਵੇਖਣ ਵਾਲੇ ਵੀ ਉਸ ਪ੍ਰਸਿੱਧ ਡਾਕੂ ਦੀ ਆਪ ਬੀਤੀ ਸੁਣਨ ਲਈ ਉਤਸੁਕ ਸਨ।

ਮੈਕੇਯਰ ਨੇ ਉਸ ਦਿਨ ਇਸਤਰਾਂ ਕਹਿਣਾ ਅਰੰਭਿਆ:—ਕਈ ਮਹੀਨਿਆਂ ਪਿਛੋਂ ਅਪਣੇ ਜਥੇ ਦੇ ਲੋਕਾਂ ਦੀ ਹੀ ਚਾਲਬਾਜ਼ੀ ਨਾਲ ਮੈਂ ਫੇਰ ਫੜਿਆ ਗਿਆ। ਜਿਨਾਂ ਨੇ ਮੈਨੂੰ ਫੜਾਯਾ ਓਹ ਚਾਲਾਕ ਪੁਲਿਸ ਕਮਿਸ਼ਨਰ ਫੂਰੀ ਦੇ ਹੀ ਮਨੁੱਖ ਸਨ ਤੇ ਕੁਝ ਦਿਨਾਂ ਤੋਂ ਮੇਰੇ ਜੱਥੇ ਵਿਚ ਆ ਰਲੇ ਸਨ। ਉਨਾਂ ਦੀਆਂ ਚਾਲਾਂ ਉੱਤੇ ਖਾਸ ਨਜ਼ਰ ਰਖਦਾ ਹੋਯਾ ਵੀ ਮੈਂ ਧੋਖਾ ਖਾ ਗਿਆ। ਪਰ ਮੈਨੂੰ ਫੇਰ ਵੀ ਕੋਈ ਕਸ਼ਟ ਨਾ ਹੋਯਾ ਤੇ ਮੈਂ ਮੁਕੱਦਮੇ ਦੇ ਫੈਸਲੇ ਤੋਂ ਪਹਿਲਾਂ ਹੀ ਅਪਣੇ ਜਥੇ ਦੀ ਸਹੈਤਾ ਨਾਲ 'ਟੂਲਾਂ' ਜੇਲ ਤੋਂ ਨੱਠ ਗਿਆ। ਇਸਦੇ ਪਿੱਛੋਂ ਫ੍ਰਾਂਸ ਵਿਚ ਮੈਂ ੨੭੫ ਮਨੁਖਾਂ ਦਾ ਅਪਣੀਂ ਹਥੀਂ ਖੂਨ ਕੀਤਾ ਸੀ ਜਿਨ੍ਹਾਂ ਵਿਚੋਂ ੫੦ ਇਸਤ੍ਰੀਆਂ, ੩੫ ਲੜਕੇ, ੩੫ ਲੜਕੀਆਂ ਤੇ ਬਾਕੀ ਸਾਰੇ ਮਰਦ ਸਨ। ਉਨਾਂ ਦੇ ਨਾਮ, ਦਿਨ ਤੇ ਸਾਲ ਤਥਾ ਵਿਥੇਰ ਓਹ ਸਾਰੇ ਗਏ ਹੈ ਸਭ ਲਿਖਕੇ

ਮੈਂ ਅਦਾਲਤ ਨੂੰ ਦੇਵਾਂਗਾ।

ਇਸਦੇ ਪਿੱਛੋਂ ਮੇਕੇਧਰ ਨੇ ਲਿਖਿਆ ਹੋਇਆ ਇਕ ਕਾਗਜ਼ ਕੱਢ ਕੇ ਤੇ ਉਸ ਪਰ ਦਸਖ਼ਤ ਕਰਕੇ ਜੌਂਸ ਹੈਮਿਲਟਨ ਨੂੰ ਦਿਤਾ। ਫੇਰ ਉਸਨੇ ਕਿਹਾ—ਹਿੰਦੁਸਤਾਨ ਔਣ ਪਰ ਮੇਰਾ ਓਹ ਦੋਸਤ ਮੈਨੂੰ ਮਿਲਿਆ ਕਿ ਨਹੀਂ, ਇਹ ਗਲ ਇਥੇ ਦਸਣੀ ਫ਼ਜ਼ੂਲ ਹੈ। ਹਾਂ ਗਾਰਡਨ ਦੇ ਕੁਟਬ ਤੇ ਨਾਨਾ ਸਾਹਿਬ ਸੰਬਧੀ ਜੋ ਗੱਲਾਂ ਹਨ ਓਹ ਮੈਂ ਦਸਦਾ ਹਾਂ।

ਹਿੰਦੁਸਤਾਨ ਦੇ ਸਿਪਾਹੀ ਗਦਰ ਦਾ ਵੱਡਾ ਮੁਖੀਆ ਮੈਂ ਹੀ ਹਾਂ। ਮੈਂ ਕਈ ਹਿੰਦੂ ਰਾਜਿਆਂ ਨੂੰ ਅੰਗ੍ਰੇਜ਼ ਸਰਕਾਰ ਦੇ ਵਿਰੁਧ ਖੜਾ ਕੀਤਾ ਸੀ। ਮੇਰਾ ਇਹ ਮਤਲਬ ਸੀ ਕਿ ਕਿਸੇ ਤਰਾਂ ਹਿੰਦੁਸਤਾਨ ਵਿਚ ਫ੍ਰਾਂਸੀਸੀ ਰਾਜ ਕਾਇਮ ਹੋ ਸਕੇ ਅਰ ਫ੍ਰਾਂਸ ਸਰਕਾਰ ਮੇਰੇ ਕੀਤੇ ਹੋਏ ਪਾਪਾਂ ਨੂੰ ਮਾਫ ਕਰ ਦੇਵੇ। ਮੇਰੀ ਇਹ ਮਨਸ਼ਾ ਨਹੀਂ ਸੀ ਕਿ ਮੈਂ ਡਾਕੂ ਬਣਕੇ ਆਪਣਾ ਜੀਵਨ ਬਿਤਾਵਾਂ। ਮੈਂ ਆਪਣਾ ਬਾਕੀ ਜੀਵਨ ਸ਼ਾਂਤੀ ਨਾਲ ਬਿਤਾਯਾ ਚਾਹੁੰਦਾ ਸਾਂ ਤੇ ਮੈਂ ਇਹੋ ਇਰਾਦਾ ਕਰ ਵੀ ਲਿਆ ਸੀ, ਪਰ ਦੋਸਤ ਕੋਲੋਂ ਬਦਲਾ ਲੈਣ ਦੀ ਇਛਾ ਮੇਰੇ ਦਿਲ ਵਿਚ ਸਦਾ ਬਣੀ ਰੈਂਹਦੀ ਸੀ।

ਇਕ ਦੋ ਮਰਹਟੇ ਰਾਜਿਆਂ ਨੇ ਮੈਨੂੰ ਭਾਰੀ ਸਹੈਤਾ ਦੇਣ ਦਾ ਬਚਨ ਦਿਤਾ ਸੀ। ਨਾਨਾ ਧੁੰਧੂਪੰਤ ਤੇ ਤਾਂਤੀਆ ਟੋਪੀ ਓਨਾਂ ਵਿਚੋਂ ਮੁਖੀ ਸਨ। ਇਸੇ ਵੇਲੇ ਨਾਨਾ ਸਾਹਿਬ ਨਾਲ ਮਿਲਕੇ ਗ਼ਦਰ ਕਰਨ ਲਈ ਮੈਂ ਕਾਨਪੁਰ ਆਯਾ। ਇਥੇ ਗਾਰਡਨ ਨਾਲ ਮੇਰੀ ਮੁਲਾਕਾਤ ਹੋਈ। ਮੈਂ ਓਸਨੂੰ ਕਿਹਾ ਆਪਣੀ ਛੋਟੀ ਲੜਕੀ ਹੇਲਨਾ ਦੀ ਸ਼ਾਦੀ ਮੇਰੇ ਨਾਲ

ਕਰ ਦੇਵੇ। ਪਰ ਗਾਰਡਨ ਇਸ ਪਰ ਰਾਜ਼ੀ ਨਾ ਹੋਯਾ ਤੇ ਮੈਂ ਬਦਲਾ ਲੈਣਦੀ ਠਾਣਲਈ।ਹੇਲਨਾਤੁਹਾਡੇ ਪੁਤ੍ਰ ਹੇਨਰੀ ਉਤੇ ਰੀਝ ਰਹੀ ਸੀ। ਮੈਂ ਵੇਖਿਆ ਕਿ ਹੇਨਰੀ ਹੀ ਮੇਰੇ ਕਮ ਵਿਚ ਰੋੜਾ ਹੈ। ਸੋ ਉਸਨੂੰ ਦੂਰ ਕਰਨ ਲਈ ਮੈਂ ਇਕ ਜਾਲੀ ਚਿਠੀ ਲਿਖੀ। ਉਸ ਵਿਚ ਹੇਲਨਾ ਦੇ ਅਖਰਾਂ ਨਾਲ ਮਿਲਦੇ ਹੋਏ ਅਖਰਾਂ ਵਿਚ ਮੈਂ ਲਿਖਿਆ—"ਪਿਆਰੇ ਹੇਨਰੀ, ਮੇਰੇ ਪਿਤਾ ਦੀ ਮਰਜ਼ੀ ਹੈ ਕਿ ਮੈਂ ਹੋਰ ਕਿਸੇ ਮਨੁੱਖ ਨਾਲ ਸ਼ਾਦੀ ਕਰਾਂ। ਸੋ ਪਿਤਾ ਦਾ ਹੁਕਮ ਟਾਲਣ ਦੀ ਤਾਕਤ ਮੇਰੇ ਵਿਚ ਨਹੀਂ। ਇਸ ਲਈ ਤੁਸੀਂ ਪੈਹਲੀਆਂ ਗਲਾਂ ਭੁਲ ਜਾਓ। ਹੁਣ ਤੁਹਾਡਾ ਮੈਨੂੰ ਮਿਲਣਾ ਵੀ ਠੀਕ ਨਹੀਂ। ਮੈਨੂੰ ਮਿਲਣਾ ਜੁਲਣਾ ਤੁਸੀਂ ਕਤ੍ਈ ਬੰਦ ਕਰ ਦਿਓ।"

ਜਿਸ ਦਿਨ ਇਹ ਚਿੱਠੀ ਹੇਨਰੀ ਨੂੰ ਮਿਲੀ ਉਸਦੇ ਦੂਜੇ ਹੀ ਦਿਨ ਹੇਨਰੀ ਨੇ ਆਤਮਘਾਤ ਕਰ ਲਿਆ। ਇਧਰ ਹੇਲਨਾ ਨੇ ਮੇਰੀ ਗੱਲ ਨਾ ਮੰਨੀ ਤਾਂ ਉਸੇ ਰਾਤ ਮੈਂ ਉਸਨੂੰ ਵੀ ਮਾਰ ਬੁਲਾਯਾ। ਉਸਨੂੰ ਮਾਰਨ ਵੇਲੇ ਅੱਖਾਂ ਵਿਚ ਹੰਝੂ ਭਰਕੇ ਹੇਲਨਾ ਨੇ ਮੈਨੂੰ ਕਿਹਾ ਸੀ—"ਮੈਨੂੰ ਨਾ ਮਾਰ" ਓਹ ਕਰੁਣਾ ਭਰੀ ਅਵਾਜ਼ ਹੁਣ ਤਕ ਵੀ ਮੇਰੇ ਕੰਨਾਂ ਵਿਚ ਗੂੰਜ ਰਹੀ ਹੈ ਅਰ ਉਸ ਪਾਪ ਦਾ ਕੋਈ ਪ੍ਰਾਸਚਿਤ ਨਹੀਂ।

ਇਸੇ ਵੇਲੇ ਹੀ ਜੱਜ ਹੈਮਿਲਟਨ ਦੇ ਪਾਸ ਇਕ ਤਾਰ ਆਈ ਉਨਾਂ ਨੇ ਮੈਨੂੰ ਪਾਸ ਬੁਲਾਕੇ ਕਿਹਾ—"ਲਾਰਡ ਕੈਨਿੰਗ ਦੀ ਇਹ ਤਾਰ ਹੈ।" ਇਹ ਆਖਕੇ ਤਾਰ ਉਨਾਂ ਮੇਰੇ ਹਥ ਫੜਾਈ। ਜਿਸ ਵਿਚ ਇਹ ਲਿਖਿਆ ਸੀ :—

"ਫ੍ਰਾਂਸ ਸਰਕਾਰ ਨੇ ਇਹ ਖਬਰ ਭੇਜੀ ਹੈ ਕਿ

ਸਧੀ ਦੀਆਂ ਸ਼ਰਤਾਂ ਮੁਤਾਬਕ ਅਸੀਂ ਮੈਕੇਯਰ ਦਾ ਫੈਸਲਾ ਨਹੀਂ ਕਰ ਸਕਦੇ। ਸੋ ਮੈਕੇਯਰ ਨੂੰ ਸਰਦਾਰ ਰਾਮਪਾਲ ਸਿੰਘ ਦੀ ਨਿਗਰਾਨੀ ਹੇਠ ਤਕੜੇ ਪੈਹਰੇ ਵਿਚ ਚੰਦਨ ਨਗਰ ਭੇਜ ਦਿਤਾ ਜਾਵੇ। ਉਥੇ ਹੀ ਉਸਦਾ ਫੈਸਲਾ ਹੋਵੇਗਾ। ਓਸ ਕਚੈਹਰੀ ਵਿਚ ਸਾਡਾ ਪ੍ਰਤੀਨਿਧ ਰਹੇਗਾ। ਮਿਸਟਰ ਗਾਰਡਨ ਦੀ ਲੜਕੀ ਦੇ ਖੂਨ ਦੀਆਂ ਗਵਾਹੀਆਂ ਲਈ ਗਵਾਹ ਨਾਲ ਚਲੇ ਜਾਨ।

[ਮੈਕੇਯਰ ਦਾ ਮੁਕੱਦਮਾ ਠੱਪਿਆ ਗਿਆ]

ਉਸੇ ਰਾਤ ਹੀ ਮੈਂ ਡਾਕੂ ਮੈਕੇਯਰ ਨੂੰ ਨਾਲ ਲੈ ਚੰਦਨ ਨਗਰ ਗਿਆ। ਮੈਕੇਯਰ ਦੇ ਫੈਸਲੇ ਦੇ ਪਿਛੋਂ ਹੀ ਅਬਦੁੱਲੇ ਦਾ ਫੈਸਲਾ ਹੋਣਾ ਸੀ। ਸੋ ਓਹ ਹਾਜਤ ਵਿਚ ਰਖਿਆ ਗਿਆ।

## ਕਾਂਡ ੨੩

## (ਮਿਸ ਰੋਜ਼ ਦੀ ਡਾਇਰੀ ਦਾ ਉਤਾਰਾ)

ਮਨੁੱਖ ਦੇ ਭਾਗਾਂ ਵਿਚ ਜੋ ਕੁਝ ਲਿਖਿਆ ਹੁੰਦਾ ਹੈ ਉਹੋ ਹੁੰਦਾ ਹੈ ਮਨੁੱਖ ਦੀ ਤੁੱਛ ਤੇ ਹਦ ਵਾਲੀ ਤਾਕਤ ਦੀ ਕੀ ਸਮਰੱਥਾ ਹੈ ਕਿ ਉਹ ਹੋਣਹਾਰ ਦੀ ਚਾਲ ਨੂੰ ਰੋਕ ਸਕੇ। ਮੇਰੇ ਭਾਗਾਂ ਵਿਚ ਸੁਖ ਨਹੀਂ। ਈਸ਼ਰ ਦੀ ਇੱਛਾ ਹੀ ਨਹੀਂ ਕਿ ਮੈਂ ਆਪਣੇ ਜੀਵਨ ਵਿਚ ਕਦੇ ਸੁਖੀ ਹੋਵਾਂ। ਫੇਰ ਮੇਰੀ ਕੀ ਤਾਕਤ ਹੈ ਕਿ ਮੈਂ ਇਸਦੇ ਉਲਟ ਤੁਰਾਂ? ਅਪਣੇ ਭਾਗਾਂ ਦੇ ਏਸ ਕਾਰਣ ਹੀ ਮੈਂ ਹੁਣ ਤਕ ਸੰਸਾਰ ਦੇ ਇਤਨੇ ਦੁਖ ਤੇ ਕਸ਼ਟ ਹਸਦਿਆਂ ੨ ਸਹਾਰੇ ਹਨ।

ਸਰਦਾਰ ਰਾਮਪਾਲ ਸਿੰਘ ਜੀ ਚੰਦਨ ਨਗਰ

ਜਾਂਦੀ ਵੇਲੇ ਆਖ ਗਏ ਸਨ ਕਿ ਜੇਮਸ ਨੇ ਸਟੀਫਨ ਨੂੰ ਮਾਰ ਦੇਣ ਦਾ ਇਰਾਦਾ ਕੀਤਾ ਹੋਯਾ ਹੈ ਇਸ ਲਈ ਉਸਨੂੰ ਸਾਵਧਾਨ ਰਹਿਣ ਲਈ ਆਖ ਦੇਣਾ। ਇਸਦੇ ਸਿਵਾ ਆਪਣੇ ਆਦਮੀ ਲਛਮਣ ਦਾਸ ਨੂੰ ਮੇਰੇ ਮਕਾਨ ਉਤੇ ਹਰ ਵੇਲੇ ਨਜ਼ਰ ਰੱਖਣ ਲਈ ਆਖ ਗਏ ਹਨ ਉਨਾਂ ਦੀਆਂ ਗੱਲਾਂ ਸੁਣਕੇ ਮੈਂ ਬਹੁਤ ਡਰ ਗਈ ਹਾਂ।

ਸਟੀਫਨ ਨੇ ਮੈਨੂੰ ਸਾਫ ਨਹੀਂ ਕੀਤਾ ਇਹ ਮੈਂ ਉਸਦੇ ਕੰਮਾਂ ਤੋਂ ਹੀ ਸਮਝ ਗਈ ਹਾਂ। ਮੇਰੇ ਉਤੇ ਉਸਨੂੰ ਭਾਰੀ ਬੇਇਤਬਾਰੀ ਪੈਦਾ ਹੋ ਗਈ ਹੈ। ਇਹ ਬੇਇਤਬਾਰੀ ਕਿਸਤਰਾਂ ਦੂਰ ਹੋਵੇਗੀ ਇਸੇ ਨੂੰ ਹੀ ਮੈਂ ਖਾਣਾ ਪੀਣਾ ਤੇ ਸੌਣਾ ਛੱਡਕੇ ਦਿਨੇ ਰਾਤ ਸੋਚਿਆ ਕਰਦੀ ਹਾਂ। ਹਾਇ! ਮੈਂ ਕਿਸਤਰਾਂ ਉਸਨੂੰ ਅਪਣੇ ਦਿਲਦਾ ਹਾਲ ਦਸਾਂ? ਜੇਕਰ ਦਿਲ ਦਿਖਾਣ ਲਾਇਕ ਹੁੰਦਾ ਤਾਂ ਉਹ ਜ਼ਰੂਰ ਸਮਝ ਜਾਂਦਾ ਕਿ ਉਸਦਾ ਭਾਰੀ ਭਰਮ ਹੈ। ਪਰ ਈਸ਼ਵਰ ਨੇ ਮੇਰੇ ਭਾਗਾਂ ਵਿਚ ਇਹ ਲਿਖਿਆਂ ਹੀ ਨਹੀਂ।

ਮੈਂ ਬਹੁਤ ਡਰਦੀ ਕੰਬਦੀ ਸਟੀਫਨ ਦੇ ਪਾਸ ਗਈ। ਸਟੀਫਨ ਇਕ ਕੋਣੇ ਵਿਚ ਕੁਰਸੀ ਉਤੇ ਬੈਠਾ ਹੋਯਾ ਹੈਰਾਨ ਹੋਕੇ ਪਤਾ ਨਹੀਂ ਕੀ ਸੋਚ ਰਿਹਾ ਸੀ। ਮੈਂ ਅੰਦਰ ਗਈ ਪਰ ਉਸਨੂੰ ਮਲੂਮ ਹੀ ਨਾ ਹੋਯਾ। ਮੈਂ ਪਿਛੋਂ ਦੀ ਵੇਖਿਆ ਕਿ ਉਸਦੇ ਹੱਥਾਂ ਵਿਚ ਕੋਈ ਤਸਵੀਰ ਹੈ। ਉਹ ਤਸਵੀਰ ਕਿਸਦੀ ਸੀ? ਇਹ ਗਲ ਲਿਖਦਿਆਂ ਹੁਣ ਵੀ ਮੇਰੇ ਸਰੀਰ ਦੇ ਲੂੰ ਕੰਡੇ ਖੜੇ ਹੁੰਦੇ ਤੇ ਪ੍ਰਾਣ ਖਿੜ ਜਾਂਦੇ ਹਨ। ਆਹ! ਇਤਨੀ ਬੇਇਤਬਾਰੀ ਤੇ ਭਰਮਾਂ ਦੇ ਸ਼ਿਕਾਰ ਰਹਿਣ ਪਰ ਵੀ ਪ੍ਰੇਮ ਦਾ ਪ੍ਰਵਾਹ ਅਜੇ ਬਿਲਕੁਲ ਨਹੀਂ ਰੁਕ ਸਕਿਆ! ਉਹ ਤਸਵੀਰ ਮੇਰੀ ਹੀ ਸੀ।

ਇਸ ਵੇਲੇ ਸਟੀਵਨ ਨੂੰ ਕੁਝ ਆਖਣ ਦੀ ਮੇਰੀ ਹਿੰਮਤ ਨਾ ਪਈ ਕਿਉਂਕਿ ਸ਼ਾਇਦ ਉਹ ਸ਼ਰਮ ਕਰੇ। ਮੈਂ ਹੌਲੀ ੨ ਦਬੇ ਪੈਰ ਉਥੋਂ ਮੁੜ ਆਈ ਤੇ ਸਾਰਾ ਦਿਨ ਉਸਦੇ ਕਮਰੇ ਵਿਚ ਨਾ ਗਈ। ਸ਼ਾਮ ਵੇਲੇ ਮਿਲਾਪ ਹੋਣ ਪਰ ਮੈਂ ਪੁਛਿਆ—"ਕਿਥੇ ਜਾਂਦੇ ਹੋ?"

ਸਟੀਫਨ—"ਫਿਰਨ ਤੁਰਨ!"

ਮੈਂ—"ਦਾਸੀ ਦੀ ਇਕ ਬੇਨਤੀ ਹੈ।"

ਸਟੀਫਨ—"ਕੇਹੀ ਬੇਨਤੀ?"

ਮੈਂ—"ਜ਼ਰਾ ਖਬਰਦਾਰ ਹੋਕੇ ਰੈਹਣਾ।"

ਸਟੀਫਨ—"ਕਿਉਂ?"

ਮੈਂ—"ਇਕ ਬਦਮਾਸ਼ ਈਰਖਾ ਦੇ ਕਾਰਣ ਤੁਹਾਨੂੰ ਮਾਰਨਾ ਚਾਹੁੰਦਾ ਹੈ।"

ਸਟੀਫਨ—ਉਹ ਕੌਣ ਹੈ, ਤੇ ਮੈਨੂੰ ਕਿਉਂ ਮਾਰਨਾ ਚਾਹੁੰਦਾ ਹੈ?"

ਮੈਂ ਕੰਬਦਿਆਂ ੨ ਕਿਹਾ—"ਉਹ ਬਦਮਾਸ਼ ਮੇਰਾ ਚਚੇਰਾ ਭਰਾ 'ਜੇਮਸ' ਹੈ।"

ਸਟੀਫਨ ਨੇ ਹੇਠਾਂ ਮੂੰਹ ਕਰਕੇ ਕਿਹਾ—"ਉਹ ਮੈਨੂੰ ਕਿਉਂ ਮਾਰਦਾ ਹੈ, ਮੈਂ ਤਾਂ ਉਸਦੇ ਸੁਖ ਵਿਚ ਕੋਈ ਰੋਕ ਨਹੀਂ ਪਾਈ।"

ਫੇਰ ਕੁਝ ਨਾ ਆਖ ਓਹ ਚਲੇ ਗਏ। ਮੇਰੀਆਂ ਗੱਲਾਂ ਉੱਤੇ ਉਨਾਂ ਕੁਝ ਵੀ ਧਿਆਨ ਨਾ ਦਿਤਾ। ਦੁਖ ਨਾਲ ਮੇਰਾ ਹਿਰਦਾ ਕੰਬ ਉਠਿਆ। ਮੈਂ ਉਨਾਂ ਦੇ ਭਲੇ ਲਈ ਈਸ਼੍ਵਰ ਅਗੇ ਬੇਨਤੀ ਕਰ ਅਪਣੇ ਕਮਰੇ ਵਿਚ ਮੁੜ ਆਈ। ਇਸ ਵੇਲੇ ਇਕ ਦਾਸੀ ਨੇ ਆਕੇ ਮੇਰੇ ਹੱਥ ਵਿਚ ਇਕ ਚਿੱਠੀ ਦਿਤੀ। ਉਸ ਵਿਚ ਇਹ

ਲਿਖਿਆ ਸੀ:—

"ਪਿਆਰੀ ਰੋਜ਼ !"

ਤੇਰੇ ਨਾਲ ਕੁਝ ਗੱਲਾਂ ਕਰਨੀਆਂ ਹਨ, ਮੈਂ ਪਾਰਕ ਵਿਚ ਖੜੀ ਹਾਂ ਛੇਤੀ ਆ ! ਤੇਰੀ–ਮਿਸ ਹੇਮਿਲਟਨ

ਸਾਡੇ ਮਕਾਨ ਦੇ ਸਾਮਣੇ ਹੀ ਪਾਰਕ ਹੈ। ਇਸ ਵਿਚ ਹਮੇਸ਼ਾਂ ਮੈਂ ਮਿਸ ਹੈਮਿਲਟਨ ਨਾਲ ਗੱਲਾਂ ਕਰਦੀ ਹੁੰਦੀ ਸਾਂ। ਉਸਦਾ ਮੇਰਾ ਪਿਆਰ ਬਚਪਨ ਤੋਂ ਹੈ। ਚਿੱਠੀ ਪੜ੍ਹਕੇ ਮੈਨੂੰ ਕਿਸੇ ਤਰਾਂ ਦਾ ਸ਼ੱਕ ਨਾ ਪਿਆ। ਮੈਂ ਇਕ ਗਰਮ ਕੱਪੜਾ ਲੈਕੇਪਾਰਕ ਵਿਚ ਜਾਣ ਲਈ ਬਾਹਰ ਹੋਈ।

ਰਾਹ ਵਿਚ ਸਟੀਫਨ ਮਿਲੇ,ਪਰ ਉਨਾਂ ਮੈਥੋਂ ਕੁਝ ਪੁਛਿਆ ਨਹੀਂ। ਮੈਂ ਜਿਸ ਵੇਲੇ ਪਾਰਕ ਵਿਚ ਗਈ ਉਸ ਵੇਲੇ ਰਾਤ ਹੋ ਚੁਕੀ ਸੀ। ਜਿਥੇ ਉਸਨੇ ਮਿਲਣ ਵਾਸਤੇ ਕਿਹਾ ਸੀ ਮੈਂ ਓਥੇ ਗਈ, ਪਰ ਦੂਰੋਂ ਹੀ ਮੈਂ ਵੇਖਿਆ ਕਿ ਇਕ ਮਨੁੱਖ ਓਥੋਂ ਆ ਉਂਦਾ ਪਿਆ ਹੈ। ਜੇਹੜਾ ਆਯਾ ਉਹ ਜੇਮਸ ਸੀ। ਉਸ ਨੂੰ ਵੇਖਦੇ ਸਾਰ ਗੁੱਸੇ ਨਾਲ ਮੇਰਾ ਸਾਰਾ ਸਰੀਰ ਸੜ ਉਠਿਆ। ਮੈਂ ਉਸੇ ਵੇਲੇ ਸਮਝ ਗਈ ਕਿ ਉਹ ਚਿੱਠੀ ਮਿਸ ਹੈਮਿਲਟਨ ਦੀ ਨਹੀਂ ਇਸੇ ਜੇਮਸ ਦੀ ਚਾਲਾਕੀ ਹੈ, ਮੈਂ ਉਸਨੂੰ ਕੁਝ ਨਾ ਆਖ ਆਪਣੇ ਘਰ ਨੂੰ ਮੁੜ ਪਈ। ਪਰ ਓਹ ਮੇਰਾ ਝੱਟ ਰਾਹ ਰੋਕਕੇ ਖੜਾ ਹੋ ਗਿਆ।

ਮੈਂ ਗੁੱਸੇ ਤੇ ਨਫਰਤ ਨਾਲ ਕਿਹਾ–"ਪਾਪੀਆ ! ਰਾਹ ਛੱਡ।"

ਪਰ ਉਸਨੇ ਮੇਰੀ ਗੱਲ ਦਾ ਧਿਆਨ ਨਾ ਕਰ ਕਿਹਾ–"ਰੋਜ਼, ਰੋਜ਼, ਮੇਰੀ ਇਕ ਗੱਲ ਸੁਣ। ਮੈਂ ਤੇਰੇ ਰੂਪ ਨੂੰ ਵੇਖਕੇ ਪਾਗਲ ਹੋ ਰਿਹਾ ਹਾਂ। ਤੈਨੂੰ ਪ੍ਰਾਪਤ ਕਰਨ

ਲਈ ਮੈਂ ਪਤਾ ਨਹੀਂ ਕੀ ਕੀ ਕਰ ਰਿਹਾ ਹਾਂ। ਇਕ ਵਾਰੀ ਦਸ ਤੂੰ ਮੈਨੂੰ ਪਿਆਰ ਕਰੇਂਗੀ ਕਿ ਨਹੀਂ?"

ਮੈਂ—"ਇਸ ਜ਼ਿੰਦਗੀ ਵਿਚ ਮੈਂ ਤੈਨੂੰ ਕਦੇ ਪਿਆਰ ਨਹੀਂ ਕਰ ਸਕਦੀ।"

ਜੇਮਸ—"ਨਾ ਰੋਜ਼ ਇੰਨੀ ਸਖਤ ਨਾ ਹੋ। ਇਸ ਅਭਾਗੇ ਉਤੇ ਦਯਾ ਕਰ। ਮੈਂ ਤੇਰੇ ਰੂਪ ਉਤੇ ਮੁਗਧ ਤੇ ਉਨਮੱਤ ਹੋ ਰਿਹਾ ਹਾਂ। ਮੈਂ ਤਨ, ਮਨ, ਧਨ ਤੇ ਸੰਸਾਰ ਦੀਆਂ ਸੱਭੇ ਚੀਜ਼ਾਂ ਛੱਡਕੇ ਚੋਰਾਂ ਦੀ ਤਰਾਂ ਫੜੇ ਜਾਣ ਦੇ ਡਰ ਤੋਂ ਲੁਕਦਾ ਹੋਯਾ ਏਧਰ ਓਧਰ ਫਿਰਦਾ ਹਾਂ।"

ਮੈਂ ਫੇਰ ਉਸ ਦੀਆਂ ਗੱਲਾਂ ਦਾ ਕੁਝ ਜਵਾਬ ਨਾ ਦਿਤਾ। ਦੂਜੇ ਪਾਸੇ ਮੁੜਕੇ ਛੇਤੀ ਨਾਲ ਤੁਰ ਪਈ। ਪਰ ਜੇਮਸ ਨੇ ਪਿਛੋਂ ਵਡੇ ਸਖਤ ਲਫਜ਼ਾਂ ਵਿਚ ਕਿਹਾ—"ਅੱਛਾ ਜਾ, ਪਰ ਛੇਤੀ ਹੀ ਤੈਨੂੰ ਇਸਦਾ ਫਲ ਭੋਗਣਾ ਪਵੇਗਾ।"

ਮੈਂ ਕੁਝ ਹੀ ਅੱਗੇ ਵਧੀ ਸਾਂ ਕਿ ਸਟੀਫਨ ਵੀ ਇਕ ਬ੍ਰਿਛ ਦੇ ਹੇਠੋਂ ਨਿਕਲਕੇ ਮੇਰੇ ਸਾਮਣੇ ਆਯਾ ਤੇ ਓਸਨੇ ਕਿਹਾ—"ਕਿਥੇ ਗਈ ਸੈਂ? ਯਾਰ ਦੇ ਕੋਲ?"

ਉਸਦਾ ਸਾਰਾ ਸਰੀਰ ਗੁੱਸੇ ਨਾਲ ਥਰ ੨ ਕੰਬ ਰਿਹਾ ਸੀ। ਉਸਦੀ ਉਸ ਵੇਲੇ ਦੀ ਰੁਦ੍ਰ ਮੂਰਤੀ ਵੇਖਕੇ ਮੈਂ ਵੀ ਕੰਬ ਗਈ। ਉਹ ਗੱਲ ਸੁਣਕੇ ਮੈਂ ਬਿਜਲੀ ਮਾਰੀ ਵਾਂਗ ਖੜ ਗਈ। ਮੇਰੇ ਦਿਲ ਵਿਚ ਭਾਰੀ ਅੱਗ ਲਗ ਗਈ। ਅੱਖਾਂ ਵਿਚ ਹੰਝੂ ਭਰ ਆਏ ਤੇ ਚਫੇਰੇ ਹਨੇਰਾ ਹੀ ਹਨੇਰਾ ਦਿੱਸਣ ਲੱਗ ਪਿਆ। ਮੇਰੇ ਜਵਾਬ ਦੇ ਬਿਨਾ ਹੀ ਸਟੀਫਨ ਇਕ ਪਾਸੇ ਤੁਰ ਗਿਆ। ਮੈਂ ਰੋਂਦੀ ੨ ਘਰ ਆਈ।

ਰੋਜ਼ ਨੂੰ ਫੇਰ ਸਟੀਫਨ ਨਾ ਮਿਲਿਆ। ਕੁਝ ਦਿਨਾਂ ਪਿਛੋਂ ਅਖਬਾਰ ਵਿਚ ਮੈਂ ਪੜ੍ਹਿਆ ਬ੍ਰਿਗੇਡ ਸਰਜਨ ਸਟੀਫਨ

ਕੌਮ ਛੱਡਕੇ ਖਿਲੈਤ ਨੂੰ ਰਲੇ ਗਏ।

## ਅੰਤਿਕਾ

ਚੰਦਨ ਨਗਰ ਦੀ ਫ੍ਰਾਂਸੀਸੀ ਅਦਾਲਤ ਵਿਚ ਪ੍ਰਸਿਧ ਡਾਕੂ ਰਾਬਰਟ ਮੈਕੇਥਰ ਦਾ ਫੈਸਲਾ ਹੋ ਗਿਆ। ਫੈਸਲੇ ਵਿਚ ਕਿਹਾ ਗਿਆ ਕਿ ਉਸਨੇ ਸਾਰੇ ਦੋਸ਼ ਭਾਵੇਂ ਅਪਣੇ ਮੂੰਹੋਂ ਕਬੂਲ ਕੀਤੇ ਹਨ, ਪਰ ਗਾਰਡਨ ਤੇ ਮਿਸ ਰੋਜ਼ ਦੇ ਖਾਸ ਕਹਿਣ ਤੇ ਸਰਦਾਰ ਰਾਮਪਾਲ ਸਿੰਘ ਦੀ ਕੋਸ਼ਿਸ਼ ਨਾਲ ਉਸਨੂੰ ਫਾਂਸੀ ਨਾ ਦੇਕੇ ਕਾਲੇ ਪਾਣੀ ਦੀ ਸਜ਼ਾ ਦਿਤੀ ਜਾਂਦੀ ਹੈ। ਇਸ ਤਰਾਂ ਉਮਰ ਕੈਦੀ ਹੋਕੇ ਮੈਕੇਥਰ ਪ੍ਰਸਿੱਧ ਟਾਪੂ ਸੇਂਟ ਹੇਲਨਾ ਨੂੰ ਭੇਜਿਆ ਗਿਆ। ਉਥੇ ਓਹ ੪੦ ਵਰ੍ਹੇ ਤੱਕ ਜੀਉਂਦਾ ਰਿਹਾ ਤੇ ਉਸਦੇ ਜੀਵਨ ਨੇ ਭਾਰੀ ਪਲਟਾ ਖਾਧਾ। ਉਥੇ ਉਸਦੇ ਸੁਧਰ ਜਾਣ ਪਰ ਉਸਦਾ ਨਾਮ ਮੈਕੇਥਰ ਦੀ ਥਾਂ 'ਫਾਦਰ ਏਡਮੰਡ' ਹੋ ਗਿਆ। ਅਪਣੇ ਜੀਵਨ ਦੀ ਅੰਤਲੀ ਘੜੀ ਤਕ ਓਹ ਸੇਂਟ ਹੇਲਨਾ ਦੇ ਵੱਡੇ ਗਿਰਜੇ ਦਾ ਮੁਖ ਪਾਦਰੀ ਰਿਹਾ। ਉਥੋਂ ਦੇ ਸਾਰੇ ਲੋਕ ਉਸਨੂੰ ਵੱਡੀ ਭਗਤੀ ਤੇ ਸਰਧਾ ਦੀ ਨਜ਼ਰ ਨਾਲ ਵੇਖਦੇ ਸਨ। ਉਸ ਦੀਆਂ ਬਣਾਈਆਂ ਕਿੰਨੀਆਂ ਹੀ ਪੋਥੀਆਂ ਅਜੇ ਤਕ ਵੀ ਵੱਡੇ ੨ ਗਿਰਜਿਆਂ ਵਿਚ ਪੜ੍ਹਾਈਆਂ ਜਾਂਦੀਆਂ ਹਨ।

ਕਾਨਪੁਰ ਵਿਚ ਅਬਦੁਲੇ ਦਾ ਫੈਸਲਾ ਵੀ ਹੋ ਗਿਆ ਫੈਸਲੇ ਵਿਚ ਉਸਨੂੰ ਤੇ ਉਸਦੇ ਸਾਥੀਆਂ ਨੂੰ ਵੀ ਫਾਂਸੀ ਦਾ ਹੁਕਮ ਹੋਯਾ, ਜੇਮਸ ਵੀ ਬਲਵਾਈ ਸੀ। ਉਸਨੂੰ ਫੜਨ ਲਈ ਸਰਕਾਰ ਨੇ ਬਹੁਤ ਯਤਨ ਕੀਤਾ ਪਰ ਓਹ ਫੜਿਆ ਨਾ ਗਿਆ।

ਮਿਸਟਰ ਗਾਰਡਨ ਵੀ ਅਪਣਾ ਕੰਮ ਕਾਰ ਗੁਮਾਸ਼ਤਿਆਂ ਨੂੰ ਸੌਂਪਕੇ ਲੰਡਨ ਚਲਿਆ ਗਿਆ। ਰੋਜ਼ ਨੇ ਅਪਣੀ ਬਾਕੀ ਜ਼ਿੰਦਗੀ ਧਰਮਾਚਰਣ ਵਿਚ ਅਤੇ ਰੋਗੀਆਂ ਦੀ ਸੇਵਾ ਕਰਨ ਵਿਚ ਬਿਤਾਈ। ਸਟੀਫਨ ਨੇ ਉਸਨੂੰ ਮਾਫ ਕੀਤਾ ਕਿ ਨਹੀਂ? ਇਸਦੀ ਕੋਈ ਖਬਰ ਨਹੀਂ ਮਿਲੀ।

ਕਈ ਨਾਨੇ ਫੜ ੨ ਕੇ ਫਾਂਸੀ ਦਿਤੇ ਗਏ ਪਰ ਅਸਲੀ ਨਾਨਾ ਧੂੰਧੂਪੰਤ ਤੇ ਜਗਦੀਸ਼ ਪੁਰ ਦੇ ਰਾਜੇ ਕੰਵਰ ਸਿੰਘ ਦੇ ਭਰਾ ਅਮਰ ਸਿੰਘ ਦੋਹਾਂ ਨੇ ਨੇਪਾਲ ਭੱਜ ਕੇ ਅਪਣੀ ਜਾਨ ਬਚਾਈ। ਤਾਂਤੀਆ ਟੋਪੀ ਦੀ ਬਾਕੀ ਜ਼ਿੰਦਗੀ ਇਤਿਹਾਸ ਜਾਣਨ ਵਾਲੇ ਪਾਠਕਾਂ ਤੋਂ ਲੁਕੀ ਹੋਈ ਨਹੀਂ, ਇਸ ਲਈ ਉਸਦਾ ਇਥੇ ਲਿਖਣਾ ਫਜ਼ੂਲ ਹੈ।

ਸਰਦਾਰ ਰਾਮਪਾਲ ਸਿੰਘ ਨੂੰ ਅੰਗ੍ਰੇਜ਼ ਸਰਕਾਰ ਨੇ ਬਹੁਤ ਸਾਰੀ ਜਾਗੀਰ ਤੇ ਕਈ ਖਿਤਾਬ ਦੇਕੇ ਘਰ ਨੂੰ ਭੇਜਿਆ।

ਲਛਮਣ ਦਾਸ ਨੂੰ ਪੰਜਾਬ ਸਰਕਾਰ ਦੇ ਮਾਤਹਤ ਸੀ. ਆਈ. ਡੀ. ਮੈਹਕਮੇਂ ਦਾ ਵੱਡਾ ਔਹਦਾ ਮਿਲਿਆ।

ਸਾਡਾ ਇਹ "ਸ਼ੋਣਿਤ ਤਰਪਣ" ਵੀ ਹੁਣ ਸਮਾਪਤ ਹੋ ਗਿਆ ਹੈ ਇਸ ਲਈ ਅਸੀਂ ਵੀ ਹੁਣ ਪਾਠਕਾਂ ਪਾਸੋਂ ਵਿਦਾ ਲੈਂਦੇ ਹਾਂ।

ਸਮਾਪਤ

---

'ਗੁਰੂ ਖਾਲਸਾ ਪ੍ਰੈਸ' ਅੰਮ੍ਰਿਤਸਰ ਵਿੱਚ ਸਰਦਾਰ ਪ੍ਰੀਤਮ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਪ੍ਰਬੰਧ ਨਾਲ ਛਪਿਆ।

## ਗੁਰਮੁਖੀ ਵਿੱਚ ਨਵੀਂ ਕਿਤਾਬ

# ਚਾਲਾਕ ਜਾਪਾਨੀ

ਚਾਲਾਕ ਜਾਪਾਨੀ ਦੀ ਅਦਭੁਤ ਚਲਾਕੀ, ਸੁਦੇਸ਼ ਪ੍ਰੇਮ ਤੇ ਅਦੁਤੀ ਕੁਰਬਾਨੀ, ਹਰੇਕ ਹਿੰਦੁਸਤਾਨੀ ਦਾ ਮਨ ਮੋਹਨ ਵਾਲੀ ਤੇ ਹੈਰਾਨ ਕਰਨ ਵਾਲੀ ਹੈ। ਨਾਮ ਨੂੰ ਤਾਂ ਚਾਲਾਕ ਜਾਪਾਨੀ ਹੈ ਪਰ ਅਸਲ ਵਿੱਚ ਅੰਗ੍ਰੇਜ਼ਾਂ ਤੇ ਅਮ੍ਰੀਕਨਾਂ ਦੀਆਂ ਗੁੱਝੀਆਂ ਰਾਜਨੀਤਿਕ ਚਾਲਾਂ ਦਾ ਇਕ ਸ਼ੱਚਾ ਫੋਟੋ ਹੈ। ਇਹ ਕੋਈ ਗੰਦਾ ਮੰਦਾ ਤੇ ਆਚਰਣ ਵਿਗਾੜੂ ਨਾਵਲ ਨਹੀਂ। ਅਸੀਂ ਇਹ ਗੱਲ ਦਾਹਵੇ ਨਾਲ ਆਖ ਸਕਦੇ ਹਾਂ ਕਿ ਇਸਦੇ ਜੈਸਾ ਉੱਚੇ ਖਿਆਲਾਂ ਵਾਲਾ ਇੰਨਾਂ ਵੱਡਾ, ਇੰਨਾਂ ਸਸਤਾ ਤੇ ਸੁਆਦਲਾ ਪੋਲੀਟੀਕਲ ਨਾਵਲ ਪੰਜਾਬੀ ਵਿਚ ਅੱਜ ਤੱਕ ਕੋਈ ਨਹੀਂ ਛਪਿਆ। ਨਾਵਲ ਕੀ ਹੈ? ਰਾਜਸੀ, ਜਾਸੂਸੀ ਇਖਲਾਕੀ ਤੇ ਗਜ਼ਾਨਿਕ ਗੱਲਾਂ ਦਾ ਭੰਡਾਰ ਹੈ। ਇਸਤ੍ਰੀ, ਪੁਰਖ ਬਾਲਕ ਬਿਰਧ, ਸਭਨਾਂ ਦੇ ਹੀ ਪੜ੍ਹਨ ਯੋਗ ਹੈ। ਸੁਫੇਦ ਸੁਦੇਸ਼ੀ ਕਾਗਜ਼ ਤੇ ਸਫੇ ੪੨੬ ਹੋਨ ਪਰ ਵੀ ਮੁੱਲ ਸਿਰਫ ੧॥) (ਡੇਢ ਰੁਪਿਆ) ਤੇ ਡਾਕ ਖਰਚ ਛੀ ਆਨੇ ਹੈ। ਹਥੋ ਹੱਥ ਖਰੀਦਣ ਵਾਲੇ ਛੀ ਆਨੇ ਦੇ ਡਾਕ ਖਰਚ ਤੋਂ ਛੁਟ ਜਾਣਗੇ। ਮੰਗਾਣ ਦਾ ਪਤਾ ਇਹ ਹੈ:—

**ਮੈਨੇਜਰ ਰਤਨਾਕਰ ਗ੍ਰੰਥ ਭੰਡਾਰ**

ਚੌਕ ਮੰਨਾਂ ਸਿੰਘ, ਅਮ੍ਰਿਤਸਰ

ਪੰਜਾਬ ਦਾ

# ਅੰਤਿਮ ਸਿੱਖ ਬਾਦਸ਼ਾਹ

ਅਥਵਾ

# ਮਹਾਰਾਜਾ ਦਲੀਪ ਸਿੰਘ

ਕੀ ਆਪ ਨੂੰ ਪਤਾ ਹੈ ਕਿ ਪੰਜਾਬ ਕੇਸਰੀ ਮਹਾਰਾਜਾ ਰਣਜੀਤ ਸਿੰਘ ਜੀ ਦੇ ਛੋਟੇ ਪੁੱਤ੍ਰ ਮਹਾਰਾਜਾ ਦਲੀਪ ਸਿੰਘ ਨਾਲ ਵਿਸ਼ਵਾਸ ਘਾਤੀ ਸਰਦਾਰਾਂ ਕਿਸਤਰਾਂ ਧ੍ਰੋਹ ਕਰਕੇ ਸਿੱਖ ਰਾਜ ਦਾ ਨਾਸ ਕੀਤਾ ਅਤੇ ਕਿਸਤਰਾਂ ਈਸਟ ਇੰਡੀਆ ਕੰਪਨੀ ਦੇ ਕਬਜ਼ੇ ਉਸ ਨਾਬਾਲਗ ਮਹਾਰਾਜੇ ਦਾ ਰਾਜ ਆਇਆ ? ਕਿਸਤਰਾਂ ਉਹ ਸਿੱਖ ਧਰਮ ਤੋਂ ਪਤਿਤ ਹੋਯਾ ? ਕਿਸਤਰਾਂ ਉਸਨੂੰ ਵਲੈਤ ਭੇਜਿਆ ਗਿਆ ਤੇ ਕਿਸਤਰਾਂ ਉਹ ਆਪਣੇ ਦੇਸ ਨੂੰ ਤਰਸਦਾ २ ਫ੍ਰਾਂਸ ਵਿੱਚ ਮਰ ਗਿਆ ? ਇਤਿ ਆਦਿ ਸਾਰੀਆਂ ਗੱਲਾਂ ਇਸ ਪੁਸਤਕ ਵਿੱਚ ਇਸਤਰਾਂ ਨਾਲ ਲਿਖੀਆਂ ਗਈਆਂ ਹਨ ਕਿ ਨਾਲੇ ੧ ਝੂਰੋ ਤੇ ਨਾਲੇ ਸਿੱਖ ਰਾਜ ਦੀ ਸ਼ਾਨ ਨੂੰ ਚਤਾ ਕਰ २ ਝੂਰੋ। ਸਫੇ ੩੦੦ ਮੁੱਲ ਸਿਰਫ ੧॥) ਰੁਪਯਾ ਹੈ। ਜ਼ਰੂਰ ਪੜ੍ਹੋ ਤੇ

ਇਸ ਪਤੇ ਤੋਂ ਮੰਗਾਓ:—

**ਰਤਨਾਕਰ ਗ੍ਰੰਥ ਭੰਡਾਰ**

ਚੌਕ ਮੰਨਾ ਸਿੰਘ, ਅਮ੍ਰਿਤਸਰ

National Library
Calcutta-27.